ਅਕੱਥ ਕਥਾ

ਹਰਨਾਮ ਦਾਸ ਸਹਿਰਾਈ

ਅੱਖ ਵਖਾ

ਰਵਲਭਦਾਸ ਮਹਿਗਾਈ

AKATH-KATHA

(Novel)

By

Harnam Dass Sahrai

Publishers
Harnam Dass Sahrai
79, Basti Nau
JULLUNDUR CITY

ਸੰਸਕਰਣ : ਸਤੰਬਰ 1980

ਮੁੱਲ : 100 ਰੁ:

ਪ੍ਰਕਾਸ਼ਕ
ਹਰਨਾਮ ਦਾਸ ਸਹਿਰਾਈ
79, ਬਸਤੀ ਨੌ, ਜਲੰਧਰ

ਫ਼ੋਨ : 74126

ਛਾਪਕ
ਸ੍ਰੀ ਰਮੇਸ਼ ਚੰਦਰ,
ਹਿੰਦੀ ਪ੍ਰੈਸ,
ਪੱਕਾ ਬਾਗ, ਜਲੰਧਰ ।

ਅੰਮ੍ਰਿਤ ਰਸ

ਹਰਨਾਮ ਦਾਸ ਸਹਿਰਾਈ

ਬੀਬੀ ਭਾਨੀ

ਨੂੰ

ਜਿਹੜੀ ਇਕ ਗੁਰੂ ਦੀ ਧੀ

ਇਕ ਗੁਰੂ ਦੀ ਪਤਨੀ

ਇਕ ਗੁਰੂ ਦੀ ਮਾਂ

ਜਿਸ ਲੋਰੀਆਂ ਦੇ ਕੇ ਸ਼ਹੀਦੀਆਂ ਪਾਉਣ ਦੀ ਜਾਚ ਦੱਸੀ । ਉਸ ਦੀ ਗੋਦ ਵਿਚੋਂ ਸਿੱਖੀ ਦਾ ਉਹ ਬੋਹੜ ਪੁੰਗਰਿਆ ਜਿਸ ਦੀ ਛਾਂ ਅੱਜ ਸਾਰਾ ਜੱਗ ਮਾਣ ਰਿਹਾ ਹੈ ।

—ਹਰਨਾਮ ਦਾਸ ਸਹਿਰਾਈ

ਅਕਥ ਕਥਾ

ਹਰਨਾਮ ਦਾਸ ਸਹਿਰਾਈ

''ਗੋਇੰਦਵਾਲ ਸਿੱਖੀ ਦਾ ਧੁਰਾ''

ਦਿੱਲੀ ਤੋਂ ਲੈ ਕੇ ਚੰਡੀਗੜ੍ਹ ਤਕ ਜਰਨੈਲੀ ਸੜਕ ਤੇ ਤੁਹਾਨੂੰ ਆਮ ਬੋਰਡ ਲੱਗੇ ਹੋਏ ਮਿਲਣਗੇ, ਅੰਬਾਲੇ ਤੋਂ ਗੋਇੰਦਵਾਲ ਦੀ ਸ਼ਾਹ-ਰਾਹ ਤੇ ਵੀ ਇਹਨਾਂ ਬੋਰਡਾਂ ਦੀ ਭਰਮਾਰ ਹੈ। ਆਮ ਬੰਦਾ ਤੇ ਸਿੱਖੀ ਨਾਲ ਉਨਸ ਰੱਖਣ ਵਾਲੇ-ਪ੍ਰੇਮੀ ਦੇ ਮਨ ਵਿਚ ਝੱਟ ਹੀ ਇਹ ਗੱਲ ਉਭਰ ਕੇ ਸਾਹਮਣੇ ਆ ਜਾਂਦੀ ਹੈ ਕਿ ਇਹ ਕੀ ''ਗੋਇੰਦਵਾਲ ਸਿੱਖੀ ਦਾ ਧੁਰਾ'' ਕਿੱਦਾਂ ?

ਇਤਿਹਾਸ ਇਕ ਖ਼ੁਸ਼ਕ ਮਜ਼ਮੂਨ ਹੈ ਅਤੇ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ, ਪਰ ਜਿਸ ਕੌਮ ਦਾ ਇਤਿਹਾਸ ਨਹੀਂ ਉਹ ਕੌਮ ਜਿੰਦਾ ਨਹੀਂ ਰਹਿ ਸਕਦੀ। ਕੌਮਾਂ ਇਤਿਹਾਸ ਦੇ ਜ਼ੋਰ ਉਤੇ ਹੀ ਕਾਇਮ ਰਹਿੰਦੀਆਂ ਹਨ, ਇਤਿਹਾਸ ਗਵਾਹ ਹੈ ਕਿ ਗੋਇੰਦਵਾਲ ਹੀ ਸਿੱਖੀ ਦਾ ਧੁਰਾ ਹੈ ਅਤੇ ਇਸ ਨੂੰ ਹੀ ਥੰਮ੍ਹ ਆਖ ਲਵੋ ਅਤੇ ਇਸੇ ਨੂੰ ਹੀ ਨਿਸ਼ਾਨ ਸਾਹਿਬ, ਇਹਦੇ ਮੋਢਿਆਂ ਤੇ ਹੀ ਕੌਮ ਉਭਰੀ ਅਤੇ ਇਹਦੇ ਤੇ ਹੀ ਝੰਡੇ ਝੂਲੇ, ਸੂਰਮੇ ਇਥੋਂ ਹੀ ਗੁੜ੍ਹਤੀ ਲੈ ਕੇ ਜਮਰੌਦ ਦੇ ਕਿਲ੍ਹੇ ਤਕ ਜੈਕਾਰੇ ਛੱਡਦੇ ਰਹੇ। ਗੋਇੰਦਵਾਲ ਦੇ ਸਿਰ ਸਦਕਾ ਅਨੰਦਪੁਰ ਸਾਹਿਬ ਵਿਚ ਅੰਮ੍ਰਿਤ ਦੇ ਬਾਟੇ ਛੱਕ ਕੇ ਕੌਮ ਤਿਆਰ-ਬਰ-ਤਿਆਰ ਹੋਈ। ਆਓ ! ਮੈਂ ਤੁਹਾਨੂੰ ਇਹਦਾ ਇਤਿਹਾਸ ਦੱਸਦਾ ਹਾਂ, ਇਸਦੇ ਕੁਝ ਮੂਲ ਮੰਤਰ ਇਹ ਹਨ :

(੧) ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦਾ ਬੀ ਬੀਜਿਆ, ਪੌਦੇ ਫੁੱਟੇ ਅਤੇ ਉਹਦੀ ਸੇਵਾ ਦੀ ਸੰਭਾਲ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕਰ ਦਿੱਤੀ, ਜਦ ਪੌਦੇ ਨੇ ਮੂੰਹ ਮੁਹਾਂਦਰਾ ਬਣਾਇਆ ਤੇ ਜਰਾ ਕੁ ਸਿਰ ਕੱਢਿਆ ਤਾਂ ਉਸ ਦੀ ਰੱਖਵਾਲੀ ਦਾ ਪ੍ਰਬੰਧ ਸ੍ਰੀ ਗੁਰੂ ਅਮਰ ਦਾਸ ਜੀ ਦੇ ਹੱਥਾਂ ਵਿਚ ਆਇਆ ਤੇ ਉਹਨਾਂ ਇਸ ਪੌਦੇ ਦੀਆਂ ਜੜ੍ਹਾਂ ਵਿਚ ਸੇਵਾ, ਨਿਮਰਤਾ, ਵੰਡ ਛੱਕਣ ਅਤੇ ਮਨੁੱਖਤਾ ਦੀ ਸੰਭਾਲ ਕਰਨ ਦੀ ਜਾਚ ਦਾ ਪਾਣੀ ਦਿੱਤਾ ਤੇ ਉਹ ਪੌਦਾ ਦਰਖ਼ਤ ਬਣ ਗਿਆ ਜਿਸ ਦੀ ਛਾਂ ਹੇਠ ਸਾਰੀ ਕੌਮ ਠੰਢ ਮਾਣ ਸਕਦੀ ਹੈ। ਤੁਸੀਂ ਇਸ ਨੂੰ ਧੁਰਾ ਨਹੀਂ ਆਖੋਗੇ ਤੇ ਕੀ ਆਖੋਗੇ ?

(੨) ੭੨ ਸਾਲ ਦੀ ਉਮਰ ਵਿਚ ਮੋਢੇ ਤੇ ਗਾਗਰ ਰੱਖੀ ਅਤੇ ੧੨ ਸਾਲ ਵਾਹੀ, ਧਰਤੀ ਦੀ ਕੁੱਖ ਵਿਚੋਂ ਸੇਵਾ ਨੂੰ ਚੁੱਕਿਆ, ਮੋਢਿਆਂ ਤੀਕ ਲਿਆਂਦੀ ਅਤੇ ਅਖੀਰ ਸਿਰ ਤੇ ਚੁੱਕ ਲਈ, ਸੇਵਾ ਦੀ ਹੱਦ ਨੂੰ ਹੱਥ ਲਾ ਦਿੱਤਾ, ਕੀ ਉਹ ਕੇਂਦਰ ਗੋਇੰਦਵਾਲ ਨਹੀਂ, ਕੀ ਤੁਸੀਂ ਇਸਨੂੰ ਸਿੱਖੀ ਦਾ ਧੁਰਾ ਨਹੀਂ ਆਖੋਗੇ ਤਾਂ ਕੀ ਆਖੋਗੇ ?

(੩) ਪੰਜਾਬ ਦੇ ਲੋਕ ਹਰ ਸਾਲ ਗੰਗਾ ਇਸ਼ਨਾਨ ਲਈ ਜਾਂਦੇ ਸਨ, ਇਹਨਾਂ ਦੀ ਪਵਿੱਤਰਤਾ ਗੰਗਾ ਇਸ਼ਨਾਨ ਕਰਕੇ ਹੁੰਦੀ ਸੀ। ਇਹਨਾਂ ਦੇ ਮਰਨ ਉਤੇ ਤੁਰਿਆ ਗਿਆ ਬੰਦਾ ਵੀ ਗੰਗਾ ਇਸ਼ਨਾਨ ਕਰਕੇ ਹੀ ਪਵਿੱਤਰ ਹੁੰਦਾ ਸੀ, ਗੁਰੂ ਅਮਰ ਦਾਸ ਜੀ ਨੇ ਬਾਉਲੀ ਸਾਹਿਬ ਦੀ ਸਿਰਜਨਾ ਕਰਕੇ ਲੋਕਾਂ ਦੇ ਮਨਾਂ ਵਿਚੋਂ ਸ਼ੰਕਾ ਕੱਢ ਦਿੱਤੀ, ਗੰਗਾ ਵਰਗਾ ਤੀਰਥ ਗੋਇੰਦਵਾਲ ਬਣਾ ਦਿੱਤਾ ਤੇ ਇਹਦੇ ਉਪਰ ਇਕ ਹੋਰ ਕਿਰਪਾ ਦ੍ਰਿਸ਼ਟੀ ਕਰਕੇ ਇਹਨੂੰ ਵਰ ਦਿੱਤਾ ਕਿ ਜਿਹੜਾ ਮਨੁੱਖ

ਇਸ ਦੀਆਂ ਚੌਰਾਸੀ (੮੪) ਪਉੜੀਆਂ ਉੱਤੇ ਚੌਰਾਸੀ ਵਾਰ ਬਾਣੀ ਦਾ ਪਾਠ ਕਰਕੇ ਚੌਰਾਸੀ ਵਾਰ ਇਸ਼ਨਾਨ ਕਰੇਗਾ ਉਸ ਦੀ ਚੌਰਾਸੀ ਕੱਟੀ ਜਾਵੇਗੀ। ਕੀ ਇਹ ਸਿੱਖੀ ਦਾ ਧੁਰਾ ਨਹੀਂ ਤਾਂ ਹੋਰ ਕੀ ਹੈ ? ਇਸ ਨੂੰ ਕਿਸ ਤਰ੍ਹਾਂ ਝੁਠਲਾਇਆ ਜਾ ਸਕਦਾ ਹੈ।

(੪) ਕੁੱਲੀ, ਗੁੱਲੀ ਅਤੇ ਜੁੱਲੀ ਇਹੋ ਤਿੰਨ ਚੀਜ਼ਾਂ ਇਨਸਾਨ ਦੇ ਜੀਵਨ ਦੀਆਂ ਕੜੀਆਂ ਹਨ ਅਤੇ ਇਹਨਾਂ ਦੁਆਲੇ ਸਾਰੀ ਸ੍ਰਿਸ਼ਟੀ ਘੁੰਮਦੀ ਹੈ। ਗੁਰੂ ਅਮਰ ਦਾਸ ਜੀ ਮਹਾਰਾਜ ਨੇ ਲੰਗਰ ਪੰਗਤ ਵਿਚ ਛਕਣ ਦੀ ਪ੍ਰਥਾ ਚਲਾਈ ਅਤੇ ਹੁਕਮ ਦਿੱਤਾ : "ਪਹਿਲੇ ਪੰਗਤ ਫਿਰ ਸੰਗਤ" ਅਤੇ ਇਸ ਤੇ ਪਾਲਣਾ ਕਰਨ ਦੀ ਸਮਰਥਾ ਬਖ਼ਸ਼ੀ। ਇਹ ਹੁਕਮ ਏਨਾ ਕਰੜਾ ਸੀ ਕਿ ਕੋਈ ਪ੍ਰੇਮੀ, ਸ਼ਰਧਾਲੂ ਅਤੇ ਸ਼ਹਿਨਸ਼ਾਹ ਵੀ ਗੁਰੂ ਦਰਸ਼ਨਾਂ ਨੂੰ ਆਉਂਦਾ ਤਾਂ ਇਹਨਾਂ ਹੁਕਮਾਂ ਦੀ ਉਲੰਘਣਾ ਨਹੀਂ ਸੀ ਕਰ ਸਕਦਾ। ਦਰਸ਼ਨ ਕਰਕੇ ਮਨ ਨਿਰਮਲ ਕਰਦੇ, ਸੰਤੋਖ ਨਾਲ ਝੋਲੀਆਂ ਭਰਦੀਆਂ, ਆਤਮਾ ਸ਼ੁੱਧ ਹੁੰਦੀ। ਸ਼ਹਿਨਸ਼ਾਹ ਅਕਬਰ ਵੀ ਇਸ ਨਾਹ ਬਾਣੀ ਲੰਘਿਆ। ਬਾਉਲੀ ਸਾਹਿਬ ਵਿਚ ਇਸ਼ਨਾਨ ਅਤੇ ਲੰਗਰ ਵਿਚੋਂ ਪ੍ਰਸ਼ਾਦ ਛਕਣ ਦਾ ਅਟੱਲ ਕਾਨੂੰਨ ਬਣ ਗਿਆ ਤੇ ਇਹਦੇ ਤੇ ਸਾਰੀ ਕੌਮ ਨੇ ਪਹਿਰਾ ਦਿੱਤਾ, ਤਾਂ ਕੀ ਇਥੋਂ ਨਹੀਂ ਉਭਰੀ ਸਾਰੀ ਕੌਮ, ਫਿਰ ਅਸੀਂ ਇਹਨੂੰ ਸਿੱਖੀ ਦਾ ਧੁਰਾ ਗੋਇੰਦਵਾਲ ਕਿਉਂ ਨਾ ਆਖੀਏ ?

(੫) ਇਸਤਰੀ ਨੂੰ ਪੈਰ ਦੀ ਜੁੱਤੀ ਸਮਝਣ ਵਾਲਾ ਪੂਰਾ ਭਾਰਤਵਰਸ਼ ਜਦ ਏਸ ਟੀਸੀ ਤੇ ਪੁੱਜ ਗਿਆ ਤਾਂ ਗੁਰੂ ਮਹਾਰਾਜ ਨੇ ਇਹਦੀ ਪਰੰਪਰਾ ਤੋੜੀ, ਐਵੇਂ ਮੋਏ ਪਤੀ ਦੀ ਚਿਤਾ ਤੇ ਜ਼ਬਰਦਸਤੀ ਬੰਨ੍ਹ ਰੁਨ੍ਹ ਕੇ ਜਿਉਂਦੀ ਔਰਤ ਨੂੰ ਫੂਕ ਦੇਣਾ, ਇਹਦੇ ਖ਼ਿਲਾਫ਼ ਗੁਰੂ ਮਹਾਰਾਜ ਨੇ ਆਵਾਜ਼ ਉਠਾਈ ਅਤੇ ਇਹਦੇ ਸ਼ਕਤੀਸ਼ਾਲੀ ਕਾਨੂੰਨ ਨੂੰ ਫੀਤੀ-ਫੀਤੀ ਕਰ ਦਿੱਤਾ। ਕੌਮ ਨੇ ਸਤੀ ਦੀ ਰਸਮ ਤੇ ਪੈਰ ਦੀ ਜੁੱਤੀ ਸਮਝਣ ਵਾਲੇ ਮਨੁੱਖ ਨੂੰ ਛਿੱਕੇ ਟੰਗ ਦਿੱਤਾ ਤੇ ਗੁਰੂ ਮਹਾਰਾਜ ਨੇ ਔਰਤ ਨੂੰ ਬਰਾਬਰ ਦਾ ਰੁਤਬਾ ਦੇ ਦਿੱਤਾ। ਇਹ ਵੀ ਹੈ ਗੋਇੰਦਵਾਲ ਦੀ ਦੇਣ। ਕੀ ਇਹ ਸਿੱਖੀ ਦਾ ਧੁਰਾ ਨਹੀਂ, ਤਾਂ ਹੋਰ ਕੀ ਹੈ ?

(੬) ਅਰਕਾਂ ਤੀਕ ਸੋਨੇ ਨਾਲ ਭਰੀਆਂ ਬਾਹਵਾਂ, ਕੂਲੀਆਂ ਮਲੂਕ ਤੇ ਚਿੜੀਆਂ ਦੀਆਂ ਜੀਭਾਂ ਵਰਗੀਆਂ ਉਂਗਲਾਂ ਅਤੇ ਸੰਗਮਰਮਰ ਵਰਗੀਆਂ ਤਲੀਆਂ ਇਉਂ ਉਭਰ ਕੇ ਸਾਹਮਣੇ ਆਈਆਂ ਕਿ ਉਹਨਾਂ ਗੁਰੂ ਧਾਮ ਦੇ ਫ਼ਰਸ਼ ਤਲੀਆਂ ਨਾਲ ਸਾਫ਼ ਕੀਤੇ। ਗੋਟੇ ਕਿਨਾਰੀ ਅਤੇ ਜ਼ਰੀ ਕੱਢੇ ਲੀੜੇ ਦੀ ਕੰਨੀਂ ਨਾਲ ਛਤਬ ਅਤੇ ਜੋੜਿਆਂ ਦੀ ਸੇਵਾ ਕੀਤੀ, ਇਹ ਜਾਗ੍ਰਿਤੀ ਵੀ ਗੋਇੰਦਵਾਲ ਵਿਚੋਂ ਉਭਰ ਕੇ ਸਾਹਮਣੇ ਆਈ। ਕੀ ਅਸੀਂ ਇਹਨੂੰ ਸਿੱਖੀ ਦਾ ਧੁਰਾ ਨਹੀਂ ਆਖਾਂਗੇ ?

ਅਕੱਥ-ਕਥਾ ਦੀ ਕਹਾਣੀ ਗੋਇੰਦਵਾਲ ਦੇ ਚੌਗਿਰਦੇ ਵਿਚ ਘੁੰਮਦੀ ਹੋਈ ਇਹਦੀ ਨਾਭੀ ਵਿਚ ਹੀ ਪਨਪਦੀ ਹੈ, ਫਲਦੀ ਹੈ, ਫੁਲਦੀ ਹੈ। ਮੇਰੀਆਂ ਪੁਸਤਕਾਂ ਦਾ ਧੁਰਾ ਵੀ ਗੋਇੰਦਵਾਲ ਹੈ।

ਮੈਂ ਅਕੱਥ-ਕਥਾ ਦਾ ਇਕ ਹਿੱਸਾ ਸੰਗਤ ਦੀ ਭੇਟ ਕਰ ਰਿਹਾ ਹਾਂ ਅਤੇ ਦੂਜਾ ਹਿੱਸਾ ਛੇਤੀ ਲੈ ਕੇ ਤੁਹਾਡੀ ਸੇਵਾ ਵਿਚ ਹਾਜ਼ਰ ਹੋਵਾਂਗਾ।

—ਹਰਨਾਮ ਦਾਸ ਸਹਿਰਾਈ

ਅਕੱਥ ਕਥਾ

ਹਰਨਾਮ ਦਾਸ ਸਹਿਰਾਈ

ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ।
ਧਣਖੁ ਚੜਾਇਓ ਸਤ ਦਾ ਜਸ ਹੁੰਦਾ ਬਾਣੁ।
ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਹੈ ਭਾਣੁ।
ਸਤਹੁ ਖੇਤੁ ਜਮਾਇਓ ਸਤ੍ਹੁ ਛਾਵਾਣੁ।
ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ।
ਚਾਰੇ ਕੁੰਡਾਂ ਸੁਝੀਓਸੁ ਮਨਮਹਿ ਸਬਦੁ ਪਰਵਾਣੁ।
ਝਖੜਿ ਵਾਉ ਨ ਡੋਲਦੀ ਪਰਬਤੁ ਮੇਰਾਣੁ।
(ਰਾਮ ਕਲੀ ਵਾਰ ਸੱਤਾ ਬਲਵੰਡ)

੧

ਥੜਾ

ਗੱਲ ਥੜੇ ਦੀ ਏ, ਇਹ ਵੀ ਕੋਈ ਗੱਲ ਏ।

ਮਿੱਟੀ ਦਾ ਥੜਾ, ਤਿੰਨ ਹੱਥ ਚੌੜਾ, ਚਾਰ ਹੱਥ ਉੱਚਾ ਤੇ ਸੱਤ ਹੱਥ ਲੰਮਾ।

ਗੱਲ ਨਿੱਕੀ ਜਿਹੀ ਸੀ ਵੱਡੀ ਬਣ ਗਈ, ਜਿਸ ਨੇ ਸੁਣੀ ਉਹੀ ਹੱਸ ਪਿਆ, ਜਿਸ ਨੇ ਦਸੀ ਉਹ ਸ਼ਰਮਿੰਦਾ ਜਿਹਾ ਹੋ ਗਿਆ। ਥੜਾ ਹੀ ਬਨਾਉਣਾ ਸੀ ਨਾ ਕੋਈ ਸੋਮਨਾਥ ਦਾ ਮੰਦਰ ਨਹੀਂ ਸੀ, ਜਿਹੜਾ ਬਣ ਨਹੀਂ ਸਕਦਾ। ਥੜਾ ਬਨਾਉਣਾ ਵੀ ਕੋਈ ਕੰਮ ਏ! ਰੋਟੀ ਟੁੱਕਰ ਕਰ ਕੇ ਸਵਾਣੀਆਂ ਬਣਾ ਲੈਂਦੀਆਂ ਨੇ। ਥੜਾ ਤੇ ਮਮੂਲੀ ਆਦਮੀ ਬਨਾਉਣਾ ਚਾਹੇ ਤਾਂ ਬਣਾ ਲੈਂਦਾ ਏ। ਥੜਾ ਪਿੰਡ ਦੇ ਜੀਵਨ ਵਿਚ ਇਕ ਸਾਧਾਰਨ ਜਿਹੀ ਗੱਲ ਏ।

ਥੜੇ ਰੋਜ਼ ਬਣਦੇ ਹਨ ਤੇ ਰੋਜ਼ ਢਹਿ ਜਾਂਦੇ ਹਨ। ਦੁਨੀਆ ਵਿਚ ਹਰ ਕੋਈ ਥੜਾ ਬਨਾਉਂਦਾ ਹੈ, ਕੋਈ ਛੋਟਾ, ਕੋਈ ਵੱਡਾ। ਥੜਾ ਬਨਾਉਣ-ਬਨਾਉਣ ਵਿਚ ਫਰਕ ਏ। ਥੜਾ ਬਣ ਗਿਆ ਤੇ ਬਹਿਣ ਵਾਲੇ ਦੇ ਪਸੰਦ ਆ ਗਿਆ ਤਾਂ ਥੜਾ। ਜੇ ਪਸੰਦ ਨਾ ਆਇਆ ਜਾਂ ਮਾੜਾ ਜਿਹਾ ਸਿਰ ਹਿਲਾ ਦਿੱਤਾ ਤਾਂ ਫਿਰ ਥੜਾ ਕਾਹਦਾ, ਮਿੱਟੀ ਦੀ ਢੇਰੀ ਸਮਝੋ। ਭਾਵੇਂ ਸੌ-ਸੌ ਨੁੱਕਰਾਂ ਕੱਢੋ, ਗੁਲਾਈਆਂ ਬਣਾਓ, ਕਿੰਗਰੇ ਬਣਾਓ, ਸੁਚੇ ਬਣਾ ਕੇ ਥੜਾ ਉਸਾਰੋ ਪਰ ਥੜਾ ਉਹ ਜਿਹੜਾ ਮਨ ਨੂੰ ਖਿਚ ਪਾਏ, ਦੁਲਹਨ ਉਹ ਜਿਹੜੀ ਪੀਆ ਮਨ ਭਾਏ। ਇਹਦੇ ਵਿਚ ਸੋਹਣੀ ਤੇ ਕੋਝੀ ਦਾ ਸੁਆਲ ਨਹੀਂ। ਕਈ ਵਾਰੀ ਤਿੱਖੇ ਨੈਣ ਨਕਸ਼ ਰੂਪ ਦੀ ਚੜ੍ਹੀ ਧੁੱਪ ਨੂੰ ਵੀ ਮਾਤ ਕਰ ਦਿੰਦੇ ਹਨ।

ਜਿਹੜਾ ਥੜਾ ਸਤਿਗੁਰੂ ਬਨਾਉਣਾ ਚਾਹੁੰਦੇ ਸਨ, ਉਹ ਇਕ ਸੁਪਨੇ ਨੂੰ ਸਾਕਾਰ ਰੂਪ ਵੇਖਣਾ ਚਾਹੁੰਦੇ ਸਨ। ਇਸ ਰਾਜ਼ ਨੂੰ ਆਮ ਲੋਕ ਨਹੀਂ ਸਮਝਦੇ, ਹਰ ਕੋਈ ਜਾਣ ਵੀ ਨਹੀਂ ਸੀ ਸਕਦਾ। ਥੜਾ ਉਹ ਜਿਹੜਾ ਰਹਿੰਦੀ ਦੁਨੀਆ ਤਕ ਕਾਇਮ ਰਹੇ ਤੇ ਸਾਰੀ ਸ੍ਰਿਸ਼ਟੀ ਥੜੇ ਨੂੰ ਮੱਥੇ ਟੇਕੇ ਤੇ ਆਪਣਾ ਜਨਮ ਸਫਲਾ ਕਰੇ ਤੇ ਦੂਜਿਆਂ ਦੀ ਵੀ ਚੁਰਾਸੀ ਕਟੀ ਜਾਏ ਥੜੇ ਦੇ ਦਰਸ਼ਨ ਕਰਕੇ।

ਗ੍ਰਿਹਸਥੀ ਸਾਰੀ ਉਮਰ ਗਵਾਉਂਦਾ ਏ ਥੜਾ ਬਨਾਉਣ ਲਈ, ਜਿਸਦਾ ਬਣ ਜਾਏ ਲੋਕ ਉਸਦੀਆ ਪੀੜ੍ਹੀਆਂ ਗਿਣਦੇ ਹਨ, ਸਤਿਕਾਰ ਨਾਲ ਵੇਖਿਆ ਜਾਂਦਾ ਏ ਬਿਰਾਦਰੀ ਵਿਚ, ਸਿਰ ਉੱਚਾ ਕਰਕੇ ਫਿਰ ਸਕਦਾ ਏ ਚਾਰੇ ਬਾਹੇ ਵਿਚ, ਤੇ ਜਿਸਦਾ ਬਣਿਆ ਬਣਾਇਆ ਢਹਿ ਜਾਏ, ਸ਼ਰੀਕ ਉਸਨੂੰ ਉਸੇ ਵੇਲੇ ਹੀ ਭੁੱਲ ਜਾਂਦੇ ਹਨ, ਫੁਲ ਚੁਗਣ ਤਕ ਵੀ ਲੋਕ ਇੰਤਜ਼ਾਰ ਨਹੀਂ ਕਰਦੇ, ਪਹਿਲਾਂ ਹੀ ਉਸ ਦਾ ਕੀਰਤਨ ਸੋਹਿਲਾ ਪੜ੍ਹ ਦਿੰਦੇ ਹਨ ਤੇ ਮੁੜ ਕੇ ਉਸਦਾ ਪਿੰਡ ਵਿਚ ਨਾਂ ਲੈਣਾ ਪਾਪ ਹੀ ਨਹੀਂ ਸਗੋਂ ਮਹਾਂ ਪਾਪ ਸਮਝਿਆ ਜਾਂਦਾ ਏ।

ਥੜੇ ਨੂੰ ਕਿਸੇ ਨੇ ਕੀ ਯਾਦ ਕਰਨਾ ਏਂ, ਇਹ ਦੁਨੀਆਂ ਬੜੀ ਡਾਢੀ ਏ, ਇਹ ਤੇ ਆਪਣੇ ਪਿਓ ਦਾਦੇ ਨੂੰ ਵੀ ਭੁੱਲ ਜਾਂਦੀ ਏ, ਜਾਂਦਿਆਂ ਦੀ ਗੱਲ ਕੀ ਏ? ਇਹ ਇਕ ਥੜੇ ਦੀ ਕਹਾਣੀ ਏ। ਇਕ-ਇਕ ਥੜੇ ਮਗਰ ਇਕ-ਇਕ ਕਹਾਣੀ ਲੁਕੀ ਹੋਈ ਏ, ਇਕ-ਇਕ ਕਰਕੇ ਸੁਣੋ।

ਥੜੇ ਦੀ ਨਾਭੀ ਵਿਚੋਂ ਕਈ ਵਾਰੀ ਕੌਮਾਂ ਪੁੰਗਰਦੀਆਂ ਹਨ।

ਥੜਾ ਇਕ ਨੀਂਹ ਏ ਗ੍ਰਿਹਸਥ ਦੀ। ਥੜਾ ਪਿਓ ਦਾਦੇ ਦਾ ਨਾਂ ਰੌਸ਼ਨ ਕਰ ਦਿੰਦਾ ਏ। ਆਮ ਤੌਰ ਤੇ ਤਿੰਨਾਂ ਪੀੜ੍ਹੀਆਂ ਦਾ ਨਾਂ ਲਿਖਿਆ ਜਾਂਦਾ ਏ ਥੜੇ ਤੇ। ਹਵਾ ਦਾ ਬੁੱਲਾ ਉਠਦਾ ਏ, ਹਨੇਰੀ ਝੁਲਦੀ ਏ, ਨਾ ਫਿਰ ਥੜਾ ਤੇ ਨਾ ਫਿਰ ਥੜੇ ਵਾਲੇ।

ਕਈ ਵਾਰ ਥੜਾ ਰੌਸ਼ਨ ਮੁਨਾਰੇ ਦਾ ਕੰਮ ਦਿੰਦਾ ਏ ਤੇ ਕੌਮ ਦੇ ਜੁੱਸੇ ਵਿਚ ਰੂਹ ਭਰਦਾ ਏ। ਥੜੇ ਕਈ ਵਾਰ ਚੁਨੌਤੀ ਵੀ ਦਿੰਦੇ ਹਨ ਦਮ ਤੋੜੀ, ਹਾਰੀ, ਹੌਸਲਾ ਛਡੀ ਕੌਮ ਨੂੰ। ਥੜਾ ਇਕ ਅਲਮ ਏ, ਥੜਾ ਇਕ ਨਿਸ਼ਾਨ ਏ, ਥੜਾ ਇਕ ਮੰਦਰ ਏ, ਇਸ ਨੂੰ ਮਸਜਿਦ ਕਹਿ ਲਓ ਜਾਂ ਸ਼ਿਵਾਲਾ, ਇਸਨੂੰ ਮੱਕਾ ਆਖ ਮੁਸਲਮਾਨ ਦੇ ਕਲੇਜੇ ਠੰਢ ਪਾ ਦਿਓ ਜਾਂ ਕਾਸ਼ੀ ਆਖ ਕੇ ਹਿੰਦੂ ਦਾ ਕਲੇਜਾ ਠਾਰ ਲਓ, ਇਸ ਨੂੰ ਗੋਇੰਦਵਾਲ ਆਖ ਲਓ ਜਾਂ ਕਰਤਾਰਪੁਰ, ਖਡੂਰ ਸਾਹਿਬ ਆਖ ਕੇ ਮਨ ਨੂੰ ਇਕਾਗਰ ਕਰ ਲਓ। ਜੇ ਇਹ ਥੜਾ ਬਣ ਗਿਆ ਤੇ ਮਨ ਰੀਝ ਪਿਆ ਗੁਰੂ ਮਹਾਰਾਜ ਦਾ ਤੇ ਫੇਰ............।

ਇਸ ਥੜੇ ਤੇ ਇਕ ਜੋਤੀ ਜਗੇਗੀ ਜਿਸਦੀ ਲੋਅ ਨਾਲ ਕਈ ਜੋਤਾਂ ਰੌਸ਼ਨ ਹੋਣਗੀਆਂ, ਉਹ ਥੜਾ ਕਿਸ ਤਰ੍ਹਾਂ ਦਾ ਹੋਵੇਗਾ? ਕਿਸ ਤਰ੍ਹਾਂ ਦਾ ਬਣੇਗਾ? ਉਸ ਨੂੰ ਕੌਣ ਬਣਾਏਗਾ? ਕਿਹੜੇ ਸਾਂਚੇ ਵਿਚ ਢਲੇਗਾ? ਕਿਸ ਦੇ ਹੱਥ ਦੀ ਛੋਹ ਨਾਲ ਪਵਿਤਰ ਹੋਵੇਗਾ? ਉਸ ਥੜੇ ਦਾ ਕੋਈ ਰੂਪ ਈ ਨਿਰਾਲਾ ਹੋਵੇਗਾ। ਕਿਉਂ ਨਾ ਹੋਏ, ਹੋਣਾ ਵੀ ਚਾਹੀਦਾ ਏ, ਜਿਸ ਥੜੇ ਤੇ ਰੱਬ ਨੇ ਆ ਕੇ ਬੈਠਣਾ ਏਂ।

ਪਛਾਣਨ ਵਾਲੀਆਂ ਅੱਖਾਂ ਰੱਬ ਨੂੰ ਵੀ ਪਛਾਣ ਲੈਂਦੀਆਂ ਨੇ।

ਥੜੇ ਬਨਾਉਣ ਦਾ ਹੁਕਮ ਮਿਲ ਗਿਆ ਸੇਵਕਾਂ ਨੂੰ, ਥੜੇ ਬਣਨ ਲਗ ਪਏ। ਇਕ ਥੜਾ, ਦੋ ਥੜੇ, ਤਿੰਨ, ਚਾਰ, ਪੰਜ, ਕਈ ਥੜੇ ਬਣ ਰਹੇ ਸਨ।

ਕਿਸਦਾ ਥੜਾ ਚੰਗਾ ਏ, ਕਿਹੜਾ ਥੜਾ ਪਸੰਦ ਆਉਂਦਾ ਏ, ਕਿਸ ਨੂੰ ਚੰਗੀ ਜਾਚ

ਏ ਬਨਾਉਣ ਦੀ, ਕਿਸ ਨੂੰ ਬਨਾਉਣਾ ਆਉਂਦਾ ਏ, ਪਰਖਣ ਵਾਲੀ ਅੱਖ ਉਸ ਨੂੰ ਕਿਸ ਤਰ੍ਹਾਂ ਪਰਖਦੀ ਏ !

—'ਬੜਾ ਬਣਾਓ ਭਈ ਬੜਾ ।' ਫਰਮਾਇਆ ਗੁਰੂ ਮਹਾਰਾਜ ਨੇ ।

ਸਾਰੇ ਸੇਵਕ ਹੁੰਮ ਹੁੰਮਾ ਕੇ ਜੁੱਟ ਪਏ । ਖੂਨ ਪਸੀਨਾ ਇਕ ਕਰ ਦਿੱਤਾ । ਦੁਪਹਿਰ ਭਾਵੇਂ ਤਿਖਰ ਸੀ, ਜ਼ਬਾਨ ਭਾਵੇਂ ਸੁਕ ਰਹੀ ਸੀ, ਸੂਰਜ ਸਵਾ ਨੇਜੇ ਤੇ ਆਣ ਖਲੋਤਾ ਸੀ ਜ਼ਿੱਦ ਨਾਲ । ਮੱਛੀ ਸੁੱਕੀ ਰੇਤ ਤੇ ਪਈ ਭੁਜ ਗਈ ! ਤਾਂਬੇ ਵਾਂਗੂ ਜ਼ਮੀਨ ਤਪ ਰਹੀ ਸੀ । ਸ਼ਿੰਗਰਫ ਵਾਂਗ ਰੇਤ ਦੇ ਜ਼ੱਰੇ ਸੁਰਖ ਸਨ । ਸੁਰਖ ਹੀਰੇ ਰੇਤ ਦੀ ਕੁੱਖ ਵਿਚੋਂ ਬਾਹਰ ਆ ਰਹੇ ਸਨ ।

ਧੰਨ ਸਨ ਸਿਦਕੀ ਸਿੱਖ ਜਿਹੜੇ ਥੜੇ ਬਣਾ ਰਹੇ ਸਨ । ਨਾ ਉਨ੍ਹਾਂ ਦਾ ਜਿਸਮ ਲੂਸਦਾ ਤੇ ਨਾ ਹੀ ਹੱਥ ਸੜਦੇ । ਅੱਗ ਵਰ੍ਹ ਰਹੀ ਸੀ ਪਰ ਸੇਵਕਾਂ ਦੇ ਸੀਨੇ ਅੰਦਰ ਠੰਢ ਸੀ, ਲਗਨ ਸੀ, ਮੁਹੱਬਤ ਸੀ, ਜੋਸ਼ ਸੀ, ਉੱਦਮ ਸੀ । ਧਰਮ ਤੇ ਹੁਕਮ ਦੀ ਪਾਲਣਾ ਕਰਨ ਵਾਲੇ ਨਾਮ ਦੇ ਬਾਟੇ ਪੀ-ਪੀ ਕੇ ਲੱਗੇ ਹੋਏ ਸਨ ।

ਥੜੇ ਉਸਰ ਰਹੇ ਸਨ । ਬਨਾਉਣ ਵਾਲੇ ਸਨ ਗੁਰੂ ਦੇ ਪਿਆਰੇ ਸਿਦਕੀ, ਜਿਨ੍ਹਾਂ ਦੇ ਹੌਸਲੇ ਬੁਲੰਦ, ਇਰਾਦੇ ਬਲਵਾਨ, ਪੱਥਰ ਦੀ ਚੱਟਾਨ ਵਾਂਗ ਸ਼ਕਤੀ, ਨਾ ਦਿਲ ਡੋਲੇ ਨਾ ਆਤਮਾ, ਨਾ ਸਰੀਰ ਥੱਕੇ ਨਾ ਕੜੱਲ ਪੈਣ ।

ਗੱਲ ਉਸੇ ਥੜੇ ਦੀ ਮੈਂ ਕਰ ਰਿਹਾ ਹਾਂ, ਜਿਸ ਨੂੰ ਬਣਾ ਰਹੇ ਸਨ :—

ਭਾਈ ਜੇਠਾ ਤੇ ਭਾਈ ਰਾਮਾ, ਦਾਮਾਦ ਗੁਰੂ ਅਮਰ ਦਾਸ ਦੇ ।

ਬਾਬਾ ਮੋਹਰੀ ਤੇ ਮੋਹਨ, ਜੁਆਨ ਜਹਾਨ, ਗੋਲੀਆਂ ਵਰਗੇ ਗਭਰੂ, ਅੰਸ਼ ਗੁਰੂ ਦੀ, ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ ਸਨ । ਉਨ੍ਹਾਂ ਵਿਚ ਜੋਸ਼ ਬਾਕੀ ਸਾਰਿਆਂ ਨਾਲੋਂ ਜ਼ਿਆਦਾ ਸੀ । ਇਹ ਦੋਵੇਂ ਸਾਹਿਬਜ਼ਾਦੇ ਸਨ ਗੁਰੂ ਮਹਾਰਾਜ ਦੇ ।

ਇਹ ਤਾਂ ਹੋਏ ਨਾ ਚਿਹਰੇ ਮੋਹਰੇ ਜਿਨ੍ਹਾਂ ਨੂੰ ਹਰ ਕੋਈ ਜਾਣਦਾ ਏ, ਬਾਕੀ ਜਿਹੜੇ ਹੋਰ ਥੜੇ ਬਣਾ ਰਹੇ ਸਨ ਇਕ-ਇਕ ਦਾ ਨਾਂ ਕੌਣ ਗਿਣੇ, ਸਮਝੋ ਸਾਰੇ ਹੀ ਸਿੱਖ ਸਨ, ਸਾਰੇ ਹੀ ਸੇਵਕ ਸਨ, ਸਾਰੇ ਹੀ ਗੁਰੂ ਦੇ ਪਿਆਰੇ ਸਨ । ਉਨ੍ਹਾਂ ਵਿਚੋਂ ਕੋਈ ਕਿਸੇ ਦੇ ਗੁਣ ਨਹੀਂ ਸੀ ਦਸ ਸਕਦਾ ਤੇ ਕੋਈ ਕਿਸੇ ਨੂੰ ਨਿੰਦ ਨਹੀਂ ਸੀ ਸਕਦਾ ।

ਥੜੇ ਤਾਂ ਸਮਝੋ ਸਾਰਾ ਗੋਇੰਦਵਾਲ ਈ ਬਣਾ ਰਿਹਾ ਸੀ, ਭਾਵੇਂ ਕੋਈ ਘਰ ਵਿਚ ਸੀ ਤੇ ਭਾਵੇਂ ਕੋਈ ਖੇਤਾਂ ਵਿਚ । ਪਰ ਮੈਂ ਤੇ ਉਸ ਅਖਾੜੇ ਦੀ ਗੱਲ ਕਰ ਰਿਹਾ ਹਾਂ ਜਿਥੇ ਛਿੰਜ ਪੈ ਰਹੀ ਸੀ । ਅਣਥਕ ਪਹਿਲਵਾਨ ਸਿਦਕ ਤੇ ਨਿਸਚਾ ਤੇ ਉੱਦਮ ਲਈ ਗੁਰੂ ਦੇ ਹੁਕਮ ਦੀ ਪਾਲਣਾ ਵਿਚ ਜੁਟੇ ਹੋਏ ਸਨ ।

ਥੜੇ ਬਨਾਉਣ ਵਾਲੇ ਥੜੇ ਬਣਾ ਰਹੇ ਸਨ ਤੇ ਵੇਖਣ ਵਾਲੀਆਂ ਸੰਗਤਾਂ ਗੁਰੂ ਦੀਆਂ ਲਾਡਲੀਆਂ, ਪ੍ਰੇਮੀ ਗੁਰੂ, ਸ਼ਰਧਾਲੂ ਕਿਸੇ ਨੂੰ ਪਾਣੀ ਦਾ ਘੁੱਟ ਨਹੀਂ ਸੀ ਪਿਆ ਸਕਦੇ । ਭਾਵੇਂ ਗਿੱਠ ਜ਼ਬਾਨ ਨਿਕਲੇ, ਤੜਫ ਪੈਣ ਜ਼ਮੀਨ ਤੇ ਡਿਗ ਕੇ ।

ਮਰਯਾਦਾ ਨੂੰ ਕੌਣ ਤੋੜੇ ? ਗੁਰੂ ਤੋਂ ਕੌਣ ਬੇ-ਮੁੱਖ ਹੋਵੇ ? ਜਿਸਦੀ ਜ਼ਬਾਨ ਸੁੱਕੇ ਉਹ ਆਪੇ ਈ ਪਾਣੀ ਪੀਵੇ ।

ਪਾਠਸ਼ਾਲਾ ਵਿਚ ਪ੍ਰੀਖਿਆ ਦੇ ਪਰਚੇ ਪਏ ਹੋਏ ਸਨ । ਇਕ ਇਮਤਿਹਾਨ ਸੀ, ਵੇਖੋ ਕੌਣ ਪੁਗਦਾ ਏ ।

ਇੰਨਿਆਂ ਘੜਿਆਂ ਵਿਚ ਕਿਸਦਾ ਘੜਾ ਨਜ਼ਰੀਂ ਚੜ੍ਹਦਾ ਏ ? ਕਿਹੜਾ ਮਨ ਨੂੰ ਖਿਚ ਪਾਉਂਦਾ ਏ ? ਗੱਲ ਤੇ ਪਸੰਦ ਦੀ ਏ ਨਾ ! ਘੜੇ ਤਾਂ ਸਾਰੇ ਈ ਇਕੋ ਜਿਹੇ ਹੁੰਦੇ ਹਨ।

ਘੜਾ ਇਕ ਕਸਵੱਟੀ ਸੀ, ਪਰਖ ਸੀ। ਗੱਲ ਨਿੱਕੀ ਜਿਹੀ ਸੀ, ਵੱਡੀ ਬਣਦੀ ਜਾ ਰਹੀ ਸੀ।

ਇਕ ਆਵਾਜ਼ ਉਭਰੀ।

'ਪਾਣੀ ਭਰਨ ਪਨਹਾਰੀਆਂ ਰੰਗਾ ਰੰਗ ਘੜੇ।
ਭਰਿਆ ਉਹਦਾ ਜਾਣੀਏ ਜਿਸਦਾ ਤੋੜ ਚੜ੍ਹੇ।'

□□

੨

ਵੈਦਿਕ ਕਾਲ ਦੇ ਰਿਸ਼ੀ ਨੇ ਇਕ ਵਾਰ ਆਖਿਆ ਸੀ :—

—'ਜਿਸ ਧਰਤੀ ਤੇ ਵੇਦ ਦੀ ਰਚਨਾ ਹੋਈ ਏ ਉਸੇ ਧਰਤੀ ਚੋਂ ਵੇਦ ਫਿਰ ਬੋਲਣਗੇ ਤੇ ਫਿਰ ਕੋਈ ਬ੍ਰਹਮ ਗਿਆਨੀ ਵੇਦ ਰਚੇਗਾ ਆਪਣੀ ਬੋਲੀ ਵਿਚ, ਜਿਸ ਨੂੰ ਉਸ ਧਰਤੀ ਦੇ ਲੋਕ ਸਮਝਦੇ ਹੋਣਗੇ।'

ਕਈ ਯੁੱਗ ਬੀਤੇ, ਕਈ ਰਾਜ ਬਣੇ ਤੇ ਕਈ ਮਿਟ ਗਏ। ਰੰਗ-ਬਰੰਗੇ ਜਰਵਾਣੇ ਆਏ, ਹਵਾ ਦੇ ਬੁੱਲੇ ਵਾਂਗ ਉਠੇ ਤੇ ਹਨੇਰੀ ਵਿਚ ਉਨ੍ਹਾਂ ਦੇ ਕੱਖ ਉਡ ਗਏ। ਖੂਨ ਲਿਬੜੀਆਂ ਤਲਵਾਰਾਂ ਬਿਆਸਾ ਨਦੀ ਵਿਚ ਧੋ ਕੇ, ਸ਼ਰਮ ਦੇ ਮਾਰੇ ਢੇਰੀਆਂ ਢਾਹ ਕੇ ਬਹਿ ਗਏ। ਚੱਪਣੀ ਵਿਚ ਨੱਕ ਡੋਬ ਮਰਦੇ ਪਰ ਉਨ੍ਹਾਂ ਨੂੰ ਸ਼ਰਮ ਕਿਥੋਂ ! ਉਹ ਢੀਠ ਲੰਮੀਆਂ-ਲੰਮੀਆਂ ਦਾੜ੍ਹੀਆਂ ਲਮਕਾਈ ਫਿਰ ਆਣ ਚੜ੍ਹੇ। ਕੁਦਰਤ ਨੇ ਉਨ੍ਹਾਂ ਦੀ ਬੂਥੀ ਫਿਰ ਭੰਨੀ। ਗੱਲ ਕੀ, ਉਨ੍ਹਾਂ ਦਾ ਤੇ ਕਿੱਤਾ ਈ ਬਣ ਗਿਆ ਸੀ, ਇਸ ਤਰ੍ਹਾਂ ਦੀ ਲੁਕਣ ਮੀਚੀ ਖੇਡਣ ਦਾ, ਲਹੂ ਲਿਬੜੀਆਂ ਤਲਵਾਰਾਂ, ਲਹੂ ਨੁਚੜਦੇ ਨੇਜ਼ੇ ਲਈ ਬਾਬਰ ਆਣ ਗੱਜਿਆ। ਆਪਣੇ ਘਰ ਵਿਚ ਢੋਈ ਨਹੀਂ ਸੀ। ਹਿੰਦੁਸਤਾਨ ਨੇ ਉਨ੍ਹਾਂ ਦੀ ਝੋਲੀ ਵਿਚ ਖੈਰ ਕੀ ਪਾਈ, ਪੱਠਾ ਤਕੀਆ ਈ ਸਾਂਭ ਬੈਠਾ। ਇਥੋਂ ਦਾ ਜਿਹਾ ਹਵਾ ਪਾਣੀ ਰਾਸ ਆਇਆ, ਇਥੇ ਈ ਬਹਿ ਗਿਆ ਡੇਰੇ ਲਾ ਕੇ। ਇਕ ਮਰਦੇ ਕਾਮਲ ਨੇ ਆਵਾਜ਼ ਉਠਾਈ :—

'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ।'

ਤਲਵਾਰਾਂ ਇਸ ਆਵਾਜ਼ ਨੂੰ ਦਬਾ ਨਾ ਸਕੀਆਂ ਤੇ ਨਾ ਇਸ ਜ਼ਬਾਨ ਦੇ ਟੋਟੇ ਈ ਕਰ ਸਕੀਆਂ। ਆਵਾਜ਼ ਮੱਧਮ ਹੋਈ, ਫਿਰ ਉਭਰੀ, ਹੌਲੀ ਜਿਹੀ ਕਿਸੇ ਨੇ ਸੁਣੀ, ਕਿਸੇ ਨੇ ਅਣਸੁਣੀ ਕਰਕੇ ਦੜ ਵੱਟ ਲਈ। ਕਿਸੇ ਨੇ ਡੰਡ ਪਾ ਕੇ ਸੁਣੀ। ਗੱਲ ਕੀ ਪੰਜਾਬ ਦੇ ਹਰ ਬੰਦੇ ਨੇ ਇਸ ਆਵਾਜ਼ ਨੂੰ ਸੁਣਿਆ। ਬਾਬਰ ਦੇ ਹਮਾਇਤੀਆਂ ਵੀ ਤੇ ਬਾਬਰ ਦੇ ਵੈਰੀਆਂ ਵੀ, ਆਵਾਜ਼ ਦਾ ਸਾਰਿਆਂ ਸੁਆਗਤ ਕੀਤਾ।

ਬਿਆਸਾ ਨਦੀ ਵਿਚ ਇਸ ਆਵਾਜ਼ ਨੇ ਚੁਭੀ ਮਾਰ ਲਈ। ਲੋਕ ਆਖਦੇ ਹਨ ਕਿ ਇਹ ਆਵਾਜ਼ ਫਿਰ ਕਈ ਵੇਰਾਂ ਲੋਕਾਈ ਨੇ ਸੁਣੀ।

ਬਿਆਸਾ ਨਦੀ ਦੇ ਸੀਨੇ ਤੇ ਇਕ ਨਗਰ ਵਸਿਆ ਹੋਇਆ ਸੀ, ਜਿਸ ਨੂੰ ਪੰਜਾਬ ਵਾਲੇ ਗੋਇੰਦਵਾਲ ਆਖਦੇ ਹਨ। ਬਿਆਸਾ ਭਾਵੇਂ ਚੜ੍ਹੇ ਤੇ ਭਾਵੇਂ ਉਛਾਲੇ ਮਾਰੇ ਗੋਇੰਦਵਾਲ ਨੂੰ ਕਦੇ ਅਜ਼ਾਂ ਨਹੀਂ ਲਗੀ। ਤਲੀ ਤੇ ਛਾਲੇ ਵਾਂਗ ਰੱਖਿਆ ਹੋਇਆ ਏ ਬਿਆਸਾ ਨੇ ਇਸ ਗਰਾਂ ਨੂੰ। ਭਾਵੇਂ ਇਹ ਡੂੰਘੀ ਵਗੇ ਤੇ ਭਾਵੇਂ ਉੱਚੀ, ਇਸ ਕਿਸੇ ਨੂੰ ਨਹੀਂ ਬਖਸ਼ਿਆ। ਇਹ ਕਿਸੇ ਦੀ ਸੱਕੀ ਨਹੀਂ। ਮੈਨੂੰ ਤਾਂ ਇਉਂ ਜਾਪਦਾ ਏ ਜਿਵੇਂ ਬਿਆਸਾ ਨਦੀ ਵੀ ਗੁਰਬਾਣੀ ਦੀ ਆਸ਼ਕ ਏ, ਗੁਰੂ ਦੇ ਚਰਨਾਂ ਦੀ ਧੂੜ ਲੈ ਕੇ ਵਗਦੀ ਏ, ਗੁਰੂ ਦੀ ਸੇਵਕ ਜਾਪਦੀ ਏ। ਪਵਿਤਰ ਇਸੇ ਲਈ ਹੋ ਗਈ ਏ, ਅਸ਼ੀਰਵਾਦ ਜੁ ਗੁਰੂਆਂ ਦੀ ਏ ਇਹਦੇ ਤੇ।

ਸੂਰਜ ਦੀ ਟਿੱਕੀ ਪੁੰਗਰਨ ਤੋਂ ਪਹਿਲਾਂ ਬਿਆਸਾ ਵਿਚ ਹੜ੍ਹ ਚੜ੍ਹਿਆ ਹੋਵੇ, ਗੋਇੰਦ-ਵਾਲ ਵਿਚ ਆਸਾ ਰਾਗ ਵਿਚ ਬਾਣੀ ਪੜ੍ਹੀ ਜਾਂਦੀ ਹੋਵੇ, ਇਸ ਦੀਆਂ ਲਹਿਰਾਂ ਵਿਚ ਅਸਾਵਰੀ ਦੀ ਧੁੰਨ ਹੋਵੇਗੀ, ਲਹਿਰਾਂ ਸੀਤਲ ਸੁਭਾ ਦੇ ਨਾਲ ਗੋਇੰਦਵਾਲ ਦੇ ਕੋਲ ਦੀ ਲੰਘਣਗੀਆਂ। ਸਾਖੀਕਾਰ ਆਖਦੇ ਹਨ ਕਿ ਉਨ੍ਹਾਂ ਮਲਹਾਰ ਦੀਆਂ ਝਾਂਜਰਾਂ ਪਾਈ ਬਿਆਸਾ ਨੂੰ ਲੰਘਦਿਆਂ ਵੇਖਿਆ ਏ, ਸ੍ਰੀ ਰਾਗ ਦੀ ਲਯ ਵਿਚ ਤੇ ਮਸਤ। ਸਾਖੀਕਾਰ ਹਾਮੀ ਭਰਦੇ ਹਨ ਕਈਆਂ ਨੇ ਬਸੰਤ ਦੀ ਸਰ੍ਹੋਂ ਖਿੜੀ ਵੇਖੀ ਏ ਬਿਆਸਾ ਨਦੀ ਦੇ ਕੰਢੇ। ਲਹਿਰਾਂ ਵਿਚੋਂ ਗੂੰਜਦੀ ਬਸੰਤ ਸੁਣੀ ਏ।

ਗੋਇੰਦਵਾਲ ਦਾ ਵਿਸ਼ਾਲ ਹਿਰਦਾ ਏ। ਇਹਦੇ ਦਿਲ ਦੀ ਬਾਰਾਂਦਰੀ ਵਿਚ ਥੜ੍ਹੇ ਬਣ ਰਹੇ ਸਨ। ਬਿਆਸਾ ਵਗ ਰਹੀ ਸੀ ਵਿਚਾਰੀ ਤਮਾਸ਼ਾ ਵੇਖਦੀ ਜ਼ਰਾ ਕੁ ਰੁਕਦੀ ਤੇ ਫਿਰ ਕੰਨ ਲਪੇਟ ਕੇ ਕੋਲੋਂ ਦੀ ਲੰਘ ਜਾਂਦੀ, ਮਾੜੀ ਜਿਹੀ ਬੁਲ੍ਹੀਆਂ ਵਿਚ ਹਸਦੀ। ਇਉਂ ਜਾਪਦਾ ਜਿਵੇਂ ਮੱਥਾ ਟੇਕ ਕੇ ਲੰਘ ਗਈ ਹੋਵੇ ਕੋਲੋਂ ਦੀ। ਹੜ੍ਹ ਦਾ ਵਹਿੜਕਾ ਮਛਰਿਆ ਤਾਂ ਗੋਇੰਦਵਾਲ ਤੋਂ ਕਿਤੇ ਦੂਰ ਜਾ ਕੇ।

—'ਪਿਤਾ ਜੀ ਨੇ ਥੜ੍ਹੇ ਬਨਾਉਣ ਦਾ ਹੁਕਮ ਦੇ ਕੇ ਇਕ ਚੱਕਰਵਿਊ ਰਚਾ ਦਿੱਤਾ ਏ।'

ਬੋਲ ਬੀਬੀ ਦਾਨੀ ਦੇ ਸਨ। ਧੀ ਸੀ ਗੁਰੂ ਮਹਾਰਾਜ ਦੀ।

—'ਵੇਖਣਾ ਤਾਂ ਹੁਣ ਇਹ ਹੈ ਕਿ ਦਰੋਣਾ ਦੇ ਚੱਕਰਵਿਊ ਨੂੰ ਕੌਣ ਤੋੜਦਾ ਏ? ਗੁਰੂ ਦਾ ਮਾਣ ਵੀ ਬਣਿਆ ਰਹੇ ਤੇ ਪ੍ਰਾਪਤੀ ਵੀ ਹੋ ਜਾਏ। ਇਹ ਕੁਝ ਫੈਸਲਾ ਕਰੇਗਾ ਚੱਕਰਵਿਊ।' ਬੀਬੀ ਭਾਨੀ ਦਾ ਵਿਚਾਰ ਸੀ ਜਿਹੜੀ ਛੋਟੀ ਲਾਡਲੀ ਧੀ ਸੀ ਗੁਰੂ ਮਹਾਰਾਜ ਦੀ।

—'ਇਕ ਪਾਸੇ ਪੁੱਤ ਜ਼ੋਰ ਅਜ਼ਮਾ ਰਹੇ ਹਨ ਤੇ ਇਕ ਪਾਸੇ ਜਵਾਈ। ਅਸਲ ਵਿਚ ਰਿਸ਼ਤੇ ਨਾਤੇ ਦਾ ਇਥੇ ਸੁਆਲ ਨਹੀਂ, ਸੁਆਲ ਏ ਸੇਵਾ, ਸ਼ਰਧਾ ਤੇ ਪਾਲਣਾ ਹੁਕਮ ਦੀ। ਇਹ ਬੜੀ ਉਚੀ ਟੀਸੀ ਏ।' ਬੀਬੀ ਦਾਨੀਂ ਨੇ ਆਖਿਆ—ਸਿਆਣੇ ਆਖਦੇ ਹਨ:—

ਫਕੀਰਾ ਫਕੀਰੀ ਦੂਰ ਹੈ ਜਿੰਨੀ ਲੰਮੀ ਖਜੂਰ,
ਚੜ੍ਹ ਜਾਏਂ ਤੇ ਪਾਵੇਂ ਅਮਰ ਫਲ ਡਿਗ ਪਏਂ ਤੇ ਚਕਨਾਚੂਰ।

□□

ਥੜੇ ਬਨਾਉਣ ਦੀ ਪਰਪਾਟੀ ਪੰਜਾਬ ਵਿਚ ਬੜੇ ਚਿਰਾਂ ਤੋਂ ਚਲੀ ਆਉਂਦੀ ਏ। ਚੇਲੇ ਆਸ਼ਰਮ ਵਿਚ ਗੁਰੂ ਲਈ ਥੜੇ ਬਨਾਉਂਦੇ ਚਲੇ ਆਏ। ਨਾਥਾਂ ਦੀ ਸਾਰੀ ਹਯਾਤੀ ਲੰਘ ਗਈ ਥੜੇ ਉਸਾਰਦਿਆਂ ਹੋਇਆਂ। ਜੋਗੀ ਵੀ ਇਕ-ਇਕ ਕਰਕੇ ਥੜੇ ਬਨਾਉਂਦੇ ਹਨ। ਉਨ੍ਹਾਂ ਥੜਿਆਂ ਤੇ ਇਸ ਥੜੇ ਵਿਚ ਬਹੁਤ ਫਰਕ ਏ। ਇਸ ਥੜੇ ਦੇ ਮਗਰ ਕੌਮ ਦੀ ਕਿਸਮਤ ਦਾ ਫੈਸਲਾ ਹੋਣਾ ਸੀ। ਬਾਕੀ ਥੜੇ ਤੇ ਗੁਰੂ ਨੂੰ ਖੁਸ਼ ਕਰਨ ਵਾਸਤੇ ਬਣਾਏ ਜਾਂਦੇ ਸਨ।

ਥੜੇ ਬਣ ਰਹੇ ਸਨ।

ਬੀਬੀ ਭਾਨੀ, ਬੀਬੀ ਦਾਨੀ ਤੇ ਭਰਜਾਈ ਆਤਮਾ ਦੇਵੀ ਚਰਖਾ ਕੱਤ ਰਹੀਆਂ ਸਨ। ਚਰਖੇ ਦੀ ਚਰਮਖ ਬੋਲ ਰਹੀ ਸੀ :—

ਸਤਿਕਰਤਾਰ—ਸਤਿਕਰਤਾਰ—ਸਤਿਕਰਤਾਰ।

ਬੀਬੀ ਦਾਨੀ ਨੇ ਤਕਲੇ ਤੇ ਤੰਦ ਪਾਉਂਦਿਆਂ ਆਖਿਆ—'ਭਰਜਾਈ ਇਹ ਪ੍ਰੀਖਿਆ ਬੜੀ ਔਖੀ ਪਾ ਦਿੱਤੀ ਏ ਪਿਤਾ ਜੀ ਨੇ।'

ਅਗੋਂ ਭਰਜਾਈ ਆਤਮਾ ਦੇਵੀ ਬੋਲੀ,—'ਇਮਤਿਹਾਨ ਤਾਂ ਸਾਰੇ ਹੀ ਮੁਸ਼ਕਲ ਹੁੰਦੇ ਹਨ। ਜ਼ਿੰਦਗੀ ਦੀਆਂ ਪੌੜੀਆਂ ਚੜ੍ਹ-ਚੜ੍ਹਕੇ ਪਿਤਾ ਜੀ ਥੱਕ ਗਏ ਹਨ। ਆਖਿਰ ਹੁਣ ਕਿਤੇ ਜਾ ਕੇ ਆਰਾਮ ਤੇ ਕਰਨਾ ਹੀ ਹੋਇਆ। ਜੁਆਨ ਪੁੱਤ ਹਨ, ਲੱਤ ਦਿਤਿਆਂ ਪਾਣੀ ਆਉਂਦਾ ਏ, ਹੁਣ ਆਪਣੇ ਮੋਢਿਆਂ ਤੇ ਕੁਝ ਭਾਰ ਤਾਂ ਚੁਕਣ!'

—'ਪੰਡ ਭਾਰੀ ਏ, ਕੋਈ ਹਿੰਮਤ ਵਾਲਾ ਹੀ ਚੁੱਕੂ।' ਬੀਬੀ ਭਾਨੀ ਆਖਣ ਲਗੀ।

—'ਹਾਂ, ਇਸਦੇ ਵਿਚ ਕੀ ਝੂਠ ਏ! ਜਿਸਦੇ ਜੁੱਸੇ ਵਿਚ ਬਲ ਹੋਊ ਉਸੇ ਪੰਡ ਚੁਕਣੀ ਏਂ, ਪਰ ਕੋਈ ਚੁਕਾਉਣ ਵਾਲਾ ਵੀ ਤੇ ਚਾਹੀਦਾ ਏ।'

ਭਰਜਾਈ ਕੋਲੋਂ ਨਾ ਹੀ ਰਿਹਾ ਗਿਆ, ਆਖਰ ਬੋਲ ਹੀ ਪਈ,—'ਮੇਰੇ ਸਹੁਰੇ ਨੇ ਤਾਂ ਕਦੇ ਕਿਸੇ ਕੋਲੋਂ ਗਾਗਰ ਨਹੀਂ ਸੀ ਚੁਕਵਾਈ, ਇਹ ਵੀ ਤੇ ਉਸੇ ਲਹੂ ਦੇ ਬਣੇ ਹੋਏ ਹਨ, ਇਹ ਕਿਉਂ ਕਿਸੇ ਦਾ ਆਸਰਾ ਭਾਲਣ! ਪੰਡ ਉਹੋ ਈ ਏ ਜਿਹੜੀ ਆਪੇ ਈ ਚੁਕੀ ਜਾਵੇ।'

—'ਮੇਰੇ ਵੀਰ ਅਜੇ ਬਾਲ ਕੁਬਾਲ ਹਨ, ਹੌਲੀ-ਹੌਲੀ ਭਾਰ ਚੁਕਣ ਜੋਗੇ ਹੋ ਜਾਣਗੇ।' ਵੱਡੀ ਭੈਣ ਨੇ ਭਰਾਵਾਂ ਦੀ ਹਾਮੀ ਭਰੀ।

—'ਭਾਬੀ, ਇਹ ਉਹ ਮਾਰਗ ਏ, ਜਿਥੇ ਬੰਦਾ ਆਪ ਹੀ ਨਿਤਰਦਾ ਏ ਤੇ ਆਪ ਹੀ ਆਪਣੇ ਪੈਰਾਂ ਤੇ ਖਲੋਂਦਾ ਏ। ਸਹਾਰਾ ਲੱਭਣ ਵਾਲੇ, ਆਸਰਾ ਭਾਲਣ ਵਾਲੇ ਇਸ ਮਾਰਗ ਤੇ ਨਹੀਂ ਚਲ ਸਕਦੇ।' ਬੋਲ ਸਨ ਬੀਬੀ ਭਾਨੀ ਦੇ।

—'ਅਜੇ ਕਲ ਗੁਡੀਆਂ ਪਟੋਲਿਆਂ ਨਾਲ ਖੇਡਦੀ ਸੈਂ, ਅੱਜ ਬੜੀ ਸਿਆਣੀ ਹੋ ਗਈ ਏਂ?' ਬੀਬੀ ਦਾਨੀ ਨੇ ਆਖਿਆ।

—'ਨਣਦੇ ਇਹ ਗੱਲ ਨਹੀਂ, ਗੱਲ ਤੇ ਸੇਵਾ ਦੀ ਏ। ਗੁਰਾਂ ਨੇ ਫਰਮਾਇਆ ਹੈ :—

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'

—'ਬੇੜਾ ਪਾਰ ਤੇ ਉਹਦਾ ਹੀ ਹੋਣਾ ਏ ਜਿਸ ਨੇ ਰਜ਼ਾ ਵਿਚ ਰਹਿਣਾ ਏ', ਇਸੇ ਗੱਲ ਦਾ ਈ ਇਮਤਿਹਾਨ ਏ। ਘਰ ਵਿਚ ਰਹਿਣ ਵਾਲਾ ਘਰ ਦੀ ਚਾਰ ਦੀਵਾਰੀ ਵੱਲ ਝਾਤ ਤਕ ਨਹੀਂ ਮਾਰਦਾ, ਬਾਹਰੋਂ ਆਇਆ ਪ੍ਰਾਹੁਣਾ ਕੰਧ ਦੇ ਲੇਅ ਵੀ ਗਿਣ ਲੈਂਦਾ ਏ। ਆਦਮੀ ਆਪਣੀ ਬੁੱਕਲ ਵਿਚ ਝਾਤੀ ਮਾਰਦਾ ਈ ਨਹੀਂ। ਇਸੇ ਲਈ ਕਦੇ ਬੋਹੜ ਦੇ ਨਾਲ ਬੋਹੜ ਨਹੀਂ ਉਗਿਆ।' ਆਖ ਰਹੀ ਸੀ ਭਰਜਾਈ।

—'ਤੇਰਾ ਕੀ ਖਿਆਲ ਏ ਕਿ ਸਾਡੇ ਚੁਬਾਰੇ ਦੀਆਂ ਨੀਂਹਾਂ ਕੰਬਦੀਆਂ ਹਨ?' ਦਾਨੀ ਆਖਣ ਲਗੀ।

—'ਮੈਂ ਤੇ ਇਹ ਨਹੀਂ ਆਖਿਆ।'

—'ਇਹ ਥੜੇ ਗੁਰ ਗੱਦੀ ਦਾ ਫੈਸਲਾ ਕਰਨਗੇ।' ਬੀਬੀ ਭਾਨੀ ਆਖ ਕੇ ਚੁਪ ਹੋ ਗਈ।

—'ਗੁਰੂ ਮਹਾਰਾਜ ਦੇ ਹੱਥ ਵਿਚ ਮਾਲਾ ਏ ਉਹ ਸਿਰਮੌਰ ਲਭ ਰਹੇ ਹਨ।'

□□

੪

ਜਿਥੇ ਥੜੇ ਬਣ ਰਹੇ ਸਨ ਉਥੋਂ ਦਾ ਵਾਤਾਵਰਨ ਹੀ ਕੁਝ ਨਿਰਾਲਾ ਸੀ। ਲੋਕ ਕੋਠਿਆਂ ਤੇ ਬੈਠ ਕੇ ਵੇਖ ਰਹੇ ਸਨ ਨੀਝ ਲਾ ਕੇ। ਸਾਰੇ ਜਣੇ ਆਪਣੀ ਹਿੰਮਤ ਅਜ਼ਮਾ ਰਹੇ ਸਨ।

ਬਾਬਾ ਮੋਹਰੀ ਮਥੇ ਤੋਂ ਪਸੀਨਾ ਪੂੰਝਦਿਆਂ ਬੋਲਿਆ,—'ਜ਼ਮੀਨ ਬੜੀ ਸਖਤ ਏ।' ਗੁਰੂ ਦਾ ਟਿੱਕਾ ਮੋਹਰਾ ਪੁਤ ਸੀ।

—'ਕਹੀ ਮਾਰਦੇ ਹਾਂ ਤਾਂ ਮਥੇ ਨੂੰ ਆਣ ਵਜਦੀ ਏ। ਮਿੱਟੀ ਲੋਹਾ ਬਣ ਗਈ ਏ।' ਮੋਹਨ ਦੀ ਆਵਾਜ਼ ਨਿਕਲੀ।

—'ਜ਼ਮੀਨ ਸਖਤ ਨਹੀਂ, ਗਾਜਰ ਵਾਂਗ ਕੂਲੀ ਏ।' ਭਾਈ ਜੇਠਾ ਆਖਣ ਲਗਾ।

—'ਤੁਹਾਡੀ ਜ਼ਮੀਨ ਨਰਮ ਹੋ ਸਕਦੀ ਏ ਭਾਈਆ ਜੀ, ਪਰ ਜਿਹੜੀ ਜ਼ਮੀਨ ਸਾਡੇ ਹਿੱਸੇ ਆਈ ਏ ਉਹ ਪੱਥਰ ਨਾਲੋਂ ਵੀ ਕਰੜੀ ਏ। ਤੁਸੀਂ ਮਿੱਟੀ ਨੂੰ ਹਥ ਲਾਉਂਦੇ ਹੋ ਤੇ ਸੋਨਾ ਬਣ ਜਾਂਦੀ ਹੈ, ਅਸੀਂ ਸੋਨੇ ਨੂੰ ਹਥ ਲਾਈਦੇ ਤਾਂ ਉਹ ਪਿਤਲ ਜਾਪਦਾ ਏ।' ਸ਼ਿਕਾਇਤ ਸੀ ਬਾਬਾ ਮੋਹਰੀ ਦੀ।

—'ਨਜ਼ਰ-ਨਜ਼ਰ ਦਾ ਫ਼ਰਕ ਏ। ਚੀਜ਼ ਇਕੋ ਹੁੰਦੀ ਏ ਪਰ ਨਿਗਾਹ ਵਿਚ ਫ਼ਰਕ ਆ ਜਾਂਦਾ ਏ। ਗੋਇੰਦਵਾਲ ਤੇ ਗੁਰੂ ਦੀਆਂ ਬਖਸ਼ਸ਼ਾਂ ਹਨ। ਇਸ ਮਿਟੀ ਨੂੰ ਮੋਮ ਵਾਂਗ ਜਿਧਰ ਚਾਹੋ ਮੋੜ ਲਓ।' ਭਾਈ ਜੇਠਾ ਆਖਣ ਲਗਾ।

—'ਪਿਤਾ ਜੀ ਤੁਹਾਡੇ ਹਥਾਂ ਤੇ ਪੈ ਗਏ ਹਨ, ਉਨ੍ਹਾਂ ਨੂੰ ਅਸੀਂ ਨਜ਼ਰ ਵੀ ਨਹੀਂ ਆਉਂਦੇ। ਉਹ ਜਿਥੇ ਬਹਿੰਦੇ ਹਨ ਤੁਹਾਡੀਆਂ ਕਹਾਣੀਆਂ ਛੋਹ ਲੈਂਦੇ ਹਨ, ਸਾਡਾ ਕਿਸੇ ਪ੍ਰਸੰਗ ਵਿਚ ਨਾਂ ਨਹੀਂ ਆਉਂਦਾ। ਭਾਈਆ ਜੀ, ਤੁਸਾਂ ਪਿਛਲੇ ਜਨਮ ਵਿਚ ਮੋਤੀ ਦਾਨ ਕੀਤੇ ਹੋਏ

ਚਲ, ਅਸੀਂ ਸ਼ਾਇਦ ਛੋਲੇ ਵੀ ਨਹੀਂ ਵੰਡੇ। ਲੈਣਾ ਤੇ ਆਪਣਾ ਦਿਤਾ ਵੀ ਏ ਨਾ।' ਬਾਬਾ ਮੋਹਰੀ ਸੋਚ ਵੀ ਰਿਹਾ ਸੀ ਤੇ ਮੱਥੇ ਤੋਂ ਬੁੱਕ ਭਰਕੇ ਮੁੜ੍ਹਕਾ ਵੀ ਵਗ੍ਹਾ ਮਾਰਿਆ।

—'ਭਰਾ ਜੀ ਗਲ ਇਹ ਨਹੀਂ, ਅਸਲ ਵਿਚ ਮੈਂ ਹਰ ਵੇਲੇ ਉਨ੍ਹਾਂ ਦੇ ਸਾਹਮਣੇ ਰਹਿੰਦਾ ਹਾਂ, ਇਸ ਲਈ ਉਨ੍ਹਾਂ ਦੇ ਮੂੰਹ ਚੜ੍ਹ ਗਿਆ ਏ ਮੇਰਾ ਨਾਂ। ਕਿਥੇ ਤੁਸੀਂ ਤੇ ਕਿਥੇ ਮੈਂ। ਕਿਥੇ ਰਾਜਾ ਭੋਜ ਤੇ ਕਿਥੇ ਕੰਗਲਾ ਤੇਲੀ! ਸੌਣਾ ਕੁੜ੍ਹੀਆਂ ਤੇ ਖ਼ਾਬ ਸ਼ੀਸ਼ ਮਹਿਲਾਂ ਦੇ! ਪਿਓ ਨਾ ਮਾਰੀ ਪਿਦੜੀ ਤੇ ਬੇਟਾ ਤੀਰ ਅੰਦਾਜ਼! ਜ਼ਾਤ ਦੀ ਕੋਹੜ ਕਿਰਲੀ ਤੇ ਸ਼ਹਿਤੀਰਾਂ ਨੂੰ ਜੱਫੇ! ਮੇਰੀ ਤੁਹਾਡੀ ਕਾਹਦੀ ਬਰਾਬਰੀ! ਮੈਂ ਤੇ ਕਾਮਾ ਹੋਇਆ, ਤੁਸੀਂ ਮਾਲਕ। ਤੁਸੀਂ ਉਚੇ ਚੁਬਾਰਿਆਂ ਵਾਲੇ। ਤੁਹਾਡਾ ਬਸੇਰਾ ਬਾਰਾਂ ਦਰੀਆਂ ਵਿਚ ਤੇ ਮੈਂ ਵਧੀ ਘਟੀ ਖਾਣ ਵਾਲਾ।' ਭਾਈ ਜੇਠਾ ਨਿਮਰਤਾ ਵਿਚ ਸੀ।

—'ਦੁਪਹਿਰਾਂ ਢਲਣ ਤੇ ਆਈਆਂ ਨੇ, ਪਰਛਾਵੇਂ ਢਲਦੇ ਨਜ਼ਰ ਆਉਂਦੇ ਨੇ, ਅਜੇ ਥੜੇ ਦਾ ਕਿਤੇ ਮੂੰਹ ਮੱਥਾ ਵੀ ਨਹੀਂ ਬਣਿਆ। ਸ਼ਾਮ ਨੂੰ ਪਿਤਾ ਜੀ ਆ ਗਏ ਤਾਂ ਕੀ ਮੂੰਹ ਵਿਖਾਵਾਂਗੇ।' ਮੋਹਨ ਸਾਧੂ ਸੁਭਾ ਸੀ ਬੋਲਿਆ ਇਸ ਤਰ੍ਹਾਂ।

—'ਅਸਾਂ ਕੋਈ ਠੇਕੇਦਾਰੀ ਥੋੜਾ ਲਈ ਹੋਈ ਏ! ਜੇ ਬਣੇਗਾ ਤੇ ਬਣਾ ਜਵਾਂਗੇ, ਨਹੀਂ ਤੇ ਨਾ ਸਹੀ। ਹੱਥ ਪਛੇ ਗਏ ਹਨ ਕਹੀ ਵਾਹੁੰਦਿਆਂ। ਇਹ ਕੰਮ ਕਾਮਿਆਂ ਦਾ ਏ, ਐਵੇਂ ਪਿਤਾ ਜੀ ਨੇ ਸਾਨੂੰ ਦਿਹਾੜੀ ਲਾ ਦਿਤਾ ਏ। ਰਾਜਿਆਂ ਦੇ ਪੁੱਤ ਥੜੇ ਥੋੜ੍ਹਾ ਬਣਾਉਂਦੇ ਹਨ! ਸਾਨੂੰ ਹੁਕਮ ਦਿੰਦੇ—ਜਾਓ ਬੇਟਾ ਸ਼ੇਰ ਮਾਰ ਕੇ ਲਿਆਓ ਤੇ ਅਸੀਂ ਸ਼ੇਰ ਮਾਰਕੇ ਲਿਆਉਂਦੇ। ਐਵੇਂ ਨੱਕ ਨਮੂਜ ਨੂੰ ਮਿਟੀ ਉਡਾ ਕੇ ਸਿਰ ਵਿਚ ਪਾ ਰਹੇ ਹਨ। ਖਤਰੀਆਂ ਦੇ ਪੁੱਤ ਤੱਕੜੀ ਤੋਲਣਾ ਜਾਣਦੇ ਹਨ। ਥੜੇ ਬਨਾਉਣਾ ਸਾਡਾ ਖਾਨਦਾਨੀ ਪੇਸ਼ਾ ਥੋੜਾ ਏ।' ਪਿਤਾ ਜੀ ਕਿਤੇ ਗੁੱਸੇ ਨਾ ਹੋ ਜਾਣ ਇਸ ਲਈ ਕਹੀ ਫੜ ਲਈ ਸੀ। ਉਨ੍ਹਾਂ ਦੇ ਲਹੂ ਲਾਖੇ ਹੋਣ ਨਾਲ ਸਾਰਾ ਗੋਇੰਦਵਾਲ ਕੰਬ ਜਾਂਦਾ ਏ। ਗੁਰੂ ਦੇ ਪੁਤਰਾਂ ਨੂੰ ਇਹ ਕੰਮ ਸੋਭਾ ਥੋੜ੍ਹਾ ਈ ਦਿੰਦੇ ਹਨ। ਪਰ ਖੈਰ, ਹਿਮਤ ਕਰੋ, ਹੰਭਲਾ ਮਾਰੋ, ਸਾਡਾ ਵੀ ਥੜਾ ਬਣ ਜਾਊ।' ਬਾਬਾ ਮੋਹਰੀ ਸੜਿਆ-ਬਲਿਆ ਆਖ ਰਿਹਾ ਸੀ।

—'ਜ਼ਰਾ ਮੇਰੀ ਵੀ ਸੁਣ ਲਓ। ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ! ਮੈਂ ਸ਼ੇਖੀ ਤੇ ਮਾਰ ਬੈਠਾ, ਹਥ ਛਾਲਿਆਂ ਨਾਲ ਭਰ ਗਏ ਹਨ। ਸ਼ਾਮ ਤਕ ਲਹੂ ਸਿੰਮਣਾ ਸ਼ੁਰੂ ਹੋ ਜਾਏਗਾ। ਫੂੰਡਾਂ ਸਾਰੇ ਹੀ ਮਾਰਦੇ ਹਨ ਪਰ ਥੜਾ ਕਿਸੇ ਤੋਂ ਵੀ ਨਹੀਂ ਬਣਨਾ। ਇਹ ਰਾਜਾ ਦੇ ਪੁਤ ਥੋੜਾ ਈ ਹਨ! ਜਿਹੜੀ ਵੀ ਗੱਲ ਕਰਨਗੇ ਗੁਣੀਏ ਵਿਚ! ਥੜਾ ਚਕੋਰ ਤੇ ਹੋਣਾ ਚਾਹੀਦਾ ਏ, ਵੇਖਣ ਨੂੰ ਤੇ ਸੋਹਣਾ ਲਗੇ। ਮੈਂ ਤੇ ਫਿਰ ਵੀ ਸੇਧ ਕਢ ਕਰ ਲਊਂ, ਪਰ ਗੁਰੂ ਦੇ ਦੁਲਾਰੇ ਕੀ ਕਰਨਗੇ? ਉਹ ਤੇ ਘੋੜਿਆਂ ਤੇ ਚੜ੍ਹੇ ਨਕ ਦੀ ਸੇਧੇ ਦਰਿਆ ਪਾਰ ਨਹੀਂ ਕਰ ਸਕਦੇ! ਉਨ੍ਹਾਂ ਸੇਧ ਕਿਥੋਂ ਵੇਖ ਲੈਣੀ ਏਂ? ਹਾਂ ਭਾਈ ਜੇਠੇ ਨੇ ਲਾਹੌਰ ਦਾ ਪਾਣੀ ਪੀਤਾ ਹੋਇਆ ਏ, ਇਹ ਭਾਵੇਂ ਆਹਰ-ਪਾਹਰ ਕਰ ਲਏ। ਛੱਤੀ ਪੱਤਣ ਤਰੇ ਹੁੰਦੇ ਹਨ ਲਾਹੌਰ ਦੇ ਬੰਦੇ। ਟੱਕਰ ਮੇਰੀ ਤੇ ਜੇਠੇ ਦੀ ਏ, ਬਾਕੀ ਸਾਹਿਬਜ਼ਾਦੇ ਭੱਜੇ ਕਿ ਭੱਜੇ। ਗਿੱਠ ਜ਼ਬਾਨ ਜਿਨ੍ਹਾਂ ਦੀ ਹੁਣੇ ਨਿਕਲ ਰਹੀ ਏ, ਉਨ੍ਹਾਂ ਸ਼ਾਮ ਢੇਰ ਕਢੀ।' ਭਾਈ ਰਾਮੇ ਦੇ ਵਿਚਾਰ ਸਨ।

—'ਥੜਾ ਬਣਾਓ ਭਈ ਥੜਾ।' ਆਵਾਜ਼ ਗੁਰੂ ਮਹਾਰਾਜ ਦੀ ਸਾਰਿਆਂ ਦੇ ਕੰਨਾਂ ਵਿਚ ਗੂੰਜ ਰਹੀ ਸੀ।

ਥੜੇ ਬਣ ਰਹੇ ਸਨ, ਆਵਾਜ਼ਾਂ ਆ ਰਹੀਆਂ ਸਨ—'ਸਤਿਨਾਮ-ਸਤਿਨਾਮ।'

—'ਮੈਂ ਥਕ ਗਿਆ ਹਾਂ।' ਬਾਬਾ ਮੋਹਰੀ ਆਖਣ ਲਗਾ।

—'ਬਾਉਲੀ ਸਾਹਿਬ ਤੋਂ ਇਸ਼ਨਾਨ ਕਰ ਆ, ਥਕਾਵਟ ਲਥ ਜਾਏਗੀ।' ਮੋਹਨ ਨੇ ਭਰਾ ਨੂੰ ਸਲਾਹ ਦਿਤੀ।

—'ਚਲ ਦੋਵੇਂ ਚਲੀਏ, ਚੁਰਾਸੀ ਕਟੀ ਜਾਏਗੀ।'

—'ਥੜੇ ਫਿਰ ਬਣ ਗਏ! ਤੁਸੀਂ ਮਾਲਾ ਜਪਿਓ ਤੇ ਥੜੇ ਫਿਰ ਸੰਗਤਾਂ ਬਨਾਉਣਗੀਆਂ।'

ਇੰਨੇ ਚਿਰ ਵਿਚ ਨਨਾਣਾਂ ਭਰਜਾਈ ਦੇ ਨਾਲ ਆ ਗਈਆਂ।

—'ਭਰਜਾਈ ਸ਼ਾਹ ਵੇਲਾ ਲੈ ਕੇ ਆਈ ਏ।' ਭਾਈ ਰਾਮਾ ਆਖਣ ਲਗਾ।

—'ਬੀਬੀ ਦਾਨੀ ਨੇ ਦਾਣੇ ਭੁਨਾ ਕੇ ਛਿੱਕੂ ਭਰਿਆ ਹੋਇਆ ਏ ਤੇ ਬੀਬੀ ਭਾਨੀ ਗੁੜ ਦੀ ਰੋੜੀ ਨਾਲ ਲੈ ਕੇ ਆਈ ਏ। ਗੁੜ ਖਾਓ ਤੇ ਦਾਣਿਆਂ ਦੇ ਫੱਕੇ ਮਾਰੋ। ਜੇ ਥੜੇ ਰਾਤ ਤੀਕ ਬਣ ਗਏ ਤੇ ਰਾਤੀਂ ਅਰਕ ਜਿੱਡਾ ਗਿਲਾਸ ਦੁਧ ਦਾ ਭਰਿਆ ਤੇ ਉੱਤੇ ਲੱਪ ਮਲਾਈ ਦੀ ਮਿਲੂ।' ਬੋਲ ਭਰਜਾਈ ਦੇ ਸਨ।

—'ਜੇ ਥੜੇ ਬਣੇ ਨਾ ਤੇ ਫਿਰ?' ਰਾਮਾ ਜੀ ਨੇ ਆਖਿਆ।

—'ਰਾਤ ਦੀ ਰੋਟੀ ਅਸੀਂ ਇਥੇ ਸਿਰ ਤੇ ਚੁਕ ਕੇ ਲਿਆਵਾਂਗੀਆਂ ਨਨਾਣ ਭਰਜਾਈ। ਨੀ ਭਾਨੀਏ ਤੂੰ ਨਹੀਂ ਬੋਲਦੀ, ਤੂੰ ਮੂੰਹ ਵਿਚ ਘੁੰਗਣੀਆਂ ਪਾਈਆਂ ਹੋਈਆਂ ਨੇ? ਇਸ ਨੂੰ ਇਲਾਇਚੀ ਤੇ ਮਿਸ਼ਰੀ ਦੇ ਭਾਬੀ, ਇਸ ਦੀ ਜ਼ਬਾਨ ਵੀ ਖੁੱਲ੍ਹੇ।'

—'ਭੈਣੇ ਮੈਂ ਸੋਹਣੀ ਲਗਦੀ ਹਾਂ ਵੱਡੀ ਅਗੇ ਬੋਲਦੀ? ਭਾਈਆ ਰਾਮਾ ਜੀ ਤਾਂ ਮੇਰੇ ਪਿਤਾ ਸਮਾਨ ਹਨ, ਮੈਂ ਉਨ੍ਹਾਂ ਨੂੰ ਮਜ਼ਕਰੀਆਂ ਕਰਦੀ ਚੰਗੀ ਲਗਦੀ ਹਾਂ?' ਬੀਬੀ ਦੇ ਬੋਲ ਉਭਰੇ।

—'ਸਾਡਾ ਥੜਾ ਚੰਗਾ ਬਣ ਰਿਹਾ ਏ।' ਬੀਬੀ ਦਾਨੀ ਨੇ ਆਖਿਆ।

—'ਸ਼ਾਇਦ ਸਾਡਾ ਥੜਾ ਵੀ ਚੰਗਾ ਬਣ ਜਾਏ।' ਬੋਲ ਭਾਨੀ ਦੇ ਸਨ।

—'ਥੜਾ ਉਹੋ ਦਾ ਚੰਗਾ ਏ ਜਿਸ ਦਾ ਪਸੰਦ ਆ ਜਾਏ।' ਭਰਜਾਈ ਨਨਾਣਾਂ ਵਲ ਮੂੰਹ ਕਰਕੇ ਬੋਲੀ।

ਬੀਬੀ ਦਾਨੀ ਨੇ ਆਰਸੀ ਵਿਚੋਂ ਆਪਣਾ ਮੂੰਹ ਵੇਖਿਆ ਤੇ ਬੀਬੀ ਭਾਨੀ ਸਿਦਕ ਵਿਚ ਸੀ। ਉਸਦਾ ਅਕੀਦਾ ਰਜ਼ਾ ਤੇ ਸੀ, ਆਖਣ ਲਗੀ,—'ਜੋ ਕਰੇ ਕਰਤਾਰ।'

ਸਾਰੀਆਂ ਆਪੋ ਆਪਣੀਆਂ ਔਸੀਆਂ ਪਾ ਰਹੀਆਂ ਸਨ। ਵੇਖੋ ਕਿਸਦੀ ਔਸੀ ਰਾਹ ਦਿੰਦੀ ਏ।

□□

੫

ਪਰਛਾਵੇਂ ਢਲਦਿਆਂ ਹੀ ਬਨੇਰਿਆਂ ਤੋਂ ਧੁੱਪ ਦਾ ਸੁਨਹਿਰੀ ਪੋਚਾ ਮੱਧਮ ਪੈ ਗਿਆ। ਸੂਰਜ ਅਜੇ ਅਸਤ ਨਹੀਂ ਸੀ ਹੋਇਆ, ਆਤਮਾ ਦੇਵੀ ਨੇ ਦੁੱਪੜਾਂ ਪਕਾਈਆਂ। ਘਰ ਦੀ ਟਿੱਕਾ ਮੋਹਰਾ ਨੂੰਹ ਸੀ। ਗੋਹਲੇ ਵਿਚ ਪਾ ਲਈਆਂ ਥਈਆਂ ਲਾ ਕੇ ਤੇ ਸਬਜ਼ੀ ਭਰੀ ਕਾੜ੍ਹਨੀ ਤੇ ਨਾਲ ਤਸਮਈ ਭਰਿਆ ਪਤੀਲਾ, ਮਟਕੀ ਪਾਣੀ ਭਰ ਕੇ ਅਜੇ ਰੱਖੀ ਸੀ ਕਿ ਬੀਬੀ ਦਾਨੀ ਵੀ ਆ ਗਈ ਤੇ ਬੀਬੀ ਭਾਨੀ ਵੀ।

—'ਚਲੋ ਰੋਟੀ ਦੇ ਆਈਏ ਕਾਮਿਆਂ ਨੂੰ। ਜਦ ਤਕ ਥੜ੍ਹੇ ਬਣ ਨਹੀਂ ਜਾਂਦੇ ਉਨ੍ਹਾਂ ਨੇ ਘਰ ਨਹੀਂ ਬਹੁੜਨਾ। ਵਿਚਾਰੇ ਭੁੱਖੇ ਭਾਣੇ ਬਦ-ਅਸੀਸਾਂ ਨਾ ਦੇਣ। ਹੁਣ ਤੇ ਆਂਦਰਾਂ ਵੀ ਨੱਕੀ-ਪੂਰ ਖੇਡ ਰਹੀਆਂ ਹੋਣਗੀਆਂ। ਸ਼ਾਹ ਵੇਲੇ ਕਿਸੇ ਨੇ ਦੁੱਧ ਦਾ ਗਿਲਾਸ ਵੀ ਨਹੀਂ ਦਿੱਤਾ ਹੋਣਾ। ਚਲੋ ਛੇਤੀ ਕਰੋ, ਗੁਰੂ ਮਹਾਰਾਜ ਅਜੇ ਦੀਵਾਨ ਵਿਚ ਬੈਠੇ ਹਨ, ਉਨ੍ਹਾਂ ਨੂੰ ਅਜੇ ਚਾਰ ਘੜੀਆਂ ਲੱਗ ਜਾਣੀਆਂ ਹਨ।' ਆਖਣ ਲੱਗੀ ਬਾਬਾ ਮੋਹਰੀ ਦੇ ਘਰ ਵਾਲੀ।

—'ਪਾਣੀ ਭਰੀ ਮਟਕੀ ਮੈਂ ਚੁੱਕਦੀ ਹਾਂ?' ਬੋਲ ਭਾਨੀ ਦੇ ਸਨ।

—'ਤਸਮਈ ਮੈਂ ਚੁੱਕ ਲੈਂਦੀ ਹਾਂ।' ਦਾਨੀ ਨੇ ਆਪਣੇ ਬੋਲ ਕੱਢੇ।

—'ਚਲੋ ਮੈਨੂੰ/ਕਾਹਦੀ ਸ਼ਰਮ ਏ, ਰੋਟੀਆਂ ਮੈਂ ਸਿਰ ਤੇ ਚੁੱਕ ਲੈਂਦੀ ਹਾਂ ਤੇ ਢਾਕੇ ਰੱਖ ਲੈਂਦੀ ਹਾਂ ਪਤੀਲਾ ਸਬਜ਼ੀ ਦਾ।' ਆਖਣ ਲੱਗੀ ਆਤਮਾ ਦੇਵੀ।

—'ਭਾਬੀ ਉਨਾਬੀ ਚੁੰਨੀ ਨੂੰ ਵੱਟ ਪੈ ਜਾਣਗੇ।' ਦਾਨੀ ਨੇ ਆਖ ਹੀ ਦਿੱਤਾ।

—'ਵੱਟ ਈ ਪੈਣਗੇ ਨਾ, ਮੈਲੀ ਤੇ ਨਹੀਂ ਹੋ ਚਲੀ?' ਆਤਮਾ ਦੇਵੀ ਬੋਲੀ।

—'ਨਹੀਂ ਭਾਬੀ ਅੰਬ ਰਸੀਆ ਲੈ ਕੇ ਚਲ ਗੰਦੇ ਦੀ ਛਿੱਲ ਵਰਗਾ। ਤਾਂ ਤੇ ਹੋਇਆ ਨਾ ਭੱਤਾ ਲੈ ਕੇ ਜਾਣ ਦਾ ਸਵਾਦ। ਬੀਬੀ ਭਾਨੀ ਨੇ ਦਿਲ ਦੀ ਰੀਝ ਲਾਹ ਲਈ ਇਹ ਕਹਿ ਕੇ।

—'ਮੇਰਾ ਸਹੁਰਿਆਂ ਦਾ ਪਿੰਡ ਏ, ਸ਼ਰੀਕਾ ਕੀ ਆਖੂ?'

—'ਦਿਹਰ ਦੀ ਰੋਟੀ ਲੈ ਕੇ ਜਾਏ ਭਾਬੀ ਤੇ ਸਾਰਾ ਪਿੰਡ ਨਾ ਵੇਖੇ, ਫਿਰ ਰੋਟੀ ਲੈ ਕੇ ਜਾਣ ਦਾ ਕੀ ਸਵਾਦ? ਰੋਟੀ ਤੇ ਨੌਣ ਲੈ ਕੇ ਵੀ ਜਾ ਸਕਦੀ ਏ।' ਦਾਨੀ ਛੇੜਨੋਂ ਨਾ ਮੁੜੀ।

ਦਹਿਲੀਜ਼ਾਂ ਤੋਂ ਨਿਕਲੀ ਆਤਮਾ ਦੇਵੀ ਦੇ ਲੌਂਗ ਨੇ ਲਿਸ਼ਕਾਰਾ ਮਾਰਿਆ।

—'ਲੌਂਗ ਦਾ ਲਿਸ਼ਕਾਰਾ ਤੇ ਵਗਦੇ ਹਲ ਡੱਕ ਦਿੰਦਾ ਏ ਭਾਬੀ ਤੇਰੇ ਲੌਂਗ ਦਾ ਲਿਸ਼ਕਾਰਾ ਸੂਰਜ ਡੁੱਬਣ ਨੂੰ ਨਾ ਡੱਕ ਲਊ? ਵਿਚਾਰਿਆਂ ਦੇ ਥੜ੍ਹੇ ਬਣ ਜਾਣ ਸੂਰਜ ਅਸਤ ਹੋਣ ਤੋਂ ਪਹਿਲਾਂ।' ਇਹ ਵੀ ਗੱਲ ਦਾਨੀ ਨੇ ਆਖੀ।

ਸੂਰਜ ਦੀਆਂ ਸੁਨਹਿਰੀ ਕਿਰਨਾਂ ਦਾ ਪੋਚਾ ਅਜੇ ਬਨੇਰਿਆਂ ਤੇ ਚਮਕ ਹੀ ਰਿਹਾ ਸੀ, ਪਰ ਇਹ ਵੱਖਰੀ ਗੱਲ ਸੀ ਕਿ ਉਸ ਦਾ ਰੰਗ ਮੱਠਾ ਪੈ ਗਿਆ ਸੀ। ਭਰਜਾਈ ਤੇ ਨਨਾਣਾਂ ਨੇ ਉਥੇ ਜਾ ਕੇ ਚੌਂਕੜੇ ਮਾਰ ਲਏ ਜਿੱਥੇ ਥੜ੍ਹੇ ਬਣ ਰਹੇ ਸਨ।

ਬੀਬੀ ਭਾਨੀ ਝੱਟ ਈ ਬੋਲ ਪਈ,—'ਓਥੇ ਡਾਹ ਦੇ ਚਰਖਾ ਮੇਰਾ ਜਿੱਥੇ ਤੇਰੇ ਹਲ ਵਗਦੇ।'

—'ਭਾਅ ਜੀ ਹੱਥ ਮੂੰਹ ਧੋ ਲਵੋ, ਭਾਬੀ ਰੋਟੀਆਂ ਲੈ ਕੇ ਆਈ ਏ ਰੀਝਾਂ ਨਾਲ।' ਬੀਬੀ ਭਾਨੀ ਦੀ ਆਵਾਜ਼ ਉੱਭਰੀ।

—'ਇੰਨੀ ਖੇਚਲ ਕਰਨ ਦੀ ਕੀ ਲੋੜ ਪਈ ਭਾਬੀ ਨੂੰ? ਸਾਡੇ ਥੜੇ ਤੇ ਬਣ ਈ ਗਏ ਹਨ।' ਭਾਈ ਰਾਮੇ ਨੇ ਆਖਿਆ।

—'ਸਾਲੇਹਾਰ ਸਿਰ ਤੇ ਰੋਟੀਆਂ ਚੁੱਕ ਕੇ ਲਿਆਏ ਛਮ-ਛਮ ਕਰਦੀ ਤੇ ਤੁਸੀਂ ਅੱਗੋਂ ਮੂੰਹ ਮੋੜ ਲਓ! ਉਸ ਨੂੰ ਮਜ਼ਦੂਰੀ ਦੇਣੀ ਤੇ ਦਰਕਨਾਰ, ਉਸ ਦਾ ਤੇ ਅਜੇ ਚਾਅ ਵੀ ਨਹੀਂ ਲੱਥਾ ਭਾਈਆ ਜੀ ਚਾਂਦੀ ਦਾ ਛੱਲਾ ਈ ਦੇ ਦੇਣਾ ਸੀ। ਬੜੀਆਂ ਸੱਧਰਾਂ ਲੈ ਕੇ ਆਈ ਏ ਭਾਬੀ। ਰੋਜ਼ ਵੇਖਦੀ ਸੀ ਗਿਆਨੋ ਗਿੱਲਾਂ ਦੀ ਨੂੰਹ ਨੂੰ ਭੱਤਾ ਲੈ ਕੇ ਜਾਂਦੀ। ਬੜੀ ਰੀਝ ਸੀ, ਗੁਰੂ ਨੇ ਕਾਰਜ ਰਚਾਇਆ ਏ, ਪੂਰੀ ਹੋ ਗਈ। ਭਾਬੀ ਦੀਆਂ ਝਾਂਜਰਾਂ ਵਿਚ ਮਿੱਟੀ ਫਸ ਗਈ ਏ। ਅੱਡੀਆਂ ਰਗੜ-ਰਗੜ ਕੇ ਝਾਂਜਰਾਂ ਪਾਈਆਂ ਸਨ, ਚਿੜੀ ਦੀ ਜੀਭ ਵਰਗੀਆਂ।' ਭਾਨੀ ਨੇ ਜੋ ਮੂੰਹ ਵਿਚ ਆਇਆ ਆਖ ਦਿੱਤਾ।

—'ਭਾਨੀਏ, ਅਸੀਂ ਰੋਟੀ ਇਥੇ ਨਹੀਂ ਖਾਣੀ। ਨੱਕ ਵੱਢਣਾ ਈ ਸਾਡਾ? ਕੀ ਆਖੂ ਪਿੰਡ ਤੇ ਕੀ ਆਖਣਗੇ ਸ਼ਰੀਕ?' ਬੋਲ ਰਾਮੇ ਦੇ ਸਨ।

—'ਗੁਰੂ ਮਹਾਰਾਜ ਆ ਗਏ ਹਨ।' ਆਤਮਾ ਦੇਵੀ ਨੇ ਫੁਰਤੀ ਕੀਤੀ ਤੇ ਰੋਟੀ ਵਾਲਾ ਸਾਜ਼-ਸਾਮਾਨ ਪਰੇ ਕਰ ਕੇ ਰੱਖ ਦਿੱਤਾ ਤੇ ਉੱਤੇ ਫੁਲਕਾਰੀ ਪਾ ਦਿੱਤੀ।

—'ਬਹੂ ਰਾਣੀ ਅੱਜ ਵੇਖਣ ਆਈ ਏ ਕਾਮੇ ਕੰਮ ਕਰਦੇ?' ਫਰਮਾਇਆ ਗੁਰੂ ਮਹਾਰਾਜ ਨੇ—'ਮੇਰੀਆਂ ਧੀਆਂ ਰਾਣੀਆਂ ਕਿਧਰ ਆਈਆਂ ਨੇ?'

—'ਗੁਰੂ ਦਾ ਕੰਮ ਕਰਦਿਆਂ ਸ਼ਰਮ ਕਾਹਦੀ। ਇਹ ਕੰਮ ਸਾਡੇ ਘਰ ਦਾ ਏ।' ਗੁਰੂ ਮਹਾਰਾਜ ਨੇ ਇਕ ਵਾਰ ਫਿਰ ਆਖਿਆ।

—'ਥੜੇ ਬਣ ਗਏ ਹਨ?'

ਸਾਰੇ ਜਣੇ ਹੱਥ ਜੋੜ ਕੇ ਖੜੇ ਹੋ ਗਏ।

—'ਬਣ ਗਏ ਹਨ ਪਿਤਾ ਜੀ।'

□□

੬

ਗੁਰੂ ਮਹਾਰਾਜ ਪਹਿਲਾਂ ਬਾਬਾ ਮੋਹਰੀ ਕੋਲ ਖਲੋ ਗਏ ਤੇ ਫ਼ਰਮਾਉਣ ਲੱਗੇ,—'ਥੜੇ ਦਾ ਕੋਈ ਮੂੰਹ ਮੱਥਾ ਨਹੀਂ ਨਿਕਲਿਆ।' ਬੱਸ ਇੰਨੀ ਗੱਲ ਕੀਤੀ ਤੇ ਅੱਗੇ ਵਧ ਗਏ ਤੇ ਜਾਂਦੇ ਜਾਂਦੇ ਕਹਿ ਗਏ,—'ਢਾਹ ਦਿਓ, ਫਿਰ ਬਣਾਓ।'

ਹੁਣ ਵਾਰੀ ਮੋਹਨ ਦੀ ਸੀ,—'ਤੇਰੇ ਥੜੇ ਵਿਚ ਵੀ ਗੱਲ ਨਹੀਂ ਬਣ ਸਕੀ। ਕੋਈ ਨੁੱਕਰ ਈ ਸਿੱਧੀ ਨਹੀਂ ਤੇ ਨਾ ਈ ਕੋਈ ਸ਼ਕਲ ਸੂਰਤ ਈ ਨਿੱਖਰੀ ਏ। ਮਨ ਨੂੰ ਭਾਇਆ ਨਹੀਂ।' ਆਖਣ ਲੱਗੇ ਗੁਰੂ ਮਹਾਰਾਜ,—'ਢਾਹ ਦਿਓ।'

ਮੋਹਨ ਬੁਝਾ ਸੁਜਾ ਬੈਠਾ,—'ਥੜਾ ਤੇ ਇਹੋ ਜਿਹਾ ਹੁੰਦਾ ਏ, ਹੋਰ ਥੜੇ ਨੂੰ ਕਿਹੜੇ ਫੁੱਲ ਲੱਗ ਸਕਦੇ ਹਨ ?' ਆਵਾਜ਼ ਮੋਹਨ ਦੀ ਸੀ।

ਗੁਰੂ ਮਹਾਰਾਜ ਨੇ ਆਪਣੇ ਮਨ ਵਿਚ ਈ ਸੋਚਿਆ,—'ਮੇਰੇ ਬਹਿਣ ਲਈ ਮੇਰੇ ਪੁੱਤ ਥੜਾ ਬਣਾ ਲੈਣਗੇ ? ਨਾ, ਇਨ੍ਹਾਂ ਦੇ ਹੱਥਾਂ ਤੋਂ ਮਹਿੰਦੀ ਲੱਥ ਜਾਏਗੀ, ਇਨ੍ਹਾਂ ਤੋਂ ਕਿੱਥੋਂ ਬਣਿਆ ਥੜਾ। ਇਹ, ਇਹ ਗੱਲ ਸਮਝ ਈ ਨਹੀਂ ਸਕਦੇ। ਇਹ ਬੜੀ ਕਠਿਨ ਤਪੱਸਿਆ ਏ। ਥੋਹ੍ਰ ਥੱਲੇ ਉੱਗੇ ਦਰੱਖਤ ਕਦੀ ਆਪਣਾ ਕੱਦ ਨਹੀਂ ਕੱਢ ਸਕਦੇ।' ਹੁਣ ਜਦੋਂ ਗੁਰੂ ਮਹਾਰਾਜ ਦੇ ਪੈਰ ਰੁਕੇ ਤਾਂ ਉਹ ਥੜਾ ਸੀ ਭਾਈ ਰਾਮੇ ਦਾ।

—'ਮੈਨੂੰ ਉਮੀਦ ਸੀ ਕਿ ਤੂੰ ਸਾਰਿਆਂ ਤੋਂ ਬਾਜ਼ੀ ਮਾਰ ਜਾਏਂਗਾ, ਕਿਉਂਕਿ ਤੂੰ ਜ਼ਿੰਦਗੀ ਵਿਚ ਥੜੇ ਥੜੇ ਵੇਖੇ ਹਨ। ਤੇਰੇ ਥੜੇ ਵਿਚੋਂ ਉੱਦਮ ਤੇ ਪੁੰਗਰਦਾ ਏ ਪਰ ਹੱਥ ਦਾ ਕਮਾਲ ਨਹੀਂ। ਇਹ ਥੜੇ ਸਾਰੀ ਕੌਮ ਨੇ ਵੇਖਣੇ ਹਨ, ਇਹ ਕੌਮ ਦਾ ਚਿੰਨ੍ਹ ਹਨ ਥੜੇ।' ਸਿਰ ਹਿਲਾ ਦਿੱਤਾ ਗੁਰੂ ਅਮਰ ਦਾਸ ਨੇ।

ਹੁਣ ਵਾਰੀ ਆਈ ਭਾਈ ਜੇਠੇ ਦੀ।

ਹੱਥ ਬੰਨ੍ਹੀ ਖੜਾ ਸੀ ਭਾਈ ਜੇਠਾ, ਅੱਖਾਂ ਨੀਵੀਆਂ, ਸਰੀਰ ਥਰ-ਥਰ ਕੰਬੇ,—'ਹਜ਼ੂਰ।' ਜ਼ਬਾਨ ਥਿੜਕ ਰਹੀ ਸੀ, ਵਲ ਪੈ ਰਹੇ ਸਨ ਜੀਭ ਵਿਚ। ਆਖ਼ਰ ਜ਼ਬਾਨ ਰੁਕ ਗਈ।

—'ਜੇਠਿਆ, ਤੇਰੇ ਥੜੇ ਦੀਆਂ ਨੁੱਕਰਾਂ ਵੀ ਵਿੰਗੀਆਂ ਟੇਢੀਆਂ ਹਨ। ਥੜੇ ਦਾ ਕੋਈ ਆਕਾਰ ਈ ਨਹੀਂ ਜਾਪਦਾ, ਥੜੇ ਵਾਲੀ ਕੋਈ ਗੱਲ ਈ ਨਹੀਂ ਇਹਦੇ ਵਿਚ, ਜ਼ਿੰਦਗੀ ਵਿਚ ਥੜਾ ਆਦਮੀ ਇਕ ਵਾਰੀ ਬਣਾਉਂਦਾ ਏ। ਇਕ ਈ ਥੜਾ ਜ਼ਿੰਦਗੀ 'ਚ ਆਦਮੀ ਬਣਾ ਲਏ ਤੇ ਬਹੁਤ ਏ। ਜ਼ਿੰਦਗੀ ਹੈ ਈ ਕਿੰਨੀ ਕੁ, ਅੱਖ ਝਮਕੀ, ਪੰਛੀ ਨੇ ਉਡਾਰੀ ਮਾਰ ਲਈ, ਪਾਣੀ ਦੇ ਬੁਲਬਲੇ ਦਾ ਤੇ ਕੋਈ ਜੀਵਨ ਏ, ਪਰ ਬੰਦੇ ਦਾ ਉਹ ਵੀ ਨਹੀਂ। ਥੜਾ ਬਣਾਓ ਭੜੀ ਥੜਾ।' ਬੋਲ ਮਹਾਰਾਜ ਦੇ ਸਨ,—'ਥੜਾ ਤੇਰਾ ਵੀ ਸਾਨੂੰ ਪਸੰਦ ਨਹੀਂ।' ਮਹਾਰਾਜ ਚਲਣ ਈ ਲੱਗੇ ਸਨ ਕਿ ਮੁਖਾਰਬਿੰਦ 'ਚੋਂ ਸ਼ਬਦ ਨਿਕਲੇ।

—'ਭੁੱਲਣਹਾਰ, ਮਤ ਨਹੀਂ, ਬੇਸਮਝ ਹਾਂ।' ਉਸ ਨੇ ਕਹੀ ਮਾਰ ਕੇ ਥੜੇ ਦਾ ਵਜੂਦ ਈ ਗਵਾ ਦਿੱਤਾ ਤੇ ਹੱਥ ਜੋੜ ਕੇ ਆਖਣ ਲੱਗਾ,—'ਇਕ ਵਾਰ ਫਿਰ ਦੱਸੋ, ਕਲ੍ਹ ਫਿਰ ਬਣਾਵਾਂਗਾ।'

ਨਵੀਂ ਹਦਾਇਤ ਸੁਣ ਰਿਹਾ ਸੀ ਭਾਈ ਜੇਠਾ ਤੇ ਸਿਰ ਆਪਣੇ ਆਪ ਈ ਝੁਕਦਾ ਜਾ ਰਿਹਾ ਸੀ।

ਜਦ ਗੁਰੂ ਮਹਾਰਾਜ ਨੇ ਚਾਰੇ ਥੜੇ ਨਾ-ਪਸੰਦ ਕਰ ਦਿੱਤੇ ਤੇ ਥੜੇ ਢਾਹੁਣ ਦਾ ਹੁਕਮ ਦੇ ਦਿੱਤਾ ਤੇ ਬਾਕੀ ਥੜੇ ਬਣਾਉਣ ਵਾਲੇ ਮੂੰਘੜ ਮਾਰ ਕੇ ਪੱਤਰਾ-ਵਾਚ ਗਏ। ਚੰਗੇ ਰਹੇ ਗੁਰੂ ਦੇ ਮੱਥੇ ਨਹੀਂ ਲੱਗੇ।

ਸੇਵਕਾਂ ਨਾਲ ਗੁਰੂ ਮਹਾਰਾਜ ਚੁਬਾਰੇ ਵੱਲ ਆ ਰਹੇ ਸਨ।

ਆਤਮਾ ਦੇਵੀ ਨੇ ਦਿਓਰ ਨੂੰ ਥਾਪੀ ਦਿੰਦਿਆਂ ਆਖਿਆ,—'ਦਿਓਰ ਜੀ ਜੇ ਅੱਜ ਤੇਰਾ ਥੜਾ ਪਾਸ ਹੋ ਜਾਂਦਾ ਤੇ ਮੈਂ ਰਾਤ ਨਹੀਂ ਸੀ ਪੈਣ ਦੇਣੀ ਤੇ ਆਪਣੀ ਭੈਣ ਦਾ ਸਾਕ ਲੈ ਆਉਣਾ ਸੀ।' ਭਾਬੀ ਦਾ ਲੌਂਗ ਲਿਸ਼ਕਾਰੇ ਮਾਰ ਰਿਹਾ ਸੀ। ਭਾਈ ਰਾਮਾ ਪਾਣੀਓਂ ਪਤਲਾ ਹੋਇਆ ਅੱਖਾਂ ਨੀਵੀਆਂ ਕਰੀ ਬੈਠਾ ਸੀ।

—'ਰਲੋ, ਹੁਣ ਤੁਸੀਂ ਵੀ ਛੱਡੋ, ਸਾਰੇ ਦਿਨ ਦੀ ਗਰਮੀ ਨੇ ਹੁਣ ਜਿਸਮ ਵੀ ਪੱਛ ਦਿੱਤਾ ਹੋਣਾ ਏ।' ਸਿਰ ਦੇ ਸਾਈਂ ਨੂੰ ਆਖ ਰਹੀ ਸੀ ਆਤਮਾ ਦੇਵੀ।

ਦਾਨੀ ਤੇ ਭਾਨੀ ਵੀ ਚੁੱਪ ਸਨ। ਲੱਪ ਸੁਰਮੇ ਦੀ ਅੱਖਾਂ ਦੇ ਪਾਣੀ ਨੇ ਵਗਾ ਕੇ ਬਾਹਰ ਕੱਢ ਦਿੱਤੀ।

ਇਕ ਵਾਗੀ ਮੁੰਡਾ ਬੋਲੀ ਪਾ ਰਿਹਾ ਸੀ :—

'ਜਿਨ੍ਹਾਂ ਨੂੰ ਲੋੜ ਮਿੱਤਰਾਂ ਦੀ ਲੱਕ ਬੰਨ੍ਹ ਪੱਤਣਾਂ ਤੇ ਖੜੀਆਂ।'

ਸਾਰਿਆਂ ਨੇ ਕਹੀਆਂ ਉਥੇ ਰਹਿਣ ਦਿੱਤੀਆਂ, ਪਰ ਭਾਈ ਜੇਠੇ ਨੇ ਕਹੀ ਮੋਢੇ ਤੇ ਰੱਖ ਲਈ। ਮੁਹਾਰਾਂ ਸਾਰਿਆਂ ਨੇ ਮੋੜ ਲਈਆਂ ਚੁਬਾਰੇ ਵੱਲ। ਸੁਰਮਈ ਸ਼ਾਮ ਨੇ ਸਾਰਿਆਂ ਦੀਆਂ ਅੱਖਾਂ ਫਿਰ ਕਜਲੇ ਨਾਲ ਭਰ ਦਿੱਤੀਆਂ।

□□

੭

ਗੋਇੰਦਵਾਲ ਅਜੇ ਨੀਂਦ ਦੀ ਗੋਦ ਵਿਚ ਘੁਰਾੜੇ ਈ ਮਾਰ ਰਿਹਾ ਸੀ ਪਰ ਉੱਦਮੀ ਸਿੱਖ ਆਪਣੇ ਨਿੱਤ ਨੇਮ ਵਿਚ ਜੁੱਟੇ ਹੋਏ ਸਨ। ਭਾਈ ਬਲੂ ਨੇ ਗਾਗਰ ਲਿਆ ਕੇ ਰਖ ਦਿੱਤੀ ਚੌਕੇ ਵਿਚ ਤੇ ਬੀਬੀ ਭਾਨੀ ਨੇ ਮਘਦੇ ਚੁਲ੍ਹੇ ਤੇ ਪਾਣੀ ਗਰਮ ਕਰਨਾ ਆਰੰਭ ਕਰ ਦਿੱਤਾ। ਪਾਣੀ ਗਰਮ ਹੋ ਰਿਹਾ ਸੀ ਤੇ ਸੁਰੀਲੀ ਮਿੱਠੀ ਲਯ ਵਿਚ ਬਾਣੀ ਪੜ੍ਹ ਰਹੀ ਸੀ ਭਾਨੀ।

ਅਜੇ ਕੁੱਕੜ ਨੇ ਪਹਿਲੀ ਬਾਂਗ ਦਿੱਤੀ ਹੀ ਸੀ, ਭਾਈ ਰਾਮਾ ਬਾਉਲੀ ਵਿਚੋਂ ਇਸ਼ਨਾਨ ਕਰਕੇ ਆ ਰਿਹਾ ਸੀ। ਭਾਈ ਜੇਠਾ ਇਨ੍ਹਾਂ ਸਾਰਿਆਂ ਕੰਮਾਂ ਤੋਂ ਵਿਹਲਾ ਹੋ ਕੇ ਮਾਲਾ ਫੇਰਨ ਵਿਚ ਮਗਨ ਸੀ। ਸਾਹਿਬਜ਼ਾਦੇ ਅਜੇ ਉਬਾਸੀਆਂ ਈ ਲੈ ਰਹੇ ਸਨ। ਬਾਬਾ ਮੋਹਰੀ ਆਵਾਜ਼ਾਂ ਮਾਰ ਰਿਹਾ ਸੀ ਮੋਹਨ ਨੂੰ।

—'ਮੋਹਨ ਭਰਾ, ਤੂੰ ਅਜੇ ਤਕ ਸੋਮਨ ਵੀ ਨਹੀਂ ਹੋਇਆ! ਸਾਰੇ ਘਰ ਵਾਲੇ ਚੌਂਕੜੀ ਮਾਰਕੇ ਬਾਣੀ ਸੁਣ ਰਹੇ ਹਨ। ਸਾਡਾ ਸਾਥ ਅਗੇ ਲੰਘ ਜਾਣਾ ਏ ਤੇ ਅਸੀਂ ਮਗਰੋਂ ਰਾਹ ਪੁਛਦੇ ਫਿਰਨਾ ਏਂ। ਸਾਨੂੰ ਕਿਸੇ ਨੇ ਡੰਡੀ ਵੀ ਨਹੀਂ ਪਾਉਣਾ। ਸਾਡੇ ਨਾਲ ਉਹ ਗੱਲ ਨਾ ਬਣੇ, ਮਾਮੇ ਕੰਨੀਂ ਬੀਰ ਬਲੀਆਂ ਭਣੇਵਾਂ ਆਕੜਿਆ ਫਿਰੇ। ਪਿਤਾ ਦਾ ਨਾਂ ਲੈ ਕੇ ਕਿੰਨਾ ਚਿਰ ਅਸੀਂ ਅੱਖਾਂ ਵਿਚ ਸੁਰਮੇ ਦੀਆਂ ਸਲਾਈਆਂ ਪਾਉਂਦੇ ਰਹਾਂਗੇ? ਪੈਂਡੇ ਪਿਆ ਆਦਮੀ ਮੰਜ਼ਲ ਤੇ ਪੁੱਜ ਜਾਏਗਾ ਤੇ ਜਿਨ੍ਹਾਂ ਅਜੇ ਘੋੜੇ ਦੀ ਕਾਠੀ ਵੀ ਨਹੀਂ ਕੱਸੀ, ਕਦ ਉਸ ਰਕਾਬ ਵਿਚ ਪੈਰ ਧਰਿਆ ਤੇ ਕਦ ਉਸ ਪਲਾਕੀ ਮਾਰੀ! ਜਿੰਨੇ ਚਿਰ ਨੂੰ ਘੋੜੀ ਨੇ ਚਾਲ ਫੜਨੀ ਏਂ ਮੁਸਾਫਰ ਨੇ ਅੱਧੀ ਮੰਜ਼ਿਲ ਦਾ ਲੱਕ ਤੋੜ ਛਡਣਾ ਏਂ। ਜਦੋਂ ਸਾਡੀਆਂ ਘੋੜੀਆਂ ਗੋਇੰਦਵਾਲ ਦੀ ਜੂਹ ਚੋਂ ਨਿਕਲਣੀਆਂ ਨੇ ਉਦੋਂ ਤਕ ਮੁਸਾਫਰ ਆਪਣੀ ਮੰਜ਼ਿਲ ਤੇ ਪੁਜ ਚੁਕਾ ਹੋਣਾ ਏਂ! ਤੇ ਜਦੋਂ ਅਸਾਂ ਪੁਜਣਾ ਏ, ਮੁਸਾਫਰ ਨੇ ਬਾਂਹ ਸਰ੍ਹਾਣੇ ਰਖ ਕੇ

ਆਪਣਾ ਬਣੇਵਾਂ ਵੀ ਲਾਹ ਲਿਆ ਹੋਣਾ ਏ। ਸਾਨੂੰ ਮਾਣ ਏ ਕਿ ਅਸੀਂ ਗੁਰੂ ਦੇ ਪੁੱਤ ਹਾਂ। ਪਰ ਵਕਤ ਕਿਸੇ ਦਾ ਸਾਥ ਨਹੀਂ ਦਿੰਦਾ। ਉੱਦਮ ਸਾਡੀ ਆਦਤ ਵਿਚ ਈ ਸ਼ਾਮਲ ਨਹੀਂ। ਅਸੀਂ ਆਲਸੀ, ਦਲਿਦਰੀ, ਢੇਰੀਆਂ ਢਾਹ ਕੇ ਬਹਿਣ ਵਾਲੇ ਸੁਸਤ, ਮਹੂਰਤ ਪੁੱਛ ਕੇ ਮੰਜੀ ਤੋਂ ਉਠਣ ਵਾਲੇ, ਸਾਨੂੰ ਗੱਦੀ ਕਿਥੋਂ ਮਿਲਣੀ ਏ! ਜਿਨ੍ਹਾਂ ਗੱਦੀ ਲੈਣੀ ਏ ਉਹ ਤੇ ਆਪਣਾ ਕਾਰ ਵਿਹਾਰ ਕਰਕੇ ਪੇਟ ਪੂਜਾ ਵੀ ਕਰ ਚੁਕੇ ਹਨ। ਉੱਦਮ ਅਗੇ ਲਛਮੀ ਤੇ ਪੱਖੇ ਅਗੇ ਪੌਣ। ਭਾਈ ਜੇਠੇ ਨੇ ਕਹੀ'ਮਾਜ ਧੋ ਬਣਾ ਕੇ ਲਿਸ਼ਕਾ ਲਈ ਏ ਤੇ ਸਾਡੀਆਂ ਕਹੀਆਂ ਅਜੇ ਰਾਤ ਦੀਆਂ ਉਥੋਂ ਈ ਕਿਸੇ ਨਹੀਂ ਲਿਆਂਦੀਆਂ। ਵੇਖਿਆ, ਇਹ ਈ ਫ਼ਰਕ ਸਾਡੇ ਤੇ ਦੂਜਿਆਂ ਵਿਚ। ਅਸਾਂ ਜਦੋਂ ਮਾਲਾ ਫੇਰ ਕੇ ਵਿਹਲਿਆਂ ਹੋਣਾ ਏ, ਉਦੋਂ ਤਕ ਅਗਲਿਆਂ ਥੜ੍ਹੇ ਦਾ ਨੱਕ ਮੂੰਹ ਕੱਢ ਲਿਆ ਹੋਣਾ ਏ।' ਮੋਹਰੀ ਜੀ ਨੇ ਆਪਣੇ ਭਰਾ ਨੂੰ ਕਾਫ਼ੀ ਉਤਕਲ ਦਿੱਤੀ।

ਪਰ ਮੋਹਨ ਜੀ ਅਜੇ ਵੀ ਉਬਾਸੀਆਂ ਲੈ ਰਹੇ ਸਨ, 'ਥੜਾ ਵੀ ਕੋਈ ਕੰਮ ਏ, ਕਲ ਤੇ ਅਸੀਂ ਅਜੇ ਨਵੇਂ-ਨਵੇਂ ਭਾਹੂ ਫਸੇ ਸਾਂ। ਅਸਾਂ ਹੁਣ ਬਨਾਵਟ ਦੀ ਸਾਰੀ ਜਾਚ ਸਿਖ ਲਈ ਏ। ਹੁਣ ਥੜਾ ਸਾਡੇ ਅਗੇ ਨਹੀਂ ਰੁਕਣ ਲਗਾ। ਪਿਤਾ ਜੀ ਜਿਸ ਤਰ੍ਹਾਂ ਦਾ ਥੜਾ ਬਨਾਉਣਾ ਚਾਹੁੰਦੇ ਹਨ, ਉਹ ਮੈਂ ਰਾਤੀਂ ਸੁਪਨੇ ਵਿਚ ਵੇਖ ਲਿਆ ਏ। ਉਹਦੀ ਸ਼ਕਲ ਸੂਰਤ, ਉਹਦੀ ਵਜ਼ਾ-ਕਤਾ, ਓਹਦਾ ਰੰਗ-ਰੂਪ ਉਹ ਮੈਂ ਸਾਰਾ ਤੁਹਾਨੂੰ ਵੀ ਦਸ ਦੇਵਾਂਗਾ ਤੁਸੀਂ ਵੀ ਬਣਾ ਲਿਓ। ਪਰ ਮੇਰੀ ਸਮਝ 'ਚ ਨਹੀਂ ਆਉਂਦਾ ਕਿ ਤੁਹਾਨੂੰ ਥੜਾ ਬਨਾਉਣ ਦੀ ਲੋੜ ਈ ਕੀ ਏ? ਪਲੇਠੀ ਦਾ ਪੁੱਤ ਈ ਤੇ ਘਰ ਦਾ ਵਾਰਸ ਹੁੰਦਾ ਏ। ਗੁਰਗੱਦੀ ਤੇ ਤੁਹਾਡਾ ਜੱਦੀ ਹੱਕ ਏ, ਉਸ ਨੂੰ ਕੋਈ ਤੋੜ ਨਹੀਂ ਸਕਦਾ। ਥੜੇ ਤੇ ਐਵੇਂ ਵਾਧੂ ਦਾ ਕੰਮ ਏ। ਕੰਮ ਨਹੀਂ ਕੋਈ ਕਾਰ ਨਹੀਂ ਚਲੋ ਥੜੇ ਈ ਬਣਾਓ। ਪਿਤਾ ਜੀ ਨੇ ਸੋਚਿਆ ਮੁੰਡੇ ਵਿਹਲੇ ਹਨ, ਕਿਤੇ ਖਰਮਸਤੀਆਂ ਨਾ ਕਰਨ, ਚਲੋ ਕਿਸੇ ਆਹਰੇ ਲੱਗਣ।' ਇਹ ਵਿਚਾਰ ਮੋਹਨ ਜੀ ਦੇ ਸਨ।

—'ਭਰਾ ਜੀ, ਇਹ ਗੁਲੀ ਡੰਡਾ ਨਹੀਂ, ਰੋਂਦ ਮਾਰਿਆ ਤੇ ਵਾਰੀ ਲੈ ਲਈ ਜਾਂ ਅੱਖਾਂ ਵਿਚ ਗਲੇਡੂ ਭਰ ਲਏ ਤੇ ਅਗਲੇ ਨੇ ਰਹਿਮ ਕਰਕੇ ਵਾਰੀ ਦੇ ਦਿੱਤੀ। ਇਹ ਥੜਾ ਏ ਜਿਸ ਨੇ ਸਾਡੀ ਆਉਣ ਵਾਲੀ ਜ਼ਿੰਦਗੀ ਦਾ ਫੈਸਲਾ ਕਰਨਾ ਏ। ਢੋਲ ਵਜ ਰਿਹਾ ਏ ਤੇ ਬਾਜ਼ੀਗਰ ਬਾਜ਼ੀ ਪਾ ਰਿਹਾ ਏ। ਢੋਲ ਵਜਾਉਣ ਵਾਲਾ ਆਖ ਰਿਹਾ ਏ 'ਮੈਂ ਨਾ ਮਾਨੂੰ-ਮੈਂ ਨਾ ਮਾਨੂੰ' ਬਾਜ਼ੀਗਰ ਦੀ ਭਾਵੇਂ ਪੁੱਠੀ ਖੱਲ ਲੱਥ ਜਾਏ, ਜਾਨ ਕੰਦਲ ਆ ਜਾਏ, ਅੱਡੀਆਂ ਤਕ ਪਸੀਨਾ ਚੋਵੇ, ਪਰ ਆਖਣ ਵਾਲਾ 'ਮੈਂ ਨਾ ਮਾਨੂੰ' ਰਟੀ ਜਾਂਦੇ। ਇਹ ਇਕ ਤਮਾਸ਼ਾ ਏ, ਬਸ ਤੂੰ ਇੰਨੀ ਗਲ ਸਮਝ ਲੈ। ਗੁਰਗੱਦੀ ਤੇ ਕਿਸੇ ਐਸੇ ਸੇਵਕ ਨੂੰ ਮਿਲਣੀ ਏ ਜਿਹੜਾ ਸੋਲਾਂ ਕਲਾ ਸੰਪੂਰਨ ਹੋਵੇਗਾ, ਜਿਸ ਦੇ ਸਿਰ ਤੇ ਪੰਡ ਰਖੀ ਗਈ, ਉਹ ਪੰਡ ਦਾ ਭਾਰ ਵੀ ਚੁਕ ਸਕੇਗਾ? ਫੈਸਲਾ ਇਸੇ ਗਲ ਦਾ ਕਰਨਾ ਏ ਥੜਿਆਂ ਨੇ। ਜਿਹੜੀ ਗਲ ਦਾਤੂ ਤੇ ਦਾਸੂ ਨਾਲ ਹੋਈ ਸੀ, ਮੈਨੂੰ ਜਾਪਦਾ ਏ ਸਾਡੇ ਨਾਲ ਵੀ ਉਸੇ ਤਰ੍ਹਾਂ ਈ ਵਾਪਰਨੀ ਏ।' ਮੋਹਰੀ ਆਖ ਕੇ ਚੁਪ ਹੋ ਗਿਆ।

ਅਜੇ ਮੋਹਨ ਤੇ ਮੋਹਰੀ ਬਾਉਲੀ ਵਲ ਇਸ਼ਨਾਨ ਕਰਨ ਜਾ ਰਹੇ ਸਨ ਪਰ ਦੂਜੇ ਉੱਦਮੀ ਬੰਦੇ ਆਪਣੀ ਥੜਿਆਂ ਵਾਲੀ ਜਗ੍ਹਾ ਤੇ ਬੈਠੇ ਆਪਣਾ ਕੰਮ ਸ਼ੁਰੂ ਕਰ ਚੁਕੇ ਸਨ।

□□

੮

ਸੂਰਜ ਦੇਵਤੇ ਨੇ ਮੂੰਹ ਵਿਖਾਲੀ ਵੀ ਨਾ ਲਈ ਕਿ ਘੁੰਡ ਲਾਹ ਦਿੱਤਾ, ਰਾਤ ਦੇ ਪਰਦੇ ਸੂਰਜ ਦੀ ਪਹਿਲੀ ਕਿਰਨ ਨੇ ਨੰਗੇ ਕਰ ਦਿੱਤੇ। ਪੋਲ ਖੁਲ੍ਹ ਗਿਆ ਝੂਠੀਆਂ ਕਹਾਣੀਆਂ ਦਾ। ਭਾਵੇਂ ਮਧਾਣੀਆਂ ਚਾਟੀਆਂ ਵਿਚ ਛਣਕ ਰਹੀਆਂ ਸਨ, ਹਾਲੀਆਂ ਨੇ ਹਲ ਪੰਜਾਲੀਆਂ ਕੱਢ ਲਈਆਂ। ਪਰਾਤ ਆਟੇ ਦੀ ਛਾਣ ਕੇ ਗੁੰਨ੍ਹਣ ਬਹਿ ਗਈਆਂ ਸਵਾਣੀਆਂ, ਜਿਨ੍ਹਾਂ ਨੇ ਤੌਣ ਆਟੇ ਦੀ ਪਕਾਉਣੀ ਸੀ। ਗੋਇੰਦਵਾਲ ਦੀਆਂ ਗਲੀਆਂ ਵਿਚ ਬਲਦਾਂ ਦੀਆਂ ਟੱਲੀਆਂ ਦੀ ਛਣਕਾਰ ਗੂੰਜ ਰਹੀ ਸੀ। ਸੂਰਜ ਕਈ ਵਾਰੀ ਚੁੱਭੀਆਂ ਮਾਰ ਕੇ ਨਹਾ ਚੁਕਾ ਸੀ ਬਾਉਲੀ ਵਿਚ। ਸਾਹਿਬਜ਼ਾਦੇ ਅਜੇ ਹੁਣ ਤਿਆਰ ਹੋ ਰਹੇ ਸਨ।

—'ਥੜ੍ਹਾ ਬਣਾਓ ਭਈ ਥੜਾ।' ਬੋਲ ਗੁਰੂ ਮਹਾਰਾਜ ਦੇ ਦੋਵਾਂ ਸਾਹਿਬਜ਼ਾਦਿਆਂ ਦੇ ਕੰਨਾਂ ਵਿਚ ਗੂੰਜੇ।

—'ਬਣ ਜਾਣਗੇ ਥੜੇ, ਦਿੱਲੀ ਤੋਂ ਕਿਸੇ ਮੁਗ਼ਲ ਸ਼ਹਿਜ਼ਾਦੇ ਨੇ ਨਹੀਂ ਆਉਣਾ ਜਿਸਨੇ ਥੜ੍ਹੇ ਤੇ ਬਹਿਣਾ ਏ। ਜੇ ਥੜਾ ਅੱਜ ਨਹੀਂ ਤਾਂ ਕਲ ਬਣ ਜਾਏਗਾ। ਕਿਹੜੀ ਛੇਤੀ ਪਈ ਏ, ਜੰਝ ਨਹੀਂ ਖੂਹੇ ਲਥੀ।' ਮੋਹਨ ਆਖਣ ਲਗਾ।

—'ਤੇਰਾ ਕੁੰਡੇ ਮਾਰਕੇ ਸੌਂ ਜਾਣਾ ਤੀਜੀ ਕੋਠੜੀ ਵਿਚ, ਤੇਰਾ ਮਸਤਾਨਾਪਨ ਕਲੰਦਰੀ ਤੇ ਪ੍ਰਾਪਤ ਕਰ ਸਕਦਾ ਏ, ਪਰ ਗੁਰ ਗੱਦੀ ਦਾ ਪਰਛਾਵਾਂ ਤੇਰੇ ਕੋਲੋਂ ਦੀ ਵੀ ਨਹੀਂ ਲੰਘਣਾ। ਤੂੰ ਮੈਨੂੰ ਵੀ ਗਾਲੇਂਗਾ। ਆਪ ਤਾਂ ਡੁਬੇਂ ਪੰਡਤਾ ਨਾਲ ਜਜਮਾਨ ਵੀ ਗਾਲੇ। ਤੂੰ ਗੋਇੰਦਵਾਲ ਛਡ ਤੇ ਹਿਮਾਲਾ ਦੀ ਕੋਈ ਗੁਫਾ ਜਾ ਮਲ, ਮੈਂ ਵੀ ਤੇਰੇ ਮਗਰ ਕਰਮੰਡਲ ਲੈ ਕੇ ਆ ਜਾਊਂ। ਖੂਬ ਕਟੂ ਜਦ ਮਿਲ ਬੈਠਣਗੇ ਦੀਵਾਨੇ ਦੋ।' ਮੋਹਰੀ ਆਖ ਰਿਹਾ ਸੀ ਆਪਣੇ ਭਰਾ ਨੂੰ।

ਜਦੋਂ ਸਾਹਿਬਜ਼ਾਦੇ ਥੜ੍ਹੇ ਵਾਲੀ ਜਗ੍ਹਾ ਤੇ ਪੁੱਜੇ, ਭਾਈ ਰਾਮੇ ਤੇ ਭਾਈ ਜੇਠੇ ਨੇ ਥੜ੍ਹੇ ਦਾ ਮੁਹਾਂਦਰਾ ਜਿਹਾ ਉਲੀਕ ਲਿਆ ਸੀ। ਸੂਰਜ ਦੀਆਂ ਕਿਰਨਾਂ ਨੇ ਬਾਉਲੀ ਦੇ ਜਲ ਨੂੰ ਸੋਨੇ ਦਾ ਰੰਗ ਚਾੜ੍ਹ ਦਿੱਤਾ।

—'ਭਾਈਆ ਜੀ ਤੁਸੀਂ ਚੋਰੀ-ਚੋਰੀ ਆ ਗਏ ਸਾਨੂੰ ਆਵਾਜ਼ ਵੀ ਨਹੀਂ ਮਾਰੀ? ਕੀ ਹੋਇਆ ਭਾਵੇਂ ਪਿੰਡ ਵਿਚ ਛਿੰਜ ਪੈ ਰਹੀ ਏ, ਪਰ ਜਦ ਤਕ ਸਾਰੇ ਪਹਿਲਵਾਨ ਨਹੀਂ ਆਉਂਦੇ ਅਖਾੜਾ ਭਖਣ ਥੋੜ੍ਹਾ ਲਗਾ ਏ।' ਮੋਹਰੀ ਬੋਲਿਆ।

—'ਤੁਸੀਂ ਮਾਲਕ ਤੇ ਅਸੀਂ ਸੇਵਕ, ਮਾਲਕ ਤੇ ਸੇਵਕ ਦੀ ਕੀ ਬਰਾਬਰੀ?' ਭਾਈ ਰਾਮਾ ਬੋਲਿਆ।

ਭਾਈ ਜੇਠਾ ਜੀ ਬੋਲੇ,—'ਆ ਗਏ ਵੀਰ ਜੀ?'

—'ਆ ਗਏ ਹਾਂ, ਤੁਸਾਂ ਸਾਨੂੰ ਆਵਾਜ਼ ਮਾਰਨ ਦੀ ਖੇਚਲ ਵੀ ਨਹੀਂ ਕੀਤੀ।' ਮੋਹਰੀ ਜੀ ਬੋਲੇ।

—'ਭੁੱਲ ਹੋ ਗਈ। ਕੱਲ ਆਵਾਜ਼ ਮਾਰਕੇ ਨਾਲ ਲੈ ਕੇ ਆਵਾਂਗੇ'। ਭਾਈ ਜੇਠਾ ਆਖਣ ਲੱਗਾ।

—'ਤੁਹਾਡਾ ਮਤਲਬ ਏ ਕਿ ਕਲ ਫਿਰ ਥੜੇ ਬਨਾਉਣ ਤੇ ਦਿਹਾੜੀ ਲਾਉਣੀ ਏ' ? ਕੀ ਅੱਜ ਫਿਰ ਥੜੇ ਢਾਹੁਣੇ ਪੈਣਗੇ ?'

—'ਮਾਲਕ ਦੀ ਰਜ਼ਾ ਏ, ਜੇ ਪਸੰਦ ਆ ਗਏ ਤਾਂ ਧੰਨ ਭਾਗ, ਨਹੀਂ ਤਾਂ ਫਿਰ ਹੁਕਮ ਮੰਨਣਾ ਹੀ ਪਊ।' ਭਾਈ ਜੇਠੇ ਦੇ ਬੋਲ ਸਨ।

—'ਸਾਡੇ ਕੋਲੋਂ ਇਹੋ ਜਿਹੀਆਂ ਬੁੱਤੀਆਂ ਨਹੀਂ ਕੀਤੀਆਂ ਜਾਂਦੀਆਂ ਤੇ ਉਹਦੇ ਵਿਚ ਰੱਤੀ ਭਰ ਗੁੰਜਾਇਸ਼ ਨਹੀਂ ਰਹਿਣ ਦੇਣੀ ਕਿ ਕੋਈ ਨਿੰਦ ਸਕੇ। ਗੁਰੂ ਮਹਾਰਾਜ ਨੇ ਜਿਹੜੀ ਹਦਾਇਤ ਦਿੱਤੀ ਏ ਉਦੇ ਮੁਤਾਬਕ ਬਣਾ ਰਹੇ ਹਾਂ ਥੜਾ।' ਆਵਾਜ਼ ਭਾਈ ਰਾਮੇ ਦੀ ਸੀ।

—'ਠੀਕ ਆਖਦੇ ਹਨ ਭਾਈਆ ਜੀ। ਇਹ ਤੇ ਗੱਲ ਹੋਈ ਨਾ ਮਰਦਾਂ ਵਾਲੀ।' ਮੋਹਰੀ ਆਖਣ ਲਗਾ।

ਆਵਾਜ਼ ਗੂੰਜ ਰਹੀ ਸੀ,—'ਥੜੇ ਬਣਾਓ ਭਈ ਥੜੇ।'

□□

੬

ਜਿਹੜੇ ਛਾਲੇ ਸਾਹਿਬਜ਼ਾਦਿਆਂ ਦੇ ਹੱਥਾਂ ਵਿਚ ਕਲ ਪਏ ਸਨ ਉਹ ਅੱਜ ਕਹੀ ਚਲਾਉਣ ਲਗਿਆਂ ਫਿਸ ਗਏ। ਜਲਨ ਹੋ ਰਹੀ ਸੀ, ਜਲੂਣ, ਕੀਤੀਆਂ ਚਲ ਰਹੀਆਂ ਸਨ ਹੱਥਾਂ ਵਿਚ। ਪਰ ਸ਼ਰਮ ਦੇ ਮਾਰੇ ਵਿਚੇ ਵਿਚ ਪੀ ਗਏ ਹਨੇਰੇ ਦੀ ਮਾਂ ਵਾਂਗ।

ਪਰਛਾਵੇਂ ਢਲਣ ਤਕ ਥੜਿਆਂ ਨੇ ਆਪਣਾ ਵਜੂਦ ਸਾਰੀ ਸੰਗਤ ਦੇ ਸਾਹਮਣੇ ਲਿਆ ਰੱਖਣਾ ਸੀ। ਮੂੰਹ ਮੱਥਾ ਤੇ ਨਿਕਲ ਈ ਆਇਆ ਸੀ। ਹੁਣ ਚਾਲ-ਢਾਲ ਵੇਖ ਕੇ ਬੰਦਾ ਅੰਦਾਜ਼ਾ ਲਗਾ ਸਕਦਾ ਸੀ ਕਿ ਥੜਾ ਕਿਹੋ ਜਿਹਾ ਬਣੇਗਾ।

ਥੜੇ ਚਾਰ ਬਣ ਰਹੇ ਸਨ।

ਸਾਹਿਬਜ਼ਾਦਿਆਂ ਹੰਭਲਾ ਮਾਰ ਕੇ ਥੜੇ ਸਾਵੇਂ ਨਾਲ ਉਸਾਰ ਲਏ, ਪਰ ਹਿੰਮਤ ਉਨ੍ਹਾਂ ਦੀ ਵੀ ਜੁਆਬ ਦੇ ਚੁਕੀ ਸੀ। ਐਵੇਂ ਢੀਠਾਂ ਦੇ ਤਾਣ ਸਿਰ ਡਾਹੀ ਜਾ ਰਹੇ ਸਨ।

ਮੋਹਨ ਨੇ ਪਤਾ ਨਹੀਂ ਅਕਾਸ਼ਵਾਣੀ ਸੁਣ ਲਈ ਸੀ ਜਾਂ ਉਸ ਨੂੰ ਅੰਦਰੋਂ ਈ ਗਿਆਨ ਹੋ ਗਿਆ ਸੀ, ਉਸ ਨੇ ਵਗਾਹ ਕੇ ਮਾਰੀ ਕਹੀ ਤੇ ਆਖਣ ਲਗਾ,—'ਇਹ ਕੰਮ ਸਾਡਾ ਨਹੀਂ, ਇਹ ਤੇ ਮਜ਼ਦੂਰਾਂ ਤੋਂ ਬਣਵਾਏ ਜਾ ਸਕਦੇ ਹਨ। ਆਹ ਲਓ ਸਾਂਭੋ ਨੰਬਰਦਾਰੀ, ਮੈਂ ਬਾਜ਼ ਆਇਆ ਇਸ ਚੌਧਰ ਤੋਂ।' ਮੋਹਨ ਨੱਸ ਗਿਆ, ਭੱਜਾ ਪਿੜ ਛਡ ਕੇ। ਭਰਿਆ ਮੇਲਾ ਛਡ ਕੇ ਤੁਰ ਗਿਆ ਬਾਬਾ ਮੋਹਨ।

ਹੁਣ ਤਿੰਨ ਥੜੇ ਬਾਕੀ ਰਹਿ ਗਏ ਸਨ।

ਸ਼ਾਮ ਹੋ ਗਈ ਦੀਵਾਨ ਵਿਚ ਭੋਗ ਪੈ ਗਿਆ, ਗੁਰੂ ਮਹਾਰਾਜ ਥੜੇ ਵੇਖਣ ਲਈ ਆ ਰਹੇ ਸਨ।

ਪਹਿਲੀ ਵਾਰੀ ਆਈ ਭਾਈ ਰਾਮਾ ਜੀ ਦੀ।

ਗੁਰੂ ਮਹਾਰਾਜ ਨੇ ਥੜੇ ਨੂੰ ਗਹੁ ਨਾਲ ਵੇਖਿਆ, ਉੱਤੇਂ, ਆਸੇ ਪਾਸਿਓਂ, ਪਰ ਤਬੀਅਤ

ਜੇਮੀ ਨਾ ਤੇ ਸਿਰ ਹਿਲਾ ਦਿੱਤਾ। ਫਰਮਾਇਆ ਮਹਾਰਾਜ ਨੇ,—'ਰਾਮਾ ਜੀ ਅੱਜ ਦਾ ਥੜਾ ਮੇਰੇ ਦਸੇ ਦੇ ਮੁਤਾਬਕ ਨਹੀਂ ਬਣਿਆ, ਢਾਹ ਦਿਓ।'

ਹੁਣ ਦਾਨੀ ਦਾ ਮਾਲਕ ਬੋਲ ਉਠਿਆ,—'ਜਿਵੇਂ ਤੁਸਾਂ ਦਸਿਆ ਸੀ ਉਸੇ ਤਰ੍ਹਾਂ ਬਣਾਇਆ ਏ। ਇਥੇ ਜਿੰਨੇ ਵੀ ਜਣੇ ਆਏ ਹਨ, ਸਾਰਿਆਂ ਸ਼ਲਾਘਾ ਕੀਤੀ ਏ ਮੇਰੇ ਥੜੇ ਦੀ, ਮੈਂ ਕਿਵੇ ਢਾਹ ਦੇਵਾਂ? ਇਸ ਤੋਂ ਚੰਗਾ ਹੋਰ ਕੀ ਬਣ ਸਕਦਾ ਏ? ਇਸ ਤੋਂ ਚੰਗਾ ਹੋਰ ਨਾ ਬਣਿਆ।'

ਮੈਂ ਕੈਸੇ ਕਰਿ ਦੇਹ ਢਹਾਈ।
ਇਸ ਤੋਂ ਆਛੀ ਕਿਆ ਬਣ ਜਾਈ।

ਮਹਾਰਾਜ ਮੁਸਕਰਾ ਪਏ,—'ਤੇਰੀ ਮਰਜ਼ੀ ਭਈ ਨਾ ਢਾਹ।'

ਭਾਈ ਰਾਮੇ ਨੇ ਫਿਰ ਅਰਜ਼ ਕੀਤੀ,—'ਸਤਿਗੁਰ ਤੁਸਾਂ ਜਿਦਾਂ ਹੁਕਮ ਕੀਤਾ ਸੀ, ਮੈਂ ਉਸੇ ਲਗਨ ਨਾਲ ਬਣਾਇਆ ਏ।'

—'ਸ਼ਾਇਦ ਮੇਰੀ ਗੱਲ ਤੁਸਾਂ ਚੰਗੀ ਤਰ੍ਹਾਂ ਸੁਣੀ ਨਹੀਂ ਹੋਣੀ।' ਮਹਾਰਾਜ ਦੇ ਬੋਲ ਸਨ।

—'ਤੁਹਾਡੇ ਸ਼ਬਦ ਮੇਰੇ ਸੀਨੇ ਤੇ ਲਿਖੇ ਗਏ ਸਨ। ਮੈਂ ਉਨ੍ਹਾਂ 'ਚ ਲੀਨ ਹੋ ਗਿਆ ਤੇ ਸਾਰੀ ਰਾਤ ਥੜੇ ਬਾਰੇ ਹੀ ਸੋਚਦਾ ਰਿਹਾ। ਰਾਤ ਅੱਖਾਂ ਵਿਚ ਹੀ ਕੱਟ ਦਿੱਤੀ।' ਆਖਣ ਲਗਾ ਰਾਮਾ।

—'ਮੈਂ ਜੋ ਆਖਿਆ ਸੀ ਥੜੇ ਵਿਚ ਉਹ ਕੋਈ ਗੱਲ ਨਹੀਂ। ਮਹਾਰਾਜ ਨੇ ਫਰਮਾਇਆ।

—'ਪਿਤਾ ਜੀ ਤੁਸੀਂ ਬਜ਼ੁਰਗ ਹੋ ਗਏ ਹੋ, ਜਿਹੜੀ ਗੱਲ ਤੁਸੀਂ ਇਕ ਵਾਰੀ ਆਖਦੇ ਹੋ, ਉਹ ਫਿਰ ਤੁਸੀਂ ਆਪ ਈ ਭੁੱਲ ਜਾਂਦੇ ਹੋ। ਤੁਸਾਂ ਜਿਹੜਾ ਸੁਪਨਾ ਵੇਖਿਆ ਏ ਉਹ ਤੁਸੀਂ ਦਸ ਨਹੀਂ ਸਕਦੇ, ਇਸ ਲਈ ਥੜਾ ਕਦੀ ਨਹੀਂ ਬਣ ਸਕਦਾ। ਤੁਸੀਂ ਥੜਾ ਕਿਸੇ ਹੋਰ ਕੋਲੋਂ ਬਣਵਾ ਲਤੋ। ਮੇਰੀ ਅਕਲ ਕੰਮ ਨਹੀਂ ਕਰਦੀ, ਮੈਂ ਨਹੀਂ ਬਣਾ ਸਕਾਂਗਾ।'

ਆਪ ਕਹਹੁ ਜਿਮਿ ਬਿਸਰੈ ਫੇਰ
ਇਸ ਮਹਿ ਦੋਸ਼ ਅਹੇ ਕਯਾ ਮੇਰ

ਬੁਲ੍ਹੀਆਂ 'ਚ ਹੱਸੇ ਮਹਾਰਾਜ ਤੇ ਅੱਗੇ ਲੰਘ ਗਏ।

ਹੁਣ ਵਾਰੀ ਸੀ ਮੋਹਰੀ ਜੀ ਦੀ।

—'ਤੇਰਾ ਥੜਾ ਅਜੇ ਮੁਕੰਮਲ ਵੀ ਨਹੀਂ ਹੋਇਆ? ਬਣਾਓ ਥੜਾ ਭਈ।' ਮਹਾਰਾਜ ਆਖ ਕੇ ਅੱਗੇ ਵੱਧ ਗਏ।

ਹੁਣ ਵਾਰੀ ਸੀ ਭਾਈ ਜੇਠਾ ਜੀ ਦੀ।

ਹੱਥ ਜੋੜ ਕੇ ਨਮਸਕਾਰ ਕੀਤੀ ਭਾਈ ਜੇਠੇ ਨੇ।

—'ਗੁਰੂ ਲਾਜ ਰੱਖੇ, ਬਣ ਗਿਆ ਏ ਥੜਾ?'

—'ਹਾਂ ਮਹਾਰਾਜ।'

—'ਪਰ ਉਹ ਗੱਲ ਨਹੀਂ ਬਣੀ ਜਿਹੜੀ ਅਸੀਂ ਦਸ ਗਏ ਸਾਂ। ਥੜਾ ਮੇਰੇ ਪਸੰਦ ਨਹੀਂ। ਬਿਲਕੁਲ ਈ ਉਲਟ ਬਣਿਆ ਏ।' ਸ਼ਬਦ ਸਨ ਗੁਰੂ ਮਹਾਰਾਜ ਦੇ।

ਅਗੋਂ ਭਾਈ ਜੇਠਾ ਜੀ ਬੋਲੇ,—'ਮੈਂ ਅਨਜਾਣ ਹਾਂ ਨਿਤ ਭੁਲਣ ਹਾਰ ਹਾਂ ਤੁਸੀਂ ਸਦਾ ਬਖਸ਼ਦੇ ਹੋ, ਗਲਤੀਆਂ ਨੂੰ ਚਿਤਾਰਦੇ ਹੋ। ਤੁਸੀਂ ਤੇ ਚੰਗੀ ਤਰ੍ਹਾਂ ਸਮਝਾ ਜਾਂਦੇ ਹੋ ਪਰ ਮੈਂ ਥੋੜੀ ਮਤ ਹੋਣ ਕਰਕੇ ਉਸ ਰਾਹ ਤੇ ਤੁਰ ਨਹੀਂ ਸਕਦਾ ਜਿਹੜਾ ਰਾਹ ਤੁਸਾਂ ਦਸਿਆ ਸੀ। ਸੋ ਆਪਣੀ ਖ਼ਾਸ ਰਹਿਮਤ ਕਰੋ ਤਾਂ ਜੋ ਮੈਂ ਤੁਹਾਡੇ ਹੁਕਮ ਦੇ ਮੁਤਾਬਕ ਥੜ੍ਹਾ ਬਣਾ ਸਕਾਂ।'

—'ਅੱਛਾ ਥੜ੍ਹਾ ਬਣਾਓ ਭਈ ਥੜ੍ਹਾ।' ਗੁਰੂ ਮਹਾਰਾਜ ਜਾਣ ਲਗੇ ਆਖ ਗਏ।

—'ਢਾਹ ਦਿਓ ਤੇ ਕਲ ਫਿਰ ਬਣਾਓ।'

ਗੁਰੂ ਮਹਾਰਾਜ ਚਲੇ ਗਏ।

ਕਹੀ ਮਾਰੀ ਤੇ ਭਾਈ ਜੇਠੇ ਨੇ ਥੜ੍ਹਾ ਢਾਹ ਦਿੱਤਾ। ਭਾਈ ਰਾਮਾ ਤੇ ਗੁਰੂ ਮਹਾਰਾਜ ਦੇ ਹੁੰਦਿਆਂ ਹੀ ਮੈਦਾਨ ਛਡ ਗਿਆ ਸੀ।

ਹੁਣ ਕਲ ਮੁਕਾਬਲਾ ਸੀ ਸਿਰਫ਼ ਬਾਬਾ ਮੋਹਰੀ ਤੇ ਭਾਈ ਜੇਠੇ ਦਾ।

ਕਸਵੱਟੀ ਤੇ ਕੱਸ ਲਾ ਕੇ ਪਰਖਿਆ ਜਾ ਰਿਹਾ ਸੀ ਸੋਨਾ।
ਭੱਠੀ ਵਿਚ ਪੈ ਕੇ ਸੋਨਾ ਕੁੰਦਨ ਬਣ ਜਾਂਦਾ ਏ।

□□

੧੦

ਕਲ੍ਹ ਤੀਜਾ ਦਿਨ ਸੀ, ਥੜ੍ਹੇ ਬਨਾਉਣ ਵਾਲੇ ਸਨ ਦੋ ਜਣੇ, ਇਕ ਭਾਈ ਜੇਠਾ ਤੇ ਦੂਜਾ ਮੋਹਰੀ।

ਗੋਇੰਦਵਾਲ ਵਿਚ ਗੱਲਾਂ ਰਾਤੀਂ ਹੀ ਹੋਣ ਲੱਗ ਪਈਆਂ ਸਨ। ਕੋਈ ਕਿਸੇ ਦੇ ਮੂੰਹ ਅੱਗੇ ਹੱਥ ਥੋੜ੍ਹਾ ਦੇ ਸਕਦਾ ਏ। ਜਿਹੜਾ ਕੋਈ ਜਿਸ ਵੱਖੀ ਤੋਂ ਮਰਜ਼ੀ ਬੋਲੇ। ਕਿੱਲੇ ਬੱਝਾ ਵਹਿੜਕਾ ਅੜਿੰਗ ਰਿਹਾ ਸੀ। ਵੱਛੀ ਗਊ ਦੇ ਆਲੇ ਦੁਆਲੇ ਗੇੜੇ ਮਾਰ ਰਹੀ ਸੀ। ਦੁੱਧ ਧੋਤੇ ਬਗਲਿਆਂ ਦੀ ਡਾਰ ਬਿਆਸਾ ਦੇ ਉੱਤੋਂ ਦੀ ਲੰਘ ਗਈ, ਸਾਰੇ ਗੋਇੰਦਵਾਲ ਨੇ ਵੇਖੀ।

—'ਹੰਸਾਂ ਦਾ ਜੋੜਾ ਉਤਰਿਐ ਬਿਆਸਾ ਦੇ ਕੰਢੇ, ਮੈਂ ਹੁਣੇ ਵੇਖ ਕੇ ਆਇਆਂ।' ਇਕ ਬੰਦਾ ਬੋਲਿਆ।

—'ਬਗਲਿਆਂ ਦਾ ਜੋੜਾ ਵਿੱਛੜ ਗਿਆ ਹੋਣੈਂ ਡਾਰ ਵਿਚੋਂ।'

—'ਯਾਰ ਤੂੰ ਤੇ ਮੈਨੂੰ ਇਓਂ ਸਮਝਿਐ ਜਿੱਦਾਂ ਕਦੇ ਮੈਂ ਹੰਸ ਵੇਖਿਆ ਈ ਨਹੀਂ। ਮੈਂ ਬਗਲੇ ਤੇ ਹੰਸ ਵਿਚ ਫ਼ਰਕ ਨਹੀ ਦੱਸ ਸਕਦਾ?'

ਸੰਖ ਪੂਰਨ ਦੀ ਆਵਾਜ਼ ਆਈ ਕਿਸੇ ਪੁਜਾਰੀ ਦੀ ਮੰਦਰ ਵਿਚੋਂ।

ਚੁਬਾਰੇ ਵਿਚ ਕਥਾ ਦਾ ਭੋਗ ਪੈ ਚੁੱਕਾ ਸੀ।

ਇਕ ਟੋਲੀ 'ਚ ਇਕ ਬੰਦਾ ਆਖਣ ਲੱਗਾ,—'ਅੱਜ ਜਵਾਈ ਸਨਮੁਖ ਹੋ ਗਿਐ ਤੇ ਇਕ ਸਾਹਿਬਜ਼ਾਦਾ ਮੈਦਾਨ ਛੱਡ ਕੇ ਭੱਗਲ ਹੋਏ ਬਟੇਰੇ ਵਾਂਗ ਭੱਜ ਗਿਐ। ਐਵੇਂ ਦਿਲ

ਛੱਡ ਬੈਠੇ ਹਨ ਨਿਘਰੇ ਹੋਏ ! ਬੜਾ ਬਣਾਉਣਾ ਸੀ, ਕੋਈ ਮੀਨਾਕਾਰੀ ਥੋੜ੍ਹਾ ਈ ਕਰਨੀ ਸੀ ।'

—'ਚਲੋ ਟਿੱਕੇ ਪੁੱਤ ਦਾ ਕੀ ਏ, ਉਹ ਤੇ ਅੱਗੇ ਈ ਮਸਤ ਮੌਲਾ ਏ, ਜਿਸ ਨੂੰ ਲੱਥੀ ਚੜ੍ਹੀ ਦਾ ਖ਼ਿਆਲ ਈ ਨਹੀਂ । ਚਾਰ ਪੰਜ ਦਰਵਾਜ਼ੇ ਬੰਦ ਕਰ ਕੇ ਆਪਣੀ ਸੁੱਧ-ਬੁੱਧ ਗਵਾ ਲੈਣੀ, ਜਿਸ ਨੂੰ ਘਰ ਦਾ ਪਤਾ ਨਹੀਂ ਅਤੇ ਬਾਹਰ ਦੀ ਖ਼ਬਰ ਨਹੀਂ । ਉਹ ਤੇ ਇੱਕੋ ਈ ਗੱਲ ਜਾਣਦੈ, ਪ੍ਰਸ਼ਾਦੇ ਛਕੇ, ਮਾਲਾ ਫੇਰੀ, ਰਾਤ ਪਈ ਬਾਂਹ, ਸਰਹਾਣੇ ਦਿੱਤੀ ਤੇ ਸੌਂ ਗਿਆ । ਜਦੋਂ ਜਾਗ ਆਈ ਮਾਲਾ ਫਿਰ ਫੜ ਲਈ । ਆਲਾ-ਭੋਲਾ ਸਾਹਿਬਜ਼ਾਦਾ ਏ ਗੁਰੂ ਮਹਾਰਾਜ ਦਾ, ਬਾਵਾ ਏ ਮਿੱਟੀ ਦੇ ਖਿਡੌਣੇ ਵਰਗਾ ।' ਆਖਣ ਵਾਲਾ ਟੋਲੀ ਦਾ ਮੋਹਰੀ ਸੀ ।

—'ਪਰ ਹਨੇਰ ਸਾਈਂ ਦਾ, ਭਾਈ ਰਾਮੇ ਨੂੰ ਕੀ ਵਗ ਗਈ ? ਉਹਦੇ ਤੇ ਮੂੰਹ ਵਿਚ ਕਿਤੇ ਜ਼ਬਾਨ ਨਹੀਂ ਸੀ, ਘੜੀ ਵਿਚ ਈ ਮੱਥੇ ਤੇ ਅੱਖਾਂ ਧਰ ਲਈਆਂ ਸੂ, ਇੰਨੀ ਜਲਦੀ ਤੋਤਾ ਚਸ਼ਮ ਹੋ ਗਿਐ ! ਅੱਖ ਦਾ ਪਾਣੀ ਉਤਰ ਗਿਐ ਪਲ ਵਿਚ ? ਇੰਨੇ ਸਖ਼ਤ ਬੋਲ, ਕੌੜੇ ਕਸੈਲੇ ਬੋਲ । ਧੰਨ ਹਨ ਗੁਰੂ ਮਹਾਰਾਜ । ਇਨ੍ਹਾਂ ਦੇ ਬਿਰਧ ਸਰੀਰ ਤੋਂ ਕਿੱਦਾਂ ਬਰਦਾਸ਼ਤ ਹੋ ਗਿਆ ? ਜਵਾਈ ਆਖ਼ਰ ਜਵਾਈ ਹੁੰਦਾ ਏ । ਹਯਾਤੀ ਦੇ ਕਿੰਨੇ ਸਾਲ ਗਵਾ ਦਿੱਤੇ, ਮਨ ਵੀ ਮਾਰਿਆ, ਜਗ ਹਸਾਈ ਵੀ ਕਰਾਈ, ਸੇਵਾ ਵੀ ਕੀਤੀ, ਪਰ ਜਦੋਂ ਕਬਰ ਪੈਣ ਦਾ ਵੇਲ਼ ਆਇਆ ਤਾਂ ਖੇਹ ਉਡਾ ਲਈ । ਬਨਾਉਣ ਲੱਗਿਆਂ ਕਿੰਨੇ ਸਾਲ ਲੱਗੇ ਸਨ ਤੇ ਗੁਆਉਣ ਲੱਗਿਆਂ ਕਿੰਨੀਆਂ ਘੜੀਆਂ ਲੱਗੀਆਂ ।'

—'ਬੰਦੇ ਦਾ ਲਹੂ ਕਈ ਵਾਰ ਬਹੁਤ ਜਲਦੀ ਸਫ਼ੈਦ ਹੋ ਜਾਂਦੈ, ਇਹ ਉਸ ਦੇ ਵੱਸ ਦੀ ਗੱਲ ਨਹੀਂ ਕੁਦਰਤ ਦੀ ਕਰੋਪੀ ਏ ।' ਬੋਲ ਸਨ ਇਕ ਬੰਦੇ ਦੇ ।

—'ਅੱਜ ਦਿਨੇ ਢੋਲ ਵੱਜਣਾ ਏਂ, ਬਾਜ਼ੀ ਪੈਂਦੀ ਵੇਖੋ ।'

ਸਾਰੇ ਜਣੇ ਇਕੱਠੇ ਆ ਬੈਠੇ ਚੌਂਕੜੇ ਮਾਰ ਕੇ ।

ਘਰ ਦੀ ਬਹੂ ਆਤਮਾ ਦੇਵੀ ਨੇ ਸ਼ੱਕਰ-ਸੇਵੀਆਂ ਦੇ ਦੋ ਥਾਲ ਭਰੇ । ਅੱਧਾ ਛੰਨਾ ਦੇਸੀ ਘਿਓ ਦਾ ਸ਼ੱਕਰਕਤਾ ਕਰ ਕੇ ਉੱਤੇ ਪਾਇਆ ।

ਥਾਲੀ ਲੈ ਕੇ ਜਾਣ ਵਾਲੀ ਸੀ ਬੀਬੀ ਭਾਨੀ ਭਾਈ ਰਾਮੇ ਵੱਲ ।

—'ਜੀਜਾ ਜੀ ਭਰਜਾਈ ਨੇ ਸ਼ੱਕਰ-ਸੇਵੀਆਂ ਭੇਜੀਆਂ ਨੇ ।' ਭਾਨੀ ਆਖਣ ਲੱਗੀ ।

—'ਪਾ ਦੇ ਮੇਰੇ ਸਿਰ ਵਿਚ । ਸੇਵੀਆਂ ਅੱਜ ਈ ਚਾੜ੍ਹਨੀਆਂ ਸਨ ਭਰਜਾਈ ਨੇ !'

—'ਜੀਜਾ ਜੀ, ਅੱਜ ਕੀ ਚੰਦਰਮਾ ਨਹੀਂ ਚੜ੍ਹਨਾ ?'

—'ਭਰਜਾਈ ਨੂੰ ਹੋਰ ਕੋਈ ਥਾਂ ਨਹੀਂ ਲੱਭਾ ਮਜ਼ਕਰੀ ਕਰਨ ਨੂੰ ? ਮੋਹਨ ਵੱਲ ਥਾਲ ਭੇਜਿਆ ਈ ।'

—'ਹਾਂ ਓਧਰ ਮੈਂ ਆਪ ਦੇ ਆਈ ਹਾਂ ।'

—'ਤੇ ਭਾਈ ਜੇਠੇ ਵੱਲ ?'

—'ਹਾਂ ਉਹ ਤੇ ਮੋਹਰੀ ਭਾਅ ਜੀ ਇਕੱਠੇ ਬੈਠੇ ਚੌਂਕੇ 'ਚ ਖਾ ਰਹੇ ਹਨ ।'

—'ਅੱਛਾ, ਅੱਜ ਖਾ ਲੈਣ, ਕਲ੍ਹ ਉਨ੍ਹਾਂ ਦਾ ਵੀ ਸਾਥ ਛੁੱਟ ਜਾਣਾ ਏਂ, ਦੋ ਫਾੜ ਹੋ ਜਾਣਾ ਏਂ ਇਹ ਵਿਹੜਾ ।'

—'ਉਹ ਕਿਉਂ ? ਕੀ ਭੂਚਾਲ ਆਉਣ ਵਾਲੈ ?'

—'ਭੱਖੜ ਭੁੱਲਿਆ ਏ, ਬੀਬੀ ਭਾਨੀਏਂ ਤੂੰ ਬੜੀ ਭੋਲੀ ਏਂ। ਕਲ੍ਹ ਨੂੰ ਇਹ ਚੌਂਕਾ ਸ਼ਰੀਕਾ ਬਣ ਜਾਣੈਂ।'

—'ਉਹ ਕਿੱਦਾਂ ?'

—'ਕਲ੍ਹ ਦਾ ਡੁੱਬਦਾ ਸੂਰਜ ਗੋਇੰਦਵਾਲ ਵਿਚ ਨਵੇਂ ਪੂਰਨੇ ਪਾਉਣ ਲਈ ਆ ਰਿਹਾ ਹੈ। ਕਲ੍ਹ ਪੁਆੜਿਆਂ ਦੀ ਭਰੀ ਪੰਡ ਲੈ ਕੇ ਆਊ ਸੂਰਜ ਦੇਵਤਾ।'

—'ਫਿਰ ਕੀ ਕੀਤਾ ਜਾਏ ? ਇਸ ਦਾ ਕੋਈ ਹੱਲ ਵੀ ਏ ?'

—ਕੁਝ ਨਹੀਂ ਹੋ ਸਕਦਾ, ਇਹ ਕਰਤਾਰ ਦਾ ਹੁਕਮ ਏਂ, ਵਿਧਾਤਾ ਦੀ ਰਜ਼ਾ ਏ,. ਇਸ ਨੂੰ ਕੋਈ ਨਹੀਂ ਰੋਕ ਸਕਦਾ ?

—ਪਿਤਾ ਜੀ ਵੀ ਨਹੀਂ ?'

—'ਇਹ ਗੱਲ ਹੁਣ ਉਨ੍ਹਾਂ ਦੇ ਵੱਸ ਵਿਚ ਵੀ ਨਹੀਂ ਰਹੀ। ਕਲ੍ਹ ਕੁਝ ਹੋਣ ਵਾਲਾ ਏ। ਕੀ ਹੋਵੇਗਾ, ਮੈਂ ਦੱਸ ਨਹੀਂ ਸਕਦਾ। ਇਸ ਵਿਹੜੇ ਵਿਚ ਲੋਹ ਦਾ ਤੱਕਲਾ ਅੱਜ ਈ ਕੋਈ ਗੱਡ ਗਿਆ ਏ। ਇਸ ਨੇ ਨਾ ਸਾਕ ਰਹਿਣ ਦੇਣੇ ਹਨ ਤੇ ਨਾ ਸੰਬੰਧ। ਰਿੱਛ ਇਕੱਲਾ ਹੀ ਵਿਹੜੇ ਵਿਚ ਨੱਚੂ।' ਭਾਈ ਰਾਮਾ ਬੁੱਲ੍ਹ ਢਿੱਲੇ ਕਰ ਕੇ ਆਖਣ ਲੱਗਾ।

—'ਮੈਂ ਤੁਹਾਡੀ ਗੱਲ ਸਮਝ ਨਹੀਂ ਸਕੀ। ਮੇਰੇ ਪੱਲੇ ਕੋਈ ਗੱਲ ਨਹੀਂ ਪਈ।' ਬੀਬੀ ਭਾਨੀ ਬੋਲੀ।

—'ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਤੇ ਨਾ ਸਮਝਾਇਆ ਈ ਜਾ ਸਕਦੈ। ਇਹ ਕੋਈ ਰੱਬੀ ਭਾਣਾ ਏਂ। ਦਰਿਆਵਾਂ ਨੇ ਕਦੇ ਰੁਖ਼ ਨਹੀਂ ਬਦਲੇ। ਸੂਰਜ ਕਦੇ ਲਹਿੰਦੇ ਵੱਲੋਂ ਨਹੀਂ ਚੜ੍ਹੇ।' ਭਾਈ ਰਾਮਾ ਜੀ ਆਖਣ ਲੱਗੇ,—'ਭਰਜਾਈ ਨੇ ਸੇਵੀਆਂ ਭੇਜੀਆਂ ਹਨ, ਲਿਆ ਖਾ ਲਈਏ। ਭਰਜਾਈ ਜੁ ਹੋਈ, ਜੇ ਉਸ ਮਖੌਲ ਨਹੀਂ ਕਰਨਾ ਤੇ ਫਿਰ ਹੋਰ ਕਿਸ ਕਰਨਾ ਏਂ ? ਜਿਸ ਦੀ ਭਰਜਾਈ ਰੁੱਸ ਗਈ ਸਮਝੋ ਰੱਬ ਰੁੱਸ ਗਿਆ।'

—'ਖੂਹ ਦੀਆਂ ਟਿੰਡਾਂ ਭਰ ਕੇ ਕਦੇ ਸਾਰੀਆਂ ਤਾਂ ਨਹੀਂ ਆਉਂਦੀਆਂ। ਪਰਛਾਵੇਂ ਕਦੇ ਇਕ ਜਗ੍ਹਾ ਨਹੀਂ ਰਹੇ। ਬੀਬਾ ਕਦੇ ਧੁੱਪ ਤੇ ਕਦੇ ਛਾਂ।' ਇਹ ਆਵਾਜ਼ ਸੀ ਇਕ ਬੁੱਢੀ ਮਾਈ ਦੀ।

—ਖ਼ਾਲੀ ਥਾਲੀ ਸਿਰ ਤੇ ਚੁੱਕੀ ਬੀਬੀ ਭਾਨੀ ਆ ਰਹੀ ਸੀ।

□□

੧੧

ਭਾਈ ਜੇਠਾ ਪਹਿਲਾਂ ਬਾਉਲੀ ਵਿਚੋਂ ਇਸ਼ਨਾਨ ਕਰਕੇ ਫਿਰ ਗੁਰੂ ਮਹਾਰਾਜ ਦੇ ਚਰਨੀਂ ਸੀਸ ਨਿਵਾਉਣ ਗਿਆ। ਫਿਰ ਚੁਬਾਰੇ ਵੱਲ ਉਸ ਮੂੰਹ ਕਰ ਲਿਆ ਤੇ ਚੁਬਾਰੇ ਪੁਜ ਗਿਆ। ਭਰਜਾਈ ਆਤਮਾ ਦੇਵੀ ਨੂੰ ਮੱਥਾ ਟੇਕਿਆ। ਭਰਜਾਈ ਨੇ ਅਸੀਸ ਦਿੱਤੀ,—'ਗੁਰੂ ਭਲਾ ਕਰੇ, ਮਨ ਦੀਆਂ ਮੁਰਾਦਾਂ ਪੂਰੀਆਂ ਕਰੇ।' ਫਿਰ ਮੋਹਰੀ ਭਰਾ ਨੂੰ ਆਣ ਦੋਵੇਂ ਹੱਥ ਜੋੜੇ। ਮੋਹਰੀ ਨੇ ਜਦ ਵੇਖਿਆ ਕਿ ਭਾਈ ਜੇਠਾ ਪੈਰਾਂ ਨੂੰ ਹੱਥ ਲਾ ਰਿਹਾ ਹੈ, ਸਿਰ

ਝੁਕਿਆ ਵੇਖ ਕੇ ਬਾਬਾ ਮੋਹਰੀ ਆਖਣ ਲਗਾ,—'ਗੁਰੂ ਤੇਰੇ ਕਾਜ ਸਵਾਰੇ। ਭਾਗ ਲੱਗਣ ਤੇਰੇ ਦਿਲ ਦੀਆਂ ਉਮੰਗਾਂ ਨੂੰ।"

ਭਾਈ ਜੇਠੇ ਨੇ ਕਹੀ ਮੋਢੇ ਤੇ ਰੱਖੀ ਤੇ ਤੁਰ ਪਿਆ ਥੜੇ ਵਾਲੇ ਮੈਦਾਨ ਵੱਲ।

ਬਾਬਾ ਮੋਹਰੀ ਆਖਣ ਲਗਾ ਆਤਮਾ ਦੇਵੀ ਨੂੰ,—'ਭਾਗਵਾਨੇ ਇਸ ਨੇ ਅੰਤ ਮੈਦਾਨ ਮਾਰ ਲੈਣਾ ਈ। ਇੰਨੀ ਨਿਮਰਤਾ, ਇੰਨੀ ਸਰਧਾ, ਭਗਤੀ ਹੱਦ ਤੇ ਪੁੱਜੀ ਹੋਈ, ਹੁਕਮ ਦੀ ਪਾਲਣਾ ਨੂੰ ਫੁਲ ਲਗਦੇ ਨੇ। ਇਹ ਤੇ ਮੇਰੀ ਅਧੀ ਸੱਤਿਆ ਖਿੱਚ ਕੇ ਲੈ ਗਿਆ ਏ। ਇਸ ਨੂੰ ਹਰਾਉਣ ਵਾਲਾ ਕੋਈ ਨਹੀਂ। ਇਸਦਾ ਇਰਾਦਾ ਦ੍ਰਿੜ੍ਹ ਤੇ ਪੱਕਾ ਏ, ਇਸਦਾ ਯਕੀਨ ਅੱਟਲ ਏ, ਇਸ ਨੇ ਪਿਤਾ ਜੀ ਨੂੰ ਐਸਾ ਭਰਮਾ ਲਿਆ ਏ ਕਿ ਪਿਤਾ ਜੀ ਹਰ ਵੇਲੇ ਇਸ ਦੇ ਨਾਮ ਦੀ ਮਾਲਾ ਜਪਦੇ ਹਨ।'

ਆਤਮਾ ਦੇਵੀ ਆਖਣ ਲਗੀ,—'ਸੇਵਾ ਦੀ ਵੀ ਤੇ ਅੰਤ ਕਰ ਦਿੱਤੀ ਸੂ, ਆਪਣੇ ਪੁਤ ਸੇਵਾ ਨਹੀਂ ਕਰਦੇ, ਜਵਾਈ ਹੋ ਕੇ ਪੁਤਾਂ ਨੂੰ ਮਾਤ ਕਰ ਦਿੱਤਾ ਸੂ। ਜਵਾਈ ਤੇ ਵੱਢੀ ਉਂਗਲ ਤੇ ਲੇਪ ਨਹੀਂ ਕਰਦੇ, ਪਰ ਇਸ ਨੇ ਸਾਰੀਆਂ ਮਰਿਆਦਾਵਾਂ ਤੋੜ ਦਿੱਤੀਆਂ ਨੇ। ਪਿਤਾ ਜੀ ਨੇ ਜੇ ਦਿਨ ਨੂੰ ਰਾਤ ਆਖਿਆ ਤਾਂ ਇਸ ਨੇ ਰਾਤ ਆਖ ਕੇ ਸਿਰ ਨਿਵਾਂ ਦਿੱਤਾ ਤੇ ਜੇ ਰਾਤ ਦਾ ਹਨੇਰਾ ਪੱਸਰਿਆ ਵੇਖਿਆ ਤੇ ਗੁਰੂ ਮਹਾਰਾਜ ਨੇ ਆਖਿਆ ਸੂਰਜ ਨਿਕਲਿਆ ਹੋਇਆ ਏ ਤਾਂ ਭਾਈ ਜੇਠਾ ਆਖਣ ਲਗਾ, 'ਹਾਂ ਸਤਿਗੁਰੂ ਸੂਰਜ ਸਿਰ ਤੇ ਆ ਗਿਆ ਏ।' ਰਜ਼ਾ ਵਿਚ ਰਹਿਣ ਵਾਲਾ ਹਮੇਸ਼ਾ ਖਟ ਜਾਂਦਾ ਏ। ਤੁਸੀਂ ਤੇ ਪੁਤਰ ਪੁਣੇ ਵਿਚ ਈ ਬੱਲੇ-ਬੱਲੇ ਕਰਦੇ ਫਿਰਦੇ ਹੋ? ਜਿਹੜੀ ਮਾਲਾ ਇਸ ਫੜ ਲਈ ਏ ਤੁਸਾਂ ਅਜੇ ਵੇਖੀ ਵੀ ਨਹੀਂ। ਉਸਦਾ ਤੀਸਰਾ ਨੇਤਰ ਖੁਲ੍ਹ ਗਿਆ ਏ। ਤੁਸੀਂ ਤੀਸਰੇ ਨੇਤਰ ਦੀ ਸ਼ਕਲ ਵੇਖਣੀ ਦਰਕਨਾਰ ਉਸਦਾ ਆਕਾਰ ਵੀ ਨਹੀਂ ਜਾਣਦੇ। ਹਰ ਮੁੰਦਰਾਂ ਪਾਉਣ ਵਾਲਾ ਚੇਲਾ ਜੋਗੀ ਨਹੀਂ ਬਣ ਜਾਂਦਾ। ਇਸ ਨੂੰ ਕੱਲ ਜੁ ਮੱਥਾ ਟੇਕਣਾ ਏ ਅੱਜ ਈ ਕਿਉਂ ਨਹੀਂ ਸੀਸ ਨਿਵਾਂ ਦਿੰਦੇ? ਰਿਸ਼ਤੇ ਦਾ ਰਿਸ਼ਤਾ ਬਣਿਆ ਰਹੇ ਤੇ ਚੌਧਰ ਦੀ ਚੌਧਰ।'

ਮੋਹਰੀ ਦੇ ਬੋਲ ਸਨ,—'ਕਿਸਮਤ ਦਾ ਕੀ ਏ, ਕਦੋਂ ਪਾਸਾ ਪਲਟ ਜਾਏ! ਮਥੇ ਦੀਆਂ ਲਕੀਰਾਂ ਵੀ ਕਈ ਵਾਰ ਵਕਤ ਤੋਂ ਪਹਿਲਾਂ ਈ ਬਦਲ ਜਾਇਆ ਕਰਦੀਆਂ ਹਨ। ਲਗ ਗਿਆ ਤੇ ਤੀਰ ਨਹੀਂ ਤੇ ਤੁੱਕਾ ਹੀ ਸਹੀ। ਭਲੀਏ ਲੋਕੇ, ਭਰਿਆ ਮੇਲਾ ਛੱਡ ਕੇ ਮੈਂ ਕਿੱਦਾਂ ਆ ਜਾਵਾਂ! ਮੈਨੂੰ ਸਾਰਾ ਗੋਇੰਦਵਾਲ ਕੀ ਆਖੂ! ਹਾਰ ਜਾਣਾ ਕੋਈ ਸ਼ਰਮਿੰਦਗੀ ਨਹੀਂ। ਦੋ ਪਹਿਲਵਾਨ ਘੁਲਦੇ ਹਨ, ਇਕ ਨੇ ਤੇ ਢਹਿਣਾ ਈ ਏ। ਪਿਠ ਵਿਖਾ ਕੇ ਨੱਸਣਾ ਕਾਇਰਤਾ ਏ। ਮਰਾਂਗੇ ਤੇ ਨਿੱਤਰ ਕੇ ਮੈਦਾਨ ਵਿਚ। ਮੈਦਾਨ ਵਿਚੋਂ ਭਗੌੜਿਆਂ ਵਾਂਗੂ ਨੱਸਣਾ ਗੁਰੂ ਦੇ ਪੁੱਤਰਾਂ ਨੂੰ ਸੋਭਾ ਨਹੀਂ ਦਿੰਦਾ। ਗੁਰੂਆਂ ਵਾਂਗ ਡਟਾਂਗੇ ਅਖਾੜੇ ਵਿਚ। ਜੇ ਜਿੱਤ ਜਾਏਗਾ ਤੇ ਉਸਦੀ ਮਰਦਾਨਗੀ। ਅਖਾੜੇ ਵਿਚ ਗੁਰੂ ਦਾ ਨਾਮ ਲੈ ਕੇ ਚਲਦੇ ਹਾਂ ਗੁਰੂ ਫਤਹਿ ਦੇਵੇਗਾ।'

—'ਮੇਰੀਆਂ ਅਸੀਸਾਂ ਵੀ ਤੁਹਾਡੇ ਨਾਲ ਹਨ। ਮੇਰੇ ਚਾਅ ਮੇਰੀਆਂ ਉਮੰਗਾਂ ਤੁਹਾਡੀਆਂ ਮੁਰਾਦਾਂ ਪੂਰੀਆਂ ਕਰਨਗੇ। ਗੁਰੂ ਰਾਖਾ?' ਆਖ ਕੇ ਤੋਰਿਆ ਆਤਮਾ ਦੇਵੀ ਨੇ ਆਪਣੇ ਸਿਰ ਦੇ ਸਾਂਈਂ ਨੂੰ!

ਇਹ ਸੀ ਪਿਆਰ, ਇਸ ਨੂੰ ਆਖਦੇ ਹਨ ਮੁਹੱਬਤ, ਜਿੱਤ ਤੇ ਹਾਰ ਉਸ ਪਰਮਾਤਮਾ ਦੇ ਹੱਥ ਵਿਚ ਏ।

ਰਸ ਚੂਸ ਲੈਂਦੇ ਹਨ, ਮਿਠੀ ਜੀਭ ਵਾਲੇ।

□□

੧੨

ਤਿਖੜ ਦੁਪਹਿਰਾਂ, ਢਲਦਿਆਂ ਹੀ ਸੂਰਜ ਦਾ ਤਾਓ ਮੱਠਾ ਪੈ ਗਿਆ। ਇਉਂ ਜਾਪਦਾ ਸੀ ਜਿਦਾਂ ਦਿਨ ਦਾ ਅੱਧ ਵਿਚੋਂ ਲਕ ਟੁੱਟ ਗਿਆ ਹੋਵੇ। ਥੜੇ ਬਨਾਉਣ ਵਾਲੇ ਜੁਝਾਰ ਜੋਧੇ ਮਨ ਇਕਾਗਰ ਕਰਕੇ ਥੜੇ ਬਨਾਉਣ ਵਿਚ ਰੁਝੇ ਹੋਏ ਸਨ।

ਥੜਾ ਇਕ ਉਪਮਾ ਸੀ ਬਾਣੀ ਵਿਚ ਆਈ ਹੋਈ, ਕਾਇਆ ਦੀ ਭੋਣੀ ਨਾਲ ਲਮਕਦੀ ਲੱਜ ਸੀ ਥੜਾ। ਇਕ ਸੀੜੀ ਸੀ ਗੁਰੂ ਦੇ ਚੁਬਾਰੇ ਤੇ ਚੜ੍ਹਨ ਦੀ। ਥੜਾ ਇਕ ਮਾਰਗ ਸੀ ਭਗਤੀ ਦਾ, ਉਸ ਮੁੰਦਰੀ ਦਾ ਥੇਵਾ ਸੀ ਉਹ ਥੜਾ ਜਿਸ ਨੂੰ ਬਣਵਾ ਰਹੇ ਸਨ ਗੁਰੂ ਅਮਰਦਾਸ। ਇਸ ਨੂੰ ਸੰਗੇ ਮੀਲ ਆਖਿਆ ਜਾਊ, ਇਹ ਥੜਾ ਸਾਰੀ ਕੌਮ ਨੂੰ ਰੋਸ਼ਨ ਮੁਨਾਰੇ ਦਾ ਕੰਮ ਦੇਵੇਗਾ। ਕੌਮ ਦੀ ਫੁਲਵਾੜੀ ਖਿਲਰੇਗੀ ਤੇ ਇਹ ਥੜਾ ਬੀਜ ਦਾ ਮੁੱਲ ਤਾਰੇਗਾ। ਦੋਵੇਂ ਸੂਰਮਿਆਂ ਦੇ ਚਿਹਰੇ ਵੇਖ ਕੇ ਇਉਂ ਜਾਪਦਾ ਸੀ ਜਿਦਾਂ ਇਨ੍ਹਾਂ ਨੇ ਥੜੇ ਦਾ ਸਾਕਾਰ ਰੂਪ ਸੁਪਨਾ ਵੇਖਿਆ ਹੋਵੇ। ਕਿਸੇ ਦੇ ਚਿਹਰੇ ਮਲਿਨਤਾ ਨਹੀਂ ਸੀ, ਲਾਲੀਆਂ ਭੱਖ ਰਹੀਆਂ ਸਨ। ਦੋਵਾਂ ਦਾ ਨਿਸਚਾ ਸੀ ਕਿ ਮੇਰੇ ਚਿਹਰੇ ਨੂੰ ਕੋਈ ਨਹੀਂ ਨਿੰਦ ਨਹੀਂ ਸਕਦਾ।

ਥੜਿਆਂ ਦੀ ਰੂਪ ਰੇਖਾ ਬਣ ਰਹੀ ਸੀ। ਬਿਆਸਾ ਵੱਲੋਂ ਠੰਢੀ ਹਵਾ ਦਾ ਇਕ ਬੁਲ੍ਹਾ ਆਇਆ। ਟਹਿਕ ਪਿਆ ਚਿਹਰਾ ਗੁਰੂ ਦੇ ਕਾਮਿਆਂ ਦਾ। ਠੰਢੀ ਪੌਣ ਨੇ ਥੜਿਆਂ ਵਿਚ ਨਿਖਾਰ ਪੈਦਾ ਕਰ ਦਿੱਤਾ। ਇਕ ਜੋਤੀ ਜਗਣ ਵਾਲੀ ਸੀ ਥੜੇ ਵਿਚੋਂ। ਥੜੇ ਦੀ ਨਾਭੀ ਵਿਚੋਂ ਇਕ ਰੂਪ ਉਜਾਗਰ ਹੋਣ ਵਾਲਾ ਸੀ। ਥੜਾ ਇਕ ਚੁਰਸਤਾ ਸੀ। ਚਹੁੰ ਵਰਨਾਂ ਦੀ ਮਿਲਣੀ ਦਾ।

ਮੋਹਰੀ ਨੇ ਆਪਣੇ ਥੜੇ ਦੀਆਂ ਨੁੱਕਰਾਂ ਕੱਢੀਆਂ, ਕਿੰਗਰੇ ਬਣਾਏ। ਉਸ ਦੀ ਸ਼ਕਲ ਅੱਠਾਂ ਪੱਤਿਆਂ ਵਾਲੇ ਕਮਲ ਵਰਗੀ ਬਣ ਗਈ। ਉਸ ਦੇ ਉਲੀਕਣ ਵਿਚ ਬੜੀ ਫੁਰਤੀ ਸੀ। ਚਿਤਰਕਾਰੀ ਮੋਹਰੀ ਨੇ ਆਪਣੀਆਂ ਉਂਗਲਾਂ ਨਾਲ ਬਨਾਉਣੀ ਅਰੰਭ ਕਰ ਦਿੱਤੀ। ਉਂਗਲੀਆਂ ਬੁਰਜ ਬਣ ਗਈਆਂ। ਛੈਣੀ ਦਾ ਰੂਪ ਧਾਰਨ ਕਰ ਲਿਆ ਉਂਗਲੀਆਂ ਨੇ। ਉਂਗਲੀਆਂ ਨਸ਼ਤਰ ਵਾਂਗ ਮਿੱਟੀ ਖੁਰਚ ਰਹੀਆਂ ਸਨ। ਲੋਕ ਹੈਰਾਨ ਸਨ ਕਿ ਥੜੇ ਵਿਚ ਮੀਨਾਕਾਰੀ ਦਾ ਚਮਤਕਾਰ ਲਿਸ਼ਕਾਂ ਮਾਰ ਰਿਹਾ ਸੀ। ਇਦਾਂ ਜਾਪਦਾ ਸੀ ਸ੍ਰਿਸ਼ਟੀ ਦਾ ਰਚਨਹਾਰ ਅਪਣੀ ਰਚਨਾ ਕਰ ਰਿਹਾ ਹੋਵੇ। ਅੱਜ ਕੋਈ ਇਸ ਥੜੇ ਨੂੰ ਨਿੰਦ ਨਹੀਂ ਸਕਦਾ, ਗੁਰੂ ਮਹਾਰਾਜ ਨੇ ਜਦੋਂ ਵੇਖਿਆ ਤਾਂ ਬਲਿਹਾਰੇ ਜਾਣਗੇ। ਮੋਹਰੀ ਅੱਜ ਬਾਜ਼ੀ ਮਾਰ ਗਿਐ।

ਆਤਮਾ ਦੇਵੀ ਨੂੰ ਗਵਾਂਢਣਾਂ ਨੇ ਆਣ ਕੇ ਦਸਿਆ ਤਾਂ ਆਤਮਾ ਦੇਵੀ ਆਖਣ ਲਗੀ, —'ਐਵੇਂ ਗਲਤ ਆਖ ਰਹੀਆਂ ਓ, ਝੂਠ ਐਵੇਂ ਨਹੀਂ ਪਥੀ ਦਾ। ਸਰਘੀ ਦੇ ਦੀਵੇ ਵਰਗੀ

ਚਮਚਮਾਹਟ ਏ। ਫਿੜੀ ਮਲਣ ਨਾਲ ਕੋਈ ਰੂਪ ਜ਼ਿਆਦਾ ਨਹੀਂ ਲਿਸ਼ਕ ਪੈਂਦਾ। ਕਸਬ ਸ਼ਰਧਾ ਨੂੰ ਨਹੀਂ ਜਿੱਤ ਸਕਦਾ। ਨਿਮਰਤਾ ਵਿਚ ਪਾਸਕੂ ਨਹੀਂ। ਤਕੱਬਰ ਨੇ ਡੰਡੀ ਦਾ ਹੁਲਾਰਾ ਵੀ ਨਹੀਂ ਖਾਣਾ। ਇਹ ਲਿਸ਼ਕ-ਪੁਸ਼ਕ ਸੂਰਜ ਦੇ ਮੱਧਮ ਪੈਣ ਨਾਲ ਮੱਠੀ ਪੈ ਜਾਣੀ ਏ। ਮੈਂ ਇਨ੍ਹਾਂ ਦੇ ਸਾਰੇ ਕੌਤਮੇ ਦੀ ਜਾਣੂ ਹਾਂ। ਨਾਨੀ ਨੇ ਖੂਹ ਲਵਾਇਆ ਝੂਠ, ਨਾਨੀ ਖਸਮ ਕੀਤਾ ਸੱਚ। ਇਹ ਸਾਹਿਬਜ਼ਾਦੇ ਨਾ ਚੜ੍ਹੇ ਪਉੜੀ। ਉਹ ਸੂਰਤਾਂ ਹੀ ਹੋਰ ਹਨ, ਉਹ ਸ਼ਕਲਾਂ ਹੀ ਵਖਰੀਆਂ ਹਨ। ਕਿਹੜੇ ਗੱਡੇ ਹਨ। ਸ਼ਾਮ ਦੇ ਦੇਵਤੇ ਨੇ ਰਥ ਜੋੜ ਲਿਆ ਏ, ਘੋੜੇ ਦੁੜਕੀ ਪਏ ਤਾਂ ਫੈਸਲੇ ਦਾ ਢੋਲ ਵਜਾ। ਇਹ ਨੀਂਗਰ ਚੰਦ ਘੋੜੀ ਨਾ ਚੜ੍ਹੇ।' ਆਤਮਾ ਦੇਵੀ ਆਖ ਰਹੀ ਸੀ।

—'ਤੈਨੂੰ ਆਪਣੇ ਬੰਦੇ ਤੇ ਵੀ ਵਿਸ਼ਵਾਸ ਨਹੀਂ?' ਗਵਾਂਢਣ ਆਖ ਰਹੀ ਸੀ।

ਪਰ ਆਤਮਾ ਦੇਵੀ ਬੋਲੀ—'ਘਰਦਿਆਂ ਦੇ ਸਾਰਿਆਂ ਨੇ ਦੰਦ ਗਿਣੇ ਹੁੰਦੇ ਹਨ, ਸੁਰਮਾ ਪਾਉਣਾ ਸਾਰੇ ਹੀ ਜਾਣਦੇ ਹਨ, ਪਰ ਮਟਕਾਉਣਾ ਕੋਈ ਕੋਈ ਜਾਣਦਾ ਏ।'

—'ਤੇਰੀ ਜਾਚੇ ਜੇਠਾ ਬਾਜ਼ੀ ਮਾਰ ਜਾਏਗਾ?'

—'ਇਕ ਵਾਰ ਨਹੀਂ ਆਖਦੀ ਵੀਹ ਵਿਸਵੇ ਆਖਦੀ ਹਾਂ। ਮਾਲੀ ਜੇਠਾ ਈ ਲੈ ਕੇ ਨਿਕਲੇਗਾ ਛਿੰਝ ਵਿਚੋਂ।'

ਦੂਜੇ ਪਾਸੇ ਜੇਠੇ ਦਾ ਅਜੇ ਥੜਾ ਵੀ ਨਹੀਂ ਸੀ ਬਣਿਆ। ਉਸ ਵਿਚ ਫੁਰਤੀ ਘੱਟ ਸੀ ਪਰ ਚੇਤੰਨਤਾ ਤਾਂ ਜ਼ਿਆਦਾ ਸੀ। ਹੱਥ ਦੀ ਸਫ਼ਾਈ ਵਿਚ ਵੀ ਕਮਾਲ ਸੀ। ਦੂਣ ਸਵਾਇਆ ਰੂਪ ਚੜ੍ਹਦਾ ਜਾ ਰਿਹਾ ਸੀ ਜਿਥੇ ਜੇਠੇ ਦੇ ਹੱਥ ਲਗਦੇ। ਧੀਰਜ ਸੀ, ਯਕੀਨ ਸੀ, ਸਭ ਤੋਂ ਵੱਡੀ ਗੱਲ ਉਸਦੀ ਹਿੰਮਤ ਬਲਵਾਨ ਸੀ। ਨਿਸ਼ਚਾ ਅੱਟਲ ਸੀ।

ਪਰ ਏਧਰ ਮੋਹਰੀ ਨੇ ਸਾਰੇ ਗੋਇੰਦਵਾਲ 'ਚ ਇਕ ਕਸ਼ਿਸ਼ ਪੈਦਾ ਕਰ ਦਿੱਤੀ ਸੀ। ਲੋਕ ਵਾਹ-ਵਾਹ ਕਰ ਉਠੇ। ਮੋਹਰੀ ਦੇ ਪੈਰ ਜ਼ਮੀਨ ਤੋਂ ਗਿਠ-ਗਿਠ ਉਚੇ ਸਨ। ਮਨ ਚੋਂ ਤਰੰਗ ਉਠਦੀ, ਉਬਾਲੇ ਆਉਂਦੇ, ਠੰਢ ਪੈ ਜਾਂਦੀ, ਕੜ੍ਹੀ ਦਾ ਉਬਾਲ ਦੇਗ ਦੇ ਕੰਢਿਆਂ ਤੋਂ ਬਾਹਰ ਹੋ ਹੋ ਪੈਂਦਾ। ਉਠਿਆ ਉਬਾਲਾ ਇਸ ਤਰ੍ਹਾਂ ਮੱਠਾ ਪੈ ਜਾਂਦਾ ਅੰਨੂ ਦੀ ਝੱਗ ਵਾਂਗ ਬਹਿ ਜਾਂਦਾ ਪਾਣੀ ਦਾ ਬੁਲਬੁਲਾ। ਅਸੀਂ ਗੁਰੂ ਦੇ ਪੁੱਤ ਹਾਂ ਸਾਡੀ ਬਰਾਬਰੀ ਕੌਣ ਕਰੇਗਾ। ਹੰਕਾਰ, ਤਕੱਬਰ, ਗਰਮ ਲਹੂ ਦੀ ਹਰਕਤ ਵਿਚ ਗੇੜੇ ਮਾਰਨ ਲਗ ਪਿਆ।

ਮੋਹਰੀ ਬੋਲਿਆ,—'ਭਾਈਆ ਜੀ, ਸ਼ਾਮ ਹੋਣ ਤੇ ਆਈ ਏ। ਪਿਤਾ ਜੀ ਅੱਜੇ ਤੱਕ ਨਹੀਂ ਆਏ, ਭੁੱਖ ਮੱਚ ਉਠੀ ਏ। ਅੱਜ ਮਿਠੇ ਚੌਲ ਖਾਣ ਤੇ ਦਿਲ ਕਰਦਾ ਏ।'

—'ਮੈਂ ਭਾਬੀ ਜੀ ਨੂੰ ਆਖ ਆਇਆ ਸਾਂ ਆਉਣ ਲੱਗਾ। ਅੱਜ ਤੇ ਮੇਰਾ ਮਨ ਵੀ ਲੋਚਦਾ ਏ ਮਿੱਠੇ ਚੌਲਾਂ ਨੂੰ। ਸੂਰਜ ਡੁਬਣ ਦੀ ਨੌਬਤ ਨਹੀਂ ਆਉਂਦੀ। ਗੁਰੂ ਨੇ ਚਾਹਿਆ ਤਾਂ ਮੇਰਾ ਥੜਾ ਵੀ ਬਣ ਈ ਜਾਊ ਗੁਰੂ ਮਹਾਰਾਜ ਦੇ ਆਉਣ ਤੱਕ। ਤੁਹਾਡੀ ਕ੍ਰਿਪਾ ਦ੍ਰਿਸ਼ਟੀ ਵੀ ਹੋ ਗਈ ਤਾਂ ਪਸੰਦ ਵੀ ਆ ਜਾਏਗਾ ਦਾਤੇ ਦੇ।' ਭਾਈ ਜੇਠਾ ਆਖ ਰਿਹਾ ਸੀ।

—'ਮੈਂ ਤੇ ਬਣਾ ਲਿਆ ਏ, ਮੈਂ ਤੇ ਅੱਜ ਸਿਖਰ ਛੋਹ ਕੇ ਛਡੀ ਏ। ਜਿਥੇ ਗੁਰੂ ਨੇ ਮਨ ਟਿਕਾਇਆ ਏ, ਮੇਰਾ ਉਸ ਟੀਸੀ ਤੇ ਹੱਥ ਪੈ ਗਿਆ ਏ। ਹੁਣ ਇਸ ਤੋਂ ਉਤੇ ਹੋਰ ਕੁਝ ਨਹੀਂ। ਮੱਕਿਓਂ ਪਰੇ ਉਜਾੜ'। ਮੋਹਰੀ ਦੀ ਆਵਾਜ਼ ਉਭਰੀ।

—'ਉਥੇ ਨਾ ਕੋਈ ਪੁੱਜਾ ਜਿਥੇ ਸਤਿਗੁਰੂ ਪੁਜ ਚੁਕੇ ਹਨ। ਗੁਰੂਆਂ ਨਾਲ

ਕਾਹਦੀ ਬਰਾਬਰੀ, ਦੀਵੇ ਦਾ ਕੀ ਮੁਕਾਬਲਾ ਸੂਰਜ ਨਾਲ। ਥੜੇ ਬਣਦੇ ਵੀ ਵੇਖ ਲਏ ਨੇ ਤੇ ਢਹਿੰਦੇ ਵੀ। ਥੜਿਆਂ ਨੇ ਅੱਜੇ ਤੱਕ ਆਪਣਾ ਰੂਪ ਈ ਨਹੀਂ ਧਾਰਿਆ। ਪਰਛਾਵੇਂ ਢਲ ਗਏ ਨੇ, ਮੇਰਾ ਮੇਰਾ ਥੜਾ.........।' ਜੇਠਾ ਦਬੀ ਜ਼ਬਾਨ ਵਿਚ ਆਖ ਰਿਹਾ ਸੀ।

ਬੀਬੀ ਦਾਨੀ, ਬੀਬੀ ਭਾਨੀ ਕੋਲ ਬੈਠੀ ਹੋਈ ਸੀ। ਆਤਮਾ ਦੇਵੀ ਦਾ ਪੀੜ੍ਹਾ ਉਨ੍ਹਾਂ ਦੋਵਾਂ ਦੇ ਸਾਹਮਣੇ ਸੀ।

—'ਸੇਵਾ ਦੇ ਫੁਲ ਕਿਸਦੇ ਸਵੀਕਾਰ ਹੁੰਦੇ ਹਨ'? ਭਾਨੀ ਬੋਲੀ।

—'ਭਾਨੀਏ ਅੱਜ ਤੇਰੀ ਚੁੰਨੀ ਨੂੰ ਗੋਟਾ ਲੱਗ ਜਾਣਾ ਏ'।' ਦਾਨੀ ਨੇ ਕਿਹਾ।

ਬੀਬੀ ਭਾਨੀ ਦੀ ਨੱਥ ਦਾ ਮਾਹਿਆਂ ਢਿੱਲਾ ਹੋ ਗਿਆ ਤੇ ਉਸ ਨੇ ਹੱਥ ਨਾਲ ਸਵਾਹਰਾ ਕੀਤਾ।

—'ਮੈਨੂੰ ਤੇਰੀ ਨੱਥ ਦਾ ਬਲਾਕ ਢਿੱਲਾ ਹੋਇਆ ਜਾਪਦਾ ਏ।' ਦਾਨੀ ਦੇ ਬੋਲ ਸਨ।

—'ਨਣਦੇ ਸ਼ੀਸ਼ੇ ਚੋਂ ਵੇਖ।' ਆਤਮਾ ਦੇਵੀ ਨੇ ਸ਼ੀਸ਼ਾ ਅਗੇ ਕਰ ਦਿੱਤਾ ਭਾਨੀ ਦੇ।

—'ਟੁੱਟ ਪਿਆ ਤੇ ਮੈਨੂੰ ਵੀ ਜਾਪਦਾ ਏ।' ਭਾਨੀ ਆਖਣ ਲਗੀ।

—'ਗੁਰੂ ਜਾਣੇ ਇਹ ਮਾਇਆ।' ਆਤਮਾ ਦੇਵੀ ਦੇ ਮੱਧਮ ਬੋਲ ਸਨ।

ਜਲ ਦਾ ਛਿੱਟਾ ਮਾਰ ਕੇ ਧਰਤੀ ਪਵਿੱਤਰ ਕਰ ਦਿੱਤੀ ਛਿੜਕਾ ਕਰਨ ਵਾਲੇ ਨੇ।

—'ਬਸ ਪਿਤਾ ਜੀ ਹੁਣ ਜਾਣ ਵਾਲੇ ਹੀ ਹਨ ਥੜਿਆਂ ਵੱਲ। ਚਲੋ ਅਸੀਂ ਵੀ ਚਲੀਏ।' ਦਾਨੀ ਨੇ ਆਖਿਆ।

—'ਤੁਸੀਂ ਧੀਆਂ ਓ ਇਸ ਪਿੰਡ ਦੀਆਂ ਤੇ ਮੈਂ ਨੂੰਹ ਹਾਂ।' ਆਵਾਜ਼ ਆਤਮਾ ਦੇਵੀ ਦੀ ਸੀ।

—'ਗੁਰੂ ਮਹਾਰਾਜ ਦੀ ਨਜ਼ਰ ਵਿਚ ਨੂੰਹਾਂ ਧੀਆਂ ਦਾ ਕੀ ਫਰਕ ਏ। ਤੂੰ ਕਿਹੜਾ ਘੁੰਡ ਕਢਣਾ ਏਂ।' ਦਾਨੀ ਤਿਆਰੀ-ਕਰਨ ਵਿਚ ਰੁਝੀ ਹੋਈ ਸੀ।

—'ਨਾ ਬੀਬੀ ਮੈਂ ਤੁਹਾਡੇ ਨਾਲ ਨਹੀਂ ਜਾ ਸਕਾਂਗੀ।'ਆਤਮਾ ਦੇਵੀ ਆਖਣ ਲਗੀ।

—'ਕੇਸਰ ਪੈਂਦਾ ਵੀ ਕਦੀ ਲੁਕਿਆ ਏ। ਲੋਕਾਂ ਨੇ ਕੋਠੇ ਚੜ੍ਹ-ਚੜ੍ਹ ਕੇ ਵੇਖਣਾ ਏਂ।'

—'ਚੰਨ ਚੜ੍ਹਿਆ ਕੁਲ ਆਲਮ ਵੇਖੇ।' ਭਾਨੀ ਬੋਲੀ।

—'ਭਾਈ ਜੇਠੇ ਨੇ ਫੁਰਤੀ ਦੀ ਹੱਦ ਕਰ ਦਿੱਤੀ ਉਸ ਨੇ ਥੜਾ ਸੰਪੂਰਨ ਕੀਤਾ ਤੇ ਹੱਥ ਝਾੜ ਕੇ ਲਾਂਭੇ ਖਲੋ ਗਿਆ। ਮੋਹਰੀ ਜੇਠੇ ਦੇ ਥੜੇ ਕੋਲ ਆਣ ਕੇ ਖਲੋਤਾ ਤੇ ਆਖਣ ਲਗਾ,—'ਭਾਈਆ ਜੀ, ਇਹ ਕੀ ਦੋ ਪੌੜੀਆਂ ਥੜੇ ਦੇ ਨਾਲ।

—'ਹਾਂ ਇਕ ਪਉੜੀ ਅਸ਼ਟ ਪਦ ਕਮਲ ਫੁਲ ਏ ਤੇ ਦੂਜੀ ਪਉੜੀ ਤੇ ਤਿੰਨ ਮੁਖੜੇ ਤੇ ਤੀਜਾ ਥੜਾ।' ਅਜੇ ਗੱਲ ਜੇਠੇ ਦੇ ਮੂੰਹ ਵਿਚ ਹੀ ਸੀ, ਉਸ ਨੂੰ ਪੂਰੀ ਗੱਲ ਕਰਨ ਦਾ ਮੌਕਾ ਈ ਨਾ ਮਿਲਿਆ। ਗੁਰੂ ਮਹਾਰਾਜ ਆਉਂਦੇ ਨਜ਼ਰੀ ਪਏ, ਜੇਠਾ ਬੋਲਿਆ,—'ਮਹਾਰਾਜ ਆ ਰਹੇ ਹਨ।'

—'ਜ਼ਿੰਦਗੀ ਦੀ ਸਾਰੀ ਘਾਲਣਾ, ਸਾਰੀ ਤਪੱਸਿਆ, ਸਾਰਾ ਤੇਜ ਤਪ ਇਕ ਘੜੀ ਵਿਚ ਇਕ ਜੋਤ ਵੀ ਜਗ ਸਕਦੀ ਏ ਤੇ ਦੀਵੇ ਵਾਂਗ ਬੁਝ ਵੀ ਸਕਦੀ ਏ ਦੀਵੇ ਦੀ ਲੋਅ।' ਵਿਚਾਰ ਸਨ ਮੋਹਰੀ ਦੇ।

—'ਫੈਸਲਾ ਤੇ ਉਸ ਕਰਤਾਰ ਦੇ ਹੱਥ ਵਿਚ ਏ।' ਆਖਣ ਲਗਾ ਜੇਠਾ।

ਗੁਰੂ ਮਹਾਰਾਜ ਪੁੱਜ ਗਏ ਉਸ ਅਸਥਾਨ ਤੇ ਜਿਥੇ ਦੋ ਮਹਾਰਥੀ ਖੜੇ ਸਨ। ਦੋਵਾਂ ਨੇ ਸਿਰ ਝੁਕਾਇਆ, ਗੁਰੂ ਬੰਧਨਾ ਕੀਤੀ।

ਸਨਮੁੱਖ ਮੋਹਰੀ ਆਇਆ। ਗੁਰੂ ਮਹਾਰਾਜ ਨੇ ਥੜੇ ਨੂੰ ਚਹੁੰ ਪਾਸਿਓਂ ਵੇਖਿਆ। ਰੀਝ ਲਾ ਕੇ। ਕਦੀ ਏਧਰ ਤੇ ਕਦੀ ਉਧਰ, ਕਦੀ ਉਤੇ, ਇਕ ਵਾਰ ਸੋਚਿਆ ਤੇ ਬੋਲੇ ਸਤਿਗੁਰੂ :

—'ਮੋਹਰੀ ਤੂੰ ਗੰਢ ਤੇ ਖੋਲ੍ਹ ਲਈ ਏ, ਪਰ ਉਖੜ ਗਿਆ ਏਂ, ਭੂਲ ਗਿਆ ਏਂ ਰਾਹ ਤੇ ਚੜ੍ਹਿਆ ਹੋਇਆ।'

—'ਕਿਥੋਂ ਪਿਤਾ ਜੀ ?'

—'ਤੇਰਾ ਤੀਸਰਾ ਨੇਤਰ ਤੇ ਖੁਲ੍ਹਾ ਏ ਪਰ ਜਦੋਂ ਦੀਦਾਰ ਕਰਨ ਦਾ ਵੇਲਾ ਆਇਆ ਤੇ ਨੇਤਰ ਨੇ ਪਲਕ ਝਪਕ ਲਈ। ਭਟਕ ਗਿਓਂ ਰਾਹ ਤੋਂ।'

—'ਕੀ ਮੇਰਾ ਥੜਾ ਪਸੰਦ ਆਇਆ ਪਿਤਾ ਜੀ ?'

—'ਪਸੰਦ ਆ ਜਾਂਦਾ ਜੇ ਰਾਹ ਤੋਂ ਉਖੜਦਾ ਨਾ। ਤੇਰਾ ਥੜਾ ਪਸੰਦ ਨਹੀਂ।' ਫਰਮਾਇਆ ਗੁਰੂ ਮਹਾਰਾਜ ਨੇ।

—'ਤੁਹਾਨੂੰ ਮੇਰਾ ਥੜਾ ਕਦੇ ਪਸੰਦ ਨਹੀਂ ਆ ਸਕਦਾ। ਲੀਹ ਜੁ ਚਲੀ ਆ ਰਹੀ ਏ, ਉਹ ਕਿੱਦਾਂ ਟੁਟੇ ?'

ਮਹਾਰਾਜ ਹੱਸ ਪਏ ਤੇ ਜੇਠੇ ਦੇ ਥੜੇ ਕੋਲ ਆਣ ਖੜੇ ਹੋਏ।

—'ਤੂੰ ਮੰਜ਼ਿਲ ਪਾ ਲਈ ਏ ਜੇਠਿਆ। ਮਾਲਾ ਦੇ ਮਣਕਿਆਂ ਵਿਚ ਹਰ ਕੋਈ ਬੰਦਾ ਪਰੁਚ ਸਕਦਾ ਏ, ਪਰ ਸਿਰਮੌਰ ਦਾ ਮਣਕਾ ਕੋਈ ਵਿਰਲਾ ਹੀ ਬਣਦਾ ਏ। ਤੂੰ ਵੀ ਪਸੰਦ ਏਂ ਜੇਠਿਆ ਤੇ ਤੇਰਾ ਥੜਾ ਵੀ ਪਸੰਦ ਏ।' ਫਰਮਾਇਆ ਗੁਰੂ ਮਹਾਰਾਜ ਨੇ।

ਕਸਤੂਰੀ ਦੀ ਖੁਸ਼ਬੋ ਸਾਰੇ ਗੋਇੰਦਵਾਲ 'ਚ ਫੈਲ ਗਈ।

ਮੱਤ ਹੱਦ ਤੇ ਆ ਕੇ ਰੁਕ ਗਈ। ਰਜ਼ਾ ਸਾਰੇ ਹੱਦ ਬੰਨੇ ਟੱਪ ਕੇ ਵਾਹਿਗੁਰੂ ਕੋਲ ਜਾ ਖੜੀ ਹੁੰਦੀ ਏ।

—'ਹਾਨੀ ਰਹਿ ਗਈ ਤੇ ਭਾਨੀ ਪਾ ਗਈ।' ਆਤਮਾ ਦੇਵੀ ਨੇ ਆਖ ਕੇ ਭਾਨੀ ਦਾ ਮੂੰਹ ਗੁੜ ਦੀ ਰੋੜੀ ਨਾਲ ਮਿੱਠਾ ਕਰ ਦਿੱਤਾ।

ਗੋਇੰਦਵਾਲ ਚਰਚਾ ਦਾ ਕੇਂਦਰ ਬਣ ਗਿਆ।

□□

ਘਨਹਰ ਬੂੰਦ ਬਸੁਅ ਰੋਮਾਵਲਿ, ਕੁਸਮ ਬਸੰਤ ਗਨੰਤ ਨ ਆਵੈ ॥
ਰਵਿ ਸਸਿ ਕਿਰਣਿ, ਉਦਰੁ ਸਾਗਰ ਕੋ, ਗੰਗ ਤਰੰਗ ਅੰਤੁ ਕੋ ਪਾਵੈ ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ, ਕਬਿ ਜਨ ਭਲ ਉਨਹ ਜੁੋ ਗਾਵੈ ॥
ਭਲੇ ਅਮਰ ਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ ॥

(ਸਵਈਏ ਮਹਲੇ ਤੀਜੇ ਕੇ) ਜਾਲਪੁ ਭੱਟ

ਸਿੱਖੀ ਦਾ ਕਿੱਲਾ—"ਬਾਸਰਕੇ"

ਕਬੀਰ ਜੀ ਲਿਖਦੇ ਹਨ :—

ਕਬੀਰ ਜੋ ਮੈਂ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ॥
ਆਪਨਾ ਚਿਤਵਿਆ ਹਰਿ ਕਰੇ ਜੋ ਮੇਰੇ ਚਿਤਿ ਨ ਹੋਇ ॥

ਫ਼ਰਮਾਇਆ ਸਤਿਗੁਰ ਨੇ :—

ਚਿੰਤਾ ਭਿ ਆਪਿ ਕਰਾਇਸੀ ਅਚਿੰਤ ਭੀ ਆਪੇ ਦੇਇ ॥
ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ ॥

ਫਰੀਦ ਜੀ ਬੋਲੇ :—

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥ ੧੨ ॥

ਫਰਮਾਇਆ ਗੁਰਾਂ ਨੇ :—

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥
ਅਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ ੧੩ ॥ ਮ: ੩ ॥

ਫਰੀਦ ਬੋਲਿਆ :—

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥ ੫੧ ॥

ਗੁਰਾਂ ਨੇ ਫ਼ਰਮਾਇਆ :—

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨਾ ਹੋਇ ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥
ਭੈ ਪਇਐ ਤਨ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥ ੫੨ ॥ ਮ: ੩ ॥

ਫਰੀਦ ਬੋਲਿਆ :—

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥ ੧੦੩ ॥

ਗੁਰਾਂ ਨੇ ਫ਼ਰਮਾਇਆ :—

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥ ੧੦੪ ॥ ਮ: ੩ ॥

੧

ਸਿੱਖੀ ਦਾ ਕਿੱਲਾ—"ਬਾਸਰਕੇ"

—ਠਹਿਰ ਜਾ ਭਲਿਆ ਲੋਕਾ ਤੂੰ ਕੌਣ ਏਂ । ਨਵਾਬ ਅਬਦੁੱਲੇ ਨੇ ਘੋੜੇ ਦੀ ਲਗਾਮ ਫੜ ਲਈ ।

—ਮੈਂ ਰੱਬ ਦਾ ਬੰਦਾ ਹਾਂ ।

—ਬੰਦੇ ਤੇ ਸਾਰੇ ਹੀ ਰੱਬ ਦੇ ਹੁੰਦੇ ਹਨ ਮੈਂ ਤੇ ਸਿਰਫ ਤੈਨੂੰ ਈ ਪੁਛਿਆ ਏ ਕਿ ਤੂੰ ਕੌਣ ਏਂ—ਨਵਾਬ ਅਬਦੁੱਲਾ ਨੇ ਦੂਜੀ ਵੇਰ ਫਿਰ ਪੁਛਿਆ ।

—ਮੈਂ ਨਵਾਬ ਨਹੀਂ । ਸਧਾਰਣ ਜਿਹਾ ਬੰਦਾ ਹਾਂ, ਲਾਗੇ ਦੇ ਪਿੰਡ ਵਿਚ ਰਹਿੰਦਾ ਹਾਂ, ਮੈਨੂੰ ਪਾਰੋ ਡਲਾ ਆਖਦੇ ਹਨ ਲੋਕ ।

—ਭਰਾ ਡਲਿਆ ! ਮੈਂ ਇਕ ਅਰਜ਼ ਕਰਨੀ ਹੈ, ਮੈਂ ਇਕ ਗਲਤ-ਫ਼ਹਿਮੀ ਵਿਚ ਮੁਬਤਲਾਅ ਹਾਂ ਤੈਨੂੰ ਵੇਖ ਕੇ ਮੈਨੂੰ ਕਿਸੇ ਭੂਤਨੀ ਦਾ ਭੁਲੇਖਾ ਪਿਆ ਹੈ—ਚਲੋ ਚੰਗਾ ਹੋਇਆ ਮੈਂ ਅਵਾਜ਼ ਮਾਰ ਲਈ, ਨਹੀਂ ਤੇ ਸਾਰੀ ਰਾਤ ਬੜ-ਬੜਾ ਕੇ ਉੱਠਣਾ ਸੀ । ਤਾਂ ਤੂੰ ਤੇ ਆਪਣਾ ਭਰਾ ਏਂ । ਬੋਲ ਨਵਾਬ ਅਬਦੁੱਲਾ ਦੇ ਸਨ ।

ਪਾਰੋ ਡਲਾ ਆਖਣ ਲੱਗਾ ਤੁਸੀਂ ਦਿੱਲੀਉਂ ਆਏ ਓ ਤੇ ਲਾਹੌਰ ਜਾਣਾ ਏ ।

—ਜਾਣਾ ਤੇ ਲਾਹੌਰ ਈ ਏ, ਦਿੱਲੀ ਤੋਂ ਨਹੀਂ ਆਇਆ,ਜਲੰਧਰ ਤੋਂ ਆਇਆ ਹਾਂ। ਅਵਾਜ਼ ਅਬਦੁੱਲਾ ਦੀ ਸੀ ।

—ਤੁਹਾਡੀ ਡੀਲ ਡੌਲ ਵੇਖ ਕੇ ਇਉਂ ਜਾਪਦੇ ਜਿਵੇਂ ਤੁਸੀਂ ਨਵਾਬ ਓ ।

—ਹਾਂ ਭਾਈ ਹੁਣੇ ਹੁਣੇ ਇਹਨਾਂ ਨੂੰ ਨਵਾਬੀ ਲੱਭੀ ਹੈ। ਪਹਿਲਾਂ ਇਹ ਘੋੜਿਆਂ ਦਾ ਵਣਜ ਕਰਦੇ ਸਨ, ਅਰਬ ਵਿਚੋਂ ਘੋੜੇ ਲਿਆਉਣੇ ਤੇ ਹਿੰਦੁਸਤਾਨ ਵਿਚ ਵੇਚਣੇ। ਦਿੱਲੀ, ਲਾਹੌਰ, ਮੁਲਤਾਨ ਇਹੋ ਈ ਤੇ ਮੰਡੀਆਂ ਸਨ, ਜੇ ਕੁਝ ਮਾਲ ਬਚ ਗਿਆ ਬੀਜਾਪੁਰ ਗੋਲਕੁੰਡਾ ਵੇਚ ਲਿਆ। ਅੱਜ ਕਲ੍ਹ ਉਹ ਜੱਦੀ ਵਪਾਰ ਮੁੰਡਿਆਂ ਦੇ ਹਵਾਲੇ ਕਰ ਦਿੱਤਾ ਏ। ਹਕੂਮਤ ਵਲੋਂ ਨਵਾਬੀ ਦਾ ਖਿਤਾਬ-ਮਿਲ ਗਿਆ ਏ। ਉਹਦੇ ਦਬ-ਦਬੇ ਨਾਲ ਅੱਜ ਕਲ੍ਹ ਥੋਕ ਘੋੜੇ ਆਉਂਦੇ ਹਨ ਤੇ ਥੋਕ ਈ ਵੇਚੇ ਜਾਂਦੇ ਹਨ। ਉਹ ਵੇਖ ਨਾ ਘੋੜਿਆਂ ਦੀ ਮੰਡੀ ਲੱਗੀ ਹੋਈ ਕਿਤੇ ਅਵਾਜ਼ ਸੁਣਾਈ ਦਿੰਦੀ ਏ। ਘੋੜੇ ਈ ਘੋੜੇ। ਸੱਜਣਾ, ਪੱਤਣ ਵੇਖ ਕੇ ਏਧਰ ਆਏ ਸਾਂ ਪਰ ਅੱਗੇ ਦਰਿਆ ਪਿਆ ਸ਼ੂਕਦਾ ਏ। ਠਾਠਾਂ ਮਾਰਦਾ ਦਰਿਆ। ਬੰਨੇ ਤੋੜ ਕੇ ਵਗਦੀ ਬਿਆਸਾ, ਸੱਤ ਦਿਨ ਹੋ ਗਏ ਨੇ ਪੱਤਣ ਤੇ ਬੈਠਿਆਂ, ਦਰਿਆ ਦਾ ਉਂਗਲੀ ਪਾਣੀ ਨੀਵਾਂ ਨਹੀਂ ਹੋਇਆ। ਆਖਣ ਵਾਲਾ ਅਹਿਲਕਾਰ ਸੀ ਅਬਦੁੱਲੇ ਦਾ।

—ਹੁਣੇ ਹੁਣੇ ਤੂੰ ਈ ਦਰਿਆ ਪਾਰ ਕਰ/ਕੇ ਗਿਆ ਸੈਂ ਤੇ ਫਿਰ ਉਸੇ ਘੋੜੇ ਤੇ ਪਰਤ ਕੇ ਆਇਆ ਏਂ। ਅਬਦੁੱਲਾ ਆਖਣ ਲੱਗਾ।

—ਹਾਂ ਮੈਂ ਈ ਸਾਂ ਆਪਣੇ ਗੁਰੂ ਦੇ ਦਰਸ਼ਨ ਨੂੰ ਗਿਆ ਸਾਂ।

—ਚੜ੍ਹੇ ਤੂਫ਼ਾਨ ਵਿਚ ਮੱਛਰਿਆ ਵਹਿੜਕਾ ਤੇ ਕੂਤਰੀਆਂ ਲਹਿਰਾਂ ਬਿਲਕੁਲ ਮੌਤ ਦੀ ਨਿਆਈਂ ਹਨ। ਤੇਰਾ ਘੋੜਾ ਕਿੱਦਾਂ ਦਰਿਆ ਵਿਚ ਠਿੱਲ੍ਹ ਪਿਆ, ਜਰਾ ਤਬਕਿਆ ਨਹੀਂ, ਰਤੀ ਡਰਿਆ ਨਹੀਂ।

—ਗੁਰੂ ਦਾ ਨਾਂ ਲੈ ਕੇ।

—ਕਿਹੜੇ ਗੁਰੂ ਦਾ। ਕੌਣ ਗੁਰੂ ਏ ਤੇਰਾ।

—ਮੇਰੇ ਗੁਰ ਨੂੰ ਤੁਸੀਂ ਨਹੀਂ ਜਾਣਦੇ? ਉਹਨਾਂ ਨੂੰ ਤੇ ਸਭ ਜੱਗ ਜਾਣਦਾ ਏ।

—ਮੈਂ ਤੇ ਨਹੀਂ ਜਾਣਦਾ ਭਰਾ! ਪਰ ਤੇਰਾ ਗੁਰੂ ਬੜਾ ਪਹੁੰਚਿਆ ਹੋਇਆ ਵਲੀ ਜਾਪਦਾ ਏ ਮੈਨੂੰ।

—ਪਰਦੇਸੀ ਭਾਵੇਂ ਨਾ ਜਾਨਣ, ਬਾਕੀ ਤੇ ਸਾਰਾ ਪੰਜਾਬ ਉਹਨਾਂ ਦਾ ਨਾਂ ਲੈ ਲੈ ਕੇ ਜੀਉਂਦਾ ਏ।

—ਜਿਸ ਤਰ੍ਹਾਂ ਤੂੰ ਮੈਨੂੰ ਨਹੀਂ ਜਾਣਦਾ ਵਸਦੇ ਪੰਜਾਬ ਵਿਚ ਤੇ ਉਹ ਮੇਰੇ ਨਾਂ ਤੋਂ ਜਾਣੂੰ ਨਾ ਹੋਵੇ।

—ਮੈਂ ਹਜ਼ੂਰ ਸਿਰਫ਼ ਤਿੰਨ ਚੀਜ਼ਾਂ ਈ ਜਾਣਦਾ ਆਂ। ਇਕ ਆਪਣਾ ਪਿੰਡ, ਦੂਜਾ ਗੋਇੰਦਵਾਲ ਤੇ ਤੀਜਾ ਗੁਰੂ ਮਹਾਰਾਜ। ਏਵੇਂ ਰਾਹ ਰੋਕ ਕੇ ਖੜੀ ਹੋ ਜਾਂਦੀ ਏ ਬਿਆਸਾ। ਇਸ ਤੋਂ ਇਲਾਵਾ ਮੈਂ ਕਦੇ ਆਲੇ ਦੁਆਲੇ ਵੱਲ ਧਿਆਨ ਈ ਨਹੀਂ ਮਾਰਿਆ। ਮੈਨੂੰ ਲੋੜ ਈ ਨਹੀਂ ਪੈਂਦੀ ਕਦੇ। ਸਾਡਾ ਕੀ ਏ ਮੋਟਾ ਖਾਣਾ, ਮੋਟਾ ਪਹਿਨਣਾ, ਕਿਸੇ ਦੀ ਚੁਗਲੀ ਸੁਣਨੀ ਨਹੀਂ ਤੇ ਕਿਸੇ ਦੀ ਨਿੰਦਿਆ ਕਰਨੀ ਨਹੀਂ। ਦਸਾਂ ਨਹੁੰਆਂ ਦੀ ਕਮਾਈ ਕਰਨੀ, ਦੋ ਫੁਲਕੇ ਛਕਣੇ ਤੇ ਗੁਰੂ ਦਾ ਨਾਮ ਜੱਪਣਾ। ਨਾ ਕਾਹੂ ਸੇ ਦੋਸਤੀ ਨਾ ਕਾਹੂ ਸੇ ਬੈਰ।

—ਕਮਾਲ ਏ, ਖ਼ੁਦਾ ਨੇ ਦੁਨੀਆਂ ਵਿਚ ਇਹੋ ਜਿਹੇ ਬੰਦੇ ਪੈਦਾ ਕੀਤੇ ਨੇ। ਤੇਰੀ ਕੁਦਰਤ ਤੋਂ ਬਲਿਹਾਰੇ ਬਲਿਹਾਰੇ ਜਾਈਏ। ਨਵਾਬ ਅਬਦੁੱਲੇ ਨੇ ਪਨਾਹ ਮੰਗੀ ਖ਼ੁਦਾ ਕੋਲੋਂ।

—ਆਲੀ ਜਾਹ, । ਸਾਹਿਬ ਬਿਆਸਾ ਤੋਂ ਡਰ ਗਏ। ਏਨੇ ਦਰਿਆ ਹੰਗਾਲਣ ਵਾਲਾ ਇਕ ਛੋਟੀ ਜਿਹੀ ਨਦੀ ਅੱਗੇ ਹੌਸਲਾ ਹਾਰ ਬੈਠਾ । ਆਖਣ ਵਾਲਾ ਅਬਦੁੱਲੇ ਦਾ ਇਕ ਸਾਥੀ ਸੀ।

—ਸਮਝਦਾਰੀ ਤੋਂ ਕੰਮ ਲਿਆ ਏ ਖ਼ਾਨ ਬਹਾਦਰ ਨੇ। ਬੋਲ ਪਾਰੋ ਡਲੇ ਦੇ ਸਨ।

—ਇਹ ਕਿਉਂ ?

—ਜੇ ਘੋੜਾ ਬਿਆਸਾ ਵਿਚ ਠਿਲ੍ਹ ਪੈਂਦਾ ਤੇ ਨਾ ਘੋੜਾ ਲੱਭਦਾ ਤੇ ਨਾ ਸਵਾਰ। ਬਿਆਸਾ ਲਹੂ ਪੀਣੀ ਨਦੀ ਏ।

—ਨਦੀਆਂ ਸਾਰੀਆਂ ਲਹੂ ਪੀਣੀਆਂ ਹੁੰਦੀਆਂ ਨੇ।

—ਫ਼ਰਕ ਏ ਲਹੂ-ਲਹੂ ਪੀਣ ਵਿਚ।

—ਉਹ ਕਿੱਦਾਂ ?

—ਲੈ ਸੁਣ ਭਾਈ, ਇਹ ਬਿਆਸਾ ਨਦੀ ਨੂੰ ਸ਼ਰਫ਼ ਹਾਸਲ ਏ। ਇਹਨੇ ਵੱਡਿਆਂ ਵੱਡਿਆਂ ਤਾਰੂਆਂ ਦੇ ਮੂੰਹ ਭੰਨ ਦਿੱਤੇ। ਪਨਾਹ ਮੰਗ ਕੇ ਗਏ। ਇਹ ਬੜੀ ਜ਼ਾਲਮ ਨਦੀ ਏ, ਪਰ ਇਹਦੀ ਪਵਿੱਤਰਤਾ ਨੂੰ ਕੋਈ ਨਹੀਂ-ਲਲਕਾਰ ਸਕਦਾ।

—ਦੋਵੇਂ ਚੀਜ਼ਾਂ ਇਕੋ ਵਾਰ ਇਸ ਨਦੀ ਦੇ ਨਾਲ ਕਿਵੇਂ ਜੁੜ ਗਈਆਂ ਨੇ। ਹਾਂ, ਵੇਖਿਆ ਈ ਦਰਿਆ ਫਨੀਅਰ ਸੱਪ ਵਾਂਗ ਸ਼ੂਕ ਰਿਹਾ ਏ। ਲਹਿਰਾਂ ਕ੍ਰੂਤਰੇ ਭੇਡੂ ਵਾਂਗ ਟੱਕਰਾਂ ਮਾਰ ਰਹੀਆਂ ਨੇ ਕੰਢਿਆਂ ਨੂੰ। ਤੂਫ਼ਾਨ ਦਾ ਫ਼ਰਿਸ਼ਤਾ ਦਰਿਆ ਦੇ ਕਲੇਜੇ ਵਿਚ ਬੈਠਾ ਹੋਇਆ ਏ।

ਦਰਿਆ ਪਾਰ ਕਰਨਾ ਤੇ ਦਰ ਕੇਨਾਰ, ਮਾੜਾ ਜਿਹਾ ਸੋਚਿਆਂ ਵੀ ਜਾਨ ਕਬਜ਼ ਹੋ ਜਾਂਦੀ ਏ। ਸ਼ਾਹ ਸਵਾਰ ਅੱਲਾ-ਅੱਲਾ ਪੁਕਾਰ ਉੱਠਦੇ ਹਨ। ਚੜ੍ਹਿਆ ਦਰਿਆ ਵੇਖ ਕੇ ਸਰੀਰ ਕੰਬ ਜਾਂਦਾ ਏ ਖੱਬੀ ਖ਼ਾਨਾਂ ਦਾ। ਕ੍ਰੂਤਰੀ ਬਿਆਸਾ ਨੇ ਇਕ ਮਾੜੀ ਜਿਹੀ ਨਜ਼ਰ ਈ ਮਾਰੀ ਸੀ ਦੁਨੀਆਂ ਨੂੰ ਫ਼ਤਹਿ ਕਰਨ ਵਾਲਾ ਸਿਕੰਦਰੇ-ਆਜ਼ਮ ਠਠੰਬਰ ਗਿਆ। ਉਹਦੀ ਫ਼ੌਜ ਨੇ ਹਥਿਆਰ ਸੁੱਟ ਦਿੱਤੇ। ਫ਼ੌਜੀ ਆਖ ਰਹੇ ਸਨ ਚਾਰ ਦਰਿਆ ਲੰਘ ਕੇ ਆਏ ਅਸੀਂ ਜਾਣੀਏਂ ਸਾਡਾ ਖ਼ੁਦਾ, ਜਾਨ ਕੰਬਦੀ ਸੀ ਦਰਿਆਵਾਂ ਦੀ ਬੂਥੀ ਵੇਖਿਆਂ। ਮੈਦਾਨੇ-ਜੰਗ ਏਨਾ ਜਾਨ ਲੇਵਾ ਨਹੀਂ ਜਿੰਨੇ ਖ਼ਤਰਨਾਕ ਦਰਿਆ ਹਨ, ਹਿੰਦੁਸਤਾਨ ਦੇ। ਸਾਡੇ ਪਿਉ ਦੀ ਤੋਬਾ ਅਸਾਂ ਅੱਗੇ ਨਹੀਂ ਜਾਣਾ। ਕਿੰਨੇ ਬੰਦੇ ਦਰਿਆ ਦੀ ਭੱਠੀ ਵਿਚ ਝੋਂਕ ਸਕਦਾ ਸੀ ਸਿਕੰਦਰ ! ਪਰ ਬਿਆਸਾ ਸਾਹਮਣੇ ਖੜੀ ਲਲਕਾਰ ਰਹੀ ਸੀ। ਮੈਂ ਤੁਹਾਨੂੰ ਖਾ ਜਾਣਾ ਏ। ਭਲੀ ਚਾਹੁੰਦੇ ਓ ਤੇ ਵਾਪਸ ਮੁੜ ਜਾਓ। ਸਿਕੰਦਰ ਕੀ ਏ, ਮੈਂ ਕਈ ਸਿਕੰਦਰ ਨਿਗਲ ਸਕਦੀ ਆਂ, ਜੇ ਸਿਕੰਦਰ ਮੇਰੀ ਪਕੜ ਵਿਚੋਂ ਨਿਕਲ ਵੀ ਗਿਆ ਤੇ ਅੱਧੀ ਫ਼ੌਜ ਨੂੰ ਤੇ ਮੈਂ ਹੜੱਪ ਕਰ ਈ ਜਾਵਾਂਗੀ। ਨਿਕਲ ਜਾਏ ਸਿਕੰਦਰ ਬਚ ਕੇ ਕਿਧਰ ਜਾਊ। ਮੇਰੇ ਅੱਗੇ ਮੇਰੀ ਭੈਣ ਸਤਲੁਜ ਫੰਨ ਚੁੱਕੀ ਖੜੀ ਏ, ਸਿਕੰਦਰ ਨਹੀਂ ਬਚ ਸਕਦਾ। ਸਿਕੰਦਰ ਦੀ ਫ਼ੌਜ ਨਹੀਂ ਬਚ ਸਕਦੀ। ਫ਼ੌਜ ਨੇ ਮੂੰਹ-ਤੋੜ ਜਵਾਬ ਦਿੱਤਾ, ਅਸੀਂ ਨਹੀਂ ਬਿਆਸਾ ਪਾਰ ਕਰਨੀ। ਏਨੀ ਗੱਲ ਸੁਣ ਕੇ ਸਿਕੰਦਰ ਨੇ ਹਾਰ ਮੰਨ ਲਈ ਜਿਨੇ ਕਦੀ ਖ਼ੁਦਾ ਤੋਂ ਵੀ ਹਾਰ ਨਹੀਂ ਸੀ ਮੰਨੀ, ਉਸ ਗੋਡੇ ਟੇਕ ਦਿੱਤੇ। ਬਿਆਸਾ ਨੂੰ ਸੱਤ ਸਲਾਮਾਂ ਕੀਤੀਆਂ, ਅਲਵਿਦਾ ਆਖੀ ਤੇ ਵਾਪਸ ਯੂਨਾਨ ਪਰਤ ਗਿਆ। ਬੋਲ ਸਨ ਪਾਰੋ ਡਲੇ ਦੇ।

—ਤੂੰ ਤੇ ਬਿਆਸਾ ਨੂੰ ਪਾਰ ਕਰਦਿਆਂ ਅੱਖ ਵੀ ਨਹੀਂ ਝਮਕੀ। ਧੰਨ ਏ ਤੂੰ ਤੇ ਧੰਨ

ਏ ਤੇਰਾ ਘੋੜਾ। ਮੈਂ ਤੈਨੂੰ ਵੀ ਸਲਾਮ ਕਰਦਾ ਆਂ ਤੇ ਤੇਰੇ ਘੋੜੇ ਨੂੰ ਵੀ। ਬੋਲ ਉਭਰੇ ਅਬਦੁੱਲਾ ਨਵਾਬ ਦੇ।

—ਨਵਾਬ ਸਾਹਿਬ ਸਲਾਮ ਕਰਨੀ ਏ ਤਾਂ ਮੇਰੇ ਗੁਰੂ ਨੂੰ ਕਰੋ, ਜਿਸ ਦੀ ਸ਼ਕਤੀ ਮੈਨੂੰ ਬਿਆਸਾ ਪਾਰ ਕਰਵਾ ਦਿੰਦੀ ਏ। ਹਰ ਰੋਜ਼ ਮੈਂ ਇਕ ਵਾਰ ਪਾਰ ਜਾਂਦਾ ਆਂ ਤੇ ਮੱਥਾ ਟੇਕ ਕੇ ਵਾਪਸ ਮੁੜ ਆਉਂਦਾ ਹਾਂ। ਮੈਨੂੰ ਤੇ ਬਿਆਸਾ ਫੁੱਲਾਂ ਵਾਂਗ ਚੁੱਕ ਕੇ ਲੈ ਜਾਂਦੀ ਏ ਤੇ ਫੁੱਲਾਂ ਵਾਂਗੂੰ ਵਾਪਸ ਲੈ ਆਉਂਦੀ ਏ—ਇਹ ਸਭ ਬਰਕਤਾਂ ਮੇਰੇ ਗੁਰੂ ਦੀਆਂ ਨੇ ਮੇਰੇ ਤੇ, ਨਹੀਂ ਤੇ ਕਿਆ ਪਿਦੀ ਕਿਆ ਪਿਦੀ ਦਾ ਸ਼ੋਰਬਾ। ਮੇਰੀ ਕਾਇਆ ਕਾਹਦੀ ਏ ਤੇ ਮੈਂ ਕਾਹਦੇ ਜੋਗਾ ਆਂ, ਇਹ ਸਭ ਬਖਸ਼ਿਸ਼ਾਂ ਮੇਰੇ ਤੇ ਮੇਰੇ ਗੁਰੂਆਂ ਦੀਆਂ ਹਨ। ਮੇਰਾ ਗੁਰੂ ਜੱਗ ਤਾਰਨਹਾਰ ਏ ਪਾਰੋ ਡਲਾ ਆਖੀ ਜਾ ਰਿਹਾ ਸੀ।

—ਤੂੰ ਖੁਸ਼ਕਿਸਮਤ ਏਂ ਸੱਜਣਾ ਜਿਸ ਨੂੰ ਕਾਮਲ ਗੁਰੂ ਮਿਲਿਆ ਏ। ਅਸੀਂ ਵੀ ਤੇ ਹਾਂ ਜਿਹੜੇ ਬਿਨਾਂ ਮੁਰਸ਼ਦ ਦੀ ਤੁਰੇ ਫਿਰਦੇ ਹਾਂ, ਨਾ ਦੁਨੀਆਂ ਈ ਸੌਰੀ ਤੇ ਨਾ ਆਕਬਤ। ਮੌਲਾ ਦਾ ਨਾਂ ਲੈ ਕੇ ਇਕ ਅੱਧ ਤਸਬੀ ਫੇਰ ਲੈਂਦੇ ਹਾਂ, ਮੈਨੂੰ ਤੇ ਖਾਜਾ ਖਿਜਰ ਜਾਪਦਾ ਏ ਤੇਰਾ ਗੁਰੂ—ਅਬਦੁੱਲਾ ਨਵਾਬ ਬੋਲਿਆ।

—ਮੈਂ ਤੇ ਸਿਰਫ਼ ਇਹੀ ਜਾਣਦਾ ਹਾਂ ਕਿ ਮੇਰਾ ਗੁਰੂ ਪਾਰ ਉਤਾਰਨ ਵਾਲਾ ਏ। ਬੰਦੇ ਦੀ ਚੁਰਾਸੀ ਮੇਰਾ ਗੁਰੂ ਕੱਟ ਸਕਦਾ ਏ। ਮੇਰੇ ਗੁਰੂ ਕੋਲ ਚੁਰਾਸੀ ਕੱਟਣ ਦੀਆਂ ਚਾਬੀਆਂ ਹਨ। ਪਾਰੋ ਡਲਾ ਢਿੱਲੇ ਜਿਹੇ ਬੁੱਲ੍ਹ ਕਰ ਕੇ ਆਖ ਰਿਹਾ ਸੀ।

—ਸੱਜਣਾ, ਸਾਨੂੰ ਵੀ ਦੀਦਾਰ ਕਰਵਾ ਦੇ। ਮੁਸਲਮਾਨ ਗੁਰੂ ਦੇ ਵਿਹੜੇ ਤਾਂ ਜਾ ਸਕਦਾ ਏ ਨਾ।

—ਏਥੇ ਹਿੰਦੂ ਤੇ ਮੁਸਲਮਾਨ ਦਾ ਕੋਈ ਸਵਾਲ ਨਹੀਂ। ਏਥੇ ਤਾਂ ਕਰਮਾਂ ਤੇ ਨਬੇੜੇ ਹੁੰਦੇ ਹਨ।

—ਫਿਰ ਕਰ ਕਿਰਪਾ।

—ਕਲ੍ਹ ਚਲਾਂਗੇ।

—ਨਹੀਂ।

—ਅੱਜ ਦਾ ਕੰਮ ਕਲ੍ਹ ਤੇ ਨਹੀਂ ਛਡੀਦਾ। ਭਲਾਈ ਤੇ ਪੁਛ-ਪੁਛ।

—ਤੇ ਬਹਿ ਜਾ ਫਿਰ ਮੇਰੇ ਘੋੜੇ ਤੇ।

—ਕਾਮਲ ਯਕੀਨ ਨਾਲ ਨਵਾਬ ਨੇ ਪਾਰੋ ਦੇ ਘੋੜੇ ਤੇ ਪਲਾਕੀ ਮਾਰੀ ਤੇ ਬਹਿ ਗਿਆ। ਘੋੜੇ ਨੇ ਪਹਿਲਾਂ ਆਪਣੇ ਅਗਲੇ ਦੋਵੇਂ ਪੈਰ ਚੁਕ ਲਏ ਤੇ ਫੁੰਕਾਰਾ ਮਾਰਿਆ। ਸੀਸ ਨਿਵਾ ਰਿਹਾ ਸੀ ਘੋੜਾ ਗੁਰੂ ਦੇ ਹਜ਼ੂਰ ਵਿਚ।

—ਸਾਖੀਕਾਰ ਆਖਦੇ ਹਨ ਜਦ ਪਾਰੋ ਨੇ ਪਾਠ ਅਰੰਭਿਆ ਤੇ ਐਸੀ ਮਸਤੀ ਆਈ, ਆਪ ਤੇ ਦੋਵਾਂ ਨੇ ਮਸਤ ਹੋ ਜਾਣਾ ਈ ਸੀ। ਪੰਛੀ ਆਪਣੇ ਆਲ੍ਹਣਿਆਂ ਵਿਚ ਵੀ ਸ਼ਾਂਤ ਹੋ ਗਏ।

ਘੋੜੇ ਨੇ ਅਜੇ ਆਪਣੇ ਅਗਲੇ ਪੈਰ ਹੀ ਚੁਕੇ ਸਨ ਪਾਰੋ ਡਲੇ ਨੇ ਲਗਾਮਾਂ ਖਿਚੀਆਂ ਘੋੜੇ ਦੀਆ ਤੇ ਆਖਣ ਲਗਾ—ਨਵਾਬ ਸਾਹਿਬ ਤੁਸਾਂ ਘੋੜੇ ਤੇ ਪਲਾਕੀ ਮਾਰ ਲਈ ਤੇ ਅਸੀਂ ਚਲੇ ਆਂ ਯਾਰ ਦੇ ਦੁਆਰੇ। ਕੌਣ ਜਾਣਦਾ ਏ ਕਦ ਮੁੜੀਏ। ਮੁੜੀਏ ਕਿ ਨਾ ਈ

ਮੁੜੀਏ। ਪਿਛਲਾ ਲਾਕਾ ਦੇਕਾ ਅਸੀਂ ਨਾਲ ਲੈ ਕੇ ਕੁਝ ਨਹੀਂ ਜਾਣਾ। ਜਿੰਨਾ ਚਿਰ ਬੰਦੇ ਦੇ ਪੰਧ ਪਰਾਣ ਮੋਕਲੇ ਨਾ ਹੋਏ, ਯਾਰ ਕੋਲ ਜਾਣ ਦਾ ਕੀ ਲਾਭ ?

—ਯਾਦ ਕਰਵਾ ਦਿੱਤਾ ਈ ਭਰਾਵਾ। ਪੀਂਘ ਹੁਲਾਰੇ ਚੜ੍ਹੀ ਹੋਵੇ ਤੇ ਫਿਰ ਕੌਣ ਸਾਥ ਉਡੀਕਦਾ ਈ। ਭਲਾ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜ਼ਾਬੋਂ ਛੁਟੀ।

ਅਸਮਾਨ ਅਲੀ ਖ਼ਾਂ ਯਹ ਲੋ ਖ਼ਜ਼ਾਨੇ ਕੀ ਚਾਬੀਆਂ ਤੁਮ ਜਾਨੋ ਔਰ ਤੁਮਾਰਾ ਕਾਮ। ਮੈਂ ਤੇ ਮੇਲੇ ਚਲਿਆ, ਬੌਹੜ ਆਇਆ ਤੇ ਆਣ ਮਿਲਾਂਗੇ ਨਹੀਂ ਤੇ ਖ਼ੁਦਾ ਹਾਫ਼ਿਜ਼। ਮੇਰੀ ਉਡੀਕ ਨਾ ਕਰੀਂ। ਆਪਣੀ ਮਾਂ ਨੂੰ ਆਖੀਂ, ਅੱਬਾ ਯਾਰ ਨੂੰ ਮਿਲਣ ਗਿਆ ਏ। ਅੱਡਾ ਅਲਵਿਦਾ।

—ਅਲਵਿਦਾ ਅਬਾ ਜਾਨ, ਆਪ ਕਹੀਂ ਭੀ ਰਹੇਂ ਹਮਾਰੇ ਸਰ ਪਰ ਸ਼ਫ਼ਕਤ ਕਾ ਹਾਥ ਜ਼ਰੂਰ ਰੱਖਨਾ।

—ਅਸਲਾਮਾ-ਏ-ਲੇਕਮ।

—ਵਾ ਲੇਕਮ ਅਸਲਾਮ।

ਪਾਠ ਸ਼ੁਰੂ ਕੀਤਾ ਪਾਰੋ ਡਲੇ ਨੇ, ਵਜਦ ਆਇਆ ਸਰੀਰ ਵਿਚ, ਨੈਨਾਂ ਵਿਚ ਮਸਤੀ ਛਾ ਗਈ। ਹੁਣ ਚੁਕੇ ਘੋੜੇ ਨੇ ਦੋਵੇਂ ਸੁੰਮ। ਜ਼ਰਾ ਕੁ ਰੁਕਿਆ। ਜ਼ਰਾ ਕੁ ਝਟਕਾ ਆਇਆ ਚਾਰੇ ਸੁੰਮ ਚੁੱਕ ਲਏ ਘੋੜੇ ਨੇ, ਕਦੇ ਘੋੜਾ ਚਲਿਆ ਤੇ ਕਦੇ ਰੁਕ ਗਿਆ। ਬਿਆਸਾ ਦੀਆਂ ਲਹਿਰਾਂ ਨੇ ਘੋੜੇ ਦੇ ਸੁੰਮ ਗਿਲੇ ਵੀ ਨਾ ਕੀਤੇ। ਘੋੜੇ ਦੇ ਪੈਰ ਥੰਮੇ, ਇਕ ਹੁਲਾਰਾ ਜਿਹਾ ਸੀ, ਸਵਾਰਾਂ ਵੇਖਿਆ ਉਹ ਬਿਆਸਾ ਨਦੀ ਤੋਂ ਪਾਰ ਹਨ। ਹੜ੍ਹ ਦਾ ਮਾਰੂ ਰਾਹ ਬਿਆਸਾ ਦੇ ਕਲੇਜੇ ਵਿਚ ਰੜਕ ਰਿਹਾ ਛਬਰੂ ਵਾਂਗੂ।

—ਧੰਨ ਏ ਸਜਣਾ ਤੇਰਾ ਗੁਰੂ ! ਤੇ ਧੰਨ ਏ ਤੇਰੀ ਸ਼ਰਧਾ। ਨਵਾਬ ਅਬਦੁੱਲਾ ਨੇ ਆਖਿਆ।

—ਨਿਸਚਾ।

—ਹਾਂ। "ਜਿਨ੍ਹੇਂ ਕਾ ਇਸ਼ਕ ਸਾਦਿਕ ਹੈ, ਵੁਹ ਕਬ ਫਰਿਆਦ ਕਰਤੇ ਹੈਂ !
ਲਬੋਂ ਪਰ ਮੁਹਰੇ ਖਾਮੋਸ਼ੀ ਦਿਲੋਂ ਮੇਂ ਯਾਦ ਕਰਤੇ ਹੈਂ" !!

ਅਬਦੁਲਾ ਇਸ ਤਰ੍ਹਾਂ ਸੋਚ ਰਿਹਾ ਸੀ।

ਦੋਵੇਂ ਗੁਰੂ ਦੇ ਦੁਆਰੇ ਜਾ ਰਹੇ ਸਨ। ਅਬਦੁਲਾ ਨੇ ਸੋਚਿਆ ਗੁਰੂ ਕੋਲ ਚਲਿਆਂ ਏ ਕੋਈ ਤੋਹਫ਼ਾ ਈ ਲੈ ਕੇ ਆਉਣਾ ਸੀ ਨਾਲ। ਮੋਹਰਾਂ ਕੀ ਨਜ਼ਰਾਨਾ ਕਰਾਂ ਇਹ ਤੇ ਬਾਦਸ਼ਾਹਾਂ ਦੇ ਚੋਚਲੇ ਹਨ।

ਹਾਂ, ਚੇਤੇ ਆ ਗਈ।

ਅਬਦੁਲਾ ਨੇ ਜਦ ਗੁਰੂ ਨੂੰ ਭਰ ਨੈਨਾਂ ਨਾਲ ਵੇਖਿਆ, ਇਕ ਹਲੂਣਾ ਜਿਹਾ ਆਇਆ ਇਕ ਝੂਟਾ ਜਿਹਾ, ਇਕ ਮਸਤੀ ਜਿਹੀ, ਤਰੰਗ ਦੀ ਇਕ ਲਹਿਰ ਇਕ ਖੁਮਾਰੀ ਜਿਹੀ, ਕੀ ਸੀ ਉਹ ਦਸੀ ਨਹੀਂ ਜਾ ਸਕਦੀ। ਬਿਆਨ ਨਹੀਂ ਕੀਤੀ ਜਾ ਸਕਦੀ ਤੇ ਨਾ ਅਬਦੁਲਾ ਹੀ ਕੁਝ ਆਖ ਸਕਦਾ ਸੀ, ਬਿਲਕੁਲ ਉਹੋ ਈ ਹਾਲਤ ਸੀ ਜਿਹੜਾ ਮੂਸਾ ਦੀ ਸੀ ਕੋਹੇਤੂਰ ਉਤੇ। ਕਸਤੂਰੀ ਦਾ ਨਾਫ਼ਾ ਉਸ ਗੁਰੂ ਦੇ ਚਰਨਾਂ ਉਤੇ ਰੱਖ ਕੇ ਸਜਦਾ ਕਰ ਦਿੱਤਾ।

—ਕੌਣ ਸਿੱਖ ਏ ਡਲਿਆ, ਫੁਰਮਾਇਆ ਗੁਰੂ ਮਹਾਰਾਜ ਨੇ।

—ਅਬਦੁਲਾ।

—ਹਜ਼ੂਰ, ਅਬਦੁਲਾ ਨਵਾਬ ਜਲੰਧਰ ਸ਼ਹਿਰ ਦਾ ਏ। ਨਹੀਂ-ਨਹੀਂ ਇਹ ਸਭ ਕੁਝ

ਨਹੀਂ ਇਹ ਸਭ ਖਾਬ ਸੀ ਝੂਠਾ ਖਾਬ। ਇਸ ਬੇਦਾਰੀ ਵਿਚ ਇਸ ਕਾ ਕੋਈ ਵਜੂਦ ਨਹੀਂ।

—ਗੁਰੂ ਆਖਣ ਲਗੇ ਭਾਈ ਤੂੰ ਤੇ ਮੈਨੂੰ ਅਬਦੁਲਾ ਨਹੀਂ ਜਾਪਦਾ, ਮੈਨੂੰ ਤੇ ਅਲਾ ਦਾ ਯਾਰ ਜਾਪਦਾ ਏਂ।

—ਬਸ ਸਾਰੇ ਗੋਇੰਦਵਾਲ ਵਿਚ ਅਬਦੁਲਾ ਨਾਂ ਦਾ ਕੋਈ ਵਿਅਕਤੀ ਨਹੀਂ ਸੀ ਰਹਿ ਗਿਆ। ਸਾਰੇ ਪਾਸੇ ਧੁੰਮ ਗਿਆ ਸੀ ਅੱਲਾ ਯਾਰ। ਕਸਤੂਰੀ ਦੀ ਖੁਸ਼ਬੂ ਚੌਹੀਂ ਪਾਸੀਂ ਖਿਲਰ ਗਈ। ਹਵਾ ਵਿਚ ਸੁੰਗਧੀ ਸੀ ਕਸਤੂਰੀ ਦੇ ਨਾਫੇ ਦੀ।

—ਕੁੜੀ ਦਾ ਸਹੁਰਿਆਂ ਨੇ ਨਾਂ ਬਦਲ ਦਿੱਤਾ।

□□

੨

ਭਾਈ ਪਾਰੋ ਡੱਲਾ ਭਾਵੇਂ ਗੁਰੂ ਦਾ ਸਿੱਖ ਸੀ ਪਰ ਓਦਾਂ ਉਸਦੀ ਇੱਜ਼ਤ ਸਾਰੀ ਮੱਲ ਗੁਜ਼ਾਰ ਵਿਚ ਸੀ। ਲੋਕ ਪੁੱਛ-ਪੁੱਛ ਕੇ ਤੁਰਦੇ ਸਨ, ਪਿੰਡ ਵਿਚ ਪੱਗ ਬੰਨ੍ਹ ਬੰਦਾ ਜੁ ਸੀ। ਬਿਰਾਦਰੀ ਵਾਲੇ ਉਸਦੇ ਪੁੱਛੇ ਤੋਂ ਬਿਨਾਂ ਨਿੱਛ ਵੀ ਨਹੀਂ ਸਨ ਮਾਰਦੇ। ਪਿੰਡ ਵਿਚ ਕੋਈ ਝਗੜਾ ਹੋ ਜਾਏ, ਭਰਾ-ਭਰਾ ਆਪੋ ਵਿਚ ਲੜ ਪੈਣ, ਸਿਰ-ਧੜ ਦੀ ਬਾਜ਼ੀ ਲੱਗ ਜਾਏ ਸ਼ਰੀਕਾਂ ਵਿਚ, ਵੱਢ ਪੈ ਜਾਏ ਪਿੰਡ ਦੀਆਂ ਪੱਤੀਆਂ ਵਿਚ, ਜਦ ਫੈਸਲਾ ਅਦਾਲਤ ਵਿਚੋਂ ਨੇਪਰੇ ਨਾ ਚੜ੍ਹਦਾ, ਪਿੰਡ ਦੀ ਪੰਚਾਇਤ ਸਿਰ ਪਟਕ ਕੇ ਮਰ ਜਾਂਦੀ, ਕੁੜਮ ਸਿਰ ਦੀ ਪੱਗ ਲਾਹ ਕੇ ਪੈਰਾਂ ਤੇ ਧਰ ਦਿੰਦੇ ਪਰ ਖਾਰ ਫਿਰ ਨੀ ਨਾ ਜਾਂਦੀ, ਸਗੋਂ ਅੱਗ ਭੜਕਦੀ। ਫਿਰ ਪਾਰੋ ਡੱਲੇ ਨੂੰ ਸੱਦਿਆ ਜਾਂਦਾ। ਹਾਰੇ ਦਾ ਨਿਆਂ ਪਾਰੋ ਡੱਲਾ। ਧੌਲੀਆਂ ਦਾੜ੍ਹੀਆਂ ਵਾਲੇ ਜਦੋਂ ਪਾਰੋ ਦੀ ਸ਼ਕਲ ਵੇਖਦੇ ਉਨ੍ਹਾਂ ਤੇ ਮਸ਼ਕਾਂ ਪਾਣੀ ਪੈ ਜਾਂਦਾ। ਵਿਚਾਰੇ ਪਾਣੀਓਂ ਪਤਲੇ ਹੋ ਜਾਂਦੇ। ਨਿਮੋਝੂਣੇ ਹੋਏ ਸਿਰ ਸੁੱਟ ਬਹਿੰਦੇ। ਪਾਰੋ ਡੱਲਾ ਬਹੁਤੀਆਂ ਗੱਲਾਂ ਕਰਨ ਦਾ ਆਦੀ ਨਹੀਂ ਸੀ। ਇਸੇ ਲਈ ਮੁਸਲਮਾਨ ਤੇ ਹਿੰਦੂ ਉਸਦੀਆਂ ਸੱਜੀਆਂ-ਖੱਬੀਆਂ ਅੱਖਾਂ ਸਨ। ਆਮ ਤੌਰ ਤੇ ਝਗੜੇ ਜਾਂ ਸ਼ਰੀਕਾਂ ਵਿਚ ਹੁੰਦੇ ਜਾਂ ਮੁਸਲਮਾਨਾਂ ਤੇ ਹਿੰਦੂਆਂ ਦੇ। ਮੁਸਲਮਾਨ ਹਾਕਮ ਸਨ ਤੇ ਹਿੰਦੂ ਵਿਚਾਰੇ ਮਜ਼ਲੂਮ। ਸਿਆਣੇ ਮੁਸਲਮਾਨ ਤੇ ਝਗੜੇ ਦਾ ਫੈਸਲਾ ਪਿੰਡ ਵਿਚ ਕਰ ਲੈਂਦੇ, ਪਰ ਅੜਬ, ਆਕੜਬਾਜ਼ ਤੇ ਹੈਂਕੜੀ ਝਗੜੇ ਦੀ ਛਾਣਨੀ ਸਿਰ ਤੇ ਚੁੱਕ ਕੇ ਕਾਜ਼ੀ ਦੀ ਮਹਿਫਲ ਵਿਚ ਲੈ ਜਾਂਦੇ ਤੇ ਉਥੋਂ ਬੁੱਕ ਘੱਟਾ ਪੁਆ ਕੇ ਜਦ ਘਰ ਮੁੜਦੇ, ਜਦ ਦੋਵਾਂ ਧਿਰਾਂ ਦੀ ਖੁਚੀਂ ਘੱਟਾ ਪੈ ਜਾਂਦਾ, ਖੁੰਬ ਠੱਪੀ ਜਾਂਦੀ, ਠੰਡ ਪੈ ਜਾਂਦੀ। ਥੱਕ ਟੁੱਟ ਕੇ ਮੱਥੇ ਤੇ ਹੱਥ ਧਰਨ ਜੋਗੇ ਹੋ ਜਾਂਦੇ। ਕੋਠਾ, ਕੁੱਲਾ ਵੇਚ-ਵੱਟ ਬਹਿੰਦੇ ਤਾਂ ਪਿੰਡ ਦੇ ਭਰਾ ਪੰਚਾਇਤ ਬਣਕੇ ਬਹਿ ਜਾਂਦੇ। ਭਲੇ ਬੰਦਿਆਂ ਦਾ ਇਕੱਠ ਜਦ ਜਮ੍ਹਾ ਹੋ ਜਾਂਦਾ ਤਾਂ ਉਸਦੇ ਵਿਚ ਪਾਰੋ ਡੱਲੇ ਨੂੰ ਨਿਉਤਾ ਦਿੱਤਾ ਜਾਂਦਾ। ਮਜ਼ੇ ਦੀ ਗੱਲ ਇਹ ਸੀ ਕਿ ਜਦ ਕੋਈ ਧੜਾ ਦੂਜੇ ਧੜੇ ਦੇ ਬਾਰੇ ਗੱਲ ਕਰਦਾ ਤੇ ਬਿਨਾਂ ਕਸਮ ਖਾਧੇ ਸੱਚ ਬੋਲਦਾ, ਝੂਠ ਉਸਦੀ ਜ਼ਬਾਨ ਨਾ ਕਬੂਲਦੀ, ਜਦ ਦੋਵੇਂ ਧੜੇ ਨਿੱਤਰ ਕੇ ਸੱਚ ਬੋਲਣ ਦੀ ਸਹੁੰ ਖਾ ਲੈਂਦੇ ਤਾਂ

ਝਗੜੇ ਦੀ ਜੜ੍ਹ ਪਲ ਵਿਚ ਫੜੀ ਜਾਂਦੀ। ਪਾਰੋ ਡੱਲਾ ਤਾਂ ਦੋ ਟੁੱਕ ਫੈਸਲਾ ਕਰਨਾ ਜਾਣਦਾ ਸੀ। ਜਦ ਉਸਦੀ ਜੀਭ ਤੋਂ ਫੈਸਲੇ ਦੇ ਸ਼ਬਦ ਨਿਕਲੇ ਸਾਰਾ ਪਿੰਡ ਉਸ ਦੇ ਫੈਸਲੇ ਤੇ ਫੁੱਲ ਚੜ੍ਹਾ ਦਿੰਦਾ, ਉਸ ਕਦੇ ਧੜਾ ਨਹੀਂ ਸੀ ਪਾਲਿਆ। ਹਰ ਛੋਟਾ ਵੱਡਾ, ਸਰਕਾਰੀ, ਗੈਰ ਸਰਕਾਰੀ, ਅਹਿਲਕਾਰ, ਪਤਵੰਤਾ, ਖੜਪੈਂਚ, ਸਰਪੰਚ ਸੂਬੇ ਦੇ, ਪਿੰਡ ਦੇ ਸਾਊ ਬੰਦੇ ਮੁਸਲਮਾਨ ਤੇ ਮੌਲਾਣੇ, ਕਾਜ਼ੀ, ਪੰਡਤ, ਬਰਾਹਮਣ, ਖਤਰੀ, ਜੱਟ, ਕੰਮੀਂ, ਕਮੀਨ ਕਾਰਿੰਦੇ ਸਾਰੇ ਉਸ ਦੇ ਰਾਹਾਂ ਤੇ ਅੱਖਾਂ ਵਿਛਾਉਂਦੇ। ਬਿਆਸਾ ਦੇ ਕੰਢੇ ਪਾਰ ਦਾ ਇਲਾਕਾ ਉਸ ਦੇ ਮੂੰਹ 'ਚੋਂ ਨਿਕਲੇ ਇਕ ਬੋਲ ਨੂੰ ਪੱਥਰ ਤੇ ਲੀਕ ਮੰਨ ਲੈਂਦਾ। ਕਾਜ਼ੀ ਦੀ ਹੁਕਮ ਅਦੂਲੀ ਤਾਂ ਹੋ ਸਕਦੀ ਸੀ, ਪਰ ਪਾਰੋ ਡੱਲੇ ਦੇ ਆਖੇ ਤੋਂ ਕੋਈ ਨਾਂਹ ਨੁੱਕਰ ਨਾ ਕਰਦਾ ਤੇ ਨਾ ਹੀ ਕੋਈ ਉਸਨੂੰ ਪਤਾਰਦਾ। ਗੁਰੂ ਦਰਬਾਰ ਵਿਚ ਵੀ ਉਸ ਦੀ ਕਾਫੀ ਗੁੱਡੀ ਚੜ੍ਹੀ ਹੋਈ ਸੀ। ਚਾਰੇ ਬਾਰੇ ਵਿਚ ਉਸ ਦੀ ਨੇਕ ਨਾਮੀ, ਪਿਆਰ ਮੁਹੱਬਤ ਦੇ ਡੰਕੇ ਵਜਦੇ ਸਨ। ਇਕ ਵਾਰ ਸਾਹਿਬ ਸੱਚੇ ਸਤਿਗੁਰ ਭਾਈ ਡੱਲੇ ਤੇ ਇੰਨੇ ਦਿਆਲ ਹੋਏ ਕਿ ਪਰਮਹੰਸ ਆਖਕੇ ਸਤਿ-ਕਾਰਿਆ ਤੇ ਸਾਰੇ ਪੰਥ ਵਿਚ ਉਹ ਪਰਮਹੰਸ ਵਜੋਂ ਮਸ਼ਹੂਰ ਹੋ ਗਏ। ਇਕ ਦਿਨ ਗੁਰੂ ਮਹਾਰਾਜ ਵਜਦ ਵਿਚ ਆਏ ਇੰਨੇ ਦਿਆਲੂ ਹੋ ਗਏ ਕਿ ਮਿਹਰਬਾਨੀਆਂ ਦੀ ਹੱਦ ਤੋੜ ਦਿੱਤੀ, ਪ੍ਰਸੰਨ ਵੀ ਹੋਏ ਤੇ ਹੱਦਾਂ ਲਾਹ ਦਿੱਤੀਆਂ, ਫ਼ਰਮਾਇਆ, 'ਸਿੱਖਾ ਤੂੰ ਗੁਰਗੱਦੀ ਦੀ ਜ਼ਿੰਮੇਵਾਰੀ ਸਾਂਭ ਤੇ ਸਾਨੂੰ ਛੁੱਟੀ ਦੇ।' ਪਰ ਭਾਈ ਪਾਰੋ ਨੇ ਨਿਮਰਤਾ ਨਾਲ ਹੱਥ ਜੋੜ ਕੇ ਆਖਿਆ :

ਮੋ ਕੋ ਗੁਰਸਿੱਖੀ ਮਨ ਭਾਵੇ
ਗੁਰਿਆਈ ਸਤਿਗੁਰਹਿ ਸੁਹਾਵੇ।

□□

੩

—'ਹੁਣ ਤੇ ਮੈਂ ਤੁਹਾਨੂੰ ਅੱਲਾ ਯਾਰ ਦੇ ਨਾਂ ਨਾਲ ਹੀ ਸੱਦਾਂ, ਇਹਦੇ ਵਿਚ ਈ ਤੁਹਾਡਾ ਮਾਣ ਏ, ਇਹ ਗੁਰੂ ਘਰ ਦੀ ਪਦਵੀ ਏ, ਬੜੇ ਭਾਗਾਂ ਨਾਲ ਮਿਲਦੀ ਏ। ਕਈਆਂ ਉਮਰ ਵਿਹਾ ਦਿੱਤੀ। ਤਿਲਕੇ ਤੇ ਧੁਰ ਉਤਲੀ ਪੌੜੀ ਤੋਂ, ਫਿਰ ਕਿਸ ਤਰ੍ਹਾਂ ਸਾਬਤ ਬਚੇ ਹੱਡੀ-ਪਸਲੀ। ਦਲ੍ਹੀਜਾਂ ਤੇ ਘਰ-ਬਾਹਰ ਲੰਘਦਿਆਂ-ਟੱਪਦਿਆਂ ਦੀ ਬੁੱਢੇ ਹੋ ਗਏ। ਇਹ ਰੁਤਬਾ ਕਿਸੇ ਖ਼ੁਸ਼ ਕਿਸਮਤ ਨੂੰ ਹੀ ਨਸੀਬ ਹੁੰਦਾ ਏ। ਇਸ ਮੰਦਰ ਦੀ ਧੂੜ ਜਿਸਨੂੰ ਨਸੀਬ ਹੋਈ ਉਸਦੀ ਕਾਇਆ ਸਵਰਨ ਬਣ ਗਈ। ਪਰ ਧੰਨ ਹੋ ਤੁਸੀਂ ਤੇ ਧੰਨ ਹੈ ਤੁਹਾਡਾ ਅਕੀਦਾ। ਤੁਸਾਂ ਤੇ ਇਸ ਤਰ੍ਹਾਂ ਪਾਈ ਜਿਦਾਂ ਧੰਨੇ ਭਗਤ ਨੂੰ ਭਗਵਾਨ ਮਿਲ ਗਿਆ, ਜਿਦਾਂ ਧ੍ਰੂ ਨੂੰ ਭਗਵਾਨ ਨੇ ਕੋਲ ਸੱਦ ਲਿਆ, ਪ੍ਰਹਿਲਾਦ ਨੂੰ ਬੁਕਲ ਵਿਚ ਲੁਕੋ ਲਿਆ ਸੀ ਭਗਵਾਨ ਨੇ ਤੇ ਹਰਨਾਕਸ਼ ਨੂੰ ਚੁਰਾਸੀ ਦੇ ਗੇੜੇ ਵਿਚ ਪਾ ਦਿੱਤਾ। ਭਗਤ ਦੇ ਵਸ ਵਿਚ ਭਗਵਾਨ ਏ। ਕਸਵੱਟੀ ਤੇ ਤੁਹਾਡੀ ਮਾੜੀ ਜਿਹੀ ਕੱਸ ਹੀ ਲੱਗੀ ਤੇ ਪਾਸੇ ਦਾ ਸੋਨਾ ਉਸੇ ਵੇਲੇ ਈ ਪਰਖਿਆ

ਗਿਆ । ਅੱਜ ਤੁਹਾਨੂੰ ਅੱਲਾ ਯਾਰ ਆਖਣ ਵਾਲੇ ਵੀਹ ਮਿਲਣਗੇ ਤੇ ਅਬਦੁਲਾ ਆਖਣ ਵਾਲਾ ਇਕ ਵੀ ਨਾ ਮਿਲੇ ।' ਆਖ ਰਿਹਾ ਸੀ ਪਾਰੋ ਡੱਲਾ ।

—'ਇਹ ਨਿਆਮਤਾਂ, ਇਹ ਬਖਸ਼ਸ਼ਾਂ ਸਭ ਤੇਰੀਆਂ ਰਹਿਮਤਾਂ ਦੀ ਬਦੌਲਤ ਹਨ, ਤੇਰੀਆਂ ਮੇਹਰਬਾਨੀਆਂ ਦੇ ਸਦਕੇ ਮੈਨੂੰ ਇਹ ਥਾਂ ਪ੍ਰਾਪਤ ਹੋਈ ਏ । ਤੇਰੀਆਂ ਬਰਕਤਾਂ ਦਾ ਮੈਂ ਅਹਿਸਾਨਮੰਦ ਹਾਂ । ਨਹੀਂ ਤਾਂ ਪਤਾ ਨਹੀਂ ਕਿੰਨੇ ਜਨਮ ਹੋਰ ਭਟਕਣਾ ਪੈਣਾ ਸੀ । ਅਸਲ ਵਿਚ ਇਸ ਰਾਹ ਗੁਜ਼ਰ ਵਿਚ ਤੂੰ ਹੀ ਮੇਰੀ ਲਾਠੀ ਨੂੰ ਸਹਾਰਾ ਦਿੱਤਾ ਏ, ਮੇਰੀ ਡੰਗੋਰੀ ਮੜ੍ਹ ਦਿੱਤੀ ਏ ਸੋਨੇ ਵਿਚ, ਮੇਰੀ ਆਕਬਤ ਤੂੰ ਹੀ ਸਵਾਰੀ ਏ । ਖ਼ੁਦਾ ਤੇਰੀ ਝੋਲੀ ਰਹਿਮਤਾਂ ਨਾਲ ਭਰ ਦੇਵੇ । ਮੈਂ ਤੇਰਾ ਬਹੁਤ ਰਿਣੀ ਹਾਂ । ਪਰ ਸੱਜਣਾ, ਹੁਣ ਮੇਰੀ ਫੱਟੀ ਤੇ ਪਹਿਲੇ ਸਬਕ ਦੇ ਪੂਰਨੇ ਤੂੰ ਆਪਣੇ ਹੱਥੀਂ ਪਾ, ਤਾਂ ਜੋ ਮੈਂ ਸਬਕ ਪੜ੍ਹ ਸਕਾਂ । ਤਾਕ ਹੋ ਜਾਵਾਂ, ਹਾਫਜ਼ ਬਣ ਜਾਵਾਂ, ਜੇ ਕੋਈ ਮੇਰੇ ਮਜ਼ਹਬ ਦਾ ਸੂਫ਼ੀ, ਸੰਤ ਇਧਰ ਦੀ ਲੰਘਦਾ ਆ ਜਾਏ ਤਾਂ ਉਸ ਦੇ ਕਲੇਜੇ ਠੰਢ ਤੇ ਪਾ ਸਕਾਂ, ਰੁਤਬਾ ਤੇ ਦੱਸ ਸਕਾਂ ਆਪਣੇ ਗੁਰੂ ਦਾ । ਇਸ ਮਦਰੱਸੇ ਦੀ ਰੀਤ ਦੇ ਮੁਤਾਬਕ ਮੈਨੂੰ ਉਂਗਲੀ ਲਾਈ ਚਲ, ਤਾਲਿਬ ਇਲਮ ਰਹਾਂ ਸਾਰੀ ਹਯਾਤੀ । ਤੇਰਾ ਮੈਂ ਦੇਣ ਨਹੀਂ ਦੇ ਸਕਦਾ । ਤੇਰੇ ਚਰਨਾਂ ਦੀ ਧੂੜ ਅਕਸੀਰ ਏ । ਜ਼ਰਾ ਕੁ ਉਰੇ ਕਰ ਚਰਨ, ਮੈਂ ਮੱਥੇ ਨੂੰ ਲਾਵਾਂ ਪਾਕ ਹੋ ਜਾਏ, ਪਾਕ ਦਾਮਨ ਬਣ ਜਾਵਾਂ । ਹਾਜੀ ਮੱਕੇ ਨੂੰ ਜਾਂਦੇ ਹਨ, ਮੇਰਾ ਮੱਕਾ ਹੁਣ ਗੋਇੰਦਵਾਲ ਏ । ਇਹ ਹੱਜੇ ਅਕਬਰ ਏ ।' ਅੱਲਾ ਯਾਰ ਸੀ ਆਖਣ ਵਾਲਾ ।

—'ਚਰਨ ਧੂੜ ਲੈਣੀ ਏਂ ਤਾਂ ਗੁਰੂ ਦੀ ਲੈ, ਮੈਂ ਤੇ ਜੋ ਕੁਝ ਜਾਣਦਾ ਹਾਂ ਅੱਜ ਤੈਨੂੰ ਦੱਸਦਾ ਹਾਂ । ਬਹਿ ਜਾ ਨਿੱਠ ਕੇ ਧਿਆਨ ਲਾ ਕੇ ਸੁਣ, ਗੁਰੂ ਦੀ ਮਹਿਮਾ ਕੋਈ ਗਾ ਨਹੀਂ ਸਕਦਾ ।' ਪਾਰੋ ਡੱਲੇ ਨੇ ਆਪਣੀਆਂ ਅੱਖਾਂ, ਅੱਖਾਂ ਵਿਚ ਪਾਈਆਂ ਨਿਹਾਲ ਹੋ ਗਿਆ ਅੱਲਾ ਯਾਰ । ਅਸਾਂ ਘਰ ਸੱਜਣਾਂ ਦੇ ਜਾਣਾ ਝੱਗਾ ਪਾਕੇ ਖੱਟੇ ਰੰਗ ਦਾ ।

ਭੱਟ, ਭੱਲ ਨੇ ਜੋ ਆਖਿਆ ਏ ਉਸਨੂੰ ਸਵਰਨ ਅੱਖਰਾਂ ਵਿਚ ਲਿਖਿਆ ਜਾ ਸਕਦਾ ਏ । ਕੋਈ ਸਮਾਧੀ ਲਾਵੇ, ਅੰਤਰ ਧਿਆਨ ਹੋ ਕੇ ਜਾਂ ਜੰਤਰ ਦਾ ਸਹਾਰਾ ਲਵੇ, ਸ਼ਾਇਦ ਬੱਦਲਾਂ ਦੀਆਂ ਕਣੀਆਂ ਗਿਣ ਸਕੇ, ਧਰਤੀ ਦੀ ਬਨਸਪਤੀ ਦਾ ਲੇਖਾ ਗਿਣ ਕੇ ਚਿੱਠਾ ਬਣਾ ਲਵੇ ਜਾਂ ਸੂਰਜ ਦੀਆਂ ਕਿਰਨਾਂ ਮਿਣ ਲਵੇ, ਸਮੁੰਦਰ ਦਾ ਚਿੱਕੜ ਮਾਪ ਲਵੇ ਜਰੀਬਾਂ ਰੱਖ ਕੇ । ਗੰਗਾ ਦੀਆਂ ਲਹਿਰਾਂ ਦਾ ਹਿਸਾਬ ਲਗਾ ਲਵੇ ਜੋਤਸ਼ੀ ਦਾ ਸਹਾਰਾ ਲੈ ਕੇ, ਪਰ ਗੁਰੂ ਅਮਰ ਦਾਸ ਦੇ ਗੁਣ ਕੋਈ ਗਿਣ ਨਹੀਂ ਸਕਦਾ, ਕਿਉਂਕਿ ਆਪਣੇ ਵਰਗੇ ਉਹ ਆਪ ਹੀ ਹਨ । ਪਰ ਫਿਰ ਵੀ ਸਮਕਾਲੀ ਸਿੱਖਾਂ, ਸ਼ਰਧਾਲੂ ਭਗਤਾਂ, ਭੱਟਾਂ, ਭਾਈ ਗੁਰਦਾਸ, ਨੰਦ ਲਾਲ ਤੇ ਗੁਰਦਾਸ ਦੂਜੇ ਤੇ ਇਸ ਤੋਂ ਬਾਅਦ ਦੇ ਵਿਦਵਾਨਾਂ, ਸਾਖੀਕਾਰਾਂ ਤੇ ਬੰਸਾਵਲੀ ਨਾਮੇ ਵਾਲੇ ਇਤਿਹਾਸਕਾਰਾਂ ਨੇ ਅਨੁਭਵ ਕੀਤਾ, ਘੋਖਿਆ, ਸੋਚਿਆ, ਸਮਝਿਆ ਤੇ ਲਿਖਿਆ । ਇਸਦਾ ਵਰਨਣ ਕਰਨ ਨਾਲ ਮਹਾਰਾਜ ਦਾ ਰੁਤਬਾ, ਸ਼ਖਸੀਅਤ ਦਾ ਝਲਕਾਰਾ ਸ਼ਾਇਦ ਅਸੀਂ ਮੰਨ ਸਕਦੇ । ਉਹ ਚੰਦਰਮਾ ਹਨ, ਉਨ੍ਹਾਂ ਦੀ ਕਨਾਤ ਥੱਲੇ ਰਾਤ ਵੀ ਕੱਟ ਲਈ ਤਾਂ ਵੀ ਅੱਧ ਪੌੜੀਆਂ ਚੜ੍ਹ ਲਈਆਂ । ਜਿਨ੍ਹਾਂ ਨੇ ਰਾਤ ਦਿਨ ਆਨੰਦ ਮਾਣਿਆ ਹੋਵੇ, ਉਨ੍ਹਾਂ ਦਾ ਕੋਈ ਕੀ ਹਿਸਾਬ ਲਾਵੇ ? ਇਸ ਸੂਰਜ ਦੀ ਗਰਮੀ ਲਓ, ਖ਼ੂਨ ਪਘਰੇ, ਗਰਮਾਇਸ਼ ਆਵੇ ਲਹੂ ਵਿਚ, ਆਬੇ ਹਯਾਤ ਦਾ ਚਸ਼ਮਾ ਏ, ਦੋ ਘੁੱਟ ਭਰ ਲਓ ਸ਼ਰਧਾ ਨਾਲ, ਬਹਿਸ਼ਤ ਦੇ ਦਵਾਰ ਖੁਲ੍ਹ ਜਾਂਦੇ ਹਨ ।' ਬੋਲ ਪਾਰੋ ਡੱਲੇ ਦੇ ਸਨ ।

—'ਮੇਰੀ ਬਿਰਤੀ ਸਿਰਫ਼ ਹੁਣ ਤਾਂ ਤੁਹਾਡੇ ਵਲ ਈ ਲੱਗੀ ਏ। ਤੁਹਾਡੇ ਕੰਠ ਵਿਚੋਂ ਨਿਕਲੇ ਸ਼ਬਦ ਮੇਰੇ ਸੀਨੇ ਤੇ ਉਕਰੇ ਜਾਣਗੇ ਤੇ ਮੈਂ ਸਾਰੀ ਜ਼ਿੰਦਗੀ ਉਨ੍ਹਾਂ ਨੂੰ ਸੀਨੇ ਨਾਲ ਲਾ ਕੇ ਰਖਾਂਗਾ।' ਅੱਲਾ ਯਾਰ ਆਖਣ ਲੱਗਾ।

—'ਛੇ ਅੱਖਰ ਜੁੜਨ ਤੇ ਮੇਰੇ ਗੁਰੂ ਦਾ ਨਾਮ ਬਣਦਾ ਏ। ਇਹ ਇਕ ਕੰਠੀ ਏ, ਪੰਜ ਮਣਕੇ ਹਨ ਤੇ ਛੇਵਾਂ ਮਣਕਾ ਸਿਰਮੌਰ ਦਾ ਏ, ਅਲਫ, ਮੀਮ, ਰੇ, ਦਾਲ, ਅਲਫ਼ ਸੀਨ। ਅਲਫ਼ ਹਰ ਭਟਕ ਰਹੇ ਬੰਦੇ ਲਈ ਸੁਖ ਆਰਾਮ ਦੀ ਦਾਤ ਬਖਸ਼ਣ ਵਾਲਾ।

ਮੁਬਾਰਕ ਮੀਮ ਆਤੁਰ ਤੇ ਲਾਚਾਰ ਤੇ ਬੇਸਹਾਰੇ ਨੂੰ ਸੁਖ ਬਖਸ਼ਣ ਵਾਲੀ ਏ। ਉਨ੍ਹਾਂ ਦੇ ਵਚਨ ਵਰ ਦਿੰਦੇ ਹਨ ਤੇ ਪਰਾਣੀ ਦੀ ਮੁਥਾਜੀ ਮੁੱਕ ਜਾਂਦੀ ਏ।

ਰੇ, ਅਮਰ ਮੁਖੜੇ ਦੀ ਸ਼ੋਭਾ ਤੇ ਰੌਣਕ ਏ ਤੇ ਇਹੋ ਤੇਜ ਏ ਜਲਾਲ ਦਾ।

ਦਾਲ, ਨੇਕ ਬਖਤ ਏ, ਨਿਆਸਰਿਆਂ ਦਾ ਸਹਾਰਾ ਏ।

ਅਲਫ਼, ਇਹ ਦੂਜਾ ਅਲਫ਼ ਪਾਪ ਖੰਡਣ, ਦੋਸ਼ੀਆਂ ਤੇ ਦੁੱਖੀਆਂ ਦੀ ਪਨਾਹ ਏ।

ਸੀਨ, ਹੁਣ ਗੱਲ ਰਹਿ ਗਈ ਸੀਨ ਦੀ, ਕਰਤਾਰ ਦਾ ਪਰਛਾਵਾਂ ਏ ਤੇ ਇਹੋ ਅਕਾਲ ਰੂਪ ਹਨ।

ਇਹ ਕੰਠੀ ਹਰ ਕੋਈ ਨਹੀਂ ਪਾ ਸਕਦਾ। ਜਿਹੜਾ ਪਾ ਲੈਂਦਾ ਏ ਉਹ ਕੰਠੀ ਵਿਚ ਈ ਪਰੁਚ ਜਾਂਦਾ ਏ।

—'ਚੰਗਾ ਸੱਜਣਾ, ਚਲ ਹੁਣ ਲੰਗਰ ਛਕੀਏ ਤੇ ਬਾਕੀ ਕਲ੍ਹ ਸਹੀ।'

□□

੪

—'ਕੀ ਇਹ ਗੱਲ ਠੀਕ ਏ ਕਿ ਅੱਲਾ ਦੇ ਯਾਰ ਨੂੰ ਅਬਦੁੱਲਾ ਆਖਦੇ ਹਨ?' ਪਾਰੋ ਦੀ ਆਵਾਜ਼ ਸੀ।

—'ਗੱਲ ਤੇ ਲੋਹੇ ਵਰਗੀ ਏ, ਅਰਬੀ ਵਿਚ ਜਦੋਂ ਕਿਸੇ ਨੇ ਅਬਦੁੱਲਾ ਦਾ ਨਾਂ ਲਿਆ ਤਾਂ ਸਮਝੋ ਉਸ ਨੇ ਅੱਲਾ ਦੇ ਨਾਲ ਰਿਸ਼ਤਾ ਗੰਢ ਲਿਆ। ਅਬਦੁੱਲਾ ਅੱਲਾ ਦਾ ਯਾਰ ਈ ਸੀ, ਪਰ ਮੈਂ ਨਾ ਤਿੰਨਾਂ ਵਿਚੋਂ ਨਾ ਤੇਰ੍ਹਾਂ ਵਿਚੋਂ। ਮੈਂ ਤੇ ਐਵੇਂ ਨਾਂ ਦਾ ਈ ਅਬਦੁੱਲਾ ਹਾਂ, ਬਾਕੀ ਮੇਰੇ ਪੱਲੇ ਕੁਝ ਨਹੀਂ। ਤੁਹਾਡੀ ਸੰਗਤ ਵਿਚ ਆਇਆ ਹਾਂ ਸ਼ਾਇਦ ਅਬਦੁੱਲਾ ਨਾਂ ਦਾ ਅਰਥ ਸਮਝ ਜਾਵਾਂ।'

—'ਸਾਹਿਬ ਸੱਚੇ ਪਾਤਸ਼ਾਹ ਗੁਰੂ ਅਮਰ ਦਾਸ ਦੇ ਜੀਵਨ ਵਿਚੋਂ ਲੱਭੀਏ ਸੱਚ, ਚੁੱਭੀ ਮਾਰੀਏ ਉਸ ਸਰੋਵਰ ਵਿਚ, ਸ਼ਾਇਦ ਮਾਣਕ ਹੱਥ ਲੱਗ ਜਾਏ। ਇਹਦੇ ਨਾਲ ਸਾਨੂੰ ਵੀ ਜੀਊਣ ਦੀ ਜਾਚ ਆਵੇਗੀ। ਸਾਖੀਆਂ ਈ ਇਤਿਹਾਸ ਦੀ ਜਾਨ ਹਨ। ਇਹ ਜੜ੍ਹ ਏ ਕਿਸੇ ਕੌਮ ਦੀ। ਜਿਉਂ-ਜਿਉਂ ਅਸੀਂ ਢੁੱਕ ਕੇ ਬੈਠਾਂਗੇ ਤੇ ਮਾੜਾ ਜਿਹਾ ਸਰੀਰ ਵੀ ਭੁੱਲ ਵਿਚ ਈ ਛੋਹ ਗਿਆ ਤੇ ਸਮਝੋ ਪਾਰਸ ਬਣ ਗਿਆ। ਮੈਂ ਤੈਨੂੰ ਅੱਜ ਅਮਰ ਕਹਾਣੀ ਸੁਣਾਉਂਦਾ ਹਾਂ, ਬੋਲ ਤੇਰਾ ਕੀ ਖ਼ਿਆਲ ਏ?' ਬੋਲ ਪਾਰੋ ਡੱਲੇ ਦੇ ਸਨ।

—'ਗੋਲੀ ਕੀਹਦੀ ਤੇ ਗਹਿਣੇ ਕੀਹਦੇ ! ਮੈਂ ਤੇ ਅੱਗੇ ਈ ਤੁਹਾਡੇ ਹੁਕਮ ਵਿਚ ਲੀਨ ਹਾਂ । ਪ੍ਰੇਮ ਬੰਧਨ ਵਿਚ ਜੱਕੜਿਆ ਬੰਦਾ ਕਦੇ ਹਿੱਲ ਸਕਦੈ ? ਤੁਹਾਡੇ ਤੋਂ ਹੀ ਚੁੱਭੀ ਮਾਰਨ ਦੀ ਜਾਚ ਸਿੱਖਣੀ ਏਂ ਤੇ ਤੁਸਾਂ ਈ ਮੈਨੂੰ ਭਵਸਾਗਰੋਂ ਪਾਰ ਕੱਢਣਾ ਏ ।' ਅੱਲਾ ਯਾਰ ਦੀ ਆਵਾਜ਼ ਸੀ ।

ਪਾਰੋ ਡੱਲੇ ਦੇ ਹੱਥ ਵਿਚ ਮਾਲਾ ਸੀ, ਉਸ ਨੇ ਇਕ ਮਣਕੇ ਨੂੰ ਉਂਗਲੀਆਂ ਵਿਚ ਤੋਲਿਆ ਤੇ ਆਖਣ ਲੱਗਾ—'ਸਿੱਖ ਧਰਮ ਦੀ ਜੜ੍ਹ ਸਿੱਖ ਪੰਥ ਦਾ ਮੁੱਢ ਬਾਸਰਕੇ ਹੈ, ਹੁਣ ਤੂੰ ਪੁੱਛੇਂਗਾ ਕਿ ਬਾਸਰਕੇ ਕਿੱਥੇ ਏ ? ਅੰਮ੍ਰਿਸਤਰ ਤੋਂ ਛਿਹਰਟਾ ਤੇ ਉਥੋਂ ਅੱਠ ਮੀਲ ਦੀ ਵਿੱਥ ਤੇ ਜਰਨੈਲੀ ਸੜਕ ਤੇ ਵਸਿਆ ਨਗਰ ਜਿੱਥੇ ਪੱਗ ਬੰਨ੍ਹ ਪਤਵੰਤੇ, ਸ਼ਾਹੂਕਾਰ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਪੁੱਛ-ਪਰਤੀਤ ਵਾਲੇ ਮਨੁੱਖਾਂ ਦਾ ਪਿੰਡ । ਲਾਹੌਰ ਤੋਂ ਚੱਲੀਏ ਤਾਂ ਪਹਿਲਾਂ ਕਸੂਰ ਤੇ ਫਿਰ ਬਾਸਰਕੇ ਦਾ ਨਾਂ ਆਉਂਦਾ ਏ । ਇਹ ਉਨ੍ਹਾਂ ਜ਼ਮਾਨਿਆਂ ਵਿਚ ਬੜੀ ਵੱਡੀ ਮੰਡੀ ਸੀ । ਫ਼ੌਜਾਂ ਦੀ ਆਵਾਜਾਈ ਕਰ ਕੇ ਫ਼ੌਜਾਂ ਦੇ ਸਾਰੇ ਅੰਨ ਦਾਣੇ ਦਾ ਭੁਗਤਾਨ ਬਾਸਰਕੇ ਕਰਦਾ ਸੀ ।'

—'ਹਾਂ, ਅਸੀਂ ਵੀ ਕਈ ਵਾਰ ਬਾਸਰਕੇ ਵਿਚ ਆਪਣਾ ਪੜਾਅ ਕੀਤਾ ਏ । ਬਹੁਤਾ ਚਿਰ ਭਾਵੇਂ ਨਹੀਂ ਰਹੇ ਫਿਰ ਵੀ ਇਕ ਦੋ ਰਾਤਾਂ ਜ਼ਰੂਰ ਗੁਜ਼ਾਰੀਆਂ ਨੇ । ਇਥੋਂ ਦੇ ਲੋਕ ਬੜੇ ਮਿਲਣਸਾਰ, ਸਾਊ, ਸੁੱਘੜ ਸਿਆਣੇ ਤੇ ਅਣਖੀਲੇ ਹਨ । ਆਕੜ ਖ਼ਾਂ ਖੱਬੀ ਖ਼ਾਨਾਂ ਨੂੰ ਇਨ੍ਹਾਂ ਕਦੇ ਪੱਲੇ ਨਹੀਂ ਬੰਨ੍ਹਿਆ । ਲਾਹੌਰ ਦੀ ਕਮਾਈ ਬਾਸਰਕੇ ਵਿਚ ਲੱਗੀ ਹੋਈ ਏ । ਮਹਿਲ-ਮਾੜੀਆਂ, ਉੱਚਿਆਂ-ਉੱਚਿਆਂ ਮੁਨਾਰਿਆਂ ਵਾਲੀਆਂ ਮਸਜਦਾਂ, ਮੁਸਾਫ਼ਰਖਾਨੇ, ਪਾਠਸ਼ਾਲਾ ਜੇ ਕਿਤੇ ਨਜ਼ਰ ਆਉਂਦੀ ਸੀ ਤਾਂ ਉਹ ਬਾਸਰਕੇ ਵਿਚ । ਇਨ੍ਹਾਂ ਦੀਆਂ ਗੰਢਾਂ ਲਾਹੌਰ ਨਾਲ ਜੁੜੀਆਂ ਹੋਈਆਂ ਹਨ । ਇਨ੍ਹਾਂ ਦੇ ਸੰਮੇ ਲਾਹੌਰ ਦਰਬਾਰ ਨਾਲ ਮਿਲਦੇ ਹਨ । ਚੁਬਾਰੇ ਚੜ੍ਹ ਕੇ ਆਵਾਜ਼ ਮਾਰੀਏ ਤਾਂ ਕਸੂਰ ਪੁੱਜ ਜਾਈਦਾ ਏ, ਕਸੂਰ ਵਾਲੇ ਬਾਂਗ ਦੇਣ ਤਾਂ ਲਾਹੌਰ ਸੁਣਾਈ ਦਿੰਦੀ ਏ । ਸਾਰਾ ਪੰਜਾਬ ਇਨ੍ਹਾਂ ਦੀ ਮੁੱਠ ਵਿਚ ਏ । ਰਹਿਣਾ ਬਾਸਰਕੇ ਦਾ ਤੇ ਬਾਕੀ ਤਾਂ ਐਵੇਂ ਭਸ ਖ਼ਰਾਬਾ ਈ ਏ ।'

ਪਾਰੋ ਡੱਲਾ ਆਖਣ ਲੱਗਾ,—'ਜਿਨ੍ਹਾਂ ਖਾਧਾ ਲੱਪ ਗਲਪੀਂ, ਉਨ੍ਹਾਂ ਕੀ ਬਣੇ ਉਂਗਲੀ ਚੱਟੀਂ ।' ਬਾਸਰਕੇ ਨਹੀਂ ਤੇ ਝੁੱਗੀ ਪਾ ਲਈਏ ਉਜਾੜ ਵਿਚ ।

—'ਬੇਹ ਦੇ ਲਾਗੇ ਇਕ ਹੁਜਰਾ ਏ ਤੇ ਉਹਦੇ ਨਾਲ ਮਸਜਿਦ ਤੇ ਨਾਲ ਲਾਗੇ ਇਕ ਖ਼ਾਨਗਾਹ ਏ । ਉਥੋਂ ਦੇ ਲੋਕ ਦੱਸਦੇ ਹਨ ਕਿ ਇਹ ਖਾਨਗਾਹ ਇਕ ਪੀਰ ਦੀ ਏ, ਜਿਸ ਨੂੰ ਲੋਕ ਜੰਡ-ਪੀਰ ਆਖਦੇ ਹਨ । ਮਕਬਰਾ ਛੋਟੀਆਂ ਇੱਟਾਂ ਦਾ ਬਣਿਆ ਹੋਇਆ ਏ । ਨਿੱਕੀਆਂ-ਨਿੱਕੀਆਂ ਇੱਟਾਂ ਦੱਸਦੀਆਂ ਹਨ ਇਹ ਮਕਬਰਾ ਸ਼ੇਰ ਸ਼ਾਹ ਸੂਰੀ ਵੇਲੇ ਬਣਿਆ ਸੀ । ਬਣਾਇਆ ਸੀ ਕਿਸੇ ਉਸ ਦੀ ਜੁੰਡੀ ਦੇ ਨੇ । ਮੈਂ ਇਹ ਗੱਲ ਪੱਕੇ ਯਕੀਨ ਨਾਲ ਨਹੀਂ ਆਖ ਸਕਦਾ ਕਿ ਇਸ ਨੂੰ ਬਨਾਉਣ ਵਾਲਾ ਕੋਈ ਸ਼ਾਹੀ ਅਫ਼ਸਰ ਹੋਵੇਗਾ ਜਾਂ ਸਧਾਰਨ ਅਫ਼ਸਰ ਪਰ ਮੇਰਾ ਅੰਦਾਜ਼ਾ ਏ ਕਿ ਜੰਡ-ਪੀਰ ਦੇ ਹਮਜੋਲੀਆਂ ਵਿਚੋਂ ਕਿਸੇ ਇਕ ਨੇ ਇਹ ਖ਼ਾਨਗਾਹ ਬਣਾਈ ਸੀ । ਭਾਵੇਂ ਸਾਰੀ ਮੱਲ ਗੁਜ਼ਾਰ 'ਪੀਰ-ਪੀਰ' ਆਖ ਕੇ ਸੱਦਦੀ ਏ ਪਰ ਹਰ ਜੁੰਮੇਰਾਤ ਨੂੰ ਉਸ ਦੀ ਕਬਰ ਤੇ ਚਿਰਾਗ ਵੀ ਬਾਲੇ ਜਾਂਦੇ ਹਨ, ਚਿਰਾਗਾਂ ਹੋ ਜਾਂਦੀ ਏ ਓਸ ਰਾਤ ਮਕਬਰੇ ਤੇ । ਸਿਜਦਾ ਕਰਨ ਵਾਲੇ ਲੋਕ ਭਾਵੇਂ ਬੜੀ ਦੂਰ-ਦੂਰ ਤੋਂ ਆਉਂਦੇ ਹਨ, ਉਸ ਦੀ ਮਾਨਤਾ ਭਾਵੇਂ ਬਹੁਤ ਏ ਤੇ ਅਕੀਦਤ ਨਾਲ ਸਿਰ ਵੀ ਝੁਕਦਾ ਏ, ਅਤੇ

ਇਕ ਦਿਨ ਜਦੋਂ ਸਾਡਾ ਕਾਰਵਾਂ ਇਥੇ ਉਤਰਿਆ ਤੇ ਮੇਰੀ ਫੌਜ ਦੇ ਇਕ ਬੰਦੇ ਨੇ ਸਿਰ ਝੁਕਾਣੋਂ ਤੇ ਫਾਤਿਹਾ ਪੜ੍ਹਨ ਤੋਂ ਨਾਂਹ ਕਰ ਦਿੱਤੀ। ਮੇਰੇ ਸਾਥੀਆਂ ਨੇ ਉਸ ਨੂੰ ਕਾਫਰ ਕਿਹਾ ਤੇ ਤੌਰੇ-ਤੌਰੇ ਕੀਤੀ। ਝਗੜਾ ਹੋ ਗਿਆ, ਸਿਰ ਵੀ ਪਾਟੇ ਲੰਗਾਰ ਖੁੱਲ੍ਹੇ ਕਈਆਂ ਦੇ, ਇਕ ਦੀ ਬਾਂਹ ਵੀ ਵੱਢੀ ਗਈ, ਜਦ ਝਗੜੇ ਨੇ ਹੱਦ ਨੂੰ ਹੱਥ ਲਾ ਦਿੱਤਾ, ਸਲਾਰ ਦੇ ਸਿਰ ਖੇਹ ਪੈ ਗਈ ਤਦ ਉਹ ਸਾਰੇ ਮੇਰੇ ਹਜ਼ੂਰ ਪੇਸ਼ ਹੋਏ।

ਮੈਂ ਪੁੱਛਿਆ ਤੇ ਇਕ ਜਣਾ ਵਿਚੇ ਹੀ ਬੋਲ ਉੱਠਿਆ—ਇਹ ਕਾਫਰ ਇਹ, ਇਸ ਨੇ ਖਾਨਗਾਹ ਜੰਡ-ਪੀਰ ਦੀ ਕਬਰ ਤੇ ਫਾਤਿਹਾ ਪੜ੍ਹਨ ਤੋਂ ਨਾਂਹ ਕਰ ਦਿੱਤੀ ਏ। ਕਾਜ਼ੀ ਦਾ ਫਰਮਾਨ ਏ ਕਿ ਇਹੋ ਜਿਹੇ ਬੰਦੇ ਨੂੰ ਪੱਥਰ ਮਾਰ-ਮਾਰ ਕੇ ਹਲਾਕ ਕਰ ਦੇਣਾ ਚਾਹੀਦਾ ਏ। ਇਹ ਇਸਲਾਮ ਤੋਂ ਮੁਨਕਰ ਏ। ਆਖਣ ਵਾਲਿਆਂ ਦਾ ਧੜਾ ਭਾਰਾ ਸੀ ਤੇ ਦੂਜੇ ਵਿਚਾਰੇ ਦੇ ਨਾਲ ਕੁਝ ਕੁ ਬੰਦੇ ਸਨ। ਪਰ ਉਹ ਬੜੇ ਨਿਸਚੇ ਨਾਲ ਦਿਲ ਮਜ਼ਬੂਤ ਕਰ ਕੇ ਖੜਾ ਸੀ। ਮੈਨੂੰ ਉਸ ਦਾ ਯਕੀਨ ਕਾਮਲ ਨਜ਼ਰ ਆਇਆ। ਜਦ ਮੈਂ ਉਸ ਵੱਲ ਅੱਖਾਂ ਫੇਰੀਆਂ ਤਾਂ ਉਹ ਡਰਿਆ ਨਹੀਂ, ਘਬਰਾਇਆ ਨਹੀਂ, ਉਸ ਨੇ ਹੌਂਸਲਾ ਨਹੀਂ ਛੱਡਿਆ, ਛਾਤੀ ਠੋਕ ਕੇ ਆਖਣ ਲੱਗਾ,—'ਇਹ ਫਕੀਰ ਨਹੀਂ, ਵਲੀ ਅੱਲਾ ਨਹੀਂ, ਪੀਰ ਨਹੀਂ, ਐਵੇਂ ਢਕੌਂਸਲਾ ਹੀ ਏ।' ਤਾਂ ਮੈਂ ਕਿਹਾ, ਤੇ ਫਿਰ ਕੀ ਏ? ਤਾਂ ਉਹ ਬੋਲਿਆ,—'ਡਾਕੂ, ਚੋਰ, ਖੂੰ-ਖਾਰ ਲੁਟੇਰਾ।' ਅਸੀਂ ਸਾਰੇ ਹੈਰਾਨ ਹੋ ਗਏ। ਮੈਂ ਕਿਹਾ—ਤੇਰੇ ਕੋਲ ਇਹਦਾ ਕੋਈ ਸਬੂਤ ਏ? ਉਹ ਬੋਲਿਆ—'ਮੇਰਾ ਅੱਬਾ ਇਸ ਦੀ ਜੁੰਡੀ ਦਾ ਸਾਥੀ ਸੀ, ਮੈਨੂੰ ਉਸ ਨੇ ਇਸ ਦੀ ਸਾਰੀ ਵਾਰਦਾਤ ਦੱਸੀ ਏ।' ਸਾਡੀ ਸਾਰਿਆਂ ਦੀ ਜ਼ਬਾਨ ਬੰਦ ਹੋ ਗਈ। ਉਸ ਨੇ ਇਕ ਚਾਦਰ ਕੱਢੀ ਤੇ ਆਖਣ ਲੱਗਾ—'ਮੇਰੇ ਅੱਬਾ ਨੇ ਦੋ ਚਾਦਰਾਂ ਬਣਾਈਆਂ ਸਨ ਮਸ਼ੱਦ ਵਿਚੋਂ, ਇਕ ਮੇਰੇ ਕੋਲ ਏ ਤੇ ਦੂਸਰੀ ਇਸ ਮਜ਼ਾਰ ਤੇ ਪਈ ਹੋਈ ਏ। ਜਦ ਮੈਂ ਅੱਖ ਭਰ ਕੇ ਵੇਖਿਆ ਤਾਂ ਉਸ ਦੀ ਗੱਲ ਕੁਝ ਸੱਚੀ ਜਾਪੀ। ਅਸਾਂ ਦੋਵਾਂ ਚਾਦਰਾਂ ਨੂੰ ਮਿਲਾਇਆ ਤਾਂ ਉਹ ਮਿਲ ਗਈਆਂ। ਦੂਜੇ ਧੜੇ ਵਾਲਿਆਂ ਦੀ ਤੂਤੀ ਬੋਲਣੀ ਬੰਦ ਹੋ ਗਈ। ਬਿਲਕੁਲ ਉਸੇ ਤਰ੍ਹਾਂ ਠੰਢੇ ਹੋ ਗਏ ਜਿਵੇਂ ਠੰਢੇ ਪਾਣੀ ਵਿਚ ਨਹਾਤੇ ਹੋਣ।

ਉਹ ਬੰਦਾ ਬੋਲਿਆ,—'ਇਹ ਡਾਕੂ ਸਰਹੱਦ ਪਾਰ ਕਰ ਕੇ ਆਉਂਦੇ ਤੇ ਹਿੰਦੁਸਤਾਨ ਨੂੰ ਲੁੱਟ ਪੁੱਟ ਕੇ ਲੈ ਜਾਂਦੇ। ਡਾਕਾ ਮਾਰਦਿਆਂ ਜਿਹੜਾ ਬੰਦਾ ਮਰ ਜਾਂਦਾ, ਅਗਲੇ ਦਿਨ ਉਹ ਬੰਦੇ ਭੇਸ ਵਟਾ ਕੇ ਉਥੇ ਆ ਜਾਂਦੇ ਤੇ ਉਹਦੀ ਉਥੇ ਕਬਰ ਬਣਾ ਦਿੰਦੇ। ਕੁਝ ਦਿਨ ਬਾਅਦ ਫਿਰ ਉਹ ਫਕੀਰ ਬਣ ਜਾਂਦਾ, ਵਲੀ ਅੱਲਾ ਆਖ ਕੇ ਲੋਕ ਪੂਜਦੇ। ਮੁਸਲਮਾਨ ਜਿਹੜੇ ਨਵੇਂ-ਨਵੇਂ ਆਉਂਦੇ ਸਨ, ਉਨ੍ਹਾਂ ਨੂੰ ਕੋਈ ਨਾ ਕੋਈ ਹੱਥ-ਠੋਕਾ ਤੇ ਚਾਹੀਦਾ ਹੀ ਸੀ। ਇਕ ਨੇ ਆਖਿਆ, ਦੂਜੇ ਨੇ ਕਿਹਾ, ਤੀਜਾ ਬੋਲਿਆ ਬੱਸ ਗੱਲ ਪੱਕੀ ਹੋ ਗਈ। ਪਿੰਡ ਵਾਲਿਆਂ ਨੂੰ ਹਾਂ ਵਿਚ ਹਾਂ ਮਿਲਾਉਣੀ ਪੈਂਦੀ, ਜੁੱਤੀ ਨਾਲ ਹਰ ਗੱਲ ਮਨਵਾਈ ਜਾਂਦੀ ਏ। ਇਕ ਵਲਾਯੇਂਡ ਵਿਹਲੜ ਤੇ ਫਾਲਤੂ ਬੰਦਾ ਉਨ੍ਹਾਂ ਦੇ ਟੇਟੇ ਚੜ੍ਹ ਗਿਆ ਤੇ ਉਨ੍ਹਾਂ ਨੇ ਉਸ ਨੂੰ ਫੜ ਕੇ ਬਿਠਾ ਦਿੱਤਾ ਕਬਰ ਤੇ ਅਤੇ ਉਹ ਮਜੌਰ ਬਣ ਗਿਆ। ਉਸ ਨੇ ਆਖਣਾ ਸ਼ੁਰੂ ਕਰ ਦਿੱਤਾ ਕਿ ਅੱਜ ਰਾਤ ਮੈਨੂੰ ਬਸ਼ਾਰਤ ਹੋਈ ਏ। ਇਹ ਫਕੀਰ ਮੱਕੇ ਤੋਂ ਆਇਆ ਏ। ਇਹ ਪਹੁੰਚਿਆ ਹੋਇਆ ਖ਼ੁਦਾ ਦਾ ਪਿਆਰਾ ਬੰਦਾ ਏ। ਕਈਆਂ ਬੰਦਿਆਂ ਨੇ ਬੈਤ ਕੀਤੀ ਏ ਇਹਦੇ ਹੱਥ ਤੇ। ਇਹ ਇਸਲਾਮ ਦੀ ਤਬਲੀਖ ਕਰਨ ਆਇਆ ਸੀ, ਸ਼ਹੀਦ ਹੋ ਗਿਆ ਏ, ਗਾਜ਼ੀ। ਜਦੋਂ ਕਿਸੇ ਨੇ ਆਖਿਆ ਤੇ ਫਿਰ ਭੇਡ ਚਾਲ ਜੁ ਹੋਈ, ਹਰ

ਬੰਦੇ ਨੇ ਉਹਦਾ ਹੁੰਗਾਰਾ ਭਰਿਆ। ਫਿਰ ਕੋਈ ਚੋਰ ਹੋਵੇ ਜਾਂ ਡਾਕੂ ਫਿਰ ਤਾਂ ਉਹ ਵਲੀ ਅੱਲਾ ਈ ਬਣ ਕੇ ਸਾਹ ਲੈਂਦਾ ਏ। ਗੁਨਾਹ ਕਰਨ ਵਾਲੇ ਬੰਦੇ ਪਿਛਲੀ ਉਮਰੇ ਤੌਬਾ ਕਰ ਲੈਂਦੇ ਹਨ ਤੇ ਫਿਰ ਉਹ ਇਸੇ ਚਾਦਰ ਵਿਚ ਲਪੇਟੇ ਜਾਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਐਬਾਂ ਤੇ ਵੀ ਪਰਦੇ ਪੈ ਜਾਂਦੇ ਹਨ। ਦੁਨੀਆਂ ਬਹੁਤ ਛੇਤੀ ਭੁੱਲ ਜਾਂਦੀ ਏ। ਲੁਟ ਦੇ ਮਾਲ ਵਿਚੋਂ ਦੋ ਚਾਰ ਹਜ਼ਾਰ ਅਸ਼ਰਫੀਆਂ ਖ਼ਰਚ ਕੀਤੀਆਂ ਤੇ ਮਕਬਰਾ ਬਣਵਾ ਦਿੱਤਾ। ਇਕ ਦੋ ਵਾਰ ਉਰਸ ਮਨਾਇਆ ਗਿਆ ਤਾਂ ਫਿਰ ਅਨਹੋਣੀ ਗੱਲ ਵੀ ਹੋਣੀ ਬਣ ਜਾਂਦੀ ਏ।' ਛਾਤੀ ਠੋਕ ਕੇ ਆਖ ਰਿਹਾ ਸੀ ਉਹ ਬੰਦਾ।

—'ਮੇਰਾ ਅੱਬਾ ਆਖਿਆ ਕਰਦਾ ਸੀ ਕਿ ਮੈਂ ਵੀ ਜੰਡ-ਪੀਰ ਦਾ ਸਾਥੀ ਸਾਂ, ਜੰਡ ਖ਼ਾਂ ਸਾਡਾ ਸਰਦਾਰ ਸੀ। ਅਸਾਂ ਕਈ ਡਾਕੇ ਮਾਰੇ, ਕਈ ਖ਼ਜ਼ਾਨੇ ਲੁੱਟੇ, ਕਈ ਚੋਰੀਆਂ ਕੀਤੀਆਂ, ਲੱਖਾਂ ਸੰਨ੍ਹਾਂ ਮਾਰੀਆਂ, ਅਸਾਂ ਕਈਆਂ ਦੇ ਖ਼ਾਨੇ ਖ਼ਰਾਬ ਕੀਤੇ, ਅਸੀਂ ਜਿਸ ਘਰ ਦੇ ਵਿਚੋਂ ਲੰਘ ਜਾਈਏ ਤਾਂ ਫਿਰ ਉਸ ਘਰ ਦਾ ਅੱਲਾ ਈ ਮਾਲਕ ਏ। ਫੂਕ-ਫੱਕਾ ਤੇ ਦਰਗਾਹ ਦਾ ਧੱਕਾ। ਨਾ ਖਾਣ ਨੂੰ ਉਥੇ ਲੱਭੇ ਤੇ ਨਾ ਪੀਣ ਨੂੰ ਪਾਣੀ। ਘੜੇ ਮੂਧੇ ਤੇ ਪਰਾਤਾਂ ਸੱਖਣੀਆਂ। ਸਾਡੇ ਚੱਟੇ ਕਦੇ ਰੁੱਖ ਵੀ ਹਰੇ ਨਹੀਂ ਸਨ ਹੋਏ।'

ਜੰਡ ਖ਼ਾਂ ਆਪਣੀ ਉਮਰ ਖਾ ਬੈਠਾ ਸੀ, ਬੁੱਢੇ ਅਸੀਂ ਵੀ ਹੋ ਗਏ ਸਾਂ। ਬੁਢਾਪਾ ਹਰ ਸਾਥੀ ਦੇ ਮੋਢੇ ਤੇ ਸਵਾਰ ਸੀ। ਇਕ ਦਿਨ ਕਸੂਰ ਦੀ ਇਕ ਹਵੇਲੀ ਅਸਾਂ ਲੁੱਟੀ ਤੇ ਉਸੇ ਰਾਤ ਬਾਸਰਕੇ ਆ ਗਏ।

ਸ਼ਾਹੂਕਾਰਾਂ ਦਾ ਮੁਹੱਲਾ ਸੀ ਉਹ, ਉਥੇ ਭੱਲੇ ਜਾਤ ਦੇ ਬੰਦੇ ਵੱਸਦੇ ਸਨ, ਲੋਕ ਉਨ੍ਹਾਂ ਨੂੰ ਬਾਵੇ ਵੀ ਆਖਦੇ ਸਨ। ਘਰ ਬੜਾ ਰੱਜਿਆ-ਪੁੱਜਿਆ ਸੀ, ਅਸਾਂ ਵੇਖਿਆ ਤੇ ਸਾਡੇ ਮੂੰਹ ਵਿਚ ਰਾਲਾਂ ਆ ਗਈਆਂ। ਅਸੀਂ ਘੋੜੀਆਂ ਤੇ ਸਵਾਰ ਸਾਂ, ਬੰਦੂਕਾਂ ਸਾਡੇ ਕੋਲ ਸਨ। ਲਹੂ ਨੁੱਚੜਦੀਆਂ ਤਲਵਾਰਾਂ ਸਾਡੀ ਕਮਰ ਨਾਲ ਲਮਕਦੀਆਂ ਸਨ। ਅਸਾਂ ਆਣ ਘੇਰਾ ਘੱਤਿਆ। ਪਿੰਡ ਵਾਲਿਆਂ ਦੀ ਕੀ ਤਾਕਤ ਸੀ ਸਾਡੇ ਸਾਹਮਣੇ ਦਮ ਮਾਰਦੇ, ਜਿਹੜਾ ਜਾਗਦਾ ਸੀ, ਜਦ ਉਸ ਸੁਣਿਆ ਕਿ ਡਾਕੂ ਆ ਗਏ, ਉਹਦੀ ਤੇ ਉਥੇ ਈ ਮਾਂ ਮਰ ਗਈ, ਜਾਗਦੇ ਵੀ ਘੁਰਾੜੇ ਮਾਰਨ ਲੱਗ ਗਏ।

ਬਾਵਿਆਂ ਦੇ ਘਰ ਵਾਲੇ ਘੂਕ ਸੁੱਤੇ ਪਏ ਸਨ। ਅਸਾਂ ਚਾਰੇ ਬਾਹੀਆਂ ਰੋਕ ਲਈਆਂ। ਮੇਰਾ ਅੱਬਾ ਤੇ ਜੰਡ ਖ਼ਾਂ ਦੋਵੇਂ ਸਭ ਤੋਂ ਅੱਗੇ ਸਨ।

ਬਾਵਾ ਸੁੱਤਾ ਪਿਆ ਸੀ ਤੇ ਉਹਦੇ ਲਾਗੇ ਮੰਜੀ ਤੇ ਉਸ ਦੀ ਸਵਾਣੀ। ਬੜੀ ਖ਼ੂਬਸੂਰਤ, ਹੱਥ ਲਾਇਆਂ ਮੈਲੀ ਹੁੰਦੀ, ਦੁੱਧ ਚਿੱਟੀ, ਰੇਸ਼ਮ ਵਰਗੀ। ਮੇਰਾ ਅੱਬਾ ਆਖਦਾ ਸੀ ਕਿ ਮੇਰਾ ਦਿਲ ਡੋਲ ਗਿਆ ਇਹੋ ਜਿਹੀ ਰੰਨ ਮੈਂ ਕਦੇ ਹਯਾਤੀ ਵਿਚ ਨਹੀਂ ਸੀ ਵੇਖੀ। ਮੇਰੇ ਅੱਬੇ ਦੀ ਨੀਯਤ ਬੇਈਮਾਨ ਹੋ ਗਈ। ਉਹ ਚਾਹੁੰਦਾ ਸੀ ਕਿ ਦਾਅ ਲੱਗੇ ਤੇ ਮੈਂ ਇਸ ਨੂੰ ਚੁੱਕ ਕੇ ਲੈ ਜਾਵਾਂ, ਢੱਠੇ ਖੂਹ ਵਿਚ ਜਾਂਦੀ ਏ ਦੌਲਤ, ਪਰ ਸਰਦਾਰ ਦਾ ਹੁਕਮ ਸੀ ਪਹਿਲਾਂ ਦੌਲਤ ਲੁੱਟੋ, ਪਰ ਮੇਰੇ ਅੱਬਾ ਦਾ ਦਿਲ ਕਾਬੂ ਵਿਚ ਨਹੀਂ ਸੀ। ਉਸ ਨੂੰ ਸਾਰੇ ਘਰ ਵਿਚੋਂ ਇਕੋ ਚੀਜ਼ ਖ਼ੂਬਸੂਰਤ ਲੱਗੀ। ਦੌਲਤ ਤੇ ਦੂਜਿਆਂ ਘਰਾਂ ਵਿਚੋਂ ਵੀ ਮਿਲ ਜਾਏਗੀ, ਪਰ ਦੁੱਧ 'ਚ ਨਹਾਤੀ ਚਾਂਦੀ ਵਰਗੀ ਰੰਨ ਦੂਜੇ ਘਰੋਂ ਨਹੀਂ ਮਿਲਣੀ। ਪਰੀ ਜਾਪਦੀ ਸੀ ਬਹਿਸ਼ਤ ਵਿਚੋਂ ਨੱਸੀ ਹੋਈ।

ਸਰਦਾਰ ਬੋਲਿਆ,—'ਕਿਉਂ ਭਈ ਵੇਖਦੇ ਕੀ ਓ, ਲੁੱਟ ਲਓ।'

ਮੇਰਾ ਅੱਬਾ ਖ਼ਾਮੋਸ਼ ਸੀ, ਕੋਈ ਅੱਗੇ ਨਾ ਵਧਿਆ।

ਸਰਦਾਰ ਹੈਰਾਨ ਹੋ ਗਿਆ ਤੇ ਉਸ ਮੇਰੇ ਅੱਬੇ ਨੂੰ ਹੀ ਪੁੱਛਿਆ।

ਮੇਰਾ ਅੱਬਾ ਬੋਲਿਆ—'ਮੈਨੂੰ ਤੇ ਇਕੋ ਚੀਜ਼ ਪਸੰਦ ਏ।'

—'ਕੀ?'

—'ਸੋਨੇ ਰੰਗੀ ਨੱਟਖਟ ਨਾਰ, ਮੈਨੂੰ ਹਿੱਸਾ-ਵਿੱਸਾ ਨਹੀਂ ਚਾਹੀਦਾ, ਮੈਂ ਤੇ ਇਹੋ ਈ ਲਵਾਂਗਾ।'

ਸਰਦਾਰ ਬੋਲਿਆ,—'ਅੱਖਾਂ ਦੇ ਨਹੁੰ ਲੁਹਾ ਕੇ ਵੇਖੀ ਊ?'

—'ਮੈਂ ਚੰਗੀ ਤਰ੍ਹਾਂ ਜਾਚੀ ਏ।

—'ਤੂੰ ਵੀ ਭੇਡਾਂ ਵਿਚੋ ਊਠ ਪਛਾਣਦਾ ਏਂ।'

—'ਕਾਫ਼ਰ ਨੇ ਨਾਪਾਕ ਕਰ ਦਿੱਤੀ ਏ, ਹਾਮਲਾ ਏ।'

—'ਫਿਰ ਕੀ ਹੋਇਆ, ਸੋਨੇ ਨਾਲ ਭਰੀਆਂ ਬਾਹਵਾਂ ਵੱਢਦੀਆਂ ਨੇ! ਸਾਨੂੰ ਕੀ ਆਖਦੀ ਏ। ਇਸ ਸਾਲ ਨਹੀਂ ਤੇ ਦੂਜੇ ਸਾਲ ਕੰਮ ਆਊ।'

—'ਕੀ ਤੂੰ ਹਰਾਮੀ ਬੱਚੇ ਦਾ ਬਾਪ ਅਖਵਾਣਾ ਚਾਹੁੰਦਾ ਏਂ?' ਸਰਦਾਰ ਬੋਲਿਆ।

—'ਲੈ ਚਲੋ, ਜੇ ਆਪ ਨਾ ਰੱਖਣੀ ਹੋਈ ਤੇ ਵੇਚ ਦੇਵਾਂਗੇ। ਤੋਲ ਕੇ ਮੋਹਰਾਂ ਮਿਲ ਸਕਦੀਆਂ ਨੇ। ਕਾਬਲ ਵਿਚ ਇਹੋ ਜਿਹਾ ਸੌਦਾ ਆਮ ਏ।

—'ਜੇ ਮੋਹਰਾਂ ਈ ਲੈਣੀਆਂ ਨੇ ਤੇ ਇਸ ਦੇ ਘਰ ਵਿਚੋਂ ਚੁੱਕੋ।'

—'ਇਨ੍ਹਾਂ ਤੇ ਉਨ੍ਹਾਂ ਮੋਹਰਾਂ ਵਿਚ ਕੁਝ ਸਵਾਦ ਈ ਵੱਖਰਾ ਏ।'

—'ਨਹੀਂ ਨਾਪਾਕ ਔਰਤ ਨੂੰ ਉਠਾਉਣਾ ਤੇ ਉਸ ਦੇ ਨਾਲ ਖੇਹ ਖਾਣੀ ਡਾਕੂ ਦੀ ਇੱਜ਼ਤ ਨੂੰ ਵੱਟਾ ਲੱਗਦਾ ਏ, ਇਸ ਗੱਲ ਦੀ ਮੈਂ ਇਜਾਜ਼ਤ ਨਹੀਂ ਦਿੰਦਾ। ਹੋਰ ਕੋਈ ਕਵਾਰੀ ਲੜਕੀ ਤੈਨੂੰ ਪਸੰਦ ਹੈ ਤਾਂ ਚੁੱਕ ਕੇ ਲੈ ਚਲੋ, ਘੱਟੋ-ਘੱਟ ਹਰਮ ਵਿਚ ਰੌਣਕ ਤੇ ਆਵੇਗੀ।'

ਪਰ ਮੇਰਾ ਅੱਬਾ ਬੋਲਿਆ,—'ਹਜ਼ੂਰ, ਇਸ ਨੂੰ ਲੈ ਚਲੋ ਦੀਵਾ ਬਾਲਣ ਦੀ ਲੋੜ ਨਹੀਂ ਪੈਣੀ ਹਰਮ ਵਿਚ। ਜੇ ਇਸ ਨੇ ਮੇਰੇ ਹਰਮ ਵਿਚ ਪੈਰ ਰੱਖ ਦਿੱਤਾ ਤਾਂ ਰੌਣਕ ਆ ਜਾਵੇਗੀ ਹਰਮ ਵਿਚ। ਚਾਰ ਚੰਦ ਲੱਗ ਜਾਣਗੇ। ਆਕਾ, ਖ਼ੂਬਸੂਰਤ ਔਰਤਾਂ ਕਦੀ-ਕਦੀ ਹੱਥ ਲੱਗਦੀਆਂ ਹਨ। ਮੰਨ ਲਓ ਮੇਰੀ ਗੱਲ।'

—'ਤੁਸੀਂ ਮਾਰਨ ਆਏ ਓ ਡਾਕਾ ਤੇ ਪਸੰਦ ਕਰਨ ਲੱਗ ਪਏ ਓ ਔਰਤਾਂ।'

ਪਰ ਮੇਰਾ ਅੱਬਾ ਬਜ਼ਿਦ ਸੀ।

—'ਪਹਿਲਾਂ ਦੌਲਤ ਇਕੱਠੀ ਕਰੋ ਤੇ ਫਿਰ ਜਾਂਦੀ ਵਾਰੀ ਉਸ ਨੂੰ ਵੀ ਚੁੱਕ ਲਵਾਂਗੇ।'

ਪਰ ਕੋਈ ਬੰਦਾ ਡਾਕਾ ਮਾਰਨ ਤੇ ਰਾਜ਼ੀ ਨਾ ਹੋਇਆ, ਅਸਲ ਵਿਚ ਮੇਰੇ ਅੱਬਾ ਤੇ ਵੀ ਜਾਨ-ਨਿਸਾਰ ਕਰਨ ਵਾਲੇ ਸਾਥੀ ਸਨ ਗਿਰੋਹ ਵਿਚ। ਮੇਰੇ ਅੱਬਾ ਨੇ ਸਰਦਾਰ ਬਣਨਾ ਸੀ ਜੰਡ ਖ਼ਾਂ ਤੋਂ ਬਾਅਦ। ਹੁਣ ਜੰਡ ਖ਼ਾਂ ਦੀ ਕੀ ਹਾਲਤ ਹੋਵੇਗੀ, ਬਿਆਨ ਨਹੀਂ ਕੀਤੀ ਜਾ ਸਕਦੀ ਪਰ ਹੁਕਮ ਤੇ ਹੁਕਮ ਈ ਸੀ ਨਾ। ਸਰਦਾਰ ਦੇ ਹੁਕਮ ਤੇ ਸਾਰੇ ਡਾਕੂਆਂ

ਨੇ ਘਰ ਦਾ ਪੱਤਾ-ਪੱਤਾ ਛਾਣ ਮਾਰਿਆ, ਦੌਲਤ ਦੇ ਢੇਰ ਇਕੱਠੇ ਕਰ ਲਏ, ਘਰ ਵਾਲੇ ਅਜੇ ਵੀ ਸੁੱਤੇ ਪਏ ਸਨ।

ਪਰ ਮੇਰੇ ਅੱਬਾ ਨੇ ਸੁੱਤੀ ਪਈ ਔਰਤ ਨੂੰ ਚੂੰਢੀ ਵੱਢ ਦਿੱਤਾ।

ਔਰਤ ਨੇ ਰੌਲਾ ਪਾ ਦਿੱਤਾ, ਸਾਰਾ ਟੱਬਰ ਜਾਗ ਉੱਠਿਆ, ਪਰ ਜਦੋਂ ਡਾਕੂਆਂ ਦੀ ਸ਼ਕਲ ਦੇਖੀ ਤਾਂ ਸੁਸਰੀ ਵਾਂਗ ਸੌਂ ਗਏ।

ਸਰਦਾਰ ਬੋਲਿਆ ਬੰਦੂਕ ਤਾਣ ਕੇ—'ਡਰਨ ਦੀ ਲੋੜ ਨਹੀਂ ਅਸੀਂ ਉਹ ਚੀਜ਼ ਲੈ ਕੇ ਜਾਵਾਂਗੇ, ਜਿਸ ਦੀ ਸਾਨੂੰ ਲੋੜ ਏ, ਦੌਲਤ ਤੇ ਅਸਾਂ ਇਕੱਠੀ ਕਰ ਲਈ ਏ ਤੇ ਬਈ ਜੋ ਹੋਰ ਕੁਝ ਲੈ ਜਾਣਾ ਏ ਉਹਦੇ ਬਾਰੇ ਵਿਚਾਰ ਕਰ ਰਹੇ ਹਾਂ। ਜਿਸ ਬੰਦੇ ਨੇ ਆਪਣੀ ਜਗ੍ਹਾ ਤੋਂ ਹਿੱਲਣ ਦੀ ਕੋਸ਼ਿਸ਼ ਕੀਤੀ ਜਾਂ ਜ਼ਬਾਨ ਖੋਲ੍ਹੀ ਉਸ ਦੀ ਜ਼ਬਾਨ ਕੱਟ ਦਿੱਤੀ ਜਾਏਗੀ। ਮੇਰੀ ਬੰਦੂਕ ਦੀ ਇਕ ਗੋਲੀ ਚਾਰ ਬੰਦੇ ਹਲਾਕ ਕਰ ਸਕਦੀ ਏ।'

ਇਹ ਆਪਣੀ ਹੀ ਕਿਸਮ ਦਾ ਇਕ ਡਾਕਾ ਸੀ। ਹਰ ਬੰਦੇ ਦੀ ਨਜ਼ਰ ਉਸ ਔਰਤ ਤੇ ਸੀ। ਸਿਰਫ਼ ਸਰਦਾਰ ਈ ਨਹੀਂ ਸੀ ਮੰਨਦਾ। ਜੇ ਖੁਲ੍ਹ ਹੋ ਜਾਂਦੀ ਤਾਂ ਸਾਰੇ ਜਣੇ ਔਰਤ ਹਾਸਲ ਕਰਨ ਵਿਚ ਆਪਸ ਵਿਚ ਲੜ ਮਰਦੇ, ਇਹ ਗੱਲ ਸਰਦਾਰ ਨੇ ਤਾੜ ਲਈ ਸੀ।

ਸਰਦਾਰ ਨੇ ਹੁਕਮ ਦਿੱਤਾ— 'ਬੰਨ੍ਹ ਲਓ ਪੰਡਾਂ ਗਹਿਣੇ-ਗੱਟੇ, ਮੋਹਰਾਂ, ਸੋਨੇ ਦੀਆਂ ਡਲੀਆਂ, ਗੋਖੜੂ, ਪਰੀ ਬੰਦ, ਪਾਜ਼ੇਬਾਂ, ਹੁਕਮ ਦੀ ਪਾਲਣਾ ਹੋ ਗਈ ਘੜੀ ਵਿਚ।

ਸਰਦਾਰ ਦੀ ਨਜ਼ਰ ਇਕ ਹੋਰ ਜਗ੍ਹਾ ਤੇ ਟਿਕੀ ਹੋਈ ਸੀ। ਮੇਰੇ ਅੱਬਾ ਦੀ ਨਜ਼ਰ ਜਦ ਵੇਖੀ ਸਰਦਾਰ ਨੇ, ਮੇਰਾ ਅੱਬਾ ਉਸ ਔਰਤ ਨਾਲ ਜ਼ਬਰਦਸਤੀ ਕਰਨ ਵਾਲਾ ਸੀ। ਸਰਦਾਰ ਨੇ ਆਉ ਨਾ ਵੇਖਿਆ, ਤਾਉ ਨਾ ਵੇਖਿਆ, ਬੰਦੂਕ ਚਲਾਈ ਤੇ ਮੇਰੇ ਪਿਓ ਨੂੰ ਉਥੇ ਈ ਢੇਰੀ ਕਰ ਦਿੱਤਾ, ਮੇਰੇ ਅੱਬਾ ਨੇ ਇਕ ਵੀ ਝਟਕਾ ਨਾ ਖਾਧਾ ਤੇ ਉਥੇ ਈ ਦਮ ਤੋੜ ਦਿੱਤਾ। ਮੇਰੇ ਅੱਬਾ ਦੀ ਕਬਰ ਉਸ ਸਾਹਮਣੇ ਵਾਲੇ ਥੇਹ ਤੇ ਹੈ। ਲੋਕ ਉਸ ਨੂੰ ਵੀ ਪੀਰ ਆਖਦੇ ਹਨ।

ਹੁਣ ਸਰਦਾਰ ਬੋਲਿਆ—'ਜਿਸ ਨੂੰ ਜੋ ਚੀਜ਼ ਪਸੰਦ ਏ ਉਹ ਚੁੱਕ ਲਵੇ।'

ਕਿਹੜਾ ਮਾਂ ਦਾ ਪੁੱਤ ਸੀ ਜੋ ਅੱਗੇ ਵਧੇ। ਸਾਰਿਆਂ ਦੇ ਦਿਲ ਦੀ ਦਿਲ ਵਿਚ ਰਹਿ ਗਈ। ਸਾਰਿਆਂ ਦੀ ਖ਼ਾਨਿਓਂ ਗਈ।

ਸਾਰਾ ਪਿੰਡ ਜਾਗ ਪਿਆ ਸੀ ਪਰ ਬਲਦੀ ਦੇ ਬੂਥੇ ਕੌਣ ਆਉਂਦਾ ਏ! ਕਿਸੇ ਨੇ ਕਿਸੇ ਚੀਜ਼ ਨੂੰ ਹੱਥ ਨਾ ਲਾਇਆ, ਪਰ ਸਰਦਾਰ ਅੱਗੇ ਵਧਿਆ। ਭੱਲੇ ਸ਼ਾਹੂਕਾਰ ਦੇ ਸਿਰਹਾਣੇ ਇਕ ਮਾਲਾ ਪਈ ਹੋਈ ਸੀ, ਉਸ ਨੇ ਚੁੱਕ ਲਈ। ਹੁਕਮ ਦਿੱਤਾ—ਚਲੋ, ਨੱਸ ਚਲੋ ਜੇ ਜਾਨ ਦੀ ਖ਼ੈਰ ਸਮਝਦੇ ਹੋ। ਪਿੰਡ ਜਾਗ ਉੱਠਿਆ ਏ, ਇਕ ਬੰਦਾ ਵੀ ਬਚ ਕੇ ਨਹੀਂ ਜਾਣਾ।' ਡਾਕੂ ਭੱਜ ਗਏ, ਪਰ ਭਰੇ ਘਰ ਵਿਚੋਂ ਕਿਸੇ ਨੇ ਸੂਈ ਵੀ ਨਾ ਚੁੱਕੀ। ਮੋਹਰਾਂ ਤੇ ਦੌਲਤਾਂ ਦੀਆਂ ਗੰਢਾਂ ਬੱਧੀਆਂ ਰਹਿ ਗਈਆਂ। ਜੰਡ ਖ਼ਾਂ ਨੇ ਸਿਰਫ਼ ਮਾਲਾ ਈ ਚੁੱਕ ਕੇ ਖੜੀ।

ਡਾਕੂ ਨੌਂ ਦੋ ਗਿਆਰਾਂ ਹੋ ਗਏ ਤੇ ਪਿੰਡ ਦੀ ਜੰਞ ਭੱਲੇ ਸ਼ਾਹ ਦੇ ਘਰ ਇਕੱਠੀ ਹੋ ਗਈ।

ਭੱਲਾ ਆਖ ਰਿਹਾ ਸੀ—'ਚੋਰ-ਚੋਰ-ਚੋਰ।'

—'ਕਿੱਥੇ ਨੇ ਚੋਰ ?'

—'ਭੱਜ ਗਏ।'

—'ਕੁਝ ਮਾਲ ਖੜਿਆ ਏ ਜਾਂ ਨਹੀਂ ! ਚੋਰ ਕੀ ਆਖੀਏ ਤੇ ਮਾਲ ਨਾ ਚੁੱਕ ਕੇ ਖੜਨ। ਬਾਵਾ ਜੀ ਉਹ ਚੋਰ ਨਹੀਂ ਸਨ ਸਾਧ ਸਨ।

ਉਦੋਂ ਪਿੰਡ ਨੂੰ ਪਤਾ ਲੱਗਾ ਕਿ ਭੱਲੇ ਪਿੰਡ 'ਚ ਕਿੰਨੇ ਕੁ ਵੱਡੇ ਸਾਹੂਕਾਰ ਸਨ।

ਅੱਲਾ ਯਾਰ ਖਾਂ ਹੁਣ ਚੁੱਪ ਸੀ। 'ਵੇਖਿਆ ਜੇ ਲੋਕ ਕਿੰਨੇ-ਕਿੰਨੇ ਵੱਡੇ ਹਾਤਮ ਹਨ। ਬਾਕੀ ਦੀ ਗੱਲ ਫੇਰ ਸ਼ਾਮ ਨੂੰ ਦੱਸਾਂਗਾ।'

ਪਾਰੋ ਭੱਲਾ ਆਖਣ ਲੱਗਾ,—'ਤੇਰੀ ਮਰਜ਼ੀ।'

□□

੫

ਇਕ ਦਿਨ, ਇਕ ਹਫ਼ਤਾ, ਇਕ ਸਾਲ ਲੰਘ ਗਿਆ। ਕੋਈ ਡਾਕੂ ਫਿਰ ਬਾਸਰਕੇ ਵਿਚ ਨਾ ਆਇਆ ਤੇ ਨਾ ਈ ਕਿਸੇ ਨੇ ਸੁਣਿਆ। ਸਾਰੀ ਮੱਲ ਗੁਜ਼ਾਰ ਵਿਚ ਕਦੀ ਕਿਤੇ ਡਾਕਾ ਨਾ ਵੱਜਾ।

ਕਈ ਰੁੱਤਾਂ ਬਦਲੀਆਂ, ਕਈ ਕੂੰਜਾਂ ਆਈਆਂ, ਚਲੀਆਂ ਗਈਆਂ। ਕਈ ਝੱਖੜ ਝੁੱਲੇ, ਲੱਥ ਗਏ, ਹਨੇਰੀਆਂ ਆਈਆਂ ਲੰਘ ਗਈਆਂ, ਬੱਦਲ ਗੜ੍ਹਕੇ ਬਿਜਲੀ ਚਮਕੀ ਮੋਹਲੀਂ ਮੀਂਹ ਪਿਆ। ਕਈ ਵਾਰ ਦਰਿਆ ਚੜ੍ਹੇ, ਕਈ ਵਾਰ ਲੱਥੇ। ਕਈ ਸਾਲ ਲੰਘ ਗਏ। ਇਕ ਦਿਨ ਜਦ ਹਨੇਰ ਚੜ੍ਹਿਆ ਹੋਇਆ ਸੀ ਲਾਲ ਸੂਹੀ ਹਨੇਰੀ। ਲੋਕ ਉਸਨੂੰ ਜੁੰਮੇ ਸ਼ਾਹ ਚੜ੍ਹਿਆ ਹੋਇਆ ਆਖਦੇ ਸਨ। ਇਕ ਬਜ਼ੁਰਗ, ਸਫ਼ੈਦ ਦਾੜ੍ਹੀ, ਗਜ਼-ਗਜ਼ ਲੰਮੀਆਂ ਜ਼ੁਲਫ਼ਾਂ, ਗਲ ਵਿਚ ਅਲਫ਼ੀ, ਚਿਹਰੇ ਨੂਰ, ਮੱਥੇ ਮਹਿਰਾਬ, ਹੱਥ ਵਿਚ ਮਾਲਾ, ਤਸਬੀ ਗਲ ਵਿਚ। ਉਹ ਖ਼ੁਦਾ ਦਾ ਬੰਦਾ ਇਥੇ ਹੀ ਆਣ ਬੈਠਾ। ਇਕ ਦਿਨ, ਇਕ ਰਾਤ ਪਿੰਡ ਵਿਚੋਂ ਕਿਸੇ ਨੇ ਪੁਛਿਆ ਤਕ ਵੀ ਨਾ। ਸ਼ਾਹ ਵੇਲਾ ਦੇਣ ਗਈ ਜੱਟੀ ਨੇ ਮੱਕੀ ਦਾ ਟੁੱਕ ਤੇ ਛੰਨਾ ਲੱਸੀ ਦਾ ਉਸ ਬਜ਼ੁਰਗ ਨੂੰ ਦਿੱਤਾ। ਪਰਦੇਸੀ ਡੀਕ ਲਾ ਕੇ ਪੀ ਗਿਆ, ਘਰ ਦੀ ਮਹਿੰ ਦੀ ਲੱਸੀ ਤੇ ਮਗਰੋਂ ਮੱਕੀ ਦੀ ਟਾਪ ਵੀ ਛਕ ਗਿਆ।

ਮੇਰੇ ਬਜ਼ੁਰਗ ਦੱਸਦੇ ਹਨ ਕਿ ਉਹ ਫਕੀਰ ਰੜੇ ਮੈਦਾਨ ਬੈਠਾ ਸੀ ਤੇ ਉਥੇ ਈ ਬੈਠਾ ਰਿਹਾ। ਪਿੰਡ ਵਾਲੇ ਉਸਦਾ ਪਾਲਣ ਪੋਸਣ ਕਰਦੇ ਰਹੇ। ਗਰਜ਼ ਬੁਰੀ ਬਲਾ ਏ। ਗਿੱਲਾਂ ਦੀ ਨੂੰਹ ਭਾਵੇਂ ਜ਼ਮੀਨ ਦੀ ਵਾਰਸ ਸੀ, ਉਸ ਦੇ ਘਰ ਧੀਆਂ ਦੀਆਂ ਡਾਰਾਂ ਈ ਡਾਰਾਂ ਸਨ ਪਰ ਕੋਈ ਪੁੱਤ ਨਹੀਂ ਸੀ। ਆਖਦੇ ਹਨ ਕਿ ਰੋਜ਼ ਭੱਤਾ ਲੈ ਕੇ ਜਾਣ ਵਾਲੀ ਗਿਆਨੋ ਸ਼ਰਧਾ ਪਿਆਰ ਤੇ ਮੁਹੱਬਤ ਨਾਲ ਰੋਜ਼ ਬਿਨਾਂ ਨਾਗਾ ਦੋ ਰੋਟੀਆਂ ਤੇ ਛੰਨਾ ਲੱਸੀ ਦੇ ਕੇ ਜਾਂਦੀ ਤੇ ਉਹ ਫਕੀਰ ਉਨ੍ਹਾਂ ਦੋ ਰੋਟੀਆਂ ਤੇ ਈ ਰਾਤ ਕੱਟ ਲੈਂਦਾ ਤੇ ਉਸੇ ਤੇ ਦਿਨ। ਉਸ

ਕਦੇ ਪਿੰਡ ਵਿਚ ਅਲਖ ਨਹੀਂ ਸੀ ਜਗਾਈ ਤੇ ਨਾ ਹੀ ਅੱਲਾ ਹੂ ਦਾ ਹੋਕਾ ਈ ਦਿੱਤਾ ਸੀ। ਉਸ ਦਾ ਸਿਦਕ ਵੀ ਕਮਾਲ ਸੀ। ਉਸ ਨੇ ਇਕ ਦਿਨ ਮੌਜ ਵਿਚ ਆਏ ਨੇ ਗਿੱਲਾਂ ਦੀ ਨੂੰਹ ਨੂੰ ਆਖ ਦਿੱਤਾ—'ਬੇਟਾ ਐਤਕੀਂ ਲੱਡੂਆਂ ਦਾ ਟੋਕਰਾ ਭਰ ਕੇ ਦੇਣਾ ਈਂ ਚੰਨ ਵਰਗੇ ਪੁੱਤ ਨੂੰ ਖਿਡਾਵੇਂਗੀ।' ਅਗੋਂ ਗਿਆਨੋ ਬੋਲੀ—'ਸੱਤਾਂ ਸਾਲਾਂ ਤੋਂ ਮੈਂ ਇਹੋ ਗਲ ਸੁਣਦੀ ਆਈ ਹਾਂ ਪਰ ਜਦੋਂ ਵਕਤ ਆਉਂਦਾ ਏ ਤੇ ਫਿਰ ਉਹੀ ਕੁੜੀ, ਜਿਹੜੀ ਮੇਰੇ ਕਰਮਾਂ ਵਿਚ ਹੁੰਦੀ ਏ ਜੰਮ ਪੈਂਦੀ ਏ। ਹੁਣ ਮੇਰੇ ਕੰਨ ਇਹ ਆਵਾਜ਼ ਨਹੀਂ ਕਬੂਲਦੇ। ਬਾਬਾ! ਜਿੰਨੇ ਦਿਨ ਮੈਂ ਤੰਦਰੁਸਤ ਹਾਂ ਤੈਨੂੰ ਪ੍ਰਸ਼ਾਦ ਦੇ ਕੇ ਜਾਇਆ ਕਰਾਂਗੀ ਤੇ ਫਿਰ ਜਦ ਮੈਂ ਘਰ ਵਿਚ ਬਹਿ ਗਈ ਤੇ ਤੇਰਾ ਰੱਬ ਮਾਲਕ ਜੇ ਕਿਸੇ ਦੇ ਮਨ ਵਿਚ ਮਿਹਰ ਪਊ ਤਾਂ ਦੋ ਰੋਟੀਆਂ ਦੇ ਜਾਇਆ ਕਰੂ। ਅੱਛਾ, ਤੇਰੀ ਜ਼ਬਾਨ ਮੁਬਾਰਕ ਹੋਵੇ। ਜੇ ਐਤਕੀਂ ਪੁੱਤ ਵਾਲੀ ਗੱਲ ਸੱਚੀ ਹੋ ਗਈ ਤੇ ਟੋਕਰਾ ਭਰਕੇ ਪਤਾਸੇ ਤੇ ਟੋਕਰੀ ਲੱਡੂਆਂ ਦੀ ਸਭ ਤੋਂ ਪਹਿਲਾਂ ਤੇਰੀ ਨਜ਼ਰ ਕਰਾਂਗੀ।' ਵਕਤ ਲੰਘ ਗਿਆ ਦਿਨ ਪੂਰੇ ਹੋ ਗਏ, ਗਿੱਲਾਂ ਦੇ ਘਰ ਨੌਬਤ ਵੱਜੀ। ਪਤਾਸੇ ਤੇ ਲੱਡੂ ਕਸੂਰ ਤੋਂ ਉਚੇਚਾ ਬੰਦਾ ਭੇਜ ਕੇ ਲਿਆਂਦੇ ਗਏ। ਪਹਿਲਾਂ ਫਕੀਰ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਇਕ ਰੇਜਾ ਹੱਥ ਦਾ ਕੱਤਿਆ ਉਸ ਦੀ ਖਿਦਮਤ ਵਿਚ ਪੇਸ਼ ਕੀਤਾ ਤੇ ਨਾਲ ਟੋਕਰੀ ਭਰੀ ਲੱਡੂਆਂ ਤੇ ਪਤਾਸਿਆਂ ਨਾਲ। ਬਸ ਸਾਰੇ ਪਿੰਡ ਵਿਚ ਰੌਲਾ ਪੈ ਗਿਆ ਕਿ ਪਹੁੰਚਿਆ ਹੋਇਆ ਫਕੀਰ ਏ, ਖ਼ੁਦਾ ਦੀ ਭੇਜੀ ਹੋਈ ਰਹਿਮਤ ਏ। ਸਾਰਾ ਪਿੰਡ ਚੜ੍ਹਾਵੇ ਚੜ੍ਹਾਉਣ ਲੱਗ ਪਿਆ। ਫਿਰ ਰੋਟੀਆਂ ਦੇਣ ਵਾਲੀਆਂ ਵੀਹ ਜੰਮ ਪਈਆਂ। ਕੋਈ ਦੁੱਧ ਦਾ ਭਰਿਆ ਛੰਨਾ ਲਈ ਆਉਂਦੀ ਏ ਤੇ ਕੋਈ ਮੱਖਣ ਦਾ ਪੇੜਾ ਤੇ ਨਾਲ ਗੜਵਾ ਲੱਸੀ ਦਾ। ਘਿਓ ਵਿਚ ਨੁਚੜਦੀਆਂ ਰੋਟੀਆਂ ਪਹਿਲਾਂ ਉਥੇ ਹਾਜ਼ਰੀ ਭਰਦੀਆਂ ਤੇ ਫਿਰ ਹੱਲ ਵਾਹੁੰਦੇ ਮਾਲਕਾਂ ਖ਼ਸਮਾਂ ਲਈ ਲੈ ਕੇ ਜਾਂਦੀਆਂ ਰੋਟੀ।

ਧੁੰਮਾਂ ਫਿਰ ਲਾਗੇ ਦੇ ਪਿੰਡਾਂ ਵਿਚ ਵੀ ਪੈ ਗਈਆਂ। ਚਰਚੇ ਕਸੂਰ ਤਕ ਵੀ ਪੁੱਜ ਗਏ। ਲੰਮੀਆਂ-ਲੰਮੀਆਂ ਕਹਾਣੀਆਂ, ਤਰ੍ਹਾਂ-ਤਰ੍ਹਾਂ ਦੇ ਮੋਅਜਜ਼ੇ, ਕਈ ਝੂਠੇ ਤੇ ਕਈ ਸੱਚੇ, ਕਈ ਮਨਘੜਤ ਕਹਾਣੀਆਂ ਇਸ ਫਕੀਰ ਦੇ ਦੁਆਲੇ ਘੁੰਮਣ ਲੱਗ ਪਈਆਂ।

ਮਾਲਾ ਨੇ ਕਾਇਆ ਪਲਟ ਦਿੱਤੀ, ਡਾਕੂ ਤੋਂ ਸਾਧ ਬਣ ਗਿਆ ਜੰਡ ਖ਼ਾਂ।

ਇਕ ਰਾਤ ਰੂਹ ਉਡਾਰੀ ਮਾਰ ਗਈ ਤੇ ਦਿਨੇ ਕਬਰ ਬਣਾ ਦਿੱਤੀ ਪਿੰਡ ਦੇ ਜ਼ਿਮੀਦਾਰਾਂ ਤੇ ਮੁਸਲਮਾਨ ਲੋਕਾਂ ਨੇ।

ਜੰਡ ਖ਼ਾਂ, ਜੰਡ ਖ਼ਾਂ ਨਾ ਰਿਹਾ ਜੰਡ ਪੀਰ ਬਣ ਗਿਆ।

ਜੰਡ ਪੀਰ ਦੀ ਤੇ ਏਨੀ ਕਥਾ ਏ। ਆਖਣ ਵਾਲਾ ਅੱਲਾ ਯਾਰ ਖ਼ਾਂ ਸੀ।

□□

੬

ਦੋਵੇਂ ਜਣੇ ਉਠ ਬੈਠੇ, ਬਾਉਲੀ ਤੇ ਆ ਕੇ ਹੱਥ ਮੂੰਹ ਧੋਤਾ ਤੇ ਫਿਰ ਲੰਗਰ ਚਲੇ ਗਏ। ਅੰਨ-ਪਾਣੀ ਛਕਿਆ ਤੇ ਫਿਰ ਚੁਬਾਰੇ ਪਹੁੰਚ ਗਏ। ਪਾਰੋ ਡੱਲਾ ਆਪਣੇ ਪਿੰਡ ਮੁੜ ਜਾਂਦਾ, ਪਰ ਅੱਲਾ ਯਾਰ ਖ਼ਾਂ ਨੇ ਤਾਂ ਗੋਇੰਦਵਾਲ 'ਚ ਈ ਡੇਰੇ ਲਾ ਲਏ, ਤਿਲਾਂਜਲੀ ਦੇ ਕੇ

ਅਪਣੇ ਕਾਰੋਬਾਰ ਨੂੰ। ਆਖਦੇ ਹਨ ਕਿ ਨਵਾਬੀ ਦਾ ਢੋਂਗ ਫੈਲਾ ਉਸ ਦੇ ਪੁੱਤ ਨੂੰ ਮਿਲ ਗਿਆ। ਹੁਣ ਅੱਲਾ ਯਾਰ ਖ਼ਾਂ ਸਿਰਫ਼ ਅੱਲਾ ਦਾ ਈ ਲੋਕ ਰਹਿ ਗਿਆ। ਦੀਵਾਨ ਵਿਚ ਬੈਠਦਾ ਤੇ ਬਾਣੀ ਦਾ ਸਿਮਰਨ ਕਰਦਾ। ਭਾਵੇਂ ਚੰਗੀ ਤਰ੍ਹਾਂ ਬਾਣੀ ਸਮਝ ਵਿਚ ਨਹੀਂ ਸੀ ਆਉਂਦੀ ਪਰ ਪੰਜਾਬ ਦਾ ਪਾਣੀ ਪੀਣ ਸਦਕਾ ਅੱਧ-ਪਚੱਧ ਬਾਣੀ ਸਮਝ ਜਾਂਦਾ ਤੇ ਬਾਕੀ ਪਾਰੋ ਫ਼ੈਲਾ ਉਸ ਦੀ ਕਸਰ ਪੂਰੀ ਕਰ ਦਿੰਦਾ। ਉਸਨੂੰ ਹੁਣ ਪਤਾ ਲੱਗਾ ਸੀ ਕਿ ਆਪਣੀ ਬੋਲੀ ਵਿਚ ਜਿਹੜੀ ਗੱਲ ਖਾਨੇ ਪੈ ਜਾਂਦੀ ਏ, ਵਿਦੇਸ਼ੀ ਬੋਲੀ ਵਿਚ ਭਾਵੇਂ ਕਿੰਨੇ ਗਿਆਨ ਫਲਸਫੇ ਹੋਣ ਉਹ ਬੰਦਾ ਛੇਤੀ ਦਿਤੇ ਗ੍ਰਹਿਣ ਨਹੀਂ ਕਰ ਸਕਦਾ। ਮੌਲਵੀ ਕਿੰਨਾ ਕੁ ਸਮਝਾ ਸਕਦਾ ਏ। ਅੱਲਾ ਯਾਰ ਖ਼ਾਂ ਦੇ ਦਿਲ ਤੇ ਨਵਾਂ ਮਜ਼ਹਬ ਉਕਰਦਾ ਜਾ ਰਿਹਾ ਸੀ, ਨਕਸ਼ ਹੁੰਦਾ ਜਾਂਦਾ ਇਕ-ਇਕ ਸ਼ਬਦ ਬਾਣੀ ਦਾ। ਜਿਉਂ-ਜਿਉਂ ਬਾਣੀ ਉਸਦੇ ਹਿਰਦੇ ਅੰਦਰ ਵਸਦੀ ਤਿਉਂ-ਤਿਉਂ ਉਸਦੇ ਅੰਦਰ ਚਾਨਣ ਦੀ ਕਿਰਨ ਫੁਟਦੀ ਜਾਂਦੀ। ਹੁਣ ਅੱਲਾ ਯਾਰ ਖ਼ਾਂ ਉਹ ਨਹੀਂ ਸੀ ਜਿਹੜਾ ਬਿਆਸ ਦੇ ਪਰਲੇ ਕੰਢੇ ਖੜਾ ਹੜ੍ਹ ਲੱਥਣ ਦਾ ਇੰਤਜ਼ਾਰ ਕਰ ਰਿਹਾ ਸੀ।

ਮੂੰਹ ਦਾ ਮਿੱਠ-ਬੋਲੜਾ ਅੱਲਾ ਯਾਰ ਖ਼ਾਂ ਜਿਸਦੇ ਕੋਲ ਬਹਿੰਦਾ ਉਸ ਨੂੰ ਈ ਆਪਣਾ ਬਣਾ ਲੈਂਦਾ। ਲੋਕ ਉਸਨੂੰ ਪਿਆਰ ਕਰਨ ਲੱਗ ਪਏ ਸਨ। ਉਸ ਨੇ ਸੰਗਤ ਦੇ ਅੰਦਰ ਆਪਣਾ ਅਸਥਾਨ ਬਣਾ ਲਿਆ ਸੀ। ਉਸਦਾ ਫ਼ਿਪਰਾਪਨ ਜਾਂਦਾ ਰਿਹਾ ਸੀ। ਉਹ ਕਦੀ ਕਾਬਲ ਦੀਆਂ ਕਹਾਣੀਆਂ ਸੁਣਾਉਂਦਾ ਤੇ ਕਦੇ ਗਜਨੀ ਦੀ ਵਾਰਦਾਤ ਛੋਹ ਬਹਿੰਦਾ। ਉਸਨੂੰ ਫਿਰਦੌਸੀ ਦਾ ਸ਼ਾਹਨਾਮਾ ਵਿਚੋਂ-ਵਿਚੋਂ ਜ਼ਬਾਨੀ ਯਾਦ ਸੀ। ਕਦੇ-ਕਦੇ ਉਹ ਸ਼ੇਖ ਸਾਅਦੀ ਦੀਆਂ ਰਮਜ਼ਾਂ ਤੇ ਕਦੇ-ਕਦੇ ਹਾਫ਼ਿਜ਼ ਬਾਰੇ ਗੋਇੰਦਵਾਲ ਵਾਲਿਆਂ ਨੂੰ ਦੱਸਦਾ। ਈਰਾਨ ਵਾਲੇ ਹਾਫ਼ਿਜ਼ ਦੇ ਦੀਵਾਨ ਤੋਂ ਫ਼ਾਲ ਕਢਦੇ ਹਨ। ਇਸਲਾਮ ਭਾਵੇਂ ਛੇਤੀ ਲੋਕਾਂ ਨੇ ਕਬੂਲ ਲਿਆ ਏ, ਪਰ ਈਮਾਨ ਨਾਲ ਲੋਕ ਅਜੇ ਤਕ ਇਸਲਾਮ ਨੂੰ ਸਮਝ ਨਹੀਂ ਸਕੇ।

ਲੰਗਰ ਇਕ ਨਿਹਮਤ ਏ, ਲੰਗਰ ਵਿਚੋਂ ਨਫ਼ਰਤ ਪਰ ਲਾ ਕੇ ਉਡ ਗਈ ਏ।

ਰਹਿੰਦੀ-ਖੂੰਹਦੀ ਛੂਤ-ਛਾਤ ਬਾਉਲੀ ਵਿਚੋਂ ਇਸ਼ਨਾਨ ਕਰੀਏ ਤਾਂ ਉਡ ਜਾਂਦੀ ਏ।

ਬਾਣੀ ਕਲੇਜੇ ਵਿਚ ਠੰਢ ਪਾਉਂਦੀ ਏ ਤੇ ਗੁਰੂ ਦਰਸ਼ਨ ਨਾਲ ਮਸਤਕ ਵਿਚ ਜਲਾਲ ਪੈਂਦਾ ਹੁੰਦਾ ਏ।

ਗੋਇੰਦਵਾਲ ਇਕ ਸਰਾਂ ਏ, ਇਕ ਮੁਸਾਫ਼ਰਖ਼ਾਨਾ ਏ, ਪੱਤਣ ਏ ਦਰਿਆ ਦਾ, ਜਿਥੋਂ ਦੀ ਫ਼ੌਜਾਂ ਲੰਘਦੀਆਂ ਨੇ, ਆਵਾਜਾਈ ਹੋਣ ਕਰਕੇ ਪੂਰਾ ਹਿੰਦੁਸਤਾਨ ਗੋਇੰਦਵਾਲ ਦੇ ਨਾਂ ਤੋਂ ਜਾਣੂ ਏ। ਹਰ ਲੰਘਣ ਵਾਲਾ ਮੁਸਾਫ਼ਰ ਗੁਰੂ ਦੇ ਡੇਰੇ ਵਿਚੋਂ ਭਾਵੇਂ ਕੁਝ ਵੀ ਨਾ ਖੜੇ, ਚੁਟਕੀ ਨਾਮ ਦੀ ਲੈ ਈ ਜਾਂਦਾ ਏ ਭਾਵੇਂ ਹੋਰ ਕੁਝ ਨਾ ਹੀ ਚੁੱਕੇ।

—'ਇਹ ਖ਼ੁਸ਼ਬੋ ਦਿਨ-ਬ-ਦਿਨ ਫੈਲੇਗੀ, ਇਸਨੂੰ ਕੋਈ ਰੋਕ ਨਹੀਂ ਸਕਦਾ, ਇਸਨੂੰ ਸਾਰਾ ਪੰਜਾਬ ਕਬੂਲੇਗਾ, ਭਾਵੇਂ ਕੋਈ ਹਿੰਦੂ ਹੋਵੇ ਤੇ ਭਾਵੇਂ ਕੋਈ ਮੁਸਲਮਾਨ।' ਇਸ ਤਰ੍ਹਾਂ ਸੋਚ ਰਿਹਾ ਸੀ ਅੱਲਾ ਯਾਰ ਖ਼ਾਂ।

—'ਭਾਈ ਪਾਰੋ ਅਜੇ ਤਕ ਨਹੀਂ ਆਇਆ।' ਆਖਣ ਲੱਗਾ ਇਕ ਗੁਰਸਿੱਖ।

—'ਮੈਂ ਵੀ ਉਸੇ ਦੀ ਇੰਤਜ਼ਾਰ ਵਿਚ ਹਾਂ। ਸਿਰਫ਼ ਰਾਤ ਈ ਲੰਘਦੀ ਏ,

ਸੂਰਜ ਦੀ ਟਿੱਕੀ ਪੁੰਗਰਨ ਤੋਂ ਬਾਅਦ ਅੱਖਾਂ ਉਸ ਦੇ ਰਾਹ ਤੇ ਵਿਛ ਜਾਂਦੀਆਂ ਹਨ।'

—'ਉਹ ਧੁੰਨ ਦਾ ਪੱਕਾ ਵੇ, ਉਸ ਨੇ ਵਕਤ ਖੁੰਝਣ ਨਹੀਂ ਦਿੱਤਾ। ਉਸਦੀ ਰਾਤੀਂ ਉਹੀ ਜੰਮਿਆ ਏ।' ਆਵਾਜ਼ ਕਿਸੇ ਦੂਜੇ ਆਦਮੀ ਦੀ ਸੀ।

—'ਲੈ ਭਈ ਅਹੁ ਆ ਗਏ ਨੇ ਸੱਜਣ ਪਿਆਰੇ।' ਅੱਲਾ ਯਾਰ ਖ਼ਾਂ ਬੋਲਿਆ।

ਘੋੜੀ ਤੋਂ ਉਤਰਿਆ ਪਾਰੋ ਡੱਲ੍ਹਾ, ਰੂਹ ਖਿੜ ਗਈ ਅੱਲਾ ਯਾਰ ਖ਼ਾਂ ਦੀ।

□□

੭

ਆਖਣ ਲੱਗਾ ਪਾਰੋ ਡਲਾ, ਗੁਰੂ ਦਰਸ਼ਨ ਕਰਕੇ ਮੈਂ ਹੁਣੇ ਆਇਆ। ਤੁਸੀਂ ਤਾਂ ਦਰਿਆ ਦੇ ਕੰਢੇ ਬੈਠੇ ਓ, ਕੀ ਚੁਭੀ ਮਾਰਨ ਦਾ ਖਿਆਲ ਹੈ ਸੱਜਣਾ, ਮੋਤੀ ਇਵੇਂ ਭਾਲਦੇ ਹਨ ਲੋਕੀ ਦਰਿਆ ਵਿਚੋਂ ਗੋਇੰਦਵਾਲ ਵਿਚੋਂ ਮੋਤੀ ਟੋਲੇ ਜਾ ਸਕਦੇ ਹਨ। ਟੋਲਣ ਵਾਲਾ ਚਾਹੀਦਾ ਹੈ। ਇਥੇ ਮਾਣਕ ਪੰਨੇ, ਜਵਾਹਰ, ਨੀਲਮ, ਫਿਰੋਜ਼ਾ ਜੋ ਚਾਹੋ ਮਿਲਦਾ ਹੈ। ਖਜ਼ਾਨੇ ਭਰੇ ਪਏ ਹਨ। ਦੇਗਾਂ ਭਰੀਆਂ ਪਈਆਂ ਹਨ, ਨੱਕਾ-ਨੱਕ ਉਛਾਲੇ ਮਾਰਦੀਆਂ। ਝੋਲੀਆਂ ਭਰ ਲਓ ਗੁਰੂ ਦੇ ਭੰਡਾਰੇ ਮੂੰਹੋਂ ਮੂੰਹ ਭਰੇ ਹਨ।

ਫੁਰਤੀਲੇ ਪਾਰੋ ਨੇ ਛਾਲ ਮਾਰੀ ਤੇ ਅੱਖ ਵੀ ਝਮਕਣ ਨਾ ਦਿੱਤੀ ਚੁਬਾਰੇ ਪੁੱਜ ਗਿਆ। ਨਿਹਾਲ ਹੋ ਗਿਆ ਗੁਰੂ ਦੇ ਦਰਸ਼ਨ ਕਰਕੇ ਜਦੋਂ ਪਰਤਿਆ ਤੇ ਉਦੋ ਪੈਰ ਕਿਤੇ ਭੁੰਜੇ ਨਹੀਂ ਸਨ ਪੈਂਦੇ, ਚੱਪਾ-ਚੱਪਾ ਉਚੀਆਂ ਅੱਡੀਆਂ ਸਨ ਜ਼ਮੀਨ ਤੋਂ। ਨਿਖਰਿਆ ਚਿਹਰਾ ਤੇ ਡਲਕਾਂ ਮਾਰਦਾ ਜਲਾਲ ਕਿਹੜਾ ਮਾਈ ਦਾ ਲਾਲ ਸੀ ਜਿਹੜਾ ਝੱਲੇ। ਗੁਰੂ ਦੀਆਂ ਅਪਾਰ ਮਿਹਰਾਂ ਸਨ ਪਾਰੋ ਡੱਲੇ ਤੇ।

ਝੋਲੀ ਭਰਕੇ ਲਿਆਇਆ ਏ ਸੱਜਣਾ, ਵਿਚੋਂ ਬੁੱਕ ਸਾਨੂੰ ਵੀ ਦੇ ਦੇ। ਮੰਗਤਿਆਂ ਦਾ ਕੰਮ ਏ ਮੰਗਣਾ। ਦਾਨੀ ਦਾਨ ਕਰਦੇ ਈ ਆਏ ਨੇ। ਆਖਣ ਲੱਗਾ ਅੱਲਾ ਯਾਰ ਖ਼ਾਂ।

ਤੇਰੇ ਲਈ ਵਿਹੜਾ ਮੋਕਲਾ ਕਰ ਦਿੱਤਾ ਏ। ਤੂੰ ਵੀ ਝੋਲੀਆਂ ਭਰ ਲੈ ਮਨ ਆਈਆਂ ਤੇ ਮੁਠੀਆਂ ਭਰ ਭਰ ਵੰਡ ਤੇਰੇ ਕਿਸੇ ਨੇ ਹੱਥ ਫੜੇ ਹੋਏ ਨੇ, ਵੰਡ ਖਾਣਾ ਸਿੱਖ ਦਾ ਧਰਮ ਐ। ਕਿਉਂ ਮੰਗਦੈਂ ਜਦੋਂ ਤੈਨੂੰ ਕੋਈ ਮਨਾਹੀ ਨਹੀਂ। ਚਾਬੀਆਂ ਤੇਰੇ ਕੋਲ ਹਨ, ਲੋੜ ਤੇ ਆਗਿਆ ਦੀ ਈ ਐ। ਹੌਲੀ-ਹੌਲੀ ਪਿਰਤ ਬੰਨ ਲਓ। ਕੋਈ ਦਿਨ ਆਉਣੈ ਭੰਡਾਰੀ ਤੂੰ ਬਣ ਜਾਣੈ। "ਲੈ ਸਜਨਾ, ਝੋਲੀ ਖੁਲ੍ਹੀ ਊ ਜਿੰਨੀਆਂ ਜੀ ਚਾਹੇ ਮੁੱਠਾਂ ਭਰ ਲੈ" ਇਹ ਬੋਲ ਸਨ ਪਾਰੋ ਡੱਲੇ ਦੇ।

"ਯਾਰ ਹੋਣ ਤਾਂ ਡੱਲੇ ਵਰਗੇ। ਇਥੇ ਕਿਹੜਾ ਕਿਸੇ ਨੇ ਬਹਿ ਰਹਿਣਾ ਏਂ। ਦੋ ਘੜੀ ਦਾ ਮੇਲਾ ਏ ਹੱਸ ਦੰਦਾਂ ਦੀ ਪ੍ਰੀਤ ਏ। ਮਗਰੋਂ ਤਾਂ ਇਹ ਸੋਹਣ ਸਰੀਰ ਮਖਮਲੀ ਰੇਸ਼ਮੀ ਵਾਲਾਂ ਨੂੰ ਕਿਸੇ ਸਵਾਰਨਾ ਤੇ ਕੁਜਾ ਕਿਸੇ ਨੇ ਹੱਥ ਵੀ ਨਹੀਂ ਲਾਉਣਾ। ਕਬਰ ਮੂੰਹ ਅੱਡੀ ਖੜੀ, ਏ ਚਿਤਾ ਦੇ ਕੋਲੇ ਮਗ ਰਹੇ ਹਨ। ਵਕਤ ਹਰਨਾਂ ਦੀ ਸਿੰਘੀ ਚੜ੍ਹ ਗਿਆ ਏ "ਕਿਹੜਾ ਜਾਲ ਪਾ ਕੇ ਫੜੂ ਵਕਤ ਨੂੰ" ਅਵਾਜ਼ ਸੀ ਅੱਲਾਯਾਰ ਖ਼ਾਂ ਦੀ।

ਲਓ ਬੈਠ ਜਾਓ ਫਿਰ ਅੱਜ ਮੈਂ ਤੁਹਾਨੂੰ ਸੁਣਾਉਂਦਾ ਹਾਂ ਬਾਸਰਕੇ ਦੇ ਵਾਰਸਾਂ ਦੀ ਕਥਾ। ਭੱਲੇ ਬਾਸਰਕੇ ਕਦੋਂ ਵਸੇ, ਕਦ ਆਏ, ਇਹ ਕੌਣ ਸਨ ? ਇਨਾਂ ਨੇ ਬਾਸਰਕੇ ਈ ਠਹਿਰਨਾ ਸੀ ? ਇਨ੍ਹਾਂ ਨੂੰ ਹੋਰ ਕੋਈ ਥਾਂ ਨਹੀਂ ਲੱਭਾ ? ਇਹ ਬੜੀ ਵਿਚਾਰਨ ਵਾਲੀ ਗੱਲ ਏ। ਸ਼ਹਿਰਾਂ ਦੀ ਭਾਵੇਂ ਹਿੱਕ ਤੇ ਵਸਿਆ ਨਗਰ ਸੀ ਪਤਨ ਤੋਂ ਦੂਰ ਹਟਕੇ। ਏਸ ਨਗਰ ਦੇ ਮੁਨਾਰੇ ਉਸਰੇ ਹੋਏ ਸਨ ਏਸ ਲਈ ਵਪਾਰੀਆਂ ਲਈ ਬੜੀ ਸੁਰੱਖਿਅਤ ਜਗ੍ਹਾ ਸੀ। ਵਪਾਰੀਆਂ ਨੂੰ ਆਪਣੇ ਮਾਲ ਜਾਨ ਦੀ ਹਿਫਾਜ਼ਤ ਚਾਹੀਦੀ ਏ। ਫੇਰ ਓਥੇ ਉਹ ਜੀ ਖੋਹਲ ਕੇ ਖ਼ਰਚ ਕਰ ਸਕਦਾ ਏ। ਭੱਲੇ ਵਪਾਰ ਦੇ ਧਨੀ ਸਨ। ਭਾਵੇਂ ਗੋਇੰਦਵਾਲ ਵਿਚ ਵਪਾਰ ਦਾ ਬਜ਼ਾਰ ਗਰਮ ਸੀ। ਸਿਆਣਾ ਵਪਾਰੀ ਕਦੀ ਵੀ ਆਪਣੀ ਜਾਨ ਨੂੰ ਖ਼ਤਰੇ ਵਿਚ ਪਾਉਣ ਨੂੰ ਤਿਆਰ ਨਹੀਂ ਹੁੰਦਾ। ਸ਼ਾਹੀ ਫੌਜ ਦਾ ਕੀ ਏ, ਕਦ ਲੁੱਟਮਾਰ ਕਰ ਲਏ। ਜਦੋਂ ਜੀ ਚਾਹੇ ਕਿਸੇ ਦੇ ਕੋਠੇ ਨੂੰ ਅੱਗ ਲਾ ਦੇਵੇ। ਜਿਸਦਾ ਕੁੱਲਾ ਸੋਹਣਾ ਨਜ਼ਰ ਆਵੇ, ਜਦੋਂ ਉਹਦੀ ਮਰਜ਼ੀ ਫੋਲ ਲਵੇ। ਜਿਹੜੀ ਰੰਨ ਸੋਹਣੀ ਜਾਪੇ ਗੁੱਤੋਂ ਫੜੇ ਤੇ ਘੋੜੇ ਉਤੇ ਸੁੱਟ ਲਵੇ ਤੇ ਸਾਹ ਜਾ ਕੇ ਲਾਹੌਰ ਲਵੇ। ਕਸੂਰ ਪੁਜ ਜਾਏ ਤੇ ਉਸ ਮੁਟਿਆਰ ਜੁਆਨ ਜਹਾਨ ਨੂੰ ਬੁਰਕੇ ਵਿਚ ਲਕੋ ਲੈਣਾ ਉਨ੍ਹਾਂ ਦੇ ਖੱਬੇ ਹੱਥ ਦਾ ਕਰਤਵ ਸੀ। ਭੱਲੇ ਆਪਣਾ ਮਾਲ ਗੁਦਾਮ ਤਾਂ ਗੋਇੰਦਵਾਲ ਵਿਚ ਰੱਖਦੇ, ਨਕਦੀ ਰੋਕੜ ਤੇ ਮੋਹਰਾਂ ਦੀਆਂ ਬੋਰੀਆਂ ਬਾਸਰਕੇ ਵਿਚ ਜਮਾਂ ਕਰਦੇ। ਕੋਈ ਸਰਕਾਰੀ ਕਰਿੰਦਾ ਇਹ ਨਹੀਂ ਸੀ ਜਾਣਦਾ ਕਿ ਕਿਸ ਬੰਦੇ ਕੋਲ ਕਿੰਨਾ-ਕੁ-ਮਾਲ ਏ ਤੇ ਉਸ ਕਿਹੜੀ ਖੁੰਦਰ ਵਿਚ ਲੁਕੋ ਕੇ ਰੱਖਿਆ ਹੋਇਆ ਏ। ਬਾਸਰਕੇ ਨੂੰ ਜਦ ਵੀ ਕਿਸੇ ਵਪਾਰੀ ਨੇ ਸੁਣਿਆ ਤੇ ਉਹਦੀ ਨਜ਼ਰ ਇਥੇ ਈ ਟਿਕੀ, ਭਾਵੇਂ ਵੀਹ ਪਿੰਡ ਹੋਰ ਸਨ ਆਲੇ ਦੁਆਲੇ।

ਹੁਣ ਤੁਹਾਨੂੰ ਮੈਂ ਇਹ ਦੱਸਾਂ ਕਿ ਭੱਲੇ ਕੌਣ ਸਨ ? ਸਾਖੀਕਾਰ ਆਖਦੇ ਹਨ ਭਗਵਾਨ ਰਾਮ ਦੇ ਭਰਾ ਭਰਥ ਦੇ ਵੰਸ਼ ਵਿਚੋਂ ਇਹ ਭੱਲੇ ਪੈਦਾ ਹੋਏ। ਕੌਣ ਕਿਥੇ ਹੋਇਆ, ਇਹ ਤੇ ਮੈਂ ਨਹੀਂ ਦੱਸ ਸਕਦਾ। ਭੱਲੇ ਪੁਰਖਾਂ ਵਿਚੋਂ ਇਕ ਮਹਾਂਪੁਰਸ਼ ਦਾ ਨਾਂ ਇਤਿਹਾਸ ਵਿਚ ਆਉਂਦਾ ਏ, ਭੱਲੇ ਹਰ ਸ਼ੁੱਭ ਕੰਮ ਕਰਨ ਤੋਂ ਪਹਿਲਾਂ ਉਹਦਾ ਨਾਂ ਧਿਆਉਂਦੇ ਹਨ। ਉਹਦਾ ਨਾਂ ਏ ਰਾਮ ਨਰਾਇਣ। ਉਹਦੀ ਵੇਲ ਵਧੀ, ਵੰਸ ਫਲੀ ਫੁਲੀ ਏਨਾ ਵਿਸਤਾਰ ਵਧਿਆ ਬਾਸਰਕੇ ਵਿਚ ਸਮਾਉਣੇ ਮੁਸ਼ਕਲ ਹੋ ਗਏ। ਇਥੋਂ ਈ ਲਾਹੌਰ ਚਲੇ ਗਏ। ਕਸੂਰ, ਦਿੱਲੀ, ਸਰਹੰਦ ਉਨ੍ਹਾਂ ਆਪਣੇ ਅੱਡੇ ਜਮਾ ਲਏ। ਇਨ੍ਹਾਂ ਸਾਰਿਆਂ ਦੀਆਂ ਸੰਗਲੀਆਂ ਘੁੰਡੀਆਂ ਬਾਸਰਕੇ ਦੇ ਨਾਲ ਫਸੀਆਂ ਹੋਈਆਂ ਹਨ।

ਇਤਿਹਾਸਕਾਰ ਭਾਵੇਂ ਕਿੰਨੀ ਵੱਡੀ ਛਾਲ ਮਾਰੇ ਪਰ ਜਦੋਂ ਉਹਦੇ ਪੱਬ ਪੈਂਦੇ ਹਨ ਤੇ ਉਹਦਾ ਨਿਸ਼ਾਨਾ ਆ ਕੇ ਤੇਜ ਭਾਨ ਤੇ ਈ ਲੱਗਦਾ ਏ। ਇਸੇ ਲਈ ਸਾਰੇ ਖ਼ਾਨਦਾਨ ਵਿਚ ਤੇਜ ਭਾਨ ਦਾ ਈ ਤੇਜ ਡਲ੍ਹਕਾਂ ਮਾਰਦਾ ਏ, ਜੇ ਮੈਂ ਉਨ੍ਹਾਂ ਭੱਟਾਂ ਦੀ ਬੋਲੀ ਵਿਚ ਬਿਆਨ ਕਰਾਂ ਤਾਂ ਭੱਟ ਸੁਲ ਤੇ ਕਲਸਹਾਰ ਨੇ ਇਹ ਹਾਮੀ ਭਰੀ ਏ ਕਿ ਗੁਰੂ ਨਾਨਕ ਦੇਵ ਦੀ ਕੁਲ ਵਿਚ ਜੋ ਆਇਆ ਉਸੇ ਕੁਲ ਦਾ ਬਣ ਗਿਆ। ਉਸ ਨੂੰ ਸਿਆਣੇ ਲੋਕ ਨਿਰਮਲ ਅਵਤਾਰ ਹੋਇਆ ਮੰਨਦੇ ਹਨ। ਗੁਰੂ ਅੰਗਦ ਦੇਵ ਦੇ ਮਿਲਾਪ ਨਾਲ ਇਹ ਬਖਸ਼ਸ਼ ਝੋਲੀ ਪਈ। ਬਾਬੇ ਦਾ ਨਾਂ ਲੈ ਕੇ ਤੁਸੀਂ ਮੇਰੇ ਗੁਰੂ ਦੀ ਕੁਲ ਵਿਚ ਸ਼ਾਮਲ ਕਰ ਸਕਦੇ ਓ। ਜਿਹੜਾ ਗੁਰੂ ਦੀ ਸ਼ਰਨ ਆ ਗਿਆ ਉਹਦੀ ਆਪਣੀ ਜਾਤ ਉਡ ਗਈ ਉਡਾਰੀ ਮਾਰਕੇ। ਗੁਰੂ ਦੀਆਂ ਕੁੰਡੀਆਂ ਵਿਚ ਕੁੰਡੀ ਫਸ ਗਈ। ਜਿਸ ਤਰ੍ਹਾਂ ਕੋਈ ਸਰੋਵਰ ਵਿਚ ਚੁਭੀ ਮਾਰੇ ਤੇ ਉਹ

ਸਰੋਵਰ ਦਾ ਈ ਬਣ ਜਾਂਦੈ। ਲੂਣ ਦੀ ਖਾਨ ਵਿਚ ਜਿਹੜਾ ਗਿਆ ਲੂਣ ਹੋ ਗਿਆ। ਤੁਸੀਂ ਹੁਣ ਨਿਸਚੇ ਨਾਲ ਆਖ ਸਕਦੇ ਓ ਇਹ ਸਾਰਾ ਇਕ ਸਰੋਵਰ ਏ ਤੇ ਅਸੀਂ ਸਾਰ ਕੰਢੇ ਹਾਂ।

ਪਾਰੋ ਡੱਲਾ ਬੋਲ ਰਿਹਾ ਸੀ ''ਮੇਰੇ ਗੁਰੂ ਵੀ ਬਾਸਰਕੇ ਦੇ ਜੰਮਪਲ ਹਨ। ਮਹਾਰਾਜ ਦੇ ਤਿੰਨ ਭਰਾ ਸਨ। ਇਕ ਦਾ ਨਾਂ ਸੀ ਈਸ਼ਰ ਦਾਸ ਜਿਨ੍ਹਾਂ ਦੇ ਪੁਤਰ ਸਨ ਪਰਸਿੱਧ ਮਹਾਂ ਗਿਆਨੀ ਮਹਾਂ ਯੋਗੀ; ਮਹਾਂ ਵਿਦਵਾਨ ਭਾਈ ਗੁਰਦਾਸ। ਇਨ੍ਹਾਂ ਨੂੰ ਕੌਣ ਏ ਜਿਹੜਾ ਜਾਣਦਾ ਨਹੀਂ। ਖੇਮ ਰਾਏ ਜਿਨ੍ਹਾਂ ਦੇ ਪੁਤਰ ਬਾਬਾ ਸਾਵਣ ਮੱਲ ਤੇ ਤੀਜੇ ਭਰਾ ਨੂੰ ਮਾਣਕ ਚੰਦ ਆਖਦੇ ਹਨ। ਜਸੂ ਦੇ ਪਿਤਾ ਦਾ ਨਾਂ ਮਾਣਕ ਚੰਦ ਸੀ। ਹੁਣ ਤੁਸੀਂ ਪੁਛੋਗੇ ਕਿ ਜਸੂ ਕੌਣ ਏ? ਇਹਦਾ ਭਾਵੇਂ ਲੋਕ ਨਾਂ ਭੁਲ ਗਏ ਹਨ ਪਰ ਇਤਿਹਾਸ ਉੱਚੀਆਂ ਉੱਚੀਆਂ ਬਾਹਾਂ ਕਰਕੇ ਆਖ ਰਿਹਾ ਏ ਸਿੱਖ ਇਤਿਹਾਸ ਨੂੰ ਏਸ ਉਂਗਲੀ ਲਾਕੇ ਤੋਰਿਆ। ਮੇਰਾ ਮਤਲਬ ਬੀਬੀ ਅਮਰੋ ਤੋਂ ਏ। ਬੀਬੀ ਅਮਰੋ ਗੁਰੂ ਅੰਗਦ ਦੇਵ ਦੀ ਸਪੁਤਰੀ ਸੀ ਤੇ ਉਸ ਜਸੂ ਨਾਲ ਲਾਵਾਂ ਲਈਆਂ ਹੋਈਆਂ ਸਨ। ਗੁਰੂ ਘਰ ਦੀ ਕੁੜਮਾਂ ਚਾਰੀ ਮਾਣਕ ਚੰਦ ਨਾਲ ਸੀ। ਭਾਈ ਦੇ ਨਾਤੇ ਮੇਰੇ ਗੁਰੂ ਵੀ ਗੁਰੂ ਅੰਗਦ ਦੇਵ ਦੇ ਕੁੜਮ ਸਨ। ਏਸ ਨਾਜ਼ਕ ਰਿਸ਼ਤੇ ਨੂੰ ਮੇਰੇ ਸਤਿਗੁਰਾਂ ਕਿਦਾਂ ਨਿਭਾਇਆ ਵੇਖਣ ਵਾਲੀ ਗੱਲ ਤਾਂ ਇਹ ਹੈ। ਹੁਣ ਸੁਣੋ ਤੇਜ ਭਾਨ ਦੀ ਕਹਾਣੀ, ਬਿਸ਼ਨ ਦਾਸ ਦਾ ਪੁਤਰ ਸੀ, ਹਰ ਜੀ ਤੋਂ ਇਨ੍ਹਾਂ ਦੀ ਵੇਲ ਵਧੀ ਤੇ ਤੇਜ ਭਾਨ ਜੰਮਿਆਂ, ਪੜਦਾਦੇ ਦਾ ਨਾਂ ਰਾਮ ਨਰਾਇਣ। ਭੱਲਿਆਂ ਦਾ ਮੁੱਢ ਰਾਮ ਨਰਾਇਣ ਤੋਂ ਚਲਦਾ ਏ। ਹੁਣ ਬਾਬਾ ਦਸਣ ਵਾਲੀ ਗੱਲ ਇਹ ਰਹਿ ਗਈ ਏ ਤੇ ਉਸ ਨੂੰ ਹਰਜੀ ਆਖਦੇ ਸਨ ਤੇ ਉਨ੍ਹਾਂ ਤੋਂ ਭੱਲਿਆਂ ਦੀ ਲੜੀ ਤੁਰੀ।

ਕਾਰੋਬਾਰ ਤਾਂ ਰਾਮ ਨਰਾਇਣ ਨੇ ਬਾਸਰਕੇ ਵਿਚ ਬੰਨ੍ਹ ਦਿਤਾ ਸੀ। ਬਿਸ਼ਨ ਦਾਸ ਨੇ ਹੱਟੀ ਖੂਬ ਚਮਕਾਈ। ਸਰੀਰ ਬਿਰਧ ਸੀ ਹੱਡੀਆਂ ਵਿਚ ਸਾਹ ਸਤ ਨਹੀਂ ਸੀ। ਮੁੰਡਾ ਜਵਾਨ ਜਹਾਨ ਹੋ ਗਿਆ, ਹਰਜੀ ਨੇ ਆਪਣੇ ਵਪਾਰ ਲਈ ਤੇਲ ਦਾ ਕੰਮ ਚੁਣਿਆ। ਗੋਇੰਦਵਾਲ ਪੱਤਣ ਹੋਣ ਕਰਕੇ ਫੌਜਾਂ ਦੀ ਆਵਾਜਾਈ ਬਹੁਤ ਸੀ। ਏਸ ਲਈ ਤੇਲ ਦੀ ਸਾਰੀ ਸਪਲਾਈ ਹਰਜੀ ਦੇ ਹੱਥ ਵਿਚ ਸੀ, ਹਰਜੀ ਦਾ ਵਿਆਹ ਮਾਪਿਆਂ ਰਚਾ ਦਿਤਾ। ਡੋਲੀ ਘਰ ਤਾਂ ਨਾ ਆਈ ਸੌਹਰਿਆਂ ਨੇ ਘਰ ਜਵਾਈ ਰੱਖ ਲਿਆ। ਬਰਾਤ ਬਰੰਗ ਈ ਪੁਜੀ ਬਾਸਰਕੇ। ਇਸ ਤਰ੍ਹਾਂ ਹਰਜੀ ਲਾਹੌਰ ਦੇ ਵਸਨੀਕ ਬਣ ਗਏ, ਸੌਹਰਿਆਂ ਦਾ ਅਸਲ ਪਿੰਡ ਗਿੱਲ-ਵਾਲੀ ਸੀ। ਹਰਜੀ ਕਦੀ ਗਿੱਲਵਾਲੀ ਤੇ ਕਦੀ ਲਾਹੌਰ ਖਾਂਦੇ ਪੀਂਦੇ ਤੇ ਆਪਣੇ ਵਪਾਰ ਨੂੰ ਚਾਰ ਚੰਨ ਲਾਉਂਦੇ ਗਏ। ਖੂਬ ਧਨ ਕਮਾਇਆ। ਜਿਵੇਂ ਲਕਸ਼ਮੀ ਆਪ ਘਰ ਆ ਗਈ ਹੋਵੇ। ਭੜੋਲੀਆਂ ਭਰ ਗਈਆਂ, ਮੋਹਰਾਂ ਦਬਾਕੇ ਉਸਰੇ ਮਕਾਨ ਦੀਆਂ ਨੀਹਾਂ ਪੋਲੀਆਂ ਕਰ ਦਿੱਤੀਆਂ। ਉਨ੍ਹਾਂ ਦੀ ਅਰਧਾਂਗਨੀ ਨੂੰ ਮਿਲਾਵੀਂਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ। ਬੜੀ ਸੂਝ ਬੂਝ, ਨਰਮ ਤੇ ਮਿਠੀ ਜ਼ਬਾਨ ਵਾਲੀ। ਜਦ ਗੱਲ ਕਰਦੀ ਤਾਂ ਇਉਂ ਜਾਪਦੀ ਜਿਵੇਂ ਕਿਸੇ ਨੇ ਉਸਦੇ ਸ਼ਬਦਾਂ ਵਿਚ ਮਿਸਰੀ ਘੋਲ ਦਿਤੀ ਹੋਵੇ, ਉਹਦੀ ਕੁੱਖ 'ਚੋਂ ਇਕ ਬਾਲ ਨੇ ਜਨਮ ਲਿਆ ਜਿਹਦਾ ਨਾਂ ਰਖਿਆ ਤੇਜ ਭਾਨ, ਰਿੜ੍ਹਿਆ, ਡਿਗਾ, ਸੰਭਲਿਆ, ਤੁਰਨ ਸਿਖਿਆ, ਮਾਂ ਦੀਆਂ ਅਸੀਸਾਂ ਨਾਲ ਜੁਆਨੀ ਚੜ੍ਹ ਗਿਆ ਤੇਜ ਭਾਨ। ਸੌਹਰਿਆਂ ਦਾ ਘਰ ਆਖਰ ਸੌਹਰਿਆਂ ਦਾ ਘਰ ਹੁੰਦਾ ਏ। ਆਪਣਾ ਕਿੱਦਾਂ ਬਣ ਜਾਏ। ਇਕ ਦਿਨ ਹਰਜੀ ਨੇ ਘੋੜੀ ਕੱਸੀ, ਮਨ ਬਣਾਇਆ ਤੇ ਪਲਾਕੀ ਮਾਰ ਕੇ ਬਹਿ ਗਿਆ। ਲਗਾਮ ਨੂੰ ਜ਼ਰਾ ਕੁ

ਰੁਣਕਾ ਮਾਰਿਆ ਤੇ ਘੋੜੀ ਨੇ ਸਾਹ ਆਣਕੇ ਬਾਸਰਕੇ ਈ ਲਿਆ। ਰਾਹ ਵਿਚ ਕਿਤੇ ਖੰਘ ਕੇ ਵੀ ਨਾ ਵੇਖਿਆ। ਪੁਰਾਣੇ ਯਾਰ ਬਾਸ, ਜੁੰਡੀ ਹਮਜੋਲੀਆਂ ਦੀ ਮਿਲ ਗਈ। ਰਲ ਬੈਠੇ। ਬਸ ਫੇਰ ਕੀ ਸੀ ਨਕੇਲ ਪਾ ਲਈ ਯਾਰਾਂ ਨੇ ਯਾਰ ਦੇ ਨੱਕ ਵਿਚ। ਕਿੱਲੇ ਨਾਲ ਬੱਝ ਗਿਆ। ਆਖਣ ਲਗੇ ਹੁਣ ਜਾਹ ਖਾਂ ਪੁਤਰਾ ਨੱਸ ਕੇ। ਪਿਆਰ ਦੀ ਫਾਹੀ ਕੌਣ ਤੋੜ ਸਕਦੈ? ਤੇ ਫੇਰ ਲੰਗੋਟੀਆਂ ਦੀ। ਉਥੋਂ ਜੋਗਾ ਹੀ ਹੋ ਗਿਆ। ਗਿੱਲਵਾਲੀ ਨੂੰ ਤਿਲਾਂਜਲੀ ਦੇ ਦਿਤੀ ਸਾਹਮਣੇ ਚੂਲੀ ਪਾ ਕੇ ਯਾਰਾਂ ਦੇ। ਵੀਹ ਸੁਨੇਹੇ ਆਏ। ਨਾਈ ਵੀ ਭੇਜਿਆ ਸੌਹਰਿਆਂ ਨੇ, ਇਕ ਵਾਰੀ ਸੱਸ ਵੀ ਲੈਣ ਆਈ, ਨਾਲ ਲਿਆਈ ਪਿੰਨੀਆਂ ਦੀ ਟੋਕਰੀ ਭਰਕੇ ਪਰ ਹਰਜੀ ਲੋਹੇ ਦੀ ਲੱਠ ਬਣ ਗਿਆ। ਮੁਕਦੀ ਗੱਲ ਉਹ ਕਿਸੇ ਦੇ ਆਖੇ ਨਾ ਲਗਿਆ। ਸੱਸ ਦੇ ਤਰਲੇ ਮਿੰਨਤਾਂ ਹਵਾ ਵਿਚ ਹੀ ਉਡ ਗਏ। ਮੁੜ ਗਈ ਸੌਹਰਿਆਂ ਦੇ ਘਰ੍ਹ ਟਕੇ ਵਰਗਾ ਜਵਾਬ ਲੈਕੇ ਸੱਸ। ਹਰਜੀ ਨੇ ਬਾਸਰਕੇ ਇਕ ਹੱਟੀ ਬਣਾ ਲਈ, ਪੁਰਾਣਾ ਖੁਰਾਂਟ ਹੋਣ ਕਰਕੇ ਚੰਗੇ ਉਸਤਾਦ ਦਾ ਚੰਡਿਆ ਹੋਇਆ ਵਪਾਰੀ ਕਦ ਮਾਰ ਖਾਂਦਾ ਏ। ਗੁਰ ਯਾਦ ਸਨ। ਵਪਾਰ ਦੇ ਉਤਾਰ-ਚੜ੍ਹਾਅ ਤੋਂ ਜਾਣੂ ਸੀ ਦਿਨਾਂ ਵਿਚ ਹੀ ਪੈਰ ਲੱਗ ਗਏ। ਗੁਡੀ ਚੜ੍ਹ ਗਈ ਅਧ ਅਸਮਾਨੇ, ਹੁਣ ਤਾਂ ਹੁੰਡੀ ਵੀ ਚਲਣ ਲੱਗ ਪਈ ਸੀ। ਗਿੱਲਵਾਲੀ ਹੱਟੀ ਦਾ ਕਿਤੇ ਚਿਤ ਚੇਤਾ ਵੀ ਨਾ ਰਿਹਾ।

ਸੁਆਣੀ ਵੀ ਬੁਚਕੀ ਬੰਨ੍ਹਕੇ ਪੁੱਤ ਨੂੰ ਉਂਗਲੀ ਲਾਕੇ ਬਾਸਰਕੇ ਆ ਪੁਜੀ। ਬਸ ਫੇਰ ਬਾਸਰਕੇ ਹੀ ਸਭ ਕੁਝ ਬਣ ਗਿਆ। ਪੇਕੇ ਸੌਹਰੇ ਸਭ ਕੁਝ ਬਾਸਰਕੇ, ਸੌਹਰਿਆਂ ਵਾਲੇ ਸੌਹਰੇ ਰਹਿ ਗਏ ਪੇਕੇ ਵਾਲਿਆਂ ਪੇਕੇ ਅਬਾਦ ਕਰ ਦਿਤੇ।

ਹੁਣ ਬਾਸਰਕੇ ਭੱਲਿਆਂ ਦਾ ਗੜ੍ਹ ਬਣ ਚੁਕਿਆ ਸੀ। ਬੱਧੀ ਨਹੀਂ ਸੀ ਛੁਟਦੀ ਬਾਸਰਕੇ ਵਿਚ ਭੱਲਿਆਂ ਦੀ। ਭਾਵੇਂ ਗਿੱਲਾਂ ਦੀ ਮਾਲਕੀ ਸੀ ਪਰ ਬਾਵਿਆਂ ਤੋਂ ਬਿਨਾਂ ਉਹ ਨਿੱਛ ਵੀ ਨਹੀਂ ਸਨ ਮਾਰਦੇ।

ਹਰਜੀ ਦੇ ਪਿਤਾ ਬਿਰਧ ਸਨ। ਬਰਵਾਲਾ ਸੁਨੇਹਾ ਲੈ ਕੇ ਆਇਆ ਗਿੱਲਾਂਵਾਲੀ ਤੋਂ। ਪੁਤ ਤਾਂ ਹੜੱਪਾ ਮਾਰਕੇ ਆ ਗਿਆ ਸੀ ਪਰ ਕੁੜਮਾਂ ਨੇ ਕੁੜਮ ਨੂੰ ਆਉਣ ਨਾ ਦਿਤਾ। ਬਰਵਾਲਾ ਢਿਲੇ ਜਿਹੇ ਬੁਲ੍ਹ ਅਟੇਰ ਕੇ ਕਹਿਣ ਲੱਗਾ, ਬਿਸ਼ਨ ਦਾਸ ਜੀ ਚਲਾਣਾ ਕਰ ਗਏ, ਮੂੰਹ ਵੇਖਣਾ ਨਸੀਬ ਨਾ ਹੋਇਆ ਪੁਤ ਨੂੰ। ਫੁਲ ਲੈਕੇ ਹਰਦੁਆਰਾ ਦੀ ਡੰਡੀ ਪੈ ਗਿਆ ਹਰਜੀ, ਸਾਰੇ ਹਿੰਦੂ ਪ੍ਰਾਣੀ ਦੇ ਫੁਲ ਹਰਦੁਆਰ ਈ ਪਾਉਣ ਜਾਂਦੇ ਸਨ। ਮਹੀਨੇ 'ਚ ਹਰ-ਦੁਆਰ ਪੁਜੇ ਕਨਖਲ ਜਾ ਕੇ ਫੁੱਲ ਪਰਵਾਹੇ, ਗੰਗਾ ਇਸ਼ਨਾਨ ਕੀਤਾ, ਰਾਤੀਂ ਤਾਪ ਚੜ੍ਹਿਆ ਸੂਕ ਕੇ। ਦਿਨ ਦੇ ਸੂਰਜ ਨੇ ਤੇਜ ਭਾਨ ਦਾ ਮੁਖੜਾ ਵੀ ਨਾ ਦੇਖਿਆ। ਪ੍ਰਾਣ ਨਿਕਲ ਗਏ, ਭੌਰ ਉਡਾਰੀ ਮਾਰ ਗਿਆ, ਪਾਂਡਿਆਂ ਨੇ ਗੰਗਾ ਮਈਆ ਦੇ ਤੱਟ ਤੇ ਸਸਕਾਰ ਕੀਤਾ, ਪਿਉ ਦੇ ਫੁਲਾਂ ਦੇ ਨਾਲ ਈ ਆਪਣੇ ਫੁਲ ਵੀ ਪਰਵਾਹੇ ਗਏ।

ਭਾਵੀ ਦਾ ਚੱਕਰ ਚਲਿਆ ਜ਼ਮਾਨੇ ਦਾ ਰੁਖ ਬਦਲਿਆ,। ਸਾਰੀ ਜੁਮੇਵਾਰੀ, ਮਿਹਨਤੀ ਦਾ ਸਾਰਾ ਬੋਝ ਮਲੂਕੜੇ ਜਿਹੇ ਤੇਜ ਭਾਨ ਦੇ ਸਿਰ ਪੈ ਗਿਆ। ਪੰਡ ਭਾਰੀ ਸੀ ਸਰੀਰ ਹੌਲਾ ਸੀ, ਠੇਡਾ ਲੱਗਾ ਤੇ ਡਿਗ ਪਿਆ। ਉਖਲੀ 'ਚ ਜਦ ਸਿਰ ਦੇ ਦਿਤਾ ਤਾਂ ਫਿਰ ਮੋਹਲਿਆਂ ਤੋਂ ਕੀ ਡਰਨਾ ਹੋਇਆ। ਰੱਬ ਨੇ ਸੱਟ ਵੀ ਮਾਰੀ ਤੇ ਸਿਰ ਦੀ। ਵਪਾਰ ਵੱਡਾ ਸੀ ਖਲਾਰ ਲੰਮਾ ਹੋਣ ਕਰਕੇ ਸੰਭਾਲਿਆ ਨਾ ਗਿਆ। ਕੱਲੀ ਜਾਨ ਕਿਧਰ ਕਿਧਰ ਹੋਵੇ। ਬੱਚੇ

ਅਜੇ ਮੂੰਹ ਧੋਣਾ ਈ ਸਿਖੇ ਸਨ। ਪਿਉ ਦਾ ਲੈਣ ਦੇਣ ਬਹੁਤ, ਮੂੰਹ ਜ਼ਬਾਨੀ ਵੀ ਸੀ। ਜਿਹਦਾ ਚੇਤਾ ਆਇਆ ਅੱਧ ਪਚੱਧੀ ਰਕਮ ਮਿਲ ਗਈ ਤੇ ਬਾਕੀ ਡਕਾਰ ਮਾਰ ਗਏ। ਜ਼ਰਾ ਕੁ ਤਲਖ਼ੀ ਕੀਤੀ ਤੇ ਅਗੋਂ ਘੜਿਆ ਘੜਾਇਆ ਟਕੇ ਵਰਗਾ ਜਵਾਬ ਮਿਲਿਆ। ਵਪਾਰੀ ਦਾ ਪੁਤ ਸੀ ਭੁਗਤਾਨ ਤਾਂ ਕਰਨਾ ਈ ਪੈਣਾ ਸੀ। ਭਾਵੇਂ ਕੋਈ ਗਹਿਣਾ ਵੇਚੇ ਤੇ ਭਾਵੇਂ ਕੋਈ ਕੋਠੇ ਗਹਿਣੇ ਪਾਵੇ। ਪਸਲੀ ਨੇ ਜ਼ੋਰ ਨਾ ਖਾਧਾ ਮੂੰਹ ਪਰਨੇ ਆਣ ਡਿਗੇ। ਪਿਰਤ, ਇਤਬਾਰ ਉਖੜ ਗਿਆ, ਦਸੌਰ ਵਿਚ ਤਾਂ ਇਤਬਾਰ ਦਾ ਈ ਮੁਲ ਏ, ਗੱਲ ਇਥੇ ਆਣਕੇ ਮੁੱਕੀ ਸਿਰਫ਼ ਹੱਟੀ ਹੱਟੀ ਰਹਿ ਗਈ ਬਾਕੀ ਹੂੰਝਕੇ ਲੈ ਗਏ ਲੋਕੀਂ। ਪਰਵਾਰ ਵੱਡਾ ਸੀ ਸਾਬ ਅਣਜਾਣ ਸੀ ਪਰ ਧਨ ਜਿਗਰਾ ਸੀ, ਤੇਜ ਭਾਨ ਨੇ ਦਿਲ ਨਾ ਛਡਿਆ। ਦੁਕਾਨ ਵੀ ਕਰਦਾ ਰਿਹਾ ਤੇ ਫੇਰੀ ਨੂੰ ਵੀ ਆਪਣਾ ਕਿੱਤਾ ਬਣਾ ਲਿਆ। ਇਹ ਗੱਲ ਮੈਨੂੰ ਮੇਰੇ ਬਜ਼ੁਰਗਾਂ ਨੇ ਦੱਸੀ ਏ, ਆਖ ਰਿਹਾ ਸੀ ਪਾਰੋ ਡੱਲਾ।

ਉਦਮ ਅੱਗੇ ਲਛਮੀ ਤੇ ਪੱਖੇ ਅਗੇ ਪੌਣ। ਹਿੰਮਤੇ ਮਰਦਾਂ ਤੇ ਮਦਦ ਏ ਖ਼ੁਦਾ। ਲੱਕ ਬੰਨ੍ਹ ਕੇ ਤੁਰ ਪਈਏ ਫਿਰ ਕੀ ਮਿਠੇ ਚੌਲ ਨਾ ਖਾਧੇ ਰੋਟੀ ਤੇ ਗੰਡਾ ਤੇ ਲੂਣ ਧਰਕੇ ਖਾ ਲਿਆ। ਉਸ ਕਿਹੜੇ ਰੱਬ ਦੇ ਮਾਂਹ ਪੁੱਟੇ ਹੋਏ ਸਨ। ਸਿਦਕ, ਵਿਸ਼ਵਾਸ, ਈਮਾਨ ਪੱਲੇ ਸੀ। ਰੱਬ ਨੇ ਫੇਰ ਬਾਂਹ ਫੜ ਲਈ। ਲੋਕ ਫੇਰ ਇਤਬਾਰ ਕਰਨ ਲਗ ਪਏ। ਵਪਾਰ ਸੁੱਚਾ ਹੋਵੇ ਬਜ਼ਾਰ ਸਾਫ਼ ਹੋਵੇ ਉਹਨੂੰ ਕੋਈ ਘਾਟਾ ਨਹੀਂ। ਜਿਹਦੀ ਬਣੀ ਹੋਵੇ ਪਿਰਤ ਉਹਨੂੰ ਸੱਤੇ ਖੈਰਾਂ ਉਹਨੇ ਦਮੜਿਆਂ ਨੂੰ ਹਿੱਕ ਨਾਲ ਲਾਉਣਾ ਏ। ਫਿਰ ਲਹਿਰਾਂ ਬਹਿਰਾਂ ਹੋ ਗਈਆਂ।

ਹੁਣ ਤੇਜ ਭਾਨ ਨੂੰ ਫਿਰ ਚਾਰੇ ਬਾਹਰੇ ਵਿਚ ਲੋਕ ਜਾਣਨ ਲੱਗ ਪਏ। ਸ਼ਾਹੀ ਕਾਫ਼ਲੇ ਵਾਲੇ ਤੇਜ ਭਾਨ ਦਾ ਨਾਂ ਪੁਛਕੇ ਸੌਦਾ ਟੁਕਦੇ। ਕੁਦਰਤ ਦੇ ਰੰਗ ਨਿਆਰੇ ਹਨ। ਜਦੋਂ ਦਿਨ ਹੋਣ ਪੱਧਰੇ ਤਾਂ ਭੁਜੇ ਉਗਣ ਮੋਠ। ਬਰਕਤਾਂ ਫਿਰ ਤੇਜ ਭਾਨ ਦੇ ਬੂਹੇ ਵਿਚ ਆਣ ਵੜੀਆਂ ਤੇ ਚੌਂਕੜੇ ਮਾਰ ਕੇ ਬਹਿ ਗਈਆਂ।

ਮਾਤਾ ਚੌਂਹ ਪੁਤਾਂ ਦਾ ਮੂੰਹ ਧੋਂਦੀ ਸੀ। ਤੇ ਸ਼ੁਕਰ ਕਰਦੀ ਸੀ ਦਾਤੇ ਦਾ। ਚਾਰੇ ਭਰਾ ਬਾਸਰਕੇ ਦੀਆਂ ਚਾਰੇ ਬੁਰਜੀਆਂ ਸਨ। ਪਰ ਇਨ੍ਹਾਂ ਵਿਚ ਮੇਰੇ ਗੁਰੂ ਮਹਾਰਾਜ ਸਾਰਿਆਂ ਤੋਂ ਵਖਰੇ ਤੇ ਨਿਆਰੇ ਅਨੋਖੇ ਮਹਾਂ ਪੁਰਸ਼ ਸਨ। ਭਾਵੇਂ ਸਾਰਾ ਪਿੰਡ ਮੇਰੇ ਗੁਰੂ ਨੂੰ ਅਮਰੂ ਦੇ ਨਾਂ ਨਾਲ ਸੱਦਦਾ ਸੀ ਪਰ ਇਹ ਕੋਈ ਨਹੀਂ ਸੀ ਜਾਣਦਾ ਕਿ ਅਮਰੂ ਇਕ ਦਿਨ ਸਾਰਿਆਂ ਦਾ ਵਿਧਾਤਾ ਬਣੇਗਾ। ਸਾਰੀ ਪੰਜਾਬ ਨਮਸਕਾਰ ਕਰੇਗੀ ਏਸ ਅਮਰੂ ਨੂੰ।

ਮੇਰਾ ਗੁਰੂ ਅਮਰ ਦਾਸ ਕਿਸੇ ਤਰ੍ਹਾਂ ਬਣਿਆ, ਗੱਲ ਤਾਂ ਦਸਣ ਵਾਲੀ ਇਹ ਹੈ।

ਧੰਨ ਮੇਰਾ ਗੁਰੂ ਤੇ ਧੰਨ ਉਹਦੀ ਮੇਹਰ। ਭਾਵੇਂ ਇਹ ਗੱਲ ਆਖ ਪਾਰੋ ਡੱਲਾ ਰਿਹਾ ਸੀ ਪਰ ਉਹ ਜ਼ਰਾ ਖਾਮੋਸ਼ ਹੋ ਗਿਆ, ਪਰ ਜਦ ਉਸ ਵੇਖਿਆ ਤਾਂ ਅੱਲ੍ਹਾਯਾਰ ਖ਼ਾਂ ਦਾ ਸਿਰ ਝੁਕਿਆ ਹੋਇਆ ਸੀ ਚੁਬਾਰੇ ਵੱਲ।

ਇਹ ਚੁਬਾਰਾ ਰੌਸ਼ਨੀ ਦਾ ਮੀਨਾਰ ਏ, ਸੋਮਾ ਏ ਅੰਮ੍ਰਿਤ ਕੁੰਡ ਦਾ।

□□।

ਸਿਖੀ ਨੂੰ ਕੱਲਿਆਂ ਉਂਗਲੀ ਲਾ ਕੇ ਤੋਰਨ ਵਾਲੀ ਬੀਬੀ ਅਮਰੋ ।

ਬੀਬੀ ਅਮਰੋ ਦੇ ਪੇਕੇ ਸਨ ਖਡੂਰ ਸਾਹਿਬ ਤੇ ਸਹੁਰਿਆਂ ਦਾ ਘਰ ਸੀ ਬਾਸਰਕੇ । ਪਿਤਾ ਦਾ ਨਾਂ ਸੀ ਗੁਰੂ ਅੰਗਦ ਦੇਵ ਤੇ ਸਹੁਰੇ ਦਾ ਨਾਂ ਮਾਣਕ ਚੰਦ । ਸਵਾਮੀ ਨੂੰ ਆਖਦੇ ਸਨ ਜੱਸੂ ਤੇ ਦਿਉਰ ਤੇ ਜੇਠ ਸਨ ਬਾਬਾ ਮੋਹਣ ਤੇ ਮੋਹਰੀ। ਏਸੇ ਰਿਸ਼ਤੇ ਵਿਚ ਮੇਰਾ ਗੁਰੂ ਬੀਬੀ ਅਮਰੋ ਦਾ ਸਹੁਰਾ ਲੱਗਦਾ ਸੀ । ਨੂੰਹ ਤੇ ਸਹੁਰੇ ਦਾ ਪਿਓ ਤੇ ਧੀ ਦਾ ਸਾਕ ਏ, ਬੀਬੀ ਅਮਰੋ ਪੇਕੇ ਜਾਂਦੀ, ਮਾਪੇ ਕੱਪੜੇ ਬਣਾ ਕੇ ਵੀ ਦੇਂਦੇ ਪਿੰਨੀਆਂ ਅਤੇ ਗੁੜ ਵੀ ਧੀ ਦੀ ਝੋਲੀ ਪਾ ਕੇ ਭੇਜਦੇ ਪਰ ਬੀਬੀ ਅਮਰੋ ਆਪਣੇ ਪਿਤਾ ਕੋਲੋਂ ਜਦ ਪਿਆਰ ਲੈਣ ਜਾਂਦੀ ਤੇ ਸਤਿਗੁਰ ਉਸ ਨੂੰ ਬਾਣੀ ਦੀ ਗੁੜ੍ਹਤੀ ਵੀ ਦੇਂਦੇ। ਦੋ ਚਾਰ ਸ਼ਬਦ ਚੇਤੇ ਕਰ ਕੇ ਟੁਰਦੀ ਬੀਬੀ ਅਮਰੋ ਖਡੂਰ ਸਾਹਿਬ ਤੋਂ, ਅਤੇ ਫੇਰ ਸਹੁਰਿਆਂ ਦੇ ਘਰ ਆ ਕੇ ਸਾਰੇ ਪਿੰਡ ਵਿਚ ਬਾਣੀ ਦਾ ਛਿੱਟਾ ਮਾਰਦੀ । ਇਸ ਤਰ੍ਹਾਂ ਸਾਰੇ ਪਿੰਡ ਵਾਲੇ ਗੁਰੂ ਦੀ ਬਾਣੀ ਦੇ ਪ੍ਰੇਮੀ, ਸ਼ਰਧਾਲੂ ਅਤੇ ਰਸੀਆ ਬਣ ਬੈਠਦੇ। ਪੇਕੇ ਜਾਂਦੀ ਅਮਰੋ ਨੂੰ ਸਾਰਾ ਪਿੰਡ ਤੋਰਨ ਜਾਂਦਾ ਅਤੇ ਆਉਂਦੀ ਨੂੰ ਸਾਰਾ ਪਿੰਡ ਅਗਲਵਾਢੀ ਲੈਣ ਜਾਂਦਾ । ਹਰ ਫੇਰੇ ਉਹ ਬਾਣੀ ਕੰਠ ਕਰ ਕੇ ਆਉਂਦੀ। ਇਸ ਤਰ੍ਹਾਂ ਸਿੱਖੀ ਦਾ ਬੂਟਾ ਹਰ ਵਿਹੜੇ ਵਿਚ ਲੱਗਾ । ਪੁੰਗਰਿਆ, ਫੁੱਲਿਆ, ਫਲਿਆ ਅਤੇ ਫੈਲਿਆ । ਤੀਜੀ ਪਾਤਸ਼ਾਹੀ ਵੇਲੇ ਅੱਧੇ ਤੋਂ ਜ਼ਿਆਦਾ ਪੰਜਾਬ, ਦੇ ਲੋਕ ਸਿੱਖੀ ਦੇ ਪਰਭਾਵ ਥੱਲੇ ਆ ਗਏ ਸਨ।

ਬਾਸਰਕੇ ਕੇਂਦਰ ਬਣ ਗਿਆ ਸੀ, ਸਿੱਖੀ ਪ੍ਰਚਾਰ ਦਾ । ਹਰ ਕੋਈ ਇਥੋਂ ਗੁਰ-ਮੰਤਰ ਲੈ ਕੇ ਜਾਂਦਾ । ਬਾਵੇ ਵੀ ਜਦ ਵਪਾਰ ਕਰਨ ਲਈ ਬਾਹਰ ਜਾਂਦੇ, ਦੇਸ਼ ਪ੍ਰਦੇਸ਼ ਸੁਗਾਤ ਦੇ ਤੌਰ ਤੇ ਬਾਣੀ ਦੀਆਂ ਹੱਥ ਲਿਖਤਾਂ ਉਤਾਰੇ ਨਾਲ ਲੈ ਕੇ ਜਾਂਦੇ ਤੇ ਲੋਕ ਸਤਿਕਾਰ ਨਾਲ ਉਨ੍ਹਾਂ ਨੂੰ ਮੱਥੇ ਨਾਲ ਲਾਉਂਦੇ। ਏਸ ਤਰ੍ਹਾਂ ਸਿੱਖੀ ਬੂਹੇ-ਬੂਹੇ ਗਲੀ-ਗਲੀ ਮਹੱਲੇ-ਮਹੱਲੇ ਪਿੰਡ-ਪਿੰਡ ਤੇ ਫੇਰ ਸ਼ਹਿਰ-ਸ਼ਹਿਰ ਫੈਲੀ, ਇਹ ਪਰਤਾਪ ਸਿਰਫ਼ ਬੀਬੀ ਅਮਰੋ ਦਾ ਹੀ ਸੀ।

ਜਿਹੜਾ ਜੰਮਿਆ ਏ, ਉਸ ਮਰਨਾ ਵੀ ਏ, ਜਿਹੜਾ ਭਾਂਡਾ ਘੜਿਆ ਗਿਆ ਏ, ਉਸ ਭੱਜਣਾ ਵੀ ਏ, ਇਹ ਦੁਨੀਆਂ ਫਾਨੀ ਏ। ਬੰਦਾ ਜਿਉਣ ਲਈ ਇਸ ਦੁਨੀਆਂ ਵਿਚ ਆਇਆ ਹੈ। ਜਿਉਂਦਾ ਤਾਂ ਹਰ ਪੁਰਸ਼ ਏ, ਕਿਸੇ ਬਾਜਰੇ ਦੀ ਰੋਟੀ ਖਾ ਕੇ ਉਮਰ ਵਿਹਾ ਲਈ ਅਤੇ ਕਿਸੇ ਨੇ ਪਕਵਾਨ ਖਾ ਕੇ ਕੱਟ ਲਈ ਉਮਰ । ਰਾਤ ਦੇਹਾਂ ਦੀ ਲੰਘ ਗਈ । ਕਿਸੇ ਦੀ ਸ਼ੀਸ਼ ਮਹੱਲ ਵਿਚ ਅਤੇ ਕਿਸੇ ਦੀ ਤੰਦੂਰ ਤੇ ਬੈਠ ਕੇ, ਪਰ ਜਿਉਣ-ਜਿਉਣ ਵਿਚ ਫਰਕ ਏ । ਜਿਉਣਾ ਹਰ ਇਕ ਨੂੰ ਨਹੀਂ ਆਉਂਦਾ । ਜੀਵੇ ਕਿਸੇ ਲਈ, ਮਰੇ ਆਪਣੇ ਲਈ । ਖਾਵੇ ਢਿੱਡ ਭਰ ਕੇ ਕੋਣ ਮੋੜਦਾ ਹੈ, ਪਰ ਗਵਾਂਢੀ ਨੂੰ ਸੁਲਾਹ ਮਾਰੇ । ਜੇ ਕਿਸੇ ਦਾ ਦੁੱਖ ਵੰਡ ਨਹੀਂ ਸਕਦੇ ਤਾਂ ਕਿਸੇ ਦਾ ਦਿਲ ਨਾ ਦੁਖਾਵੇ । ਜਿੱਥੋਂ ਤਕ ਹੋ ਸਕੇ ਬੰਦਾ ਬੰਦੇ ਦੇ ਕੰਮ ਆਵੇ । ਬੰਦੇ ਦਾ ਬੰਦਾ ਦਾਰੂ ਏ । ਵੰਡ ਕੇ ਖਾਣ ਦੀ ਜਾਚ ਸਿੱਖੋ । ਰੱਬ ਨੂੰ ਯਾਦ ਰੱਖੋ ਜਿਨ ਪੈਦਾ ਕੀਤਾ ਏ ।,ਸਿਮਰਨ ਕਰੋ, ਭਾਵੇਂ ਘੜੀ ਤੇ ਭਾਵੇਂ ਅੱਧੀ ਘੜੀ। ਏਸ ਪ੍ਰਭੂ ਨੂੰ ਚੇਤੇ ਰੱਖੋ, ਉਸੇ ਨੇ ਪਾਰ ਕਰਨਾ ਏ । ਇਹ ਸਰੀਰ ਜੇ ਕਿਸੇ ਦੇ ਲੇਖੇ ਲੱਗ ਜਾਵੇ ਤਾਂ

ਇਸ ਤੋਂ ਵੱਡਾ ਹੋਰ ਕੋਈ ਸੁਆਬ ਨਹੀਂ। ਏਸ ਸੁਹਣੇ ਤੇ ਕੂਲੇ ਮਾਸ ਨੂੰ ਕੁੱਤਿਆਂ ਵੀ ਨਹੀਂ ਖਾਣਾ। ਬੰਦੇ ਦੇ ਮਾਸ ਦਾ ਕੌਡੀ ਮੁੱਲ ਨਹੀਂ। ਇਹ ਗੱਲ ਆਖ ਰਿਹਾ ਸੀ ਪਾਰੋ ਡੱਲਾ।

ਚਲ ਦੀਵਾਨ ਲੱਗ ਗਿਆ ਏ, ਅੱਲਾ ਦੇ ਲੋਕ, ਬਾਕੀ ਕੱਲ੍ਹ ਸਹੀ। ਅੱਜ ਬਾਣੀ ਦਾ ਸਿਮਰਨ ਕਰੀਏ ਅਤੇ ਕਲੇਜੇ ਠੰਢ ਪਵੇ। ਵਾਹਿਗੁਰੂ ਅਤੇ ਖ਼ੁਦਾ ਦਾ ਏਸ ਜਗ੍ਹਾ ਤੇ ਮੇਲ ਹੋ ਗਿਆ ਹੈ। ਇਹ ਬੜੀਆਂ ਭਾਗਾਂ ਵਾਲੀ ਧਰਤੀ ਹੈ ਜਿਸ ਨੂੰ ਅਸੀਂ ਅੱਜ ਗੋਇੰਦਵਾਲ ਆਖਦੇ ਹਾਂ।

□□

੯

ਜਿਵੇਂ ਵਿਹੜੇ ਚਾਲੀ ਸਾਲ ਬਾਲ ਨਾ ਖੇਡੇ, ਉਸ ਵਿਹੜੇ ਨੂੰ ਕੀ ਆਖੋਗੇ। ਮੇਰੇ ਗੁਰੂ ਦੇ ਵਿਆਹ ਨੂੰ ਚਾਲੀ ਸਾਲ ਲੰਘ ਗਏ ਕੋਈ ਔਲਾਦ ਨਾ ਹੋਈ। ਮਨਸਾ ਦੇਵੀ ਦੀ ਗੋਦ ਅਜੇ ਵੀ ਖਾਲੀ ਸੀ। ਚੌਂਕਾ ਮੈਲਾ ਕਰਨ ਵਾਲਾ ਕੋਈ ਬਾਲ ਗੋਦੀ ਨਾ ਖੇਡਿਆ। ਪੰਡਤਾਂ ਨੂੰ ਪੁੱਛਿਆ, ਮੰਨਤਾਂ ਮੰਨੀਆਂ, ਸਾਧਾਂ ਦੇ ਡੇਰੇ ਮੱਥੇ ਟੇਕੇ, ਗੰਗਾ ਗਏ, ਗੰਗਾ ਨ੍ਹਾਤੇ, ਸੌ ਸੌ ਸੁੱਖਣਾਂ ਸੁੱਖੀਆਂ, ਪਰ ਕੋਈ ਦੇਵੀ ਨਾ ਬਹੁੜੀ, ਕਿਸੇ ਦੇਵਤੇ ਨੇ ਬਾਂਹ ਨਾ ਫੜੀ। ਮਨਸਾ ਦੇਵੀ ਉਦਾਸ ਰਹਿਣ ਲੱਗ ਪਈ, ਝੋਰਾ ਅੰਦਰ-ਅੰਦਰ ਹੀ ਖਾਣ ਲੱਗ ਪਿਆ।

ਇਕ ਬ੍ਰਾਹਮਣ ਕਾਂਸ਼ੀ ਤੋਂ ਆਇਆ, ਬਾਸਰਕੇ ਉਸ ਡੇਰਾ ਕੀਤਾ। ਸਾਰਾ ਪਿੰਡ ਢੁੱਕਿਆ ਓਸ ਦੇ ਡੇਰੇ, ਮਨ ਦੀਆਂ ਮੁਰਾਦਾਂ ਕਈਆਂ ਦੀਆਂ ਪੂਰੀਆਂ ਹੋ ਗਈਆਂ, ਕਈਆਂ ਨੂੰ ਓਸ ਪੁੱਤ ਦਿੱਤੇ ਅਤੇ ਕਈਆਂ ਨੂੰ ਧੀਆਂ, ਕਈਆਂ ਨੂੰ ਕੈਠੀਆਂ ਅਤੇ ਕਈਆਂ ਦੀਆਂ ਭੜੋਲੀਆਂ ਦਾਣਿਆਂ ਨਾਲ ਭਰ ਗਈਆਂ।

ਮਨਸਾ ਦੇਵੀ ਦਾ ਚਿਹਰਾ ਉਤਰਿਆ ਵੇਖ ਕੇ ਗਵਾਂਢਣ ਨੇ ਉਸ ਨੂੰ ਪੁੱਛਿਆ, ਅਤੇ ਓਸ ਆਪਣੇ ਦਿਲ ਦੀ ਘੁੰਡੀ ਖੋਲ੍ਹੀ। ਗਵਾਂਢਣ ਆਖਣ ਲੱਗੀ ਇਸ ਵਿਚ ਝੂਰਨ ਵਾਲੀ ਕਿਹੜੀ ਗੱਲ ਹੈ। ਸਾਡੇ ਪਿੰਡੋਂ ਬਾਹਰ ਕਾਂਸ਼ੀ ਤੋਂ ਜਿਹੜਾ ਪੰਡਤ ਆਇਆ ਹੈ, ਓਨ ਕਈਆਂ ਦੀਆਂ ਗੋਦੀਆਂ ਹਰੀਆਂ ਕਰ ਦਿੱਤੀਆਂ। ਚਲ ਤੂੰ ਮੇਰੇ ਨਾਲ ਚਲ! ਭਗਵਾਨ ਤੇਰੇ ਤੇ ਵੀ ਕਿਰਪਾ ਕਰੂ। ਦੋਵੇਂ ਤੁਰ ਪਈਆਂ ਗਵਾਂਢਣਾਂ ਕੜਿੰਗੜੀ ਪਾ ਕੇ। ਬ੍ਰਾਹਮਣ ਨੇ ਦੂਰੋਂ ਹੀ ਵੇਖਿਆ, ਕੰਨਿਆ ਨੂੰ। ਚੁੱਪ ਰਿਹਾ। ਪੁੱਛਿਆ, ਪਰ ਓਸ ਮੋਨ ਧਾਰ ਲਿਆ। ਪਰ ਜਦੋਂ ਨਿਰਾਸ਼ ਹੋ ਕੇ ਦੋਵੇਂ ਸਹੇਲੀਆਂ ਉੱਠ ਤੁਰੀਆਂ ਤੇ ਬ੍ਰਾਹਮਣ ਨੇ ਆਪਣੇ ਮੁਖਾਰਬਿੰਦ ਤੋਂ ਸ਼ਬਦ ਕੱਢੇ:

—ਕੱਲ ਆਪਣੇ ਸਵਾਮੀ ਨੂੰ ਨਾਲ ਲੈ ਕੇ ਆਵੀਂ; ਇਹ ਆਵਾਜ਼ ਬ੍ਰਾਹਮਣ ਦੀ ਸੀ।

—ਸੱਤ ਬਚਨ! ਮਨਸਾ ਦੇਵੀ ਨੇ ਸਿਰ ਝੁਕਾਇਆ, ਬ੍ਰਾਹਮਣ ਅੱਗੇ।

ਸਾਰੀਆਂ ਗਵਾਂਢਣਾਂ ਘਰ ਮੁੜ ਆਈਆਂ ਡੰਡੀ ਡੰਡੀ ਪੈ ਕੇ। ਰਾਹ ਵਿਚ ਮਨਸਾ ਦੇਵੀ ਦੀਆਂ ਗੱਲਾਂ ਕਰਨਾ ਇਹੋ ਕਥਾ ਸੀ, ਇਹੋ ਕਹਾਣੀ। ਏਸ ਤੋਂ ਬਗੈਰ ਹੋਰ ਕੋਈ ਦੰਦ-ਕਥਾ ਨਾ ਛੋਹੀ।

ਰਾਤੀਂ ਮਨਸਾ ਦੇਵੀ ਨੇ ਸਾਰੀ ਵਾਰਦਾਤ ਦੱਸੀ ਆਪਣੇ ਪਤੀ ਨੂੰ। ਬ੍ਰਾਹਮਣ ਦੀ ਸਾਰੀ ਰਸਦ ਭਾਵੇਂ ਅਮਰ ਦਾਸ ਦੇ ਘਰੋਂ ਹੀ ਜਾਂਦੀ ਸੀ, ਪਰ ਬ੍ਰਾਹਮਣ ਨੂੰ ਕਿਸੇ ਨੇ ਦੱਸਿਆ ਤਕ ਨਹੀਂ ਸੀ ਅਤੇ ਬ੍ਰਾਹਮਣ ਨੇ ਕਿਸੇ ਨੂੰ ਪੁੱਛਿਆ ਵੀ ਨਹੀਂ ਸੀ ਕਿ ਕੌਣ ਤੀਵੀਂ ਆਈ ਏ ਅਤੇ ਕੌਣ ਗਈ ਏ। ਬ੍ਰਾਹਮਣ ਨੂੰ ਕੀ ਲੋੜ ਸੀ ਏਸ ਝਮੇਲੇ ਵਿਚ ਪੈਣ ਦੀ।

ਦੂਜੇ ਦਿਨ ਅਮਰ ਦਾਸ ਅਤੇ ਮਨਸਾ ਦੇਵੀ ਬ੍ਰਾਹਮਣ ਦੀ ਹਾਜ਼ਰੀ ਭਰਨ ਲਈ ਗਏ। ਬ੍ਰਾਹਮਣ ਨੇ ਦੂਰੋਂ ਹੀ ਵੇਖਦਿਆਂ ਆਖਿਆ ਜਿਉਂ-ਜਿਉਂ ਦੋਵੇਂ ਪ੍ਰਾਣੀ ਆ ਰਹੇ ਸਨ, ਬ੍ਰਾਹਮਣ ਦੇ ਬੋਲ ਉਭਰ ਰਹੇ ਸਨ। ਆਵਾਜ਼ ਤੇਜ਼ ਹੋ ਰਹੀ ਸੀ :

—ਖੂਹ ਲਵਾਓ, ਸੇਠ ਜੀ ਖੂਹ ਲਵਾਓ। ਮਨੋ-ਕਾਮਨਾ ਪੂਰੀ ਹੋਵੇਗੀ। ਇਸ ਤੋਂ ਅੱਗੇ ਇਕ ਲਫ਼ਜ਼ ਵੀ ਬ੍ਰਾਹਮਣ ਨੇ ਆਪਣੇ ਮੂੰਹੋਂ ਨਾ ਕੱਢਿਆ।

ਗ਼ਰਜ਼ ਬੁਰੀ ਬਲਾ ਹੈ। ਗ਼ਰਜ਼ ਵਾਸਤੇ ਲੋਕ ਸੱਪ ਦੀਆਂ ਸਿਰੀਆਂ ਮਰੋੜਦੇ ਹਨ। ਝੂਠ ਬੋਲਦੇ ਹਨ, ਉਪੱਦਰ ਤੋਲਦੇ ਹਨ। ਕਿਸੇ ਦੀ ਰੱਤ ਵਿਚ ਨਹਾਉਣਾ ਪਵੇ ਤੇ ਨਹਾਉਣੋਂ ਸੰਕੋਚ ਨਹੀਂ ਕਰਦੇ।

ਅਗਲੇ ਦਿਨ ਹੀ ਖੂਹ ਪੁੱਟਿਆ ਜਾਣ ਲੱਗ ਪਿਆ, ਸਾਰੇ ਇਲਾਕੇ ਵਿਚ ਕਿਤੇ ਇਕ ਵੀ ਖੂਹ ਨਹੀਂ ਸੀ। ਵਿਰਲੇ-ਵਿਰਲੇ ਪਿੰਡਾਂ ਵਿਚ ਕਿਤੇ ਖੂਹ ਸੀ। ਪਾਣੀ ਦੇ ਭਰਨ ਦੀ ਬੜੀ ਮੁਸੀਬਤ ਸੀ। ਹਕੂਮਤ ਦਾ ਏਧਰ ਰਤੀ ਭਰ ਵੀ ਖ਼ਿਆਲ ਨਹੀਂ ਸੀ ਤੇ ਨਾ ਹੀ ਪਿੰਡ ਦੇ ਆਗੂ ਏਧਰ ਕੋਈ ਤਵੱਜੋ ਹੀ ਕਰਦੇ ਸਨ।

ਖੂਹ ਲੱਗ ਗਿਆ ਅਤੇ ਬ੍ਰਾਹਮਣ ਚਲਾ ਗਿਆ......ਕਾਂਸ਼ੀ।

ਮਨਸਾ ਦੇਵੀ ਦਾ ਪੈਰ ਭਾਰਾ ਹੋ ਗਿਆ ਤੇ ਅਮਰ ਦਾਸ ਨੇ ਵਿਸਾਖ ਅਤੇ ਕਤਕ ਵਿਚ ਗੰਗਾ ਇਸ਼ਨਾਨ ਕਰਨ ਦੀ ਪ੍ਰਤਿੱਗਿਆ ਕਰ ਲਈ।

ਸਾਂਝਾ ਘਰ ਸੀ। ਸਾਹੂਕਾਰੀ ਸਾਰੇ ਇਲਾਕੇ ਵਿਚ ਸੀ। ਖਾਣ ਪੀਣ ਦੀ ਕੋਈ ਦਿੱਕਤ ਨਹੀਂ ਸੀ। ਅਮਰ ਦਾਸ ਨੂੰ ਇਹ ਲਗਨ ਲੱਗ ਗਈ ਸੀ ਤੇ ਉਹ ਏਸ ਲਗਨ ਵਿਚ ਮਗਨ ਹੋ ਗਿਆ। ਜਦ ਉਹਦੇ ਘਰ ਬੀਬੀ ਦਾਨੀ ਨੇ ਜਨਮ ਲਿਆ ਤਾਂ ਮੇਰੇ ਗੁਰੂ ਦਾ ਨਿਸਚਾ ਅਟੱਲ ਹੋ ਗਿਆ......ਹਿਮਾਲੀਆ ਦੀ ਚਟਾਨ ਵਾਂਗ। ਗੰਗਾ ਇਸ਼ਨਾਨ ਭਾਵੇਂ ਮੀਂਹ ਜਾਵੇ, ਹਨੇਰੀ ਆਵੇ, ਝੱਖੜ ਝੁੱਲਣ, ਘਿਓ ਦਾ ਘੜਾ ਰੁੜ੍ਹ ਜਾਵੇ, ਗੰਗਾ ਅਸ਼ਨਾਨ ਹਰ ਸਾਲ ਜ਼ਰੂਰ ਜਾਣਾ। ਕੌਂਲਿਆਂ ਨਹੀਂ! ਨਾਲ ਸਾਥੀਆਂ ਦੀ ਜੁੰਡਲੀ ਲੈ ਕੇ। ਦਾਨ ਕਰਨਾ ਤੇ ਸਾਥੀਆਂ ਨੂੰ ਰਾਹ ਵਿਚ ਲੰਗਰ ਪਾਣੀ ਨਾਲ ਨਿਹਾਲ ਕਰਦੇ ਵੀ ਜਾਣਾ।

ਕੰਜਕ ਦਾਨੀ ਨੇ ਘਰ ਦੇ ਵਿਹੜੇ ਨੂੰ ਭਾਗ ਲਾ ਦਿੱਤੇ, ਵਿਹੜੇ ਵਿਚ ਰੌਣਕਾਂ ਨੱਚ ਪਈਆਂ। ਸੱਖਣੇ ਪੰਘੂੜੇ ਨੂੰ ਚਾਅ ਚੜ੍ਹ ਗਿਆ। ਪੰਘੂੜਾ ਵੀ ਰਾਜ ਭਾਗ ਵਾਲਾ ਹੋ ਗਿਆ। ਵੇਲ ਵਧੀ ਮੇਰੇ ਗੁਰੂ ਦੀ।

□□

ਪਿੰਡ ਵਿਚ ਰੌਲਾ ਪੈ ਗਿਆ। ਬਨਾਰਸ ਤੋਂ ਬ੍ਰਾਹਮਣ ਆਏ ਹਨ। ਸਾਰਾ ਪਿੰਡ ਹੁਮ ਹੁਮਾ ਕੇ ਉਨ੍ਹਾਂ ਦੇ ਡੇਰੇ ਅੱਪੜਿਆ।

—ਮਨਸਾ ਦਈਏ ! ਨੀ ਉਹ ਬ੍ਰਾਹਮਣ ਫੇਰ ਆਇਆ ਈ ਕਾਂਸ਼ੀ ਤੋਂ......ਆਖਣ ਲੱਗੀ ਮਹੱਲੇ ਦੀ ਗਵਾਂਢਣ ਤੀਵੀਂ।

—ਇਹ ਪੁਰੋਹਤ ਪੰਜੀਂ ਸਾਲੀਂ ਆਉਂਦੇ ਹਨ। ਕਾਂਸ਼ੀ ਦੇ ਬ੍ਰਾਹਮਣ ਰੱਬ ਦੇ ਬੜੇ ਭਗਤ ਹਨ। ਉਨ੍ਹਾਂ ਦੀ ਜ਼ਬਾਨ ਤੇ ਸਰਸਵਤੀ ਏ। ਉਹ ਜੋ ਕੁਝ ਮੂੰਹੋਂ ਕੱਢਦੇ ਹਨ, ਰੱਬ ਉਨ੍ਹਾਂ ਦੀਆਂ ਪੂਰੀਆਂ ਕਰਦੇ ਹਨ। ਆਵਾਜ਼ ਸੀ ਆਪਣੇ ਮਹੱਲੇ ਵਾਲੀ ਦੀ।

—ਸ਼ਾਮੀਂ ਚੱਲਾਂਗੀਆਂ ਜ਼ਰਾ ਖਾਓ ਪੀਆ ਹੋ ਲੈਣ ਦੇ। ਆਖਣ ਲੱਗੀ ਮਨਸਾ ਦੇਵੀ।

—ਹੁਣ ਕਿਹੜੀ ਊਂਨ ਵੇਲ ਰਹੀ ਏਂ, ਚਰਖਾ ਨਹੀਂ ਡਾਹਿਆ ਜਿਦ੍ਹੀ ਤੰਦ ਟੁੱਟ ਜਾਣੀ ਏ, ਤੱਕਲੇ ਨੂੰ ਚਿੱਬ ਨਹੀਂ ਪੈ ਚਲੇ। ਚਲਣਾ ਈ ਤੇ ਹੁਣੇ ਈ ਚਲ। ਬੋਲ ਦੂਜੇ ਮਹੱਲੇ ਦੀ ਜ਼ਨਾਨੀ ਦੇ ਸਨ।

ਮਨਸਾ ਦੇਵੀ ਨੇ ਥਾਲ ਭਰਿਆ ਪਿੰਨੀਆਂ ਦਾ ਅਤੇ ਉੱਤੇ ਚਾਰ ਮੁਹਰਾਂ ਰੱਖੀਆਂ, ਦੁਪੱਟੇ ਨਾਲ ਢੱਕਿਆ ਅਤੇ ਤੁਰ ਪਈ ਮਨਸਾ ਦੇਵੀ ਸਹੇਲੀਆਂ ਨਾਲ। ਹਰਨੀਆਂ ਦੀ ਡਾਰ ਪਿੰਡ ਵਿਚੋਂ ਨਿਕਲੀ। ਸਾਰੇ ਪਿੰਡ ਦੀ ਅੱਖ ਵਿਚ ਸਨ ਉਹ ਸੁਹਾਗਣਾਂ। ਝਾਂਜਰ ਛਣਕਦੀ, ਘੁੰਗਰੂ ਬੋਲਦੇ, ਪਰੀ-ਬੰਦਾਂ ਦੀ ਟੁਣਕਾਰ ਗੱਭਰੂ ਕੰਨ ਲਾ ਕੇ ਸੁਣਦੇ। ਗਵਾਂਢਣ ਦੇ ਗਲ ਦਾ ਤਾਵੀਜ਼ ਲਿਸ਼ਕਾਰੇ ਮਾਰ ਰਿਹਾ ਸੀ। ਡੰਡ ਪਾਉਂਦੀ ਜਾ ਰਹੀ ਸੀ ਸਗਲਿਆਂ ਦੀ ਜੋੜੀ। ਬ੍ਰਾਹਮਣ ਨੇ ਆਉਂਦੀਆਂ ਭਰਵਾਣੀਆਂ ਦੂਰੋਂ ਹੀ ਤਾੜ ਲਈਆਂ। ਸਾਰੀਆਂ ਦੇ ਮੱਥੇ ਤੇ ਦਾਉਣੀ-ਟਿੱਕਾ ਸੀ। ਰੂਪ-ਮੱਤੀਆਂ ਠੁਮਕ-ਠੁਮਕ ਕਰਦੀਆਂ ਬਹਿ ਗਈਆਂ ਡੇਰੇ ਵਿਚ ਪਾਲੋ ਪਾਲ। ਮਨਸਾ ਦੇਵੀ ਨੇ ਉੱਠ ਕੇ ਥਾਲ ਬ੍ਰਾਹਮਣ ਦੇ ਅੱਗੇ ਰੱਖਿਆ, ਸਿਰ ਝੁਕਾਇਆ, ਹੱਥ ਜੋੜ ਕੇ ਮੱਥਾ ਟੇਕਿਆ। ਥਾਲ ਪਿੰਨੀਆਂ ਦਾ ਅਤੇ ਚਾਰ ਮੁਹਰਾਂ ਗੁਮਾਸ਼ਤੇ ਚੁੱਕੀ ਆ ਰਹੇ ਸਨ ਤੇ ਬ੍ਰਾਹਮਣ ਮਹਾਰਾਜ ਨੇ ਅਸੀਸ ਦਿੱਤੀ......ਸਿਰਫ਼ ਅਸੀਸ ਹੀ। ਪਰ ਮੂੰਹੋਂ ਕੁਝ ਨਾ ਉਚਰਿਆ।

ਮਨਸਾ ਦੇਵੀ ਢਾਣੀ ਵਿਚੋਂ ਛੇਕੀ ਗਈ। ਬਾਕੀ ਸਾਰੀਆਂ ਨਾਲ ਬਚਨ ਬਿਲਾਸ ਹੋਏ।

—ਬ੍ਰਾਹਮਣ ਦੇਵਤਾ, ਮੈਂ ਕੁਝ ਅਰਜ਼ ਕਰਨ ਆਈ ਸਾਂ, ਆਖਣ ਲੱਗੀ ਮਨਸਾ ਦੇਵੀ।

—ਕੱਲ੍ਹ ਪਤੀ ਦੇਵ ਦੇ ਨਾਲ। ਉਨ੍ਹਾਂ ਤੋਂ ਬਗੈਰ ਤੁਹਾਡੀ ਗ੍ਰਹਿ-ਦਾਲ ਨਹੀਂ ਰਲਦੀ......ਆਖਣ ਲੱਗਾ ਬ੍ਰਾਹਮਣ।

ਮਾਯੂਸ ਹੋ ਕੇ ਮੁੜ ਆਈ ਮਨਸਾ ਦੇਵੀ ਆਪਣੀਆਂ ਸਾਥਣਾਂ ਨਾਲ।

ਰਾਤੀਂ ਫੇਰ ਕਥਾ ਛਿੜੀ। ਅਮਰ ਦਾਸ ਨੇ ਆਖਿਆ ਕਿ 'ਭਾਗਵਾਨੇ ! ਜੇ ਤੂੰ ਜਾਣਾ

ਹੀ ਸੀ ਤਾਂ ਮੈਨੂੰ ਨਾਲ ਲੈ ਕੇ ਜਾਣਾ ਸੀ, ਅਸੀਂ ਵੀ ਏਸੇ ਬਹਾਨੇ ਦਰਸ਼ਨ ਕਰ ਲੈਂਦੇ।
ਚਲ......ਫੇਰ ਕੱਲ੍ਹ ਸਹੀ......ਦੋਵੇਂ ਜਣੇ ਚਲਾਂਗੇ।'

ਸੂਰਜ ਦੀ ਟਿੱਕੀ ਪੁੰਗਰਨ ਵਿਚ ਅਜੇ ਗੋਡੇ ਵੀ ਨਹੀਂ ਸਨ ਹੋਏ, ਪਰੌਂਠੇ ਪਕਾਏ, ਲੱਸੀ ਦੀ ਚਾਟੀ ਕੱਢੀ, ਮੱਖਣ ਦਾ ਕਟੋਰਾ ਭਰਿਆ ਤੇ ਰੋੜੀ ਗੁੜ ਦੀ ਲਈ।......ਤੁਰੀ ਨੰਗੀ-ਨੰਗੀ ਪੈਰੀਂ। ਮਜਬੂਰਨ ਅਮਰ ਦਾਸ ਨੂੰ ਵੀ ਨੰਗੇ ਪੈਰੀਂ ਜਾਣਾ ਪਿਆ।

ਬ੍ਰਾਹਮਣ ਦੇਵਤਾ ਜਾਣੀ ਜਾਣ ਸਨ। ਤਾੜਿਆ ਗਹੁ ਨਾਲ, ਵੇਖਿਆ ਤੇ ਸਮਝ ਗਏ......ਸਾਰੀ ਕਹਾਣੀ।

ਥਾਲ ਅੱਗੇ ਜਾ ਰੱਖਿਆ ਤੇ ਚਾਟੀ ਲੱਸੀ ਵਾਲੀ ਤੇ ਉੱਤੇ ਕਹਿੰ ਦਾ ਕਟੋਰਾ ਭਰਿਆ ਮੱਖਣ ਦਾ।

—ਹਮ ਕਿਸੀ ਕੇ ਘਰ ਕਾ ਅੰਨ ਨਹੀਂ ਖਾਤੇ......ਬ੍ਰਾਹਮਣ ਆਖਣ ਲੱਗਾ।

—ਛੂਤ ਛਾਤ ਮੰਨਦੇ ਹੋ......ਮੈਂ ਨਹਾ ਧੋ ਕੇ ਸੁੱਚੀ ਹੋ ਕੇ ਬੜੀਆਂ ਸੱਧਰਾਂ ਨਾਲ ਪਰਸ਼ਾਦ ਬਣਾਇਐ......ਆਪਣੇ ਹੱਥਾਂ ਨਾਲ।

—ਅਸੀਂ ਖੱਤਰੀ ਲੋਕ ਆਪ ਬੜਾ ਵਿਚਾਰ ਕਰਦੇ ਹਾਂ......ਸੁੱਚ ਦਾ।

—ਗ੍ਰਹਿਣ ਕਰੋ ਬ੍ਰਾਹਮਣ ਦੇਵਤਾ......ਦਿਲ ਨਾ ਤੋੜੋ। ਇਹ ਭਗਵਾਨ ਦਾ ਘਰ ਏ। ਮਨਸਾ ਦੇਵੀ ਦੇ ਬੋਲ ਸਨ।

—ਅੱਛਾ......ਛੱਤਰੀਓਂ ਕੇ ਘਰ ਕਾ ਖਾਨਾ ਹਮ ਕਬੂਲ ਕਰ ਲੇਤੇ ਹੈਂ। ਅੱਬ ਆ ਗਏ ਹੋ ਤੋ ਹਮਾਰਾ ਧਰਮ ਯਹੀ ਕਹਿਤਾ ਹੈ ਕਿ ਇਸ ਕੋ ਸਵੀਕਾਰ ਕਰ ਲੇਂ......ਵੈਸੇ ਯੇਹ ਹਮਾਰੇ ਅਸੂਲ ਕੇ ਖਿਲਾਫ਼ ਹੈ। ਆਵਾਜ਼ ਬ੍ਰਾਹਮਣ ਦੀ ਸੀ।

—ਅੱਗੇ ਤੋਂ ਸੁੱਕੀ ਰਸਦ ਲਿਆਇਆ ਕਰਾਂਗੀ......ਹੁਣ ਖਿਮਾ ਕਰੋ...... ਮਨਸਾ ਦੇਵੀ ਆਖ ਰਹੀ ਸੀ।

—ਸੇਠ ਜੀ, "ਤੁਹਾਡੀ ਮਨੋ-ਕਾਮਨਾ ਪੂਰੀ ਹੋ ਸਕਦੀ ਏ। ਭਗਵਾਨ ਦੇ ਘਰ 'ਚ ਕਿਹੜੀ ਗੱਲ ਦੀ ਕਮੀ ਏ......ਤਲਾਅ ਬਣਾਓ, ਏਸ ਤੋਂ ਘੱਟ ਕੁਝ ਨਹੀਂ।

—ਸਤ ਬਚਨ।

—"ਹਮ ਤਲਾਬ ਕੀ ਬੁਨਿਆਦ ਖ਼ੁਦ ਰੱਖ ਕਰ ਜਾਏਂਗੇ"......ਬ੍ਰਾਹਮਣ ਨੇ ਆਖਿਆ।

—"ਸਤ ਬਚਨ।"

ਦੂਜੇ ਦਿਨ ਬੰਦੇ ਲੱਗ ਗਏ, ਤਲਾਅ ਪੁੱਟਣ। ਸਾਰਾ ਪਿੰਡ ਜੁੜਿਆ। ਮੰਗ ਪਾਈ ਗਈ। ਦੂਜੇ ਪਿੰਡ ਵਾਲੇ ਵੀ ਆ ਗਏ ਤਲਾਅ ਪੁੱਟਣ। ਇਕ ਮਹੀਨਾ ਬ੍ਰਾਹਮਣ ਦਾ ਡੇਰਾ ਪਿੰਡ ਵਿਚ ਹੀ ਟਿਕਿਆ ਰਿਹਾ, ਰੌਣਕਾਂ ਲੱਗੀਆਂ ਰਹੀਆਂ। ਬ੍ਰਹਮ ਭੋਜ ਚਲਦਾ ਰਿਹਾ।

ਤਲਾਅ ਦੀ ਨੀਂਹ ਬ੍ਰਾਹਮਣ ਨੇ ਆਪਣੇ ਹੱਥੀਂ ਰੱਖੀ।

ਬ੍ਰਾਹਮਣ ਚਲੇ ਗਏ। ਤਲਾਅ ਬਣਦਾ ਗਿਆ ਅਤੇ ਆਖ਼ਰ ਇਕ ਦਿਨ ਪੂਰਾ ਹੋ ਗਿਆ।

ਕੁਦਰਤ ਦਾ ਭਾਣਾ ਦਾਤਾ ਨੇ ਮਿਹਰ ਕੀਤੀ। ਮਨਸਾ ਦੇਵੀ ਦੀ ਤਕਦੀਰ ਖੁੱਲ੍ਹ ਗਈ। ਰੇਖ ਵਿਚ ਮੇਖ ਮਾਰ ਗਏ ਬ੍ਰਾਹਮਣ।

ਮਨਸਾ ਦੇਵੀ ਦੇ ਘਰ ਮੋਹਣ ਨੇ ਜਨਮ ਲਿਆ ਤੇ ਫੇਰ ਮੋਹਰੀ ਨੇ। ਦਾਦੀ ਨੇ ਪਤਾਸੇ ਵੰਡੇ......ਸਾਰੇ ਪਿੰਡ ਵਿਚ।

ਪੰਜਵੇਂ ਸਾਲ ਜਦ ਬ੍ਰਾਹਮਣਾਂ ਦਾ ਜੱਥਾ ਆਉਂਦਾ ਸੀ, ਸਾਖੀਕਾਰ ਆਖਦੇ ਹਨ ਕਿ ਉਸੇ ਸਾਲ ਬੀਬੀ ਭਾਨੀ ਨੇ ਜਨਮ ਲਿਆ। ਨਿਹਾਲ ਹੋ ਗਿਆ......ਘਰ ਅਮਰ ਦਾਸ ਦਾ। ਬਾਵੇ ਨਿਸਚਾ ਕਰ ਕੇ ਕਾਂਸ਼ੀ ਤਕ ਜਾਂਦੇ......ਬ੍ਰਾਹਮਣਾਂ ਨੂੰ ਭੇਟਾ ਦੇਣ ਲਈ। ਤਲਾਅ ਲੱਗਣ ਨਾਲ ਖੇਤੀ ਵੀ ਹੋਣ ਲੱਗੀ ਤੇ ਪਾਣੀ ਦੀ ਘਾਟ ਵੀ ਪੂਰੀ ਹੋ ਗਈ। ਬਾਲਾਂ ਨੇ ਖੇਡ-ਖੇਡ ਕੇ ਵਿਹੜਾ ਪੁੱਟ ਦਿੱਤਾ। ਰੌਣਕਾਂ ਹੱਸ-ਹੱਸ ਵਿਹੜੇ ਆਣ ਵੜੀਆਂ, ਜੜ੍ਹ ਲੱਗ ਗਈ, ਵੇਲ ਹੋਰ ਵਧ ਗਈ।

ਬ੍ਰਾਹਮਣ ਦੇਵਤਿਆਂ ਵਾਂਗੂ ਪੂਜਿਆ ਜਾਣ ਲੱਗਾ। ਇਨ੍ਹਾਂ ਕਰਾਮਾਤਾਂ ਨੇ ਮੇਰੇ ਗੁਰੂ ਦੇ ਦਿਲ ਤੇ ਮੋਹਰ ਲਾ ਦਿੱਤੀ। ਹਰ ਸਾਲ ਵਿਚ ਦੋ ਵਾਰ ਤਾਂ ਹਰਦਵਾਰ ਜ਼ਰੂਰ ਜਾਂਦੇ......ਪੈਦਲ। ਹਰ ਕੀ ਪਉੜੀ ਉਨ੍ਹਾਂ ਦੇ ਅੰਦਰ ਸਮਾ ਗਈ ਪਰ ਸ਼ਾਂਤੀ ਉਥੋਂ ਵੀ ਨਾ ਲੱਭੀ। ਐਵੇਂ ਭੇਡ ਚਾਲ ਸੀ। ਵੀਹ ਵਾਰ ਹਰਦਵਾਰ ਦੇ ਇਸ਼ਨਾਨ ਕੀਤੇ। ਸਰੀਰ ਪੱਵਿਤਰ ਕੀਤਾ, ਮੈਲ ਲੱਥੀ, ਖੱਲੜੀ ਨਿੱਖਰੀ ਪਰ ਮਨ ਦੀ ਮੈਲ ਨਾ ਉਤਰੀ।

ਇਹ ਘੁੰਡੀ ਕੌਣ ਖੋਲ੍ਹੇ। ਇਹ ਚਿੰਤਾ ਖਾਈ ਜਾ ਰਹੀ ਸੀ......ਮੇਰੇ ਸਤਿਗੁਰ ਪਾਤਸ਼ਾਹ ਨੂੰ। ਕੋਈ ਰਾਹ ਨਾ ਲੱਭਾ ਤੇ ਨਾ ਹੀ ਚੈਨ ਮਿਲਿਆ। ਐਵੇਂ ਖੁੱਚੀਂ ਘੱਟਾ ਪੁਆਇਆ ਬਾਰਾਂ ਵਰ੍ਹੇ। ਅੱਧੀ ਉਮਰ ਗੰਗਾ ਦੇ ਲੇਖੇ ਲਾ ਦਿੱਤੀ।

ਸੰਗਤ ਕੀਤਿਆਂ ਸ਼ਾਇਦ ਰਾਹ ਲੱਭ ਜਾਏ।

□□

੧੧

ਵੇਖਿਆ ਈ ਅੱਲਾ ਯਾਰ ਖਾਂ, ਆਪਣੇ ਗੁਰੂ ਨੂੰ ਵੀ ਕਿੰਨਿਆਂ ਜਿਲ੍ਹਣਾਂ ਵਿਚੋਂ ਦੀ ਲੰਘਣਾ ਪਿਆ। ਇਹ ਪਦਵੀ ਅੱਜ ਥੋੜ੍ਹਾ ਈ ਮਿਲ ਗਈ ਏ। ਕਿੰਨੇ ਸਾਲ ਚਿਲ੍ਹੇ ਕਟਣੇ ਪਏ ਤੇ ਕਿੰਨਾ ਚਿਰ ਸਮਾਧੀ ਲਾਈ ਰਖੀ, ਤਪੱਸਿਆ ਕੀਤੀ, ਇਹ ਟੀਸੀ ਬੜੀ ਔਖੀ ਏ।

ਚੌਦਾਂ ਸੌ ਤੇਰੀ ਦਾ ਸਾਲ ਕੀ ਚੜ੍ਹਿਆ, ਪਿਤਾ ਤੇਜ ਭਾਨ ਚੜ੍ਹਾਈ ਕਰ ਗਏ ਫੁਲ ਤਾਰਨ ਹਰਦਵਾਰ ਹੀ ਜਾਣਾ ਸੀ, ਭਰਾਵਾਂ ਨੇ ਰਲ ਮਿਲ ਕੇ ਇਹ ਪੰਡ ਚੁਕਾ ਦਿੱਤੀ। ਭਰਾ ਵੱਡਾ ਜਾਏ ਜਾਂ ਛੋਟਾ ਫੁੱਲ ਤੇ ਤਾਰਨੇ ਹੀ ਸਨ। ਫੁਲ ਤਾਰੇ, ਦਾਨ ਪੁੰਨ ਕੀਤਾ ਤਾਂ ਜੋ ਪਿੱਤਰਾਂ ਨੂੰ ਸ਼ਾਂਤੀ ਮਿਲੇ। ਹੁਣ ਨਾ ਚੇਤਰ ਵੇਖਿਆ ਤੇ ਨਾ ਵਿਸਾਖ। ਨਾ ਮੱਸਿਆ ਦੀ ਇੰਤਜ਼ਾਰ ਕੀਤੀ ਤੇ ਨਾ ਪੂਰਨਮਾਸ਼ੀ ਦੀ ਗਿਣਤੀ ਕਰਵਾਈ ਕਿਸੇ ਪਾਂਧੇ ਕੋਲੋਂ। ਪੈਦਲ ਈ ਚਲ ਪਏ। ਅਟਕਲ ਪੱਚੂ ਤੁਰਦਿਆਂ ਤੁਰਦਿਆਂ ਜਦ ਹਰਦੁਵਾਰ ਪੁਜੇ ਤੇ ਅਗਲੇ ਦਿਨ ਦੀ ਪੂਰਨਮਾਸ਼ੀ ਸੀ। ਇਕ ਕੰਮ ਤੇ ਦੋ ਕਾਜ, ਅਸ਼ਨਾਨ ਦਾ ਅਸ਼ਨਾਨ ਤੇ ਪਿਤਾ ਦੇ ਫੁਲ ਵੀ ਤਾਰੇ ਤੇ ਪੂਰਨਮਾਸ਼ੀ ਵਾਲੇ ਦਿਨ। ਸੌ ਬ੍ਰਾਹਮਣਾਂ ਨੂੰ ਬ੍ਰਹਮ ਭੋਜ ਕਰਵਾਇਆ ਤੇ ਦਸ

ਗਊਆਂ ਦਾਨ ਕੀਤੀਆਂ, ਇਹ ਅਕੀਦਾ ਸੀ ਮੇਰੇ ਗੁਰੂ ਦਾ ਹਰਦਵਾਰ ਦੀ ਮਹਿਮਾ ਉਤੇ।

ਭਾਣਾ ਰੱਬ ਦਾ ਉਥੇ ਈ ਇਕ ਸਾਧ ਨਾਲ ਮੇਲ ਹੋ ਗਿਆ, ਪੁਛਣ ਤੇ ਪਤਾ ਲੱਗਾ ਕਿ ਉਹ ਸਾਧ ਬਾਬਾ ਸ੍ਰੀ ਚੰਦ ਦਾ ਚੇਲਾ ਏ। ਇਕ ਰਾਤ ਉਹਦੇ ਕੋਲ ਈ ਗੁਜ਼ਾਰੀ। ਬਾਣੀ ਸਾਰਾ ਡੇਰਾ ਗੁਰੂ ਨਾਨਕ ਦੀ ਈ ਪੜ੍ਹਦਾ ਸੀ। ਬਾਣੀ ਸੁਣੀ, ਮਨ ਨੂੰ ਸ਼ਾਂਤੀ ਮਿਲੀ, ਠੰਢ ਪਈ ਹਿਰਦੇ। ਉਸ ਸਾਧ ਦਾ ਨਾਂ ਸੀ ਹਰੀ ਦਾਸ। ਪਿਓ ਦੇ ਮਰਦਿਆਂ ਈ ਘਰ ਦਾ ਬਾਨ੍ਹਣੂ ਟੁਟ ਗਿਆ। ਹਰ ਭਰਾ ਆਪੋ ਆਪਣੀ ਚੌਧਰ ਜਮਾਉਣ ਲੱਗ ਪਿਆ। ਕਿਸੇ ਛੋਟੇ ਭਰਾ ਨੇ ਵੱਡੇ ਭਰਾ ਦੀ ਸਲਾਹ ਨਾ ਸੁਣੀ। ਘਰ ਖੇਰੂੰ-ਖੇਰੂੰ ਹੋ ਗਿਆ, ਤੀਲਾ-ਹੋਇਆ ਘਰ ਕੌਣ ਸਾਂਭੇ। ਫੇਰ ਪਈਆਂ ਵੰਡੀਆਂ। ਕਲਾ ਕਲੰਦਰ ਵਸੇ ਤੇ ਘੜਿਓਂ ਪਾਣੀ ਨੱਸੇ। ਘਰ ਪੁਜੇ ਤੇ ਘਰ ਦਾ ਬੂਹਾ ਦੂਜੇ ਪਾਸੇ ਲੱਗਾ ਹੋਇਆ ਸੀ। ਭਰਾਵਾਂ ਨੇ ਪਹਿਲਾਂ ਹੀ ਢੇਰੀਆਂ ਵੰਡ ਲਈਆਂ ਸਨ। ਵਿਹੜੇ ਵਿਚ ਕੰਧਾਂ ਪੈ ਗਈਆਂ, ਚੌਕੇ ਅੱਡ ਹੋ ਗਏ। ਪਿਓ ਦੀ ਥਾਂ ਦੀ ਬੱਝੀ ਪੱਗ ਭਰਾ ਤੇ ਸ਼ਰੀਕੇ ਦੇ ਨਾਲ ਮਿਲ ਕੇ ਲੀਰਾਂ-ਲੀਰਾਂ ਕਰ ਦਿੱਤੀ ਬਰਾਦਰੀ ਨੇ।

ਹਰਦਵਾਰ ਤੋਂ ਚਲਦਿਆਂ ਮਨ ਬਣਾਇਆ ਸੀ ਜਿਹੜੀ ਬਾਣੀ ਉਨ੍ਹਾਂ ਉਸ ਸਾਧ ਦੇ ਡੇਰੇ ਸੁਣੀ ਸੀ, ਖ਼ਿਆਲ ਸੀ ਕਿ ਡੇਰਾ ਬਾਬਾ ਨਾਨਕ ਜਾ ਕੇ ਇਹ ਬਾਣੀ ਫੇਰ ਸੁਣੀ ਜਾਵੇ ਪਰ ਘਰੋਂ ਮਰਨ ਵਿਹਲ ਨਾ ਮਿਲੀ। ਨਾ ਡੇਰੇ ਜਾ ਸਕੇ ਤੇ ਨਾ ਦਿਲ ਹੀ ਟਿਕਾਣੇ ਰਿਹਾ। ਉਲਝ ਕੇ ਰਹਿ ਗਏ ਘਰ ਦੇ ਵਿਹਾਰਾਂ ਕਾਰਾਂ ਵਿਚ। ਫਿਰ ਉਹੋ ਹੀ ਲੂਣ ਤੇਲ ਲਕੜੀਆਂ ਤੇ ਉਹ ਘਰ ਦੀਆਂ ਕੱਕੜੀਆਂ। ਮੇਰੇ ਗੁਰੂ ਨੂੰ ਫੇਰ ਗੰਗਾ ਜਾਣ ਦੀ ਵੀ ਵਿਹਲ ਨਾ ਮਿਲੀ। ਦੁਕਾਨ ਵੱਖਰੀ, ਘਰ ਅੱਡ, ਵਿਹੜਾ ਵੰਡਿਆ ਗਿਆ, ਹਰ ਇਕ ਨੂੰ ਆਪੋ ਆਪਣੀ ਪੈ ਗਈ, ਸਾਰੀ ਬਿਰਤੀ ਤੇ ਸਾਰੀਆਂ ਵਿਚਾਰਾਂ ਚੁਲ੍ਹੇ ਵਿਚ ਪੈ ਗਈਆਂ। ਏਸ ਤਰ੍ਹਾਂ ਥਿੜਕ ਜਾਂਦਾ ਏ ਬੰਦਾ ਰਾਹ ਚਲਦਿਆਂ ਚਲਦਿਆਂ। ਫੇਰ ਉਹੋ ਹੀ ਹੱਟੀ, ਉਹੋ ਘਰ, ਉਹੋ ਮਹੱਲਾ ਤੇ ਉਹੋ ਪਿੰਡ। ਏਸ ਤਰ੍ਹਾਂ ਕਈ ਵੇਰ ਜ਼ਿੰਦਗੀ ਇਕ ਜਗ੍ਹਾ ਆ ਕੇ ਰੁਕ ਜਾਂਦੀ ਏ, ਬੰਨਾ ਲੱਗ ਜਾਂਦਾ ਏ ਵਗਦੇ ਪਾਣੀ ਨੂੰ। ਬੰਦੇ ਦੇ ਵਲਵਲੇ, ਬੰਦੇ ਦੀਆਂ ਖ਼ਾਹਿਸ਼ਾਂ ਘੜੀ ਵਿਚ ਮਿੱਟੀ ਵਿਚ ਰੁਲ ਜਾਂਦੇ ਨੇ, ਆਖ ਰਿਹਾ ਸੀ, ਪਾਰੋ ਡੱਲਾ।

ਅੱਲਾ ਦੇ ਹੱਥ ਵਿਚ ਏ ਬੰਦੇ ਨੂੰ ਚਾਹੇ ਰਾਹੇ-ਰਾਹੇ ਚਲਾਈ ਰੱਖੇ, ਪਹੇ ਤੇ ਆ ਕੇ ਭੁਲੇਖਾ ਪਾ ਦਏ, ਡੰਡੀ ਮੁੜ ਜਾਏ ਤੇ ਬੰਦਾ ਕਿੱਥੋਂ ਦਾ ਕਿੱਥੇ ਗਿਆ। ਜੇ ਉਹਦੀ ਨਜ਼ਰ ਸਵੱਲੀ ਨਾ ਹੋਵੇ ਤੇ ਰਾਹ ਵਿਚ ਈ ਕੋਈ ਪੁਆੜਾ ਪੈ ਜਾਵੇ, ਮੋਢਾ ਟੁਟ ਜਾਏ, ਗੋਡਾ ਟੁਟ ਜਾਏ, ਸੱਪ ਲੜ ਜਾਵੇ, ਢਿੱਡ ਵਿਚ ਈ ਸੂਲ ਉਠ ਪਵੇ, ਬੰਦਾ ਹੈ ਕਿ ਮਿੱਟੀ ਦੀ ਇਕ ਮੁੱਠ, ਇਸ ਖ਼ਾਕੀ ਪੁਤਲੇ ਨੂੰ ਬੜਾ ਮਾਣ ਏ, ਅਰਸ਼ਾਂ ਦੇ ਕੁਲਾਬੇ ਮਿਲਾਉਣੋਂ ਨਹੀਂ ਸੰਗਦਾ, ਕਿਲ੍ਹੇ ਉਸਾਰਨੇ ਸ਼ੁਰੂ ਕਰ ਦੇਵੇ ਤੇ ਹਵਾ ਵਿਚ ਈ ਮਹਿਲ ਉਸਾਰ ਦੇਵੇ। ਫੂਕ ਵਜੇ, ਨਾ ਕਿਲ੍ਹਾ, ਨਾ ਮਹੱਲ, ਨਾ ਮਾੜੀਆਂ ਅਤੇ ਨਾ ਹਾਥੀ ਝੂਲਦੀਆਂ ਹਵੇਲੀਆਂ। ਫੇਰ ਉਸੇ ਜਗ੍ਹਾ ਤੇ ਜਿਥੋਂ ਚਲੇ ਸਾਂ। ਉਸੇ ਆਨੇ ਵਾਲੀ ਥਾਂ ਤੋਂ ਅੱਲਾ ਯਾਰ ਖ਼ਾਂ ਆਖ ਰਿਹਾ ਸੀ।

—ਆਖਰ ਪੁੱਤ ਮੂਲਿਆ ਤੂੰ ਹੱਟੀ ਬਹਿਣਾ। ਖਤਰੀਆਂ ਦੇ ਪੁੱਤਰਾਂ ਨੇ ਹੋਰ ਕੀ ਕਰਨਾ ਸੀ। ਦਿਨ ਗੁਜ਼ਰਦੇ ਗਏ, ਉਮਰ ਵਡੇਰੀ ਹੁੰਦੀ ਗਈ। ਸਰੀਰ ਵਿਚੋਂ ਸਤਿਆ ਜਵਾਬ ਦੇਣ ਲੱਗ ਪਈ, ਪਰ ਉਸਦੇ ਰੰਗ ਬੜੇ ਨਿਆਰੇ ਨੇ। ਉਹਦੀ ਮਹਿਮਾ ਉਹੀ ਜਾਣਦੇ।

ਮੇਰੇ ਪ੍ਰਭੂ ਇਨ੍ਹਾਂ ਵਿਚਾਰਾਂ ਵਿਚ ਲੀਨ ਸਨ ਰਾਤ ਦਿਨ। ਰਾਤੀਂ ਨੀਂਦ ਨਾ ਆਉਂਦੀ ਤੇ ਦਿਨੇ ਚੈਨ ਨਾ ਪੈਂਦਾ। ਕੰਮ ਵਿਚ ਮਨ ਨਾ ਖੁੱਭਦਾ। ਗ੍ਰਹਿਸਤੀ ਦੇ ਬੋਝ ਦੀ ਪੰਡ ਭਾਰੀ ਹੁੰਦੀ ਜਾਂਦੀ। ਬਾਣੀ ਦੇ ਮਾੜੇ-ਮਾੜੇ ਬੋਲ ਉਨ੍ਹਾਂ ਦੇ ਕੰਨਾਂ ਵਿਚ ਗੂੰਜਦੇ ਸਨ। ਪਰ ਸਰੂਰ ਨਾ ਆਉਂਦਾ, ਮਨ ਨਸ਼ਿਆਉ ਦਾ ਨਾ, ਅੱਖਾਂ ਵਿਚ ਮਸਤੀ ਦੀ ਧੜੀ ਨਾ ਬੱਝਦੀ। ਆਖ਼ਰ ਇਕ ਦਿਨ ਉਦਾਸ ਜਿਹੇ ਬੈਠੇ ਸਨ, ਫੇਰ ਚਿੱਤ ਕੀਤਾ ਚਲੋ ਗੰਗਾ ਅਸ਼ਨਾਨ ਈ ਕਰ ਆਈਏ, ਸੰਗ ਲੈ ਕੇ ਜਾਣ ਦੀ ਸਮਰੱਥਾ ਤੇ ਰਹੀ ਨਹੀਂ ਸੀ। ਇਕੱਲਾ ਜਾਣਾ ਵੀ ਤੇ ਰਾਹ ਜਾਂਦੀ ਮੌਤ ਨੂੰ ਆਵਾਜ਼ ਮਾਰਨ ਵਾਲੀ ਗੱਲ ਸੀ। ਚੁੱਪ-ਚੁਪੀਤੇ ਘਰੋਂ ਮੁਘੜ ਮਾਰਿਆ ਤੇ ਹਰਦਵਾਰ ਨੂੰ ਚਲ ਪਏ, ਪਿੰਡ ਦੇ ਸਾਥ ਨੂੰ ਉਡੀਕਿਆ ਵੀ ਨਾ। ਪਰ ਤੀਜੇ ਦਿਨ ਉਹ ਆਪਣੇ ਪਿੰਡਾਂ ਤੋਂ ਜਦ ਦੋ ਵੀਹਾਂ ਲੰਮਾ ਪੈਂਡਾ ਅਗੇ ਆ ਗਏ ਤਾਂ ਇਕ ਸਾਧ ਮਿਲ ਗਿਆ ਹਰਦਵਾਰ ਜਾਣਾ ਵਾਲਾ। ਉਨ੍ਹਾਂ ਮੇਰੇਂ ਸਤਿਗੁਰ ਨੂੰ ਪਛਾਣ ਲਿਆ। ਸਾਧ ਤਿੰਨ ਜਣੇ ਸਨ।

ਇਕ ਜਣਾ ਆਖਣ ਲੱਗਾ ਮਹਾਰਾਜ ਸੰਗ ਕਿਥੇ ? ਅੱਜ ਤੁਸੀਂ ਡੋਰੇ-ਭੋਰੇ ਜਾਪਦੇ ਓ, -ਛੜ-ਮਛੜੇ ਕਿੱਦਾਂ ਗੰਗਾ ਇਸ਼ਨਾਨ ਘਰੋਂ ਨਿਕਲ ਪਏ।

ਮਨ ਵਿਚ ਮੌਜ ਆਈ—ਮੌਜ ਆਈ ਫ਼ਕੀਰ ਕੀ, ਦੀਆ ਝੌਂਪੜਾ ਫੂਕ।

ਇਕ ਤਰੰਗ ਉਠੀ ਤੇ ਚਲ ਪਏ। ਤੁਹਾਡਾ ਸਾਥ ਮਿਲ ਗਿਆ ਏ, ਤੁਸੀਂ ਕੋਈ ਓਪਰੇ ਥੋੜਾ ਓ, ਚਲੋ ਤੁਹਾਡੇ ਨਾਲ ਈ ਚਾਰ ਦਿਨ ਕੱਟ ਲਾਂਗੇ, ਬੋਲੇ ਮਹਾਰਾਜ।

ਬੰਸਾਵਲੀ ਨਾਮੇ ਵਾਲਾ ਆਖਦਾ ਏ, ਵਿਸਾਖ ਚੜ੍ਹਦਿਆਂ ਹਰਕੀ ਪਉੜੀ ਦਾ ਇਸ਼-ਨਾਨ ਕੀਤਾ ਤੇ ਦਿਲ ਐਵੇਂ ਈ ਉਚਾਟ ਹੋ ਗਿਆ ਤੇ ਪਿਛਲੇ ਪੈਰੀਂ ਮੁੜ ਪਏ। ਨਾ ਕਿਸੇ ਬ੍ਰਾਹਮਣ ਦੀ ਸੇਵਾ ਕੀਤੀ ਤੇ ਨਾ ਕੋਈ ਗਊ ਮਣਸਵਾਈ। ਰਾਹ ਵਿਚ ਕਈ ਜਗ੍ਹਾ ਪੜਾਅ ਕੀਤੇ, ਕਈ ਜਗ੍ਹਾ ਰਾਤ ਕੱਟੀ ਪਰ ਇਕ ਰਾਤ ਟਿਕਾਣਾ ਮੋਹੜੇ ਪਿੰਡ ਵਿਚ ਕੀਤਾ। ਸਮਝੋ ਆਪਣੇ ਘਰ ਦੇ ਬੂਹੇ ਅੱਗੇ। ਖਡੂਰ ਸਾਹਿਬ ਤੋਂ ਸੋਲਾਂ ਮੀਲ ਦੀ ਵਿੱਥ ਸੀ, ਬਾਸਰਕੇ ਤੋਂ ਸਮਝ ਚਾਲ੍ਹੀ ਕੋਹ ਦੀ ਦੂਰੀ ਹੋਣੀ ਏ। ਜਿਸ ਡੇਰੇ ਤੇ ਰਾਤੀਂ ਵਿਸਰਾਮ ਕੀਤਾ, ਉਹਦੀ ਰਾਖੀ ਪੰਡਤ ਦੁਰਗਾ ਕਰਦਾ ਸੀ। ਦੁਰਗਾ ਜੋਤਸ਼ ਵਿੱਦਿਆ ਦਾ ਬੜਾ ਮਾਹਿਰ ਸੀ। ਬੜੀ ਧੁੰਮ ਸੀ ਉਹਦੀ ਆਪਣੀ ਮਲ ਗੁਜ਼ਾਰ ਵਿਚ। ਲੋਕ ਤੇ ਉਹਦਾ ਪਾਣੀ ਭਰਦੇ ਸਨ। ਰਾਤੀਂ ਰੋਟੀ ਖਾਧੀ, ਚਾਦਰ ਤਾਣੀ ਤੇ ਸੌਂ ਗਏ। ਸੌਣ ਤੋਂ ਪਹਿਲਾਂ ਬਚਨ ਬਿਲਾਸ ਵੀ ਹੋਏ। ਗੁਰੂ ਮਹਾਰਾਜ ਤੇ ਦੁਰਗਾ ਪੰਡਤ ਦੇ। ਪਿਆਰ ਜਿਹਾ ਹੋ ਗਿਆ। ਤੇ ਦਿਨ ਚਲਣ ਦਾ ਖ਼ਿਆਲ ਸੀ, ਜੁੱਤੀ ਪਾਈ, ਖੇਸ ਮੋਢੇ ਧਰਿਆ, ਦੁਰਗਾ ਪੰਡਤ ਨੇ ਬਾਂਹ ਫੜ ਲਈ ਤੇ ਰੋਕ ਲਿਆ। ਖਾਣਾ ਖਾ ਕੇ ਜਾਣਾ, ਮੇਰਾ ਜੀਅ ਨਹੀਂ ਕਰਦਾ ਭੋਜਨ ਨੂੰ, ਮੇਰਾ ਮਨ ਕਰਦਾ ਏ ਕਿ ਦੋ ਚਾਰ ਦਿਨ ਹੋਰ ਤੁਹਾਡੀ ਸੰਗਤ ਵਿਚ ਕੱਟੇ ਜਾਣ। ਪਰ ਤੁਸੀਂ ਆਖਦੇ ਓ, ਕਿ ਘਰ ਵਿਚ ਬੜੇ ਕੰਮ ਰੁਕੇ ਹੋਏ ਨੇ, ਚਲੋ ਜਾਣੇ ਅੱਜ ਨਹੀਂ ਤੇ ਕੱਲ੍ਹ ਸਹੀ। ਮਜਬੂਰ ਕਰਨ ਤੇ ਗੁਰੂ ਮਹਾਰਾਜ ਨੇ ਹਾਂ ਕਰ ਦਿੱਤੀ।

ਸਚਾਈ ਦੱਸਦੀ ਹੈ ਕਿ ਪੰਡਤਾਣੀ ਘਰੋਂ ਆਪ ਥਾਲ ਰੀਝਾਂ ਨਾਲ ਸਜਾ ਕੇ ਲਿਆਈ, ਸਾਹਮਣੇ ਬੈਠ ਕੇ ਪ੍ਰਸ਼ਾਦ ਛਕਾਇਆ, ਗੁਰੂ ਮਹਾਰਾਜ ਆਰਾਮ ਕਰਨ ਲਈ ਜ਼ਮੀਨ ਤੇ ਉਥੇ ਹੀ ਲੇਟ ਗਏ ਜ਼ਰਾ ਕੁ। ਸੂਰਜ ਦੀ ਧੁੱਪ ਚਮਕੀ, ਤੇਜ਼ ਹੋਈ, ਕੜਕੀ; ਸਿਖਰ ਦੁਪਹਿਰ ਵਿਚ ਈ ਮਹਾਰਾਜ ਦੀ ਅੱਖ ਲੱਗ ਗਈ।

—ਪੰਡਤਾਣੀ ਨੇ ਜ਼ਰਾ ਗਹੁ ਨਾਲ ਵੇਖਿਆ, ਮਹਾਰਾਜ ਦੇ ਪੈਰ ਵੱਲ ਤੇ ਆਖਣ ਲੱਗੀ ਪੱਦਮ।

—ਕਿਥੇ ਪਦਮ ਈ, ਬਿੱਲੀ ਨੂੰ ਹਰ ਵੇਲੇ ਚੂਹੇ ਦੇ ਖਾਬ ਆਉਂਦੇ ਨੇ।

—ਮੈਂ ਭਾਵੇਂ ਜੋਤਿਸ਼ ਨਹੀਂ ਜਾਣਦੀ, ਪਰ ਹਰ ਵੇਲੇ ਜੋਤਸ਼ ਦੀਆਂ ਗੱਲਾਂ ਤੇ ਜ਼ਰੂਰ ਸੁਣਦੀ ਆਂ, ਤੇ ਨਾਲੇ ਪਤਨੀ ਕਿਹਦੀ ਹਾਂ।

—ਭੁੱਖਾ ਜਦ ਮੰਗੇ ਦੋ ਰੋਟੀਆਂ। ਮਾਇਆ-ਮਾਇਆ, ਦੌਲਤ, ਮਹਿਲ ਮਾੜੀਆਂ, ਭਲੀਏ ਲੋਕੇ ਬ੍ਰਾਹਮਣ ਦੇ ਕਰਮਾਂ ਵਿਚ ਇਹ ਸਭ ਕੁਝ ਨਹੀਂ, ਅਸੀਂ ਤੇ ਐਵੇਂ ਰੱਬ ਦੇ ਪ੍ਰਾਹੁਣੇ ਆਏ ਹਾਂ। ਪਰ ਹਾਂ, ਪੱਦਮ ਕਿੱਥੇ ਵੇਖਿਆ ਈ।

—ਉਹ ਪੈਰ ਵਿਚ। ਵੇਖਿਆ ਨਹੀਂ ਸੂਰਜ ਦੀ ਧੁੱਪ ਵਿਚ ਡਲ੍ਹਕਾਂ ਮਾਰਦਾ।

—ਗਹੁ ਨਾਲ ਵੇਖਿਆ ਦੁਰਗਾ ਪੰਡਤ ਨੇ। ਕਮਾਲ ਏ। ਤੂੰ ਤੇ ਸਾਡੇ ਵੀ ਕੰਨ ਕੱਟ ਲਏ ਨੇ, ਬਿਲਕੁਲ ਪੂਰਨ ਪਦਮ।

—ਏਨੇ ਚਿਰ ਨੂੰ ਗੁਰੂ ਮਹਾਰਾਜ ਦੀ ਜਾਗ ਖੁਲ੍ਹ ਗਈ, ਬੋਲੇ ਕੀ ਗੱਲ ਏ ਬ੍ਰਾਹਮਣ ਦੇਵਤਾ।

—ਪਦਮ ਤੁਹਾਡੇ ਸੱਜੇ ਪੈਰ ਵਿਚ ਏ, ਪੱਦਮ ਰੇਖਾ ਮੇਰੀ ਸੁਆਣੀ ਨੇ ਪਛਾਣੀ ਏ।

—ਮੇਰਾ ਜੋਤਸ਼ ਆਖਦਾ ਏ ਕਿ ਤੁਹਾਡੇ ਹੱਥ ਵਿਚ ਵੀ ਪੱਦਮ ਹੋਣਾ ਚਾਹੀਦਾ ਹੈ।

—ਭਈ ਵੇਖ ਲੈ, ਪੰਡਤਾ ਸਾਡਾ ਸੱਜਾ ਹੱਥ, ਤੂੰ ਆਪਣੀ ਰੀਝ ਲਾ ਲੈ, ਆਖਣ ਲੱਗੇ ਗੁਰੂ ਮਹਾਰਾਜ।

ਪੱਦਮ, ਪੱਦਮ ਇਕ ਨਹੀਂ ਦੋ। ਸੱਜੇ ਪੈਰ ਵਿਚ ਤੇ ਸੱਜੇ ਹੱਥ ਵਿਚ। ਤੁਸੀਂ ਮਹਾਰਾਜ ਚੱਕਰਵਰਤੀ ਹੋਣੇ ਚਾਹੀਦੇ ਓ, ਜੇ ਇਹ ਨਹੀਂ ਤੇ ਫੇਰ ਰੱਬੀ ਅਵਤਾਰ, ਇਨ੍ਹਾਂ ਦੋਹਾਂ ਵਿਚੋਂ ਇਕ ਗੱਲ ਜ਼ਰੂਰ।

ਪੰਡਤਾ ਮੈਂ ਕੁਝ ਵੀ ਨਹੀਂ, ਤੇਰਾ ਜੋਤਸ਼ ਝੂਠਾ ਏ, ਮੈਂ ਤੇ ਮਾਮੂਲੀ ਹਟਵਾਣੀਆ ਆਂ।

ਚੱਕਰਵਰਤੀ ਰਾਜਾ ਤੇ ਰਾਤ ਕੱਟੇ ਤੇਰੇ ਕੋਲ। ਕਿਉਂ ਮਖੌਲ ਕਰਦੈਂ ਪੰਡਤਾ ਰਾਹੀਆਂ ਨੂੰ! ਮਹਾਰਾਜ ਨੇ ਆਖਿਆ।

ਮਹਾਰਾਜ ਮੈਂ ਮਜ਼ਾਕ ਨਹੀਂ ਕਰਦਾ, ਮੈਨੂੰ ਕੱਸਮ ਏ ਪੈਦਾ ਕਰਨ ਵਾਲੇ ਦੀ, ਮੈਂ ਪੱਦਮ ਵੇਖਿਆ ਏ, ਪੱਦਮ ਦਾ ਇਹ ਫਲ ਏ, ਇਹ ਮੇਰੀ ਜੋਤਸ਼ ਵਿੱਦਿਆ ਆਖਦੀ ਏ।

ਚੰਗਾ ਪੰਡਤ ਜੀ। ਹੁਣ ਆਗਿਆ ਦਿਓ,। ਤੁਸਾਂ ਮਖੌਲ ਕਰਕੇ ਆਪਣੀ ਰੀਝ ਲਾਹ ਲਈ ਏ। ਅੱਛਾ! ਫੇਰ ਮਿਲਾਂਗੇ। ਬੰਦਾ ਕਿਤੇ ਨਾ ਕਿਤੇ ਮਿਲ ਜਾਂਦਾ ਏ। ਮਹਾਰਾਜ ਨੇ ਕੁਝ ਰਕਮ ਪੰਡਤ ਦੀ ਤਲੀ ਤੇ ਰੱਖੀ।

—ਪੰਡਤ ਦੁਰਗੇ ਨੇ ਮੋੜ ਦਿੱਤੀ, ਏਦਾਂ ਨਹੀਂ।

—''ਅਬਿ ਨਹੀਂ ਕਛੂ ਲੇਹੁ ਬਚਨ ਮੁਹਿ ਦੇਵੋ।

—ਜਦ ਥਿਰੋ ਹੋਇ, ਮਾਂਗ ਸੋ ਲੇਵੋ।

ਮਹਾਰਾਜ ਨੇ ਸਿਰਫ਼ ਮੁਸਕਰਾ ਹੀ ਦਿੱਤਾ, ਜਿਹਦਾ ਮਤਲਬ ਸੀ ਤੇਰੀ ਇੱਛਾ, ਜਿਵੇਂ ਚੰਗਾ ਸਮਝੇਂ। ਬਚਨ ਦਿੱਤਾ ਤੇ ਰਾਹੇ ਪੈ ਗਿਆ ਮੇਰਾ ਸਤਿਗੁਰ। ਸਾਹ ਆਣ ਕੇ ਬਾਸਰਕੇ ਹੀ ਲੈਣ ਦਾ ਮਨ ਬਣਾਇਆ।

□□.

ਜੀਵਨ ਦਾ ਇਕ ਹੋਰ ਪੱਖ, ਜੀਵਨ ਖੂਹ ਦੀਆਂ ਟਿੰਡਾਂ ਸਮਾਨ ਏ, ਹਰ ਟਿੰਡ ਦੀ ਆਪਣੀ ਸ਼ਕਲ ਤੇ ਆਪਣਾ ਆਕਾਰ ਏ, ਕੋਈ ਭਰੀ ਤੇ ਕੋਈ ਸੱਖਣੀ, ਕੋਈ ਅੱਧੀ ਤੇ ਕੋਈ ਨੱਕੋ ਨੱਕ । ਬੰਦੇ ਦੀ ਉਮਰ ਟਿੰਡਾਂ ਵਾਂਗ ਏ, ਜੀਵਨ ਵਿਚ ਕਈ ਉਤਾਰ ਚੜ੍ਹਾ ਆਉਂਦੇ ਨੇ ਸੂਰਜ ਦੀਆਂ ਧੁਪਾਂ ਕਦੇ ਬਨੇਰਿਆਂ ਤੇ ਕਦੇ ਵਿਹੜਿਆਂ ਵਿਚ । ਕਦੇ ਧੁਪ ਚਮਕੀ ਤੇ ਝਟ ਈ ਉਡਾਰੀ ਮਾਰ ਕੇ ਛੂਹੀ ਮੂਹੀ ਹੋ ਗਈ । ਲੈ ਫੇਰ ਅੱਲਾ ਯਾਰ ਖ਼ਾਂ ਇਹ ਵੀ ਕਹਾਣੀ ਸੁਣ ਲੈ । ਇਹ ਕਥਾ ਇਉਂ ਚਲਦੀ ਏ, ਘਰ ਨੂੰ ਆ ਰਹੇ ਸਨ ਮੇਰੇ ਸਤਿਗੁਰੂ ਤੇ ਰਾਹ ਵਿਚ ਇਕ ਬ੍ਰਹਮਚਾਰੀ ਦਾ ਮੇਲ ਹੋ ਗਿਆ । ਬ੍ਰਹਮਚਾਰੀ ਆਖਣ ਲੱਗਾ ਕਿ ਮੈਂ ਵੀ ਖਡੂਰ ਜਾਣਾ ਏ । ਮੇਰੇ ਗੁਰਾਂ ਫ਼ਰਮਾਇਆ ਚਲ ਫੇਰ ਸਾਡੇ ਨਾਲ, ਤੋੜ ਦਾ ਸਾਥ ਏ । ਦੋਵੇਂ ਰਾਹੀਂ ਇਕ ਡੰਡੀ ਤੇ ਚਲ ਰਹੇ ਸਨ, ਦੋਹਵਾਂ ਦਾ ਨਿਸ਼ਾਨਾ ਭਾਵੇਂ ਇਕੋ ਸੀ, ਖਡੂਰ । ਪਰ ਮੇਰੇ ਸਤਿਗੁਰ ਨੇ ਰਾਹ ਵਿਚ ਹੀ ਉਸ ਬ੍ਰਹਮਚਾਰੀ ਨੂੰ ਜਿਹਾ ਗੱਲੀਂ ਲਾਇਆ ਕਿ ਉਂਗਲੀ ਲਾ ਕੇ ਆਪਣੇ ਨਾਲ ਤੋਰ ਲਿਆ ਤੇ ਬਾਸਰਕੇ ਲੈ ਆਏ। ਮਹਾਰਾਜ ਨੇ ਆਖਿਆ ਦੋ ਚਾਰ ਦਿਨ ਤੁਸੀਂ ਮੇਰੇ ਘਰ ਬਿਰਾਜੋ । ਜ਼ਰਾ ਥਕਾਵਟ ਉਤਰ ਜਾਵੇ ਤੇ ਫੇਰ ਮੈਂ ਵੀ ਤੁਹਾਡੇ ਨਾਲ ਖਡੂਰ ਚਲਾਂਗਾ । ਪਿੰਨੀਆਂ ਵਿਚ ਖਲੀਆਂ ਸਨ । ਬ੍ਰਹਮਚਾਰੀ ਮੰਨ ਗਿਆ । ਪ੍ਰਾਹੁਣਿਆਂ ਦੀ ਖਿਦਮਤ ਕਰਨਾ, ਇਹ ਗੱਲ ਤਾਂ ਪੰਜਾਬੀਆਂ ਦੀ ਗੁੜ੍ਹਤੀ ਵਿਚ ਪਈ ਏ । ਖੰਡ ਚੌਲ, ਦੁੱਧ ਘਿਓ, ਖੀਰ, ਮੱਖਣ, ਦਹੀਂ, ਘਿਓ, ਸ਼ਕਰ, ਖੂਬ ਰਜ-ਰਜ ਕੇ ਖਵਾਇਆ ਤੇ ਚੁਤੱਈ ਵਿਛਾ ਕੇ ਦਿੱਤੀ ਰਾਤ ਨੂੰ ਸੌਣ ਨੂੰ । ਬ੍ਰਹਮਚਾਰੀ ਬਹੁਤ ਪ੍ਰਸੰਨ ਹੋਇਆ । ਪਰ ਦੂਜੇ ਦਿਨ ਐਵੇਂ ਮੌਜ ਵਿਚ ਆਇਆ ਬ੍ਰਹਮਚਾਰੀ ਆਖਣ ਲੱਗਾ, ਇਹ ਸੋਚ ਕੇ ਕਿ ਏਨੀਆਂ ਖ਼ਿਦਮਤਾਂ ਕਰਨ ਵਾਲਾ ਭੱਦਰ ਪੁਰਸ਼ ਕਿਸੇ ਬੜੇ ਵੱਡੇ ਗੁਰੂ ਦਾ ਚੇਲਾ ਹੋਣਾ ਚਾਹੀਦੈ,ਸੁਲਝਿਆ ਹੋਇਆ,ਏਨਾ ਪ੍ਰੇਮੀ, ਏਨਾ ਪ੍ਰਭੂ ਦਾ ਪਿਆਰਾ, ਜ਼ਰੂਰ ਕਿਸੇ ਗੁਰੂ ਨੇ ਘੜਿਆ ਜਾਪਦੈ । ਇਹ ਭਰਮ ਸੀ ਬ੍ਰਹਮਚਾਰੀ ਦੇ ਮਨ ਵਿਚ ।

"ਤੁਹਾਡਾ ਗੁਰੂ ਕੌਣ ਏ।"

ਮੇਰੇ ਸਤਿਗੁਰ ਤੇ ਝੂਠ ਬੋਲਣਾ ਜਾਣਦਾ ਈ ਨਹੀਂ ਤੇ ਨਾ ਹੀ ਉਹ ਆਪਣਾ ਐਬ ਛੁਪਾਉਣਾ ਚਾਹੁੰਦੇ ਸਨ, ਆਖਣ ਲਗੇ ਕਿ ਮੈਂ ਅਜੇ ਤਕ ਗੁਰੂ ਨਹੀਂ ਧਾਰਿਆ ।

ਹੈਂ ! ਏਨੀ ਉਮਰ ਐਵੇਂ ਵਿਹਾ ਦਿੱਤੀ, ਗੁਰੂ ਬਿਨ ਕਾਹਦੀ ਗੱਤੀ, ਪਰ ਮਿੱਤਰਾ ਤੂੰ ਤੇ ਮੇਰਾ ਜੀਵਨ ਈ ਨਸ਼ਟ ਕਰ ਦਿੱਤੈ । ਆਖਣ ਲੱਗਾ ਬ੍ਰਹਮਚਾਰੀ । "ਕਿਸੇ ਚੰਡਾਲ ਦੇ ਘਰ ਖਾ ਲੈਣਾ ਤੇ ਕਿਸੇ ਨਿਗੁਰੇ ਦੇ ਘਰ ਖਾ ਲੈਣਾ ਇਕੋ ਗੱਲ ਏ ।"

ਉਹ ਕਿੱਦਾਂ ।

ਨਿਗੁਰੇ ਕਾ ਸੰਗ ਜਨਮ ਗਿਆ ਤੇਰਾ, ਕਿਸਕਾ ਸੰਗ ਕੀਆ ਰੇ ਮਨ ਮੂਰਖ ।

ਮੇਰੇ ਗੁਰੂ ਨੇ ਉਸ ਬ੍ਰਹਮਚਾਰੀ ਨੂੰ ਚੁਬਾਰੇ ਦੇ ਕਮਰੇ ਵਿਚ ਠਹਿਰਾਇਆ ਹੋਇਆ ਸੀ। ਬੜਾ ਤਰਲੋ ਮੱਛੀ ਹੋਇਆ, ਬ੍ਰਹਮਚਾਰੀ ਏਨਾ ਲਾਲ ਪੀਲਾ ਹੋਇਆ, ਮੱਥਾ ਤਿਊੜੀਆਂ ਨਾਲ ਭਰ ਗਿਆ । ਆਖਣ ਲੱਗਾ ਯਾਤਰਾ ਕੀਤੀ ਕਰਾਈ ਖੂਹ ਵਿਚ ਪੈ ਗਈ ।

ਕਰਮ ਫੁਟ ਗਏ ਜੋ ਮੈਂ ਤੁਹਾਡਾ ਸੰਗ ਕਰ ਲਿਆ। ਉਸ ਹੱਥ ਵਿਚ ਪਾਣੀ ਦਾ ਫੜਿਆ ਲੋਟਾ ਠਾਹ ਕਰ ਕੇ ਜ਼ਮੀਨ ਤੇ ਮਾਰਿਆ ਤੇ ਆਖਿਆ, "ਹੁਣ ਤੇ ਦੋ ਗਾਊਆਂ ਵੀ ਦਾਨ ਕੀਤਿਆਂ ਪਾਪ ਨਹੀਂ ਉਤਰਨਾ, ਨੀਚ ਨਾਲ ਪਾਲਾ ਪੈ ਗਿਆ ਏ, ਨਿਗੁਰੇ ਦਾ ਅੰਨ ਖਾ ਲਿਆ ਹੈ, ਤੂੰ ਆਪ ਤੇ ਨਰਕਾਂ ਵਿਚ ਜਾਣਾ ਸੀ, ਮੈਨੂੰ ਵੀ ਨਰਕਾਂ ਦਾ ਭਾਗੀ ਬਣਾ ਦਿਤਾ ਈ, ਫੇਰ ਹਰਦਵਾਰ ਜਾਣਾ ਪੈ ਗਿਆ, "ਪਾਪੀ ਦਾ ਸਾਥ, ਨਰਕ ਦਾ ਭਾਗੀ ਬਣਾ ਦਿੰਦਾ ਏ।"

ਵਾਜਾਂ ਮਾਰਿਆਂ ਵੀ ਨਾ ਰੁਕਿਆ ਬ੍ਰਹਮਚਾਰੀ। ਪਰ ਮੇਰੇ ਗੁਰੂ ਦੇ ਮਨ ਤੇ ਬਹੁਤ ਵੱਡੀ ਸੱਟ ਵੱਜੀ। ਦਿਲ ਡੋਲ ਗਿਆ, ਕੱਚ ਵਾਂਗ ਟੁਟ ਗਿਆ ਦਿਲ, ਪਰ ਕਰੋਧ ਨਹੀਂ ਆਉਣ ਦਿੱਤਾ ਮਨ ਤੇ। ਖਿੜੇ ਮੱਥੇ ਸਾਰੇ ਬਚਨ ਸੁਣੇ, "ਮੈਂ ਨਿਗੁਰਾ, ਲੱਖ ਲਾਹਨਤ ਮੇਰੇ ਜੀਊਣ ਤੇ, ਮੇਰੇ ਤੇ ਪਸ਼ੂ ਵਿਚ ਕੀ ਫਰਕ ਏ।"

ਬ੍ਰਹਮਚਾਰੀ ਤੇ ਚਲਾ ਗਿਆ, ਪਰ ਮੇਰੇ ਗੁਰੂ ਦੀਆਂ ਅੱਖਾਂ ਖੁਲ੍ਹ ਗਈਆਂ, ਅੰਦਰ ਚਾਨਣ ਹੋ ਗਿਆ ਇਕ ਜੋਤ ਜਗ ਪਈ, ਗੁਰੂ ਲੱਭਣ ਦੀ, ਗੁਰੂ ਬਿਨ ਗੱਤ ਨਹੀਂ।

□□

੧੩

ਸ਼ਰੀਕ ਦੀ ਬੋਲੀ ਤੇ ਸਾਊ ਬੰਦੇ ਦੀ ਗੱਲ ਲੂਹ ਕੇ ਕੋਲੇ ਕਰ ਦੇਂਦੀ ਏ। ਬ੍ਰਹਮਚਾਰੀ ਆਖਣ ਵਾਲਾ ਆਖ ਤੇ ਗਿਆ, ਪਰ ਤਨ ਮਨ ਵਿਚ ਭੜਥੂ ਪਾ ਗਿਆ, ਸੁਖ ਚੈਨ ਨੂੰ ਤੀਲੀ ਲਾ ਦਿੱਤੀ, ਸਾਂਵੀ ਪੱਧਰੀ ਜ਼ਿੰਦਗੀ ਉਘੜ-ਦੁਘੜ ਹੋ ਗਈ, ਮਨ ਆਪਣੇ ਟਿਕਾਣੇ ਤੋਂ ਹਿੱਲ ਗਿਆ। ਕੋਈ ਕੰਮ ਕਰਨ ਨੂੰ ਜੀਅ ਨਾ ਕਰੇ। ਵੱਸਦਾ ਰੱਸਦਾ ਘਰ ਖਾਣ ਨੂੰ ਪਵੇ। ਮਾਲਾ, ਜਿਹੜੀ ਸਵੇਰ ਵੇਲੇ ਫੜੀਦੀ ਸੀ, ਉਹ ਵੀ ਹੱਥੋਂ ਡਿੱਗ ਪਈ। ਵਿਹਾਰ ਕਾਰ ਵਿਚ ਚਿੱਤ ਲੱਗੇ ਤੇ ਤਾਂਈਏ ਕਾਰਜ ਰਾਸ ਆਵੇ, ਉਚਾਟ ਹੋ ਗਿਆ, ਮੇਰੇ ਗੁਰੂ ਦਾ ਦਿਲ। ਰਿੱਛ ਵੀ ਹੋ ਜਾਏ, ਝੱਲੇ ਹੋਏ ਮਨੁੱਖ ਨੂੰ ਫਰ ਕੋਈ ਅਹੁੜਦੀ ਨਹੀਂ। ਖਿੜਕ ਜਾਏ ਤੇ ਗਿਆ ਜਹਾਨੋਂ ਤੇ ਜੇ ਦਿਲ ਛੱਡ ਜਾਵੇ ਤੇ ਕਿਸੇ ਥਾਂ ਜੋਗਾ ਨਾ ਰਿਹਾ, ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ। ਬਿਲਕੁਲ ਉਸੇ ਤਰ੍ਹਾਂ ਦੀ ਦਸ਼ਾ ਹੋ ਜਾਂਦੀ ਏ ਬੰਦੇ ਦੀ। ਵਿਚਾਰਾਂ ਘੇਰਾ ਪਾ ਲੈਂਦੀਆਂ ਨੇ, ਦਲੀਲਾਂ ਦੀ ਮਿੱਟੀ ਆਦਮੀ ਗਾਹੁੰਦਾ ਏ, ਮੁੱਠਾਂ ਭਰਦਾ ਏ, ਭਰੀ ਮੁੱਠ ਫੇਰ ਟੁੱਟ ਜਾਂਦੀ ਏ, ਨਾ ਅੱਖ ਲਗੇ ਨਾ ਨੀਂਦ ਆਵੇ। ਚੰਗਾ ਭਲਾ ਬੰਦਾ, ਕਿਸੇ ਹੋਰ ਦੁਨੀਆਂ ਵਿਚ ਚਲਾ ਜਾਂਦੈ। ਭਲੇ ਚੰਗੇ ਬੰਦੇ ਤੇ ਬਿਮਾਰਾਂ ਵਾਂਗ ਮੁਰਦਿਹਾਣੀ ਛਾ ਜਾਂਦੀ ਏ, ਲੋਕ ਉਹਨੂੰ ਝੱਲਾ, ਕਮਲਾ, ਬੇਤਾਲਾ ਭੂਤਨਾ, ਸੁਦਾਈ ਆਖਣੋਂ ਨਹੀਂ ਝਿਜਕਦੇ। ਅਸਲ ਵਿਚ ਉਹ ਸਭ ਕੁਝ ਜਾਣਦਾ ਹੁੰਦੈ, ਪਰ ਕੀ ਕਰੇ। ਬੇ-ਵੱਸਾ ਹੋ ਜਾਂਦਾ ਏ, ਇਸ ਭਾਵੀ ਦੇ ਚੱਕਰ ਹੀ ਕੁਝ ਵਖਰੇ ਨੇ, ਬੰਦਾ ਕਰਦਾ ਕੁੱਝ ਏ ਤੇ ਹੁੰਦਾ ਕੁੱਝ ਏ। ਬਰਛੀ ਜਿੱਡਾ ਖੱਪਾ ਪਾ ਗਈ ਗੱਲ ਬ੍ਰਹਮਚਾਰੀ ਦੀ। ਉਮਰ ਇਕਾਹਠ ਸਾਲ ਤੇ ਪੁੱਜਣ

ਵਾਲੀ ਸੀ। ਅੱਗਾ ਨੇੜੇ ਦਿੱਸ ਰਿਹਾ ਸੀ। ਸਾਹਮਣੇ ਖਲੋਤੀ ਮੰਜ਼ਲ ਇਸ਼ਾਰੇ ਕਰ ਰਹੀ ਸੀ। ਮੇਰੇ ਗੁਰੂ ਸੋਚਿਆ, ਕੀ ਮੈਂ ਬ੍ਰਹਮਚਾਰੀ ਦੀ ਗੱਲ ਵਿਹਾ ਸਕਦਾ ਹਾਂ? ਫੈਸਲਾ ਸਿਰਫ ਏਸ ਗੱਲ ਤੇ ਕਰਨ ਵਾਲਾ ਸੀ, ਬੋਲ ਪਾਰੇ ਡੱਲੇ ਦੇ ਸਨ।

ਬਹੁਤ ਵੱਡਾ ਇਮਤਿਹਾਨ ਸੀ, ਪੈਰ ਦੋ ਧਾਰੀ ਤਲਵਾਰੀ ਤੇ ਸਨ, ਜੇ ਇਧਰ ਥਿੜਕਿਆ ਤਾਂ ਏਧਰ ਗਿਆ ਜੇ ਉਧਰ ਡਿੱਗਿਆ ਤਾਂ ਖ਼ੈਰ ਨਹੀਂ। ਏਸ ਹਾਲਾਤ ਵਿਚ ਮਾਟਾ ਮੋਤਾ ਬੰਦਾ ਫੈਸਲਾ ਨਹੀਂ ਕਰ ਸਕਦਾ। ਅੱਲਾ ਯਾਰ ਖ਼ਾਂ ਆਖਣ ਲੱਗਾ।

ਪਰ ਮੇਰੇ ਸਤਿਗੁਰੂ ਨੇ ਫੈਸਲਾ ਕੀਤਾ ਦੋ ਟੁੱਕ। ਅੱਖਾਂ ਮੀਟ ਕੇ ਛਾਲ ਮਾਰ ਦਿੱਤੀ ਅੰਨ੍ਹੇ ਸਮੁੰਦਰ ਵਿਚ। ਜੇ ਪਾਰ ਹੋ ਗਏ ਤੇ ਭਵ ਸਾਗਰ ਪਾਰ ਜਾ ਪੁੱਜੇ ਤੇ ਡੁੱਬ ਗਏ ਤਾਂ ਚੰਗਾ ਹੋਇਆ ਨਾ ਊੱਧ ਨਿਕਲੇ ਨਾ ਸੁੱਧ। ਚਲੋ ਗੁਰੂ ਲੱਭਦੇ ਹਾਂ ਕਿੱਧਰੇ ਚਲੀਏ, ਕਿਨੂੰ ਪੁੱਛੀਏ ਕੌਣ ਦੱਸੇ, ਕੋਈ ਗੁਰੂ ਦਾ ਥਾਂ ਪਤਾ ਹੋਵੇ ਤੇ ਕੋਈ ਲੱਭ ਲਵੇ। ਅੰਨ੍ਹਾ ਹਨੇਰੇ ਵਿਚ ਹੱਥ ਮਾਰੇ ਤੇ ਕੀ ਲੱਭੇ। ਚਾਨਣ ਵਿਚ ਵੀ ਹੱਥ ਮਾਰ ਲਏ ਤਾਂ ਕਿਹੜੀ ਸੁੱਚ ਦੀ ਗੰਢੀ ਲੱਭ ਲੈਣੀ ਸੀ। ਚਲੋ ਚਲੀਏ ਹਰਦਵਾਰ, ਉਥੋਂ ਕੋਈ ਰੱਬ ਦਾ ਪਿਆਰਾ ਮਿਲੂ।

ਵੀਹ ਵਾਰ ਗਏ ਆਂ ਹਰਦਵਾਰ, ਕੋਈ ਮਿਲਿਆ ਨਹੀਂ, ਹੁਣ ਕੀ ਮਿਲੂ? ਕੋਈ ਰੱਬ ਦਾ ਬੰਦਾ ਬਾਂਹ ਫੜ ਲਵੇ ਤੇ ਕਲਿਆਣ ਹੋ ਜਾਵੇ। ਜੇ ਹੁਣ ਗਏ ਤਾਂ ਐਵੇਂ ਸਿਰ 'ਚ ਸਵਾਹ ਪਾ ਕੇ ਆਉਣ ਵਾਲੀ ਗੱਲ ਏ, ਚਲੋ ਹਿਮਾਲਾ ਤੇ ਭਾਲ ਕੀਤੀ ਜਾਵੇ। ਉਥੇ ਵੀ ਖੁਚੀਂ ਘੱਟਾ ਪੁਆ ਕੇ ਆਉਣ ਵਾਲੀ ਗੱਲ ਏ। ਚਲੋ ਫੇਰ ਨਾਥਾਂ ਦਾ ਕੋਈ ਵਿਹੜਾ ਈ ਭਾਲ ਲਈਏ। ਐਵੇਂ ਕੰਨ ਪੜਵਾ ਬਹਾਂਗੇ, ਹੱਥ ਪੱਲੇ ਉਥੇ ਵੀ ਕੁੱਝ ਨਹੀਂ ਪੈਣਾ। ਸਿਰ ਮੁੰਨਵਾਓ ਤੇ ਸਾਧ ਹੋ ਜਾਓ, ਮੰਗ ਖਾਓ, ਕੰਮ ਨਾ ਕਾਜ ਕਰੋ, ਏਸ ਤੋਂ ਵੱਡੀ ਮੌਜ ਹੋਰ ਕਿੱਥੇ ਮਿਲ ਸਕਦੀ ਏ? ਇਹ ਵੀ ਕੋਈ ਜ਼ਿੰਦਗੀ ਏ, ਏਸ ਜ਼ਿੰਦਗੀ ਨਾਲੋਂ ਤਾਂ ਚੰਗਾ ਏ ਕੁੱਤਾ ਈ। ਜਿਸ ਮਾਲਕ ਦਾ ਖਾਂਦਾ ਏ ਉਹਦੇ ਨਾਂ ਤੇ ਭੌਂਕਦਾ ਏ, ਵਫਾਦਾਰੀ ਤੇ ਹੈ ਨਾ ਮਾਲਕ ਸਬੰਧੀ। ਮੇਰੇ ਗੁਰੂ ਨੇ ਆਪਣੇ ਅੰਦਰ ਝਾਤੀ ਮਾਰੀ। ਜ਼ਰਾ ਕੁ ਲੋਅ ਹੋਈ। ਮੇਰਾ ਗੁਰੂ ਤੇ ਮੇਰੇ ਘਰ 'ਚ ਬੈਠਾ ਏ।

—ਲੋਕਾਂ ਪੁੱਛਿਆ? ਉਹ ਕੌਣ ਏ?

—ਮੇਰੀ ਨੂੰਹ ਅਮਰੋ।

—ਮੈਂ ਇਕ ਦਿਨ ਸੁਣੀ ਸੀ ਬਾਣੀ, ਉਸ ਮੇਰੇ ਕਲੇਜੇ ਵਿਚ ਠੰਢ ਪਾ ਦਿੱਤੀ ਸੀ, ਬੜੀ ਲੋਅ ਸੀ, ਕੌਸ਼ਸ ਸੀ, ਅਨੰਦ ਸੀ, ਸਰੂਰ ਸੀ, ਮਨ ਨੂੰ ਇਕਾਗਰ ਕਰਦੀ ਸੀ। ਮੈਂ ਇਹ ਨਹੀਂ ਜਾਣਦਾ ਕਿ ਉਹ ਬਾਣੀ ਕਿਹਦੀ ਸੀ। ਉਸ ਕਿਥੋਂ ਸਿੱਖੀ ਏ, ਪਰ ਮੈਂ ਏਨੀ ਗੱਲ ਜ਼ਰੂਰ ਜਾਣਦਾ ਹਾਂ ਕਿ ਅਮਰੋ ਨੂੰ ਬਾਣੀ ਆਉਂਦੀ ਏ। ਮੈਂ ਅਮਰੋ ਨੂੰ ਪੁੱਛਾਂਗਾ।

ਮੇਰਾ ਪਹਿਲਾ ਗੁਰੂ ਮੇਰੀ ਨੂੰਹ ਹੋਵੇਗੀ। ਨੂੰਹ ਤੇ ਗੁਰੂ, ਇਹਦੇ ਵਿਚ ਕੀ ਦੋਸ਼ ਏ? ਮੈਨੂੰ ਰਾਹੇ ਪਾਏਗੀ ਮੇਰੀ ਨੂੰਹ ਅਮਰੋ।

□□

੧੪

ਕੰਧਾਂ ਸਾਂਝੀਆਂ ਤੇ ਵਿਹੜੇ ਵੱਖਰੇ। ਕੰਮ-ਕਾਜ ਇਕੱਠਾ ਤੇ ਬੁੱਕਲਾਂ ਨਿਵੇਕਲੀਆਂ।

ਬੋਲੀ ਦੀ ਸੱਟ ਕਰਾਰੀ ਸੀ ਤੇ ਹੁਣ ਉੱਤੇ ਸ਼ਬਦ ਦੀ ਚੋਟ ਦਾਹ ਬੇੜਾ ਵੱਜਣ ਵਾਲਾ ਸੀ, ਭਾਵੇਂ ਚੌਂਕੇ ਅੱਡ ਹੋ ਚੁਕੇ ਸਨ ਪਰ ਭਰਾਵਾਂ ਦਾ ਆਪਸ ਵਿਚ ਬੜਾ ਸਲੂਕ ਸੀ। ਭਰਜਾਈਆਂ ਨੱਕ ਮੂੰਹ ਚੜ੍ਹਾਉਂਦੀਆਂ ਪਰ ਖ਼ਾਨਦਾਨ ਦੀ ਸ਼ਰਮ ਨੂੰ ਸਾਹਮਣੇ ਰੱਖ ਕੇ ਦਿਓਰ ਨੂੰ ਭਰਜਾਈ, ਜੇਠ ਨੂੰ ਜਿਠਾਣੀ, ਪੂਰਾ ਆਦਰ ਦਿੰਦੀ ਸੀ। ਇਜ਼ਤ ਸਨਮਾਨ ਪਹਿਲੇ ਨਾਲੋਂ ਜ਼ਿਆਦਾ ਸੀ। ਭਾਵੇਂ ਮੇਰੇ ਸਤਿਗੁਰ ਘਰ ਵਿਚੋਂ ਸਭ ਤੋਂ ਵਡੇ ਸਨ। ਅੱਧੀ ਰਾਤ ਜਾਗ ਖੁੱਲ੍ਹ ਗਈ, ਬਥੇਰੀਆਂ ਕੋਸ਼ਿਸ਼ਾਂ ਕੀਤੀਆਂ ਪਰ ਅੱਖ ਨਾ ਲੱਗੀ। ਦਲੀਲਾਂ ਵਿਚ ਨੀਂਦ ਕਿਥੋਂ, ਪਾਸੇ ਮਾਰਦੇ ਹੋਏ ਰਾਤ ਨਹੀਂ ਲੰਘਦੀ। ਘੁੱਪ ਹਨੇਰਾ ਸੀ, ਹੱਥ ਨੂੰ ਹੱਥ ਸੁਜਾਈ ਨਹੀਂ ਦੇ ਰਿਹਾ ਸੀ। ਚੌਕੀਦਾਰ ਆਵਾਜ਼ ਦੇ ਰਿਹਾ ਸੀ, ਜਾਗਦੇ ਰਹਿਣਾ ਜਾਗਦੇ ਰਹਿਣਾ। ਮਾੜੀ ਜਿਹੀ ਆਵਾਜ਼ ਸੰਨ੍ਹ ਮਾਰਨ ਵਾਲਿਆਂ ਦੀ ਥੋੜ੍ਹਾ ਕੁ ਰੁਕਦੀ। ਪਿੰਡ ਵਿਚ ਕੌਣ ਕੋਈ ਕਿਸੇ ਦੀ ਕੰਧ ਪਾੜਦਾ ਏ। ਓਪਰਾ ਬੰਦਾ ਕੋਈ ਬਾਹਰੋਂ ਆ ਜਾਵੇ ਤੇ ਕੰਧਾਲੇ ਦੀ ਅੜੋਸ ਦੇ ਕੇ ਇੱਟਾਂ ਭਾਵੇਂ ਕੱਢ ਲਵੇ। ਆਮ ਤੌਰ ਤੇ ਇਹ ਕੰਮ ਉਹ ਮੁਸਲਮਾਨ ਕਰਦੇ ਸਨ ਜਿਹੜੇ ਫ਼ੌਜ ਵਿਚ ਭਰਤੀ ਹੁੰਦੇ ਸਨ। ਰਾਤ ਬਰਾਤੇ ਆਪਣਾ ਦਾਅ ਲਾ ਜਾਂਦੇ। ਜੇ ਫੜੇ ਗਏ ਤੇ ਆਖਿਆ ਅਸੀਂ ਸ਼ਾਹੀ ਫ਼ੌਜ ਦੇ ਨੌਕਰ ਆਂ ਸਾਡਾ ਕੀ ਨਾਤਾ ਚੋਰਾਂ ਨਾਲ, ਮੈਂ ਤੇ ਐਵੇਂ ਫੇਰਾ ਮਾਰਨ ਆਇਆ ਸਾਂ। ਮੈਨੂੰ ਵੇਖ ਕੇ ਚੋਰ ਨੱਸ ਗਏ ਹੋਣੇ ਨੇ? ਮੁਸਲਮਾਨੀ ਰਾਜ ਸੀ। ਕਿਸੇ ਦੀ ਜ਼ਨਾਨੀ ਜਣੇ-ਖਣੇ ਦੀ ਭਾਬੀ, ਬੱਸ ਹਿੰਦੂਆਂ ਵਿਚਾਰਿਆਂ ਦੀ ਬੱਕਰੀਆਂ ਦੇ ਇੱਜੜ ਤੋਂ ਜ਼ਿਆਦਾ ਹੋਰ ਇੱਜ਼ਤ ਨਹੀਂ ਸੀ। ਵਾੜੇ ਵਿਚੋਂ ਜਿਸ ਦਾ ਜਿਹੜੀ ਭੇਡ ਤੇ ਹੱਥ ਆ ਜਾਵੇ ਉਹੋ ਹੀ ਜ਼ਿਬ੍ਹਾ ਹੋ ਗਈ। ਏਸੇ ਤਰ੍ਹਾਂ ਹਿੰਦੂਆਂ 'ਚੋਂ ਜਿਹੜੇ ਮੁਸਲਮਾਨ ਦੇ ਹੱਥੀਂ ਚੜ੍ਹ ਗਏ ਉਹ ਸਮਝੋ ਉਸੇ ਦੀ ਮਲਕੀਅਤ ਹੋ ਗਏ, ਏਸ ਤੋਂ ਵੱਧ ਕੋਈ ਜੀਵਨ ਨਹੀਂ ਸੀ ਪੰਜਾਬ ਦਾ। ਪਰ ਮਿਹਰਾਂ ਸਨ ਤਾਂ ਬਾਸਰਕੇ ਤੇ, ਇਹੋ ਜਿਹੀ ਵਾਰਦਾਤ ਵਰ੍ਹੇ ਛਿਮਾਹੀ ਭਾਵੇਂ ਹੋ ਜਾਂਦੀ। ਓਦਾ ਗਿੱਲ ਤੇ ਖੱਤਰੀ ਜ਼ੋਰ ਵਿਚ ਸਨ।

ਪਾਰੋਂ ਡੱਲਾ ਆਖਣ ਲੱਗਾ ਜਰਾ ਕੁ ਦਮ ਮਾਰ ਕੇ ਗੁਰੂ ਨੇ ਐਵੇਂ ਦੀਵੇ ਦੀ ਲੋਅ ਕੀਤੀ। ਝੀਤਾਂ ਵਿਚੋਂ ਚਾਨਣ ਦੂਜੇ ਵਿਹੜੇ ਵਿਚ ਗਿਆ। ਅਜੇ ਕੁੱਕੜ ਨੇ ਬਾਂਗ ਨਹੀਂ ਸੀ ਦਿੱਤੀ। ਪਰ ਕੋਈ ਬੇ-ਮੁਹਾਰਾ ਕੁੱਕੜ ਐਵੇਂ ਬੋਲ ਉੱਠਿਆ ਬਿੱਲੀ ਦੇ ਡਰ ਨਾਲ। ਭਰਾ ਦੇ ਘਰ ਖੜਾਕ ਹੋਇਆ, ਬੀਬੀ ਅਮਰੋ ਜਾਗ ਪਈ। ਉਂਜ਼ੇਰ ਸਾਰ ਸਾਰੇ ਘਰ ਵਿਚੋਂ ਅਮਰੋ ਹੀ ਜਾਗਿਆ ਕਰਦੀ ਸੀ, ਉਸ ਸਮਝਿਆ ਦਿਨ ਚੜ੍ਹ ਗਿਆ। ਉਸ ਮਧਾਣੀ ਕੱਢੀ, ਚਾਟੀ ਕੂਚੀ ਅਤੇ ਦਹੀਂ ਰਿੜਕਣੇ ਪਾ ਦਿੱਤਾ, ਇਹ ਸੋਚਿਆ ਕਿ ਮੂੰਹ ਝਾਕਲ ਹੋ ਗਿਆ ਏ। ਬੀਬੀ ਅਮਰੋ ਨੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ ਅਤੇ ਮੇਰੇ ਸਤਿਗੁਰ ਕੰਧ ਨਾਲ ਕੰਨ ਲਾ ਕੇ ਸੁਣ ਰਹੇ ਸਨ, ਏਨੇ ਚਿਰ ਨੂੰ ਮਾਤਾ ਜੀ ਜਾਗ ਪਏ ਜਿਨ੍ਹਾਂ ਦਾ ਨਾਂ ਸੀ ਮਨਸਾ ਦੇਵੀ।

—ਕੀ ਕਰਦੇ ਪਏ ਹੋ?

—ਬਾਣੀ ਸੁਣ ਰਿਹਾ ਹਾਂ।

—ਏਸ ਵੇਲੇ ਬਾਣੀ ਕੌਣ ਪੜ੍ਹ ਰਿਹਾ ਏ ?

—ਨੂੰਹ ਰਾਣੀ ਅਮਰੋ। ਤੂੰ ਨਹੀਂ ਸੁਣੀ, ਸੁਰੀਲੀ ਮੱਧ ਭਰੀ, ਮਿੱਠੀ ਆਵਾਜ਼, ਉਰੇ ਆ ਮੇਰੇ ਕੋਲ, ਆਣ ਕੇ ਬੈਠ ਤੇ ਤੂੰ ਵੀ ਸੁਣ, ਤੇਰੇ ਵੀ ਦੁੱਖ ਨਿਵਾਰੇ ਜਾਣਗੇ, ਬੋਲ ਸਤਿਗੁਰਾਂ ਦੇ ਸਨ।

—ਤੁਸੀਂ ਤੇ ਐਵੇਂ ਝੱਲੇ ਹੋ ਗਏ ਹੋ। ਇਹ ਕਿਧਰੋਂ ਆਈ ਬਾਣੀ ਪੜ੍ਹਨ ਵਾਲੀ। ਨੱਕ ਸੁਣਕਣ ਦੀ ਅਜੇ ਜਾਚ ਨਹੀਂ, ਤੁਸੀਂ ਤਾਂ ਐਵੇਂ ਜਿਹਦੇ ਤੇ ਮਿਹਰਬਾਨ ਹੋ ਜਾਵੋ ਰੱਬ ਦਾ ਸ਼ਰੀਕ ਬਣਾ ਦਿੰਦੇ ਓ। ਹਰ ਘਰ ਵਿਚ ਧੰਨਾ ਜੱਟ ਨਹੀਂ ਜੰਮ ਸਕਦਾ ਤੇ ਹਰ ਚੌਂਕੇ ਵਿਚ ਮੀਰਾਂ ਬਾਈ ਨਹੀਂ ਬੈਠ ਸਕਦੀ। ਸੌਂ ਜਾਓ, ਅਜੇ ਰਾਤ ਬਹੁਤ ਬਾਕੀ ਏ। ਬੋਲ ਮਨਸਾ ਦੇਵੀ ਸਨ।

—ਇਹ ਅਹੱਲਿਆ ਬਾਈ ਏ, ਸਾਡੇ ਘਰ ਵਿਚ ਆਈ ਹੋਈ। ਸੱਸ ਕਦੇ ਨੂੰਹ ਨੂੰ ਆਪਣੇ ਤੋਂ ਵੱਡਾ ਗਿਣ ਕੇ ਰਾਜ਼ੀ ਨਹੀਂ ਹੁੰਦੀ।

—ਐਵੇਂ ਨੂੰਹ ਦੀਆਂ ਤਾਰੀਫ਼ਾਂ ਕਰ-ਕਰ ਸਿਰ ਤੇ ਚੜ੍ਹਾ ਰਹੇ ਓ। ਏਨਾ ਨਾ ਵਡਿਆਓ ਕਿ ਸਿਰ ਵਿਚ ਕੀੜੇ ਪਾਵੇ, ਆਖਣ ਲੱਗੀ ਮਨਸਾ ਦੇਵੀ।

—ਨੂੰਹ ਰਾਣੀ ਦਾ ਪੈਰ ਸੁਲੱਖਣਾ ਏ, ਜਿਨ ਮੇਰੇ ਮਨ ਵਿਚ ਠੰਢ ਪਾ ਦਿੱਤੀ ਏ। ਇਹ ਬਾਣੀ ਜੁਗਾਂ ਜੁਗਾਂ ਤੋਂ ਚਲੀ ਆਉਂਦੀ ਏ। ਇਹਨੂੰ ਰਿਸ਼ੀਆਂ ਨੇ ਗਾਇਆ ਸੀ। ਇਹ ਰੱਬੀ ਬਾਣੀ ਬੰਦੇ ਦੇ ਅੰਦਰ ਦੀ ਸਭ ਮੈਲ ਕੱਢ ਦਿੰਦੀ ਏ। ਜਿਨੇ ਸੁਣੀ ਭਵ ਸਾਗਰ ਪਾਰ ਹੋ ਗਿਆ। ਭੋਲੀਏ ! ਮੈਨੂੰ ਤਾਂ ਬੜਾ ਆਨੰਦ ਆ ਰਿਹਾ ਏ, ਮੇਰੇ ਅੰਦਰ ਤਾਂ ਚਾਨਣ ਦੀ ਇਕ ਲਹਿਰ ਚੱਲ ਰਹੀ ਹੈ, ਆ ਜਾ ਸੁਣ ਲੈ, ਜੇ ਆਪਣਾ ਅੱਗਾ ਸਵਾਰਨਾ ਈ। ਇਹ ਵੇਲਾ ਮੁੜ-ਮੁੜ ਹੱਥ ਨਹੀਂ ਆਉਣਾ। ਕੰਧ ਨੂੰ ਕੰਨ ਲਾ ਕੇ ਸੁਣ। ਜ਼ਰਾ ਕੁ ਲੀਨ ਹੋ ਜਾ ਬਾਣੀ ਵਿਚ :

ਕਰਣੀ ਕਾਗਤ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ, ਤਉ ਗੁਣ ਨਾਹੀ ਅੰਤੁ ਹਰੇ ॥ ੧ ॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥ ੧ ॥

ਜ਼ਰਾ ਕੁ ਆਵਾਜ਼ ਮੱਧਮ ਹੋਈ ਤੇ ਚਾਟੀ ਦੀ ਘੁੰਮਕਾਰ ਵਿਚ ਹੀ ਬੋਲ ਗਵਾਚ ਗਏ। ਹੁਣ ਆਵਾਜ਼ ਮਧਾਣੀ ਦੀ ਸੀ ਤੇ ਅਮਰੋ ਦੇ ਬੋਲ ਏਨੇ ਮੱਧਮ ਸਨ ਕਿ ਸੁਣੇ ਨਹੀਂ ਸਨ ਜਾਂਦੇ।

—ਸੁਣੀ ਊ ਬਾਣੀ, ਸਤਿਗੁਰ ਨੇ ਆਖਿਆ।

—ਮੇਰੀ ਸਮਝ ਵਿਚ ਕੁਝ ਨਹੀਂ ਪਈ। ਮਨਸਾ ਦੇਵੀ ਆਖਣ ਲੱਗੀ।

—ਏਨੀ ਜਲਦੀ ਕਿੱਦਾਂ ਸਮਝ ਵਿਚ ਆ ਜਾਵੇ। ਭਲੀਏ ਲੋਕੇ, ਅਸੀਂ ਆਪਸ ਦੇ ਝਗੜੇ ਵਿਚ ਬਾਣੀ ਪੂਰੀ ਨਹੀਂ ਸੁਣ ਸਕੇ। ਫ਼ਰਮਾਇਆ ਗੁਰੂ ਮਹਾਰਾਜ ਨੇ।

ਮਾਤਾ ਭਾਗੋ ਦੀ ਜਾਗ ਪਈ, ਚੌਂਕੀਦਾਰ ਆਵਾਜ਼ ਦੇ ਰਿਹਾ ਸੀ, ਜਾਗਦੇ ਰਹਿਣਾ।

—ਨੂੰਹ ਰਾਣੀ ਅਜੇ ਤਾਂ ਅੱਧੀ ਰਾਤ ਹੋਈ ਏ, ਹੁਣੇ ਈ ਰਿੜਕਣਾ ਪਾ ਦਿੱਤਾ ਈ, ਕੁੱਕੜ ਨੂੰ ਤੇ ਬਾਂਗ ਦੇ ਲੈਣ ਦੇਣੀ ਸੀ।

—ਮਾਤਾ ਜੀ ਕੁੱਕੜ ਨੇ ਬਾਂਗ ਦਿੱਤੀ ਏ ਤੇ ਮੈਂ ਤੇ ਜਾਗ ਪਈ।

—ਪੁੱਤ ਉਹ ਤੇ ਬੇ-ਮੁਹਾਰਾ ਬੋਲਣ ਵਾਲਾ ਕੁੱਕੜ ਏ, ਉਹ ਕਦੀ-ਕਦੀ ਏਸੇ ਤਰ੍ਹਾਂ ਦਾ ਭੁਲੇਖਾ ਪਾ ਦਿੰਦਾ ਏ, ਕਦੀ ਬਿੱਲੀ ਦੇ ਡਰ ਤੋਂ ਤੇ ਕਦੀ ਮਾਲਕ ਦੀ ਛੁਰੀ ਤੋਂ। ਆਖਣ ਲੱਗੀ ਭਾਗੋ, ਸੱਸ ਅਮਰੋ ਦੀ।

—ਮਾਤਾ ਜੀ ਇਹ ਕਿੱਦਾਂ ਹੋ ਗਿਆ।

—ਹੋ ਜਾਂਦਾ ਏ, ਪੁੱਤ! ਸਤਜੁਗ ਵਿਚ ਇਕ ਵਾਰ ਇੰਦਰ ਦੇ ਕਹਿਣ ਤੇ ਕੁੱਕੜ ਅੱਧੀ ਰਾਤੀਂ ਬੋਲ ਪਿਆ ਸੀ, ਰਿਸ਼ੀ ਸੁੱਤੀ ਪਈ ਗੰਗਾ ਤੇ ਇਸ਼ਨਾਨ ਕਰਨ ਚਲਾ ਗਿਆ ਤੇ ਅਹਿੱਲਿਆ ਕੱਲੀ ਵੇਖ ਕੇ ਇੰਦਰ ਅੰਦਰ ਆਣ ਵੜਿਆ। ਓਦੋਂ ਰਿਸ਼ੀ ਨੇ ਕੁੱਕੜ ਨੂੰ ਸਰਾਪ ਦਿੱਤਾ, ਜਾਹ! ਅੱਜ ਤੋਂ ਤੇਰਾ ਕੋਈ ਇਤਬਾਰ ਨਹੀਂ ਕਰੂ, ਇਹ ਬਾਤ ਅੱਜ ਤਕ ਚਲੀ ਆਉਂਦੀ ਹੈ। ਮਾਤਾ ਜੀ ਆਖ ਰਹੇ ਸਨ।

—ਸੌਂ ਜਾਹ ਪੁੱਤ, ਅਜੇ ਰਾਤ ਡੇਢ ਪਹਿਰ ਬਾਕੀ ਹੈ, ਰਹਿਣ ਦੇ ਮੱਖਣ ਫੇਰ ਕੱਢ ਲਵੀਂ। ਬੀਬੀ ਅਮਰੋ ਨੇ ਸਿਰ ਝੁਕਾ ਦਿੱਤਾ ਤੇ ਆਪਣੀ ਮੰਜੀ ਤੇ ਆਣ ਸੁੱਤੀ।

ਮੇਰਾ ਸਤਿਗੁਰ ਕੰਧ ਨਾਲ ਕੰਨ ਲਾ ਕੇ ਬੈਠਾ ਰਿਹਾ, ਪਰ ਬਾਣੀ ਦੇ ਬੋਲ ਉਹਦੇ ਕੰਨਾਂ ਵਿਚ ਨਾ ਪਏ, ਏਨੀ ਲਗਨ ਸੀ ਮੇਰੇ ਸਤਿਗੁਰਾਂ ਵਿਚ।

ਦਿਨ ਚੜ੍ਹਿਆ, ਸਾਰਾ ਜਹਾਨ ਆਪਣੇ ਕਾਰੋਬਾਰ ਵਿਚ ਰੁੱਝ ਗਿਆ। ਪਰ ਮੇਰੇ ਗੁਰੂ ਨੂੰ ਇਕੋ ਲਗਨ ਸੀ ਬਾਣੀ ਦੀ।

□□

੧੫

ਦੂਜੇ ਦਿਨ ਗੁਰਾਂ ਦਾ ਕਾਰ-ਵਿਹਾਰ ਵਿਚ ਮਨ ਨਾ ਲੱਗਾ, ਉਚਾਟ ਹੋਇਆ ਹਿਰਦਾ ਕਿਵੇਂ ਕੰਮ ਕਰੇ, ਬੱਸ ਇਕੋ ਲਗਨ ਸੀ, ਕਦ ਰਾਤ ਪਏ ਤੇ ਕਦ ਦਿਨ ਚੜ੍ਹੇ ਤੇ ਫੇਰ ਬਾਣੀ ਸੁਣੀ ਜਾਵੇ। ਸਾਰਾ ਦਿਨ ਸਤਿਗੁਰ ਘਰੋਂ ਨਿਕਲ ਕੇ ਆਪਣੇ ਖੇਤਾਂ ਵੱਲ ਚਲੇ ਗਏ। ਘਰੋਂ ਪੈਲੀ ਬੰਨਾ ਵੇਖਣ ਗਏ ਸਨ, ਸਾਰੀ ਦਿਹਾੜੀ ਖੇਤਾਂ ਵਿਚ ਈ ਕੱਟ ਦਿੱਤੀ। ਤੇ ਸ਼ਾਮੀਂ ਘਰ ਆ ਗਏ। ਰੋਟੀ ਖਾਧੀ, ਬਿਸਤਰਾ ਲਿਆ ਤੇ ਪੈ ਗਏ। ਮਨ ਪਹਿਲਾਂ ਹੀ ਉਚਾਟ ਸੀ, ਘਰ ਵਾਲਿਆਂ ਨਾਲ ਗੱਲ-ਬਾਤ ਕਰਨ ਨੂੰ ਜੀਅ ਨਹੀਂ ਸੀ ਕਰਦਾ। ਏਸੇ ਉਲਝਣ ਵਿਚ ਵਿਚਾਰਾਂ ਨੇ ਘੇਰਾ ਘੱਤ ਲਿਆ। ਦਲੀਲਾਂ ਦੇ ਪੰਘੂੜੇ ਵਿਚ ਬੈਠੇ ਕਦੀ ਥੱਲੇ ਤੇ ਕਦੀ ਉੱਤੇ ਤੇ ਕਦੀ ਅੱਧ ਅਸਮਾਨੇ। ਏਸੇ ਉਧੇੜ ਬੁਣ ਵਿਚ ਅੱਖ ਲੱਗ ਗਈ ਤੇ ਫੇਰ ਸਾਰੀ ਰਾਤ ਜਾਗ ਨਾ ਆਈ। ਕੁੱਕੜ ਦੀ ਬਾਂਗੇ ਸਤਿਗੁਰ ਉੱਠੇ। ਫੇਰ ਕੰਨ ਲਾ ਕੇ ਕੰਧ ਦੇ ਕੋਲ ਬਹਿ ਗਏ। ਭਰਾ ਦੇ ਘਰੋਂ ਕੋਈ ਆਵਾਜ਼ ਸੁਣਾਈ ਨਹੀਂ ਸੀ ਦੇਂਦੀ, ਭਰਜਾਈ ਦਿਨ ਚੜ੍ਹੇ ਉੱਠੀ ਤੇ ਫੇਰ ਰਿੜਕਣਾ ਪਾਇਆ। ਸੂਰਜ ਦੀ ਟਿੱਕੀ ਤੇ ਉਸ ਮੱਖਣ ਕੱਢਿਆ, ਪਰ ਮੇਰਾ ਸਤਿਗੁਰ ਕੰਧ ਨਾਲ ਕੰਨ ਲਾ ਕੇ ਬੈਠਾ ਹੋਇਆ ਸੀ।

—ਮਨਸਾ ਦੇਵੀ ਨੇ ਆਖਿਆ, ਹੁਣ ਤੇ ਦਿਨ ਚੜ੍ਹ ਪਿਆ ਏ, ਹੁਣ ਤੇ ਉੱਠ ਪਵੋ।

—ਪਤਾ ਨਹੀਂ ਅੱਜ ਅਮਰੋ ਨੂੰ ਕੀ ਹੋ ਗਿਆ ਏ, ਨਾ ਬਾਣੀ ਪੜ੍ਹੀ ਸੂ ਤੇ ਨਾ ਦੁੱਧ ਰਿੜਕਿਆ ਸੂ, ਢਿੱਲੀ ਮੱਠੀ ਹੋ ਗਈ ਹੋਣੀ ਏ, ਸਰੀਰ ਏ ਬੰਦੇ ਦਾ, ਕੀ ਪਤਾ ਲੱਗਦੈ ਕਦ ਢਿੱਲਾ ਹੋ ਜਾਵੇ। ਮੈਂ ਪੁੱਛ ਕੇ ਆਉਨਾ ਕਿ ਮੇਰੀ ਨੂੰਹ ਰਾਣੀ ਨੂੰ ਕੀ ਹੋ ਗਿਐ।

—ਦਿਨ ਚੜ੍ਹਨ ਦਿਓ, ਸਵੇਰੇ-ਸਵੇਰੇ ਚੰਗੇ ਨਹੀਂ ਲੱਗੀਦਾ।

—ਭਰਾ ਦੇ ਘਰ ਜਾਣ ਲਈ ਵੇਲੇ ਕੁਵੇਲੇ ਦੀ ਕੀ ਗੱਲ ਏ, ਫ਼ਰਮਾਇਆ ਗੁਰਾਂ ਨੇ।

ਮਨਸਾ ਦੇਵੀ ਨੇ ਬਥੇਰਾ ਮੋੜਿਆ ਪਰ ਮੇਰੇ ਗੁਰੂ ਚਲੇ ਗਏ ਭਰਾ ਦੇ ਘਰ।

ਅਜੇ ਘਰ ਦੇ ਬੂਹੇ ਅੱਗੇ ਪੈਰ ਹੀ ਧਰਿਆ ਸੀ, ਭਰਜਾਈ ਭਾਗੋ ਮੱਥਾ ਆਣ ਟੇਕਿਆ, ਅਸੀਸ ਦਿੱਤੀ ਗੁਰਾਂ ਨੇ ਤੇ ਆਖਣ ਲੱਗੇ, ਅੱਜ ਮੈਂ ਬਾਣੀ ਨਹੀਂ ਸੁਣੀ, ਅਮਰੋ ਦੀ ਤਬੀਅਤ ਤੇ ਠੀਕ ਹੈ ਨਾ।

—ਤਬੀਅਤ ਠੀਕ ਏ, ਅਜੇ ਭਾਬੀ ਭਾਗੋ ਦੇ ਮੂੰਹ ਵਿਚ ਬੋਲ ਹੀ ਸਨ, ਅੰਦਰੋਂ ਭਰਾ ਉੱਠ ਕੇ ਆ ਗਿਆ। ਤੇ ਉਸ ਮੱਥਾ ਟੇਕਿਆ।

—ਨੂੰਹ ਰਾਣੀ ਤੇ ਕੱਲ੍ਹ ਪੇਕੇ ਚਲੀ ਗਈ ਏ, ਆਵਾਜ਼ ਭਰਾ ਮਾਨਕ ਚੰਦ ਦੀ ਸੀ।

—ਇਹ ਕਿਹਦੀ ਬਾਣੀ ਪੜ੍ਹਦੀ ਏ, ਅਮਰੋ।

—ਭਰਾ ਜੀ ਤੁਸੀਂ ਇਹ ਗੱਲ ਨਹੀਂ ਜਾਣਦੇ, ਗੁਰੂ ਨਾਨਕ ਦੀ। ਤੇ ਅੱਜ ਕੱਲ੍ਹ ਉਨ੍ਹਾਂ ਦੀ ਗੱਦੀ ਤੇ ਉਸ ਦੇ ਪਿਤਾ ਜੀ ਬੈਠੇ ਹੋਏ ਹਨ। ਬਾਣੀ ਅਮਰੋ ਕੰਠ ਕਰ ਕੇ ਲੈ ਆਉਂਦੀ ਏ, ਮਾਨਕ ਚੰਦ ਆਖਣ ਲੱਗਾ।

—ਜਦ ਨੂੰਹ ਆਵੇ ਤਾਂ ਉਹਨੂੰ ਕਹਿਣਾ ਕਿ ਮੈਨੂੰ ਓਥੇ ਲੈ ਚਲੇ, ਜਿੱਥੇ ਬਾਣੀ ਦਾ ਭੰਡਾਰ ਏ। ਇਹ ਬਹੁਤ ਵੱਡਾ ਅਹਿਸਾਨ ਹੋਵੇਗਾ। ਮੇਰੀ ਆਤਮਾ ਬੜੀ ਵਿਆਕੁਲ ਏ, ਮੇਰੇ ਮਨ ਨੂੰ ਸ਼ਾਂਤੀ ਨਹੀਂ। ਮੈਂ ਬਾਣੀ ਸੁਣਨਾ ਚਾਹੁਨਾ, ਕੰਠ ਕਰ ਕੇ ਮੈਂ ਵੀ ਬਾਣੀ ਪੜ੍ਹਿਆ ਕਰਾਂਗਾ, ਬੋਲ ਮੇਰੇ ਸਤਿਗੁਰ ਦੇ ਸਨ।

—ਨੂੰਹ ਰਾਣੀ ਆਉਂਦੀ ਏ ਤੇ ਫੇਰ ਉਹਨੂੰ ਤੁਹਾਡੇ ਨਾਲ ਭੇਜਾਂਗੇ। ਬਹੂ ਨੇ ਕੱਲ੍ਹ ਆ ਵੀ ਜਾਣੈ। ਮੈਂ ਆਪ ਘਰ ਲੈ ਕੇ ਆਵਾਂਗੀ, ਮੇਰੀ ਨੂੰਹ ਕੋਈ ਵੱਖਰੀ ਏ, ਤੁਹਾਡੀ ਵੀ ਨੂੰਹ ਏ। ਤੁਸੀਂ ਆਪ ਹੁਕਮ ਦਿਉ, ਉਹ ਸੌ ਵਾਰੀ ਨਾਲ ਲੈ ਕੇ ਜਾਏਗੀ, ਨਾਲੇ ਕੁੜਮ ਖ਼ੁਸ਼ ਹੋ ਜਾਣਗੇ। ਬੋਲ ਭਾਗੋ ਦੇ ਸਨ।

—ਲੈ ਫੇਰ ਚੇਤਾ ਰੱਖੀਂ, ਭੁੱਲੀਂ ਨਾ।

—ਅਮਰੋ ਸਾਨੂੰ ਰਾਹੇ ਪਾ ਸਕਦੀ ਏ।

ਪੇਕੇ ਗਈ ਅਮਰੋ ਕਦ ਆਉਂਦੀ ਏ, ਤਿੰਨ ਵਾਰਾਂ ਰਾਹ ਵੇਖਣ ਗਏ, ਮੇਰੇ ਸਤਿਗੁਰ ਉਹਦਾ। ਉਦੋਂ ਕੀ ਹਾਲਤ ਹੋਵੇਗੀ।

ਤਿੰਨ ਦਿਨ ਬੀਤ ਗਏ ,ਪਰ ਅਮਰੋ ਨਾ ਆਈ। ਤਿੰਨ ਦਿਨ ਤੜਫਦੇ ਰਹੇ, ਮੇਰੇ ਸਤਿਗੁਰ।

ਅਮਰੋ ਨੇ ਕਦ ਆਉਣਾ ਏ, ਅਮਰੋ ਕਦ ਆਵੇਗੀ, ਅਮਰੋ ਆਈ ਨਹੀਂ।

ਜ਼ਰਾ ਵੇਖੋ ਤੇ ਸਹੀ ਹੁਣ ਆ ਗਈ ਹੋਣੀ ਏ, ਸੁੱਧ ਬੁੱਧ ਖੋਹ ਚੁੱਕੇ ਸਨ। ਮੇਰੇ ਸਤਿਗੁਰ। ਤਿੰਨ ਦਿਨ ਪਹਾੜ ਬਣ ਗਏ। ਉਡੀਕਦੇ ਦਿਨ ਨਹੀਂ ਲੰਘਦੇ। ਅਮਰੋ ਤੀਜੇ ਦਿਨ ਬੜੀ ਉਡੀਕ ਕਰਨ ਤੋਂ ਬਾਅਦ ਆ ਗਈ। □□

ਸਰਦਲ

ਕਰਣੀ ਕਾਗਤ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤ ਚਲਾਏ ਤਿਉ ਚਲੀਐ, ਤਉ ਗੁਣ ਨਾਹੀ ਅੰਤੁ ਹਰੇ ॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥ ੧ ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥ ੨ ॥
ਕਾਇਆ ਆਰਣੁ ਮਨ ਵਿਚ ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ, ਮਨੁ ਜਲਿਆ ਸੰਨ੍ਹੀ ਚਿੰਤ ਭਈ ॥ ੩ ॥
ਭਇਆ ਮਨੂਰ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕ ਨਾਮੁ ਅੰਮ੍ਰਿਤ ਓਹ ਦੇਵੈ, ਤਉ ਨਾਨਕ ਤ੍ਰਿਸਟਸ ਦੇਹਾ ॥

(ਮਾਰੂ ਮਹਲਾ ੧, ਘਰੁ ੧)

੧

ਸਰਦਲ

ਸੱਤਾਂ ਦਿਨਾਂ ਤੋਂ ਬਾਅਦ ਬਿਆਸਾ ਉਤਰੀ, ਠੱਲ੍ਹ ਪਈ, ਬੇਥੱਵੇ ਵਗਦੇ ਪਾਣੀ ਨੂੰ। ਦਰਿਆ ਨੇ ਆਪਣਾ ਆਪ ਛੱਡ ਦਿੱਤਾ। ਪੱਤਣ ਤੇ ਆਵਾਜਾਈ ਦਾ ਸਾਧਨ ਬਣ ਗਿਆ। ਸੱਤ ਦਿਨ ਅੱਲਾ ਯਾਰ ਖ਼ਾਂ ਗੋਇੰਦਵਾਲ ਰਿਹਾ। ਡੱਲੇ ਦੇ ਕਹਿਣ ਤੇ ਵੀ ਉਹਦੇ ਪਿੰਡ ਨਾ ਗਿਆ। ਖਾਓ ਪੀਆ ਹੋਣ ਤੇ ਆਪਣੇ ਪਿੰਡ ਚਲਾ ਜਾਂਦਾ, ਡੱਲਾ ਤੇ ਸਵੇਰ ਸਾਰ ਆਪਣੇ ਟੀਚੇ ਨਾਲ ਗੋਇੰਦਵਾਲ ਪੁੱਜ ਜਾਂਦਾ। ਅੱਲਾ ਯਾਰ ਖ਼ਾਂ ਨੂੰ ਕਿਸੇ ਇਕ ਦਿਨ ਵੀ ਰਾਹ ਉਡੀਕਣਾ ਨਾ ਪਿਆ। ਗੋਇੰਦਵਾਲ ਵਿਚ ਉਹਦਾ ਜੀਅ ਲੱਗ ਗਿਆ। ਲੰਗਰ ਵਿਚ ਰੋਜ਼ ਜਾ ਕੇ ਪ੍ਰਸ਼ਾਦ ਛੱਕ ਲੈਂਦਾ ਤੇ ਵਿਹਲੇ ਵਕਤ ਅੱਲਾ ਅੱਲਾ ਕਰਦਾ।

ਅੱਲਾ ਯਾਰ ਦਾ ਮੁੰਡਾ ਘੋੜਿਆਂ ਦਾ ਕਾਫਲਾ ਲੈ ਕੇ ਦਰਿਆਓਂ ਪਾਰ ਹੋਇਆ। ਘੋੜੇ ਗੋਇੰਦਵਾਲ ਪੁੱਜੇ, ਮੰਡੀ ਲੱਗ ਗਈ। ਘੋੜੇ ਹਿਣਕਦੇ ਤੇ ਗੋਇੰਦਵਾਲ ਨੂੰ ਸਿਰ ਤੇ ਚੁੱਕ ਲੈਂਦੇ। ਸਾਰੇ ਗੋਇੰਦਵਾਲ ਵਿਚ ਘੋੜੇ ਹੀ ਘੋੜੇ ਸਨ, ਜਿਧਰ ਵੇਖੋ ਉਧਰ ਹੀ ਘੋੜੇ, ਹਰਲ ਹਰਲ ਪਈ ਹੁੰਦੀ ਸੀ।

ਅਜੇ ਪਾਰੋਂ ਡੱਲਾ ਆ ਕੇ ਬੈਠਾ ਹੀ ਸੀ, ਅੱਜੇ ਬੋਲ ਵੀ 'ਸਾਂਭੇ ਨਹੀਂ' ਸਨ ਕੀਤੇ। ਅੱਲਾ ਯਾਰ ਦਾ ਪੁੱਤ ਆ ਗਿਆ, ਆਣ ਸਲਾਮ ਬੁਲਾਈ, ਅਰਜ਼ ਕਰਨ ਲੱਗਾ।

—ਅੱਬਾ ਜਾਨ ਲਾਹੌਰ ਤੋਂ ਹਰਕਾਰੇ ਆਏ ਹਨ, ਤੇ ਲਾਹੌਰ ਦੇ ਹਾਕਮ ਨੇ ਹੁਕਮ ਭੇਜਿਆ ਏ, ਕਿ ਕਸੂਰ ਦੇ ਹਾਕਮ ਬਾਗੀ ਹੋ ਗਏ ਹਨ ਤੇ ਉਨ੍ਹਾਂ ਜਲੰਧਰ ਦੇ ਕਬਜ਼ਾ ਕਰ ਲਿਆ ਏ। ਉਨ੍ਹਾਂ ਖਾਸ ਤੌਰ ਤੇ ਤਾੜਨਾ ਕੀਤੀ ਏ ਤੇ ਹੁਕਮ ਭੇਜਿਆ ਏ ਕਿ ਉਸ ਬਗਾਵਤ ਨੂੰ ਪਿਆਰ, ਮੁਹੱਬਤ ਦੇ ਦਿਲਾਸਾ ਦੇ ਕੇ ਦਬਾਇਆ ਜਾਵੇ, ਜੇ ਬਾਗੀ ਇਸ ਗੱਲ ਨੂੰ ਪੱਲੇ

ਨਾ ਬੰਨ੍ਹਣ ਤੇ ਫੇਰ ਫ਼ੌਜ ਦੀ ਵਰਤੋਂ ਕੀਤੀ ਜਾਵੇ। ਆਕੀ ਨੂੰ ਦਰਬਾਰ ਵਿਚ ਹਾਜ਼ਰ ਕੀਤਾ ਜਾਵੇ, ਜ਼ਿੰਦਾ ਜਾਂ ਮੁਰਦਾ। ਲਾਹੌਰ ਤੇ ਫ਼ੌਜ ਚੜ੍ਹ ਪਈ ਏ, ਸ਼ਾਇਦ ਫ਼ੌਜ ਦੀ ਟੁਕੜੀ ਗੋਇੰਦਵਾਲ ਵਿਚ ਆ ਹੀ ਗਈ ਹੋਵੇ। ਹੁਣ ਕੀ ਹੁਕਮ ਏ ਮੈਨੂੰ, ਮੈਂ ਕੀ ਜਵਾਬ ਦੇਵਾਂ। ਆਖਣ ਲੱਗਾ ਅੱਲ ਯਾਰ ਖ਼ਾਂ ਦਾ ਪੁੱਤਰ।

—ਜਿਹੜਾ ਛੱਡਿਆ ਗਰਾਂ ਫੇਰ ਕੀ ਲੈਣਾ ਉਨ੍ਹਾਂ ਦਾ ਨਾਂ। ਬਚੜੇ, ਉਹ ਤਲਵਾਰ ਤਾਂ ਮੈਂ ਉਥੇ ਹੀ ਲਾਹ ਕੇ ਛੱਡ ਆਇਆ ਸਾਂ। ਨਵਾਬੀ ਦਾ ਤਗਮਾ ਤੇ ਮੈਂ ਲਾਹ ਕੇ ਤੇਰੇ ਗੱਲ ਪਾ ਦਿੱਤਾ ਸੀ। ਹੁਣ ਮੈਂ ਇਹ ਦੁੰਮ ਛੱਲਾ ਮੁੜ ਕੇ ਨਹੀਂ ਆਪਣੇ ਗੱਲ 'ਚ ਪਾਉਣ ਲੱਗਾ। ਬੜੀ ਮੁਸ਼ਕਲ ਨਾਲ ਇਹ ਛੱਟ ਲਾਹੀ ਸੀ। ਹੁਣ ਤੂੰ ਜਾਣ ਤੇ ਤੇਰਾ ਕੰਮ, ਮੈਥੋਂ ਹੁਣ ਇਹ ਝਮੇਲੇ ਨਹੀਂ ਗੱਲ ਪਾਏ ਜਾਂਦੇ। ਮੇਰੀ ਵੱਲੋਂ ਹਕੂਮਤ ਨੂੰ ਲਿਖ ਦੇ ਕਿ ਮੇਰੇ ਅੱਬਾ ਜਾਨ ਨੇ ਆਖਿਆ ਏ ਕਿ ਜਿਹੜੀ ਤਲਵਾਰ ਮੈਨੂੰ ਲਾਹੌਰ ਦਰਬਾਰ ਵਿਚੋਂ ਖ਼ਿਲਅੱਤ ਵਿਚ ਮਿਲੀ ਸੀ ਉਹ ਮੈਂ ਆਪਣੇ ਬੇਟੇ ਨੂੰ ਬਖਸ਼ ਦਿੱਤੀ ਏ। ਦੂਜੀ ਵਾਰੀ ਤਲਵਾਰ ਮੁੜਕੇ ਗੱਲ 'ਚ ਨਹੀਂ ਪਾਉਣੀ ਕਿਸੇ ਵੀ ਕੀਮਤ ਤੇ। ਹਾਂ, ਮੈਂ ਅੱਜ ਕਲ ਕੇਵਲ ਇਕੋ ਹੀ ਕੰਮ ਕਰ ਸਕਦਾ ਹਾਂ, ਤਸਬੀ ਦਿਨ ਵਿਚ ਚਾਰ ਵਾਰ ਫੇਰਦਾ ਹਾਂ। ਜੇ ਹਕੂਮਤ ਚਾਹੇ ਤਾਂ ਆਪਣੇ ਨਾਂ ਦੀਆਂ ਦੋ ਤਸਬੀਆਂ ਫਿਰਵਾ ਸਕਦੀ ਏ। ਮੈਂ ਉਨ੍ਹਾਂ ਦੇ ਹੱਕ ਵਿਚ ਦੁਆ ਕਰ ਸਕਦਾ ਹਾਂ। ਮੈਂ ਹੁਣ ਅੱਲਾ ਦਾ ਨੌਕਰ ਹੋ ਗਿਆ ਹਾਂ। ਜਿਹਦਾ ਅੰਨ ਖਾਂਦਾ ਹਾਂ, ਉਸੇ ਦੀ ਹਾਜ਼ਰੀ ਭਰਦਾ ਹਾਂ। ਮੇਰੀ ਵੱਲੋਂ ਤੇ ਸਲਾਮ ਲਿਖ ਦੇਣੀ। ਹੁਣ ਤੂੰ ਜਵਾਨ ਜਹਾਨ ਏਂ; ਤੂੰ ਨਿੱਬੜ। ਮੇਰੇ ਮਰਨ ਤੋਂ ਬਾਦ ਵੀ ਤੂੰ ਈਂ ਸਾਰਾ ਕੰਮ ਸਾਂਭਣਾ ਏ। ਸਮਝ ਅੱਜ ਤੋਂ ਹੀ ਜ਼ਿੰਮੇਵਾਰੀ ਤੇਰੇ ਸਿਰ ਪੈ ਗਈ। ਅੱਲਾ ਯਾਰ ਆਖਣ ਲੱਗਾ।

—ਅੱਬਾ ਜਾਨ, ਇਹ ਬਹੁਤ ਵੱਡੀ ਜ਼ਿੰਮੇਵਾਰੀ ਏ, ਇਹ ਮੇਰੇ ਵੱਸ ਦਾ ਰੋਗ ਨਹੀਂ।

—ਹਿੰਮਤੇ ਮਰਦਾਂ, ਮੱਦਦੇ ਖ਼ੁਦਾ। ਪੁੱਤ ਤੂੰ ਪਠਾਣ ਦਾ ਪੁੱਤ ਏਂ। ਪੁੱਤ ਹਿੰਮਤ ਨਹੀਂ ਹਾਰਦੇ, ਜਵਾਨ ਬਣ। ਫਤਿਹ ਤੇਰੇ ਪੈਰ ਚੁੰਮੇਗੀ। ਖ਼ੁਦਾ ਤੇ ਭਰੋਸਾ ਰੱਖ। ਥਾਪੜਾ ਦਿੱਤਾ ਅੱਲਾ ਯਾਰ ਖ਼ਾਂ ਨੇ।

ਫ਼ੌਜ ਲਾਹੌਰ ਦੀ ਵੀ ਆਣ ਅਪੜੀ ਅਤੇ ਫ਼ੌਜ ਦੇ ਹਾਕਮ ਨੂੰ ਅੱਲਾ ਯਾਰ ਖ਼ਾਂ ਨੇ ਚਿੱਟਾ ਜਵਾਬ ਦਿੱਤਾ।

—ਅੱਲਾ ਹੀ ਅੱਲਾ। ਅੱਲਾ ਹੀ ਅੱਲਾ। ਆਵਾਜ਼ ਗੂੰਜ ਰਹੀ ਸੀ ਗੋਇੰਦਵਾਲ ਵਿਚ। ਫ਼ੌਜ ਵਾਲਿਆਂ ਦੇ ਹੱਥਾਂ ਦੇ ਤੋਤੇ ਉਡ ਗਏ। ਫਕੀਰੀ, ਕਲੰਦਰੀ, ਰਿਆਜ਼ਤ, ਸਵਾਬ, ਹੋਜੇ ਅਕਬਰ ਜਿੱਡਾ।

□□

੨

ਪਾਰੋ ਡੱਲਾ ਤੇ ਅੱਲਾ ਯਾਰ ਖ਼ਾਂ ਇਕੱਠੇ ਬੈਠੇ, ਤੋਰਿਆ ਫ਼ੌਜ ਤੇ ਉਨ੍ਹਾਂ ਦੇ ਅਫਸਰਾਂ ਨੂੰ, ਸੁੱਖ ਦਾ ਸਾਹ ਲਿਆ। ਜਦ ਫ਼ੌਜ ਨੇ ਕੂਚ ਕੀਤਾ ਗੋਇੰਦਵਾਲ ਤੋਂ, ਇਕਾਂਤ ਦੀ ਥਾਂ ਲੱਭਣੀ ਮੁਸ਼ਕਲ ਸੀ। ਪਰ ਢੂੰਡ ਹੀ ਲਈ, ਇਨ੍ਹਾਂ ਉੱਦਮੀਆਂ ਨੇ।

—ਪਾਰ ਡੱਲਾ ਖੋਲਿਆ, ਸਜਣਾ ਲੈ ਸੁਣ ਅਗੋਂ ਸਾਖੀ ਇਉਂ ਚਲੀ । ਬੀਬੀ ਅਮਰੋ ਨੇ ਅੱਜ ਆਉਣਾ ਸੀ, ਘਰ ਵਿਚ ਉਡੀਕਾਂ ਸਨ, ਪਰ ਅਮਰੋ ਨਾ ਆਈ । ਧੁੱਪ ਗੋਡੇ ਗੋਡੇ ਚੜ੍ਹ ਆਈ । ਉਹਨੇ ਕੋਠੇ ਦੇ ਬਨੇਰਿਆਂ ਤੇ ਪੋਚਾ ਫੇਰ ਦਿੱਤਾ ।

ਅਮਰੋ ਨਹੀਂ ਆਈ, ਕੀ ਉਸ ਅੱਜ ਨਹੀਂ ਆਉਣਾ । ਨੂੰਹ ਰਾਣੀ ਨੇ ਏਨੀ ਦੇਰ ਕਿਉਂ ਕਰ ਦਿੱਤੀ । ਮਾਪਿਆਂ ਦੇ ਘਰੋਂ ਧੀਆਂ ਦਾ ਤੁਰਨਾ ਕਿਹੜਾ ਖ਼ਾਲਾ ਜੀ ਦਾ ਘਰ ਏ । ਕੰਧਾਂ ਡੋਲਦੀਆਂ ਨੇ ਜਦੋਂ ਧੀ ਬੂਹਿਉਂ ਪੈਰ ਕੱਢੇ । ਖਾਉ-ਪੀਆ ਕਰਕੇ ਅਮਰੋ ਬਾਸਰਕੇ ਪੁਜੀ । ਨੂੰਹ ਰਾਣੀ ਘੋੜੇ ਤੇ ਸਵਾਰ ਸੀ ਤੇ ਨਾਲ ਦੋ ਲਾਗੀ ਸਨ । ਜਦ ਅਮਰੋ ਘਰ ਪੁਜੀ ਤਾਂ ਮੇਰੇ ਸਤਿਗੁਰਾਂ ਨੂੰ ਲਾਲੀਆਂ ਚੜ੍ਹ ਗਈਆਂ । ਖੁਸ਼ੀਆਂ ਵਿਚ ਨੱਚ ਪਿਆ ਵਿਹੜਾ, ਅੰਗ ਅੰਗ ਨਸ਼ਿਆ ਗਿਆ ਮੇਰੇ ਗੁਰੂ ਦਾ । ਏਨੇ ਖੁਸ਼ ਸਨ ਕਿ ਉਨ੍ਹਾਂ ਦੇ ਪੈਰ ਕਿੱਤੇ ਭੁੰਜੇ ਨਹੀਂ ਸਨ ਪੈਂਦੇ । ਗੁਰੂ ਮਹਾਰਾਜ ਆਖਣ ਲੱਗੇ, ਆ ਗਈ ਏਂ ਧੀ ਰਾਣੀ । ਪੁੱਤ, ਤੂੰ ਬੜੀ ਇੰਤਜ਼ਾਰ ਕਰਵਾਈ । ਅੱਗੋਂ ਅਮਰੋ ਬੋਲੀ—ਪਿਤਾ ਜੀ ਆਖਦੇ ਸਨ ਕਿ ਇਕ ਦਿਨ ਹੋਰ ਰਹਿ ਜਾ ਅਜੇ ਮਨ ਨਹੀਂ ਭਰਿਆ । ਬਜ਼ੁਰਗਾਂ ਦੇ ਆਖੇ ਲਗਣਾ ਈ ਪੈਂਦਾ ਏ । ਅੱਜ ਸਰਘੀ ਵੇਲੇ ਤੁਰੀ ਸਾਂ ਤੇ ਆ ਗਈ ਆਂ । ਭਰਾ ਭਰਜਾਈਆਂ ਕਿਥੇ ਆਉਣ ਦੇਂਦੀਆਂ ਸਨ । ਮਾਤਾ ਜੀ ਦੀ ਅੱਖਾਂ ਗਿਲੀਆਂ ਵੇਖ ਕੇ ਦਿਲ ਪਸੀਜ ਜਾਂਦਾ । ਬੰਨ੍ਹੀਂ ਗੰਢ ਵੀ ਵਿਹੜੇ ਵਿਚ ਰੱਖੀ ਰਹਿ ਜਾਂਦੀ । ਭਰਜਾਈ ਨੇ ਬਾਂਹ ਫੜ ਲਈ ਤੇ ਫਿਰ ਕੌਣ ਅੱਗੋਂ ਬੋਲੇ, ਤੇ ਇਸ ਤਰ੍ਹਾਂ ਦਿਨ ਜ਼ਿਆਦਾ ਲੱਗ ਗਏ, ਮਾਫ਼ ਕਰਨਾ । ਮੇਰੀ ਵਜ੍ਹਾ ਨਾਲ ਤੁਹਾਨੂੰ ਬੜਾ ਕਸ਼ਟ ਹੋਇਆ ਏ ।

ਲਾਗੀਆਂ ਨੇ ਗੰਢ ਮਾਤਾ ਭਾਗੋ ਦੇ ਅੱਗੇ ਲਿਆ ਕੇ ਰੱਖ ਦਿੱਤੀ । ਤੇ ਆਖਣ ਲੱਗੇ ਥੋੜ੍ਹਾ ਦੇਣਾ ਤੇ ਬਹੁਤੀ ਮਿੰਨਤ । ਗੁਰੂ ਜੀ ਨੇ ਅਰਜ਼ ਕੀਤੀ ਏ ਕਿ ਅਸੀਂ ਗ਼ਰੀਬ ਹਾਂ, ਜੋ ਕੁਝ ਤਿਲ ਫੁੱਲ ਦਿੱਤਾ ਏ ਇਹਨੂੰ ਕਬੂਲ ਕਰੋ ।

ਗੰਢ ਖੋਲੀ । ਚੌਲਾਂ ਦੀਆਂ ਪਿੰਨੀਆਂ, ਇਕ ਪੋਟਲੀ ਵਿਚ ਮੱਕੀ, ਦੂਜੀ ਪੋਟਲੀ ਵਿਚ ਛੋਲੇ । ਗੁੜ ਦੀਆਂ ਪੇਸੀਆਂ, ਕਪੜੇ ਅਮਰੋ ਦੇ, ਕੁੜਮਣੀ ਅਤੇ ਕੁੜਮ ਦੇ ।

ਜਵਾਈ ਵਾਸਤੇ ਤੇ ਸਾਰੇ ਕਪੜੇ ਆਉਣੇ ਹੀ ਸਨ । ਤੇ ਤਿਰਚੌਲੀ । ਇਕ ਮੱਘੀ ਖੋਏ ਦੇ ਪੇੜਿਆਂ ਦੀ ।

—ਸਾਰੀਆਂ ਚੀਜ਼ਾਂ ਤੇ ਹੋਈਆਂ, ਪਰ ਇਹ ਤਿਰਚੌਲੀ ਕੀ ਹੋਈ, ਆਖਿਆ ਮੇਰੇ ਸਤਿਗੁਰਾਂ ਨੇ ।

—ਅੱਗੋਂ ਅਮਰੋ ਬੋਲੀ, ਇਹ ਪ੍ਰਸ਼ਾਦ ਏ ਖਡੂਰ ਸਾਹਿਬ ਦਾ । ਪਿਤਾ ਜੀ ਨੇ ਹੁਕਮ ਦਿੱਤਾ ਸੀ ਕਿ ਇਹਨੂੰ ਸਾਰੇ ਪਿੰਡ ਵਿਚ ਵੰਡਿਆ ਜੇ, ਇਹਦੇ ਨਾਲ ਘਰ ਵਿਚ ਬਰਕਤਾਂ ਆਉਣਗੀਆਂ । ਸੁੱਖ ਸ਼ਾਂਤੀ ਦਾ ਨਿਵਾਸ ਹੋਵੇਗਾ, ਬਾਲ ਖੇਡਣਗੇ ਵਿਚ ਵਿਹੜਿਆਂ ਦੇ । ਬੁੱਕ ਭਰ ਕੇ ਸਤਿਗੁਰੂ ਨੂੰ ਬੀਬੀ ਅਮਰੋ ਨੇ ਦਿੱਤਾ ।

ਝੋਲੀ ਅੱਡ ਕੇ ਪ੍ਰਸ਼ਾਦ ਮੇਰੇ ਸਤਿਗੁਰਾਂ ਲਿਆ, ਅੱਖਾਂ ਨੂੰ ਲਾਇਆ, ਸੌ-ਸੌ ਅਸੀਸਾਂ ਦਿੱਤੀਆਂ ਅਮਰੋ ਨੂੰ ।

—ਪਰ ਸੱਸ ਕੋਲੋਂ ਨਾ ਰਿਹਾ ਗਿਆ । ਆਖਣ ਲੱਗੀ, ਤੂੰ ਪੁੱਤ ਕਿਉਂ ਖੇਚਲ ਕਰਦੀ ਏਂ, ਮੈਂ ਆਪੇ ਵੰਡ ਦੇਵਾਂਗੀ, ਬੋਲ ਭਾਗੋ ਦੇ ਸਨ ।

—ਅੱਗੋਂ ਅਮਰੋ ਬੋਲੀ ਇਹ ਪਿਤਾ ਜੀ ਵੱਲੋਂ ਮੈਨੂੰ ਹੁਕਮ ਏ ਕਿ ਪ੍ਰਸ਼ਾਦ ਮੈਂ ਆਪਣੇ ਹੱਥੀਂ ਸਾਰੇ ਪਿੰਡ ਵਿਚ ਵੰਡਾਂ ।

—ਇਸ ਪੁੰਨ ਵਿਚ ਕੀ ਸਾਨੂੰ ਭਾਈਵਾਲ ਨਹੀਂ ਬਣਾ ਸਕਦੀ ?

—ਇਹ ਕ੍ਰਿਪਾ ਸਭ ਤੁਹਾਡੀ ਏ, ਤੁਹਾਡੀਆਂ ਬਰਕਤਾਂ ਹਨ।

—ਅਸੀਸਾਂ ਤੇ ਰਹਿਮਤਾਂ ਦੇ ਸਦਕੇ ਮੈਨੂੰ ਇਹ ਮੌਕਾ ਮਿਲਦਾ ਏ।

—ਅਮਰੋ ਦਾ ਪੈਰ ਸੁਲੱਖਣਾ ਏ, ਮੇਰੇ ਘਰ ਵਿਚ ਦੁੱਧ ਦੀਆਂ ਨਹਿਰਾਂ ਵੱਗਣ ਲੱਗ ਪਈਆਂ ਨੇ, ਮੇਰੇ ਘਰ ਦੌਲਤਾਂ ਦੇ ਭੰਡਾਰ ਆ ਗਏ ਹਨ, ਅਨੰਦ ਦੇ ਫੁੱਲ ਖਿੜ ਪਏ ਹਨ, ਮੇਰਾ ਘਰ ਭਰ ਦਿੱਤਾ ਏ ਬੂਹਿਆਂ ਤੀਕ ਤੇਰੇ ਪਿਤਾ ਨੇ, ਮੈਥੋਂ ਏਨਾ ਭਾਰ ਚੁਕਿਆ ਨਹੀਂ ਜਾਣਾ। ਪੁੱਤ ਮਾਪਿਆਂ ਦੇ ਘਰੋਂ ਏਨਾ ਲਿਆਈਏ ਜਿੰਨਾ ਹਜ਼ਮ ਹੋ ਜਾਵੇ, ਬਹੁਤਾ ਲਾਲਚ ਨਹੀਂ ਕਰੀਦਾ, ਭਾਗੋ ਆਖ ਰਹੀ ਸੀ।

ਭਰਜਾਈਆਂ ਨੂੰ ਕੌਣ ਨਾਰਾਜ਼ ਕਰੇ, ਭਰਾਵਾਂ ਦਾ ਹੱਥ ਕੌਣ ਫੜੇ। ਮੈਂ ਤੇ ਸੌ ਵਾਰ ਆਖਿਆ ਏ ਏਨਾ ਭਾਰ ਕਿਸ ਤਰ੍ਹਾਂ ਜਾਵੇਗਾ, ਪਰ ਅੱਗੋਂ ਭਰਜਾਈ ਆਖਣ ਲੱਗੀਕਿ ਅਸੀਂ ਲਾਗੀ ਨਾਲ ਭੇਜ ਰਹੇ ਹਾਂ।

ਜਿਹਦੀਆਂ ਧੀਆਂ ਸੁੱਖੀ, ਉਹਦਾ ਜੀਵਨ ਸੁੱਖੀ।

□□

੩

ਘੜੀਆਂ ਗਿਣ-ਗਿਣ ਕੇ ਦਿਨ ਬਿਤਾਇਆ, ਤੇ ਰਾਤ ਕਰਵੱਟਾਂ ਬਦਲਦਿਆਂ ਕੱਟ ਛੱਡੀ। ਦਿਨ ਚੜ੍ਹਨ ਵਿਚ ਅੱਜੇ ਕਾਫ਼ੀ ਦੇਰ ਸੀ। ਸਤਿਗੁਰਾਂ ਦੀ ਜਾਗ ਖੁਲ੍ਹ ਗਈ। ਕੋਸ਼ਿਸ਼ ਕਰਨ ਤੇ ਵੀ ਨੀਂਦ ਲਾਗੇ ਨਾ ਲੱਗੀ। ਆਖ਼ਰ ਉਹ ਵੇਲਾ ਆ ਹੀ ਗਿਆ ਜਿਹਦੀ ਉਡੀਕ ਸੀ। ਘਰ ਵਾਲੇ ਵੀ ਜਾਗ ਪਏ ਸਨ ਤੇ ਗਵਾਂਢੀਆਂ ਦੇ ਘਰ ਵੀ ਖੜਾਕ ਹੋਣ ਲਗ ਪਿਆ। ਅਮਰੋ ਉਠੀ ਤੇ ਉਸ ਰਿੜਕਣਾ ਪਾ ਦਿੱਤਾ। ਮਧਾਣੀ ਦੀ ਘੁੰਮਕਾਰ ਤੇ ਬਾਣੀ ਦਾ ਰਸ ਆਪਸ ਵਿਚ ਇਕ ਜਾਨ ਹੋ ਗਿਆ। ਅਮਰੋ ਨੇ ਬਾਣੀ ਪੜ੍ਹਨੀ ਸ਼ੁਰੂ ਕੀਤੀ ਤੇ ਗੁਰਾਂ ਨੇ ਕੰਧ ਨੂੰ ਕੰਨ ਲਾ ਲਏ।

ਰਸ ਭਿੰਨੀ ਬਾਣੀ ਕਲੇਜੇ ਠੰਡ ਪਾਂਦੀ ਜਾ ਰਹੀ ਸੀ। ਸਤਿਗੁਰ ਲੀਨ ਹੋ ਗਏ, ਮੂੰਹ ਭਾਖਲਾ ਹੋ ਗਿਆ। ਮਧਾਣੀ ਨੇ ਆਪਣਾ ਜਲਾਲ ਵਿਖਾਇਆ, ਬਾਣੀ ਦੇ ਬੋਲ ਮੱਧਮ ਸਨ ਤੇ ਮਧਾਣੀ ਦਾ ਸ਼ੋਰ ਜ਼ਿਆਦਾ ਸੀ। ਜਦ ਬਾਣੀ ਦੇ ਸ਼ਬਦ ਸਤਿਗੁਰ ਦੇ ਕੰਨੀਂ ਨਾ ਪਏ ਤਾਂ ਸਤਿਗੁਰ ਬੇਚੈਨ ਹੋ ਕੇ ਵਿਆਕੁਲ ਹੋ ਉਠੇ ਪਰ ਕੀ ਕਰ ਸਕਦੇ ਸਨ, ਵਿਚਾਲੇ ਕੰਧ ਸੀ। ਅਮਰੋ ਮੱਖਣ ਕੱਢਣ ਵਿਚ ਰੁਝ ਗਈ ਤੇ ਬਾਣੀ ਦੀ ਲਹਿਰ ਟੁੱਟ ਗਈ। ਹੁਣ ਕੀ ਕਰਨ ਤੇ ਕਿਹਨੂੰ ਆਵਾਜ਼ ਦੇਣ। ਤੰਗ ਆ ਕੇ ਉਠ ਖਲੋਤੇ ਤੇ ਦਰਵਾਜ਼ਾ ਆਣ ਖੋਲਿਆ। ਘਰ ਵਾਲਿਆਂ ਬਥੇਰਾ ਮੋੜਿਆ ਤੇ ਉਨ੍ਹਾਂ ਕਿਸੇ ਦੀ ਨਾ ਸੁਣੀ। ਜਾਹ ਕੁੰਡੀ ਖੜਕਾਈ ਆਪਣੇ ਭਰਾ ਦੀ। ਘਰ ਵਾਲੇ ਅਜੇ ਜਾਗੇ ਨਹੀਂ ਸਨ। ਬੀਬੀ ਅਮਰੋ ਨੇ ਆਪ ਜਾ ਕੇ ਬੂਹਾ ਖੋਲ੍ਹਿਆ, ਅੱਗੇ ਵੇਖਿਆ ਚਾਚਾ ਜੀ ਸਨ।

—ਮੱਥਾ ਟੇਕਿਆ ਤੇ ਆਖਿਆ ਆਓ ਪਿਤਾ ਜੀ, ਅੰਦਰ ਲੰਘ ਆਓ, ਬੋਲ ਬੀਬੀ ਅਮਰੋ ਦੇ ਸਨ। ਮੰਜਾ ਡਾਹ ਕੇ ਦਿੱਤਾ ਤੇ ਏਨੇ ਚਿਰ ਨੂੰ ਭਾਗੋ ਵੀ ਜਾਗ ਪਈ।

—ਕਿਉਂ ਦੇਵਰ ਜੀ ਧੰਨ ਭਾਗ, ਅੱਜ ਤੇ ਚੰਨ ਚੜ੍ਹ ਗਿਆ ਏ, ਮੇਰੇ ਵਿਹੜੇ ਵਿਚ। ਪੁੱਤ ਲਿਆ ਚਾਚਾ ਜੀ ਵਾਸਤੇ ਲੱਸੀ ਦਾ ਗਿਲਾਸ।

—ਨਾ ਨਾ ਪੁੱਤ ਮੈਂ ਲੱਸੀ ਨਹੀਂ ਪੀਣੀ, ਮੈਂ ਤਾਂ ਵੇਖਣ ਆਇਆ ਸਾਂ ਕਿ ਮੇਰੇ ਪੁੱਤ ਨੇ ਬਾਣੀ ਦਾ ਪਾਠ ਕਿਉਂ ਬੰਦ ਕਰ ਦਿੱਤਾ ਏ।

—ਪਿਤਾ ਜੀ ਮੈਂ ਮੱਖਣ ਕੱਢਣ ਲਗ ਪਈ ਸਾਂ।

—ਬਾਣੀ ਪੜ੍ਹ ਪੁਤ ਜੀ, ਤੇਰੀ ਲੱਸੀ ਮੈਨੂੰ ਆ ਗਈ ਏ। ਸਾਰੀਆਂ ਨਿਹਮਤਾਂ ਮੈਨੂੰ ਮਿਲ ਗਈਆਂ ਜਦ ਬਾਣੀ ਸੁਣ ਲਈ। ਬੋਲ ਮੇਰੇ ਸਤਿਗੁਰ ਦੇ ਸਨ।

—ਬੀਬੀ ਅਮਰੋ ਸ਼ਰਮਾ ਗਈ, ਗੁਰੂ ਜੀ ਨੇ ਆਖਿਆ। ਬੀਬੀ ਅਮਰੋ ਬੋਲੇ ਨਾ। ਸੰਗ ਗਈ, ਝਿੱਜਕ ਗਈ।

—ਪੁੱਤ ਸੰਗ ਕਾਹਦੀ, ਬਾਣੀ ਪੜ੍ਹਨ ਵਿਚ। ਆਖਣ ਲਗੇ ਗੁਰੂ ਮਹਾਰਾਜ।

ਪਰ ਅੱਗੋਂ ਬੀਬੀ ਅਮਰੋ ਬਿਲਕੁਲ ਨਾ ਬੋਲੀ। ਇਉਂ ਜਾਪੇ ਜਿਵੇਂ ਮੂੰਹ ਨੂੰ ਜੰਦਰਾ ਵੱਜ ਗਿਆ ਹੋਵੇ।

—ਭਾਗੋ ਸੱਸ ਨੇ ਇਹ ਚੁੱਪ ਦਾ ਜੰਦਰਾ ਤੋੜਿਆ, ਆਖਣ ਲੱਗੀ ਕਿ ਬਾਣੀ ਪੜ੍ਹਨ ਵਿਚ ਸ਼ਰਮ ਨਹੀਂ ਕਰੀਦੀ। ਬਾਣੀ ਸੁਣਾਉਣੀ ਤੇ ਪੁੰਨ ਹੁੰਦਾ ਹੈ। ਸੌਹਰਾ ਤੇ ਬਾਪ ਇਕੋ ਜਿਹੇ ਹੁੰਦੇ ਨੇ, ਪਿਓ ਕੋਲੋਂ ਕਾਹਦੀ ਸ਼ਰਮ। ਸੁਣਾ ਮੇਰਾ ਪੁੱਤ ਬਾਣੀ ਆਪਣੇ ਪਿਤਾ ਜੀ ਨੂੰ।

ਸੰਗ ਲੱਥ ਗਈ, ਅਤੇ ਮੁੜ ਅਮਰੋ ਨੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ।

ਬਿਲਕੁਲ ਉਸੇ ਤਰ੍ਹਾਂ ਜਿੱਦਾਂ ਸਵਾਂਤ ਬੂੰਦ ਚਾਤ੍ਰਿਕ ਨੂੰ ਮਿਲ ਜਾਵੇ। ਤੇ ਠੰਢ ਪੈ ਜਾਂਦੀ ਏ। ਜਿੱਦਾਂ ਸੰਜੀਵਨੀ ਬੂਟੀ ਨੇ ਮੂਰਛਿਤ ਲੱਛਮਣ ਨੂੰ ਜੀਵਤ ਕਰ ਦਿੱਤਾ ਸੀ। ਏਸੇ ਤਰ੍ਹਾਂ ਮੇਰੇ ਸਤਿਗੁਰ ਦਾ ਹਿਰਦਾ ਪਿਘਲ ਗਿਆ।

ਜਿਉਂ-ਜਿਉਂ ਬਾਣੀ ਸੁਣ ਰਹੇ ਸਨ, ਤਿਉਂ-ਤਿਉਂ ਮੇਰੇ ਸਤਿਗੁਰ ਵਜਦ ਵਿਚ ਆਏ ਝੂਮ ਰਹੇ ਸਨ।

—ਆਖਣ ਲੱਗੇ, ਓਥੇ ਲੈ ਚਲ ਪੁੱਤ! ਜਿਥੇ ਬਾਣੀ ਦਾ ਭੰਡਾਰ ਏ। ਲੈ ਚਲ ਓਥੇ ਪੁੱਤ, ਜਿਥੇ ਸੋਮਾ ਏ ਆਬੇ-ਹਯਾਤ ਦਾ।

ਝੁੱਗੀ ਯਾਰ ਦੀ ਸਵਰਗ ਦਾ ਝੂਟਾ, ਪੱਛੀ ਲਾਵਾਂ ਮੰਦਰਾਂ ਨੂੰ।

□□

8

ਜਿਹੜੀ ਮਾਲਾ ਦਾ ਕੋਈ ਮਣਕਾ ਹੁੰਦਾ ਏ, ਉਹਨੂੰ ਕੁਦਰਤ ਆਪੇ ਹੀ ਉਥੇ ਪਰੋ ਦਿੰਦੀ ਏ।

ਓਸੇ ਦਿਨ ਮੇਰਾ ਸਤਿਗੁਰ ਜ਼ਿਦੇ ਪੈ ਗਿਆ, ਆਖਣ ਲੱਗਾ ਭਰਜਾਈ ਨੂੰ ਮੇਰੇ ਨਾਲ ਹੁਣੇ ਤੋਰ ਦੇ ਕੁੜੀ ਨੂੰ, ਮੈਨੂੰ ਖਡੂਰ ਸਾਹਿਬ ਛੱਡ ਕੇ ਆਵੇ।

—ਪੀੜ੍ਹਾ ਡਾਹ ਕੇ ਬੈਠੀ ਹੋਈ ਸੀ ਕੋਲ ਅਮਰੋ ਦੇ ਤੇ ਓਸ ਸਿਰ ਫੇਰ ਦਿੱਤਾ ਤੇ ਆਖਣ ਲੱਗੀ ਕੀ ਆਖਣਗੇ ਖਡੂਰ ਵਾਲੇ ਕਿ ਕੁੜੀ ਲੜ ਕੇ ਆ ਗਈ ਏ ਜਾਂ ਸੌਹਰਿਆਂ ਘਰੋਂ ਕੱਢ ਦਿੱਤਾ, ਮੇਰੀ ਮਾਂ ਨੇ ਮੈਨੂੰ ਘਰ ਨਹੀਂ ਵੜਨ ਦੇਣਾ। ਮੈਂ ਹੁਣ ਤੇ ਕੁਝ ਦਿਨ ਰਹਿ ਕੇ ਫੇਰ ਜਾਵਾਂਗੀ ਖਡੂਰ। ਚਾਚਾ ਜੀ ਤੁਸੀਂ ਐਵੇਂ ਕਾਹਲੇ ਨਾ ਪਵੋ, ਕੁਝ ਦਿਨ ਸਬਰ ਕਰੋ, ਏਦਾਂ ਇਜ਼ਤ ਵਿਚ ਫ਼ਰਕ ਆਉਂਦੈ, ਭਰਜਾਈਆਂ ਦੇ ਮਿਹਣੇ ਬਣ ਜਾਣਗੇ, ਗਵਾਂਢਣਾਂ ਉਂਗਲਾਂ ਚੁੱਕਣਗੀਆਂ। ਪਿਤਾ ਜੀ ਨੇ ਗੁੱਸੇ ਹੋਣਾ ਏ, ਇਹਦਾ ਮੇਰੇ ਕੋਲ ਕੋਈ ਜਵਾਬ ਨਹੀਂ ਬਣਨਾ, ਅਮਰੋ ਆਖਣ ਲੱਗੀ।

—ਝੱਲੀ ਨਾ ਹੋਵੇ ਤੇ, ਜਦ ਮੈਂ ਜੁ ਤੇਰੇ ਨਾਲ ਜਾ ਰਿਹਾ ਹਾਂ ਤਾਂ ਫੇਰ ਤੈਨੂੰ ਕਾਹਦੀ ਸੰਗ ਏ। ਕੁੜਮ ਕੁੜਮਾਂ ਦੇ ਘਰ ਜਾਂਦੇ ਆਏ ਹਨ। ਗ੍ਰਿਹਸਤੀ ਵਿਚ ਵੀਹ ਕੰਮ ਹੁੰਦੇ ਨੇ, ਜਿਹੜੇ ਓਸੇ ਵੇਲੇ ਕਰਨੇ ਹੁੰਦੇ ਨੇ, ਐਵੇਂ ਲੋਕ ਲਾਜ ਨੂੰ ਸਿਰ ਤੇ ਨਹੀਂ ਚੁੱਕੀ ਫਿਰੀਦਾ। ਗੁਰਾਂ ਦੀ ਜ਼ਿਦ ਅੱਗੇ ਕਿਸੇ ਦੀ ਕੋਈ ਪੇਸ਼ ਨਾ ਗਈ।

—ਭਰਾ ਬੇਵੱਸ ਹੋ ਗਿਆ, ਭਰਜਾਈ ਦੇ ਮੂੰਹ ਵਿਚ ਤੇ ਕਿਤੇ ਜ਼ਬਾਨ ਨਹੀਂ ਸੀ। ਜੰਦਰਾ ਵੱਜ ਗਿਆ ਜੀਭ ਨੂੰ।

—ਭਰਾ ਨੇ ਆਖਿਆ ਪੁੱਤ ਜਾਹ ਪਿਤਾ ਜੀ ਦੇ ਨਾਲ, ਤੂੰ ਕਿਹੜੀ ਓਪਰੀ ਜਗ੍ਹਾ ਜਾ ਰਹੀ ਏਂ। ਆਪਣੇ ਪਿਤਾ ਦੇ ਘਰ ਜਾਣਾ ਏ। ਉਹ ਆਪਣਾ ਈ ਘਰ ਏ। ਤੇ ਇਹ ਵੀ ਤੇ ਆਪਣਾ ਈ ਘਰ ਏ ਇਹਦੇ ਵਿਚ ਕੋਈ ਨਿਰਾਦਰੀ ਨਹੀਂ, ਭਾਵੇਂ ਵੀਹ ਵਾਰ ਧੀਆਂ ਆਪਣੇ ਪਿਤਾ ਦੇ ਘਰ ਜਾਣ। ਓਬੜ ਦੇ ਘਰ ਜਾਈਏ ਤੇ ਕੰਨ ਕਾਲੇ ਹੁੰਦੇ ਨੇ, ਮਾਪਿਆਂ ਦੇ ਘਰ ਕਾਹਦੀ ਸ਼ਰਮ ਏ। ਮਾਪਿਆਂ ਦੇ ਘਰ ਹੀ ਧੀਆਂ ਜਵਾਨ ਹੁੰਦੀਆਂ ਨੇ।

—ਪਿਤਾ ਜੀ ਮੈਨੂੰ ਤੇ ਲੱਜਿਆ ਆਉਂਦੀ ਏ, ਭਰਾ ਕੀ ਆਖਣਗੇ, ਮਾਂ ਕੀ ਆਖੂ ਤੇ ਭਰਜਾਈਆਂ ਕਿਹੜੇ ਮੂੰਹ ਬੋਲਣਗੀਆਂ, ਬੱਸ ਡਰ ਇਹੋ ਈ ਸਿਰਫ਼ ਇਸੇ ਗੱਲ ਦਾ। ਅੱਗੋਂ ਆਖਣ ਲੱਗੀ ਅਮਰੋ।

—ਜਾਹ ਤਿਆਰ ਹੋ ਜਾਹ। ਭਾਗੋ ਸੱਸ ਨੇ ਹੁਕਮ ਦਿੱਤਾ।

—ਮੈਂ ਘੋੜਾ ਲੈ ਕੇ ਆਇਆ ਹਾਂ, ਹੁਣੇ ਚਲਦੇ ਆਂ। ਸ਼ਾਮਾਂ ਤਕ ਅਸਾਂ ਖਡੂਰ ਪੁੱਜ ਜਾਣਾ ਏ, ਆਹ ਤੇ ਖਡੂਰ ਏ। ਸੱਜਣਾਂ ਦੇ ਘਰ ਵੀ ਕਦੇ ਦੂਰ ਹੋਏ ਨੇ, ਫ਼ਰਮਾਇਆ ਮੇਰੇ ਗੁਰਾਂ ਨੇ।

—ਬੜੀ ਜਿੰਦ ਵਿਚਾਰ ਕਰਦੇ ਓ ਤੁਸੀਂ ਹਿੰਦੂ ਲੋਕ, ਅਸਾਂ ਮੁਸਲਮਾਨਾਂ ਤੇ ਕਦੇ ਸੋਚਿਆ ਵੀ ਨਹੀਂ ਏਦਾਂ, ਪਿਓ ਦੇ ਘਰ ਜਦੋਂ ਚਿੱਤ ਕੀਤਾ ਚਲੇ ਗਏ, ਜਾ ਸਲਾਮ ਕੀਤੀ, ਆਖ਼ਰ-ਬੰਦਾ ਕਿਸੇ ਕੰਮ ਨੂੰ ਈ ਜਾਂਦਾ ਏ ਨਾ। ਆਖਣ ਲੱਗਾ ਅੱਲਾ ਯਾਰ ਖ਼ਾਂ।

—ਪਾਰੋ ਭੋਲਾ ਬੋਲਣ ਲੱਗਾ, ਇਨ੍ਹਾਂ ਰੀਤਾਂ ਰਸਮਾਂ ਨੇ ਤਾਂ ਹਿੰਦੁਸਤਾਨ ਨੂੰ ਗਾਲ ਛੱਡਿਆ, ਆਹ ਏਦਾਂ ਨਹੀਂ, ਆਹ ਇਉਂ ਨਹੀਂ, ਅੱਜ ਦਿਨ ਚੰਗਾ ਨਹੀਂ, ਕੱਲ੍ਹ ਮੰਦਾ ਦਿਨ ਏ, ਪਰਸੋਂ ਦਿਨ ਸ਼ੁੱਭ ਏ, ਐਵੇਂ ਢਿੱਲ ਪਾਉਂਦੀ ਜਾਣੀ, ਕਰਨਾ ਆਪ ਤੇ ਫੇਰ ਨਾਂ ਰੱਬ ਦਾ ਦੇਣਾ। ਸਾਡੀ ਕਿਸਮਤ ਵਿਚ ਈ ਏਦਾਂ ਸੀ, ਚਲੋ ਸਾਡੇ ਭਾਗ, ਸੱਜਣਾਂ! ਹੌਲੀ-ਹੌਲੀ ਜੁਗ ਬਦਲੂ, ਹੌਲੀ-ਹੌਲੀ ਸਮਾਜ ਬਦਲ, ਨਾ ਫੇਰ ਇਹ ਰੀਤਾਂ ਰਹਿਣਗੀਆਂ ਤੇ ਨਾ ਫੇਰ ਇਹ ਰਸਮਾਂ।

ਤੇ ਫੇਰ ਗੁਰੂ ਮਹਾਰਾਜ ਚਲੇ ਗਏ ਖਡੂਰ ਵੱਲ। ਗੁਰੂ ਅੱਜ ਦਾ ਕੰਮ ਕੱਲ੍ਹ ਤੇ ਨਹੀਂ ਸਨ ਛੱਡਦੇ।

ਨੂੰਹ ਸਹੁਰਾ ਜਾ ਰਹੇ ਸਨ, ਨੂਰ ਨਗਰੀ ਵੱਲ, ਯਾਤਰਾ ਸੀ ਤੀਰਥ ਧਾਮ ਦੀ।

□□

੫

—ਪਿਤਾ ਜੀ ਮੈਂ ਤੁਹਾਡੀਆਂ ਸਾਰੀਆਂ ਮੰਨ ਲਈਆਂ ਪਰ ਤੁਸੀਂ ਹੁਣ ਮੇਰੀ ਇਕ ਮੰਨੋ, ਮੈਂ ਤੁਹਾਨੂੰ ਨਾਲ ਖਡੂਰ ਨਹੀਂ ਨਹੀਂ ਖੜਨਾ। ਪਹਿਲਾਂ ਮੈਂ ਆਪ ਜਾਵਾਂਗੀ, ਪਿਤਾ ਜੀ ਤੋਂ ਪੁੱਛ ਕੇ ਫੇਰ ਨਾਲ ਲੈ ਕੇ ਜਾਣਗੇ ਘਰ ਵਾਲੇ, ਇਹਦੇ ਨਾਲ ਸਾਰੇ ਖ਼ੁਸ਼ ਹੋਣਗੇ। ਪਹਿਲੀ ਵਾਰ ਤੁਸੀਂ ਕੁੜਮਾਂ ਦੇ ਪਿੰਡ ਆਏ ਹੋ, ਏਸ ਲਈ ਮਰਿਆਦਾ ਦਾ ਖ਼ਿਆਲ ਰੱਖਣਾ ਪਵੇਗਾ। ਤੁਸੀਂ ਏਥੇ ਬੋਹੜ ਥੱਲੇ ਬੈਠੋ, ਮੈਂ ਗਈ ਤੇ ਆਈ, ਅਮਰੋ ਆਖਣ ਲੱਗੀ, ਖਡੂਰ ਦੀ ਬਾਹੀ ਤੇ ਆ ਕੇ।

—ਹਾਂ ! ਆਹ ਤੇ ਗੱਲ ਹੋਈ ਨਾ ਅਕਲ ਦੀ, ਮੇਰੀ ਧੀ ਬੜੀ ਸਿਆਣੀ ਏ, ਅੱਛਾ ਮੈਂ ਇਥੇ ਆਰਾਮ ਕਰਦਾ ਹਾਂ, ਤੂੰ ਜਾ ਕੇ ਜਲਦੀ ਮੁੜ ਕੇ ਆਵੀਂ। ਮੈਥੋਂ ਪੁੱਤ ਹੁਣ ਜ਼ਿਆਦਾ ਇੰਤਜ਼ਾਰ ਨਹੀਂ ਕੀਤਾ ਜਾਂਦਾ, ਮੇਰਾ ਬੀਬਾ ਪੁੱਤ, ਵੇਖੀਂ ਕਿਤੇ ਭਾਬੀਆਂ ਨਾਲ ਨਾ ਜੁੱਟ ਜਾਈਂ, ਤੇ ਮੈਂ ਇਥੇ ਬੈਠੇ-ਬੈਠੇ ਸੁੱਕ ਜਾਵਾਂ, ਮੇਰੇ ਗੁਰਾਂ ਆਖਿਆ ਨੂੰਹ ਰਾਣੀ ਨੂੰ।

—ਅੱਗੋਂ ਅਮਰੋ ਬੋਲੀ, ਮੈਂ ਗਈ ਤੇ ਹੁਣੇ ਆਈ, ਮੈਂ ਪਿਤਾ ਜੀ ਤੋਂ ਪੁੱਛਣਾ ਏ, ਹੋਰ ਤੇ ਕਿਸੇ ਨਾਲ ਜ਼ਬਾਨ ਸਾਂਝੀ ਈ ਨਹੀਂ ਕਰਨੀ। ਸੁੱਖ-ਸਾਦ ਤੇ ਫੇਰ ਜਾ ਕੇ ਪੁੱਛਾਂਗੀ, ਜੇ ਕਿਸੇ ਮੈਨੂੰ ਗੱਲੀਂ ਲਾਉਣ ਦੀ ਕੋਸ਼ਿਸ਼ ਕੀਤੀ ਤੇ ਘੜਿਆ ਘੜਾਇਆ ਚਿੱਟਾ ਜਵਾਬ ਦੇਵਾਂਗੀ, ਆਖਾਂਗੀ ਮੈਂ ਸੋਹਰੇ ਦੇ ਨਾਲ ਆਈ ਹਾਂ। ਤੁਸੀਂ ਜ਼ਰਾ ਕੁ ਉਡੀਕੋ, ਮੈਂ ਬਹੁਤ ਜਲਦੀ ਵਾਪਸ ਆ ਜਾਂਦੀ ਹਾਂ।

—ਜਾਹ ਪੁੱਤ ਗੁਰੂ ਤੇਰਾ ਭਲਾ ਕਰੇ, ਮੇਰੇ ਗੁਰੂ ਨੇ ਅਸੀਸ ਦਿੱਤੀ।

ਅਮਰੋ ਨਾਲ-ਨਾਲ ਪੈਰ ਪੁੱਟਦੀ ਤੇ ਨਾਲ-ਨਾਲ ਸੋਚਦੀ ਜਾਂਦੀ, ਪਿਤਾ ਜੀ ਕੀ ਆਖਣਗੇ। ਮੈਂ ਜਾ ਕੇ ਕੀ ਆਖਣਾ ਏ। ਭਰਾਵਾਂ ਪੁੱਛਣਾ ਏ, ਮੈਂ ਜਾ ਕੇ ਕੀ ਜਵਾਬ ਦੇਵਾਂਗੀ, ਭਰਜਾਈ ਨੇ ਕਦੇ ਨਹੀਂ ਮੁੜਨਾ ਗੱਲ ਪੁੱਛਣੋਂ ਤੇ ਕੁਝ ਤੇ ਜਵਾਬ ਦੇਣਾ ਈ ਪਊ। ਮਾਤਾ ਜੀ ਨੇ ਬਿਲਕੁਲ ਮੰਨਣਾ ਈ ਨਹੀਂ। ਤੇ ਫੇਰ ਇਹ ਵੀ ਗੱਲ ਪੁੱਛਣੀ ਏ ਅਜੇ ਤੂੰ ਕੱਲ੍ਹ ਗਈ ਸੈਂ, ਅੱਜ ਕਿਉਂ ਆ ਗਈ ਏਂ, ਸੋਹਰਿਆਂ ਨਾਲ ਝਗੜ ਕੇ ਤੇ ਨਹੀਂ ਆ ਗਈ। ਇਹੋ ਜਿਹੇ ਸਵਾਲ ਘਰਦਿਆਂ ਕਰਨੇ ਨੇ ਮੇਰੇ ਤੇ। ਅੱਛਾ ਕੋਈ ਗੱਲ ਨਹੀਂ, ਜਿਹੋ ਜਿਹਾ ਵਕਤ ਹੋਵੇਗਾ ਓਹੋ ਜਿਹਾ ਈ ਜਵਾਬ ਦਿੱਤਾ ਜਾਊ। ਫੇਰ ਵਿਚਾਰ ਆਈ ਮੈਂ ਤੇ ਪਹਿਲਾਂ ਮੱਥੇ ਲੱਗਣਾ ਈ ਪਿਤਾ ਜੀ ਦੇ ਐ। ਸਭ ਤੋਂ ਪਹਿਲਾਂ ਉਨ੍ਹਾਂ ਇਹੋ ਹੀ ਸਵਾਲ ਕਰਨੇ, ਪੁੱਤ ਅਜੇ ਤੇ ਤੇਰੇ ਪੈਰ ਮੈਲੇ ਨਹੀਂ ਹੋਏ ਖਡੂਰ ਛੱਡਿਆਂ, ਫੇਰ ਕਿੱਦਾਂ ਆ ਗਿਆ

ਮੇਰਾ ਪੁੱਤ। ਅਮਰੋ ਏਸ ਤਰ੍ਹਾਂ ਸੋਚ ਰਹੀ। ਚਲ ਓਏ ਮਨਾਂ, ਦੱਸਾਂਗੀ ਮੇਰੇ ਸੌਹਰੇ ਦਾ ਬੜਾ ਜੀਅ ਕਰਦਾ ਸੀ ਕੁੜਮ ਨੂੰ ਮਿਲਣ ਤੇ। ਨਾਲ ਮੈਨੂੰ ਬਦੋ-ਬਦੀ ਲੈ ਆਏ ਨੇ। ਮੈਂ ਡਰਦੀ ਉਨ੍ਹਾਂ ਨੂੰ ਬੋਹੜ ਥੱਲੇ ਬਿਠਾ ਆਈ ਆਂ, ਫੇਰ ਜਿੱਦਾਂ ਸਲਾਹ ਦੇਣਗੇ, ਏਦਾਂ ਈ ਕੀਤਾ ਜਾਵੇਗਾ।

ਸੌਹਰਾ ਛਿੱਥਾ ਕਿਉਂ ਪੈ ਜਾਵੇ ਮਾੜੀ ਜਿਹੀ ਗੱਲ ਤੋਂ। ਕੁੜਮ ਕੁੜਮਾਂ ਦੇ ਘਰ ਆਉਂਦੇ ਹੀ ਹਨ ਅਸੀਂ ਕੋਈ ਅਚਰਜ ਆਏ ਹਾਂ, ਪੈਰ ਬੋਝਲ ਹੁੰਦੇ ਜਾ ਰਹੇ ਸਨ, ਰਸਤਾ ਮੁੱਕਦਾ ਈ ਨਜ਼ਰ ਨਹੀਂ ਸੀ ਆਉਂਦਾ। ਅੰਦਰੋਂ ਡਰ ਸੀ ਕਿ ਪਿਤਾ ਜੀ ਨਾ ਝਿੜਕ ਦੇਣ, ਪਰ ਦਿਲ ਪੱਕਾ ਕਰ ਕੇ ਅਮਰੋ ਚੁਬਾਰੇ ਆਈ ਤੇ ਪਿਤਾ ਜੀ ਨੂੰ ਰਾਮ-ਸੱਤ ਕੀਤੀ।

—ਪਿਆਰ ਦਿੱਤਾ ਪਿਤਾ ਜੀ ਨੇ ਤੇ ਆਖਣ ਲੱਗੇ, ਕੱਲੀ ਆਈ ਏਂ।

—ਨਹੀਂ ਪਿਤਾ ਜੀ ਮੈਂ ਕੱਲੀ ਕਿਉਂ ਆਉਣਾ ਸੀ।

—ਪਰਾਹੁਣਾ ਨਾਲ ਆਇਆ ਏ?

—ਨਹੀਂ, ਮੇਰੇ ਚਾਚਾ ਜੀ ਹਨ ਨਾਲ।

—ਓਹ ਕਿੱਥੇ ਹਨ?

—ਪਿੰਡੋਂ ਬਾਹਰ ਬੋਹੜ ਥੱਲੇ ਬਿਠਾ ਆਈ ਆਂ। ਮੈਂ ਆਖਿਆ ਮੈਂ ਪਹਿਲਾਂ ਪੁੱਛ ਆਵਾਂ।

—ਇਹ ਚੰਗਾ ਨਹੀਂ ਲੱਗਦਾ, ਓਹ ਤੇ ਸਾਡੇ ਸਿਰ ਦੇ ਸਾਹਬ ਹਨ। ਅਸੀਂ ਜਾਂਦੇ ਹਾਂ ਅਗਲਵਾਂਢੀ ਲੈਣ ਤੇ ਆਪ ਸਿਰ ਤੇ ਚੁੱਕ ਕੇ ਲਿਆਉਂਦੇ ਹਾਂ। ਕਿਹੜੇ ਬੋਹੜ ਥੱਲੇ ਬੈਠੇ ਹਨ, ਭਰਾ ਜੀ।

—ਬੁੱਢੇ ਬੋਹੜ ਥੱਲੇ ਜਿੱਥੇ ਕਾਫ਼ਲੇ ਲੱਥੇ ਸਨ, ਜਿੱਥੋਂ ਤਕ ਮੇਰੇ ਭਰਾ ਮੇਰੀ ਡੋਲੀ ਛੱਡਣ ਗਏ ਸਨ, ਆਖਿਆ ਅਮਰੋ ਨੇ।

□□

੬.

ਗੁਰੂ ਅੰਗਦ ਦੇਵ ਆਪ ਉੱਠੇ ਅਤੇ ਨਾਲ ਕੁਝ ਸੇਵਕ ਵੀ ਸਨ। ਤੁਰੇ ਅਗਲਵਾਂਢੀ ਲੈਣ ਮੇਰੇ ਗੁਰੂ ਨੂੰ।

—ਮੈਂ ਵੀ ਚੱਲਦੀ ਹਾਂ ਅਮਰੋ ਬੋਲੀ।

—ਤੇਰਾ ਕੀ ਕੰਮ ਏ? ਅਸੀਂ ਆਪ ਜਾਂਦੇ ਹਾਂ। ਕੀੜੀ ਘਰ ਨਰਾਇਣ ਆਏ ਨੇ, ਧੰਨ ਭਾਗ ਹਨ ਸਾਡੇ, ਘਰ ਕੁੜਮਾਂ ਫੇਰਾ ਪਾਇਆ ਏ। ਅੱਜ ਪਵਿੱਤਰ ਹੋਏਗਾ ਸਾਡਾ ਵਿਹੜਾ, ਫ਼ਰਮਾਇਆ ਗੁਰੂ ਅੰਗਦ ਦੇਵ ਨੇ।

ਚੁਬਾਰੇ ਤੋਂ ਚੱਲੇ ਤੇ ਨਾਲ ਸੇਵਕਾਂ ਦਾ ਝੁਰਮਟ ਸੀ।

ਏਧਰ ਮੇਰਾ ਸਤਿਗੁਰ ਬੇਚੈਨ ਸੀ, ਉੱਠ ਖੜੋਤਾ ਤੇ ਓਸ ਨੱਕ ਦੀ ਸੇਧ ਰੱਖ ਲਈ ਤੇ ਚੱਲ ਪਿਆ ਖਡੂਰ ਵੱਲ। ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ। ਦਿਲ ਦੀ ਤਾਰ ਇਕੱਠੀ

ਖੜਕੀ। ਪਿਆਰ ਦੀ ਕਸ਼ਿਸ਼ ਖਿੱਚ ਕੇ ਲੈ ਆਉਂਦੀ ਏ ਚੁੰਬਕ ਪੱਥਰ ਵਾਂਗੂੰ। ਗੁਰੂ ਅੰਗਦ ਦੇਵ ਇਕ ਪੈਰ ਪੁੱਟਦੇ ਸਨ ਤੇ ਮੇਰਾ ਸਤਿਗੁਰ ਚਾਰ ਪੈਰ ਪੁੱਟਦਾ ਸੀ। ਇਸ ਤਰ੍ਹਾਂ ਇਕ ਦੂਜਾ ਇਕ ਦੂਜੇ ਵੱਲ ਵਧ ਰਿਹਾ ਸੀ।

ਜਿੱਦਾਂ ਭਰਤ ਮਿਲਾਪ ਹੋਣ ਵਾਲਾ ਹੁੰਦਾ ਏ।

ਜਿੱਦਾਂ ਪਵਨ ਪੁੱਤ ਹਨੂਮਾਨ ਮਿਲਣ ਜਾ ਰਿਹਾ ਹੋਵੇ ਭਗਵਾਨ ਰਾਮ ਨੂੰ।

ਜਿੱਦਾਂ ਅਰਜਨ ਭਗਵਾਨ ਕ੍ਰਿਸ਼ਨ ਦੀ ਸ਼ਰਨ ਜਾ ਰਿਹਾ ਹੋਵੇ।

ਜਿੱਦਾਂ ਭਬੀਖਸ਼ਣ ਰਾਮ ਨੂੰ ਅਗਲਵਾਂਢੀ ਲੈਣ ਜਾ ਰਹੇ ਹੋਣ।

ਬਿਲਕੁਲ ਜਦ ਆਹਮਣੇ ਸਾਹਮਣੇ ਆ ਗਏ ਮੇਰੇ ਗੁਰੂ ਨੇ ਉਤਾਂਹ ਮੂੰਹ ਚੁੱਕ ਕੇ ਵੇਖਿਆ, ਗੁਰੂ ਅੰਗਦ ਦੇਵ ਨੇ ਅੱਗੇ ਵਧ ਕੇ ਕੁੜਮ ਨੂੰ ਮਿਲਣਾ ਚਾਹਿਆ। ਕੁੜਮਾਚਾਰੀ ਸੀ, ਆਦਰ ਤੇ ਦੇਣਾ ਹੀ ਸੀ।

ਸਾਖੀਕਾਰ ਆਖਦੇ ਹਨ ਫ਼ਰਜ਼ ਤੇ ਇਹ ਸੀ ਕਿ ਕੁੜਮ ਕੁੜਮ ਮਿਲਦਾ ਪਰ ਇਥੇ ਕ੍ਰਿਸ਼ਮਾ ਈ ਹੋਰ ਬਣ ਗਿਆ ਸੀ। ਅਮਰ ਦਾਸ ਨੇ ਆਪਣੀ ਹੋਂਦ ਓਦੋਂ ਈ ਗੁਆ ਦਿੱਤੀ ਸੀ ਜਦ ਉਹ ਬਾਸਰਕੇ ਤੋਂ ਚੱਲੇ ਸਨ। ਆਪਣੀ ਨੂੰਹ ਦੇ ਨਾਲ। ਵਜੂਦ ਓਥੇ ਈ ਖ਼ਤਮ ਹੋ ਗਿਆ ਸੀ। ਕੁੜਮਾਚਾਰੀ ਦੀ ਗੰਢ ਬਾਸਰਕੇ ਈ ਲਾਹ ਕੇ ਛੱਡ ਦਿੱਤੀ ਸੀ।

ਗੁਰੂ ਅੰਗਦ ਦੇਵ ਨੇ ਭਾਵੇਂ ਬਾਹਵਾਂ ਅੱਗੇ ਕੀਤੀਆਂ, ਗਲਵੱਕੜੀ 'ਚ ਲੈਣ ਲਈ ਮੇਰੇ ਗੁਰੂ ਮਹਾਰਾਜ ਨੂੰ, ਪਰ ਝੱਟ ਹੀ ਉਹ ਪੈਰੀਂ ਜਾ ਡਿੱਗੇ।

—ਇਹ ਕੀ, ਗੁਰੂ ਅੰਗਦ ਦੇਵ ਨੇ ਫ਼ਰਮਾਇਆ।

—ਮੈਂ ਆਪਣੀ ਥਾਂ ਲੱਭ ਲਈ ਏ।

—ਨਹੀਂ, ਇਹ ਨਹੀਂ, ਤੁਹਾਡੇ ਲਈ ਤੇ ਅਸਾਂ ਦਿਲ ਦਾ ਪਲੰਘ ਵਿਛਾ ਰੱਖਿਆ ਏ। ਤੁਸਾਂ ਤੇ ਰਾਂਗਲੇ ਪਲੰਘ ਤੇ ਬੈਠਣਾ ਸੀ, ਇਹ ਕੀ ਕਰ ਰਹੇ ਓ? ਬੋਲ ਗੁਰੂ ਅੰਗਦ ਦੇਵ ਦੇ ਸਨ।

—ਬੱਸ ਬੱਸ ਮੈਨੂੰ ਹੁਣ ਏਥੋਂ ਨਾ ਵਿਛੋੜੋ,ਮੈਂ ਅੱਗੇ ਬੜਾ ਚਿਰ ਭਟਕਦਾ ਰਿਹਾ ਹਾਂ। ਮੈਨੂੰ ਰਹਿਣ ਦਿਓ ਦੋ ਘੜੀਆਂ ਏਥੇ, ਮੇਰੇ ਹਿਰਦੇ ਠੰਢ ਪੈ ਜਾਏ, ਮੈਨੂੰ ਅੱਜ ਮਿਲਿਆ ਐ ਗੰਗਾ ਇਸ਼ਨਾਨ ਦਾ ਫਲ।

—ਤੁਸੀਂ ਤੇ ਸਾਡੇ ਸਿਰ ਦੇ ਸਾਹਿਬ ਓ।

—ਮੈਨੂੰ ਅੱਜ ਤੋਂ ਤੁਸੀਂ ਦਾਸ ਈ ਸਮਝੋ। ਮੈਂ ਦਾਸ ਹੀ ਹਾਂ। ਦਾਸ ਹੀ ਰਹਾਂਗਾ। ਮਿਹਰਾਂ ਦੀ ਜ਼ਿੰਦਗੀ ਦੀਆਂ ਚਾਰ ਘੜੀਆਂ ਅਨੰਦ ਵਿਚ ਗੁਜ਼ਰ ਜਾਣਗੀਆਂ।

—ਭਾਵਨਾ ਈ ਫਲਦੀ ਏ ਹਰ ਥਾਂ। ਹੋਰ ਪੱਥਰ,ਪਾਣੀ, ਕਾਠ ਤੇ ਮਿੱਟੀ ਦੀ ਮੂਰਤ ਨਹੀਂ ਫਲਦੀ। ਆਪਣੇ ਮਨ ਅੰਦਰ ਈ ਦੇਵਤਾ ਏ ਤੇ ਆਪਣੇ ਮਨ ਅੰਦਰ ਈ ਦੇਵ ਅਸਥਾਨ ਏ। ਵੇਖਣ ਵਾਲੀ ਅੱਖ ਚਾਹੀਦੀ ਏ। ਆਖਣ ਲੱਗੇ ਗੁਰੂ ਅੰਗਦ ਦੇਵ।

—ਇਹੋ ਤੇ ਲੱਭਣ ਆਇਆ ਹਾਂ।

ਗੁਰੂ ਅੰਗਦ ਦੇਵ ਨੇ ਮੇਰੇ ਗੁਰੂ ਨੂੰ ਹਿੱਕ ਨਾਲ ਲਾ ਲਿਆ, ਬਾਹੋਂ ਫੜ ਕੇ। ਕਲੇਜੇ ਠੰਢ ਪੈ ਗਈ।

ਦੋ ਜੋਤਾਂ ਇਕ ਹੋ ਗਈਆਂ ਜਦ ਨੈਣਾਂ ਵਿਚ ਨੈਣ ਮਿਲੇ।

□□

੭

ਜਦ ਬੈਠਿਆਂ ਚੋਖਾ ਚਿਰ ਹੋ ਗਿਆ, ਉਡੀਕਣ ਤੋਂ ਬਾਅਦ ਮਾਤਾ ਖੀਵੀ ਆਪ ਆਈ ਦਰਬਾਰ ਵਿਚ, ਤੇ ਬੜੀ ਨਿਮਰਤਾ ਨਾਲ ਆਖਣ ਲੱਗੀ, ਪ੍ਰਸ਼ਾਦ ਤਿਆਰ ਏ।

—ਅੱਗੋਂ ਸਤਿਗੁਰ ਬੋਲੇ, ਤੁਸੀਂ ਚਲੋ ਤੇ ਅਸੀਂ ਹੁਣੇ ਆਏ।

ਪਾਰੋ ਡੱਲੇ ਵੱਲ ਮੂੰਹ ਕਰ ਕੇ ਅੱਲਾ ਯਾਰ ਖਾਂ ਆਖਣ ਲੱਗਾ, ਕੁੜਮ ਆਇਆ ਏ ਬਾਸਰਕੇ ਤੋਂ ਖ਼ਾਤਰਦਾਰੀ ਦਾ ਇੰਤਜ਼ਾਮ ਤੇ ਹੋਣਾ ਚਾਹੀਦਾ ਏ ਦਸਤਰ ਖ਼ਾਨ ਵਰਗਾ। ਉਚੇਚ ਤੋਂ ਬਗੈਰ ਕੁੜਮਾਚਾਰੀ ਕਾਹਦੀ ਹੋਈ? ਸ਼ੱਕਰ ਸੇਵੀਆਂ, ਖੰਡ ਚੌਲ, ਘਿਓ ਸ਼ੱਕਰ ਦੇ ਥਾਲ ਪਰੋਸੇ ਜਾਣੇ ਸਨ। ਮਹਿਮਾਨ ਨਵਾਜ਼ੀ ਦਾ ਪੂਰਾ ਵਿਖਾਵਾ ਕੀਤਿਆਂ ਤੋਂ ਬਗੈਰ ਕੁੜਮ ਕਿੱਦਾਂ ਪ੍ਰਸੰਨ ਹੋਣਗੇ। ਤਾਹੀਓਂ ਉਚੇਚੇ ਮਾਤਾ ਜੀ ਆਪ ਆਖਣ ਆਏ ਸਨ ਦਰਬਾਰ ਵਿਚ।

—ਨਹੀਂ ਓ ਭਲਿਆ ਲੋਕਾ, ਏਦਾਂ ਨਹੀਂ ਸੀ ਜਿੱਦਾਂ ਤੁਸਾਂ ਸੋਚਿਆ। ਇਥੇ ਤੇ ਗੁਰ ਲੀਲ੍ਹਾ ਈ ਹੋਰ ਤਰ੍ਹਾਂ ਦੀ ਏ। ਮੇਰੇ ਗੁਰੂ ਨੂੰ ਗੁਰਾਂ ਨੇ ਪਹਿਲੀ ਨਜ਼ਰ ਵਿਚ ਈ ਪਰਖ ਲਿਆ ਸੀ। ਦੇਗ ਵਿਚੋਂ ਕੋਈ ਕਿੰਨੇ ਕੁ ਚੌਲ ਟੋਂਹਦਾ ਏ? ਇਕ ਅੱਧਾ ਚੌਲ ਈ ਸਾਰੀ ਦੇਗ ਦੀ ਹਕੀਕਤ ਦੱਸ ਦੇਂਦਾ ਏ। ਇਹ ਗੱਲ ਉਹਨਾਂ ਓਦੋਂ ਈ ਤਾੜ ਲਈ ਸੀ। ਅੱਖਾਂ ਵਾਲਿਆਂ ਦੀ ਨਜ਼ਰ ਬੜੀ ਤੇਜ਼ ਹੁੰਦੀ ਏ। ਕੁੜਮਾਚਾਰੀ ਦਾ ਪਟਕਾ, ਦੁਮ-ਛੱਲਾ ਰਿਸ਼ਤੇਦਾਰੀ ਦਾ ਮੇਰਾ ਸਤਿਗੁਰ ਬਾਸਰਕੇ ਲਾਹ ਕੇ ਛੱਡ ਆਇਆ ਸੀ, ਵੱਟ ਉੱਤੇ ਖਲੋ ਕੇ। ਜੌਹਰੀ ਪਰਖ ਲੈਂਦਾ ਏ ਹੀਰੇ ਦੀ ਕਣੀ। ਚਮਕ ਆਪੇ ਈ ਉੱਘੜ ਕੇ ਸਾਹਮਣੇ ਆ ਜਾਂਦੀ ਏ। ਬੋਲ ਪਾਰੋ ਡੱਲੇ ਦੇ ਸਨ।

—ਚਲੋ ਏਦਾਂ ਈ ਸਹੀ, ਤੁਹਾਡੀ ਗੱਲ ਸਿਰ ਮੱਥੇ। ਫੇਰ ਵੀ ਮਹਿਮਾਨ ਤੇ ਮਹਿਮਾਨ ਈ ਏ। ਦੂਜੇ ਪਿੰਡੋਂ ਆਏ ਪ੍ਰਾਹੁਣੇ ਲਈ ਦੋ ਚਾਰ ਪਦਾਰਥ ਤੇ ਵੱਖਰੇ ਬਣਾਉਣੇ ਈ ਪੈਂਦੇ ਹਨ। ਮਾਤਾ ਜੀ ਨੇ ਆਪਣੀ ਵਲੋਂ ਕਸਰ ਥੋੜ੍ਹੀ ਛੱਡੀ ਹੋਣੀ ਏਂ? ਅੱਲਾ ਯਾਰ ਜ਼ਰਾ ਗੱਲ ਵਿਚ ਖੁਭਣਾ ਚਾਹੁੰਦਾ ਸੀ।

—ਪਹਿਲਾਂ ਤੈਨੂੰ ਇਹ ਗੱਲ ਦੱਸ ਲਵਾਂ ਤੇ ਫੇਰ ਅੱਗੇ ਚਲਦੇ ਹਾਂ। ਸੱਜਣਾਂ ਗੁਰੂ ਨਾਨਕ ਦੇ ਘਰ ਵਿਚ ਜਿਹੜੀ ਵਿਲੱਖਣਤਾ ਸੀ ਉਹ ਇਹੋ ਈ ਸੀ ਕਿ ਇਥੇ ਵਿਤਕਰੇ ਨੂੰ ਚੌਂਕੇ ਵਿਚੋਂ ਬਹੁਕਰ ਦੇ ਕੇ ਬਾਹਰ ਸੁੱਟ ਦਿੱਤਾ ਸੀ। ਸਾਂਝੀਵਾਲਤਾ ਨੇ ਆਪਣੇ ਪਰਾਏ ਦਾ ਫ਼ਰਕ ਬਿਲਕੁਲ ਗੁਆ ਦਿੱਤਾ ਸੀ। ਚੌਂਕੇ ਦੀ ਮਾਲਕਣ, ਲੰਗਰ ਦੀ ਕੁੰਜੀ ਮਾਤਾ ਖੀਵੀ ਸੀ। ਜਿਹੜਾ ਸੁਪਨਾ ਮੇਰੇ ਗੁਰੂ ਨਾਨਕ ਨੇ ਵੇਖਿਆ ਸੀ, ਉਹਦੀ ਬੁਨਿਆਦ ਗੁਰੂ ਅੰਗਦ ਦੇਵ ਨੇ ਰੱਖ ਦਿੱਤੀ ਸੀ ਤੇ ਉਹ ਬੂਟਾ ਮਾਤਾ ਖੀਵੀ ਦੇ ਉਦਮ ਨਾਲ ਪਰਵਾਨ ਚੜ੍ਹ ਰਿਹਾ ਸੀ। ਓਸ ਦਿਨ ਮਾਤਾ ਖੀਵੀ ਨੇ ਆਪਣੇ ਰੋਜ਼ ਦੇ ਸੁਭਾਅ ਵਾਂਗੂੰ ਜਿਸ ਤਰ੍ਹਾਂ ਦਾ ਮਿੱਠਾ ਲੂਣਾ ਰੋਜ਼ ਬਣਦਾ ਸੀ ਓਸੇ ਤਰ੍ਹਾਂ ਦਾ ਈ ਅੱਜ ਬਣਾਇਆ। ਹਾਂ ਇਕ ਉਚੇਚ ਜ਼ਰੂਰ ਕੀਤੀ, ਤੁਸੀਂ ਪੁੱਛੋਗੇ ਉਹ ਕੀ? ਉਹ ਸੀ ਤਸਮਈ। ਆਖਰ ਕੁੜਮ ਸੀ, ਸ਼ਰਮ ਬਦੋਬਦੀ ਪੈ ਜਾਂਦੀ

ਏ । ਇਹਨੂੰ ਚੌਂਕੇ ਦਾ ਪ੍ਰਸ਼ਾਦ ਆਖ ਲਤੋ ਜਾਂ ਲੰਗਰ, ਪਹਿਲਾਂ ਵੀ ਹਿੰਦੂ ਸਮਾਜ ਵਿਚ ਲੰਗਰ ਵਰਤਦਾ ਸੀ, ਹਰ ਘਰ ਵਿਚ ਮੰਦਰ, ਵਿਚ, ਮੱਠ ਵਿਚ ਤੇ ਸਿਵਾਲਿਆਂ ਦੇ ਵਿਸ਼ਾਲ ਵਿਹੜਿਆਂ ਵਿਚ । ਇਹਨੂੰ ਲੰਗਰ ਨਹੀਂ ਬ੍ਰਹਮ ਭੋਜ ਆਖਿਆ ਜਾਂਦਾ ਸੀ ਪਰ ਨਾਨਕ ਦੇ ਪੈਰੋਕਾਰਾਂ ਇਹਦੀ ਰੂਪ ਰੇਖਾ ਬਦਲ ਦਿੱਤੀ ਸੀ । ਬ੍ਰਹਮ ਭੋਜ ਵਿਚ ਸਿਰਫ਼ ਬ੍ਰਾਹਮਣ ਜਾਂ ਸਵਰਨ ਹਿੰਦੂ ਪੂਰੀ ਪੰਗਤ ਵਿਚ ਬੈਠ ਸਕਦੇ ਸਨ ਪਰ ਮੇਰੇ ਗੁਰਾਂ ਨੇ ਨੀਵੀਂ ਤੇ ਉੱਚੀ ਜ਼ਾਤ ਨੂੰ ਇਕੱਠਾ ਬਿਠਾ ਦਿੱਤਾ ਸੀ ਇਕ ਪੰਗਤ ਵਿਚ ਤੇ ਉਹਨਾਂ ਦੇ ਦਿਲ ਵਿਚੋਂ ਵੈਰ ਵਿਰੋਧ ਦਾ ਚਿੱਕੜ ਕੱਢ ਲਾਂਭੇ ਮਾਰਿਆ ਸੀ । ਹਰ ਮਨੁੱਖ ਨੂੰ ਬੰਦਾ ਸਮਝਣ ਲੱਗ ਪਿਆ । ਇਸ ਤਰ੍ਹਾਂ ਲੋਕਾਂ ਰਲ ਮਿਲ ਕੇ ਬੈਠਣ ਦੀ ਜਾਚ ਸਿੱਖ ਲਈ । ਏਦਾਂ ਲੰਗਰ ਦਾ ਮੁੱਢ ਬੱਝਾ, ਭਾਵੇਂ ਅਕਾਰ ਛੋਟਾ ਈ ਸੀ ।

ਅਸੀਂ ਰਾਹ ਤੋਂ ਉੱਖੜ ਗਏ ਹਾਂ, ਗੱਲ ਅਸਾਂ ਹੋਰ ਛੋਹ ਲਈ ਤੇ ਹੋਰ ਈ ਲੈ ਬੈਠੇ ਹਾਂ । ਮਾਤਾ ਖੀਵੀ ਦੇ ਚੌਂਕੇ ਵਿਚ ਬੈਠ ਕੇ ਜਿਹੜਾ ਭੋਜਨ ਪਾ ਗਿਆ, ਸਮਝੋ ਚਰਨਾਮ੍ਰਿਤ ਲੈ ਲੈ ਲਿਆ, ਵਿਸ਼ਵ ਨਾਥ ਦੇ ਮੰਦਰ ਦਾ ।

ਸ਼ਬਦ ਦਾ ਲੰਗਰ ਅਤੁੱਟ ਵਰਤਦਾ, ਲੋਕ ਸਤਿਸੰਗ ਸੁਣਦੇ ਤੇ ਹੌਲੀ-ਹੌਲੀ ਸੰਗਤ ਦੀ ਪੈਂਠ ਬੱਝਣੀ ਸ਼ੁਰੂ ਹੋ ਗਈ । ਗੁਰੂ ਅੰਗਦ ਨੇ ਸੰਗਤ ਦੀ ਦੇਣ ਜ਼ਰੂਰ ਬਖ਼ਸ਼ੀ, ਪੰਥ ਨੂੰ ।

ਮਾਤਾ ਖ਼ੀਵੀ ਆਪਣੇ ਪਿਆਰ ਤੇ ਮੁਹੱਬਤ ਨਾਲ ਪ੍ਰਸ਼ਾਦ ਤਿਆਰ ਕਰਦੇ ਸਨ । ਖਾਣ ਵਾਲੇ ਨੂੰ ਦੁੱਧ ਦੇ ਘੁੱਟਾਂ ਦਾ ਸੁਆਦ ਆਉਂਦਾ ਸੀ । ਇਹ ਗੱਲ ਆਮ ਮਸ਼ਹੂਰ ਹੋ ਗਈ ਸੀ ਕਿ ਜਿਹੜਾ ਬੰਦਾ ਇਕ ਵੇਰ ਮਾਤਾ ਜੀ ਦੇ ਲੰਗਰ ਵਿਚੋਂ ਪ੍ਰਸ਼ਾਦ ਛਕ ਜਾਂਦਾ ਤੇ ਫੇਰ ਉਹਨੂੰ ਆਪਣੇ ਘਰ ਦੀ ਰੋਟੀ ਪਸੰਦ ਨਾ ਆਉਂਦੀ । ਪਸੰਦ ਆਵੇ ਵੀ ਕਿਵੇਂ ? ਜਿੱਥੇ ਦੁੱਧ ਦੀਆਂ ਨਹਿਰਾਂ ਵਗਦੀਆਂ ਹੋਣ ਓਥੇ ਗੜਵੀ ਦੁੱਧ ਦਾ ਕੀ ਮੁੱਲ ? ਤਸਮਈ, ਕੜਾਹ ਪ੍ਰਸ਼ਾਦ, ਸਰਗਲੇ, ਚੋਪੜੇ ਘਿਓ ਵਿਚ ਲੋਹ ਦੇ ਫੁਲਕੇ, ਉਂਗਲ-ਉਂਗਲ ਤਰਦਾ ਦਾਲ ਵਿਚ ਗੋਕਾ ਘਿਓ, ਸਬਜ਼ੀਆਂ ਵੰਨ-ਸੁਵੰਨੀਆਂ, ਜਿਹੜੀਆਂ ਅਜੇ ਕਿਸੇ ਨੇ ਅੱਖ ਮਲ ਕੇ ਨਾ ਵੇਖੀਆਂ ਹੋਣ, ਉਹ ਮਾਤਾ ਜੀ ਦੇ ਚੌਂਕੇ ਵਿਚ ਬਣਦੀਆਂ । ਆਮ ਸਧਾਰਨ ਬੰਦੇ ਦੇ ਘਰ ਵਿਚ ਇਹੋ ਜਿਹੀਆਂ ਨੇਹਮਤਾਂ ਮਿਲ ਈ ਨਹੀਂ ਸਕਦੀਆਂ । ਏਸ ਲਈ ਉਹਨਾਂ ਨੂੰ ਘਰ ਦੀ ਰੋਟੀ ਕਿਵੇਂ ਪਸੰਦ ਆਏ ? ਤਸਮਈ ਦੀਆਂ ਧੁੰਮਾਂ ਮੁਗ਼ਲ ਦਰਬਾਰ ਤਕ ਪੁੱਜ ਗਈਆਂ ਸਨ । ਇਕ ਹਾਕਮ ਨੇ ਖਡੂਰ ਵਿਚ ਰਾਤ ਕੱਟੀ । ਤੇ ਗੁਰੂ ਘਰ ਵਿਚ ਪ੍ਰਸ਼ਾਦ ਛਕਿਆ । ਬੱਸ ਫੇਰ ਕੀ ਸੀ, ਪਿਆ ਉਂਗਲਾਂ ਚੱਟਦਾ ਫਿਰੇ । ਜਦ ਉਹ ਲਾਹੌਰ ਪੁੱਜਾ ਤੇ ਰਾਤੀਂ ਘਰ ਦਸਤਰ ਖਾਨ ਤੇ ਬੈਠਾ ਪਹਿਲੀ ਬੁਰਕੀ ਕੀ ਲਈ, ਕੁਪੱਤ ਖੜਾ ਹੋ ਗਿਆ ਆਪਣੀ ਸੁਆਣੀ ਨਾਲ । ਚੰਗਾ ਜੁੱਤੀ ਖੋਸੜਾ ਹੋਇਆ । ਆਖ਼ਰ ਵਿਚ ਕਿਸੇ ਸਿਆਣੇ ਨੇ ਪੈ ਕੇ ਉਹਨਾਂ ਦਾ ਰਾਜ਼ੀਨਾਵਾਂ ਕਰਵਾਇਆ ਤੇ ਇਕ ਨੇ ਸੁਭਾਉਕੀ ਆਖਿਆ ਖ਼ਾਨ ਸਾਹਿਬ, ਤੁਸੀਂ ਕਿਤੇ ਖਡੂਰ ਤੋਂ ਤੇ ਨਹੀਂ ਹੋ ਕੇ ਆਏ ।

ਖ਼ਾਨ ਨੇ ਜੁਆਬ ਦਿੱਤਾ, ਰਾਤ ਤੇ ਓਥੇ ਈ ਕੱਟੀ ਸੀ ।

ਬੱਸ ਫੇਰ ਤੁਹਾਡਾ ਕੋਈ ਕਸੂਰ ਨਹੀਂ । ਇਹ ਖਡੂਰ ਦਾ ਈ ਕ੍ਰਿਸ਼ਮਾ ਏ ।

ਦੂਜੇ ਦਿਨ ਸੂਬੇ ਅੱਗੇ ਜਾ ਚੁਗਲੀ ਕੀਤੀ । ਸਾਡੇ ਹਰਮ ਤਸਮਈ ਜਿਹੀ ਨਾਯਾਬ ਨੇਹਮਤ ਤੋਂ ਕੋਰੇ ਹਨ ਤੇ ਇਹਨਾਂ ਫ਼ਕੀਰਾਂ ਦੇ ਡੇਰੇ ਇਹਦੀ ਕੋਈ ਗਿਣਤੀ ਈ ਨਹੀਂ । ਹਰ

ਬੰਦਾ ਖਾਂਦਾ ਏ ਕਟੋਰੇ ਭਰ ਭਰ। ਇਹ ਸੁਗਾਤਾਂ ਉਹਨਾਂ ਨੂੰ ਕਿੱਥੋਂ ਮੁਯੱਸਰ ਹੋ ਜਾਂਦੀਆਂ ਹਨ। ਪਾਰੋ ਡੱਲੇ ਨੇ ਜ਼ਰਾ ਕੂ ਸਾਹ ਲਿਆ।

—ਗੱਲ ਤੇ ਹੈਰਾਨੀ ਦੀ ਹੈ ਈ। ਉਹ ਹੈਰਾਨ ਨਾ ਹੋਣ ਤੇ ਹੋਰ ਕਰਨ ਵੀ ਕੀ? ਅੱਲਾ ਯਾਰ ਖ਼ਾਂ ਨੇ ਆਖਿਆ।

ਖੇਤੀ ਵਿਚੋਂ ਜੱਟ ਨੇ ਜਦ ਪਹਿਲੀ ਸਬਜ਼ੀ ਤੋੜੀ, ਕਿਸੇ ਅਨਾਜ ਨੂੰ ਘਰ ਆਂਦਾ, ਆਪ ਦੰਦੀ ਪਿਛੋਂ ਲਾਇਆ, ਪਹਿਲਾਂ ਗੁਰਾਂ ਦੀ ਨਜ਼ਰ ਕੀਤਾ। ਇਹਦੇ ਵਿਚ ਉਹ ਆਪਣਾ ਮਾਣ ਸਮਝਦੇ ਸਨ। ਸਾਰੇ ਪੰਜਾਬ ਵਿਚ ਇਹ ਰਿਵਾਜ, ਇਹ ਸ਼ਰਧਾ, ਇਹ ਪਿਆਰ ਤੇ ਵੰਡ ਖਾਣੀ ਦੀ ਆਦਤ ਹੌਲੀ-ਹੌਲੀ ਜੜ੍ਹ ਫੜਦੀ ਗਈ। ਗੁਰਾਂ ਦੀ ਨਜ਼ਰ ਜੋ ਕਿਸੇ ਕੋਲੋਂ ਸਰਦਾ ਬਣਦਾ, ਉਹ ਹਾਜ਼ਰ ਕਰਨਾ ਆਪਣਾ ਫ਼ਰਜ਼ ਸਮਝਦਾ ਤੇ ਗੁਰਾਂ ਦੀਆਂ ਅਸੀਸਾਂ ਲੈ-ਲੈ ਕੇ ਝੋਲੀਆਂ ਭਰ ਲੈਂਦਾ। ਇਹਦੇ ਵਿਚ ਮੁਸਲਮਾਨ ਸਭ ਤੋਂ ਅੱਗੇ ਸਨ, ਕਈ ਹਾਕਮ ਪਹਿਲ ਕਰਦੇ, ਕਈ ਕਾਜ਼ੀ ਚੋਰੀ ਛੁਪੇ ਕਿਸੇ ਦੂਜੇ ਦੇ ਹੱਥ ਭੇਜਦੇ ਰਸਦ ਪਾਣੀ, ਉਹ ਵੀ ਗੁਰੂ ਦੀਆਂ ਰਹਿਮਤਾਂ ਦੇ ਮਤਵਾਲੇ ਸਨ।

ਪੰਜਾਂ ਦਰਿਆਵਾਂ ਦੀ ਧਰਤੀ ਨੂੰ ਗੁਰਾਂ ਨੇ ਹਰ ਇਕ ਦੇ ਮਨ ਨੂੰ ਟੁੰਬ ਲਿਆ ਸੀ। ਹਰ ਬੰਦਾ ਜਿਹੜਾ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਛਿੱਟ ਵੀ ਪੀਂਦਾ ਉਹ ਗੁਰੂ ਦੇ ਦੁਆਰੇ ਦੀ ਧੂੜ ਦਾ ਚਾਹਵਾਨ ਸੀ।

ਸੰਗਤ ਤੇ ਉੱਭਰ ਕੇ ਸਾਹਮਣੇ ਆ ਗਈ ਤੇ ਪੰਗਤ ਹੌਲੀ-ਹੌਲੀ ਆਪਣਾ ਥਾਂ ਬਣਾਉਣ ਲੱਗ ਪਈ।

—ਮਾਤਾ ਖੀਵੀ ਨੇ ਆਪਣਾ ਉੱਦਮ ਜਾਰੀ ਰੱਖਿਆ। ਬੰਨ੍ਹ ਨੂੰ ਬੰਨ੍ਹਣ ਲਈ, ਸੰਗਤ ਤੇ ਪੰਗਤ ਦਾ। ਕਿੱਡੀ ਵੱਡੀ ਮਹਾਨ ਹਸਤੀ ਸੀ ਮਾਤਾ ਖੀਵੀ। ਆਵਾਜ਼ ਪਾਰੋ ਡੱਲੇ ਦੀ ਸੀ।

□□

੮

—'ਆਓ ਹੁਣ ਗੱਲ ਕਰੀਏ ਮਾਤਾ ਖੀਵੀ ਦੀ', ਆਖਣ ਲੱਗਾ ਪਾਰੋ ਡੱਲਾ।

—'ਤੁਸਾਂ ਮੇਰੇ ਮੂੰਹ ਦੀ ਗੱਲ ਖੋਹ ਲਈ ਏ, ਮੈਂ ਵੀ ਇਹੋ ਆਖਣ ਵਾਲਾ ਸਾਂ। ਕਿ ਤੁਸੀਂ ਮਹਾਨ ਹਸਤੀ ਬਾਰੇ ਕੁਝ ਆਪਣੇ ਵਿਚਾਰ ਦੱਸੋ ਤੇ ਮਾੜਾ ਜਿਹਾ ਚਾਨਣਾ ਪਾਓ ਤੇ ਮੇਰੀ ਦੁਨੀਆਂ ਸੌਰ ਜਾਏ।' ਅੱਲਾ ਯਾਰ ਖ਼ਾਂ ਦਾ ਇਕ ਤਰਲਾ ਸੀ।

—'ਮੇਰਾ ਖ਼ਿਆਲ ਏ ਕਿ ਬਾਉਲੀ ਤੋਂ ਇਸ਼ਨਾਨ ਕਰ ਕੇ ਫੇਰ ਈ ਨਿੱਠ ਕੇ ਬੈਠਾਂਗੇ, ਕਿਉਂ ਤੇਰਾ ਕੀ ਵਿਚਾਰ ਏ?'

—'ਜਦੋਂ ਤੁਹਾਡੇ ਨਾਲ ਫ਼ਕੀਰੀ ਜੋ ਲੈ ਲਈ ਫੇਰ ਸਲਾਹ ਦਾ ਕੀ ਕੰਮ? ਤੁਹਾਡਾ ਹੁਕਮ ਸਿਰ ਮੱਥੇ ਕਬੂਲ, ਅਸੀਂ ਤੇ ਪੂਰਨਿਆਂ ਤੇ ਚੱਲਣ ਵਾਲੇ ਬੰਦੇ ਆਂ।' ਅੱਲਾ ਯਾਰ ਖ਼ਾਂ ਦੀ ਆਵਾਜ਼ ਉੱਭਰੀ।

—ਦੋਵੇਂ ਚੱਲ ਪਏ ਬਾਉਲੀ ਵੱਲ। ਬਾਉਲੀ ਕੋਲ ਪੁੱਜ ਕੇ ਅੱਲਾ ਯਾਰ ਖ਼ਾਂ ਨੇ

ਆਖਿਆ, ਜੇ ਹੁਕਮ ਹੋਵੇ ਤਾਂ ਦਰਿਆ ਤੋਂ ਹੱਥ ਧੋ ਕੇ ਪਾਕ ਕਰ ਆਵਾਂ। ਮੈਂ ਬਾਉਲੀ ਦੀ ਅਜ਼ਮਤ ਤੋਂ ਵਾਕਫ਼ ਆਂ। ਏਸੇ ਲਈ ਮੈਂ ਏਦਾਂ ਸੋਚਿਆ ਏ।

—ਤੁਹਾਨੂੰ ਜੇ ਏਦਾਂ ਈ ਚੰਗਾ ਲਗਦੈ ਤਾਂ ਫੇਰ ਤੁਸੀਂ ਏਦਾਂ ਈ ਆਪਣਾ ਰਾਂਝਾ ਰਾਜ਼ੀ ਕਰ ਲਓ।

ਬੰਸਾਵਲੀਨਾਮੇ ਵਾਲੇ ਦਾ ਕਥਨ ਏ ਕਿ ਜਦ ਅੱਲਾ ਯਾਰ ਖ਼ਾਂ ਦਰਿਆ ਤੋਂ ਹੱਥ ਸੁੱਚੇ ਕਰਨ ਲੱਗਾ ਜਾਂ ਇਉਂ ਆਖ ਲਓ,ਵੁਜ਼ੂ ਕਰਨ ਬਹਿ ਗਿਆ ਦਰਿਆ ਕੰਢੇ 'ਤੇ ਉਹਦੇ ਹੱਥ ਵਿਚ ਫੜੀ ਤਸਬੀਹ ਦਰਿਆ ਦੇ ਰੋਹੜੂ ਪਾਣੀ ਵਿਚ ਰੁੜ੍ਹ ਗਈ। ਖ਼ਾਲੀ ਹੱਥ ਪਰਤਿਆ। ਚਿਹਰਾ ਉਤਰਿਆ ਵੇਖ ਕੇ ਪਾਰੋ ਡੱਲਾ ਆਖਣ ਲੱਗਾ :

—ਸੱਜਣਾ, ਮੈਨੂੰ ਤੁਹਾਡੇ ਚਿਹਰੇ ਦਾ ਰੰਗ ਫਿੱਕਾ-ਫਿੱਕਾ ਕਿਉਂ ਜਾਪਦਾ ਏ। ਜਦੋਂ ਤੁਸੀਂ ਦਰਿਆ ਵੱਲ ਜਾ ਰਹੇ ਸੋ, ਓਦੋਂ ਤੁਹਾਡੇ ਚਿਹਰੇ ਤੇ ਲਾਲੀਆਂ ਭਖਦੀਆਂ ਸਨ, ਬੋਲ ਪਾਰੋ ਡੱਲੇ ਦੇ ਸਨ।

—ਦਰਿਆ ਨੇ ਮੇਰੀ ਤਸਬੀਹ ਮੇਰੇ ਹੱਥੋਂ ਖੋਹ ਲਈ, ਮੈਨੂੰ ਏਸ ਗੱਲ ਦਾ ਅਫ਼ਸੋਸ ਏ, ਇਹ ਤਸਬੀਹ ਮੈਨੂੰ ਮੇਰੇ ਯਾਰ ਨੇ ਮੱਕੇ ਮਦੀਨੇ ਤੋਂ ਸੁਗਾਤ ਲਿਆ ਕੇ ਦਿੱਤੀ ਸੀ, ਮੈਨੂੰ ਬੜੀ ਪਿਆਰੀ ਸੀ ਇਹ, ਮੈਂ ਇਹਨੂੰ ਹਿੱਕ-ਨਾਲ ਲਾ-ਲਾ ਕੇ ਰੱਖਦਾ ਸੀ। ਤਸਬੀਹ ਬਹੁਤ ਕੀਮਤੀ ਏ, ਇਹਦਾ ਕੋਈ ਮੁੱਲ ਤਾਰ ਈ ਨਹੀਂ ਸਕਦਾ। ਮਿਲਣੀ ਤੇ ਮੁਸ਼ਕਲ ਹੈ ਈ, ਇਹ ਲੱਭਣੀ ਵੀ ਇਕ ਨਿਹਮਤ ਏ। ਮੈਨੂੰ ਕਿਸੇ ਕੀਮਤ ਤੇ ਹਿੰਦੋਸਤਾਨ ਵਿਚੋਂ ਨਹੀਂ ਮਿਲਣੀ।

—ਖ਼ੁਦਾ ਤੇ ਭਰੋਸਾ ਰੱਖ; ਉਹਦੇ ਹੱਥ ਬੜੇ ਲੰਮੇ ਨੇ।

ਆਖਦੇ ਹਨ ਕਿ ਜਦ ਅੱਲਾ ਯਾਰ ਖ਼ਾਂ ਨੇ ਬਾਉਲੀ ਵਿਚ ਚੁੱਭੀ ਮਾਰੀ ਤਾਂ ਉਹ ਤਸਬੀਹ ਉਹਦੇ ਹੱਥ ਨੂੰ ਛੋਹੀ, ਉਸ ਮਹਿਸੂਸ ਕੀਤਾ, ਉਸ ਉਹਨੂੰ ਫੜਨ ਦੀ ਕੋਸ਼ਿਸ਼ ਕੀਤੀ। ਪਹਿਲਾਂ ਤੇ ਉਹ ਹੱਥ ਨਾ ਆਈ,ਪਰ ਜਦੋਂ ਦੂਜੀ ਚੁੱਭੀ ਮਾਰੀ ਤਾਂ ਉਹ ਉਹਦੇ ਹੱਥਾਂ ਵਿਚ ਸੀ। ਉਸ ਵੇਖੀ, ਪਛਾਣੀ ਤੇ ਨੀਝ ਲਾ ਕੇ ਪਰਖੀ, ਉਹੋ ਤਸਬੀਹ, ਉਹੋ ਮਣਕੇ, ਉਹੋ ਰੰਗ ਰੂਪ, ਹੱਕਾ-ਬੱਕਾ ਹੋ ਕੇ ਨਿਕਲਿਆ ਅੱਲਾ ਯਾਰ ਖ਼ਾਂ।

—ਕੀ ਗੱਲ ਏ ? ਕੀ ਲੱਭਾ ਈ, ਬੜਾ ਖ਼ੁਸ਼-ਖ਼ੁਸ਼ ਏਂ ?

—ਗੁਆਚੀ ਤਸਬੀਹ ਮਿਲ ਗਈ।

—ਕਿੱਥੋਂ ?

—ਬਾਉਲੀ ਵਿਚੋਂ।

—ਗੁਆਚੀ ਦਰਿਆ ਵਿਚ ਤੇ ਮਿਲੀ ਬਾਉਲੀ ਵਿਚੋਂ ?

—ਏਸੇ ਕ੍ਰਿਸ਼ਮੇ ਬਾਰੇ ਸੋਚ ਰਿਹਾ ਹਾਂ।

ਇਕ ਚੁੱਭੀ ਹੋਰ ਮਾਰੀ, ਅੱਲਾ ਯਾਰ ਖ਼ਾਂ ਨੇ ਹੀਆ ਕੀਤਾ ਚੁੱਭੀ ਮਾਰਨ ਦਾ। ਜਦ ਚੁੱਭੀ ਮਾਰ ਕੇ ਬਾਹਰ ਮੂੰਹ ਕੱਢਿਆ ਤਾਂ ਅੱਲਾ ਯਾਰ ਦੇ ਹੱਥ ਵਿਚ ਇਕ ਮਾਲਾ ਸੀ।

—ਇਹ ਮਾਲਾ ਕਿੱਥੋਂ ਆ ਗਈ ?

—ਜਿੱਥੋਂ ਤਸਬੀਹ ਆਈ ਸੀ।

—ਬਾਊਲੀ ਤੇ ਪਾਠ ਕਰਨ ਵਾਲਾ ਆਪਣੀ ਚੁਰਾਸੀ ਕੱਟ ਸਕਦਾ ਏ, ਕੀ ਬਾਊਲੀ ਤੈਨੂੰ ਤਸਬੀਹ ਨਹੀਂ ਦੇ ਸਕਦੀ।

—ਮਾਲਾ ਤੇ ਤਸਬੀਹ ਦੇ ਇਕੋ ਜਿਹੇ ਮਣਕੇ ਹਨ। ਰਾਮ ਤੇ ਰਹੀਮ ਤੇ ਗੁਰੂ ਵਿਚ ਕੋਈ ਫਰਕ ਨਹੀਂ। ਅੱਲਾ ਦੀਆਂ ਬਰਕਤਾਂ ਅੱਲਾ ਈ ਜਾਣੇ।

□□

੯

ਮਾਤਾ ਖੀਵੀ ਦਾ ਜਨਮ ਬਾਂਸਰਕੇ ਦੇ ਪਿੰਡ ਸੰਘਰ ਵਿਚ ਭਾਈ ਦੇਵੀ ਚੰਦ ਦਾ ਖੱਤਰੀ ਦੇ ਘਰ ਹੋਇਆ। ਚਾਰੇ ਬਾਹਰੇ ਵਿਚ ਸ਼ਾਹੂਕਾਰੀ ਸੀ। ਸਾਰੀ ਮੱਲ-ਗੁਜ਼ਾਰ ਪਾਣੀ ਭਰਦੀ ਸੀ, ਸ਼ਾਹ ਦੇਵੀ ਚੰਦ ਦਾ। ਕੋਈ ਉਭਾਸਰਦਾ ਨਹੀਂ ਸੀ ਸ਼ਾਹ ਅੱਗੇ।

ਮਾਈ ਵੀਰਾਈ ਚੌਧਰੀ ਤਖ਼ਤ ਮੱਲ ਮੱਤੇ ਦੀ ਸਰਾਂ ਵਾਲੇ ਦੀ ਪੁੱਤਰੀ ਸੀ। ਮਾਤਾ ਖੀਵੀ ਦਾ ਰਿਸ਼ਤਾ ਜੋੜ ਦਿੱਤਾ ਭਾਈ ਲਹਿਣੇ ਨਾਲ। ਮਾਤਾ ਜੀ ਦਾ ਵਿਆਹ ੧੫੧੯ ਈਸਵੀ ਵਿਚ ਹੋਇਆ। ਚੌਧਰੀ ਤਖ਼ਤ ਮੱਲ ਵੀ ਨੌਕਰੀ ਕਰਦੇ ਸਨ, ਬਾਬਾ ਫੇਰੂ ਦੇ ਘਰ। ਪਿਆਰ ਵਿਚ ਮਾੜੀ ਜਿਹੀ ਤਰੇੜ ਆਈ ਤੇ ਚੌਧਰੀ ਨੇ ਨੌਕਰੀ ਤੋਂ ਜੁਆਬ ਦੇ ਦਿੱਤਾ। ਹੁਣ ਕੀ ਬਣੇ? ਭਾਈ ਦੇਵੀ ਚੰਦ ਨੇ ਆਖਿਆ ਚਲੋ ਸੰਘਰ ਤੇ ਓਥੇ ਜਾ ਕੇ ਸੋਚਾਂਗੇ। ਬਾਬਾ ਫੇਰੂ ਨੇ ਲਹਿਣਾ ਜੀ ਨੂੰ ਇਕ ਵਾਰ ਫੇਰ ਰਾਸ ਪਾ ਕੇ ਦਿੱਤੀ, ਪੁਰਾਣਾ ਸੰਬੰਧ ਸੀ, ਪਿਆਰ ਸੀ, ਤੇ ਹਰੀਕੇ ਪੱਤਣ ਦੁਕਾਨ ਜਾ ਖੋਲ੍ਹੀ। ਬਾਬਾ ਫੇਰੂ ਨੇ ਸਿਰ ਤੇ ਹੱਥ ਰੱਖਿਆ, ਪਹਿਲੇ ਸਾਲ ਚੱਟੀ, ਦੂਜੇ ਸਾਲ ਹੱਟੀ ਤੇ ਤੀਜੇ ਸਾਲ ਖੱਟੀ। ਜਦ ਹੱਟੀ ਭਰ ਜੋਬਨ ਤੇ ਆਈ ਤੇ ਮਨ ਉਦਾਸ ਹੋ ਗਿਆ, ਬਾਬਾ ਫੇਰੂ ਦਾ। ਚੌਧਰੀ ਦੇਵੀ ਚੰਦ ਨੂੰ ਹੱਟੀ ਸੰਭਾਲ ਦਿੱਤੀ। ਅਜਿਹਾ ਮਨ ਚੁੱਕਿਆ ਹੱਟੀ ਵੇਚ ਵੱਟ ਕੇ ਰਕਮ ਦੇਵੀ ਚੰਦ ਦੀ ਝੋਲੀ ਪਾਈ ਤੇ ਆਖਿਆ, ਲੈ ਭਾਈ ਹੁਣ ਤੂੰ ਜਾਣ ਤੇ ਤੇਰਾ ਕੰਮ, ਅਸੀਂ ਤੇ ਰਮਤੇ ਭਏ ਅਤੇ ਆਪ ਮੁੱਘੜ ਮਾਰਿਆ ਤੇ ਖਡੂਰ ਆਣ ਕੇ ਦਮ ਲਿਆ।

ਕਾਰ ਵਿਹਾਰ ਖਡੂਰ ਵਿਚ ਅਰੰਭ ਲਿਆ, ਦੁਕਾਨ ਪਾਉਣੀ ਸੀ, ਪਾਈ। ਦਿਨਾਂ ਵਿਚ ਈ ਦੁਕਾਨ ਚੱਲ ਪਈ। ਇਕ ਈ ਵਰ੍ਹਾ ਬੀਤਿਆ ਹੋਣਾ ਏ ਕਿ ਬਾਬਾ ਫੇਰੂ ਰੱਬ ਨੂੰ ਪਿਆਰੇ ਹੋ ਗਏ ਤੇ ਜਾਂਦੇ ਕੁੰਜੀ ਲਹਿਣਾ ਜੀ ਨੂੰ ਦੇ ਗਏ। ਸਾਰੀ ਜ਼ਿੰਮੇਂਦਾਰੀ, ਲੈਣ-ਦੇਣ ਦੀ ਪੰਡ ਲਹਿਣੇ ਦੇ ਸਿਰ ਆਣ ਪਈ। ਕਰੜਾ ਸਰੀਰ ਸੀ, ਰੱਜ ਕੇ ਮਿਹਨਤ ਮਾਰੀ। ਲਹਿਰਾਂ-ਬਹਿਰਾਂ ਹੋ ਗਈਆਂ। ਦਿਨ ਦੀ ਵਟਕ ਨਾਲ ਗੁੱਥੀ ਭਰ ਜਾਂਦੀ। ਭਾਈ ਲਹਿਣੇ ਨੂੰ ਲੋਕ ਦੂਰ-ਦੂਰ ਤਕ ਜਾਨਣ ਲੱਗ ਪਏ।

ਬਾਬਾ ਫੇਰੂ ਸਿਰਫ਼ ਦੇਵੀ ਦਾ ਈ ਭਗਤ ਨਹੀਂ ਸੀ, ਸਗੋਂ ਹਰ ਸਾਲ ਪਹਾੜਾਂ ਵਾਲੀ ਦੇ ਦਰਸ਼ਨਾਂ ਨੂੰ ਜਾਂਦਾ, ਭੇਟਾਂ ਚੜ੍ਹਦਾ, ਜਗਰਾਤੇ ਕਰਾਉਂਦਾ, ਜੈ ਮਾਤਾ, ਜੈ ਮਾਤਾ ਦੀ ਆਖਦਾ ਵੈਸ਼ਨੋ ਦੇਵੀ ਪੁੱਜ ਜਾਂਦਾ। ਸੰਗ ਨਾਲ ਤੁਰਦਾ ਤੇ ਸੰਗਤ ਦੀ ਦੇਖ-ਭਾਲ ਦਾ

ਜ਼ਿੰਮੇਦਾਰ ਵੀ ਬਾਬਾ ਫੇਰੂ ਸੀ। ਭਗਤਾਂ ਦੀ ਮੰਡਲੀ ਹਰ ਸਾਲ ਵੈਸ਼ਨੋ ਜਾਂਦੀ, ਕੰਜਕਾਂ ਬਿਠਾ ਕੇ ਮੁੜਦੇ ਭਗਤ।

—ਮਾਤਾ ਪਰ ਪੂਤ ਪਿਤਾ ਪਰ ਘੋੜਾ, ਬਹੁਤਾ ਨਹੀਂ ਪਰ ਥੋਹੜਾ ਥੋਹੜਾ। ਪਿਤਾ ਦੇ ਚਲਾਣੇ ਤੋਂ ਬਾਅਦ ਪੁੱਤ ਵੀ ਪਿਓ ਦੇ ਪਾਏ ਪੂਰਨਿਆਂ ਤੇ ਤੁਰ ਪਿਆ। ਭਾਈ ਲਹਿਣੇ ਨੇ ਵੀ ਆਪਣੇ ਵੇਲੇ ਜੱਥੇਦਾਰੀ ਖ਼ੂਬ ਕਮਾਈ ਤੇ ਖ਼ੂਬ ਨਾਮਣਾ ਖੱਟਿਆ।

ਜਗਰਾਤੇ ਕਰਾਉਣੇ, ਭੇਟਾ ਪੜ੍ਹਨੀਆਂ, ਪੜ੍ਹਾਉਣੀਆਂ, ਜੱਗ ਕਰਾਉਣੇ ਜ਼ਿੰਦਗੀ ਦਾ ਇਕ ਹਿੱਸਾ ਬਣ ਗਏ ਸਨ, ਭਾਈ ਲਹਿਣਾ ਦੇ।

ਜਦੋਂ ਕਿਸੇ ਬੰਦੇ ਦੀ ਕਾਇਆ ਪਲਟਦੀ ਏ, ਸਾਧਨ ਆਪੇ ਬਣ ਜਾਂਦੇ ਹਨ। ਇਹੋ ਜਿਹੇ ਲੋਕ ਉਹਦੇ ਨਾਲ ਆਪੇ ਜੁੜ ਜਾਂਦੇ ਹਨ ਜਿਨ੍ਹਾਂ ਨੇ ਉਹਦੀ ਤਕਦੀਰ ਪਲਟਣੀ ਹੋਵੇ।

ਇਕ ਵਾਰ ਦੀ ਗੱਲ ਏ, ਭਾਈ ਜੋਧ ਜੀ ਖਡੂਰ ਵਿਚ ਆਏ ਹੋਏ ਸਨ, ਬੜੇ ਸੁਰੀਲੇ, ਆਵਾਜ਼ 'ਚ ਸੋਜ਼, ਆਵਾਜ਼ 'ਚ ਲਚਕ, ਮਿਠਾਸ ਤੇ ਕੁੱਟ-ਕੁੱਟ ਕੇ ਭਰੀ ਹੋਈ ਸੀ ਉਹਨਾਂ ਦੇ ਕੰਠ ਵਿਚ।

ਆਪਣੀ ਸੁਰ ਵਿਚ ਜਦੋਂ ਉਹ ਗੁਰੂ ਨਾਨਕ ਦੀ ਬਾਣੀ ਪੜ੍ਹਦੇ, ਆਪ ਤੇ ਵਜਦ ਵਿਚ ਆ ਹੀ ਜਾਂਦੇ ਸਨ ਪਰ ਸੁਣਨ ਵਾਲਿਆਂ ਨੂੰ ਵੀ ਹੁਲਾਰੇ ਦੇ-ਦੇ ਕੇ ਝੂਮਣ ਤੇ ਮਜਬੂਰ ਕਰ ਦੇਂਦੇ। ਬਾਣੀ ਸੁੱਤੀਆਂ ਰੂਹਾਂ ਜਗਾ ਦੇਂਦੀ ਏ। ਬਾਣੀ ਸੁਣ ਕੇ ਰੂਹ ਖਿੜ ਜਾਂਦੀ। ਬੰਦਾ ਮਸਤ ਹੋ ਜਾਂਦਾ, ਜਿੱਦਾਂ ਬੀਨ ਮਸਤ ਕਰ ਦੇਵੇ ਸੱਪ ਨੂੰ।

—ਇਹ ਬਾਣੀ ਕਿਹਦੀ ਏ? ਆਖਣ ਲੱਗੇ ਭਾਈ ਲਹਿਣਾ ਭਾਈ ਜੋਧ ਨੂੰ।

—ਗੁਰੂ ਨਾਨਕ ਦੀ।

—ਕਿੱਥੇ ਰਹਿੰਦਾ ਏ ਗੁਰੂ ਨਾਨਕ?

—ਕਰਤਾਰਪੁਰ।

ਇਕ ਜੋਤ ਜਗ ਪਈ ਹਨੇਰੇ ਮਨ ਅੰਦਰ।

□□

੧੦

ਹੱਟੀ ਨੂੰ ਜੰਦਰਾ ਮਾਰਿਆ, ਰੋਟੀ ਪੱਲੇ ਬੰਨ੍ਹੀ, ਖੇਸ ਦੀ ਬੁੱਕਲ ਮਾਰੀ, ਜੁੱਤੀ ਹੱਥ ਵਿਚ ਫੜ ਲਈ, ਘਰ ਦਿਆਂ ਨੂੰ ਦੱਸਿਆਂ ਤੋਂ ਬਗ਼ੈਰ ਕਰਤਾਰਪੁਰ ਦੀ ਡੰਡੀ ਪੈ ਗਏ। ਸਾਹ ਲੈ-ਲੈ ਕੇ ਪੈਂਡੇ ਦਾ ਲੱਕ ਭੰਨਿਆ। ਮੰਜ਼ਲ ਭਾਵੇਂ ਦੁਰਾਡੀ ਸੀ, ਪੈਂਡਾ ਲੰਮਾ ਸੀ, ਪਰ ਉਦਮ ਅੱਗੇ ਸਫ਼ਰ ਨੇ ਕੀ ਅਟਕਣਾ ਸੀ? ਭਾਵੇਂ ਕਈਆਂ ਰਾਹੀਆਂ ਦੀ ਰਾਹ ਵਿਚ ਹੀ ਪੌਂ ਬੋਲ ਗਈ ਪਰ ਭਾਈ ਲਹਿਣੇ ਨੇ ਸਿਰ ਤੇ ਮੜਾਸਾ ਬੰਨ੍ਹਿਆ ਹੋਇਆ ਸੀ। ਪੋਲ-ਪੋਲੇ ਤੁਰ ਕੇ ਉਸ ਹਿੰਮਤ ਕੀਤੀ ਤੇ ਮੰਜ਼ਲ ਮਾਰ ਗਿਆ। ਜਦ ਕਰਤਾਰਪੁਰ ਦੀਆਂ ਚਥੁਰਜੀਆਂ ਨਜ਼ਰ ਆਉਣ ਲੱਗ ਪਈਆਂ ਇਕ ਖੂਹ ਤੇ ਸਾਹ ਲੈਣ ਲਈ ਬਹਿ ਗਏ। ਜ਼ਰਾ ਕੁ ਦਮ

ਮਾਰਿਆ, ਸਾਹ ਕੱਢਿਆ, ਹੱਥ ਮੂੰਹ ਧੋਤਾ ਤੇ ਸੋਮਣ ਹੋਏ। ਥਕਾਵਟ ਉਤਰੀ ਤਾਂ ਖੂਹ ਵਾਲੇ ਨੂੰ ਪੁੱਛਿਆ, ਸੰਤਾ ! ਅਸਾਂ ਗੁਰੂ ਨਾਨਕ ਦੇ ਘਰ ਜਾਣਾ ਏ। ਅੱਗੋਂ ਖੂਹ ਵਾਲਾ ਬੋਲਿਆ, ਨਾਨਕ ਤਪੇ ਦੇ ਕਿ ਨਾਨਕ ਪਟਵਾਰੀ ਦੇ। ਨਾ ਨਾ ਭਈ, ਅਸਾਂ ਪਟਵਾਰੀਆਂ ਤੋਂ ਕੀ ਲੈਣਾ ਏ, ਅਸਾਂ ਕੋਈ ਪੈਲੀਆਂ ਬੰਨ੍ਹਣਾ ਕਢਾਉਣੀਆਂ ਨੇ। ਸਾਨੂੰ ਤੇ ਰਾਹ ਦੱਸ ਨਾਨਕ ਤਪੇ ਦੇ ਘਰ ਦਾ।

—ਘਰ ਦਾ ਟਿਕਾਣਾ ਤੇ ਮੈਂ ਜਾਣਦਾ ਨਹੀਂ ਪਰ ਧਰਮਸਾਲਾ ਦਾ ਡੇਰਾ ਮਾਲੂਮ ਏ। ਮੈਂ ਵੀ ਵੇਖਿਆ ਏ ਤੇ ਲੋਕ ਵੀ ਦੱਸਦੇ ਨੇ ਕਿ ਨਾਨਕ ਓਥੇ ਈ ਰਹਿੰਦਾ ਏ। ਉਹਦਾ ਉਹੋ ਈ ਘਰ ਬਾਰ ਏ। ਓਹੋ ਚੁਬਾਰਾ ਤੇ ਓਥੇ ਈ ਮਾੜਾ ਮੋਟਾ ਜਿਹਾ ਲੰਗਰ ਵੀ ਚਲਦਾ ਏ। ਜਿਹੜਾ ਪਦਾਰਥ ਕੋਈ ਮੰਗੇ ਉਹਨੂੰ ਓਥੋਂ ਈ ਮਿਲ ਜਾਂਦਾ ਏ। ਸਿਆਣੇ ਆਖਦੇ ਨੇ ਜਦੋਂ ਦਾ ਨਾਨਕ ਮੱਕੇ ਤੋਂ ਹੋ ਕੇ ਆਇਆ ਏ ਤੇ ਜਦੋਂ ਦਾ ਧਰਮਸਾਲਾ ਵਿਚ ਓਸ ਡੇਰਾ ਮੱਲਿਆ ਏ, ਅਜਿਹਾ ਆਸਣ ਜਮਾ ਕੇ ਬੈਠਾ ਏ, ਕੋਈ ਰੱਬੀ ਕਰਾਮਾਤ ਈ ਉਹਦੇ ਹੱਥ ਵਿਚ ਆ ਗਈ ਏ, ਜੋ ਕੁਝ ਮੂੰਹੋਂ ਕੱਢਦਾ ਏ, ਝੱਟ ਪੂਰੀ ਹੋ ਜਾਂਦੀ ਏ। ਪਤਾ ਨਹੀਂ ਅਲਾਦੀਨ ਦਾ ਚਿਰਾਗ ਕਿੱਥੋਂ ਲੈ ਆਇਆ ਏ ? ਅਵਾਜ਼ ਖੂਹ ਵਾਲੇ ਦੀ ਸੀ।

—ਮੈਂ ਵੀ ਐਨਾ ਪੰਧ ਕੱਢ ਕੇ ਸਿਰਫ਼ ਇਹੋ ਵੇਖਣ ਆਇਆ ਹਾਂ ਕਿ ਉਹ ਅਲਾਦੀਨ ਦਾ ਚਿਰਾਗ ਕੀ ਐ ? ਹੈ ਵੀ ਕਿ ਐਵੇਂ ਲੋਕ ਝੂਠ ਈ ਆਖਦੇ ਹਨ ? ਲਹਿਣੇ ਨੇ ਆਖਿਆ।

—ਉਹ ਕਿਸੇ ਨੂੰ ਚਿਰਾਗ਼ ਦੇ ਦਰਸ਼ਨ ਨਹੀਂ ਕਰਾਉਂਦਾ। ਚਿਰਾਗ ਸੁਣਿਆ ਸਾਰੇ ਪਿੰਡ ਨੇ ਐ ਤੇ ਵੇਖਿਆ ਕਿਸੇ ਇਕ ਨੇ ਵੀ ਨਹੀਂ। ਉਹ ਆਪਣੀ ਗੋਦੜੀ ਵਿਚੋਂ ਕੋਠੜੀ ਵਿਚ ਜਾ ਕੇ ਸ਼ਕਤੀ ਪਦਾਰਥ ਖੁਆ ਸਕਦਾ ਏ। ਸਾਰਾ ਪਿੰਡ ਹੈਰਾਨ ਏ, ਕੋਈ ਕੰਮ ਨਹੀਂ, ਕਾਜ ਨਹੀਂ, ਖੇਤੀ ਨਹੀਂ, ਬਾੜੀ ਨਹੀਂ, ਮੱਝ ਨਹੀਂ, ਕੱਟਾ ਨਹੀਂ, ਏਨੇ ਪਦਾਰਥ ਆਉਂਦੇ ਕਿੱਥੋਂ ਨੇ ? ਖਾਣ ਵਾਲਾ ਇਕ ਜਣਾ ਹੋਵੇ, ਦੋ ਹੋਣ, ਪੰਜ ਹੋਣ, ਵੀਹ ਆ ਜਾਣ, ਸਾਰੇ ਢਿੱਡ ਭਰ ਕੇ ਉੱਠਦੇ ਹਨ ਤੇ ਫੇਰ ਵੀ ਬਚ ਰਹੇ, ਏਸ ਗੱਲ ਦੇ ਚਰਚੇ ਹਨ। ਇਹ ਕੋਈ ਰਾਜ਼ ਅਜੇ ਤੱਕ ਨਹੀਂ ਜਾਣ ਸਕਿਆ। ਤੂੰ ਚੱਲਿਆ ਏਂ ਸੰਤਾ ਤੇ ਤੇਰੇ ਕੰਨ ਵਿਚ ਓਸ ਐਸੀ ਫੂਕ ਮਾਰਨੀ ਏ ਕਿ ਫੇਰ ਤੂੰ ਨਾ ਘਰ ਦਾ ਰਹਿਣਾ ਏ ਤੇ ਨਾ ਘਾਟ ਦਾ। ਜਿਹੜਾ ਉਹਦੀ ਵਹਿਣੀ ਵਹਿ ਗਿਆ, ਉਹ ਆਪਣੇ ਤੋਂ ਵੀ ਗਿਆ ਤੇ ਜਹਾਨੋਂ ਵੀ, ਉਹਨੂੰ ਫੇਰ ਘਰੋਂ ਜੁਆਬ। ਨਾ ਉਹਨੂੰ ਬਰਾਦਰੀ ਝੱਲੇ ਤੇ ਨਾ ਆਪਣਾ ਕਬੀਲਾ। ਸੱਜਣਾ ਸੋਚ ਸਮਝ ਕੇ ਖੂਹ ਤੋਂ ਪੈਰ ਪੁੱਟੀਂ। ਵੇਖ ਲੈ ਸੋਚ ਲਈਂ ਅਸੀਂ ਤੇ ਤੇਰੇ ਭਲੇ ਦੀ ਗੱਲ ਕਰਦੇ ਹਾਂ। ਘਰ ਵਾਲਿਆਂ ਨੂੰ ਅੰਨ-ਦਾਣਾ ਪਾ ਕੇ ਦੇ ਆਇਐਂ। ਤੇਰੀਆਂ ਭੜੋਲੀਆਂ ਵਿਚ ਸਾਲ ਦੇ ਦਾਣੇ ਹੈ ਨੀਂ ? ਤੇ ਫੇਰ ਭਾਵੇਂ ਚਲਿਆ ਜਾ ਨਹੀਂ ਤੇ ਮੁੜ ਜਾ ਪਿਛਲੇ ਪੈਰੀਂ, ਮੈਂ ਇਹ ਵੀ ਸੁਣਿਆ ਏ ਕਿ ਉਹ ਨਾ ਕਿਸੇ ਨੂੰ ਚੇਲਾ ਮੰਨਦਾ ਏ ਤੇ ਨਾ ਕਿਸੇ ਦੇ ਕੰਨ ਪਾੜ ਕੇ ਮੁੰਦਰਾਂ ਈ ਪਾਉਂਦਾ ਏ। ਪਰ ਓਥੇ ਜਿਹੜਾ ਗਿਆ ਉਹਦਾ ਸੇਵਕ ਹੋ ਗਿਆ, ਅਜੇ ਤਕ ਪਿੰਡ ਨੂੰ ਇਹ ਪਤਾ ਨਹੀਂ ਲੱਗਾ ਕਿ ਉਹਦਾ ਵੱਡਾ ਸੇਵਕ ਕੌਣ ਏ ? ਡੇਰੇ ਦੇ ਸਾਰੇ ਦੇ ਸਾਰੇ ਸੇਵਕ ਬਣੀ ਬੈਠੇ ਹਨ, ਸਾਰੇ ਹੀ ਵੱਡੇ ਹਨ, ਕੋਈ ਛੋਟਾ ਨਹੀਂ, ਉਹਦਾ ਕੋਈ ਵੱਖਰਾ ਈ ਪੰਥ ਏ ਤੇ ਵੱਖਰੀ ਜਿਹੀ ਬਾਣੀ ਏ, ਨਿਰਾਲੀ ਜਿਹੀ ਸੁਰ ਏ। ਨਾ ਉਹ

ਹਿਦੂ ਤੇ ਨਾ ਮੁਸਲਮਾਨ। ਜੇ ਕੋਈ ਪੁੱਛ ਵੀ ਬੈਠੇ ਤੇ ਆਖ ਦੇਂਦਾ ਏ, "ਪੰਜ ਤਤ ਕਾ ਪੁਤਲਾ, ਨਾਨਕ ਮੇਰਾ ਨਾਂ" ਇਹ ਵਿਚਾਰ ਸਨ ਖੂਹ ਵਾਲੇ ਦੇ।

—ਮੈਂ ਵੀ ਤੇ ਇਹੋ ਲੱਭਣ ਆਇਆ ਹਾਂ, ਇਹੋ ਗੱਲ ਘੋਖਣੀ ਏ ਓਥੇ ਜਾ ਕੇ।

—ਤਾਂ ਫੇਰ ਪੈਂਡਾ ਖੋਟਾ ਨਾ ਕਰ। ਨੱਕ ਦੀ ਸੇਧੇ ਤੁਰਿਆ ਜਾ, ਬਿਲਕੁਲ ਸਾਹਮਣੇ ਧਰਮਸਾਲਾ ਈ।

—ਅਜੇ ਤੂੰ ਦਰਸ਼ਨ ਨਹੀਂ ਕੀਤੇ, ਨਾਂ ਈ ਸੁਣ ਕੇ ਸਿਰ ਫਿਰ ਗਿਆ ਏ ਮੇਰੀ ਜਾਚੇ ਕੋਈ ਚੁਟਕੀ ਏ ਉਹਦੇ ਕੋਲ ਜਿਹੜਾ ਜਾਂਦਾ ਏ ਉਹਦੇ ਸਿਰ ਤੇ ਧੂੜ ਦੇਂਦਾ ਏ, ਅਸਾਂ ਕੀ ਲੈਣਾ ਏ ? ਉਹਦੀ ਮਾਇਆ ਓਹੋ ਈ ਜਾਣੇ, ਅਵਾਜ ਖੂਹ ਵਾਲੇ ਦੀ ਸੀ।

—ਅੱਗੋਂ ਭਾਈ ਲਹਿਣਾ ਆਖਣ ਲੱਗਾ, ਅਵੱਲੜੇ ਪੈਂਡੇ ਹਨ ਇਸ਼ਕ ਦੇ, ਆਮ ਬੰਦਿਆਂ ਲਈ ਇਹ ਸਮਝਣੇ ਮੁਸ਼ਕਲ ਹਨ। ਚੰਗਾ ਗੁਰੂ ਰਾਖਾ।

ਪਹਿਲੀ ਨਜ਼ਰ ਵਿਚ ਈ ਮੋਹਿਤ ਹੋ ਗਏ। ਭਾਈ ਲਹਿਣਾ। ਸ਼ਾਂਤੀ ਆਈ, ਧੀਰਜ ਬੱਝੀ, ਅੱਖਾਂ ਨੂਟੀਆਂ ਤੇ ਅਕਾਲ ਪੁਰਖ ਦਾ ਮਿਹਰਾਂ ਦਾ ਹੱਥ ਆਪਣੇ ਸਿਰ ਤੇ ਫਿਰਦਾ ਵੇਖਿਆ। ਬੱਸ ਓਥੋਂ ਜੋਗੇ ਈ ਹੋ ਗਏ। ਘਰ ਦਾ ਲਾਕਾ ਦੇਕਾ ਛੱਡਿਆ, ਕੋਈ ਸੁਨੇਹਾ ਨਾ ਭੇਜਿਆ, ਕੋਈ ਚਿੱਠੀ ਨਾ ਦਿੱਤੀ, ਭਟਕਣਾ ਮੁੱਕ ਗਈ, ਠੰਢ ਪੈ ਗਈ ਕਲੇਜੇ। ਡੇਰੇ ਸੱਜਣਾਂ ਦੇ ਪਲੰਘ ਵਿਛਾ ਲਿਆ। ਧੂਣੀ ਰਮਾ ਬੈਠੇ ਸੱਜਣ ਦੇ ਬੂਹੇ ਅੱਗੇ।

□□

੧੧

ਵੈਸ਼ਨੋ ਦੇਵੀ ਦੇ ਦਰਸ਼ਨ ਕਰ ਕੇ ਜੱਥਾ ਘਰ ਮੁੜ ਆਇਆ ਤੇ ਸਾਰੇ ਆਪੋ ਆਪਣੇ ਘਰੀਂ ਚਲੇ ਗਏ। ਭਾਈ ਲਹਿਣਾ ਘਰ ਨਾ ਪੁੱਜਾ। ਘਰਦਿਆਂ ਦਾ ਖ਼ਿਆਲ ਸੀ ਕਿ ਭਾਈ ਲਹਿਣਾ ਜੱਥੇ ਦੇ ਨਾਲ ਗਏ ਹਨ। ਚਿੰਤਾ ਹੋਈ, ਸੋਚਾਂ ਪਈਆਂ, ਵਿਚਾਰਾਂ ਕੀਤੀਆਂ, ਪਰ ਕੁਝ ਅਹੁੜੇ ਨਾ। ਮਾਤਾ ਖੀਵੀ ਨੇ ਗੁਆਂਢੀਆਂ ਤੋਂ ਪੁੱਛਿਆ ਤੇ ਇਕ ਗੁਆਂਢਣ ਆਖਣ ਲੱਗੀ, ਭਾਈ ਜੀ ਜੱਥੇ ਦਾ ਸਾਥ ਛੱਡ ਗਏ ਸਨ। ਮੇਰੇ ਘਰ ਵਾਲੇ ਨੇ ਦੱਸਿਆ ਏ ਤੇ ਮੈਂ ਹੋਰ ਵੀ ਕਿਸੇ ਕੋਲੋਂ ਸੁਣਿਆ ਏ ਕਿ ਕਰਤਾਰਪੁਰ ਚਲੇ ਗਏ ਹਨ।

ਮਾਤਾ ਖੀਵੀ ਚੁੱਪ ਜਿਹੀ ਹੋ ਗਈ।

—ਆ ਜਾਣਗੇ, ਕਿਹੜੇ ਬਾਲ ਕੁਬਾਲ ਹਨ।

—ਓਥੇ ਗਿਆ ਕੋਈ ਨਹੀਂ ਪਰਤ ਕੇ ਆਇਆ।

—ਫੇਰ ਕੀ ਹੋਇਆ, ਜੇ ਨਾ ਆਉਣਗੇ ਤੇ ਅਸੀਂ ਚਲੇ ਜਾਵਾਂਗੇ, ਮਾਤਾ ਖੀਵੀ ਨੇ ਦੱਬੀ ਜ਼ਬਾਨ 'ਚ ਆਖਿਆ।

—ਲਹਿਣਾ ਘਰੋਂ ਵੀ ਗਿਆ ਤੇ ਸਾਥੋਂ ਵੀ ਗਿਆ, ਹੁਣ ਓਸ ਪਿੰਡ ਕੀ ਪਰਤਣਾ ਏ ? ਅਲਫੀ ਪਾ ਲਈ ਤੇ ਰਮਤੇ ਹੋ ਗਏ ਜੋਗੀ। ਅਸਾਂ ਇਕ ਚੰਗਾ ਬੰਦਾ ਹੱਥੋਂ ਗੁਆ

ਲਿਆ ਏ। ਭੁੱਲ ਕੀਤੀ ਕਰਤਾਰਪੁਰ ਦਾ ਨਾਂ ਦੱਸ ਕੇ। ਓਹਨੂੰ ਕਰਤਾਰਪੁਰ ਜਾਣ ਈ ਨਹੀਂ ਸੀ ਦੇਣਾ, ਇਕ ਪਿੰਡ ਵਾਸੀ ਆਖ ਰਿਹਾ ਸੀ।

—ਆਪਣਾ ਘਰ ਸੌ ਕੋਹ ਦੀ ਵਿੱਥ ਤੋਂ ਨਜ਼ਰ ਆਉਂਦਾ ਏ। ਘਰ-ਘਰ ਏ। ਘਰ ਵਰਗਾ ਬਾਹਰ ਸੁਖ ਨਹੀਂ ਮਿਲ ਸਕਦਾ। ਬੱਚਿਆਂ ਦਾ ਮੋਹ ਖਿੱਚ ਲਿਆਵੇਗਾ। ਤੂੰ ਫਿਕਰ ਨਾ ਕਰ ਓਹਨੇ ਕਿੱਥੇ ਜਾਣਾ ਏ। ਮੁੜ ਕੇ ਤੇ ਘਰ ਵਿਚ ਈ ਟਿਕਾਣਾ ਏ ਨਾ। ਬੋਲ ਗੁਆਂਢਣ ਦੇ ਸਨ।

ਜੰਗਲ ਗਏ ਨਾ ਬਹੁੜੇ ਮੁੰਦਰਾਂ ਨੂੰ,
ਜੋਗੀ ਹੈਨ ਅਗੇ ਕਿਹਦੇ ਮਿਤ ਲੋਕੋ!

ਇਹ ਤੇ ਐਵੇਂ ਕਹਾਵਤ ਈ ਏ। ਲਗਨ ਬੁਰੀ ਬਲਾ ਏ। ਚੇਟਕ ਲੱਗਾ ਨਹੀਂ ਮੁੜਦਾ, ਹੁਣ ਲਹਿਣਾ ਨਾ ਆਇਆ। ਇਕ ਬੁੱਢੀ ਠੇਰੀ ਆਖਣ ਲੱਗੀ।

—ਹੁਣ ਮੈਨੂੰ ਕਾਹਦਾ ਫਿਕਰ ਏ। ਮੇਰੇ ਪੁੱਤ ਜੁਆਨ ਹੋ ਗਏ ਹਨ। ਮੇਰਾ ਦਾਤੂ, ਮੇਰਾ ਦਾਸੂ, ਬਾਂਹ ਦਿੱਤਿਆਂ ਪਾਣੀ ਆਉਂਦਾ ਏ। ਕਮਾਉਣਗੇ ਤੇ ਮੈਂ ਖਾਵਾਂਗੀ। ਮਾਤਾ ਖੀਵੀ ਦੇ ਬੋਲ ਉੱਭਰੇ।

—ਮੇਰੇ ਘਰ ਵਾਲੇ ਆਖਿਆ ਏ ਕਿ ਲਹਿਣਾ ਓਸ ਤਪੇ ਦੇ ਟੇਟੇ ਚੜ੍ਹ ਗਿਐ, ਪਰਸੋਂ ਈ ਇਕ ਜਣਾ ਕਰਤਾਰਪੁਰ ਤੋਂ ਆਇਆ ਏ, ਦੱਸਦਾ ਏ ਕਿ ਲਹਿਣੇ ਨੇ ਉਹਦੇ ਬੂਹੇ ਅੱਗੇ ਧੂਣੀ ਰਮਾ ਲਈ ਏ। ਸੰਗ ਦਾ ਸਾਥ ਛੱਡ ਕੇ ਇਕੱਲਾ ਈ ਕਰਤਾਰਪੁਰ ਨੂੰ ਪੱਤਰਾ-ਵਾਚ ਗਿਆ, ਸਾਨੂੰ ਰਾਹ ਛੱਡ ਗਿਆ ਭਟਕਦਿਆਂ। ਰਾਹ ਦੇ ਠੇਡੇ ਖਾਣ ਜੋਗਾ। ਜੇ ਨਾਲ ਨਹੀਂ ਸੀ ਆਉਣਾ ਤੇ ਘਰੋਂ ਨਹੀਂ ਸੀ ਤੁਰਨਾ। ਵੇਖਾਂਗੇ ਨਾਨਕ ਤਪਾ ਉਹਨੂੰ ਪਾਰ ਲੰਘਾ ਦੇਂਦੈ। ਬੇਜ਼ਬਾਨਾ, ਝੂਠਾ ਸਾਰੇ ਜ਼ਮਾਨੇ ਦਾ, ਧੋਖੇਬਾਜ਼, ਆਖਿਆ ਕੁਝ ਤੇ ਕੀਤਾ ਕੁਝ। ਆਖ ਰਿਹਾ ਸੀ ਪਿੰਡ ਦਾ ਇਕ ਆਦਮੀ।

—ਮੇਰੇ ਪਤੀ ਨੂੰ ਮੇਰੇ ਸਾਹਮਣੇ ਕੁਝ ਨਾ ਆਖੋ, ਆ ਜਾਣਗੇ ਜਦੋਂ ਚਿੱਤ ਕਰੂ, ਤੁਸੀਂ ਉਹਨਾਂ ਦੀ ਚਿੰਤਾ ਛੱਡੋ, ਮਾਤਾ ਖੀਵੀ ਨੇ ਜ਼ਰਾ ਕੁ ਕਰੋਧ ਠੰਢਾ ਕੀਤਾ ਆਪਣੇ ਪਿੰਡ ਵਾਸੀ ਦਾ।

—ਸਾਧ ਹੋ ਗਿਐ ਭਾਬੀ, ਸਾਧ ਸੰਗ ਹੋ ਜਾ ਸੰਤਣੀ। ਗਾਉਂਦਾ ਜਾ ਰਿਹਾ ਸੀ ਦਿਓਰ ਭਾਬੀ ਦਾ।

—ਮਾਤਾ ਖੀਵੀ ਨੇ ਸਾਰਿਆਂ ਨੂੰ ਬਾਓਂ ਬਾਈਂ ਬਿਠਾ ਦਿੱਤਾ ਇਹ ਆਖ ਕੇ, ਜੇ ਉਹਨਾਂ ਗੋਦੜੀ ਪਾ ਲਈ ਏ ਤਾਂ ਮੈਂ ਲੀਰਾਂ ਹੰਢਾਵਾਂਗੀ, ਜਿਸ ਹਾਲ ਵਿਚ ਰੱਖਣਗੇ, ਉਸੇ ਹਾਲ ਵਿਚ ਰਹਾਂਗੀ। ਖਾਣੀਆਂ ਤੇ ਦੋ ਰੋਟੀਆਂ ਈ ਹਨ।

ਜੋਗੀ, ਜੰਗਮ, ਸੰਨਿਆਸੀ, ਸਾਧ, ਫਕੀਰ, ਮੌਲਾ, ਕਲੰਦਰ ਆਖਣਾ ਈ ਸੌਖਾ ਏ, ਜੋਗ ਕਮਾਉਣਾ ਬਹੁਤ ਮੁਸ਼ਕਲ ਏ। ਏਸ ਪੌੜੀ ਚੜ੍ਹਨਾ ਤੇ ਜ਼ਹਿਰ ਦਾ ਪਿਆਲਾ ਪੀਣਾ ਇਕ ਬਰਾਬਰ ਏ।

''ਨੈਨੋਂ ਕੀ ਕਰ ਕੋਠੜੀ, ਪੁਤਲੀ ਪਲੰਘ ਬਿਛਾਏ,
ਪਲਕੋਂ ਕੀ ਚਿਕ ਡਾਲ ਕੇ ਪੀਆ ਕੋ ਲੀਆ ਰੀਝਾਏ।''

□□

ਭਿੰਨੀ ਰੈਨੜੀਏ ਚਮਕਣ ਤਾਰੇ !
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ !!

ਇਹ ਸ਼ਬਦ ਸੁਣ ਕੇ ਕਾਇਆ ਕਲਪ ਹੋ ਗਈ। ਪਿੰਡ ਨੂੰ ਓਦੋਂ ਪਤਾ ਲੱਗਾ ਜਦੋਂ ਭਾਈ ਲਹਿਣਾ ਗੁਰੂ ਅੰਗਦ ਦੇਵ ਬਣ ਕੇ ਖਡੂਰ ਆ ਗਏ ਤੇ ਫੇਰ ਪਿੰਡ ਵਾਲੇ ਵੀ ਗਏ। ਮਾਤਾ ਖੀਵੀ ਦਾਤੂ ਤੇ ਦਾਸੂ ਨੂੰ ਨਾਲ ਲੈ ਕੇ ਮੱਥੇ ਰਗੜਨ।

—ਈਰਖਾ ਨੇ ਲੂਹ ਕੇ ਰੱਖ ਦਿੱਤਾ ਗੁਰੂ ਨਾਨਕ ਦੇ ਪੁੱਤਰਾਂ ਨੂੰ। ਸੜ ਕੇ ਕੋਲਾ ਹੋ ਗਏ। ਬਥੇਰਾ ਹੱਥ ਪੈਰ ਮਾਰਿਆ ਪਰ ਗੱਦੀ ਓਸ ਨੂੰ ਮਿਲੀ ਜਿਹੜਾ ਗੱਦੀ ਦੇ ਕਾਬਲ ਸੀ। ਜਿਹੜਾ ਜੋਗ ਸੀ, ਉਹ ਬਾਜ਼ੀ ਜਿੱਤ ਗਿਆ। ਇਹ ਗੱਲ ਆਖ ਰਿਹਾ ਸੀ ਬਾਜ਼ੀ ਪੁੱਗ ਚੱਕੀ ਸੀ। ਪਾਰੋਂ ਡੱਲਾ।

—ਲਹੂ ਦਾ ਭਾਅ ਪੁੱਛਦੀ ਏ ਜੱਦੀ ਜਾਇਦਾਦ। ਚੰਗੇ ਭਲੇ ਬੰਦੇ ਦਾ ਸਿਰ ਫਿਰ ਜਾਂਦੈ। ਬੋਲ ਅੱਲਾ ਯਾਰ ਖਾਂ ਦੇ ਸਨ।

ਜਦ ਮੇਰਾ ਗੁਰੂ ਜਿਹਨੂੰ ਅਜੇ ਲੋਕ ਅਮਰੂ ਦੇ ਨਾਂ ਨਾਲ ਹੀ ਸੱਦਦੇ ਸਨ, ਜਦ ਖਡੂਰ ਵਿਚ ਪੁੱਜਾ ਤਾਂ ਉਹਦੀ ਵੀ ਓਹ ਈ ਹਾਲਤ ਬਣੀ, ਜਿਹੜੀ ਗੁਰੂ ਅੰਗਦ ਦੇਵ ਵੇਲੇ ਉਹਨਾਂ ਦੇ ਸਾਹਮਣੇ ਆਈ ਸੀ। ਜਵਾਨ ਪੁੱਤ ਗੇਲੀਆਂ ਵਰਗੇ ਖਡੂਰ ਦੀ ਮਾਲਕੀ ਤੇ ਆਪਣਾ ਹੱਕ ਜਮਾਉਣ ਲੱਗ ਪਏ। ਦਾਤੂ ਤੇ ਦਾਸੂ ਦੇ ਦਾਅਵੇਦਾਰ ਸਨ ਗੁਰ-ਗੱਦੀ ਦੇ। ਕਿਸੇ ਬੰਦੇ ਦਾ ਪਿਆਰ ਵੇਖ ਕੇ ਤੇ ਪਿਤਾ ਨਾਲ ਗਰਾਹੀਆਂ ਸਾਂਝੀਆਂ ਹੁੰਦੀਆਂ ਡਿੱਠੀਆਂ ਤੇ ਸੱਤੀਂ ਕੱਪੜੀਂ ਅੱਗ ਲੱਗ ਗਈ। ਬਥੇਰੇ ਹੱਥ ਪੈਰ ਮਾਰੇ ਪਰ ਕੁਝ ਨਾ ਲੱਭਾ।

ਮਾਤਾ ਖੀਵੀ ਦੀ ਸੰਘਣੀ ਛਾਂ ਹੇਠਾਂ ਸਿੱਖੀ ਦੀ ਲਹਿਰ ਫੁੱਟੀ। ਉੱਭਰੀ, ਖਿੜੀ, ਭਰ ਜੋਬਨ ਤੇ ਆਈ ਜਵਾਨੀ ਚੜ੍ਹਦੀ ਵੇਖੀ, ਮਾਤਾ ਜੀ ਨੇ। ਤੇ ਮਰਦਾਂ ਵਾਲੀ ਘਾਲ ਘਾਲੀ, ਗੁਰ ਪਤਨੀ ਦਾ ਜੀਵਨ ਕਰਮ, ਸੁਭਾਅ, ਦ੍ਰਿੜ੍ਹਤਾ ਚੱਟਾਨ ਵਾਂਗੂੰ ਸੀ, ਇਰਾਦੇ ਦੀ ਪੱਕੀ ਸੁੱਚੀ ਬੋਲਾਂ ਦੀ, ਇਹ ਸੀ ਮਾਤਾ ਖੀਵੀ।

ਪੁੱਤ ਸਨ ਲਾਡਲੇ, ਚਾਵਾਂ ਵਿਚ ਪਾਲੇ ਹੋਏ, ਮਾਰੀਆਂ ਮੱਲਾਂ ਮੱਲਣ ਵਾਲੇ। ਮੇਰਾ ਸਤਿਗੁਰ ਜਦ ਖਡੂਰ ਵਿਚ ਪੁੱਜਾ ਈ ਸੀ, ਓਦੋਂ ਈ ਉਹ ਉਹਨਾਂ ਦੀਆਂ ਅੱਖਾਂ ਵਿਚ ਆ ਗਿਆ ਸੀ। ਚੰਗਿਆੜੀ ਕੱਖਾਂ ਥੱਲੇ ਰੱਖੀ ਗਈ।

—ਬਾਬੇ ਨਾਨਕ ਨੇ ਆਖਿਆ ਸੀ, ਲਹਿਣਿਆ,ਅਸਾਂ ਦੇਣਾ ਏ ਤੇ ਤੂੰ ਲੈਣਾ ਏ, ਇਹ ਰੀਤ ਚੱਲੀ ਆਉਂਦੀ ਏ, ਏਸ ਜੱਗ ਦੀ। ਮੇਰੇ ਗੁਰੂ ਨੂੰ ਗੁਰਾਂ ਨੇ ਫ਼ਰਮਾਇਆ ਸੀ।

ਪੰਡ ਭਾਰੀ ਏ, ਉਹ ਚੁੱਕੂ ਜਿਹਦੀ ਹਿੰਮਤ ਏ, ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ।

—ਮੇਰੇ ਗੁਰੂ ਨੇ ਅਜੇ ਖਡੂਰ ਵਿਚ ਪੈਰ ਈ ਧਰਿਆ ਸੀ ਕਿ ਬੀਬੀ ਅਮਰੋ ਨੇ ਆਪਣੇ ਪਿਤਾ ਜੀ ਨੂੰ ਸਿਰਫ਼ ਏਹੋ ਈ ਆਖਿਆ ਸੀ, ਮੇਰਾ ਸਹੁਰਾ ਏ ਤੇ ਇਹੋ ਈ ਮੇਰਾ ਅਸਲੀ ਪਿਓ ਏ, ਤੇ ਇਹ ਈ ਮਾਪੇ ਨੇ। ਤੁਸੀਂ ਤੇ ਹੁਣ ਓਪਰੇ ਓ।

ਕਸਵੱਟੀ ਤੇ ਕੱਸ ਲਾ ਕੇ ਪਰਖ ਲਿਆ ਸੀ ਗੁਰੂ ਨੇ।

ਕੁੜਮ ਅਮਰੂ ਤੋਂ ਬਣ ਗਿਆ ਮੇਰਾ ਗੁਰੂ। ਇਹ ਸਿਹਰਾ ਬੀਬੀ ਅਮਰੋ ਦੇ ਸਿਰ ਬੱਝਾ।

ਉਂਗਲੀ ਲਾ ਕੇ ਲਿਆਈ ਸੀ। ਲਾਜ ਰੱਖ ਲਈ ਗੁਰਾਂ ਮੇਰੇ ਗੁਰੂ ਦੀ। ਪਰ ਸ਼ਰਤ ਅਟੱਲ ਸੀ। ਔਖੀ ਮੰਜ਼ਿਲ ਸੀ, ਰਾਹ ਬਿਖੜਾ ਸੀ ਤੇ ਮੰਜ਼ਿਲ ਦੂਰ ਸੀ।

ਅੱਜ ਖਡੂਰ ਵਿਚ ਮੇਰੇ ਗੁਰੂ ਦਾ ਇਹ ਪਹਿਲਾ ਦਿਨ ਸੀ।

□□

੧੩

—ਲੈ ਫੇਰ ਅੱਲਾ ਯਾਰ ਖ਼ਾਂ ਮਾਤਾ ਖੀਵੀ ਦਾ ਇਕ ਹੋਰ ਜਲਵਾ ਵੇਖ। ਗੱਲ ਲੰਗਰਾਂ ਦੀ ਕਰ ਰਹੇ ਸਾਂ ਕਿ ਅਸੀਂ ਦੂਜੇ ਪਾਸੇ ਤੁਰ ਪਏ। ਆ ਜਾ ਫੇਰ ਉਸੇ ਥਾਂ ਤੇ ਆ ਜਾਈਏ। ਗੱਲ ਤੋਰੀਏ ਜਿਥੋਂ ਛੱਡੀ ਸੀ। ਹੁਣ ਤੇ ਪਿੜ ਬੱਝਾ ਹੋਇਆ ਏ। ਵਾਤਾਵਰਨ ਸਾਡੇ ਹੱਕ ਵਿਚ ਏ, ਦਿਮਾਗ ਦੀਆਂ ਖਿੜਕੀਆਂ ਖੁਲ੍ਹੀਆਂ ਹਨ।

ਮਾਤਾ ਖੀਵੀ ਦੇ ਲੰਗਰ ਦਾ ਭਾਵੇਂ ਆਕਾਰ ਛੋਟਾ ਸੀ, ਭਾਵੇਂ ਪੰਗਤ ਨੇ ਆਪਣਾ ਰੂਪ ਨਹੀਂ ਸੀ ਧਾਰਿਆ ਪਰ ਫੇਰ ਵੀ ਮਾਤਾ ਖੀਵੀ ਜਦ ਆਪਣੇ ਚੌਕੇ ਵਿਚ ਨਿੱਠ ਕੇ ਬਹਿ ਜਾਂਦੀ, ਭਾਵੇਂ ਦਸ ਬੰਦੇ ਆਏ ਹੋਣ ਤੇ ਭਾਵੇਂ ਵੀਹ, ਸਾਰਿਆਂ ਨੂੰ ਪ੍ਰਸ਼ਾਦ ਛਕਾ ਕੇ ਨਿਹਾਲ ਕਰ ਦੇਂਦੀ। ਉਹ ਨੂੰ ਤੁਸੀਂ ਭਾਵੇਂ ਲੰਗਰ ਨਾ ਆਖੋ ਪਰ ਲੰਗਰ ਦਾ ਛੋਟਾ ਜਿਹਾ ਰੂਪ ਤੇ ਆਖ ਸਕਦੇ ਓ। ਮਾਤਾ ਖੀਵੀ ਦੀ ਸੇਵਾ, ਸ਼ਰਧਾ, ਪਿਆਰ, ਲਗਨ ਤੇ ਆਦਰ ਭਾਅ ਤੇ ਲੋਕ ਮੋਹਿਤ ਹੋ ਗਏ ਸਨ। ਮਾਂ ਆਖਰ ਮਾਂ ਈ ਹੁੰਦੀ ਹੈ। ਇਹ ਮਾਂ ਕੋਈ ਮਾੜੀ ਮੋਟੀ ਨਹੀਂ ਸੀ, ਸਾਰੇ ਪੰਥ ਤੇ ਸਾਰੇ ਕੌਮ ਦੀ ਮਾਂ ਏ। ਮੇਰੇ ਗੁਰੂ ਨੇ ਸਭ ਤੋਂ ਪਹਿਲਾਂ ਏਸੇ ਮਾਂ ਨੂੰ ਮੱਥਾ ਟੇਕਿਆ ਸੀ।

—ਕੁੜਮ ਕੁੜਮਾਂ ਦੇ ਘਰ ਆਏ ਸਨ। ਰੋਟੀ ਕੁੜਮਾਂ ਦੀ ਵਰਜੀ ਤੇ ਨਹੀਂ ਸੀ ਪਰ ਕੁੜਮਾਂ ਦੀ ਚਿੰਤਾ ਜ਼ਰੂਰ ਸੀ। ਮਾਂ ਕੀ ਜਾਣਦੀ ਸੀ। ਉਹਨੂੰ ਕੀ ਖਬਰ ਸੀ ਕਿ ਕੁੜਮ ਨੇ ਕੁੜਮ ਨਾਲ ਕੋਈ ਨਵਾਂ ਰਿਸ਼ਤਾ ਈ ਗੰਢ ਲਿਆ ਏ। ਕੁੜਮਣੀ ਨੂੰ ਕੁੜਮ ਦਾ ਆਦਰ ਭਾਅ ਤੇ ਕਰਨਾ ਈ ਪੈਣਾ ਸੀ। ਡਰਦੀ ਗੁਰਾਂ ਤੋਂ ਉਸ ਸਾਰੇ ਆਹਰ ਪਾਹਰ ਕਰ ਲਏ ਸਨ। ਭਾਵੇਂ ਇਹ ਪਰਦੇ ਵਿਚ ਕੀਤੇ ਸਨ ਜਾਂ ਲੁਕ ਕੇ, ਪਰ ਕੁੜਮ ਤੇ ਨਿਸੰਗ ਹੋ ਗਿਆ ਸੀ। ਉਸ ਤੇ ਕੁੜਮਾਚਾਰੀ ਨੂੰ ਨਿੰਮ ਦੀ ਟੀਸੀ ਤੇ ਟੰਗ ਦਿੱਤਾ ਸੀ ਤੇ ਆਪ ਬਹਲੀ ਪਾ ਲਈ ਸੀ, ਗੁਰੂ ਦੇ ਨਾਂ ਦੀ। ਬੋਲ ਪਾਰੇ ਡੱਲੇ ਦੇ ਸਨ।

—ਸਮਾਜ ਤੋਂ ਬਾਗੀ ਹੋਣਾ, ਆਕੀ ਹੋਣਾ ਬੱਝੇ ਕਾਨੂੰਨ ਤੋਂ, ਏਸੇ ਦਾ ਨਾਂ ਮਰਦਾਨਗੀ ਏ। ਆਖਿਆ ਅੱਲਾ ਯਾਰ ਖ਼ਾਂ ਨੇ। ਜ਼ਰਾ ਕੁ ਚੁੱਪ ਰਿਹਾ ਤੇ ਫੇਰ ਬੋਲ ਪਿਆ, ਆਖਣ ਲੱਗਾ, ਸੱਜਣਾ! ਗੋਇੰਦਵਾਲ ਵਿਚ ਆ ਗਏ ਹਾਂ ਪਰ ਏਸ ਦੀ ਰੂਪ ਰੇਖਾ ਮੈਨੂੰ ਅੱਜੇ ਤਕ

ਸਮਝ ਨਹੀਂ ਆ ਰਹੀ। ਇਹ ਗੋਰਖ ਧੰਦਾ ਸਾਰੀ ਦੁਨੀਆਂ ਤੋਂ ਵੱਖਰਾ ਏ। ਤੁਹਾਡਾ ਸਮਾਜ ਜਿਹੜਾ ਨਵਾਂ ਰੂਪ ਪਕੜ ਰਿਹਾ ਏ, ਜਿਹੜੀ ਸ਼ਕਲ ਉਭਰ ਕੇ ਸਾਹਮਣੇ ਆ ਰਹੀ ਏ, ਉਹਨੂੰ ਕੀ ਕਬੂਲ ਕਰੂ ਇਹ ਸਮਾਜ ? ਜਿਹਦੇ ਵਿਚ ਅਸੀਂ ਵੱਸਦੇ ਹਾਂ।

—ਔਕੜਾਂ ਉਦੋਂ ਵੀ ਆਉਂਦੀਆਂ ਸਨ ਜਦੋਂ ਕੋਈ ਕਿਸੇ ਸਮਾਜ ਨੂੰ ਬਦਲਦਾ ਸੀ। ਸਮਾਜ ਦਾ ਚਿਹਰਾ ਮੋਹਰਾ ਵੱਖਰਾ ਜਿਹਾ ਪੇਸ਼ ਕਰਦਾ ਸੀ। ਏਸੇ ਦਾ ਨਾਂ ਈ ਬਗ਼ਾਵਤ ਏ। ਏਸੇ ਨੂੰ ਆਕੀ ਆਖਦੇ ਹਨ। ਸਮਾਜ ਵਿਚ ਪ੍ਰੀਵਰਤਨ ਲਿਆਉਣਾ ਤੇ ਨਵੇਂ ਸਮਾਜ ਦੀ ਉਸਾਰੀ ਕਰਨੀ ਇਹ ਬਹੁਤ ਵੱਡੀ ਹਿੰਮਤ ਤੇ ਮਰਦਊਪਣੇ ਦੀ ਨਿਸ਼ਾਨੀ ਏ। ਕਿਸੇ ਕੌਮ ਦੀ ਆਦਤ, ਸੁਭਾਅ ਤੇ ਖਿਆਲ ਬਦਲਣਾ, ਕੁਫਰ ਦਾ ਫ਼ਤਵਾ ਉਸੇ ਤੇ ਲਾਗੂ ਹੁੰਦਾ ਏ। ਆਖ ਰਿਹਾ ਸੀ ਅੱਲਾ ਯਾਰ ਖ਼ਾਂ।

—ਇਹ ਸਭ ਕੁਝ ਜਾਣਦਿਆਂ ਹੋਇਆਂ ਮੇਰੇ ਸਤਿਗੁਰ ਕਦਮ-ਕਦਮ ਤੇ ਨਵੀਂ ਪਿਰਤ ਪਾਉਂਦੇ, ਲੋਕਾਂ ਨੂੰ ਨਵੇਂ ਸੂਰਜ ਦੀ ਰੋਸ਼ਨੀ ਦਸਦੇ, ਕਈ ਤੇ ਉਸੇ ਵੇਲੇ ਈ ਮੁਤੀਹ ਹੋ ਜਾਂਦੇ ਤੇ ਕਈ ਦੋ ਦਿਨਾਂ ਬਾਅਦ ਤੇ ਕਈਆਂ ਨੂੰ ਗੱਲ ਬੜੇ ਚਿਰ ਮਗਰੋਂ ਉਹਨਾਂ ਦੇ ਖ਼ਾਨੇ ਬਹਿੰਦੀ ਤੇ ਉਹ ਫੇਰ ਸਿਰ ਨਿਵਾ ਦੇਂਦੇ। ਦਿਨ-ਬ-ਦਿਨ ਸਿੱਖੀ ਸੇਵਕੀ ਵੱਧ ਰਹੀ ਸੀ। ਪ੍ਰਚਾਰ ਦਾ ਘੇਰਾ ਮੋਕਲਾ ਹੁੰਦਾ ਜਾ ਰਿਹਾ ਸੀ। ਡਰੋ ਤੇ ਉਹ ਜਿਹਦੀ ਖੱਲਤੀ ਚ ਭੌਅ ਹੋਵੇ। ਖ਼ਡੂਰ ਇਕ ਕੇਂਦਰ ਬਣ ਗਿਆ ਸੀ ਤੇ ਉਥੇ ਇਕ ਸਮ੍ਹਾਂ ਰੋਸ਼ਨ ਹੋ ਚੁੱਕੀ ਸੀ। ਪਾਰੋ ਝੱਲੇ ਨੇ ਆਪਣੇ ਬੋਲਾਂ ਵਿਚ ਨਿਮਰਤਾ, ਨਰਮੀ ਤੇ ਸਾਦਗੀ ਦਾ ਪ੍ਰਗਟਾਵਾ ਕੀਤਾ।

—''ਅਨਲ ਹੱਕ ਆਖਣ ਵਾਲੇ ਮਨਸੂਰ ਨੂੰ ਸੂਲੀ ਤੇ ਚਾੜ੍ਹ ਕੇ ਈ ਦਮ ਲਿਆ ਸੀ, ਇਹਨਾਂ ਧਰਮ ਦੇ ਠੇਕੇਦਾਰਾਂ ਨੇ।''

—ਉਹ ਇਕੱਲਾ ਸੀ ਯਾਰ,ਉਹਦੇ ਮਗਰ ਲੋਕ ਨਹੀਂ ਸਨ। ਗੁਰਾਂ ਮਗਰ ਤੇ ਲੋਕਾਂ ਦਾ ਇਕ ਹੜ੍ਹ ਵਗ ਰਿਹਾ ਏ। ਉਸ ਵਿਚਾਰੇ ਦੀ ਬੋਲੀ ਬਦੇਸ਼ੀ ਸੀ ਤੇ ਸਾਡੀ ਬੋਲੀ ਆਪਣੀ ਏ। ਸਾਡੀ ਹਰ ਗੱਲ ਸਾਧਾਰਨ ਬੰਦੇ ਦੀ ਸਮਝ ਵਿਚ ਆ ਜਾਂਦੀ ਏ। ਲੋਕ ਤੇ ਤੰਗ ਹੋ ਗਏ ਹਨ। ਸਖੀ ਸਰਵਰ ਵੀ ਤੇ ਆਪਣਾ ਪਿੜ ਬੰਨ੍ਹ ਰਹੇ ਹਨ।

ਪ੍ਰਸ਼ਾਦ ਛਕਣ ਜਾ ਰਹੇ ਸਨ ਮੇਰੇ ਸਤਿਗੁਰ ਤੇ ਨਾਲ ਕੁਝ ਹੋਰ ਵੀ ਸਾਥੀ ਸਨ। ਚੁਬਾਰੇ ਵਿਚ ਇਹ ਸਾਰਾ ਪ੍ਰਬੰਧ ਸੀ। ਪੰਗਤ ਜਿਹੀ ਬਣਾ ਕੇ ਬੈਠ ਗਏ ਤੇ ਮਾਤਾ ਖੀਵੀ ਨੇ ਥਾਲੀਆਂ ਪਰੋਸਣੀਆਂ ਸ਼ੁਰੂ ਕਰ ਦਿੱਤੀਆਂ। ਚੌਕੇ ਵਿਚੋਂ ਬਾਹਰ ਲਿਆ ਰਹੇ ਸਨ ਗੁਰੂ ਦੁਲਾਰੇ। ਪਾਣੀ ਦੇ ਛੰਨੇ ਵੀ ਲਿਆ ਰੱਖੇ। ਗੁਰੂ ਆਗਿਆ ਪਾ ਕੇ ਸਾਰਿਆਂ ਪ੍ਰਸ਼ਾਦ ਛੱਕਣਾ ਸ਼ੁਰੂ ਕੀਤਾ।

ਪਰ ਮੇਰੇ ਸਤਿਗੁਰ ਦੇ ਹੱਥ ਅੱਜੇ ਤਕ ਥਾਲੀ ਤਕ ਨਹੀਂ ਸਨ ਪੁੱਜੇ। ਪਤਾ ਨਹੀਂ ਮੇਰਾ ਗੁਰੂ ਕੀ ਸੋਚਦਾ ਸੀ ਤੇ ਕੀ ਚਾਹੁੰਦਾ ਸੀ। ਗੁਰੂ ਚਾਹੁੰਦਾ ਸੀ ਪ੍ਰਸ਼ਾਦ, ਸੀਤ ਪ੍ਰਸ਼ਾਦ। ਬਾਕੀ ਸਾਰੇ ਜਣੇ ਮੇਰੇ ਗੁਰੂ ਵੱਲ ਤੱਕਣ ਲੱਗ ਪਏ। ਵਿਦਿਆਰਥੀ ਅੱਜ ਪਹਿਲਾ ਸਬਕ ਪੜ੍ਹਨ ਲੱਗਾ ਏ। ਝੱਟ ਗੁਰੂ ਅੰਗਦ ਦੇਵ ਦੇ ਦਿਲ ਦੀ ਤਾਰ ਹਿੱਲੀ, ਉਹਨਾਂ ਆਪਣਾ ਹੱਥ ਰੋਕ ਲਿਆ ਥਾਲੀ ਵਿਚੋਂ। ਬਾਕੀ ਜਣੇ ਵੀ ਆਪੇ ਈ ਥੰਮ੍ਹ ਗਏ। ਮੇਰੇ ਗੁਰੂ ਨੇ ਬਥੇਰੇ ਹੱਥ ਪੈਰ ਮਾਰੇ, ਇਹ ਚਾਹੁੰਦਿਆਂ ਹੋਇਆਂ ਕਿ ਮੈਨੂੰ ਕੋਈ ਤਾੜ ਨਾ ਲਵੇ। ਆਪਣੀ ਵੱਲੋਂ ਬੜੀ ਫੁਰਤੀ ਕੀਤੀ ਪਰ ਹੱਥ ਥਾਲ ਤੱਕ ਨਾ ਪੁੱਜਾ। ਮਾਤਾ ਖੀਵੀ ਹੱਕੀ ਬੱਕੀ ਰਹਿ ਗਈ, ਪਤਾ ਨਹੀਂ ਮੈਥੋਂ ਕੋਈ ਖੁਨਾਮੀ ਹੋ ਗਈ ਏ, ਕੁੜਮ ਕਿਉਂ ਰੁੱਸ ਗਿਆ ਏ ?

—ਗੁਰੂ ਅੰਗਦ ਦੇਵ ਨੇ ਫਰਮਾਇਆ, ਤੁਸਾਂ ਪ੍ਰਸ਼ਾਦ ਛਕਣਾ ਸ਼ੁਰੂ ਨਹੀਂ ਕੀਤਾ।

—ਅੱਗੋਂ ਮੇਰਾ ਸਤਿਗੁਰ ਬੋਲਿਆ, ਮੈਂ ਤੇ.........ਅੱਗੇ ਜਾ ਕੇ ਉਹ ਦੀ ਜ਼ਬਾਨ ਰੁਕ ਗਈ, ਵਿਚਾਰੇ ਦੀ।

—ਅੱਛਾ ਹਰਦੁਆਰ ਚੇਤੇ ਆ ਗਿਆ ਈ ?

ਸਾਖੀਕਾਰ ਆਖਦੇ ਹਨ ਕਿ ਗੁਰੂ ਅੰਗਦ ਦੇਵ ਨੇ ਆਪਣੀ ਥਾਲੀ ਵਿਚੋਂ ਪ੍ਰਸ਼ਾਦ ਦਿੱਤਾ, ਪ੍ਰਸ਼ਾਦ ਪਾ ਕੇ ਮੇਰੇ ਸਤਿਗੁਰ ਨੇ ਛਕਣਾ ਸ਼ੁਰੂ ਕੀਤਾ। ਖੂਬ ਖਾਧਾ, ਜੀ ਭਰ ਕੇ ਖਾਧਾ। ਤ੍ਰਿਪਤੀ ਹੋ ਗਈ। ਮਰਯਾਦਾ ਜੁ ਚਲੀ ਆਉਂਦੀ ਸੀ ਗੁਰੂ ਦੇ ਹੱਥੋਂ ਪ੍ਰਸ਼ਾਦ ਲੈਣ ਦੀ। ਆਖਦੇ ਹਨ ਗੁਰੂ ਦੀ ਥਾਲੀ ਸਾਰੀ ਸੰਗਤ ਵਿਚ ਵੰਡੀ ਗਈ। ਗੁਰੂ ਅੰਗਦ ਦੇਵ ਵਾਸਤੇ ਨਵਾਂ ਥਾਲ ਆਇਆ।

ਮੇਰੇ ਗੁਰੂ ਦੀ ਹੁਣ ਇਹ ਦਸ਼ਾ ਸੀ, ਮਨ ਕੰਵਲ ਵਾਂਗੂ ਖਿੜ ਗਿਆ, ਕਪਾਟ ਖੁਲ੍ਹ ਗਏ, ਤੀਸਰਾ ਨੇਤਰ ਉਜਾਗਰ ਹੋਣ ਲੱਗਾ। ਸਾਲਾਂ-ਸਾਲਾਂ ਦੀ ਭਟਕਣਾ ਮੁੱਕੀ, ਦੁਬਿਧਾ ਨੱਸ ਗਈ। ਮਨ ਇਕਾਗਰ ਹੋਇਆ, ਬਿਲਕੁਲ ਚੰਨ ਤੇ ਚਕੋਰ ਵਾਲਾ ਰਿਸ਼ਤਾ ਗੰਢਿਆ ਗਿਆ।

ਮਾਤਾ ਖੀਵੀ ਦੇ ਥਾਲ ਦੀ ਸੇਵਾ, ਪ੍ਰੀਤਾਂ ਨਾਲ ਬਣਾਇਆ ਭੋਜਨ ਕਾਇਆ ਕਲਪ ਹੋ ਗਈ, ਅਮਰ ਦਾਸ ਅਮਰੂ ਬਣ ਗਿਆ। ਅਮਰੂ ਤੋਂ ਹੁਣ ਗੁਰੂ ਕੀ ਬਣਾਉਂਦੇ ਹਨ, ਇਹ ਤੇ ਗੁਰੂ ਹੀ ਜਾਣਦਾ ਏ।

—ਇਹ ਗੱਲ ਸੁਣਾ ਰਿਹਾ ਸੀ ਪਾਰੋ ਡੱਲਾ, ਅੱਲਾ ਯਾਰ ਖ਼ਾਂ ਨੂੰ।

ਮੇਘ ਕੀਲ ਲਵੇ ਜਿੱਦਾਂ ਮੋਰ ਨੂੰ, ਸੂਰਜ ਦੀ ਕਸ਼ਿਸ਼ ਜਿੱਦਾਂ ਬੇਸੁਧ ਕਰ ਦੇਵੇ ਚੱਕਵੀ ਨੂੰ, ਬੁਲਬੁਲ ਫੁੱਲਾਂ ਅਤੇ ਪ੍ਰਵਾਨਾ ਸ਼ਮ੍ਹਾਂ ਦੀ ਆਸ਼ਕੀ ਦਾ ਮਤਵਾਲਾ, ਭੁੱਲ ਜਾਏ ਆਪਣਾ ਵਜੂਦ ਤੇ ਆਪਣੀ ਕਾਇਆ।

□□

੧੪

—ਟਹਿਲੋਂ ਮਹਿਲ ਕਰੇ ਮੇਰਾ ਸਤਿਗੁਰ। ਪਾਰੋ ਡੱਲੇ ਦੀ ਆਵਾਜ਼ ਸੀ।

—ਮੁਰਸ਼ਦ ਦੀ ਸਿਰਫ਼ ਇਕੋ ਨਜ਼ਰ ਹੀ ਕਾਫ਼ੀ ਏ। ਚੌਦਾਂ ਤਬਕ ਰੌਸ਼ਨ ਹੋ ਜਾਂਦੇ ਹਨ, ਅੱਲਾ ਯਾਰ ਖ਼ਾਂ ਬੋਲਿਆ।

—ਬੰਦਿਆ ਰੱਬ ਦਿਆ, ਪਤਾ ਨਹੀਂ ਕਦੋਂ ਰੇਖ ਵਿਚ ਮੇਖ ਮਾਰ ਦੇਵੇ ਮੇਰਾ ਸਤਿਗੁਰ। ਮੇਰਾ ਗੁਰੂ ਹੁਣ ਦੀਵਾਨ ਦੀ ਇੱਕ ਨੁੱਕਰੇ ਬੈਠਾ ਹੋਇਆ ਸੀ। ਬੰਦੇ ਜਾਣੂ ਘੱਟ ਸਨ, ਕਿਸੇ ਨਾਲ ਜ਼ਬਾਨ ਸਾਂਝੀ ਕਰਨੀ, ਕਿਸੇ ਦੀ ਸੁੱਖ ਸਾਂਦ ਪੁੱਛਣੀ, ਦਿਲ ਹੌਲਾ ਕਰਨਾ ਕਿਸੇ ਦੇ ਨਾਲ, ਜਾਣ ਪਛਾਣ ਹੋਵੇ ਤਾਂ ਇਹ ਗੱਲ ਬਣੇ ਨਾ। ਤਾਹੀਏਂ ਕੋਈ ਆਪਣੇ ਦਿਲ ਦਾ ਗੁਬਾਰ ਕੱਢ ਸਕਦਾ ਏ ਨਾ। ਜੇ ਕੋਈ ਜਾਣੇ ਨਾ ਬੁਝੇ ਨਾ ਤੇ ਘੁੱਗੂ ਵੱਟਾ ਬਣ ਕੇ ਬੈਠੇ ਰਹਿਣਾ ਏ ਨਾ। ਇਥੇ ਛੱਤੀ ਆਉਂਦੇ ਹਨ ਤੇ ਛੱਤੀ ਜਾਂਦੇ ਹਨ। ਲੋਕ ਕਿਹਨੂੰ-ਕਿਹਨੂੰ

ਜਾਨਣ। ਖੂੰਜੇ 'ਚ ਬੈਠਾ ਬੰਦਾ ਓਦਾਂ ਵੀ ਬੌਂਦਲ ਜਾਂਦਾ ਏ। ਮੇਰੇ ਗੁਰੂ ਨੇ ਆਪਣਾ ਹਾਣ ਪਰਵਾਨ ਚੁਣ ਲਿਆ ਜਾਂ ਸਮਝੋ ਇਕ ਸਾਂਝ ਬਣ ਗਈ, ਭਾਈ ਜੋਧ। ਇਹ ਭਾਈਵਾਲੀ ਰੋਥੇ ਦਿਨ ਜਾ ਕੇ ਪਈ। ਚਾਰ ਦਿਨ ਤੇ ਵੱਗ 'ਚ ਐਵੇਂ ਈ ਗੁਆਚੇ ਵੱਛੇ ਵਾਂਗੂੰ ਫਿਰ ਰਹੇ ਸਨ। ਮਨ ਨਹੀਂ ਹਾਰਿਆ, ਦਿਲ ਡੋਲਣ ਨਹੀਂ ਦਿੱਤਾ, ਉਦਾਸੀ ਆਪਣੇ ਲਾਗੇ ਨਹੀਂ ਆਉਣ ਦਿੱਤੀ। ਦਿਲ ਨੂੰ ਜ਼ਰਾ ਕਿਤੇ ਡੁਬਕੂ ਨਹੀਂ ਪੈਣ ਦਿੱਤਾ। ਮਨ ਕਰੜਾ ਕੀਤਾ, ਗੰਢ ਬੰਨ੍ਹ ਲਈ, ਏਥੇ ਆਇਆ ਏਥੋਂ ਕੁਝ ਲੈ ਕੇ ਈ ਜਾਣੈ। ਅਜੇ ਮਾਲਾ ਫੜਨ ਨੂੰ ਜੀ ਨਹੀਂ ਸੀ ਕਰਦਾ। ਜੇ ਕਿਤੇ ਸ਼ਰਮੋਂ ਕੁਸ਼ਰਮੀ ਫੜ ਵੀ ਲੈਂਦੇ ਤੇ ਮਨ ਉਚਾਟ ਹੋ ਜਾਂਦਾ। ਰੂਹ ਨਾ ਕਰਦਾ ਮਾਲਾ ਫੇਰਨ ਨੂੰ। ਏਥੇ ਜਿੰਨੇ ਜਣੇ ਸਨ, ਉਹਨਾਂ ਦੇ ਚਿੱਟੇ ਬਸਤਰ ਸਨ, ਹੱਥ ਵਿਚ ਮਾਲਾ, ਮਨ ਦੁੱਧ ਧੋਤੇ, ਮਾਤਾ ਖੀਵੀ ਆਪਣੀ ਵੱਲੋਂ ਬੜਾ ਖਿਆਲ ਰੱਖਦੀ ਸੀ ਪਰ ਭੀੜ ਵਿਚ ਗੁਆਚਾ ਬੰਦਾ ਲੱਭਣਾ ਮੁਸ਼ਕਲ ਹੋ ਜਾਂਦਾ ਏ ਕਈ ਵਾਰ। ਮੇਲੇ ਵਿਚ ਗੁਆਚਾ ਹੋਇਆ ਸੀ ਮੇਰਾ ਗੁਰੂ। ਚਹੁੰ ਦਿਨਾਂ ਵਿਚ ਵਾਕਫੀ ਵੱਧ ਗਈ। ਸਾਥ ਬਣਦਾ ਗਿਆ, ਮੰਡਲੀ ਵਿਚ ਇਕ ਹੋਰ ਬੰਦੇ ਦਾ ਵਾਧਾ ਹੋ ਗਿਆ, ਪਰ ਮੇਰਾ ਗੁਰੂ ਅਜੇ ਵੀ ਓਪਰਾਪਨ ਮਹਿਸੂਸ ਕਰਦਾ ਸੀ।

—ਸਤਿਗੁਰਾਂ ਨੇ ਉਹਨਾਂ ਨੂੰ ਚਰਨੀਂ ਤੇ ਲਾ ਲਿਆ ਸੀ ਪਰ ਕੋਈ ਕੰਮ ਕਾਜ ਨਹੀਂ ਸੀ ਸੌਂਪਿਆ ਉਹਨਾਂ ਦੇ ਜ਼ਿੰਮੇ ਤੇ ਨਾ ਹੀ ਕੁਝ ਦਸਿਆ ਸੀ। ਜ਼ਬਾਨ ਸਾਂਝੀ ਕਰਨੀ ਤੇ ਬਹੁਤ ਦੂਰ ਦੀ ਗੱਲ ਏ, ਇਹ ਤਾਂ ਇਮਤਿਹਾਨ ਸੀ। ਗੁੱਲੀ ਡੰਡਾ ਖੇਡਣ ਵਾਲੇ ਮੁੰਡੇ ਆਪਣੀ ਢਾਣੀ ਵਿਚ ਕਿਸੇ ਨਵੇਂ ਮੁੰਡੇ ਨੂੰ ਬੜੀ ਮੁਸ਼ਕਲ ਨਾਲ ਸ਼ਾਮਲ ਕਰਦੇ ਹਨ। ਇਹ ਤੇ ਫੇਰ ਫਕੀਰਾਂ ਦੀ ਟੋਲੀ ਸੀ। ਜਦ ਤੱਕ ਬੰਦਾ ਏਹੋ ਜਿਹਾ ਨਾ ਹੋਵੇ, ਕਿਸ ਤਰ੍ਹਾਂ ਬੈਠੇ ਉਹਨਾਂ ਦੀ ਮੰਡਲੀ ਵਿਚ। ਵਿਹਲੀ ਜੱਟੀ ਉਨ ਵੇਲੇ। ਗੁਰੂ ਨੂੰ ਕੋਈ ਕੰਮ ਸਮਝ ਵਿਚ ਨਹੀਂ ਸੀ ਆ ਰਿਹਾ। ਕਰੇ ਤੇ ਕੀ ਕਰੇ। ਦਿਹਾੜੀ ਕਿਸ ਤਰ੍ਹਾਂ ਬੀਤੇ। ਨਵੇਂ ਆਦਮੀ ਦਾ ਭਗਤੀ ਵਿਚ ਮਨ ਨਹੀਂ ਟਿਕਦਾ। ਭਟਕਦਾ ਮਨ ਕਿਸ ਤਰ੍ਹਾਂ ਇਕ ਜਗ੍ਹਾ ਟਿਕੇ। ਉਗੜ ਦੁਗੜ ਹੋਏ ਵਿਚਾਰ ਕਿਸ ਤਰ੍ਹਾਂ ਮਾਲਾ ਵਿਚ ਪਰੁੰਚਣ। ਜੀਵਨ ਦਾ ਦੂਜਾ ਨਾਂ ਈ ਮਾਲਾ ਏ। ਸ਼ਾਇਦ ਗੁਰੂ ਅੰਗਦ ਦੇਵ ਅਮਰੂ ਨੂੰ ਏਸ ਲਈ ਕੋਈ ਕੰਮ ਨਹੀਂ ਸੀ ਦਸਦੇ ਕਿ ਕੁੜਮ ਮਾੜਾ ਚੰਗਾ ਕੰਮ ਕਰਦਾ ਸੋਹਣਾ ਨਹੀਂ ਲੱਗਦਾ। ਕੀ ਆਖਣਗੇ, ਲੋਕ ? ਜਾਂ ਏਸ ਲਈ ਚੁੱਪ ਸਨ ਕਿ ਜੇ ਪੌੜੀ ਚੜ੍ਹਨਾ ਈ ਸੂ ਤੇ ਆਪ ਡੰਡੇ ਲੱਭੇ। ਜੇ ਕਿਤੇ ਉਖੜੇਗਾ ਤੇ ਜ਼ਰਾ ਕੁ ਹੁਝ ਮਾਰ ਦਿਆਂਗੇ। ਚੰਗਾ ਵਿਦਿਆਰਥੀ ਆਪੇ ਈ ਸਬਕ ਯਾਦ ਕਰ ਲੈਂਦਾ ਏ। ਉਸਤਾਦ ਕੋਲੋਂ ਬਹੁਤਾ ਕੁਝ ਨਹੀਂ ਸਿੱਖਦਾ। ਆਪਣੇ ਜਮਾਤੀਆਂ ਤੋਂ ਈ ਪੁੱਛ ਪੱਛ ਕੇ ਤਾਕ ਹੋ ਜਾਂਦਾ ਏ। ਏਸੇ ਜਿਲ੍ਹਣ ਵਿਚ ਫਸੇ ਹੋਏ ਸਨ ਮੇਰੇ ਸਤਿਗੁਰ। ਦਲੀਲਾਂ ਦੀਆਂ ਗੀਝਲਾਂ ਪਈਆਂ ਹੋਈਆਂ ਸਨ, ਖੋਲ੍ਹਣ ਤੇ ਕਿਸ ਤਰ੍ਹਾਂ ਖੋਲ੍ਹਣ। ਆਖੀ ਜਾ ਰਿਹਾ ਸੀ ਪਾਰੋ ਡੱਲਾ।

—ਅੱਲਾ ਯਾਰ ਖਾਂ ਨੇ ਗੱਲ ਵਿਚੋਂ ਟੋਕੀ। ਜਦੋਂ ਯਾਰ ਦੀ ਗਲੀ ਵਿਚ ਈ ਆ ਗਏ ਤੇ ਫੇਰ ਸ਼ਰਮ ਕਾਹਦੀ ? ਸ਼ਰਮ ਹੈ ਕੀ। ਕਿਸ ਬਲਾ ਦਾ ਨਾਂ ਏ ਸ਼ਰਮ ? ਕੰਮ ਕਰਨ 'ਚ ਸ਼ਰਮ ਕਾਹਦੀ ? ਮਿਹਣਾ ਤੇ ਚੋਰੀ ਯਾਰੀ ਦਾ ਹੁੰਦਾ ਏ। ਆਪਣੇ ਘਰ ਦਾ ਕੰਮ ਕੌਣ ਏ ਜਿਹੜਾ ਨਹੀਂ ਕਰਦਾ। ਹੁਣ ਤੇ ਸ਼ਰਮ ਨੂੰ ਛਿੱਕੇ ਟੰਗ ਦੇਣਾ ਚਾਹੀਦਾ ਸੀ। ਮੈਦਾਨ 'ਚ ਨਿਤਰਣ ਦਾ ਹੁਣ ਢੋਲ ਵੱਜ ਗਿਆ ਏ। ਪਹਿਲਾਂ ਹੜੱਪਾ ਮਾਰੋ, ਫੇਰ ਛਾਲ। ਵਾਹ ਵਾਹ ਲੋਕ ਫੇਰ ਕਰਨਗੇ।

ਏਹੋ ਗੱਲ ਸੋਚੀ ਜਾ ਰਹੀ ਸੀ, ਹੁਣ ਤੇ ਸਿਰਫ ਦੀਵਾਨ 'ਚ ਬੈਠਣਾ, ਬਾਉਲੀ 'ਚ ਇਸ਼ਨਾਨ ਕਰਨਾ, ਅੰਨ ਪਾਣੀ ਛਕਣਾ ਤੇ ਦਿਨ ਲੰਘਾ ਛੱਡਣਾ, ਏਸ ਤੋਂ ਵੱਧ ਕੋਈ ਕੰਮ ਨੈਹੀਂ ਸੀ। ਤੀਲਾ ਭੰਨ ਕੇ ਦੋਹਰਾ ਨਹੀਂ ਸੀ ਕਰਨਾ ਪੈਂਦਾ, ਪਹਾੜ ਜਿੱਡਾ ਦਿਨ ਕਿਸ ਤਰ੍ਹਾਂ ਨਿੱਬੜੇ। ਪਲ-ਪਲ ਪ੍ਰੇਸ਼ਾਨੀ ਵੱਧ ਰਹੀ ਸੀ। ਏਸ ਦਾ ਹੋਰ ਇਲਾਜ ਵੀ ਤੇ ਕੋਈ ਨਹੀਂ ਸੀ। ਦਿਨ ਬੀਤ ਰਹੇ ਸਨ, ਰਾਤ ਕਦੀ ਤਾਰਿਆਂ ਗਿਣਦਿਆਂ ਲੰਘ ਜਾਂਦੀ ਤੇ ਕਦੀ ਕਰਵਟਾਂ ਬਦਲਦਿਆਂ। ਰਾਤ ਤੇ ਲੰਘ ਹੀ ਜਾਂਦੀ ਏ ਦਿਨ ਹੀ ਲੰਘਣਾ ਮੁਸ਼ਕਲ ਸੀ। ਗੁਰੂ ਵੇਖ ਰਹੇ ਸਨ ਅਮਰੂ ਨੂੰ। ਅਮਰੂ ਕੀ ਕਰਦਾ ਏ, ਕੀ ਸੋਚਦਾ ਏ, ਕੀ ਵਿਚਾਰਦਾ ਏ, ਕਿੰਨ੍ਹਾਂ ਦਲੀਲਾਂ ਵਿਚ ਡੁਬਿਆ ਹੋਇਆ ਏ, ਕਿਹੜਾ ਕੰ। ਚੁਣਦਾ ਏ, ਕਿਹੜਾ ਕੰਮ ਕਰਨ ਤੇ ਉਹਦਾ ਦਿਲ ਰੀਝਦਾ ਏ, ਕਿਹੜੇ ਕੰਮ ਨੂੰ ਇਜ਼ਤ ਨਾਲ ਕਰਨ ਨੂੰ ਤਿਆਰ ਏ, ਕਿਹੜਾ ਕੰਮ ਬੇਇਜ਼ਤੀ ਦਾ ਏ, ਚੁਣ ਲੈਣ ਦਿਓ ਸੂ, ਛਿੰਝ ਪੈ ਰਹੀ ਏ। ਬਲਵਾਨ ਨੂੰ ਆਪਣੇ ਦਾਅ ਸੋਚਣ ਦਿਓ। ਗੁਰੂ ਅੰਗਦ ਜੀ ਤਾੜ ਰਹੇ ਸਨ। ਅਕਾਠਾਂ ਵਰ੍ਹਿਆਂ ਦੇ ਬਿਰਧ ਸਰੀਰ ਵਿਚ ਕਿੰਨਾ ਕੁ ਲਹੂ ਏ, ਕਿੰਨਾ ਕੁ ਜੋਸ਼ ਏ, ਕਿੰਨੀ ਕੁ ਗਰਮੀ ਏ। ਮਾਰਨ ਦਿਓ ਹੱਥ ਪੈਰ ਵੇਖੋ ਤੇ ਸਹੀ, ਅੱਖ ਕਿੱਥੇ ਜਾ ਕੇ ਟਿਕਦੀ ਏ। ਹੰਸ ਮੋਤੀ ਚੁਣਦਾ ਏ ਜਾਂ ਦਾਣੇ ਚੁਣ ਕੇ ਉਡਾਰੀ ਮਾਰ ਜਾਂਦਾ ਏ। ਏਥੇ ਜਾਤ ਪਛਾਣੀ ਜਾਏਗੀ। ਜਾਤ ਤੋਂ ਮਤਲਬ ਬਰਾਦਰੀ ਨਹੀਂ, ਜਾਤ ਤੋਂ ਮੇਰਾ ਮਤਲਬ ਏ, ਗੁਣ, ਮਨ ਦਾ ਤੀਖਣ ਪਣ, ਸਮਝ ਵਿਚ ਆਏਗਾ ਕਿ ਕਿਹੜਾ ਬੰਦਾ ਕਾਹਦੇ ਜੋਗਾ ਏ। ਜ਼ਿੰਦਗੀ ਦੀਆਂ ੬੧ ਪੌੜੀਆਂ ਚੜ੍ਹਨ ਤੋਂ ਬਾਹਦ ਅੱਗੇ ਚੜ੍ਹਨ ਦੀ ਹਿੰਮਤ ਹੈ ਵੀ.ਕਿ ਸਤਿਆ ਜੁਆਬ ਦੇ ਗਈ ਏ। ਕਿਤੇ ਰਾਹ ਵਿਚ ਹੀ ਦਮ ਤੇ ਨਾ ਤੋੜ ਦਊ। ਜਾਲ ਸੁਟਿਆ ਹੋਇਆ ਸੀ ਸ਼ਿਕਾਰੀਆਂ, ਮੋਹ, ਮਮਤਾ, ਲੋਭ, ਹੰਕਾਰ ਤੇ ਝੂਠੀ ਇਜ਼ਤ ਦਾ ਲਾਲਚ, ਵੇਖੋ ਜਾਲ ਵਿਚ ਫਸਦਾ ਏ ਸ਼ਿਕਾਰ ਜਾਂ ਜਾਲ ਤੋੜ ਕੇ ਨਿਕਲ ਜਾਂਦਾ ਏ। ਲੱਤ ਮਾਰ ਕੇ ਲਾਲਚ ਨੂੰ ਨਿਕਲ ਜਾਣਾ ਏਸ ਦੁਨੀਆਂ ਦਾ ਕੰਮ ਨਹੀਂ। ਇਹ ਤੇ ਕੋਈ ਤਿਆਗੀ ਹੀ ਕਰੂ ਜਾਂ ਸਿਰੜੀ ਜਾਂ ਧੁੰਨ ਦਾ ਪੱਕਾ। ਦੁੱਧ ਪੀਣੇ ਮਜਨੂੰ ਲੈਲਾ ਦੇ ਦਰਸ਼ਨ ਨਹੀਂ ਕਰ ਸਕਦੇ। ਜਿਹੜਾ ਲਹੂ ਦਊ ਓਹੋ ਲੈਲਾ ਦੇ ਦੀਦਾਰ ਕਰੂ। ਵੇਖ ਲੈ ਅੱਲਾ ਯਾਰ ਖ਼ਾਂ ਕਿੰਨੀਆਂ ਗੱਡੀਆਂ ਹੋਈਆਂ ਨੀ ਕਿੱਲੀਆਂ ਥਾਂ ਥਾਂ ਤੇ। ਏਸ ਬਨਾਂ ਵਿਚੋਂ ਤਰ ਕੇ ਨਿਕਲਣਾ ਮਹੀਂਵਾਲ ਤੋਂ ਬਗੈਰ ਦੂਜੇ ਦਾ ਕੰਮ ਨਹੀਂ। ਸਾਰੇ ਨਾ ਰਾਂਝੇ ਹੁੰਦੇ ਤੇ ਨਾ ਸਾਰੇ ਮਹੀਂਵਾਲ। ਪਾਰੋ ਡੱਲੇ ਨੇ ਏਥੇ ਆਣ ਕੇ ਗੱਲ ਮੁਕਾ ਦਿੱਤੀ।

—ਪਰ ਅੱਲਾ ਯਾਰ ਖ਼ਾਂ ਉਹਨੂੰ ਸਾਹ ਨਹੀਂ ਸੀ ਲੈਣ ਦੇਂਦਾ। ਆਹਦਾ ਅੱਗੇ ਦੱਸ ਫੇਰ ਕੀ ਹੋਇਆ। ਗੁਰੂ ਨੂੰ ਕੋਈ ਹੱਥ ਠੌਕਾ ਵੀ ਮਿਲਿਆ ਕਿ ਨਾ? ਕੋਈ ਰਾਹ ਨਜ਼ਰੀਂ ਪਿਆ।

ਅਜੇ ਤੱਕ ਕੋਈ ਥਾਂ-ਥਿੱਤ ਨਹੀਂ ਸੀ ਮਿਲਿਆ ਤੇ ਨਾ ਹੀ ਕੋਈ ਰਾਹੀ ਲੱਭਾ ਸੀ ਰਾਹੇ ਪਾਉਣ ਵਾਲਾ। ਆਪੇ ਰਾਹੀ ਸਨ ਮੇਰੇ ਸਤਿਗੁਰ ਤੇ ਆਪੇ ਹੀ ਚੁਰੱਸਤੇ ਵਿਚ ਖੜੋਤੇ ਡੰਡੀ ਲੱਭ ਰਹੇ ਸਨ।

ਮੇਲੇ 'ਚ ਗੁਆਚਿਆ ਬਾਲ ਰੋਣ ਤੋਂ ਬਗੈਰ ਕੀ ਕਰ ਸਕਦਾ ਏ? ਮਾਂ ਡੁਸਕ ਸਕਦੀ ਏ? ਰੌਲਾ ਪਾ ਸਕਦੀ ਏ। ਦੁਨੀਆਂ ਵਿਚ ਮੇਲੇ ਹੀ ਮੇਲੇ ਹਨ। ਮੇਲਾ ਵੇਖੋ ਅਨੰਦ ਲਵੋ। ਮੇਲਾ ਉਹਦੀਆਂ ਹੱਡੀਆਂ 'ਚ ਰਚ ਜਾਏ ਤਾਂ ਤੇ ਮਜ਼ਾ ਹੋਇਆ ਨਾ ਮੇਲਾ ਵੇਖਣ ਦਾ।

□□

੧੫

ਖਡੂਰ ਸਾਹਿਬ ਵਿਚ ਨਵਾਂ ਆਦਮੀ ਕੀ ਕੀ ਕੰਮ ਕਰ ਸਕਦਾ ਏ ? ਤੇ ਲੋਕ ਕੀ ਕੀ ਕਰਦੇ ਹਨ ? ਜਿੱਦਾਂ ਲੰਗਰ ਵਿਚ ਜੂਠੇ ਬਰਤਨ ਮਾਂਜਣੇ, ਵਿੱਟਾਂ ਢੋਣੀਆਂ, ਗਾਰਾ ਕਰਨਾ, ਘਾਣੀ ਬਨਾਉਣੀ, ਚੱਕੀ ਪੀਹਣੀ, ਪੱਖਾ ਫੇਰਨਾ, ਜਲ ਢੋਣਾ, ਲੱਕੜਾਂ ਲਿਆਉਣੀਆਂ, ਪਾਤਨੀਆਂ ਤੇ ਫੇਰ ਲੰਗਰ ਵਿਚ ਜਾ ਕੇ ਟਿਕਾਉਣੀਆਂ। ਮੁੱਠੀ-ਚਾਪੀ ਕਰਨੀ, ਬ੍ਰਿਧ ਸਰੀਰ ਵਾਲੇ ਸੇਵਕਾਂ ਦੀ। ਆਪ ਇਸ਼ਨਾਨ ਕਰਨਾ ਤੇ ਦੂਜਿਆਂ ਨੂੰ ਕਰਾਉਣਾ। ਆਈ ਸੰਗਤ ਦੀ ਆਓ ਭਗਤ ਕਰਨੀ, ਉਹਨਾਂ ਵਾਸਤੇ ਬਿਸਤਰੇ, ਮੰਜੀਆਂ, ਗੜਵੇ ਇਕੱਠੇ ਕਰਕੇ ਰੱਖਣੇ ਤੇ ਹਰ ਇਕ ਦੇ ਆਰਾਮ ਦਾ ਖਿਆਲ ਰੱਖਣਾ। ਕੁਝ ਏਹੋ ਜਿਹੇ ਅੰਗ ਸਨ ਸੇਵਾ ਦੇ। ਖਡੂਰ ਦੇ ਗੁਰੂ ਬੇਪ੍ਰਵਾਹ ਹਨ। ਬੇਪ੍ਰਵਾਹੀ ਤੇ ਗੁਰੂਆਂ ਵਿਚ ਹੋਣੀ ਈ ਚਾਹੀਦੀ ਏ। ਏਸੇ ਬੇਪ੍ਰਵਾਹੀ ਨੂੰ ਰਿਝਾਉਣ ਦਾ ਇਕੋ ਈ ਰਾਹ ਸੀ, ਸੇਵਾ।

ਕਿਹੜਾ ਬੰਦਾ ਕਿਹੜੀ ਸੇਵਾ ਕਰ ਸਕਦਾ ਏ, ਕਿਹੜਾ ਸਰੀਰ ਕਿਹੜੀ ਸੇਵਾ ਬਰਦਾਸ਼ਤ ਕਰ ਸਕਦਾ ਏ, ਕਿਹੜੀ ਸੇਵਾ, ਕਿਹੜੇ ਬੰਦੇ ਨੂੰ ਪਸੰਦ ਆਉਂਦੀ ਏ। ਹਰ ਸੇਵਾ ਦਾ ਪੁੰਨ, ਹਰ ਸੇਵਾ ਦਾ ਫਲ ਇਕੋ ਜਿਨਾ ਏ, ਜਿਹੋ ਜਿਹੀ ਕੋਈ ਸੇਵਾ ਕਰੂ, ਉਹੋ ਜਿਹੀ ਉਹਨੂੰ ਪਦਵੀ ਮਿਲੂ।

—ਮੇਰੇ ਸਤਿਗੁਰਾਂ ਨੇ ਅਜੇ ਤੱਕ ਕੋਈ ਪੱਕਾ ਫੈਸਲਾ ਨਹੀਂ ਸੀ ਕੀਤਾ, ਅਜੇ ਵਿਚਾਰਾਂ ਵਿਚ ਈ ਵਕਤ ਨੂੰ ਧੱਕਾ ਦੇ ਰਹੇ ਸਨ। ਭਾਈ ਜੋਧ ਆਪਣੀ ਉਮਰ ਖਾ ਚੁੱਕਾ ਸੀ, ਸਰੀਰ ਜੁਆਬ ਦੇਣ ਈ ਵਾਲਾ ਸੀ। ਬੁਢਾਪਾ ਸਿਰ ਤੋਂ ਲੈ ਕੇ ਪੈਰਾਂ ਤੀਕ ਆਪਣਾ ਜਲਾਲ ਵਿਖਾ ਚੁੱਕਾ ਸੀ, ਸਿਰਫ ਮੱਥਾ ਈ ਚਮਕਦਾ ਸੀ। ਜਿਨੀਆਂ ਸੇਵਾ ਮੈਂ ਦੱਸ ਆਇਆ ਹਾਂ, ਉਹਨਾਂ ਤੇ ਸੇਵਕ ਪਹਿਲਾਂ ਹੀ ਡੱਟੇ ਹੋਏ ਸਨ। ਕੋਈ ਜ਼ਰਾ ਕੁ ਹਟਣ ਦਾ ਨਾਂ ਵੀ ਨਹੀਂ ਸੀ ਲੈਂਦਾ, ਕੋਈ ਰੁੱਸ ਕੇ ਵੀ ਨਹੀਂ ਸੀ ਜਾਂਦਾ। ਕੋਈ ਥਾਂ ਖਾਲੀ ਹੋਏ ਤੇ ਕੋਈ ਹੱਥ ਪੈਰ ਮਾਰੇ। ਕੋਈ ਪੈਰ ਧਰਨ ਦੀ ਜਗ੍ਹਾ ਈ ਨਹੀਂ ਸੀ। ਪੈਰ ਧਰੇ ਤੇ ਕੋਈ ਪੈਰ ਪਸਾਰੇ ਨਾ। ਇਕ ਕੰਮ ਸੀ ਤੇ ਬੰਦੇ ਉਹਦੇ ਮਗਰ ਪੰਜ ਸਨ। ਨਵੇਂ ਆਦਮੀ ਨੂੰ ਮੌਕਾ ਕਿਵੇਂ ਮਿਲ ਜਾਏ। ਲਾਟਰੀ ਭਾਵੇਂ ਕਿਸੇ ਦੀ ਨਿਕਲ ਆਵੇ, ਵੈਸੇ ਵੀ ਖਡੂਰ ਵਿਚ ਕੋਈ ਬੰਦਾ ਸੇਵਾ ਕਰਨੀ ਚਾਹਵੇ ਵੀ ਤੇ ਨਹੀਂ ਸੀ ਕਰ ਸਕਦਾ, ਕਿਉਂਕਿ ਕੰਮ ਥੋਹੜਾ ਸੀ ਤੇ ਬੰਦੇ ਜ਼ਿਆਦਾ ਸਨ। ਏਸੇ ਲਈ ਵੀ ਮੇਰੇ ਗੁਰੂ ਨੂੰ ਸੇਵਾ ਦਾ ਮੌਕਾ ਨਹੀਂ ਮਿਲਿਆ। ਮਿਲਿਆਂ ਆਸਣ ਕੌਣ ਛੱਡਦਾ ਏ ? ਹੁਣ ਤੇ ਸਿਰਫ ਨਵਾਂ ਈ ਆਸਣ ਬਨਾਉਣ ਦੀ ਲੋੜ ਸੀ। ਸੇਵਾ ਦਾ ਕੋਈ ਨਵਾਂ ਰੂਪ ਈ ਉਭਾਰਨਾ ਪੈਣਾ ਸੀ, ਵਿਚਾਰ ਏਸ ਤਰ੍ਹਾਂ ਦੀ ਸੋਚੀ ਜਾ ਰਹੀ ਸੀ।

—ਅਚਾਨਕ ਰੱਬ ਦਾ ਭਾਣਾ ਯਾ ਮੇਰੇ ਸਤਿਗੁਰੂ ਦੀ ਕਿਸਮਤ ਬਲਵਾਨ ਸਮਝੋ ਜਾਂ ਵਕਤ ਆ ਗਿਆ ਸੀ। ਰੇਖ ਵਿਚ ਮੇਖ ਵੱਜਣ ਦਾ ਜਾਂ ਪਦਮ ਆਪਣਾ ਚਮਤਕਾਰ ਵਿਖਾਉਣ ਲੱਗਾ ਸੀ ਜਾਂ ਪਲਟਾ ਖਾ ਰਹੀ ਸੀ ਤਕਦੀਰ। ਗੁਰੂ ਘਰ ਵਿਚ ਪਦਵੀ ਸਿਰਫ ਉਸੇ ਨੂੰ ਮਿਲਦੀ ਏ, ਜਿਹੜਾ ਸੇਵਾ ਵਿਚ ਨਿਪੁੰਨ ਹੋਵੇ। ਸੇਵਕ ਨੂੰ ਸੁਆਮੀ ਮਿਲ ਸਕਦਾ ਏ। ਮੁਕਤੀ ਦਾ ਇਕੋ ਈ ਰਾਹ ਏ, ਉਹ ਏ ਸੇਵਾ।

ਲੰਗਰ 'ਚ ਪਾਣੀ ਖ਼ਤਮ ਹੋ ਗਿਆ। ਮਾਤਾ ਖੀਵੀ ਪਾਣੀ ਮੰਗ ਰਹੀ ਸੀ। ਭਾਈ ਜੋਧ ਪਾਣੀ ਦੀ ਗਾਗਰ ਭਰ ਕੇ ਲਈ ਆਉਂਦੇ ਸਨ, ਠੇਡਾ ਲੱਗਾ, ਡਿੱਗ ਪਏ। ਗੋਡਿਆਂ ਪਰਨੇ ਡਿੱਗੇ, ਮੂੰਹ ਭੱਜਾ, ਦੰਦ ਨਿਕਲ ਗਏ, ਸੱਟਾਂ ਤੇ ਲੱਗੀਆਂ ਈ ਸਨ, ਗੋਡਾ ਉੱਤਰ ਗਿਆ, ਪਾਣੀ ਦੀ ਭਰੀ ਗਾਗਰ ਡਿੱਗ ਪਈ, ਹੀਆ ਕੀਤਾ, ਭਾਈ ਜੋਧ ਨੇ ਖ਼ਾਲੀ ਗਾਗਰ ਲੈ ਕੇ ਉਠਣ ਦਾ। ਇਹ ਤਮਾਸ਼ਾ ਸਾਰੇ ਖਡੂਰ ਨੇ ਵੇਖਿਆ।

ਕੁਦਰਤ ਵੇਖੋ ਕਿੱਥੇ ਢੋਅ ਮਿਲਾਉਂਦੀ ਏ? ਮੇਰੇ ਸਤਿਗੁਰ ਨੇ ਝੋਲੀ ਅੱਡੀ।

—ਮੇਰੀ ਝੋਲੀ ਖ਼ਾਲੀ ਏ, ਮੇਰੀ ਝੋਲੀ 'ਚ ਖ਼ੈਰ ਪਾ ਦਿਓ।

—ਮੈਂ ਕਾਹਦੇ ਜੋਗਾ ਹਾਂ ਸਿੱਖਾ? ਮੇਰੇ ਕੋਲ ਹੈ ਕੀ? ਭਾਈ ਜੋਧ ਆਖਣ ਲੱਗਾ।

—ਤੂੰ ਦਾਤਾ ਏਂ। ਤੂੰ ਦਾਨੀ ਏਂ, ਤੂੰ ਦਾਨ ਕਰ ਸਕਦਾ ਏਂ। ਮੁਰਾਦਾਂ ਨਾਲ ਮੇਰੀ ਝੋਲੀ ਭਰ ਦੇ। ਬੋਲ ਮੇਰੇ ਗੁਰੂ ਦੇ ਸਨ।

—ਉਹ ਕਿੱਦਾਂ। ਮੇਰੀ ਤੇ ਆਪਣੀ ਝੋਲੀ ਸੱਖਣੀ ਏ। ਸੱਖਣੀ ਝੋਲੀ ਵਾਲਾ ਤੈਨੂੰ ਕੀ ਬਖ਼ਸ਼ ਦਿਊ?

—ਤੇਰੇ ਕੋਲ ਕੁੰਜੀ ਏ ਦਾਤੇ ਦੇ ਦਰਬਾਰ ਦੀ। ਬੂਹਾ ਖੋਲ੍ਹ ਤੇ ਮੇਰੀ ਝੋਲੀ 'ਚ ਪ੍ਰਸ਼ਾਦਾ ਪਾ ਦੇ। ਬੋਲ ਮੇਰੇ ਸਤਿਗੁਰ ਦੇ ਸਨ।

—ਕੀ ਏ?

—ਆਹ ਗਾਗਰ ਮੈਨੂੰ ਦੇ ਦੇ।

''ਦਾਨ ਵੀਰ ਕਰਨ ਨੇ ਗਾਗਰ ਬਖ਼ਸ਼ ਦਿੱਤੀ ਮੇਰੇ ਸਤਿਗੁਰ ਨੂੰ। ਕਿੰਨਾ ਤਿਆਗੀ ਹੋਵੇਗਾ ਭਾਈ ਜੋਧ! ਜ਼ਿੰਦਗੀ ਦੀ ਮੰਜ਼ਿਲ ਤੇ ਮੇਰੇ ਸਤਿਗੁਰ ਦਾ ਅੱਜ ਪਹਿਲਾ ਕਦਮ ਸੀ।

□□

ਗਾਗਰ



ਗਾਗਰ

ਇੰਦ੍ਰ ਪੁਰੀ ਲੱਖ ਰਾਜ ਨੀਰ ਭਰਾਵਣੀ ॥
ਲਖ ਸੁਰਰਾ ਸਿਰਤਾਜ਼ ਗਲਾ ਪੀਹਾਵਣੀ ॥
ਰਿਧ ਸਿਧ ਨਿਧ ਲਖ ਸਾਜ ਚੁਲ ਝੁਕਾਵਣੀ ॥
ਸਾਧ ਗਰੀਬ ਨਿਵਾਜ ਗਰੀਬੀ ਆਵਣੀ ॥
ਅਨਹਦ ਸ਼ਬਦ ਅਗਾਜ ਬਾਣੀ ਗਾਵਣੀ ॥

—ਭਾਈ ਗੁਰਦਾਸ

੧

ਗਾਗਰ

ਪਹਿਲਾ ਦਿਨ ਪਹਿਲੇ ਸਾਲ ਦਾ ਅਤੇ ਮਹੀਨਾ ਫੱਗਣ।

ਭਾਗੀਂ ਭਰਿਆ ਮਹੀਨਾ ਚੜ੍ਹਿਆ, ਰੁੱਤ ਦੇ ਪਰ ਨਿਕਲ ਆਏ, ਪੁੰਗਾਰਾ ਪਿਆ ਪੱਤ ਝੜ ਦੇ ਮਾਰੇ ਰੁੱਖਾਂ ਨੂੰ, ਰੁੰਡ-ਮਰੁੰਡ ਦਰੱਖਤਾਂ ਨੇ ਬੁੱਕਲ ਮਾਰੀ ਰੇਸ਼ਮੀ ਹਰੇ ਰੰਗ ਦੇ ਦੁਸ਼ਾਲੇ ਦੀ। ਮਰੁੰਡ ਕੇ ਰੱਖ ਦਿੱਤੇ ਰੁੱਖ, ਖ਼ੁਦਾ ਦੇ ਰਾਖਸ਼ਸ਼ ਨੇ। ਫੱਗਣ ਦੇ ਦੇਵਤੇ ਦਾ ਰੱਥ ਅੱਠਾਂ ਘੋੜਿਆਂ ਜੁੜਿਆ ਛਣ-ਛਣ ਕਰਦਾ, ਘੋੜੇ ਫੁੰਕਾਰੇ ਮਾਰਦੇ, ਧੂੜ ਪੁੱਟਦੇ ਧਰਤੀ ਦੀ ਆਣ ਵੜੇ ਬਾਗ਼ੀਂ। ਧਮੱਚੜਾ ਪਾਉਂਦੇ, ਕਲੇਜਾ ਹਿੱਲਿਆ ਬਾਗ਼ ਦਾ। ਕਰੂੰਬਲਾਂ ਫੁੱਟ ਪਈਆਂ ਉਹਦਾ ਸਵਾਗਤ ਕਰਨ ਲਈ। ਵਿਚਾਰੇ ਪੱਤਿਆਂ ਨੇ ਬਹਾਰ ਦੀ ਸੱਜ-ਵਿਆਹੀ ਵਹੁਟੀ ਦੀ ਰਾਂਗਲੀ ਆਰਸੀ ਵੇਖੀ ਅਤੇ ਉਹਦੇ ਵਿਚੋਂ ਆਪਣਾ ਮੂੰਹ ਤੱਕਣ ਦਾ ਹੀਆ ਕੀਤਾ। ਉਹਦੀਆਂ ਗੱਲ੍ਹਾਂ ਤੇ ਲਾਲੀਆਂ ਚੜ੍ਹ ਆਈਆਂ। ਜੋਬਨ ਡੁੱਲ੍ਹ-ਡੁੱਲ੍ਹ ਪੈਣ ਲੱਗਾ। ਰਿੱਤੂ ਰਾਜ ਦੀ ਪਟਰਾਣੀ ਦੀ ਫੁਲਕਾਰੀ ਵਿਚ ਫੁੱਲ ਜੜ ਦਿੱਤੇ ਨੇ ਕੁਦਰਤ ਨੇ। ਬੂਰ ਪਿਆ ਅੰਬੀਆਂ ਨੂੰ। ਕੋਇਲ ਬੋਲੀ ਕਾਲੇ ਸ਼ਾਹ ਰੰਗ ਵਾਲੀ। ਤਵੇ ਤੋਂ ਕਾਲੀ, ਗੁਨਾਹਾਂ ਭਰੀ, ਪਰ ਉਹਦੀ ਬੋਲੀ ਵਿਚ ਬੜੀ ਮਿਠਾਸ ਸੀ, ਆਵਾਜ਼ ਬੜੀ ਪਿਆਰੀ ਅਤੇ ਨਰਮ ਸੀ, ਸੋਜ਼ ਸੀ ਉਹਦੀ ਆਵਾਜ਼ ਵਿਚ। ਲਚਕ ਸੀ ਕੂਕ ਵਿਚ। ਗਹਿਣਿਆਂ ਗੱਟਿਆਂ ਨਾਲ ਲੱਦੀ ਗਈ ਧਰਤੀ ਦੀ ਬਨਾਸਪਤੀ। ਰੀਸ ਬਰੀਸੀ ਅਨਾਰ ਨੇ ਵੀ ਡੋਡੀਆਂ ਕੱਢ ਲਈਆਂ। ਅਨਾਰ ਦੇ ਬਰਿਖਸ਼ ਨੂੰ ਫੁੱਲਾਂ ਨੇ ਅਜਿਹਾ ਝੁਰਮਟ ਪਾਇਆ, ਵਿਚਾਰਾ ਝੁਕ ਗਿਆ। ਪਰ ਜੋਬਨ ਚੜ੍ਹਿਆ ਉਹਦੀਆਂ ਰੱਗਾਂ ਵਿਚੋਂ ਲਹੂ ਪੁੰਗਰਿਆ, ਬਾਗ਼ ਦੇ ਦਰੱਖਤ ਫੁੱਲ ਫੁੱਲ ਪੈਣ ਲੱਗ ਪਏ। ਜਵਾਨੀ ਦੇ ਨਸ਼ੇ ਵਿਚ ਝੂਮ ਪਏ ਖੇਤ ਕਣਕ ਦੇ।

ਮੋਤੀਆਂ ਜੜੀ ਕਣਕ ਜਿਸਨੇ ਆਦਮ ਨੂੰ ਬਹਿਸ਼ਤ ਵਿਚੋਂ ਕੱਢਿਆ ਸੀ, ਬਹਿਸ਼ਤ ਵਾਲੇ ਕਣਕ ਨੂੰ ਜ਼ਹਿਰ ਸਮਝਦੇ ਸਨ, ਪਰ ਇਨਸਾਨ ਦੀ ਢਿੱਡ ਦੀ ਅੱਗ ਜੇ ਕਿਸੇ ਨੇ ਬੁਝਾਈ ਤਾਂ ਉਹ ਇਕ ਨਿਹਮਤ ਸੀ, ਅੰਨ ਕਣਕ ਦੇ ਦਾਣਿਆਂ ਦਾ। ਇਹ ਭਗਵਾਨ ਦੀ ਬਖ਼ਸ਼ਸ਼ ਹੈ ਮਨੁੱਖ ਨੂੰ। ਜਦ ਖੇਤ ਭਰ ਜੋਬਨ ਤੇ ਆਏ ਜਵਾਨੀ ਮੱਛੇ ਮਾਰਨ ਲੱਗੀ। ਜੱਟ ਨੇ ਖੇਤ ਦੀ ਵੱਟ ਤੇ ਖੜੇ ਹੋ ਕੇ ਖੰਘੂਰਾ ਮਾਰਿਆ, ਮਰੋੜਾ ਦਿੱਤਾ ਮੁੱਛ ਨੂੰ। ਨਗੀਨੇ ਜੜੀ ਦਾਉਣੀ ਪਾਈ ਖੜੀ ਸੀ ਕਣਕ ਤੇ ਚੀਰਾ ਜੱਟ ਦੇ ਸਿਰ ਤੇ ਫੁੰਮਣੀਆਂ ਪਾ ਰਿਹਾ ਸੀ। ਸੋਨੇ ਰੰਗੀ ਭਾਅ ਮਾਰਦੀ ਸੀ ਕੁਦਰਤ। ਸੂਰਜ ਦੀਆ ਕਿਰਨਾਂ ਵਿਚ ਜ਼ਰਾ ਕੁ ਧੁੱਪ ਦੀ ਤੇਜ਼ੀ ਆਈ, ਕਣਕ ਨੇ ਘੁੰਡ ਕੱਢਣ ਦੀ ਵਿਹਲ ਵੀ ਨਾ ਦਿੱਤੀ ਝੱਟ ਹੀ ਰੰਗ ਬਦਲ ਲਿਆ। ਗੁਲਜ਼ਾਰ ਖਿੜੀ ਹੋਈ ਸੀ ਖਡੂਰ ਵਿਚ। ਫੁੱਲਾਂ ਨੇ ਖ਼ੁਸ਼ਬੂ ਦੇ ਭਰ ਭਰ ਬੁੱਕ ਵੰਡੇ। ਸਰ੍ਹੋਂ ਮਾੜੀ ਜਿਹੀ ਫੁੱਲੀ ਵੇਖ ਕੇ ਬਸੰਤ ਦੇ ਰਿਤੂ ਰਾਜ ਦਾ ਜੀਅ ਕਰ ਆਇਆ, ਜਵਾਨ ਜਹਾਨ ਲਗਰਾਂ ਵਾਂਗਰਾਂ ਗੋਰੀਆਂ ਚਿੱਟੀਆਂ ਬਲੌਰੀ ਨੱਢੀਆਂ ਨਾਲ ਕਿੱਕਲੀ ਪਾਉਣ ਨੂੰ। ਸਵਰਗ ਲੋਕ ਛੱਡ ਕੇ ਮਾਤ ਲੋਕ ਵਿਚ ਆਉਂਦਿਆਂ ਹੀ ਉਸ ਪੈਰਾਂ ਨੂੰ ਘੁੰਗਰੂ ਬੰਨ੍ਹ ਲਏ, ਝਾਂਜਰਾਂ ਬਲੌਰੀ ਰੰਗ ਦੀਆਂ, ਸੋਨੇ ਦਾ ਭਾਅ ਮਾਰਦੀਆਂ।

ਖਡੂਰ ਵਿਚ ਇਕ ਅੱਲਾ ਦਾ ਲੋਕ ਕੰਨ ਤੇ ਹੱਥ ਧਰ ਕੇ ਹੇਕ ਲਾ ਰਿਹਾ ਸੀ :

'ਮਾਟੀ ਕੀ ਕੱਚੀ ਗਾਗਰ ਕੋ ਕਿਆ ਖੋਨਾ ਕਿਆ ਪਾਨਾ ਬਾਬਾ,
ਮਾਟੀ ਕੋ ਮਾਟੀ ਰਹਿਨਾ ਹੈ, ਮਾਟੀ ਮੇਂ ਮਿਲ ਜਾਨਾ ਬਾਬਾ।

ਸੂਫ਼ੀ ਲੋਕ ਪੰਜਾਬ ਦੀ ਧਰਤੀ ਦੇ ਪੱਟੇ ਪੱਟੇ ਤੇ ਵੱਸ ਗਏ। ਸਾਰਾ ਪੰਜਾਬ ਸੂਫ਼ੀਆਂ ਦੀ ਪਕੜ ਵਿਚ ਸੀ। ਪਰ ਵਿਚ ਵਿਚ ਟਾਂਵੇਂ ਟਾਂਵੇਂ ਕੁਝ ਹੋਰ ਧਰਮ ਵੀ ਪਨਪ ਰਹੇ ਸਨ। ਮਾੜਾ ਕੁ ਜਿਹਾ ਸਿਰ ਕੱਢਦੇ, ਦੱਬੀ ਦੱਬੀ ਰੱਬ ਦੀ ਆਵਾਜ਼ ਦੁਨੀਆਂ ਬੋਲੀਆਂ ਵਿਚੋਂ ਉਭਰ ਰਹੀ ਸੀ, ਇਹ ਆਵਾਜ਼ਾਂ ਪਿੰਜਰੇ ਡੱਕੀ ਬੁੱਲਬੁੱਲ ਵਾਂਗੂੰ ਸਨ। ਸੂਫ਼ੀ ਮੱਤ ਦੇ ਨਾਲ ਜਿਹੜਾ ਮਰਦ ਹਿੱਕ ਤਾਣ ਕੇ ਖੜਾ ਸੀ ਉਹ ਸੀ ਸਖੀ ਸਰਵਰ। ਇਨ੍ਹਾਂ ਦਾ ਮੁੱਢ ਸਰਹਿੰਦ, ਇਨ੍ਹਾਂ ਦਾ ਗੜ੍ਹ ਸਰਹਿੰਦ, ਦਿੱਲੀ ਦਾ ਦੂਜਾ ਧਾਰਮਕ ਤਖ਼ਤ। ਸਖੀ ਸਰਵਰਾਂ ਦੀ ਛੱਜ, ਪੰਜਾਬ ਦੇ ਹਰ ਕਬੀਲੇ ਨੇ ਸਿਰ ਤੇ ਚੁੱਕੀ ਹੋਈ ਸੀ। ਪਰ ਉਹਦੀ ਛਾਨਣੀ ਵਿਚ ਛੱਤੀ ਮੋਰੀਆਂ ਸਨ। ਭਾਵੇਂ ਇਨ੍ਹਾਂ ਦੋਵਾਂ-ਧਰਮਾਂ ਨੇ ਆਪਸ ਵਿਚ ਮਿਲ ਕੇ ਹਲ ਵਾਹ ਕੇ ਸਾਰੇ ਖੇਤ ਪੱਧਰੇ ਕਰ ਦਿੱਤੇ ਸਨ, ਕੋਈ ਕੱਖ ਕਾਣ ਵੀ ਖੇਤ ਵਿਚ ਨਜ਼ਰ ਨਹੀਂ ਸੀ ਆਉਂਦਾ, ਪਰ ਅਜੇ ਵੀ ਮੁੱਢ ਪੁੱਟੇ ਨਹੀਂ ਸਨ ਗਏ। ਨਾਥਾਂ ਦੀ ਪਰੰਪਰਾ, ਨਾਥਾਂ ਦਾ ਪਹਿਰਾਵਾ, ਨਾਥਾਂ ਦੇ ਧੂੰਏਂ, ਨਾਥਾਂ ਦੀਆਂ ਸਮਾਧੀਆਂ, ਨਾਥਾਂ ਦੇ ਥੜ੍ਹੇ, ਨਾਥਾਂ ਦੇ ਅਲੱਖ ਨਰੰਜਨ ਦੇ ਨਾਅਰੇ, ਟਿੱਲਿਓਂ ਉੱਠਦੇ ਪੰਜਾਬ ਦੀਆਂ ਬਹੁਤੀਆਂ ਕੁੰਟਾਂ ਵਿਚ ਗੂੰਜਦੇ, ਨਾਥ ਵਾੜੇ, ਨਾਥ ਦੁਆਰੇ, ਪੰਜਾਬ ਦੇ ਹਰ ਵੱਡੇ ਪਿੰਡ ਵਿਚ ਅਸਥਾਪਤ ਸਨ। ਪੰਜਾਬ ਨੇ ਉਨ੍ਹਾਂ ਦਾ ਵੀ ਅਸਰ ਕਬੂਲਿਆ ਹੋਇਆ ਸੀ। ਟਿੱਲਿਓਂ ਜਦ ਜੋਗੀਆਂ ਨੇ ਅਲੱਖ ਨਿਰੰਜਨ ਦਾ ਨਾਅਰਾ ਮਾਰਿਆ, ਪੰਜਾਬ ਡਰਿਆ ਤੇ ਉਹਦੇ ਲੋਕਾਂ ਨੂੰ ਇਕ ਵਾਰ ਤਾਂ ਕਾਂਬਾ ਛਿੜ ਗਿਆ। ਇਹ ਵੱਖਰੀ ਗੱਲ ਹੈ ਕਿ ਨਾਥਾਂ ਦੇ ਚੇਲੇ, ਨਾਥਾਂ ਦੇ ਪੁਜਾਰੀ. ਨਾਥਾਂ ਨੂੰ ਮੱਥੇ ਟੇਕਣ ਵਾਲੇ, ਨਾਥਾਂ ਨੂੰ ਖ਼ੈਰ ਪਾਉਣ ਵਾਲੇ, ਸਾਰੇ ਦੇ ਸਾਰੇ ਹਿੰਦੂ ਸਨ। ਮੋਏ, ਦੱਬੇ, ਕੁਚਲੇ ਹੋਏ, ਉਹਨਾਂ ਆਪਣਾ ਸੱਕ ਛੱਡਿਆ ਹੋਇਆ ਸੀ। ਮੁਸਲਮਾਨਾਂ ਨੇ ਦੋਹ ਜਹਾਨਾਂ ਦੀ ਦੌਲਤ ਨੂੰ ਲੱਤ ਮਾਰ ਕੇ, ਚੁੱਪ-ਚੁਪੀਤੇ ਨਾਥਾਂ ਤੋਂ ਕਈਆਂ ਕੰਨ ਪੜਵਾ ਲਏ

ਸਨ, ਬਿਭੂਤ ਪਿੰਡੇ ਮਲ ਲਈ ਸੀ, ਕੰਨ-ਪਾਟੇ ਜੋਗੀ ਮਾਝੇ, ਮਾਲਵੇ ਅਤੇ ਦੁਆਬੇ ਵਿਚ ਹਰਲ-ਹਰਲ ਕਰਦੇ ਫਿਰਦੇ ਸਨ, ਉਹਨਾਂ ਦੇ ਚਿਮਟੇ ਖੜਕਦੇ ਸਨ, ਧੂਣੇ ਬਲਦੇ ਅਤੇ ਅਲੱਖ ਨਿਰੰਜਨ ਦੇ ਨਾਅਰੇ ਲੱਗਦੇ ਸਨ। ਮੁਸਲਮਾਨੀ ਰਾਜ ਸੀ, ਏਸ ਲਈ ਉਹਨਾਂ ਦੀਆਂ ਜੜ੍ਹਾਂ ਪਾਤਾਲ ਵਿਚ ਨਾ ਲੱਗ ਸਕੀਆਂ। ਹਕੂਮਤ ਵੱਲੋਂ ਵੀ ਇਕ ਧਰਮ ਪੰਜਾਬ ਵਿਚ ਥੋਪਿਆ ਜਾ ਰਿਹਾ ਸੀ, ਦੀਨ-ਏ-ਇਲਾਹੀ। ਇਹ ਸ਼ਹਿਨਸ਼ਾਹ ਦਾ ਧਰਮ ਸੀ, ਜਿਹੜਾ ਸਾਰੀ ਹਿੰਦ ਨੇ ਕਬੂਲਣਾ ਸੀ, ਜੁੱਤੀ, ਤਲਵਾਰ ਅਤੇ ਹਕੂਮਤ ਦੇ ਰੋਅਬ ਨਾਲ। ਜਿਹੜਾ ਸਰਕਾਰੇ ਦਰਬਾਰੇ ਆਪਣੀ ਹੋਂਦ ਬਣਾਈ ਰੱਖਣਾ ਚਾਹੁੰਦਾ ਸੀ, ਜਾਗੀਰਦਾਰ, ਰਾਜੇ-ਮਹਾਰਾਜੇ, ਸਰਦਾਰ ਕਬੀਲਿਆਂ ਦੇ ਖੜਪੈਂਚ ਨਗਰ ਦਾ ਪਤਵੰਤੇ ਸ਼ਹਿਰ ਦੇ, ਕਸਬੇ ਤੇ ਪਿੰਡਾਂ ਦੇ ਚੌਧਰੀ, ਉਹਨਾਂ ਨੇ ਸ਼ਾਹ ਦੇ ਮਜ਼੍ਹਬ ਅੱਗੇ ਸਿਰ ਨਿਵਾ ਦਿੱਤਾ। ਇਹ ਵੱਖਰੀ ਗੱਲ ਹੈ ਕਿ ਉਹਨਾਂ ਪਾਖੰਡੀਆਂ ਵਿਚ ਅੱਧੇ ਫ਼ਰਜ਼ੀ ਸਨ। ਫ਼ਸਲੀ ਬਟੇਰੇ, ਰੁੱਤ ਆਈ ਤੇ ਆ ਗਏ। ਰੁੱਤ ਗਈ ਤੇ ਉੱਡ ਗਏ। ਅੱਧੇ ਐਵੇਂ ਭੂਨ-ਮੂਨ ਦੇ ਦੀਨ-ਏ-ਇਲਾਹੀ ਦੇ ਕਾਰਿੰਦੇ ਸਨ। ਇਸ ਧਰਮ ਨੂੰ ਹਕੂਮਤ ਸਾਰਿਆਂ ਧਰਮਾਂ ਦਾ ਨਿਚੋੜ ਆਖਦੀ ਸੀ, ਪਰ ਉਹਦੀ ਬੁੱਕਲ ਵਿਚ ਉਹਦੇ ਮਾਰੇ ਹੋਏ ਮੁੱਘੜ ਵਿਚ ਰਾਜ ਦਰਬਾਰ ਦੀਆਂ ਛੁਰੀਆਂ ਲੁਕੀਆਂ ਹੋਈਆਂ ਸਨ। ਖੰਜਰ, ਤਲਵਾਰਾਂ, ਨੇਜ਼ੇ, ਭਾਲੇ, ਹਕੂਮਤ ਦੇ ਹਾਥੀ ਦੀ ਅਮਾਰੀ ਵਿਚ ਲੁਕੋ ਕੇ ਰੱਖੇ ਹੋਏ ਸਨ। ਦੀਨ-ਏ-ਇਲਾਹੀ ਨੂੰ ਮੁਸਲਮਾਨਾਂ ਨੇ ਵੀ ਜੀਅ ਖੋਲ੍ਹ ਕੇ ਨਹੀਂ ਸੀ ਕਬੂਲਿਆ। ਉਹ ਲੋਕ ਲੋਕਾਚਾਰੀ ਵਿਚ ਆ ਕੇ ਆਪਣੀ ਜਗੀਰ ਦੇ ਪੱਟੇ ਪੱਕੇ ਬਣੇ ਰਹਿਣ, ਏਸ ਲਈ ਹਾਂ ਵਿਚ ਹਾਂ ਮਿਲਾ ਰਹੇ ਸਨ। ਪਰ ਸਰਕਾਰੀ ਕਾਗ਼ਜ਼ਾਂ ਵਿਚ ਏਸ ਧਰਮ ਦੀ ਬਹੁਗਿਣਤੀ ਸੀ। ਸ਼ਹਿਨਸ਼ਾਹ ਬੜਾ ਖ਼ੁਸ਼ ਸੀ, ਰਾਤੀਂ ਰੰਗੀਨ ਖ਼ਵਾਬ ਵੇਖਦਾ, ਅਬੜਵਾਹੇ ਉੱਠ ਕੇ ਬੈਠਦਾ ਅਤੇ ਆਪਣੀ ਹਕੂਮਤ ਨੂੰ ਸੱਜਦੇ ਕਰਦਾ ਤੇ ਆਖਦਾ ਕਿ ਮੁਗ਼ਲ ਖ਼ਾਨਦਾਨ ਦੀ ਹਕੂਮਤ ਦੀਆਂ ਜੜ੍ਹਾਂ ਪਾਤਾਲ ਤੋਂ ਵੀ ਅੱਗੇ ਜਾ ਲਗੀਆਂ ਹਨ। ਦੀਨ-ਏ-ਇਲਾਹੀ ਦਾ ਢੋਲ ਆਗਰੇ ਵਿਚ ਵੱਜਿਆ ਅਤੇ ਇਹਦੀ ਆਵਾਜ਼ ਦੀ ਘੁੰਮਘਾਰ ਦਿੱਲੀ ਦੇ ਬਾਜ਼ਾਰਾਂ ਵਿਚ ਗੂੰਜੀ। ਗਲੀਆਂ ਕੂਚਿਆਂ ਵਿਚ ਇਹ ਆਵਾਜ਼ ਨਾ ਅੱਪੜ ਸਕੀ। ਹਰ ਘਰ ਦੇ ਬੂਹੇ ਅੱਗੇ ਪਰਦਾ ਸੀ, ਹਰ ਕਬੂਲਣ ਵਾਲੀ ਜ਼ਨਾਨੀ ਦੇ ਮੂੰਹ ਤੇ ਬੁਰਕਾ ਸੀ, ਉਹਦੇ ਕੰਨਾਂ ਵਿਚ ਆਵਾਜ਼ ਆ ਰਹੀ ਸੀ ਅੱਲਾ ਹੂ ਅਕਬਰ, ਕੋਈ ਸ਼ੀਆ ਸੀ ਤੇ ਕੋਈ ਸੁੰਨੀ। ਆਮ ਬੰਦਾ ਏਸ ਤੋਂ ਵੱਧ ਮੁਸਲਮਾਨ ਨਹੀਂ ਸੀ। ਐਵੇਂ ਪਹਿਰਾਵਾ ਅਰਬੀ ਦੇਸ਼ ਦਾ ਸੀ। ਪਰ ਅੰਦਰੋਂ ਡੱਬੇ ਖ਼ਾਲੀ ਸਨ। ਉਹਨਾਂ ਦੇ ਦਿਲ ਤੇ ਇਸਲਾਮ ਦਾ ਕੋਈ ਮਾੜਾ ਜਿਹਾ ਰੰਗ ਵੀ ਨਹੀਂ ਚੜ੍ਹਿਆ। ਉਹ ਸਾਰੇ ਦੇ ਸਾਰੇ ਹਿੰਦੁਸਤਾਨੀ ਸਨ। ਜਦ ਉਹ ਆਪਣੇ ਕਰੀਬੀ ਰਿਸ਼ਤੇਦਾਰਾਂ ਨੂੰ ਮਿਲਦੇ ਤੇ ਫੇਰ ਹਿੰਦੂ ਧਰਮ ਅੱਗੇ ਸਿਰ ਨਿਵਾ ਦਿੰਦੇ, ਏਸੇ ਵਿਹੜੇ ਵਿਚੋਂ ਤੇ ਲੜ ਕੇ ਨਿਕਲੇ ਸਨ। ਉਹ ਕਿਹੜੇ ਮੱਕੇ ਤੋਂ ਆਏ ਹਾਜੀ ਸਨ। ਹਕੂਮਤ ਦੇ ਝੰਡੇ ਝੂਲਦੇ, ਝੂਮਦੇ ਹਾਥੀ, ਸੁਨਹਿਰੀ ਅਮਾਰੀਆਂ, ਮੋਤੀਆਂ ਜੜੀਆਂ ਝਿਲਮਿਲ ਕਰਦੀਆਂ ਲਾਹੌਰ ਵਿਚ ਵਿਖਾਈ ਦੇਂਦੀਆਂ। ਦੀਨ-ਏ-ਇਲਾਹੀ ਦਾ ਬੋਲਬਾਲਾ ਸੀ। ਲਾਹੌਰ ਦੇ ਕੁਝ ਗਿਣੇ ਮਿਣੇ, ਮੰਨੇ-ਪ੍ਰਮੰਨੇ, ਬੰਦੇ ਦੀਨ-ਏ-ਇਲਾਹੀ ਦੇ ਪੱਟਕੇ ਬੰਨ੍ਹੀ ਫਿਰਦੇ ਸਨ। ਹਕੂਮਤ ਸਮਝਦੀ ਸੀ ਕਿ ਲਾਹੌਰ ਸਾਰੇ ਨੇ ਹੀ ਦੀਨ-ਏ-ਇਲਾਹੀ ਕਬੂਲ ਕਰ ਲਿਆ ਹੈ। ਅਕਬਰ-ਏ-ਆਜ਼ਮ ਖ਼ਲੀਫ਼ਾ ਬਣ ਕੇ ਖ਼ਵਾਬ ਵੇਖ ਰਿਹਾ ਸੀ, ਇਹ ਸਾਰੀਆਂ ਰੇਤ ਦੀਆਂ ਕੰਧਾਂ ਸਨ, ਇਹ ਸਾਰੇ

ਹਵਾਈ ਕਿਲ੍ਹੇ ਸਨ।

ਇਨ੍ਹਾਂ ਕੂੰਜਿਆਂ ਵਿਚੋਂ ਜਿਸ ਤਰ੍ਹਾਂ ਖੜੱਪਾ ਸਿਰ ਕੱਢ ਲੈਂਦਾ ਏ, ਇਸ ਤਰ੍ਹਾਂ ਇਕ ਵਾਰਾਂ ਆਪਣਾ ਸਿਰ ਛੰਡਦੇ ਤੇ ਰੁੱਡ ਵਿਚੋਂ ਆਪਣਾ ਆਪਣਾ ਸਿਰ ਕੱਢ ਲੈਂਦੇ। ਉਦਾਸੀਆਂ ਦਾ ਧਰਮ ਜਿਹੜਾ ਬਾਬੇ ਨਾਨਕ ਦੇ ਪੁੱਤ ਦਾ ਬੀਜਿਆ ਬੂਟਾ ਸੀ, ਉਸ ਵੀ ਕਈ ਅਖਾੜੇ ਪੰਜਾਬ ਵਿਚ ਜਮਾਏ ਹੋਏ ਸਨ। ਕਈਆਂ ਥਾਵਾਂ ਤੇ ਉਹਨਾਂ ਦੀ ਚੰਗੀ ਤੂਤੀ ਬੋਲਦੀ ਸੀ। ਮੱਠ, ਕਈ ਜਗ੍ਹਾ ਤੇ ਮੰਦਰਾਂ ਦੇ ਗੁੰਬਦਾਂ ਨੂੰ ਵੀ ਲਲਕਾਰਦੇ ਤੇ ਮਸਜਦਾਂ ਨੂੰ ਵੀ ਘੂਰਦੇ।

ਇਕ ਹੋਰ ਆਵਾਜ਼ ਜਿਹੜੀ ਜ਼ਬਰਦਸਤੀ ਛੇਕਾਂ ਦੀ ਹਿੱਕ ਚੀਰਦੀ, ਮੋਰੀਆਂ ਵਿਚ ਮਘੋਰੇ ਪਾਉਂਦੀ ਨਿਕਲ ਰਹੀ ਸੀ, ਉਹ ਸੀ ਨਾਨਕ ਬਾਣੀ। ਨਾਨਕ ਦਾ ਧਰਮ ਜਿਹਨੂੰ ਸਿੱਖੀ ਆਖਿਆ ਜਾਂਦਾ ਸੀ, ਇਹ ਧਰਮ ਅਸਲ ਪੰਜਾਬ ਦੀ ਨਾਭੀ ਵਿਚੋਂ ਨਿਕਲਿਆ ਸੀ, ਪੰਜਾਬ ਦੇ ਸੀਨੇ ਵਿਚ ਪਲਿਆ, ਪੰਜਾਬ ਦੀਆਂ ਮੁਟਿਆਰਾਂ ਦੀ ਗੋਦ ਵਿਚ ਖੇਡਿਆ। ਲੋਰੀਆਂ ਲਈਆਂ ਸਨ ਏਸ ਬੁੱਢੀਆਂ ਠੇਰ੍ਹੀਆਂ ਦਾਦੀਆਂ ਦੀ ਗੋਦ ਵਿਚ। ਅਸੀਸਾਂ ਵਿਚ ਪਲਿਆ, ਗੁਰੂਆਂ ਦੀ ਬਖ਼ਸ਼ਸ਼ ਨਾਲ ਏਸ ਸਿਰ ਤੇ ਪੱਗ ਬੰਨ੍ਹੀ। ਗੱਭਰੂ ਹੋਇਆ। ਜਦ ਪੱਗ ਬੰਨ੍ਹੀ ਵੇਖੀ ਧਰਮ ਦੇ ਸਿਰ ਤੇ ਬੱਸ ਇਹਨੂੰ ਸਾਰੇ ਪੰਜਾਬ ਨੇ ਮੱਥਾ ਟੇਕਿਆ। ਸਾਰਾ ਪੰਜਾਬ ਏਸ ਧਰਮ ਦੀ ਝੋਲੀ ਵਿਚ ਪੈ ਗਿਆ। ਪੰਜਾਬ ਦੀਆਂ ਆਦਤਾਂ, ਪੰਜਾਬ ਦਾ ਸੁਭਾਅ, ਪੰਜਾਬ ਦੀ ਅਣਖ, ਪੰਜਾਬ ਦੀ ਵੀਰਤਾ, ਪੰਜਾਬ ਦਾ ਅਖੜਪਨ, ਏਸ ਧਰਮ ਨੇ ਆਪਣੇ ਅੰਦਰ ਸਮੋ ਲਿਆ ਸੀ ਤੇ ਉਹਦੇ ਵਿਚੋਂ ਜਿਹੜੀ ਆਵਾਜ਼ ਨਿਕਲ ਰਹੀ ਸੀ, ਉਹ ਸੀ ਸੁਰੀਲੀ, ਮੱਧ ਭਰੀ ਤੇ ਸਰਬਤ ਦਾ ਭਲਾ ਮੰਗਣ ਵਾਲੀ। ਏਸ ਲਈ ਏਸ ਧਰਮ ਨੂੰ ਸਾਰੇ ਪੰਜਾਬ ਨੇ ਬਹੁਤ ਜਲਦੀ ਕਬੂਲਿਆ। ਪੰਜਾਬ ਵਿਚ ਭਾਵੇਂ ਮੁਸਲਮਾਨ ਵੱਸਦਾ ਸੀ, ਭਾਵੇਂ ਹਿੰਦੂ, ਉਹ ਵੀ ਏਸ ਧਰਮ ਦੇ ਬੋਹੜ ਦੀ ਛਾਵੇਂ ਆਣ ਬੈਠਾ, ਕਿਉਂਕਿ ਸਚਾਈ ਦੀ ਪੰਡ ਏਸ ਧਰਮ ਨੇ ਸਿਰ ਤੇ ਚੁੱਕੀ ਹੋਈ ਸੀ। ਭਾਵੇਂ ਆਵਾਜ਼ ਛੋਟੀ ਸੀ, ਪਰ ਹੈ ਸੀ ਬਹੁਤ ਜ਼ੋਰਦਾਰ। ਉਦਾਸੀਆਂ ਦੀ ਓਦੋਂ ਹੀ ਸੰਘੀ ਮਲੀ ਗਈ, ਜਦੋਂ ਉਹਨਾਂ ਦੇ ਸੇਵਕਾਂ ਨੇ ਗੁਰੂ ਨਾਨਕ ਦੀ ਬਾਣੀ ਗਾਈ।

ਖਡੂਰ ਸਾਹਿਬ ਵਿਚ ਉਹੋ ਸ਼ਮ੍ਹਾਂ ਜਗ ਰਹੀ ਸੀ, ਜਿਹਦੇ ਚੌਗਿਰਦੇ ਵਿਚ ਪਰਵਾਨੇ ਝੁਰਮਟ ਪਾ ਕੇ ਧਮਾਲ ਪਾ ਰਹੇ ਸਨ। ਬੇਸੁਰਤ ਹੋਏ ਸੜ ਮਰਨਾ ਪਰਵਾਨੇ ਦੀ ਆਦਤ ਹੈ। ਪਰ ਗੁਰੂਆਂ ਨੇ ਉਹਦੀ ਆਦਤ ਨੂੰ ਜ਼ਰਾ ਕੁ ਮੱਠਾ ਕੀਤਾ। ਪਰ ਪਰਵਾਨੇ ਦਾ ਸੁਭਾ ਨਹੀਂ ਬਦਲਿਆ। ਗੁਰੂਆਂ ਨੇ ਏਸ ਧਰਮ ਦੀ ਨੀਂਹ ਸੇਵਾ, ਨਿਮਰਤਾ, ਸ਼ਰਧਾ, ਅਕੀਦਾ, ਵਿਸਵਾਸ ਤੇ ਲੋਕਾਂ ਦੇ ਭਲੇ ਵਾਸਤੇ ਕੁਰੀਤੀਆਂ ਕੁਰਾਹੇ ਪਏ ਲੋਕਾਂ ਨੂੰ ਸਿੱਧੇ ਰਾਹੇ ਪਾਉਣ ਦਾ ਜਿਹੜਾ ਬੀੜਾ ਗੁਰੂਆਂ ਨੇ ਚੁੱਕਿਆ ਹੋਇਆ ਸੀ, ਇਹ ਉਦਮ ਵੇਖ ਕੇ ਸਾਰਾ ਪੰਜਾਬ ਹੁਮ-ਹੁਮਾ ਕੇ ਇਕ ਵਾਰ ਖਡੂਰ ਵਿਚ ਮੱਥੇ ਟੇਕਣ ਆ ਗਿਆ। ਜੋਤ ਜਗ ਰਹੀ ਸੀ ਤੇ ਉਹਦਾ ਚਾਨਣ ਸਾਰੇ ਪੰਜਾਬ ਵਿਚ ਸੀ। ਜੋਤ ਨਾਲ ਜੋਤ ਜਗਦੀ, ਲੋਅ ਆਪਣਾ ਆਕਾਰ ਵਧਾ ਰਹੀ ਸੀ, ਸਾਰਿਆਂ ਧਰਮਾਂ ਦੀਆਂ ਚਾਦਰ ਵਿਚ ਮੋਰੀਆਂ ਸਨ, ਮਘੋਰੇ ਸਨ ਤੇ ਇਹਨਾਂ ਛੇਕਾਂ ਵਿਚੋਂ ਸਿੱਖ ਧਰਮ ਝਾਤੀਆਂ ਮਾਰਨ ਲੱਗ ਪਿਆ।

ਖਡੂਰ ਵਿਚ ਇਕ ਨੂਰਾਨੀ ਜੋਤ ਜਗ ਰਹੀ ਸੀ। ਗੁਰੂ ਅੰਗਦ ਦੇਵ ਦੇ ਨੂਰਾਨੀ

ਚਿਹਰੇ ਦਾ ਜਿਹੜਾ ਬੰਦਾ ਇਕ ਵਾਰ ਦਰਸ਼ਨ ਕਰ ਲੈਂਦਾ ਤੇ ਫੇਰ ਬੱਸ ਹੋਰ ਕਿਸੇ ਪਾਸੇ ਜੋਗਾ ਨਾ ਰਹਿੰਦਾ। ਨਿਸਚਾ ਕਰ ਕੇ ਸਿਰ ਨਿਵਾਉਂਦਾ, ਮੱਥਾ ਟੇਕਦਾ। ਏਸ ਖਡੂਰ ਦੀ ਰੋਸ਼ਨੀ ਨੇ ਸਾਰੇ ਪੰਜਾਬ ਦੇ ਕੋਨੇ ਕੋਨੇ ਵਿਚ ਲੋਅ ਕਰ ਦਿੱਤੀ। ਸਾਰਾ ਪੰਜਾਬ ਨੰਗੀ ਪੈਰੀਂ ਖਡੂਰ ਵੱਲ ਵਹੀਰਾਂ ਘੱਤ ਕੇ ਆ ਰਿਹਾ ਸੀ। ਗੁਰੂ ਘਰ ਦੀਆਂ ਧਰਮਸ਼ਾਲਾਵਾਂ ਦੇ ਗੁੰਬਦ ਸਾਰੇ ਪਜਾਬ ਦੀ ਹਿੱਕ ਤੇ ਉਲੀਕੇ ਗਏ ਸਨ, ਇਹਨਾਂ ਧਰਮਾਂ ਦੀਆਂ ਬਦਲੀਆਂ ਖਡੂਰ ਤੇ ਵੀ ਛਾਈਆਂ ਹੋਈਆਂ ਸਨ। ਗੁਰੂਆਂ ਦਾ ਤੇਜ, ਗੁਰੂਆਂ ਦਾ ਪ੍ਰਭਾਵ, ਗੁਰੂਆਂ ਦਾ ਲੋਕ-ਪਿਆਰ ਏਨਾ ਪ੍ਰਭਾਵਸ਼ਾਲੀ ਸੀ, ਗੁਰੂਆਂ ਦੀ ਬਾਣੀ ਏਨੀ ਮਿੱਠੀ ਸੀ, ਨਰੋਏ ਦੁੱਧ ਵਰਗੀ, ਸਾਰਿਆਂ ਦੇ ਹਿਰਦੇ ਵੱਸਦੀ ਜਾ ਰਹੀ ਸੀ। ਬਾਣੀ ਦੇ ਤੇਜ ਦੀ ਬਿਜਲੀ ਚਮਕੀ ਤੇ ਸਾਰੀਆਂ ਬਦਲੀਆਂ ਫਟ ਗਈਆਂ, ਮੌਸਮ ਨਿੱਖਰ ਆਇਆ। ਲੋਕ ਖਡੂਰ ਵੱਲ ਰਾਹ ਖੇੜਿਆਂ ਦੀਆਂ ਮੁਸੀਬਤਾਂ ਝੱਲ ਕੇ ਵੀ ਗੁਰੂ ਦਰਸ਼ਨਾਂ ਨੂੰ ਆ ਰਹੇ ਸਨ।

ਭਾਵੇਂ ਸੂਫ਼ੀਆਂ ਨੇ ਪੰਜਾਬ ਦੇ ਨੱਕ ਵਿਚ ਨਕੇਲ ਪਾਈ ਹੋਈ ਸੀ, ਮੋਤੀਆਂ ਜੜੀ ਨੱਥ ਕੌਣ ਲਾਉਂਦਾ ਏ, ਕੌਣ ਘਰ ਆਈ ਹੀਰ ਘਰੋਂ ਤੋਰਦਾ ਏ, ਕਿਹਦਾ ਜੀਅ ਕਰਦੈ ਰੇਸ਼ਮੀ ਰਜਾਈਆਂ ਛੱਡ ਕੇ ਰੜ੍ਹੇ ਤੇ ਸੌਣ ਨੂੰ। ਪਰ ਨਾਨਕ ਦੀ ਬਾਣੀ ਨੇ ਪੰਜਾਬ ਦੇ ਦਿਲ ਦੀਆਂ ਤਾਰਾਂ ਨੂੰ ਟੁੰਬ ਕੇ ਰੱਖ ਦਿੱਤਾ ਅਤੇ ਮੁਹਾਰਾਂ ਬਾਣੀ ਨੇ ਮੋੜ ਲਈਆਂ ਖਡੂਰ ਵੱਲ। ਭਾਵੇਂ ਸੂਫ਼ੀਆਂ ਦਾ ਕਲਾਮ ਵੀ ਪੜ੍ਹਿਆ ਜਾਂਦਾ ਸੀ, ਲੋਕ ਮਤਵਾਲੇ ਸਨ, ਪਰ ਨਾਨਕ ਬਾਣੀ ਦਾ ਆਨੰਦ ਹੀ ਕੋਈ ਵੱਖਰਾ ਸੀ। ਇਸਲਾਮ ਦਾ ਡਮਰੂ ਸਾਰੇ ਹਿੰਦੁਸਤਾਨ ਵਿਚ ਵੱਜ ਰਿਹਾ ਸੀ, ਪੰਜਾਬ ਵਾਲੇ ਵੀ ਏਸ ਮਦਾਰੀ ਦਾ ਤਮਾਸ਼ਾ ਵੇਖ ਰਹੇ ਸਨ। ਪੰਜਾਬ ਦੇ ਹਰ ਵੱਡੇ ਪਿੰਡ ਦੇ ਬਾਹਰ-ਵਾਰ ਤਖ਼ਤ ਡਾਹ ਕੇ ਸੰਘਣੇ ਬੋਹੜਾਂ ਦੀ ਛਾਵੇਂ ਦੀਵਾਨ ਲੱਗਦੇ, ਮਜਲਿਸਾਂ ਲੱਗਦੀਆਂ। ਨਵੇਂ ਹੋਏ ਮੁਸਲਮਾਨ ਸਾਰੇ ਦੇ ਸਾਰੇ ਸਰਕਾਰੀ ਅਹਿਲ-ਕਾਰ, ਕਾਰਿੰਦੇ ਹਕੂਮਤ, ਕੁੱਲਿਆਂ ਦੇ ਉੱਚੇ ਉੱਚੇ ਤੁਰਲੇ ਬੰਨ੍ਹ ਕੇ ਫਿਰਦੇ, ਲੋਕ ਵੇਖ ਰਹੇ ਸਨ, ਜਿਨ੍ਹਾਂ ਨੇ ਆਪਣਾ ਧਰਮ ਗਵਾ ਲਿਆ ਸੀ ਉਹ ਤੇ ਹਿੱਕ ਤਾਣ ਕੇ ਬਾਹਵਾਂ ਉੱਚੀਆਂ ਕਰ ਕਰ ਕੇ ਇਸਲਾਮ ਦੇ ਢੋਲ ਤੇ ਡੱਗੇ ਮਾਰ ਰਹੇ ਸਨ, ਢੋਲ ਵੱਜ ਰਿਹਾ ਸੀ, ਕੋਈ ਸੁਣੇ, ਭਾਵੇਂ ਨਾ ਸੁਣੇ ਉਹ ਨੌਬਤਾਂ ਵਜਾਈ ਜਾਂਦੇ। ਊਠਾਂ ਵਾਲੇ ਕਾਫ਼ਲਿਆਂ ਦੇ ਕਾਫ਼ਲੇ ਖਡੂਰ ਵਿਚ ਠਹਿਰਦੇ, ਬਿਆਸਾ ਦਾ ਪੱਤਣ ਲਾਗੇ ਸੀ, ਰਾਤ ਕੱਟਦੇ, ਆਰਾਮ ਕਰਦੇ, ਆਪਣੀ ਥਕਾਵਟ ਲਾਹੁੰਦੇ, ਅੰਨ-ਪਾਣੀ ਖਾਂਦੇ ਤੇ ਫੇਰ ਊਠ ਦੀ ਨਕੇਲ ਨੂੰ ਜਰਾ ਤੁਣਕਾ ਵੱਜਦਾ। ਊਠ ਉੱਠਦਾ, ਅੜਿੰਗਦਾ, ਬਿਆਸਾ ਦਾ ਪੱਤਣ, ਸਾਹਮਣੇ ਮੱਥੇ ਲੱਗਦਾ, ਕਾਫ਼ਲੇ ਰੋਜ਼ ਆਉਂਦੇ, ਰੋਜ਼ ਜਾਂਦੇ। ਹਰ ਰੋਜ਼ ਮੰਡੀ ਲੱਗੀ ਜਾਂਦੀ ਸੀ ਖਡੂਰ ਵਿਚ। ਰੋਜ਼ ਅਜ਼ਾਨ ਹੁੰਦੀ, ਨਮਾਜ਼ ਦੇ ਮੁਸੱਲੇ ਰੋਜ਼ ਵਿੱਛਦੇ, ਵਾਹਜ਼ ਹੁੰਦੀ, ਚਾਰੇ ਵਕਤ ਨਮਾਜ਼ ਅਦਾ ਹੁੰਦੀ। ਪੰਜਾਬ ਨੂੰ ਗੁੜ੍ਹਤੀ ਜੁ ਮਿਲੀ ਹੋਈ ਸੀ ਨਮਾਜ਼ ਦੀ, ਕੌਣ ਜਾਣਦਾ ਸੀ ਮਾਲਾ ਦੇ ਮਣਕੇ ਨੂੰ। ਲੋਕਾਂ ਨੇ ਮਾਲਾ ਕਿੱਲੀਆਂ ਨਾਲ ਟੰਗੀਆਂ ਹੋਈਆਂ ਸਨ, ਤਿਲਕ ਪੂੰਝ ਛੱਡੇ ਸਨ। ਹੌਲੀ-ਹੌਲੀ ਲੋਕ ਜਾਚ ਸਿੱਖਣ ਲੱਗ ਪਏ ਪੋਟੇ ਮਾਲਾ ਦੇ ਮਣਕਿਆਂ ਦੇ ਰੀਝਣ ਲੱਗੇ। ਤਾਂ ਜਾ ਕੇ ਮਾਲਾ ਫੇਰਨੀ ਆਉਂਦੀ। ਪਰ ਸੂਫ਼ੀਆਂ ਨੇ ਮਾਲਾ ਅਤੇ ਤਸਬੀ ਦੀ ਸ਼ਕਲ ਹੀ ਗਲਤ ਮਲਤ ਕਰ ਦਿੱਤੀ ਸੀ। ਉਹ ਬੜੇ ਠਰ੍ਹੰਮੇ ਵਾਲੇ ਲੋਕ ਸਨ, ਠੰਡੇ ਘੁਲਾਟੀਏ ਅਤੇ ਏਨੇ ਸਿਆਣੇ ਸਨ ਕਿ ਆਪਣੇ ਧਰਮ ਨੂੰ ਗੁੜ ਵਿਚ ਗਲੇਫ ਕੇ ਲੋਕਾਂ ਨੂੰ ਪਿਆਰ ਅਤੇ ਮੁਹੱਬਤ ਨਾਲ ਖੁਆ ਰਹੇ ਸਨ। ਤੁਅੱਸਬ ਉਨ੍ਹਾਂ ਦੇ ਕੋਲ ਦੀ ਨਹੀਂ ਸੀ

ਲੰਘਿਆ। ਈਰਖਾ ਉਨ੍ਹਾਂ ਦੀ ਚਾਦਰ ਦੀ ਕਿਸੇ ਗੰਢ ਵਿਚ ਲਪੇਟੀ ਹੋਈ ਨਹੀਂ ਸੀ। ਉਹ ਹਿੰਦੂਆਂ ਦੀਆਂ ਜਨਮ ਕੁੰਡਲੀਆਂ ਵਿਚ ਬੈਠ ਕੇ ਝਾਕ ਰਹੇ ਸਨ। ਇਸਲਾਮ ਦੀ ਨਂਈਆ ਡੋਲ ਰਹੀ ਸੀ। ਕਈ ਧਰਮ ਪੁੰਗਰ ਰਹੇ ਸਨ। ਕਈ ਬਾਣੀਆਂ ਜਨਮ ਲੈ ਰਹੀਆਂ ਸਨ, ਕੱਚੀਆਂ ਅਤੇ ਪੱਕੀਆਂ। ਆਵਾਜ਼ ਉਬਲ ਰਹੀ ਸੀ :

ਮਾਟੀ ਕੀ ਕੱਚੀ ਗਾਗਰ ਕੋ ਕਿਆ ਖੋਨਾ ਕਿਆ ਪਾਨਾ ਬਾਬਾ,
ਮਾਟੀ ਕੋ ਮਾਟੀ ਰਹਿਨਾ ਹੈ, ਮਾਟੀ ਮੇਂ ਮਿਲ ਜਾਨਾ ਬਾਬਾ।

—ਇਹ ਆਵਾਜ਼ ਕਿਹਦੀ ਏ, ਆਖਣ ਲੱਗਾ ਅੱਲਾ ਯਾਰ ਖ਼ਾਂ।

—ਪਾਰੋ ਡੱਲਾ ਬੋਲਿਆ, ਇਹ ਸੂਫ਼ੀ ਲੋਕ ਹਨ, ਬਹੁਤ ਭਲੇ ਬੰਦੇ ਚੰਗੇ ਲੋਕ, ਦੂਰੋਂ ਹੀ ਲੱਭਦੇ ਹਨ। ਭਲੇ ਲੋਕਾਂ ਦੇ ਸੁਭਾਅ ਹੀ ਭਲੇ ਹੁੰਦੇ ਹਨ, ਇਨ੍ਹਾਂ ਦੇ ਦਿਲ ਅੰਦਰ ਮੁਹੱਬਤ ਦੇ ਸਮੁੰਦਰ ਠਾਠਾਂ ਮਾਰਦੇ ਹਨ।

—ਕੀ ਇਹ ਅੱਲਾ ਨੂੰ ਨਹੀਂ ਮੰਨਦੇ, ਇਨ੍ਹਾਂ ਨੱਬੀ ਦੀ ਬੈਤ ਨਹੀਂ ਕੀਤੀ। ਇਨ੍ਹਾਂ ਦਾ ਖ਼ੁਦਾ ਤੇ ਏਨਾ ਯਕੀਨ ਨਹੀਂ ਹੈ ਜਿੰਨਾ ਅਕੀਦਾ ਮੁਹੱਬਤ ਤੇ ਹੈ। ਬੋਲ ਅੱਲਾ ਯਾਰ ਖ਼ਾਂ ਦੇ ਸਨ। ਮੁਹੱਬਤ ਹੀ ਖ਼ੁਦਾ ਏ, ਮੁਹੱਬਤ ਹੀ ਬੰਦਗੀ ਏ, ਮੁਹੱਬਤ ਹੀ ਤੱਸਬੀ ਏ, ਮੁਹੱਬਤ ਹੀ ਤਪੱਸਿਆ ਏ, ਖ਼ਾਨਾ-ਏ-ਕਾਅਬਾ ਮੁਹੱਬਤ ਵਾਲਿਆਂ ਦਾ ਘਰ ਏ। ਅੱਲਾ ਯਾਰ ਖ਼ਾਂ ਪਾਰੋ ਡੱਲੇ ਨੂੰ ਸਮਝਾਉਣਾ ਚਾਹੁੰਦਾ ਸੀ, ਪਰ ਸਮਝਾ ਨਾ ਸਕਿਆ।

—ਇਕ ਵਾਰ ਫੇਰ ਬੋਲਿਆ ਅੱਲਾ ਯਾਰ ਖ਼ਾਂ ਜੀ ਕਰੜਾ ਕਰ ਕੇ। ਹਾਂ ਯਾਰ ਅਸੀਂ ਇਕ ਵਾਰ ਜਦ ਮੁਲਤਾਨ ਵਿਚ ਆਏ ਸਾਂ ਤਦ ਕੁਝ ਅੱਲਾ ਦੇ ਬੰਦੇ ਅਸਾਂ ਆਖਦੇ ਸੁਣੇ ਸਨ, ਯਾਰ ਨੂੰ ਮਿਲਣ ਲਈ ਇਕੋ ਹੀ ਇਕ ਪੌੜੀ ਏ, ਇਕੋ ਹੀ ਮੁਹੱਬਤ ਦੇ ਤੇ ਇਹੋ ਈ ਮੁਹੱਬਤ ਜਿਹਦੇ ਡੰਗੇ ਪਾਣੀ ਨਹੀਂ ਮੰਗੇ। ਸਾਧਨਾ, ਤਪੱਸਿਆ, ਹਮਦਰਦੀ, ਰਾਹੇ ਖ਼ੁਦਾ, ਖ਼ਿਦਮਤੇ ਖ਼ਲਕ, ਸਰਬਤ ਦਾ ਭਲਾ ਮੰਗਣ ਵਾਲਾ ਲੋਕ ਹੀ ਲੋਕਾਂ ਦਾ ਦਿਲ ਜਿੱਤ ਸਕਦੇ ਹਨ, ਮੈਂ ਇਹ ਗੱਲ ਪਹਿਲਾਂ ਮੁਲਤਾਨ ਤੇ ਫੇਰ ਲਾਹੌਰ ਦੇ ਦਾਤਾ ਗੰਜ ਬਖ਼ਸ਼ ਦੇ ਕਲੰਦਰ ਪਾਸੋਂ ਸੁਣੀ। ਗੱਲ ਤੇ ਬੜੀ ਸੱਚੀ ਹੈ ਇਹ, ਪਰ ਬੰਦਾ ਇਹਦੇ ਤੇ ਪਾਬੰਦ ਨਹੀਂ ਰਹਿ ਸਕਦਾ। ਦੌਲਤ ਦੀ ਨਾਗਣ ਜਦੋਂ ਡੰਗ ਦੇਂਦੀ ਏ ਤੇ ਬੰਦੇ ਨੂੰ ਮੱਛੀ ਵਾਂਗੂੰ ਤੜਫ਼ਾ ਕੇ ਰੱਖ ਦੇਂਦੀ ਏ ਤੇ ਫੇਰ ਫ਼ਰਿਸ਼ਤੇ ਵੀ ਉਹਦੀ ਆਦਤ ਨਹੀਂ ਬਦਲ ਸਕਦੇ। ਪਰ ਸੱਜਣਾ, ਮੈਂ ਅੱਲਾ ਨੂੰ ਹਾਜ਼ਰ-ਨਾਜ਼ਰ ਕਰ ਕੇ ਆਖਦਾ ਹਾਂ, ਮੇਰੀ ਇਹ ਆਦਤ ਓਦੋਂ ਹੀ ਬਦਲ ਗਈ ਜਦੋਂ ਹਜ਼ੂਰ ਦੇ ਦੀਦਾਰ ਹੋ ਗਏ। ਮੇਰਾ ਮਨ ਕਮਲ ਫੁੱਲ ਵਾਂਗੂੰ ਖਿੜ ਗਿਆ, ਹੌਲਾ ਫੁੱਲ ਹੋ ਗਿਆ, ਇਹ ਭਰਿਆ ਭਰਿਆ ਮਨ। ਮੈਨੂੰ ਨਾ ਹੁਣ ਦੌਲਤ ਚੰਗੀ ਲੱਗਦੀ ਏ, ਨਾ ਰਿਸ਼ਤੇਦਾਰ, ਨਾ ਸਾਕ ਨਾ ਸਬੰਧੀ, ਬੰਦੇ ਦਾ ਆਪਣਾ ਕੀ ਏ, ਇਹ ਸਭ ਕੁਝ ਝੂਠ ਏ।

ਇਹ ਮਾਇਆ ਮੋਮੋਠੱਗਣੀ ਏ। ਐਵੇਂ ਜਮ੍ਹਾਂ ਖ਼ਰਚ, ਐਵੇਂ ਨਜ਼ਿਨਵੇਂ ਦੇ ਗੇੜ ਵਿਚ ਤੁਰੇ ਫਿਰਨਾ। ਜੋ ਆਨੰਦ ਖਡੂਰ ਦੀ ਧਰਤੀ ਵਿਚ ਏ ਉਹ ਹੋਰ ਕਿਤੇ ਨਹੀਂ। ਜੋ ਮਜ਼ਾ ਛੱਜੂ ਦੇ ਚੁਬਾਰੇ ਵਿਚ ਨਾ ਬਲਖ ਨਾ ਬੁਖ਼ਾਰੇ। ਇਥੋਂ ਦੀ ਹਵਾ, ਖ਼ੁਸ਼ਬੂ ਇਸ ਮਿੱਟੀ ਦੀ, ਪਾਪੀ ਬੰਦੇ ਨੂੰ ਵੀ ਪਾਰਸਾ ਬਣਾ ਦੇਂਦੀ ਏ, ਗੁਨਾਹਗਾਰ ਬੰਦਾ ਵੀ ਆਪਣੇ ਗੁਨਾਹਾਂ ਦਾ ਹਿਸਾਬ ਕਰਨ ਲੱਗ ਪੈਂਦਾ ਏ। ਲੋਕ ਐਵੇਂ, ਬੰਦਾ ਬੰਦਾ ਆਖ ਕੇ ਮੁਹਾਰਨੀ ਗਾਉਂਦੇ ਨੇ ਪਰ ਬੰਦਾ ਬਣਨਾ ਬੜਾ ਮੁਸ਼ਕਲ ਏ, ਇਹਨੂੰ ਤੇ ਕੋਈ ਖ਼ੁਦਾ ਬਣਾਵੇ ਤੇ ਬੰਦਾ ਬਣਦਾ ਏ।

ਮਿੱਤਰਾ ਮੈਨੂੰ ਤੇ ਤੂੰ ਰਾਹੇ ਪਾ ਦਿੱਤਾ ਏ, ਅੱਲਾ ਆਪਣੀ ਸਾਰੀਆਂ ਰਹਿਮਤਾਂ ਤੇਰੇ ਤੇ ਨਾਜ਼ਲ ਕਰੇ। ਮਾਫ਼ ਕਰਨਾ ਮੈਂ ਐਵੇਂ ਬਹਿਕ ਗਿਆ, ਅਸੀਂ ਗੱਲ ਤੇ ਗੁਰੂ ਦੀ ਕਰ ਰਹੇ ਸਾਂ, ਚੰਗੇ ਭਲੇ ਰਾਹੇ ਰਾਹੇ ਜਾ ਰਹੇ ਸਾਂ, ਐਵੇਂ ਕੁਰਾਹੇ ਭਟਕ ਪਏ। ਇਹ ਰਾਹੋਂ ਕੁਰਾਹੇ ਪਾਉਣ ਵਾਲਾ ਵਿਚ ਕਿੱਥੋਂ ਆ ਗਿਆ ਪੜਾਊ ਪਿੰਦਾ।

—ਪਾਰੋ ਡੱਲੇ ਨੇ ਮੁਸਕਰਾ ਕੇ ਆਖਿਆ, ਇਹ ਆਪਣਾ ਮਨ ਹੀ ਚੋਰ ਏ, ਇਹ ਆਪਣੀ ਭਾਵਨਾ ਦਾ ਹੀ ਚੱਕਰਵਿਊ ਏ। ਪੰਜ ਤੱਤ ਦਾ ਪੁਤਲਾ ਕਦੇ ਤੱਤਾਂ ਦੇ ਅਧੀਨ ਹੋ ਜਾਂਦਾ ਏ। ਲੈ ਸੁਣ, ਸੁਣੀ ਊ, ਕੰਦੀ ਆਵਾਜ਼, ਵੇਖ ਕਿੰਨੀ ਸੁਰੀਲੀ, ਕਿੰਨੀ ਮਿੱਠੀ, ਲਚਕ ਤੇ ਲੋਅ ਭਰੀ, ਤੇਰੇ ਹੁਣ ਕੰਨ ਆਵਾਜ਼ ਝੱਲਦੇ ਨਹੀਂ, ਤੇਲ ਪਾ ਕੰਨਾਂ ਵਿਚ ਬੀਬਾ।

'ਨਾਚ ਰੇ ਮਨ ਗੁਰ ਕੇ ਆਗੇ'

—ਏਸ ਸ਼ਬਦ ਨੇ ਮੇਰੇ ਦਿਲ ਦੀਆਂ ਤਾਰਾਂ ਟੁੰਬ ਦਿੱਤੀਆਂ। ਮਨ ਬਾਵਰਾ ਜਿਹਾ ਹੋ ਗਿਆ 'ਨਾਚ ਰੇ ਮਨ ਗੁਰ ਕੇ ਆਗੇ' ਮੈਂ ਮਤਵਾਲਾ ਹਾਂ, ਗੁਰੂ ਮਹਿਮਾ ਗਾ, ਭਾਈ, ਗੁਰੂ ਦੀ ਕਥਾ ਸੁਣਾ, ਵੀਰ, ਗੁਰੂ ਦੀ ਬਾਣੀ ਪੜ੍ਹ ਮੇਰੇ ਯਾਰ, ਅੱਲਾ ਯਾਰ ਖ਼ਾਂ ਦੀ ਆਵਾਜ਼ ਵਿਚ ਲੋਚ ਸੀ। ਲੈ ਸੁਣ ਮੇਰੇ ਯਾਰ, ਮੇਰੇ ਗੁਰੂ ਨੇ ਗਾਗਰ ਓਦੋਂ ਮੋਢੇ ਤੇ ਰੱਖੀ, ਜਦੋਂ ਸਾਰੇ ਪੰਜਾਬ ਨੇ ਬਸੰਤੀ ਪੱਗਾਂ ਬੰਨ੍ਹੀਆਂ, ਬਸੰਤੀ ਡੋਰੀਏ ਲਏ ਗੰਢੇ ਦੀ ਛਿੱਲ ਵਰਗੇ ਮੁਟਿਆਰਾਂ ਨੇ। ਗਜਰੇ ਪਾਏ, ਬਾਹਵਾਂ ਭਰੀਆਂ ਬਸੰਤੀ ਫੁੱਲਾਂ ਦੀਆਂ, ਬਹਾਰ ਨੇ ਗਾਗਰ ਮੋਢੇ ਤੇ ਦ ਰੱਖ ਦਿੱਤੀ। ਮੌਸਮ ਦੀ ਰਾਣੀ ਨੇ ਫੁੱਲਾਂ ਦੀ ਸੇਜ ਵਿਛਾ ਦਿੱਤੀ ਸਾਰੀ ਧਰਤੀ ਤੇ। ਬਿਆਸਾ ਵੱਲ ਜਾਣ ਵਾਲੀ ਡੰਡੀ ਤੇ ਫੁੱਲ ਖਿੜ ਪਏ। ਜੰਗਲ ਦੀਆਂ ਜੜੀਆਂ ਬੂਟੀਆਂ ਨੇ ਵੀ ਫੁੱਲਾਂ ਦੇ ਲੌਂਗ ਪਾ ਲਏ। ਝਾੜੀਆਂ ਨੇ ਆਪਣਾ ਰੂਪ ਵਟਾ ਲਿਆ। ਦੁਸ਼ਾਲਾ ਅਹੁੜ ਬੰਨੀਆਂ, ਮੌਸਮ ਤੋਂ ਖੋਹ ਕੇ ਰੁੱਤ ਜੋਬਨ ਬਣ ਗਈ ਸੀ, ਮੁੱਠੀਆਂ ਭਰ ਭਰ। 'ਗੋਰੇ ਰੰਗ ਨੇ ਕਿਹੜਾ ਬਹਿ ਰਹਿਣਾ। ਵੰਡ ਮੂਰਖਾ, ਇਹ ਵੇਲਾ ਨਿੱਤ ਨਹੀਂ ਰਹਿਣਾ।' ਜ਼ਰਾ ਕੁ ਦਮ ਮਾਰਿਆ ਪਾਰੋ ਡੱਲੇ ਨੇ।

ਫੇਰ ਆਖਣ ਲੱਗਾ ਉਸ ਨੂੰ, ਸਤਿਗੁਰਾਂ ਦਾ ਪਹਿਲਾ ਕਦਮ ਸੀ ਯਾਰ ਦੇ ਦੁਵਾਰੇ ਡੰਡੀ ਨੂੰ। ਅਜੇ ਪੱਗਾਂ ਦੇ ਨਿਸ਼ਾਨ ਤੋਂ ਕੋਰੀ ਸੀ ਡੰਡੀ। ਕਿਤੇ ਕਿਤੇ ਉਨ੍ਹਾਂ ਦੀ ਪੈੜ ਨਜ਼ਰ ਆਉਂਦੀ। ਮਨ ਮਚਲਿਆ ਪਾਰੋ ਡੱਲੇ ਦਾ ਤੇ ਬੇ-ਕਾਬੂ ਹੋਇਆ ਬੋਲ ਉੱਠਿਆ :

'ਤੇਰੀ ਸੱਜਰੀ ਪੈੜ ਦਾ ਰੇਤਾ ਚੁੱਕ ਚੁੱਕ ਲਾਵਾਂ ਹਿੱਕ ਨੂੰ।'

ਮੇਰੇ ਗੁਰੂ ਦੇ ਪੈਰ ਗੁਰੂ ਘਰ ਨੂੰ ਜਾਣ ਵਾਲੀ ਡੰਡੀ ਤੇ ਅੱਜ ਪਹਿਲੀ ਵਾਰ ਪਏ ਨੇ। ਇਹ ਰੇਤ ਦੀਆਂ ਪੈੜਾਂ ਕਿਸੇ ਜਨਮ ਨੂੰ ਪਾਉਣ ਲਈ ਕੌਮੀ ਨਿਸ਼ਾਨ ਬਣ ਜਾਣਗੇ, ਪੱਕੇ ਚਾਨਣ-ਮੁਨਾਰੇ। ਜਦੋਂ ਗਾਗਰ ਚਲੀ ਮੇਰੇ ਗੁਰੂ ਦੇ ਮੋਢੇ, ਤੇ ਦੋਨੇ ਹੁਲਾਰੇ ਲੈ ਰਹੀ ਸੀ, ਗਾਗਰ, ਲੋਕ-ਅੱਡੀਆਂ ਚੁੱਕ ਚੁੱਕ ਵੇਖ ਰਹੇ ਸਨ। ਮੇਰੇ ਗੁਰੂ ਨੂੰ ਅਤੇ ਮੇਰਾ ਗੁਰੂ ਮਗਨ ਸੀ, ਲੀਨ ਸੀ, ਗੁਣ-ਗੁਣਾ ਰਿਹਾ ਸੀ, ਮਨ ਦੀ ਡੱਬੀ ਵਿਚੋਂ :

'ਨਾਚ ਰੇ ਮਨ ਗੁਰ ਕੇ ਆਗੇ',

ਪਾਰੋ ਡੱਲਾ ਹੁਣ ਵਜਦ ਵਿਚ ਸੀ।

—ਕੁੜਮਾਂ ਦੇ ਘਰ ਮੋਢੇ ਤੇ ਗਾਗਰ ਰੱਖ ਕੇ ਵੇਖ ਕੁੜਮ ਕਿੱਦਾਂ ਫੁਮਣੀਆਂ ਪਾ ਰਹਾ ਏ, ਆਵਾਜ਼ ਇਕ ਪਿੰਡ ਵਾਸੀ ਦੀ ਸੀ।

—ਕੁੜਮ ਕੁੜਮ ਦਾ ਗੋਲਾ ਬਣ ਗਿਆ ਏ। ਸਾਰੀ ਪੱਤ ਲਾਹ ਕੇ ਮਿੱਟੀ ਵਿਚ ਰੋਲ ਲਈ ਸੂ, ਦੂਸਰਾ ਪਿੰਡ ਵਾਸੀ ਆਖਣ ਲੱਗਾ।

—ਗੁਰੂ ਦੀਆਂ ਮਿਹਰਾਂ ਜੋ ਹੋ ਗਈਆਂ ਨੇ ਅੱਜ ਕੁੜਮ ਤੇ, ਰਾਹ ਖੁੱਲ੍ਹ ਗਏ ਨੇ ਅੱਜ ਦਸਮ ਦਵਾਰ ਦੇ। ਇਹ ਆਵਾਜ਼ ਇਕ ਸ਼ਰਧਾਲੂ ਦੀ ਸੀ।

—ਅਜੇ ਪੈਰ ਮੈਲੇ ਨਹੀਂ ਸੀ ਹੋਏ। ਅਜੇ ਤਾਂ ਮਹਿੰਦੀ ਕੱਲ੍ਹ ਲਾਈ ਸੀ। ਅਜੇ ਤੇ ਚੱਜ ਨਾਲ ਧੋਤੀ ਵੀ ਨਹੀਂ ਸੀ। ਖਡੂਰ ਵਿਚ ਆਇਆਂ ਅਜੇ ਦਿਨ ਹੀ ਕਿੰਨੇ ਹੋਏ ਨੇ, ਗਾਗਰ ਵੀ ਮਿਲ ਗਈ, ਰਾਹ ਵੀ ਲੱਭ ਗਏ, ਡੰਡੀ ਵੀ ਦਿੱਸ ਪਈ, ਕਈਆਂ ਉਮਰਾਂ ਵਿਹਾ ਦਿੱਤੀ ਬੁੱਢੇ ਹੋ ਕੇ। ਨਾ ਸੇਵਾ ਮਿਲੀ ਤੇ ਨਾ ਕੁਝ ਹੋਰ। ਕੋਈ ਕਰਮਾਂ ਵਾਲਾ ਜੀਅ ਹੁੰਦਾ ਹੈ ਜਿਸ ਨੂੰ ਪਹਿਲੀ ਵਾਰ ਦਰਸ਼ਨ ਹੋ ਜਾਣ। ਝੱਲ ਵਿਚ ਜਾਣ ਲੱਗਿਆਂ ਦਿਲ ਕੰਬਦਾ ਏ, ਕਲੇਜਾ ਡੋਲਦਾ ਏ, ਪਰ ਧੰਨ ਜਿਗਰਾ ਏ ਮੇਰੇ ਗੁਰੂ ਦਾ ਕਿ ਮਨ ਵਿਚ ਰਤੀ ਭਰ ਖੌਫ਼ ਨਹੀਂ। ਇਹ ਕੋਈ ਰੱਬੀ ਨੂਰ ਏ, ਜਿਹਨੇ ਆਪਣਾ ਰਾਹ ਆਪ ਭਾਲ ਲਿਆ ਏ। ਏਥੇ ਤਾਂ ਸੇਵਾ ਉਹਨੂੰ ਮਿਲਦੀ ਏ ਜਿਹੜਾ ਸੇਵਾ ਦਾ ਚਾਹਵਾਨ ਏ। ਵਾਰੀ ਕਦੋਂ ਪਤਾ ਨਹੀਂ ਕਿਸੇ ਦੀ ਆਵੇ। ਜਾਂ ਅਗਲਾ ਸੇਵਕ ਮਰ ਜਾਵੇ ਜਾਂ ਨਾਕਾਰਾ ਹੋ ਜਾਵੇ ਜਾਂ ਰੁਕ ਜਾਵੇ, ਜਾਂ ਗੁਰੂ ਤੋਂ ਬੇਮੁੱਖ ਹੋ ਜਾਵੇ। ਜਾਂ ਗੁਰੂ ਉਹਨੂੰ ਆਪਣੀਆਂ ਨਜ਼ਰਾਂ ਵਿਚੋਂ ਡੇਗ ਦੇਵੇ ਜਾਂ ਹੱਡਾਂ ਗੋਡਿਆਂ ਤੋਂ ਰਹਿ ਜਾਵੇ। ਉਹ ਜਗ੍ਹਾ ਖਾਲੀ ਹੋਵੇ ਤੇ ਕੋਈ ਦੂਜਾ ਬੰਦਾ ਉਸ ਜਗ੍ਹਾ ਤੇ ਖੜਾ ਹੋਵੇ। ਏਥੇ ਸੇਵਾ ਘੱਟ ਏ ਤੇ ਸੇਵਾ ਕਰਨ ਵਾਲੇ ਬੰਦੇ ਬਹੁਤੇ ਨੇ। ਅੰਗਹੀਣ ਹੋਇਆ ਬੰਦਾ ਭਾਵੇਂ ਸੇਵਾ ਛੱਡ ਜਾਵੇ ਨਹੀਂ ਤੇ ਕੌਣ ਦੇਂਦਾ ਏ ਹੋਰ ਆਪਣੇ ਬੂਹੇ ਵੜੀ। ਭਾਵੇਂ ਖੋਹ ਕੇ ਕੋਈ ਬੇਸ਼ੱਕ ਲੈ ਲਵੇ ਏਦਾਂ ਕਿਸੇ ਨੂੰ ਨਹੀਂ ਮਿਲਦੀ। ਇਹ ਬੋਲ ਇਕ ਪਿੰਡ ਵਾਸੀ ਦੇ ਸਨ।

—ਐਵੇਂ ਹੀਰ ਕਮਲੀ ਹੋਈ ਫਿਰਦੀ ਏ, ਸੇਵਾ ਵੀ ਕੋਈ ਕੰਮ ਏ, ਵਿਹਲੇ ਬੰਦਿਆਂ ਦਾ ਕੰਮ, ਆਖਣ ਲੱਗਾ ਬੇਮੁੱਖ ਹੋਇਆ ਬੰਦਾ ਖਡੂਰ ਦਾ।

—ਜਿਹੜਾ ਗੁਰੂ ਘਰ ਦਾ ਆਸਰਾ ਲੈ ਕੇ ਆ ਗਿਆ, ਉਹਨੂੰ ਤੇ ਦੋ ਜਹਾਨਾਂ ਦੀਆਂ ਨਿਹਮਤਾਂ ਮਿਲ ਗਈਆਂ ਗੁਰੂ ਘਰ ਵਿਚ। ਗੁਰੂ ਘਰ ਵਿਚ ਕਿਸ ਗੱਲ ਦੀ ਘਾਟ ਏ:

'ਲੱਕ ਬੰਨ੍ਹ ਪੱਤਣਾਂ ਤੇ ਖੜੀਆਂ, ਜਿਨ੍ਹਾਂ ਨੂੰ ਲੋੜ ਮਿੱਤਰਾਂ ਦੀ',

ਇਹ ਆਵਾਜ਼ ਭਾਵੇਂ ਇਕ ਵਾਗੀ ਮੁੰਡੇ ਦੀ ਸੀ, ਪਰ ਅਸਲ ਵਿਚ ਉਹ ਗੁਰੂ ਘਰ ਦਾ ਬਹੁਤ ਪਰੇਮੀ ਸੀ।

—ਬੁੱਢੇ ਵਾਰੇ ਗਾਗਰ ਚੁੱਕਦਿਆਂ ਸ਼ਰਮ ਨਹੀਂ ਸੂ ਆਈ। ਜੇ ਗਾਗਰ ਵਾਹੁਣੀ ਸੀ ਤਾਂ ਆਪਣੇ ਘਰ ਹੀ ਵਾਹੁੰਦਾ। ਕੁੜਮਾਂ ਦੇ ਘਰ ਗਾਗਰ ਮੋਢੇ ਚੁੱਕ ਲਈ। ਸ਼ਰਮ ਹਯਾ ਸਭ ਘੋਲ ਕੇ ਪੀ ਲਈ। ਬਰਾਦਰੀ ਕਿੱਦਾਂ ਜਿਊਣ ਦੇਊ, ਇਹ ਆਵਾਜ਼ ਵੀ ਪਿੰਡ ਵਾਲਿਆਂ ਵਿਚੋਂ ਇਕ ਬੰਦੇ ਦੀ ਸੀ।

—ਤੁਸੀਂ ਵੀ ਭੋਲੇ ਪਾਤਸ਼ਾਹ ਓ, ਨੱਚਣਾ ਯਾਰ ਦੇ ਵਿਹੜੇ ਤੇ ਫੇਰ ਘੁੰਡ ਕਾਹਦਾ। ਦੇਸ ਚੋਰੀ ਤੇ ਪਰਦੇਸ ਭਿਛਿਆ ਇਕ ਬਰਾਬਰ ਨੇ, ਸਿਆਣਾ ਬੰਦਾ ਆਖਣ ਲੱਗਾ।

'ਨਾਚ ਰੇ ਮਨ ਗੁਰ ਕੇ ਆਗੇ',

ਆਵਾਜ਼ ਤੇਜ਼ ਹੁੰਦੀ ਜਾ ਰਹੀ ਸੀ, ਸਾਰਾ ਪਿੰਡ ਹੈਰਾਨ ਸੀ।

—ਸੱਜਣਾ ਇਹ ਇਕ ਅਚੰਭਾ ਸੀ, ਇਹ ਇਕ ਨਵੀਂ ਝਾਕੀ ਸੀ, ਨਵੀਂ ਖੇਡ, ਨਵੀਂ ਬਾਜ਼ੀ ਪਾ ਰਿਹਾ ਸੀ, ਬਾਜ਼ੀਗਰ। ਲੋਕਾਂ ਭਾਣੇ ਇਹ ਇਕ ਤਮਾਸ਼ਾ ਸੀ, ਪਰ ਗੁਰੂ ਦੇ ਪਿਆਰਿਆਂ ਲਈ ਇਹ ਇਕ ਯਗ ਸੀ, ਮਹਾਨ ਕੁੰਭ ਰਚਿਆ ਹੋਇਆ ਸੀ ਖਡੂਰ ਵਿਚ। ਨਵਾਂ ਕੌਤਕ ਕਰ ਰਿਹਾ ਸੀ, ਮੇਰਾ ਸਤਿਗੁਰੂ, ਮੂਰਖ ਲੋਕ ਐਵੇਂ ਹੱਸ ਰਹੇ ਸਨ, ਮੂਰਖਾਂ ਦਾ ਮੁੱਲ ਲੱਗਦਾ ਏ, ਦੰਦੀਆਂ ਕੱਢਦਿਆਂ। ਲਗਨ ਵਾਲੇ ਲੋਕ ਆਪਣੀ ਮਸਤੀ ਵਿਚ ਮਗਨ ਸਨ। ਗੁਰੂ ਦੇ ਪੈਰਾਂ ਆਪਣਾ ਰਾਹ ਪਛਾਣ ਲਿਆ, ਬਿਆਸਾ ਵੱਲ ਜਾਂਦੀ ਡੰਡੀ ਨੂੰ। ਪਾਰੋ ਡੱਲਾ ਆਖ ਰਿਹਾ ਸੀ, ਉਹ ਜਾ ਰਹੀ ਏ ਡੰਡੀ ਬਿਆਸਾ ਵੱਲ। ਕੰਡਿਆਂ, ਸੂਲਾਂ, ਨੂਹਿਆਂ, ਸੱਪਾਂ ਨਾਲ ਭਰੀ ਹੋਈ ਡੰਡੀ।

ਪਰ ਜਿਨ੍ਹਾਂ ਦਾ ਇਸ਼ਕ 'ਦਰਿਆਵਾਂ ਸਿਉਂ ਦੋਸਤੀ' ਉਹਨਾਂ ਨੂੰ ਕੌਣ ਮੋੜੇ, ਕਦ ਮੁੜਦੇ ਹਨ ਕਿਸੇ ਦੇ ਆਖਿਆਂ।

□□

੨

ਬਾਹਠ ਸਾਲ ਦੀ ਉਮਰ ਵਿਚ ਜਦ ਗੁਰੂ ਖਡੂਰ ਵਿਚ ਆਇਆ ਤੇ ਪਹਿਲੀ ਵਾਰ ਕੁੜਮ ਨੂੰ ਕੁੜਮ ਮਿਲਿਆ। ਜਦ ਮੇਰੇ ਗੁਰੂ ਨੇ ਆਪਣੇ ਕੁੜਮ ਦੇ ਪੈਰਾਂ ਉਤੇ ਆਪਣੇ ਸਿਰ ਰੱਖ ਦਿੱਤਾ, ਕੁੜਮਾਚਾਰੀ ਤਾਂ ਉਦੋਂ ਹੀ ਜਾਂਦੀ ਰਹੀ। ਗੁਰੂ ਤੇ ਸੇਵਕ ਦਾ ਰਿਸ਼ਤਾ ਬਣ ਗਿਆ ਉਦੋਂ ਹੀ। ਜ਼ਿੰਦਗੀ ਦੇ ਬਾਹਠ ਸਾਲ ਦੇ ਤਜਰਬੇ ਉਸੇ ਵੇਲੇ ਖ਼ਤਮ ਹੋ ਗਏ। ਇਕ ਜਨਮ ਮੁੱਕ ਗਿਆ, ਹੁਣ ਦੂਜਾ ਜਨਮ ਸੀ ਮੇਰੇ ਗੁਰੂ ਦਾ, ਜਿਦਾਂ ਜਵਾਨ ਜਹਾਨ, ਮੁਟਿਆਰ, ਕੁਆਰੀ ਕੁੜੀ ਡੋਲੇ ਵਿਚ ਪੈ ਜਾਵੇ, ਸੌਹਰੇ ਘਰ ਆਉਂਦਿਆਂ ਹੀ ਉਹਦਾ ਹੁੰਦਾ ਏ। ਦਹਿਲੀਜ਼ ਦੇ ਅੰਦਰ ਪੈਰ ਧਰਿਆ, ਉਹਦੇ ਨਵੇਂ ਜਨਮ ਦਾ ਆਰੰਭ ਹੋਇਆ ਤੇ ਮੁੱਢ ਬੱਝਾ ਅਗਲੀ ਜ਼ਿੰਦਗੀ ਦਾ। ਕੁੜੀ ਦਾ ਵੀ ਨਵਾਂ ਜਨਮ ਹੁੰਦੇ ਏ ਤੇ ਏਸੇ ਤਰ੍ਹਾਂ ਭਗਤੀ ਮਾਰਗ ਵਿਚ ਵੀ ਇਹੋ ਰਸਮ ਏ।

—ਬਾਰਾਂ ਸਾਲ ਦੀ ਕਠਨ ਸੇਵਾ ਵਿਚ ਇਤਿਹਾਸਕਾਰ ਆਖਦੇ ਨੇ ਕਿ ਮੇਰੇ ਗੁਰੂ ਨੇ ਚੁਰਾਸੀ ਗਲਾਂ ਸਿਖੀਆਂ ਨੇ, ਉਹ ਚੁਰਾਸੀ ਮੈਂ ਤੇ ਦਸ ਨਹੀਂ ਸਕਦਾ, ਜੇ ਮੈਂ ਚੁਰਾਸੀ ਦਸ ਸਕਦਾ ਹੁੰਦਾ ਤੇ ਆਪ ਗੱਦੀ ਲਾ ਕੇ ਗੁਰੂ ਨਾ ਬਣ ਜਾਂਦਾ। ਸੇਵਕ ਨੇ ਤਾਂ ਸੇਵਕ ਹੀ ਰਹਿਣਾ ਏ, ਗੁਰੂ ਬਣਨਾ ਬੜਾ ਮੁਸ਼ਕਲ ਏ। ਆਪਣੇ ਲਈ ਕਸ਼ਟ ਸਹਾਰਨਾ, ਲੋਕਾਂ ਲਈ ਜਾਨ ਜ਼ੋਖਮ ਵਿਚ ਪਾਉਣੀ, ਆਪਣੇ ਲਈ ਦੁਨੀਆਂ ਜਾਗਦੀ ਏ ਪਰ ਗੁਰੂ ਨੂੰ ਤੇ ਲੋਕਾਂ ਲਈ ਜਾਗਣਾ ਪੈਂਦਾ ਏ। ਗੁਰੂ ਆਪਣੇ ਲਈ ਨਹੀਂ ਜਿਉਂਦਾ ਖ਼ਲਕਤ ਲਈ ਜਫਰ ਜਾਲਦਾ ਏ।

—ਡੰਡੀਆਂ ਨਾਲ ਦੋਸਤੀ ਹੋਈ, ਕਾਹੀ ਦੇ ਬੇਲਿਆਂ ਨਾਲ ਯਰਾਨਾ ਗੰਢਿਆ, ਪੰਛੀਆਂ ਨੂੰ ਆਪਣੀ ਬੋਲੀ ਵਿਚ ਗਲ ਸਮਝਾਈ, ਤੇ ਉਹਨਾਂ ਦੀ ਗੱਲ ਸਮਝਣ ਦੀ ਕੋਸ਼ਿਸ਼

ਕੀਤੀ। ਜੰਗਲ ਦੇ ਜਾਨਵਰਾਂ ਨਾਲ ਮਿੱਤਰਤਾ ਪਾਉਣੀ ਤੇ ਉਨ੍ਹਾਂ ਨੂੰ ਮਤੀਹ ਕਰਨਾ ਇਕ ਅਤਿ ਸੂਖਮ ਕਾਰਜ ਏ। ਖੂੰ-ਖ਼ਾਰ ਜਾਨਵਰਾਂ ਨੂੰ ਅਗੇ ਲਾ ਕੇ ਤੋਰ ਲੈਣਾ, ਜਿਹੜੇ ਸਿਰਫ ਡੰਗ ਹੀ ਮਾਰਨਾ ਜਾਣਦੇ ਸਨ ਜਾਂ ਵੱਢ ਕੇ ਅਗਲੇ ਦੀਆਂ ਬੋਟੀਆਂ ਖਿਚ ਲੈਣੀਆਂ, ਜਾਂ ਖੜੱਪੇ ਕਾਲੇ ਨਾਗ, ਉਨ੍ਹਾਂ ਨੂੰ ਤਲੀ ਤੇ ਛੰਨਾ ਰੱਖ ਕੇ ਦੁੱਧ ਪਿਆ ਦੇਣਾ, ਕੀ ਇਹ ਗੱਲ ਮਾਮੂਲੀ ਏ। ਗਿੱਦੜ, ਲੂਮੜ, ਹਿਰਨ, ਬਘਿਆੜ, ਇਹ ਬੇਲਿਆਂ ਦੇ ਰਾਜੇ ਹਨ। ਇਹਨਾਂ ਦਾ ਰਾਜ ਵੀ ਬਣਿਆ ਰਹੇ ਤੇ ਇਹਨਾਂ ਦੇ ਹੁਕਮ ਵਿਚ ਵਿਘਨ ਵੀ ਨਾ ਪਏ, ਰਾਜ ਭਾਗ ਦੀ ਜਨਤਾ ਦੁਖੀ ਵੀ ਨਾ ਹੋਵੇ। ਰਾਤ ਬਰਾਤੇ ਖਾਓ, ਪੀਏ ਕਰ ਕੇ ਲੋੜ ਵੇਲੇ ਤਿਖੜ ਦੁਪਹਿਰਾ ਵਿਚ, ਰਾਤ ਹਨੇਰੀ ਹੋਵੇ ਜਾਂ ਦੁੱਧ ਧੋਤੀ ਚਾਨਣੀ, ਤਾਰਿਆਂ ਦੀ ਲੋਅ ਥਲੇ ਤੁਰਨਾ ਪਵੇ ਜਾਂ ਅਧਵਾਟੇ। ਭਾਦੋਂ ਦੀ ਛੱਪੀ ਧੁਪ ਜਾਂ ਸਾਵਣ ਦਾ ਚੁਮਾਸਾ, ਕੁਕੜ ਦੀ ਬਾਂਗੇ ਤੁਰਨਾ ਹੋਵੇ ਜਾਂ ਮੂੰਹ ਢੁਕ ਲਵੇ ਸੂਰਜ ਦੀ ਪਹਿਲ ਪਲੇਠੀ ਕਿਰਨ ਫੁਟੇ ਜਦ ਜੀਅ ਚਾਵ੍ਹੇ ਮੇਰਾ ਗੁਰੂ ਉਸ ਡੰਡੀ ਤੇ ਟੁਰ ਪਵੇ। ਨਾ ਜੰਗਲ ਖੋਲੇ ਤੇ ਨਾ ਬੇਲਾ ਕੁਸਕੇ। ਕਿਸੇ ਆਵਾਜ਼ ਤੋਂ ਡਰ ਨਾ ਲਗੇ, ਕੋਈ ਘੂਰੇ ਨਾ ਰਾਹੀ ਨੂੰ, ਮੁਸਾਫਰ ਆਪਣੇ ਨੱਕ ਦੀ ਸੇਧੇ ਤੁਰਿਆ ਜਾਵੇ। ਪੰਛੀ ਮਿੱਠੀ ਬੋਲੀ ਦੀ ਲੈਅ ਛੇੜਨ ਤੇ ਏਸੇ ਲੋਰ ਵਿਚ ਪੰਧ ਮੁੱਕ ਜਾਵੇ। ਜੀਅ ਅੱਕੇ ਨਾ, ਦਿਲ ਲਗਾ ਰਹੇ, ਨਾ ਮੁਸਾਫਰ ਭਟਕੇ, ਤੇ ਨਾ ਰਾਹੋਂ ਕੁਰਾਹੇ ਪਵੇ, ਜ਼ਹਿਰੀਲੇ ਨਾਗਾਂ ਦੇ ਡੰਗ ਮੱਚਲਣ ਨਾ, ਪੱਧਮ ਪੈ ਜਾਣ, ਏਸ ਤਰ੍ਹਾਂ ਦਾ ਸਾਧ ਲਿਆ ਸੀ ਮੇਰੇ ਗੁਰੂ ਨੇ ਬੇਲਾ। ਇਹ ਵੀ ਇਕ ਤਜਰਬਾ ਸੀ ਜ਼ਿੰਦਗੀ ਦਾ।

ਡੰਡੀ ਤੇ ਮੇਰਾ ਗੁਰੂ ਚਲ ਰਿਹਾ ਸੀ। ਸਾਰੀ ਕਾਇਨਾਤ ਸੁੱਤੀ ਪਈ ਸੀ, ਬਾਂਹ ਸਿਰਹਾਣੇ ਦੇ ਕੇ, ਪੈਰ ਡੰਡੀ ਦੀ ਹਿੱਕ ਛਿਲਦੇ ਜਾ ਰਹੇ ਸਨ। ਸਾਫ ਦਿਖਾਈ ਦੇ ਰਹੇ ਸਨ, ਨਿਸ਼ਾਨ ਗੁਰੂ ਦੇ ਚਰਨਾਂ ਦੇ। ਅੱਧੀ ਰਾਤੀਂ ਜਾਂ ਰੱਬ ਦਾ ਪਿਆਰਾ ਉਠੇ ਜਾਂ ਉਠੇ ਚੋਰ, ਜਾਂ ਉਠੇ ਉਹ ਮੁਸਾਫਰ ਜਿਨ ਮੰਜ਼ਿਲ ਦਾ ਲੱਕ ਤੋੜਨਾ ਹੋਵੇ। ਉਠਾਂ ਵਾਲੇ ਵੀ ਅੱਧੀ ਰਾਤ ਬੀਤਣ ਮਗਰੋਂ ਹੀ ਆਪਣਾ ਸਫਰ ਸ਼ੁਰੂ ਕਰਦੇ ਹਨ। ਖ਼ਾਲੀ ਗਾਗਰ ਹਿਚਕੋਲੇ ਖਾ ਰਹੀ ਸੀ ਜਿਸ ਤਰ੍ਹਾਂ ਪੰਘੂੜੇ ਵਿਚ ਪਈ ਹੂਟੇ ਲੈ ਰਹੀ ਸੀ ਤੇ ਮੇਰਾ ਗੁਰੂ ਮੰਨ ਹੀ ਮਨ ਵਿਚ ਸੋਚ ਰਿਹਾ ਸੀ, ਫੱਗਣ ਦਾ ਮਹੀਨਾ ਚੜ੍ਹ ਪਿਆ ਏ, ਜਾਬਰ ਅਲੀ ਖਾਨ ਸੌਦਾਗਰ ਆਉਣ ਵਾਲਾ ਹੋਣਾ ਏ, ਮੈਂ ਪਿਛਲੇ ਸਾਲ ਉਹਦੇ ਨਾਲ ਇਨਕਾਰ ਕੀਤਾ ਸੀ ਕਿ ਜਿਨ੍ਹਾ ਮਾਲ ਤੇਰੇ ਕੋਲ ਹੋਵੇਗਾ ਅਸੀਂ ਖ਼ਰੀਦ ਲਵਾਂਗੇ, ਦਰਿਆਈ ਰੇਸ਼ਮ ਵੇਚਣ ਲਈ ਦਿੱਲੀ ਨਹੀਂ ਜਾਣਾ ਪਵੇਗਾ। ਮੈਂ ਏਧਰ ਆ ਗਿਆ ਹਾਂ, ਜ਼ਬਾਨ ਝੂਠੀ ਹੋ ਜਾਵੇਗੀ। ਦਰਿਆਈ ਰੇਸ਼ਮ ਦੀ ਗਾਹਕੀ ਜਲੰਧਰ, ਦੁਆਬੇ, ਮਾਲਵੇ, ਤੇ ਮਾਝੇ ਵਿਚ ਬਹੁਤ ਜਿਆਦਾ ਸੀ। ਏਥੋਂ ਦੇ ਹੀ ਸ਼ੁਕੀਨ ਮੁੰਡੇ ਖ਼ਰੀਦਦੇ ਸਨ। ਜ਼ਮੀਨ ਉਪਜਾਊ ਸੀ, ਸੋਨਾ ਉਗਲਦੀ ਸੋ ਧਰਤ ਪੰਜਾਬ ਦੀ। ਐਵੇਂ ਤੇ ਨਹੀਂ ਸੀ ਸੋਨੇ ਦੀ ਚਿੜੀ ਆਖਿਆ ਜਾਂਦਾ ਇਸ ਧਰਤੀ ਨੂੰ। ਮਹਿਮੂਦ ਗਜ਼ਨਵੀ ਦੇ ਮੂੰਹ ਵਿਚ ਪਾਣੀ ਆ ਗਿਆ ਜਦ ਸੌਦਾਗਰਾਂ ਹਿੰਦੁਸਤਾਨ ਦੀਆਂ ਕਹਾਣੀਆਂ ਸੁਣਾਈਆਂ ਉਸ ਨੂੰ। ਮਹਿਮੂਦ ਗਜ਼ਨਵੀ ਲੁਟੇਰਾ ਸੀ, ਉਸ ਡਾਕੂਆਂ ਨੂੰ ਇਕੱਠਾ ਕੀਤਾ, ਖੂਬ ਮਾਲ ਪਾਣੀ ਛਕਾਇਆ ਤੇ ਸਬਜ਼ ਬਾਗ ਵਿਖਾ ਵਿਖਾ ਕੇ ਉਹਨਾਂ ਦਾ ਦਿਮਾਗ ਖ਼ਰਾਬ ਕਰ ਦਿੱਤਾ ਸਾਰੇ ਜਣੇ ਮੁੱਛਾਂ ਨੂੰ ਮਰੋੜੇ ਦੇਣ ਲੱਗ ਗਏ, ਤਲਵਾਰਾਂ ਸੂਤ ਲਈਆਂ, ਉਹਨਾਂ ਦੇ ਪੈਰਾਂ ਨੂੰ ਤੋਹ ਲੱਗ ਗਏ ਸਨ। ਬਦਕਿਸਮਤੀ ਨੂੰ ਭਾਰਤ ਵਰਸ਼ ਵਿਚ ਹੰਨੇ ਹੰਨੇ ਰਾਜ ਸੀ, ਹਰ ਬੰਦਾ

ਡੇਰੇ ਦੀ ਮਸੀਤ ਆਪਣੀ ਵਖਰੀ ਬਣਾ ਕੇ ਬੈਠਾ ਹੋਇਆ ਸੀ। ਛੂਤ-ਛਾਤ ਦੇ ਭੂਤਨੇ ਨੇ ਖੂਬ ਖੇਹ ਉਡਾਈ ਹੋਈ ਸੀ। ਇਕ ਰਾਜ ਥੱਲੇ ਰਾਜੇ ਇਕੱਠੇ ਹੋਣ ਲਈ ਤਿਆਰ ਨਹੀਂ ਸਨ, ਏਸ ਲਈ ਵਖਰਿਆਂ ਵਖਰਿਆਂ ਖੁਰ ਪੌੜੀ ਲੁਆਈ। ਉਸ ਇਕ ਇਕ ਦਾ ਖੂਬ ਲਹੂ ਚੂਸਿਆ, ਰੋਗਾਂ ਕੀਤੀਆਂ ਤੇ ਜੀਅ ਭਰ ਕੇ ਹਿੰਦੁਸਤਾਨ ਨੂੰ ਲੁਟਿਆ। ਸੋਹਣੀਆਂ, ਖੂਬਸੂਰਤ, ਜਵਾਨ, ਮੁਟਿਆਰਾਂ ਅਗੇ ਲਾ ਕੇ ਹਿੱਕ ਤੁਰਿਆ ਤੇ ਗਜ਼ਨੀ ਵਿਚ ਜਾ ਕੇ ਭੇਡਾਂ, ਬਕਰੀਆਂ ਵਾਂਗੂੰ ਟੱਕੇ-ਟੱਕੇ ਦੀਆਂ ਵੇਚੀਆਂ।

ਦਰਿਆਈ ਰੇਸ਼ਮ ਵੇਚਣ ਵਾਲੇ ਗਜ਼ਨੀ, ਮੁਸ਼ੱਦ, ਕਾਬਲ ਤੋਂ ਆਉਂਦੇ ਸਨ। ਇਹ ਝੂਠੀਆਂ ਸੱਚੀਆਂ ਕਹਾਣੀਆਂ ਦਾ ਮੁੱਢ ਬੰਨ੍ਹਦੇ ਸਨ। ਉਸ ਵੇਲੇ ਦਰਿਆਈ ਰੇਸ਼ਮ ਦੀ ਮੰਡੀ ਸਰਹਿੰਦ ਵਿਚ ਬਹੁਤ ਲੱਗਦੀ ਸੀ। ਸੌਦਾਗਰ ਪਹਿਲਾਂ ਆਪਣਾ ਮਾਲ ਮੁਲਤਾਨ ਤੇ ਫੇਰ ਲਾਹੌਰ, ਟਹਿੰਦ ਖੂੰਹਦ ਖਸੂਰ ਵਿਚ ਵੇਚਦੇ। ਬਾਕੀ ਬਚਿਆ ਬਚਾਇਆ ਮਾਲ ਸਰਹਿੰਦ ਲੈ ਜਾਂਦੇ। ਤੇ ਜਿਹੜੀ ਬਾਕੀ ਖੁਰਚੀ ਬੱਚਦੀ ਉਹ ਦਿੱਲੀ 'ਚ ਜਾਹ ਕੇ ਵਿਕਦੀ। ਪੰਜਾਬ ਦੇ ਵਪਾਰੀ ਪਹਿਲਾਂ ਹੀ ਮਾਲ ਦੀ ਜਿੰਦ ਕੱਢ ਲੈਂਦੇ ਸਨ। ਦਿੱਲੀ ਵਿਚ ਜਾ ਕੇ, ਪੰਜਾਬੀ ਮਾਲ ਵੇਚਦਾ ਤਾਂ ਖੂਬ ਹੱਥ ਰੰਗਦਾ। ਦੂਣਿਆਂ, ਚੌਣਿਆਂ ਤੋਂ ਘੱਟ ਮਾਲ ਵੇਚਣਾ ਪੰਜਾਬੀ ਨੂੰ ਆਉਂਦਾ ਈ ਨਹੀਂ। ਇਹ ਝੂਠੇ ਪਲਾਲ ਵੀ ਬਣਾਉਣੇ ਇਹਨੂੰ ਆਉਂਦੇ ਨੇ, ਤੇ ਝੂਠ ਦਾ ਪਲੰਦਾ ਵੀ ਸੋਹਣਾ ਬੰਨ੍ਹਦਾ ਏ। ਤੇ ਲੋਕ ਇਹਦੇ ਫੰਦੇ ਵਿਚ ਵੀ ਫਸ ਜਾਂਦੇ। ਏਸ ਲਈ ਸੌਦਾਗਰ ਆਪਣਾ ਮਾਲ ਪੰਜਾਬੀ ਦੇ ਹੱਥ ਵੇਚ ਕੇ ਬਹੁਤ ਖੁਸ਼ ਹੁੰਦੇ ਸਨ। ਫੱਗਣ ਦੇ ਮਹੀਨੇ ਉਹ ਜ਼ਰੂਰ ਆਉਣਗੇ, ਮੇਰੇ ਗੁਰੂ ਦੇ ਮਨ ਦੀ ਇਹ ਅਵਸਥਾ ਸੀ, ਸੋਚਾਂ ਨੇ ਮੇਰੇ ਗੁਰੂ ਨੂੰ ਜਕੜਿਆ ਹੋਇਆ ਸੀ।

ਏਸ ਸਾਲ ਲੂਣ ਬਹੁਤ ਮੰਦਾ ਰਹੇਗਾ ਤੇ ਤਿੰਨਾਂ ਮਹੀਨਿਆਂ ਤੋਂ ਬਾਅਦ ਤੇਜ਼ੀ ਆਉਂਦੀ ਬਹੁਤੀ ਜ਼ਰੂਰੀ ਏ। ਜੇ ਇਕ ਸੀਜ਼ਨ ਵੀ ਲੱਗ ਗਿਆ ਤਾਂ ਬਸ ਫੇਰ ਵਾਰੇ ਨਿਆਰੇ ਹੋ ਜਾਣਗੇ। ਏਸ ਸਾਲ ਸ਼ਾਹੀ ਫੌਜ ਦੀ ਕੈਂਪ ਵੀ ਜ਼ਰੂਰ ਲਗਣੇ ਹਨ। ਸ਼ਾਹ ਦੀ ਫੇਰੀ ਵੀ ਪੰਜਾਬ ਵਲ ਆਵੱਸ਼ਕ ਏ। ਕਾਬਲ ਵਿਚ ਬਗਾਵਤ ਫੁਟ ਪਈ ਏ, ਗਜ਼ਨੀ ਵਾਲੇ ਬੂਥੀਆਂ ਚੁਕੀ ਫਿਰਦੇ ਹਨ। ਮੁੱਛਾਂ ਨੂੰ ਮਰੋੜੇ ਦੇ ਰਹੇ ਹਨ ਤੇ ਬੁਲ੍ਹਾਂ ਤੇ ਜੀਭਾਂ ਫੇਰ ਰਹੇ ਹਨ। ਸਮਰਾਟ ਅਕਬਰ ਦਾ ਭਾਵੇਂ ਬੜਾ ਜਬ੍ਹਾ ਏ। ਪਰ ਅਫਗਾਨਾਂ ਤੇ ਈਰਾਨੀ ਦੀ ਦਾਲ ਕਦੇ ਸਾਂਝੀ ਨਹੀਂ ਹੋਣ ਲਗੀ। ਇਨ੍ਹਾਂ ਦਾ ਇੱਟ ਕੁਤੇ ਦਾ ਵੈਰ ਏ, ਈਰਾਨੀ ਸਰਕਾਰੇ ਦਰਬਾਰੇ ਛਾਏ ਹੋਏ ਹਨ, ਉਹ ਕਿਸੇ ਦਾ ਅਸਰ ਨਹੀਂ ਕਬੂਲਦੇ। ਫੌਜ ਦੀ ਰੀੜ੍ਹ ਦੀ ਹੱਡੀ ਹਨ ਇਰਾਨੀ। ਅਸਲ ਵਿਚ ਅਕਬਰ ਦੀ ਜਿੱਤ ਦਾ ਰਾਜ਼ ਹੀ ਈਰਾਨੀ ਹਨ। ਨੀਸ਼ਾ ਪੂਰੀ ਹਰ ਮਹਿਕਮੇ ਦੀ ਸ਼ਾਹ ਰਗ ਹਨ। ਅਫਗਾਨ ਇਹ ਗੱਲ ਬਰਦਾਸ਼ਤ ਨਹੀਂ ਕਰਦਾ। ਨਾਲੇ ਉਹਨਾਂ ਤੋਂ ਹਾਲੇ ਹਕੂਮਤ ਹੁਣੇ ਹੁਣੇ ਖੁਸੀ ਏ, ਅਜੇ ਕਲ ਉਹ ਤਖਤ ਤੇ ਤਾਜ ਦੇ ਮਾਲਕ ਸਨ ਅਜੇ ਤੇ ਉਹਨਾਂ ਦੇ ਦੰਦਾਂ ਵਿਚੋਂ ਕਬਾਬ ਦੀ ਖੁਸ਼ਬੋ ਵੀ ਨਹੀਂ ਗਈ। ਇਹ ਵਖਰੀ ਗੱਲ ਏ ਕਿ ਈਰਾਨੀ ਸ਼ਾਹ ਦੀ ਕਲਗੀ ਦੇ ਰਾਖੇ ਹਨ, ਪਰ ਸੱਪ ਦੀ ਰਾਖੀ ਕਾਹਦੀ। ਕਦੇ ਡੰਗ ਮਾਰ ਕੇ ਮੂੰਧੇ ਮੂੰਹ ਸੁੱਟ ਦੇਵੇ ਇਹ ਤੇ ਕੋਈ ਨਹੀਂ ਨਾ ਜਾਣਦਾ। ਲਹੂ ਭਾਵੇਂ ਅਫਗਾਨਾਂ ਦੇ ਮੂੰਹ ਵੀ ਲੱਗਾ ਹੋਇਆ ਸੀ ਪਰ ਉਹ ਜਦੋਂ ਵੀ ਮਾਰਨਗੇ ਉਹਨੂੰ ਉਥੇ ਸੁਟਣਗੇ ਜਿਥੇ ਮਸ਼ਕਾਂ ਭਰਿਆ ਪਾਣੀ ਮਿਲੇ। ਪਰ ਇਹ ਈਰਾਨੀ ਨੇ ਓਥੇ ਮਾਰਨਾ ਏ

ਜਿਥ ਛਿੱਟ ਨਾ ਲਭੇ ਪਾਣੀ ਦੀ। ਅਫ਼ਗਾਨ ਰੱਜੇ ਮਿੱਥੇ ਹਨ ਤੇ ਉਹਨਾਂ ਹਿੰਦੁਸਤਾਨ ਨੂੰ ਆਪਣਾ ਘਰ ਚੁਣ ਲਿਆ ਏ ਤੇ ਇਹ ਈਰਾਨੀਏ ਲੁਟੇਰੇ ਹਨ, ਇਨ੍ਹਾਂ ਦਾ ਮਜ਼ਾਜ ਲੁਟੇਰਿਆਂ ਵਰਗਾ ਏ, ਇਹ ਸਭ ਕੁਝ ਲੁਟ ਪੁਟ ਕੇ ਈਰਾਨ ਲੈ ਜਾਣਾ ਚਾਹੁੰਦੇ ਨੇ। ਹਿੰਦੁਸਤਾਨ ਰੱਜਿਆ ਪੁਜਿਆ ਰਹੂ ਤਾਂ ਆਪਣਿਆਂ ਨੂੰ ਬਰਕਤਾਂ, ਤੇ ਜੇ ਹਿੰਦੁਸਤਾਨ ਵਿਚ ਭੰਗ ਭੁਜੇਗੀ ਤਾਂ ਫੇਰ ਹਕੂਮਤ ਕੀ ਫ਼ਫਰੀ ਵਜਾਊ। ਏਸ ਲਈ ਅਕਬਰ ਨੇ ਪੰਜਾਬ ਦੀਆਂ ਸਰਹੱਦਾਂ ਮਜ਼ਬੂਤ ਕਰਨੀਆਂ ਹਨ, ਏਸ ਲਈ ਫ਼ੌਜੀ ਬਹੁਤ ਜ਼ਰੂਰੀ ਏ। ਤੇਲ ਦੇ ਜ਼ਖੀਰੇ ਕਰਨ ਵਿਚ ਵੀ ਲਾਭ ਏ। ਹਕੂਮਤ ਨੂੰ ਤੇਲ, ਲੂਣ, ਕੱਪੜਾ ਤੇ ਅਨਾਜ ਦੀ ਸਪਲਾਈ ਦੀ ਲੋੜ ਏ ਜੇ ਖਡੂਰ ਦੇ ਹੱਥ ਇਹ ਗੱਲ ਲੱਗ ਜਾਵੇ ਤੇ ਸਾਰੇ ਸਾਲ ਦੀ ਕਮਾਈ ਘਰ ਆ ਜਾਵੇਗੀ। ਬਾਸਰਕੇ ਵਾਲਿਆਂ ਦੀਆਂ ਭੜੋਲੀਆਂ ਭਰ ਜਾਣਗੀਆਂ। ਵਪਾਰ ਦਾ ਅਸੂਲ ਏ ਮੰਦੇ ਵਿਚ ਖਰੀਦੋ ਤੇਜ਼ੀ ਵਿਚ ਵੇਚੋ।

ਬਾਸਰਕੇ ਤੋਂ ਮੈਂ ਮੂੰਹ ਲਪੇਟ ਕੇ ਤੁਰ ਤੇ ਆਇਆ ਹਾਂ, ਪਰ ਰੱਬ ਜਾਣੇ ਉਨ੍ਹਾਂ ਤੱਤਿਆਂ ਦਾ ਕੀ ਹਾਲ ਏ, ਉਹਨਾਂ ਕੀ ਸੋਚਿਆ ਏ, ਉਹਨਾਂ ਕੀ ਵਿਚਾਰਿਆ ਏ। ਸਾਬ ਅੰਵਾਣਾ ਛੱਡ ਆਇਆ ਹਾਂ, ਮੇਰਾ ਗੁਰੂ ਏਸ ਤਰ੍ਹਾਂ ਸੋਚ ਰਿਹਾ ਸੀ। ਗਾਗਰ ਮੋਢਿਆਂ ਤੇ ਹੁਲਾਰੇ ਲੈ ਰਹੀ ਸੀ ਤੇ ਗੁਰੂ ਨੇ ਫੇਰ ਇਉਂ ਸੋਚਿਆ, "ਜਿਹੜੇ ਛੱਡੇ ਗਰਾਂ ਤੇ ਫੇਰ ਕੀ ਲੈਣਾ ਉਹਨਾਂ ਦਾ ਨਾਂ" ਜਦੋਂ ਲਾਕਾ ਦੇਕਾ ਹੀ ਛਡ ਦਿੱਤਾ ਤਾਂ ਫੇਰ ਸਾਨੂੰ ਕੀ। ਮਨਾ ਛਡ ਪਰਾਈ ਆਸ ਤੂੰ ਆਪਣੀ ਨਿਬੇੜ ਤੈਨੂੰ ਹੋਰ ਨਾਲ ਕੀ, ਤੂੰ ਗੰਢ ਸੰਭਾਲ ਤੈਨੂੰ ਚੋਰ ਨਾਲ ਕੀ। ਤੇਰੇ ਨਾਲ ਕਿਸੇ ਨਹੀਂ ਜਾਣਾ। ਤੂੰ ਆਪਣਾ ਰਾਹ ਸੌਖਾ ਕਰ, ਆਪਣੀ ਮੰਜ਼ਿਲ ਵਲ ਵੱਧ। ਗੁਰੂ ਦਾ ਮਨ ਫੇਰ ਇਕ ਟਿਕਾਣੇ ਵਲ ਲੱਗ ਗਿਆ।

—ਡੰਡੀ ਵੱਲ ਜਾ ਰਿਹਾ ਸੀ ਮੇਰਾ ਸਤਿਗੁਰੂ, ਮਨ ਇਕਾਗਰ ਹੋ ਚੁਕਾ ਸੀ। ਮੇਰੇ ਗੁਰੂ ਨੇ ਸਾਰੇ ਧੰਦੇ ਛਿੱਕੇ ਤੇ ਟੰਗ ਦਿਤੇ, ਸਿਰਫ ਇਕੋ ਰਾਹ ਸੀ, ਇਕੋ ਰਸਤਾ, ਇਕੋ ਲਗਨ ਜੰਗਲ ਬੇਲੇ ਵਿਚ ਵੀ ਰਾਹ ਚਲਦਿਆਂ ਵੀਹ ਡੰਡੀਆਂ ਰਾਹ ਤੋਂ ਲਾਂਭੇ ਜਾਂਦੀਆ, ਪਰ ਮੇਰੇ ਗੁਰੂ ਨੇ ਆਪਣਾ ਰਾਹ ਆਪ ਬਣਾ ਲਿਆ ਸੀ, ਆਪਣੀ ਡੰਡੀ ਆਪ ਲਭ ਲਈ ਸੀ, ਇਹੋ ਹੀ ਤੇ ਜ਼ਿੰਦਗੀ ਏ, ਜਿਸ ਆਪਣਾ ਮਾਰਗ ਆਪ ਪਛਾਣ ਲਿਆ, ਉਸ ਦੀ ਚੁਰਾਸੀ ਕੱਟੀ ਗਈ। ਮੇਰੇ ਗੁਰੂ ਨੇ ਚੁਰਾਸੀ ਦੇ ਜੰਜਾਲ ਬਾਰੇ ਵੀ ਸੋਚਿਆ ਏ। ਜਿਸਦੀ ਚੁਰਾਸੀ ਕੱਟੀ ਗਈ ਉਹ ਬੰਦਾ ਮੁਕਤ ਹੋ ਗਿਆ ਚੁਰਾਸੀ ਹੈ ਕੀ, ਇਹ ਕਿਸ ਬਲਾ ਦਾ ਨਾਂ ਏ, ਚੁਰਾਸੀ ਕਿਹੜੇ ਦੁਆਰ ਨੂੰ ਕਹਿੰਦੇ ਨੇ, ਚੁਰਾਸੀ ਕਿਸ ਦੀ ਕੱਟੀ ਜਾਂਦੀ ਏ ਤੇ ਕਿਦਾਂ ਕੱਟੀ ਜਾਂਦੀ ਏ। ਸ਼ਾਸਤਰਾਂ ਵਿਚ ਜਿਹੜੇ ਮਾਰਗ ਦਸੇ ਗਏ ਹਨ, ਉਹ ਬੜੇ ਔਖੇ ਤੇ ਮੁਸ਼ਕਲ ਹਨ, ਕੋਈ ਸੌਖਾ ਤੇ ਆਸਾਨ ਰਾਹ ਲਭਿਆ ਜਾਏ। ਹਰ ਬੰਦਾ ਏਸ ਮਾਰਗ ਨੂੰ ਪਹਿਚਾਣ ਲਏ। ਅਜੇ ਬਿਆਸਾ ਦੂਰ ਸੀ, ਸਿਰਫ ਪਾਣੀ ਦੇ ਲਿਸ਼ਕਾਰੇ ਪੈਂਦੇ ਸਨ। ਆਕਾਸ਼ ਤੋਂ ਉੱਤਰੀ ਬਿਆਸਾ, ਇਹ ਵੀ ਤੇ ਗੰਗਾ ਹੀ ਏ। ਪੰਜਾਬ ਤੀਰਥਾਂ ਦਾ ਤੀਰਥ ਏ, ਪੰਜਾਬ ਵਾਲੇ ਕਿਉਂ ਭਟਕਣ। ਪੰਜਾਬ ਵਿਚ ਹੀ ਗੰਗਾ ਕਿਉਂ ਨਾ ਆਵੇ, ਕੀ ਪੰਜਾਬ ਦਾ ਗੰਗਾ ਤੇ ਕੋਈ ਹੱਕ ਨਹੀਂ? ਕੀ ਰਿਸ਼ੀ ਭਾਗੀਰਥ ਪੰਜਾਬ ਦਾ ਕੁਝ ਨਹੀਂ ਸੀ ਲੱਗਦਾ? ਭਾਗੀਰਥ ਪੰਜਾਬ ਦਾ ਹੀ ਪਿਤਾਮਾ ਸੀ।

—ਗਾਗਰ ਹਿਚਕੋਲੇ ਖਾ ਰਹੀ ਸੀ। ਡੰਡੀ ਨੇ ਮੇਰੇ ਗੁਰੂ ਦੇ ਪੈਰ ਪਛਾਣ ਲਏ ਸਨ। ਰਾਹੀ ਬਹੁਤ ਪੁਰਾਣਾ ਸੀ, ਰਾਹ ਭੁਲ ਗਿਆ ਸੀ ਤੇ ਅਜ ਉਹ ਆਪਣੇ ਰਾਹ

ਤੇ ਫੇਰ ਚਲ ਪਿਆ ਏ। ਪਰ ਪਤਾ ਨਹੀਂ ਕਿੰਨੇ ਜਨਮਾਂ ਤੋਂ ਬਾਦ ਮੇਰੇ ਗੁਰੂ ਨੂੰ ਇਹ ਰਾਹ ਲੱਭਾ ਏ।

—ਬਿਆਸਾ ਵੱਗ ਰਹੀ ਸੀ, ਅਠਖੇਲੀਆਂ ਕਰਦੀ। ਨੱਚਦੀ ਗਾਉਂਦੀ, ਮੁਸਕਰਾਉਂਦੀ, ਬਿਆਸਾ ਆਪਣੀਆਂ ਪਲਕਾਂ ਸਵਾਰ ਰਹੀ ਸੀ ਤੇ ਮੇਰਾ ਗੁਰੂ ਆਣ ਪੁਜਾ ਤੇ ਗਾਗਰ ਜਜ਼ਬਿਆਂ ਨਾਲ ਭਰੀ ਹੋਈ ਸੀ। ਕਠਨ ਡਗੱਰੀਆ ਮੁਕ ਗਈ। ਰਾਹ ਸੁਖਾਵਾਂ ਹੋ ਗਿਆ।

—ਬਿਆਸਾ ਤੇ ਗੰਗਾ ਦੇ ਪੁਰਾਣਾ ਸੰਗਮ ਏ, ਇਹ ਦਰਾਣੀ ਤੇ ਜਠਾਣੀਆਂ ਹਨ। ਏਸ ਰਿਸ਼ਤੇ ਨੂੰ ਭਾਵੇਂ ਕੋਈ ਜਾਣੇ ਤੇ ਕੋਈ ਨਾ ਜਾਣੇ। ਅੱਲਾ ਯਾਰ ਖ਼ਾਂ ਨੇ ਪਾਰੋ ਡਲੇ ਨੂੰ ਸਾਰੀ ਕਥਾ ਸੁਣਾ ਦਿਤੀ।

□□

੩

—ਗਾਗਰ ਬਿਆਸਾ ਨਦੀ ਦੀ ਭਾਵੇਂ ਜਾਣੀ ਪਛਾਣੀ ਸੀ ਪਰ ਗਾਗਰ ਵਾਲਾ ਨਵਾਂ ਬੰਦਾ ਵੇਖ ਕੇ ਬਿਆਸਾ ਝਕ ਗਈ, ਸ਼ਰਮਾ ਗਈ, ਸੰਗ ਗਈ। ਪਰ ਗਾਗਰ ਵਾਲੇ ਨੇ ਬਿਆਸਾ ਨਦੀ ਨੂੰ ਆਖਿਆ ਕਿ ਮੈਂ ਅੱਜ ਨਵਾਂ ਹਾਂ, ਕਲ ਨੂੰ ਪੁਰਾਣਾ ਹੋ ਜਾਵਾਂਗਾ, ਇਕ ਗਾਗਰ ਭਰਨ ਨਾਲ ਤੇਰਾ ਕੀ ਵਿਗੜ ਜਾਵੇਗਾ। "ਚਿੜੀ ਚੋਂਚ ਭਰ ਲੇ ਗਈ ਰਤੀ ਨਾ ਘਟੀਓ ਨੀਰ" ਅਥਾਹ ਸਮੁੰਦਰ ਵਿਚੋਂ ਕੋਈ ਬੰਦਾ ਜੇ ਇਕ ਮਟਕਾ ਭਰ ਵੀ ਲਏ ਉਹ ਕਿਹੜਾ ਊਣਾ ਹੋ ਚਲਿਆ ਏ, ਬਿਆਸਾ ਨੇ ਇਕ ਵਾਰ ਵਿਚਾਰਿਆ ਪਰ ਬਿਆਸਾ ਹਾਲੇ ਫੈਸਲਾ ਨਹੀਂ ਸੀ ਕਰ ਸਕੀ। ਬਿਆਸਾ ਦੇ ਕੰਢੇ ਤੇ ਗਾਗਰ ਪਈ ਹੋਈ ਸੀ ਅਤੇ ਮੇਰਾ ਗੁਰੂ ਬੈਠਾ ਹੋਇਆ ਹੀ ਸੋਚ ਰਿਹਾ ਸੀ, ਵਿਚਾਰ ਰਿਹਾ ਸੀ, ਉਬਾਸੀਆਂ ਲੈਂਦਾ। ਬਿਆਸਾ ਨਾਲ ਦੋਸਤੀ, ਮੈਂ ਵੀ ਕਦੀ ਬਿਆਸਾ ਦਾ ਸਾਥੀ ਸਾਂ। ਬਿਆਸਾ ਮੇਰੀ ਗੁਵਾਂਢਣ ਏ, ਮੈਂ ਰੋਜ਼ ਦੇ ਆਵਣ ਵਾਲਾ ਹਾਂ ਜੇ ਵਿਚ ਵਿੱਥ ਪੈ ਗਈ ਹੈ ਤਾਂ ਲੋਹੜਾ ਕੀ ਆ ਗਿਆ, ਤਾਂ ਕੀ ਹੋ ਗਿਆ, ਬਿਆਸਾ ਨਾਲ ਮੇਰਾ ਪੁਰਾਣਾ ਭਾਈਚਾਰਾ ਏ ਅਤੇ ਮੈਂ ਇਸਦਾ ਪੁਰਾਣਾ ਸ਼ਰਧਾਲੂ ਹਾਂ। ਘੜੀ ਕੁ ਨਿੱਠ ਕੇ ਬੈਠਾਂਗੇ, ਗੱਲ ਛਿੜੇਗੀ ਅਤੇ ਹੌਲੀ ਹੌਲੀ ਸਾਕ ਵੀ ਨਿਕਲ ਆਵੇਗਾ। ਬਿਆਸਾ ਨਦੀ ਆਪਣੇ ਪੁਰਾਣੇ ਸੇਵਕਾਂ ਨੂੰ ਪਛਾਣੇ। ਏਨੀ ਜਲਦੀ ਦੋਸਤੀ ਵੀ ਕਿਦਾਂ ਹੋ ਜਾਵੇ ਅਜੇ ਤਾਂ ਪਹਿਲੀ ਮਿਲਣੀ ਏ, ਅਜੇ ਤੇ ਜੀਅ ਭਰ ਕੇ ਮੁਖੜਾ ਵੀ ਨਹੀਂ ਵੇਖਿਆ ਪਹਿਲੀ ਵਾਰ ਕੋਈ ਕਿਸ ਤਰ੍ਹਾਂ ਖੁਲ੍ਹ ਜਾਏ। ਪਈ ਗਾਗਰ ਨੂੰ ਅੱਖਾਂ ਭਰ ਕੇ ਵੇਖਿਆ ਮੇਰੇ ਗੁਰੂ ਨੇ, ਬੋਲ ਪਾਰੋ ਡੱਲੇ ਦੇ ਸਨ।

—ਅੱਲਾ ਯਾਰ ਖ਼ਾਂ ਆਖਣ ਲੱਗਾ ਕਿ ਖੂਹ ਵਗਦਿਆਂ ਦੇ ਤੇ ਸਾਕ ਮਿਲਦਿਆਂ ਦੇ।

—ਗੁਰੂ ਦਾ ਨਾਂ ਲੈ ਕੇ ਗਾਗਰ ਭਰੀ ਬਿਆਸਾ ਵਿਚੋਂ, ਜਦ ਚੁਕਣ ਲੱਗੇ ਤਾਂ

ਚੁੱਕੀ ਨਾ ਜਾਏ, ਗਾਗਰ ਭਾਰੀ ਸੀ ਤੇ ਸਰੀਰ ਹੌਲਾ ਸੀ, ਕੌਣ ਗਾਗਰ ਚੁਕਾਏ ਲਾਗੇ ਚਾਗੇ ਕੋਈ ਹੋਵੇ ਤਾਂ ਸੁਣੇ, ਕੌਣ ਵਿਹਲਾ ਏ ਜੋ ਗਾਗਰ ਚੁਕਾਣ ਆਏ ਬਿਨਾਂ ਚੁਕਾਇਆਂ ਗਾਗਰ ਚੁਕੀ ਵੀ ਤਾਂ ਨਹੀਂ ਸੀ ਜਾਂਦੀ, ਗਾਗਰ ਚੁਕਣਾ ਇਕ ਮਸਲਾ ਬਣ ਗਿਆ ਸੀ। ਗਾਗਰ ਭਰੀ ਪਈ ਸੀ, ਬੜੀ ਕੋਸ਼ਿਸ਼ ਕੀਤੀ ਹੰਭਲਾ ਮਾਰਿਆ, ਉਲਟਾ ਸਿੱਧਾ ਹੋ ਕੇ ਜ਼ੋਰ ਲਾ ਕੇ ਵੀ ਵੇਖਿਆ ਪਰ ਗਾਗਰ ਚੁੱਕੀ ਨਾ ਗਈ। ਅਜੇ ਸੂਰਜ ਦੀ ਪਹਿਲੀ ਕਿਰਣ ਹੀ ਫੁੱਟੀ ਸੀ। ਕਵਾਰੀ ਕਿਰਣ ਦਾ ਰੰਗ ਕੀ ਹੋਣਾ, ਮੱਠੀ-ਮੱਠੀ ਸੁਨਹਿਰੀ ਰੋਸ਼ਨੀ ਨੇ ਬਿਆਸਾ ਦੇ ਪਾਣੀ ਨੂੰ ਸੋਨੇ ਦੇ ਰੰਗ ਵਿਚ ਰੰਗ ਦਿੱਤਾ। ਪਰ ਗਾਗਰ ਅੱਜੇ ਵੀ ਪਈ ਸੀ ਆਪਣੀ ਥਾਂ ਤੇ ਇਕ ਵਾਰ ਫਿਰ ਹਿੰਮਤ ਕੀਤੀ, ਗਾਗਰ ਫਿਰ ਚੁੱਕੀ ਨਾ ਗਈ ਇਮਿਤਹਾਨ ਸੀ ਗੁਰੂ ਦਾ ਤੇ ਗਾਗਰ ਤਮਾਸ਼ਾ ਵੇਖ ਰਹੀ ਸੀ, ਖੇਖਣਹਾਰੀ। ਆਵਾਜਾਈ ਸ਼ੁਰੂ ਹੋ ਗਈ।

—ਕੀ ਗੱਲ ਏ ਬਾਬਾ, ਗਾਗਰ ਤੇ ਨਹੀਂ ਚੁਕਣੀ, ਅਵਾਜ਼ ਇਕ ਰਾਹੀ ਦੀ ਸੀ।

—ਚੁੱਕਣੀ ਤੇ ਗਾਗਰ ਈ ਏ ਜੇ ਕੋਈ ਚੁੱਕਾ ਦੇਵੇ।

—ਕੀ ਮੈਂ ਇਹ ਸੇਵਾ ਕਰ ਸਕਦਾ ਹਾਂ।

—ਭਲਾਈ ਤੇ ਪੁੱਛ ਪੁੱਛ !

—ਲਉ ਚੁੱਕੋ ਗਾਗਰ, ਗਾਗਰ ਭਾਰੀ ਏ ਬਾਬਾ ਲੈ ਜਾਏਂਗਾ ਬੰਦਾ ਵਿੱਤ ਦਾ ਭਾਰ ਚੁੱਕੇ ਤਾਂ ਅਕਲਮੰਦੀ ਏ, ਨਹੀਂ ਤਾਂ ਜਾਂ ਲੱਕ ਟੁੱਟ ਜਾਵੇ ਜਾਂ ਕੁੜੱਲ ਪੈ ਜਾਣ, ਲੱਕ ਦੀ ਹੱਡੀ ਦੋਹਰੀ ਵੀ ਹੋ ਸਕਦੀ ਏ।

—ਪੰਧ ਛੋਟਾ ਏ, ਮੰਜ਼ਲ ਦੂਰ ਏ, ਰਾਹ ਛੋਟਾ ਵੀ ਹੋਵੇ ਪਰ ਪੰਡ ਭਾਰੀ ਏ, ਜੇ ਗਾਗਰ ਭਰ ਕੇ ਲੈ ਕੇ ਨਾ ਗਿਆ ਤੇ ਕਿਹੜਾ ਮੂੰਹ ਵਿਖਾਵਾਂਗਾ ਮੈਂ, ਸ਼ਰਮ ਨਾਲ, ਬੁੱਕਲ ਵਿਚ ਮੂੰਹ ਪਾ ਕੇ ਲੁਕਦਾ ਫਿਰਾਂਗਾ। ਕਿਸੇ ਨੇ ਕੋਲ ਬਿਠਾਉਣਾ ਵੀ ਨਹੀਂ, ਇਹ ਗੱਠੜੀ ਚੁੱਕਣੀ ਪੈਣੀ ਏ, ਅੱਜ ਨਹੀਂ ਚੁੱਕੀ ਜਾਂਦੀ ਤੇ ਕਲ੍ਹ ਚੁੱਕੀ ਜਾਊ। ਇਕ ਵਾਰ ਚੁੱਕੀ ਗਈ ਤੇ ਫਿਰ ਆਦਤ ਪੈ ਜਾਏਗੀ ਮੁਸ਼ਕਲ ਸਿਰਫ ਇਕ ਦਿਨ ਦੀ ਏ।

—ਇਹ ਇਸ਼ਕ ਸਾਦਕ ਵਾਲਿਆਂ ਦੀਆਂ ਗੱਲਾਂ ਹਨ ਆਮ ਬੰਦਾ ਇਸ ਤਰ੍ਹਾਂ ਨਹੀਂ ਸੋਚਦਾ।

—ਜਿਸ ਪੁਰਸ਼ ਨੇ ਮੈਨੂੰ ਗਾਗਰ ਬਖਸ਼ੀ ਏ, ਉਹ ਰੋਜ਼ ਈ ਇਸੇ ਜਗ੍ਹਾ ਤੋਂ ਗਾਗਰ ਭਰ ਕੇ ਲੈ ਕੇ ਜਾਂਦਾ ਸੀ, ਉਹਦਾ ਸਰੀਰ ਵੀ ਮੈਥੋਂ ਕਰੜਾ ਨਹੀਂ, ਮੈਂ ਇਸ ਗਾਗਰ ਨੂੰ ਚੁਕਾਂਗਾ, ਗੁਰੂ ਦੀ ਸ਼ਕਤੀ ਨਾਲ ਤੇ ਫਿਰ ਇਹ ਗਾਗਰ ਹੌਲੀ ਫੁੱਲ ਹੋ ਜਾਏਗੀ। ਜੀਵਨ ਦੀ ਗਾਗਰ ਆਪੇ ਫੁੱਲਾਂ ਦੀ ਟੋਕਰੀ ਬਣ ਜਾਵੇਗੀ, ਗਾਗਰ ਨੇ ਭਾਰੀ ਕੀ ਹੋਣਾ ਏ, ਬੰਦੇ ਦਾ ਇਰਾਦਾ ਬਲਵਾਨ ਹੋਣਾ ਚਾਹੀਦਾ ਏ।

— ਲਉ ਚੁੱਕੋ ਗਾਗਰ ਬਾਬਾ ਜੀ, ਮੇਰਾ ਤੇ ਸਾਥ ਅੱਗੇ ਲੰਘ ਗਿਆ। ਮੈਨੂੰ ਤੇ ਕਿਸੇ ਨੇ ਉਡੀਕਣਾ ਨਹੀਂ, ਕੌਣ ਉਡੀਕਦਾ ਏ ਕਿਸੇ ਨੂੰ।

ਬੜੀ ਮੁਸ਼ਕਲ ਨਾਲ ਗਾਗਰ ਚੁੱਕੀ ਮੇਰੇ ਗੁਰੂ ਨੇ, ਪਹਿਲਾਂ ਭਾਰੀ ਲੱਗੀ ਫਿਰ ਜਿਉਂ ਜਿਉਂ ਰਸਤਾ ਮੁਕਦਾ ਗਿਆ ਗਾਗਰ ਫੁੱਲਾਂ ਤੋਂ ਵੀ ਹੌਲੀ ਜਾਪਣ ਲੱਗ ਪਈ।

ਦੂਜੇ ਦਿਨ ਉਸੇ ਰਾਹ ਤੇ ਉਹੋ ਡੰਡੀ, ਉਹੋ ਕਾਹੀ ਉਹੋ ਝੱਲ, ਉਹੋ ਰਾਹ, ਉਹੋ ਖੇੜਾ ਇਕ ਦਿਨ ਵਿਚ ਹੀ ਲੋਕ ਜਾਣੂ ਹੋ ਗਏ। ਜੰਗਲ ਬੇਲੇ ਦੇ ਜੀਆਂ ਜੰਤ ਜਾਣਨ ਪਛਾਣਨ ਲੱਗ ਪਏ। ਗੱਲ ਕੋਈ ਮੁਸ਼ਕਲ ਨਹੀਂ ਸੀ ਇਕ ਦਿਨ ਵਿਚ ਈ ਪੈਂਡਾ ਪੈਰੀਂ ਲੱਗ

ਗਿਆ ਇਕ ਦਿਨ ਵਿਚ ਈ ਪੈਰਾਂ ਦਾ ਖੜਾਕ ਸਮਝਣ ਲੱਗ ਪਏ ਬੇਲੇ ਦੇ ਰਾਖੇ, ਅੱਜ ਫਿਰ ਗਾਗਰ ਮੋਢੇ ਤੇ ਸੀ। ਅੱਜੇ ਖਡੂਰ ਤੋਂ ਨਿਕਲੇ ਹੀ ਸਨ ਸਤਿਗੁਰ, ਕਸੁੰਭੜੇ ਦਾ ਇਕ ਦਰਖਤ ਰਾਹ ਵਿਚ ਸੀ। ਹਨੇਰਾ ਹੋਣ ਕਰਕੇ ਗੁਰੂ ਨੇ ਵੇਖਿਆ ਨਾ, ਕਪੜਾ ਅੜਿਆ, ਲੰਗਾਰ ਲੱਥ ਜਾਂਦਾ, ਸੰਭਲ ਗਏ ਜਾਣੀ ਜਾਣ।

—ਕੌਣ ਏ ਰਸਤਾ ਰੋਕਣ ਵਾਲਾ। ਅਵਾਜ਼ ਮੇਰੇ ਸਤਿਗੁਰੂ ਦੀ ਸੀ।

—ਕਸੁੰਭੜਾ ਰਾਹ ਦਾ ਰੁੱਖ, ਉਜਾੜ ਦਾ ਨਿਗਾਹਬਾਨ!

—ਜੇ ਹਨੇਰਾ ਸੀ ਤੇ ਮੈਨੂੰ ਦਿਸਿਆ ਨਹੀਂ ਸੀ ਤੇ ਤੂੰ ਈ ਅੱਖਾਂ ਵਾਲਾ ਸੀ, ਜ਼ਰਾ ਸੰਭਾਲ ਲੈਂਦੋਂ ਜੇ ਤੇਰੇ ਵਰਗੇ ਨਾ ਸਾਂਭਣਗੇ ਤੇ ਹੋਰ ਕੌਣ ਸਹਾਰਾ ਦੇਵੇਗਾ। ਉਲਾਂਭਾ ਦਿੱਤਾ ਮੇਰੇ ਗੁਰੂ ਨੇ।

—ਅਗੋਂ ਉਹ ਕਿਹੜਾ ਅੰਨ੍ਹਾ ਸੀ ਅੱਖਾਂ ਵਾਲਾ ਸੀ ਆਖਣ ਲੱਗਾ, "ਮੁਸਾਫਰ ਨੂੰ ਆਪ ਅੱਖਾਂ ਖੋਹਲ ਕੇ ਚਲਣਾ ਚਾਹੀਦਾ ਏ। ਮੈਂ ਕਿਹਨੂੰ ਕਿਹਨੂੰ ਰਾਹ ਦੱਸਦਾ ਫਿਰਾਂ। ਮੈਂ ਤੇ ਕਸੁੰਭੜਾ ਹਾਂ ਮੇਰਾ ਤੇ ਕੰਮ ਏ ਰਾਹ ਰੋਕਣਾ, ਕਪੜੇ ਪਾੜਨੇ, ਜਿਸ ਮੇਰੀ ਮਾਰ ਖਾ ਲਈ, ਮੈਂ ਉਸ ਨੂੰ ਆਪਣੇ ਰੰਗ ਵਿਚ ਰੰਗ ਦਿੱਤਾ, ਮਜੀਠੀ ਰੰਗ ਐਵੇਂ ਨਹੀਂ ਚੜ੍ਹਦਾ।"

—"ਅੱਖਾਂ ਈ ਤੇ ਲੱਭਣ ਚਲਿਆਂ ਹਾਂ। ਅੱਖਾਂ ਈ ਤੇ ਲੱਭਣੀਆਂ ਮੁਸ਼ਕਲ ਹਨ, ਅੱਖਾਂ ਵਾਲੇ ਤਾਂ ਬਹੁਤ ਹਨ ਪਰ ਕੋਈ ਕਿਸੇ ਨੂੰ ਉਧਾਰ ਅੱਖਾਂ ਨਹੀਂ ਦੇਂਦਾ; ਅੱਖਾਂ ਕੌਣ ਦੇਵੇ, ਅੱਖਾਂ ਵੀ ਕੋਈ ਕਦੇ ਕਿਸੇ ਨੂੰ ਦੇਂਦਾ ਏ, ਅੱਖਾਂ ਵਾਲਿਉ ਅੱਖਾਂ ਬੜੀ ਨਿਹਮਤ ਹਨ।"

ਭਰ ਸਰਵਰ ਜਬ ਉਛਲੇ, ਤਬੁ ਤਰਣੁ ਦੁਹੇਲਾ,
ਹੱਥ ਨਾ ਲਾਈਂ ਕਸੁੰਭੜੇ, ਜਲਿ ਜਾਸੀ ਢੋਲਾ॥

—ਪਰ ਮੇਰਾ ਸਤਿਗੁਰ ਆਖਣ ਲੱਗਾ ਲੋਕਾਈ ਕੋਲ ਅੱਖਾਂ ਕਿਥੇ ਹਨ, ਜਿਨ੍ਹਾਂ ਨੂੰ ਅੱਖਾਂ ਲਭ ਗਈਆਂ ਹਨ, ਉਹ ਦੂਜਿਆਂ ਨੂੰ ਰਾਹ ਵਿਖਾਉਣ। ਆਪਣਾ ਭਲਾ ਤਾਂ ਸਾਰੀ ਦੁਨੀਆਂ ਕਰਦੀ ਏ, ਦੂਜਿਆਂ ਦਾ ਭਲਾ ਸੋਚੇ ਤਾਂ ਜਾਣਾ। ਕੁਸੰਭੜੇ, ਤੇਰੇ ਤੇ ਰੱਬ ਦੀਆਂ ਮੇਹਰਾਂ ਹਨ, ਬਖਸ਼ਸ਼ ਏ ਤੇਰੇ ਤੇ ਗੁਰੂ ਦੀ।

ਇਕ ਸੂਫ਼ੀ ਫ਼ਕੀਰ ਜਿਹੜਾ ਕਸੁੰਭੜੇ ਦੇ ਮੁੱਢ ਕੋਲ ਬੈਠਾ ਹੋਇਆ ਸੀ ਏਨੀ ਗੱਲ ਵਿਚ ਹੀ ਵਜਦ ਵਿਚ ਆ ਗਿਆ, ਉਹ ਦਬ ਨਾ ਸਕਿਆ ਆਪਣਾ ਜਜ਼ਬਾ ਅਤੇ ਝੱਟ ਹੀ ਚੋਂਕਿਆ, ਆਖਣ ਲੱਗਾ, "ਕਸੁੰਭੜੇ ਦਾ ਤਾਂ ਇਹੋ ਮਿਜ਼ਾਜ ਏ" ਵਾਰੇ-ਵਾਰੇ ਜਾਵਾਂ ਮੈਂ ਆਪਣੇ ਮੌਲਾ ਦੇ, ਪੈਰਾਂ ਵਿਚ ਘੁੰਗਰੂ ਸਨ ਇਕ ਵਾਰ ਨੱਚ ਉਠਿਆ ਫ਼ਕਰ।

ਮੈਂ ਕਸੁੰਭੜਾ ਚੁਗ ਚੁਗ ਹਾਰੀ ਨੀ,
ਏਸ ਕਸੁੰਭੜੇ ਦੇ ਕੰਡੇ ਬਲੇਰੇ!
ਅੜ ਅੜ ਚੁੰਨੀ ਪਾੜੀ,
ਏਸ ਕਸੁੰਭੜੇ ਦਾ ਹਾਕਮ ਕਚੜਾ।
ਜ਼ਾਲਮ ਹੈ ਪਟਵਾਰੀ,
ਏਸ ਕਸੁੰਭੜੇ ਦੇ ਚਾਰ ਮੁਕਦੱਮ,
ਮਲਬਾ ਮੰਗਦੇ ਭਾਰੀ ਨੀ।

—ਮੇਰਾ ਸਤਿਗੁਰ ਜ਼ਰਾ ਕੁ ਮੁਸਕਰਾਇਆ, ਕਸੁੰਭੜੇ ਦੇ ਫੁਲ ਕਿਰ ਕੇ ਗੁਰੂ ਦੀ ਝੋਲੀ ਵਿਚ ਆ ਡਿੱਗੇ। ਗੁਰੂ ਨੇ ਫੁੱਲਾਂ ਨੂੰ ਹੱਥਾਂ ਵਿਚ ਮਲਿਆ ਤੇ ਕਸੁੰਭੜੇ ਦੇ ਰੰਗ ਨਾਲ ਮਜੀਠੀ ਰੰਗ ਵਿਚ ਰੰਗੀਆਂ ਗਈਆਂ ਤਲੀਆਂ। ਇਸ ਨੂੰ ਤੇ ਲੋਕ ਲੱਭਦੇ ਹਨ, ਮੈਂ ਵੀ ਤੇ ਉਹੋ ਰੰਗ ਲੱਭਦਾ ਫਿਰਦਾ ਹਾਂ।

—ਏਸੇ ਰੰਗ ਵਿਚ ਜਿਹੜਾ ਰੰਗਿਆ ਗਿਆ ਉਹ ਯਾਰ ਦੀ ਸੇਜੇ ਚੜ੍ਹ ਗਿਆ, ਅਵਾਜ਼ ਉਸੇ ਸੂਫ਼ੀ ਫ਼ਕੀਰ ਦੀ ਸੀ।

—ਗੁਰੂ ਫਿਰ ਮੁਸਕਰਾਏ ਤੇ ਜ਼ਰਾ ਕੁ ਅੱਗੇ ਲੰਘੇ ਤੇ ਫ਼ਕੀਰ ਫਿਰ ਬੋਲਿਆ, "ਮੱਕੇ ਜਾ ਰਿਹਾ ਏਂ ਹਾਜੀ।"

—ਹਾਂ।

—ਇਸ ਤਰ੍ਹਾਂ ਮੱਕੇ ਵਾਲੇ ਰੀਝਦੇ ਨਹੀਂ।

—ਫਿਰ ਕਿਦਾਂ ਰਾਜ਼ੀ ਹੁੰਦੇ ਹਨ, ਬੋਲ ਮੇਰੇ ਸਤਿਗੁਰੂ ਦੇ ਸਨ।

—ਗੱਲ ਦੱਸਣੀ ਮੁਸ਼ਕਲ ਏ, ਗੱਲ ਆਖਣੀ ਔਖੀ ਏ, ਜਿਹੜਾ ਗੱਲ ਬੁੱਝ ਲੈਂਦਾ ਏ ਉਹ ਕਿਸੇ ਨੂੰ ਦੱਸ ਨਹੀਂ ਸਕਦਾ। ਮੇਰੀ ਜ਼ਬਾਨ ਉਥੇ ਆ ਕੇ ਤਾਲੂ ਨਾਲ ਲੱਗ ਗਈ, ਜੰਦਰਾ ਵੱਜ ਗਿਆ, ਜ਼ਬਾਨ ਵਿਚ ਕੁੜੱਲ ਪੈ ਗਏ। ਜ਼ਬਾਨ ਲਕੜ ਹੋ ਗਈ, ਮੇਰੇ ਪੀਰ ਮੁਰਸ਼ਦ ਇਉਂ ਆਖਦੇ ਹਨ। ਬੋਲ ਉਸ ਫ਼ਕੀਰ ਦੇ ਸਨ।

—ਕੀ ਆਖਦੇ ਹਨ ਰੱਬ ਦੇ ਪਿਆਰੇ।

"ਭੂਲਾ ਫਿਰੇ ਕਿਸਾਨ ਕਾਤਕ ਮੰਗੇ ਮੀਂਹ" ਇਹ ਦੁਨੀਆਂ ਦੇ ਕਾਰ ਵਿਹਾਰ ਤੇ ਦੁਨੀਆਂ ਦੇ ਬਿਖੇੜੇ ਜਦ ਤਕ ਬੰਦਾ ਦਿਲੋਂ ਨਹੀਂ ਤਿਆਗਦਾ, ਤਦ ਤਕ ਰਾਹ ਤੇ ਪੈਰ ਨਹੀਂ ਜੰਮਦੇ।

ਧਿਆਨ ਦੀ ਛਜਲੀ ਗਿਆਨ ਦਾ ਝਾੜੂ,
ਕਾਮ ਕ੍ਰੋਧ ਨਿਤ ਝਾੜਦੀ।
ਲੱਗਾ ਇਸ਼ਕ ਚੁਕੀ ਮਸਾਲਿਹਿਤ,
ਬਿਸਰੀਆਂ ਪੰਜ ਸਤੇ।
ਪਾਏ ਕੁਠਾਲੀ ਦੁਰਮਤ ਗਾਲੀ,
ਕਰਮ ਜਗਾਏ ਸੀਰੀ ਦਾ ਵੇ!

—ਚੰਗਾ ਸਾਈਂ ਬਾਬਾ ਕਲ ਫੇਰ ਮਿਲਾਂਗੇ, ਕਲ ਫੇਰ ਏਸੇ ਥਾਂ ਤੇ ਏਸੇ ਵੇਲੇ ਮੇਲੇ ਫੇਰ ਹੋਣਗੇ। ਹੁਣ ਅਸੀਂ ਰੋਜ਼ ਹੀ ਮਿਲਿਆ ਕਰਾਂਗੇ। ਚੰਗਾ ਸਤਿਗੁਰੂ ਰਾਖਾ। ਮੇਰਾ ਸਤਿਗੁਰੂ ਜ਼ਰਾ ਫੇਰ ਮੁਸਕਰਾਇਆ, ਤੇ ਗਾਗਰ ਨੂੰ ਹੁਲਾਰਾ ਦਿੱਤਾ। ਅੱਗੇ ਲੰਘ ਤੁਰਿਆ।

ਡੰਡੀ ਦੇ ਰਾਹ ਉਡੀਕ ਰਹੇ ਸਨ, ਫੇਰ ਉਹ ਚਾਲੇ ਫੇਰ ਉਹੋ ਗਲਾਂ, ਫੇਰ ਉਹੋ ਬੇਲਾ, ਉਹੋ ਜੰਗਲ, ਉਹੋ ਗਾਗਰ ਤੇ ਉਹੋ ਬਿਆਸਾ। ਗਾਗਰ ਫੇਰ ਭਰ ਲਈ, ਚੁਕਾਉਣ ਵਾਲਾ ਫੇਰ ਕੋਈ ਨਹੀਂ, ਕਿਸੇ ਦੇ ਆਸਰੇ ਤੋਂ ਬਿਨਾਂ ਕਿਸ ਤਰ੍ਹਾਂ ਚੁਕੀ ਜਾਏ। ਗਾਗਰ ਭਾਰੀ ਸੀ, ਇਹ ਜ਼ਿੰਦਗੀ ਦੀ ਗਾਗਰ, ਇਹ ਕਰਮਾਂ ਦੀ ਗਾਗਰ, ਇਹ ਸੇਵਾ ਦੀ ਗਾਗਰ, ਇਹ ਉਮੀਦਾਂ ਤੇ ਉਮੰਗਾਂ ਦੀ ਗਾਗਰ ਇਹ ਗਾਗਰ, ਕੌਣ ਚੁਕੇ। ਇਸ ਨੂੰ ਕੌਣ ਚੁਕਾਏ। ਇਹ ਚੁਕਣੀ ਵੀ ਮੁਸ਼ਕਲ ਤੇ ਚੁਕਾਉਣੀ ਵੀ ਮੁਸ਼ਕਲ। ਮੇਰਾ ਸਤਿਗੁਰੂ ਗਾਗਰ ਭਰ ਕੇ ਬੈਠਾ ਹੋਇਆ ਸੀ।

—ਚੰਗਾ ਹੁੰਦਾ ਉਸੇ ਫਕੀਰ ਨੂੰ ਨਾਲ ਹੀ ਲੈ ਆਉਂਦਾ, ਨਾਲੇ ਗੱਲਾਂ ਬਾਤਾਂ ਨਾਲ ਰਾਹ ਕੱਟ ਜਾਂਦਾ ਤੇ ਨਾਲੇ ਗਾਗਰ ਚੁਕਣੀ ਮੁਸ਼ਕਲ ਨਾ ਹੁੰਦੀ।

—ਇਕ ਮਾਹੀਗੀਰ ਜਾਲ ਲਈ ਦਰਿਆ ਵਲ ਜਾ ਰਿਹਾ ਸੀ, ਖੜਾ ਹੋ ਗਿਆ ਤੇ ਆਖਣ ਲੱਗਾ, ਬਾਬਾ ਗਾਗਰ ਚੁਕਣੀ ਊ।

—ਹਾਂ ਭਾਈ ਮੈਂ ਬੜੇ ਚਿਰ ਦਾ ਉਡੀਕ ਰਿਹਾ ਸਾਂ, ਕੋਈ ਆਵੇ ਤੇ ਗਾਗਰ ਚੁਕਾ ਦੇਵੇ।

—ਇਹ ਕਿਸ ਤਰ੍ਹਾਂ ਹੋਵੇਗਾ, ਕਿਸ ਤਰ੍ਹਾਂ ਲੰਘੇਗੀ ਏਨੀ ਲੰਮੀ ਰਾਤ, ਰੋਜ਼ ਕੌਣ ਆਵੇਗਾ ਤੈਨੂੰ ਗਾਗਰ ਚੁਕਾਉਣ। ਕਿਹਨੂੰ ਫੁਰਸਤ ਏ, ਕਿਹਦੇ ਕੋਲ ਏਨੀ ਵਿਹਲ ਏ।

'ਧ੍ਰਿਗ ਉਹਨਾਂ ਦਾ ਜੀਵਣਾ ਜਿਨ੍ਹਾਂ ਪਰਾਈ ਆਸ।'

ਬਾਬਾ ਆਪੇ ਹੀ ਹਿੰਮਤ ਕਰ, ਤੇਰੇ ਹੰਭਲੇ ਨਾਲ ਹੀ ਗੱਲ ਬਣਨੀ ਏ, ਆਪੇ ਭਰ, ਆਪੇ ਚੁਕ, ਇਹ ਵੀ ਕੋਈ ਕੰਮ ਏ, ਐਵੇਂ ਮਾੜਾ ਜਿਹਾ ਭੇਤ ਏ, ਗਾਗਰ ਚੁਕਣੀ ਕੋਈ ਔਖੀ ਨਹੀਂ, ਮਾਹੀਗੀਰ ਦੇ ਬੋਲ ਸਨ।

—ਮੇਰਾ ਗੁਰੂ ਚੇਤੰਨ ਹੋ ਗਿਆ। ਤੂੰ ਤੇ ਮੇਰੀ ਮੰਜ਼ਿਲ ਦਾ ਰਾਹ ਦਸ ਦਿੱਤਾ ਏ। ਜ਼ਰਾ ਕੁ ਰਾਹੇ ਪਾ ਦੇ ਸਜਣਾ। ਜਿੰਨਾ ਚਿਰ ਕੋਈ ਰਾਹ ਨਾ ਦਸੇ, ਮੁਸਾਫ਼ਰ ਮੰਜ਼ਿਲ ਤੇ ਨਹੀਂ ਪੁਜ ਸਕਦਾ। ਗੁਰੂ ਦੀ ਹਰ ਥਾਂ ਤੇ ਲੋੜ ਹੈ। ਗੁਰੂ ਹੀ ਤਾਰ ਸਕਦਾ ਏ, ਗੁਰੂ ਤੋਂ ਬਿਨਾਂ ਗਤ ਨਹੀਂ।

—ਅੱਜ ਤੇ ਮੈਂ ਚੁਕਾ ਦੇਂਦਾ ਹਾਂ, ਕਲ੍ਹ ਤੋਂ ਆਪੇ ਚੁਕਣੀ ਏ, ਕਿਸੇ ਦੀ ਮੁਥਾਜੀ ਨਹੀਂ। ਕਿਸੇ ਦੇ ਆਸਰੇ ਦੀ ਲੋੜ ਨਹੀਂ। ਦਰਿਆ ਦੇ ਡੂੰਘੇ ਪਾਣੀ ਵਿਚ ਚਲਾ ਜਾਹ, ਚਲਾ ਜਾ, ਪਹਿਲਾਂ ਗਾਗਰ ਭਰੋ, ਜਦ ਗਾਗਰ ਭਰ ਜਾਵੇ ਤੇ ਗਾਗਰ ਨੂੰ ਮਾੜਾ ਜਿਹਾ ਆਸਰਾ ਹੱਥ ਦਾ ਦੇਈ ਰੱਖੋ ਤੇ ਫੇਰ ਆਪ ਚੁਭੀ ਮਾਰੋ, ਜਿਸ ਗਾਗਰ ਥਲੇ ਜਦ ਆ ਜਾਵੇ ਤੇ ਫੇਰ ਆਰਾਮ ਨਾਲ ਬਿਨਾਂ ਕਿਸੇ ਤਕਲੀਫ ਦੇ ਆਪੇ ਚੁਕੀ ਜਾਵੇ ਗਾਗਰ। ਗਾਗਰ ਤੇ ਜ਼ਿੰਦਗੀ ਦੋਵੇਂ ਇਕੋ ਜਿਹੀਆਂ ਮੰਜ਼ਿਲਾਂ ਹਨ, ਨਾਲੇ ਇਸ਼ਨਾਨ ਹੋ ਜਾਊ, ਨਾਲੇ ਮਨ ਨਿਰਮਲ ਹੋ ਜਾਊ, ਸੁਧੀ ਆਪੇ ਆ ਜਾਊ ਹਿਰਦੇ ਵਿਚ।

—ਗਾਗਰ ਛਣ ਛਣ ਕਰਦੀ ਜਾ ਰਹੀ ਸੀ। ਗੁਰੂ ਗਾਗਰ ਤੇ ਰੀਝ ਪਿਆ ਤੇ ਗੁਰੂ ਨੂੰ ਗਾਗਰ ਨਾਲ ਇਸ਼ਕ ਹੋ ਗਿਆ।

□□

੪

—ਏਨਾ ਚਿਰ ਚੁੱਪ ਰਹਿਣ ਤੋਂ ਬਾਅਦ ਅੱਲਾ ਯਾਰ ਖ਼ਾਂ ਨੇ ਬੁਲ੍ਹ ਖੋਲ੍ਹੇ। ਆਖਣ ਲੱਗਾ ਮੈਂ ਇਕ ਗੱਲ ਪੁਛਾਂ—ਇਕ ਕਿਉਂ ਪੁਛਦਾ ਏਂ, ਵੀਹ ਪੁਛ, ਜੋ ਕੁਝ ਮੈਂ ਜਾਣਦਾ ਹਾਂ ਮੈਂ ਦਸਾਂਗਾ। ਤੇ ਜਿਹੜੀ ਗੱਲ ਦੀ ਗੁੰਝਲ ਨਾ ਖੁਲ੍ਹੇਗੀ ਚੁਬਾਰੇ ਜਾਹ ਕੇ ਪੁਛੀ ਜਾਏਗੀ।

ਜ਼ਿੰਦਗੀ ਵਿਚ ਪਈਆਂ ਗੰਢਲਾਂ ਗੁਰੂ ਹੀ ਖੋਲ੍ਹਦਾ ਏ। ਧੰਨ ਗੁਰ ਦੇਵ, ਧੰਨ ਗੁਰੂ ਮਹਾਰਾਜ, ਪਾਰੋ ਡਲਾ ਇਸ਼ਕ ਵਿਚ ਮਤਵਾਲਾ ਹੋਇਆ ਫਿਰਦਾ ਸੀ।

—ਗੁਰੂ ਮਹਾਰਾਜ ਨੇ ਪਹਿਲੇ ਦਿਨ ਜਿਹੜੀ ਗਾਗਰ ਭਰੀ, ਉਹ ਕਿਥੇ ਲੇ ਕੇ ਗਏ ਸਨ। ਉਹਦਾ ਜਲ ਕਿਥੇ ਵਰਤਿਆ ਗਿਆ ਸੀ।

—ਪਹਿਲੀ ਗਾਗਰ ਦਾ ਪਾਣੀ ਪਹਿਲੇ ਦਿਨ ਲੰਗਰ ਵਿਚ ਵਰਤਿਆ ਗਿਆ ਸੀ। ਸਾਰਾ ਮਹੀਨਾ ਏਸੇ ਤਰ੍ਹਾਂ ਗਾਗਰ ਭਰੀ ਜਾਂਦੀ ਰਹੀ ਤੇ ਖਾਲੀ ਗਾਗਰ ਚੁਕ ਕੇ ਲੈ ਜਾਂਦਾ ਰਿਹਾ ਗੁਰੂ। ਕੁਝ ਮਹੀਨਿਆਂ ਤੋਂ ਬਾਅਦ ਗੁਰੂ ਸ਼ਾਮ ਨੂੰ ਵੀ ਗਾਗਰ ਭਰ ਕੇ ਲੈ ਆਉਂਦਾ। ਇਸ ਤਰ੍ਹਾਂ ਆਦਤ ਪੱਕੀ ਕੀਤੀ ਜਾ ਰਹੀ ਸੀ। ਪਹਿਲਾਂ ਲੰਗਰ ਦੀ ਸੇਵਾ ਤੇ ਫੇਰ ਗੁਰੂ ਦੇ ਦਰਸ਼ਨ, ਪਾਰੋ ਡੱਲੇ ਨੇ ਆਖਿਆ।

—ਇਕ ਦਿਨ ਘਟਨਾ ਹੋਰ ਘਟੀ, ਦਰਿਆ ਛੱਲਾਂ ਮਾਰ ਰਿਹਾ ਸੀ। ਹੜ੍ਹ ਦਾ ਡਮਰੂ ਦਰਿਆ ਦੇ ਸੀਨੇ ਵਿਚ ਵਜ ਰਿਹਾ ਸੀ। ਪਾਣੀ ਨੇ ਦਰਿਆ ਦੇ ਕੰਢੇ ਤੋੜ ਦਿੱਤੇ। ਛੱਲਾਂ ਉਛਲ ਉਛਲ ਕੇ ਆ ਰਹੀਆਂ ਸਨ। ਜਿਦਾਂ ਕਾਲੀਆਂ ਘਨਘੋਰ ਘਟਾਵਾਂ ਚੜ੍ਹ ਆਈਆਂ ਹੋਣ, ਜਿਦਾਂ ਵਹਿੜਕਾ ਮੱਛਰਿਆ ਹੋਵੇ, ਜਿਦਾਂ ਕੋਈ ਦਿਓ ਕਿਸੇ ਪਿੰਡ ਨੂੰ ਉਜਾੜ ਰਿਹਾ ਹੋਵੇ। ਬਿਆਸਾ ਚੜ੍ਹੀ ਵੇਖ ਵੱਡੇ ਵੱਡੇ ਤਾਰੂਆਂ ਦਾ ਕਲੇਜਾ ਡੋਲ ਜਾਂਦਾ, ਜਾਨ ਕੰਬ ਜਾਂਦੀ, ਸਰੀਰ ਨੂੰ ਕੰਬਣੀ ਛਿੜ ਜਾਂਦੀ। ਛੱਲਾਂ ਵੇਖ ਕੇ ਜਾਨ ਕਬਜ਼ ਹੋ ਜਾਂਦੀ ਕੰਢੇ ਨੂੰ ਹੀ ਵੇਖ ਕੇ। ਦਰਿਆ ਦੀਆਂ ਛੱਲਾਂ ਜਦ ਇਕ ਦੂਜੀ ਤੇ ਚੜ੍ਹਦੀਆਂ ਤਾਂ ਇਉਂ ਭਾਸਦਾ ਜਿਦਾਂ ਹੜ੍ਹ ਦਾ ਭੂਤਨਾ ਬਿਆਸਾ ਦੀ ਹਿੱਕ ਤੇ ਡਮਰੂ ਵਜਾ ਰਿਹਾ ਹੋਵੇ, ਭੰਗੜਾ ਪਾ ਰਹੇ ਹੋਣ ਦੈਂਤ।

—ਮੇਰੇ ਗੁਰੂ ਵੀ ਬਿਆਸਾ ਦੇ ਕੰਢੇ ਤੇ ਜਾ ਬੈਠੇ। ਗਾਗਰ ਮੋਢੇ ਤੋਂ ਲਾਹੀ ਤੇ ਵੇਖਣ ਲੱਗਾ ਕੁਦਰਤ ਦੇ ਰੰਗ। ਦਰਿਆ ਵਿਚ ਪੈਰ ਪਾਉਣੇ, ਮੌਤ ਨੂੰ ਆਪ ਵਾਜ ਮਾਰਨਾ ਸੀ। ਅੱਖੀਂ ਵੇਖ ਕੇ ਮੱਖੀ ਕੌਣ ਖਾਏ। ਸਾਹਮਣੇ ਖੂਹ ਵੇਖ ਕੇ ਕੌਣ ਡੁਬੇ। ਜਾਣਦਿਆਂ ਬੁਝਦਿਆਂ ਮੌਤ ਨੂੰ ਕੌਣ ਸੱਦੇ। ਮੇਰੇ ਗੁਰੂ ਨੇ ਵੀ ਇਕ ਵਾਰ ਦਰਿਆ ਵਲ ਵੇਖਿਆ, ਮਛਰੀਆਂ ਲਹਿਰਾਂ, ਤੇ ਫੇਰ ਇਕ ਵਾਰ ਨਿਮਾਣੀ ਜਿਹੀ ਨਜ਼ਰ ਗਾਗਰ ਤੇ ਮਾਰੀ।

—ਇਕ ਪਾਸੇ ਦਰਿਆ ਦਾ ਹੜ੍ਹ ਸੀ ਤੇ ਦੂਜੇ ਪਾਸੇ ਗੁਰੂ ਦੇ ਪਿਆਰ ਦਾ ਜਜ਼ਬਾ, ਵੇਖੋ ਹੁਣ ਕੌਣ ਜਿੱਤਦਾ ਏ। ਗੁਰੂ ਦਾ ਨਾਂ ਲੈ ਕੇ, ਮਨ ਕਰੜਾ ਕਰਕੇ ਬਿਆਸਾ ਵਿਚ ਮੇਰਾ ਤਾਰਨ ਹਾਰ ਕੁਦ ਪਿਆ। ਇਹ ਆਵਾਜ਼ ਪਾਰੋ ਡੱਲੇ ਦੀ ਸੀ।

—ਅੱਲਾ ਯਾਰ ਖਾਂ ਨੇ ਆਖਿਆ ਪਤਾ ਨਹੀਂ ਪੰਜਾਬ ਦੇ ਪਾਣੀ ਵਿਚ ਵੀ ਕੋਈ ਤਾਸੀਰ ਏ, ਇਹਨਾਂ ਨੂੰ ਮੌਤ ਤੋਂ ਡਰ ਈ ਨਹੀਂ ਆਉਂਦਾ। ਇਹ ਤਾਂ ਮੌਤ ਨੂੰ ਟਿਚਕਰਾਂ ਕਰਦੇ ਨੇ। ਮੈਂ ਵੀ ਇਕ ਵਾਰ ਸੱਤ ਦਿਨ ਬਿਆਸਾ ਦੇ ਕੰਢੇ ਤੇ ਬੈਠਾ ਰਿਹਾ ਸਾਂ। ਮੈਂ ਸਾਰੇ ਕਾਫਲੇ ਨੂੰ ਵੰਗਾਰ ਕੇ ਵੇਖਿਆ। ਇਕ ਬੰਦਾ ਵੀ ਨਹੀਂ ਸੀ ਨਿਤਰਿਆ ਜਿਹੜਾ ਹਿੱਕ ਤੇ ਹੱਥ ਮਾਰ ਕੇ ਆਖੇ ਕੇ ਮੈਂ ਪਾਰ ਜਾਂਦਾ ਹਾਂ। ਬੁਜ਼ਦਿਲ, ਮੰਢਿਆਂ ਵਾਂਗੂ ਫਿੱਟੇ ਸੂਰ, ਨਾ ਹੌਸਲੇ ਬੁਲੰਦ ਤੇ ਨਾ ਹਿੰਮਤ ਦੇ ਜੰਧੇ, ਕਈਆਂ ਕੌਮਾਂ ਨੂੰ ਸ਼ਰਫ ਹੁੰਦੀ ਏ, ਕਈਆਂ ਨੂੰ ਗੁੜ੍ਹਤੀ ਇਸੇ ਗੱਲ ਦੀ ਦਿੱਤੀ ਜਾਂਦੀ ਏ। ਪੰਜਾਬ ਵਾਲਿਆਂ ਦੀ ਰਾਤੀਂ ਕਿਸੇ ਨਹੀਂ ਜੰਮਣਾ, ਇਹ ਸੂਰਮੇ ਮੌਤ ਨਾਲ ਕਿੱਕਲੀ ਪਾ ਸਕਦੇ ਹਨ। ਬਿਆਸਾ ਨਦੀ ਦੇ ਤਾਰੂ ਗੋਇੰਦਵਾਲ ਵਿਚ ਹੀ ਜੰਮਦੇ ਹਨ, ਗੋਇੰਦਵਾਲ ਵਿਚ ਹੀ ਪਲਦੇ ਹਨ ਤੇ ਇਥੇ ਹੀ ਜਵਾਨ ਹੁੰਦੇ ਨੇ।

ਇਹ ਵਸਦੇ ਵੀ ਦਰਿਆ ਦੇ ਕੰਢੇ ਤੇ ਗੋਇੰਦਵਾਲ ਵਿਚ ਈ ਨੇ। ਇਨ੍ਹਾਂ ਦਾ ਨਿਸ਼ਚਾ ਵੀ ਬਲਵਾਨ ਏ ਤੇ ਇਨ੍ਹਾਂ ਉਤੇ ਗੁਰੂ ਦਾ ਨਿਸ਼ਚਾ ਵੀ ਅਜੀਬ ਏ, ਮੈਂ ਤੇ ਪੰਜਾਬ ਵਿਚ ਆ ਕੇ ਕਈ ਅਣਹੋਣੀਆਂ ਗੱਲਾਂ ਵੇਖੀਆਂ।

—ਇਹ ਸਭ ਅਕੀਦੇ ਦੀਆਂ ਕਰਾਮਾਤਾਂ ਹਨ, ਯਕੀਨ ਦਾ ਪਰਤਾਪ ਏ। ਇਤਮਾਦ ਦਾ ਚਮਤਕਾਰ ਏ। ਗੁਰੂ ਦੇ ਵਿਸ਼ਵਾਸ਼ ਦਾ ਜਲਵਾ ਏ। ਇਸ ਲਈ ਨਾਂ ਲੈ ਕੇ ਠਿਲ੍ਹ ਪੈਂਦੇ ਹਨ। ਚੜ੍ਹੇ ਦਰਿਆਵਾਂ ਵਿਚ ਤਾਰੂ। ਪੰਜਾਂ ਦਰਿਆਵਾਂ ਦੇ। ਮੇਰੇ ਗੁਰੂ ਨੇ ਵੀ ਆਪਣੇ ਗੁਰੂ ਦਾ ਨਾਂ ਲਿਆ। ਠਿਲ੍ਹਿਆ ਤੇ ਅਗੋਂ ਹੀ ਸੀ, ਜ਼ਰਾ ਕੁ ਪੈਰ ਹੋਰ ਅਗੇ ਵਧਾਇਆ। ਠਾਠਾਂ ਮਾਰਦੀ ਬਿਆਸਾ, ਗਾਗਰ ਮੋਢੇ ਤੇ ਡੋਲ ਰਹੀ ਸੀ। ਡੂੰਘੇ ਪਾਣੀ ਤਕ ਜਾਣਾ ਪਾਣੀ ਰੋੜ੍ਹ ਸੀ। ਪੈਰ ਲਗ ਜਾਣ ਨਾ ਮੁਮਕਿਨ। ਜੇ ਕਿਤੇ ਗਲਤੀ ਨਾਲ ਪੈਰ ਲਗ ਜਾਂਦੇ ਤਾਂ ਪਾਣੀ ਦੀ ਇਕ ਛੱਲ ਆਉਂਦੀ ਤੇ ਪੈਰਾਂ ਥਲਿਓਂ ਰੇਤ ਕੱਢ ਦੇਂਦੀ। ਰੇਤ ਦਾ ਕੀ ਵਿਸ਼ਵਾਸ ਏ, ਰੇਤ ਦੀਆ ਕੰਧਾਂ, ਰੇਤ ਦਾ ਮਹੱਲ, ਰੇਤ ਦੀ ਦੀਵਾਰ ਇਹ ਦੀ ਕੋਈ ਕਾਇਆਂ ਨਹੀਂ, ਇਹ ਦਾ ਕੋਈ ਜੀਵਨ ਨਹੀਂ, ਕੋਈ ਵਜੂਦ ਨਹੀਂ। ਦਰਿਆ ਦੇ ਪਾਣੀ ਤੇ ਜਵਾਨੀ ਚੜ੍ਹੀ ਹੋਈ ਸੀ। ਪਾਣੀ ਇਸ ਤਰ੍ਹਾਂ ਟੱਕਰਾਂ ਮਾਰਦਾ, ਜਿਸ ਤਰ੍ਹਾਂ ਦੋ ਭੇਡੂ ਆਪਸ ਵਿਚ ਹੱਟ ਹੱਟ ਕੇ ਢੁਡ ਮਾਰਨ, ਜਿਵੇਂ ਵਦਾਨ ਤੇ ਪਏ ਅਹਿਰਨ। ਦਰਿਆ ਦੀਆਂ ਛੱਲਾਂ ਦੀ ਲਪੇਟ ਵਿਚ ਸੀ ਗੁਰੂ ਤੇ ਗੁਰੂ ਦੀ ਪਕੜ ਵਿਚ ਸੀ ਗਾਗਰ। ਜੀਭਾ ਤੇ ਬਾਣੀ, ਗੁਰੂ ਦਾ ਨਾਂ ਈ ਪਾਰ ਉਤਾਰਾ ਕਰ ਸਕਦਾ ਏ। ਪਾਰੋ ਡੱਲੇ ਨੇ ਜ਼ਰਾ ਕੁ ਜ਼ਬਾਨ ਦੱਬੀ।

—ਕਈ ਪਾਣੀਆਂ ਨੇ ਗੁਰੂ ਨੂੰ ਆਪਣੇ ਮੋਢਿਆਂ ਤੇ ਚੁਕ ਲਿਆ ਸੀ।

—ਹਾਂ ਕੰਨਾੜ੍ਹੇ ਚੁਕ ਕੇ ਜਾ ਰਿਹਾ ਸੀ ਪਾਣੀ ਗੁਰੂ ਨੂੰ।

—ਖ੍ਵਾਜਾ ਖਿਜ਼ਰ ਜਾਂ ਜਲ ਦੇ ਦੇਵਤੇ ਨੇ ਆਪਣੇ ਹਾਣੀ ਨੂੰ ਵੀ ਨਾ ਪਛਾਣਿਆ।

—ਲੰਗੋਟੀਏ ਲੰਗੋਟੀਆਂ ਨੂੰ ਸੌ ਕੋਹ ਤੋਂ ਪਛਾਣ ਲੈਂਦੇ ਹਨ। ਉਨ੍ਹਾਂ ਦੀ ਨਜ਼ਰ ਨਹੀਂ ਥਿੜਕਦੀ, ਧੋਖਾ ਨਹੀਂ ਖਾਂਦੀ। ਉਹਨਾਂ ਦੇ ਅੱਖਾਂ ਦੇ ਸੁਰਮੇ ਦੀ ਬੜੀ ਕਸ਼ਿਸ਼ ਹੁੰਦੀ ਏ। ਲੰਗੋਟੀਏ ਜੇ ਸੁਰਮਾ ਪਾਉਣਾ ਜਾਣਦੇ ਹਨ ਤਾਂ ਮਟਕਾਉਣਾ ਵੀ ਜਾਣਦੇ ਹਨ। ਉਨ੍ਹਾਂ ਦੇ ਸੁਰਮੇ ਦੀ ਕਸ਼ਿਸ਼ ਸਾਰੀ ਉਮਰ ਨਹੀਂ ਘਟਦੀ। ਭਰਾ ਭਾਵੇਂ ਸਾਥ ਛੱਡ ਦੇਵੇ, ਪਰ ਲੰਗੋਟੀਆ ਆਪਣੇ ਵਚਨ ਨਹੀਂ ਹਾਰਦਾ। ਪੱਥਰ ਦੀਆਂ ਲੀਕਾਂ ਮਿਟ ਸਕਦੀਆਂ ਨੇ ਪਰ ਲੰਗੋਟੀਆ ਆਪਣੇ ਕੋਲ ਤੋਂ ਬੇ-ਮੁੱਖ ਹੋ ਜਾਵੇ, ਕਦਾਚਿਤ ਨਹੀਂ। ਸੂਰਜ ਆਪਣੀ ਮਰਿਆਦਾ ਬਦਲ ਸਕਦਾ ਏ, ਸੂਰਜ ਚੜ੍ਹਦੇ ਵਲੋਂ ਨਾ ਚੜ੍ਹੇ, ਲਹਿੰਦੇ ਵਲੋਂ ਚੜ੍ਹੇ, ਸੂਰਜ ਆਪਣਾ ਸੁਭਾਅ ਬਦਲ ਲਵੇ, ਚੰਨ ਦੀ ਚਾਨਣੀ ਅੱਗ ਵਰ੍ਹਾਉਣ ਲਗ ਪਵੇ, ਪਰ ਲੰਗੋਟੀਆ ਆਪਣੀ ਜ਼ਬਾਨ ਦੇ ਕੇ ਫਿਰ ਜਾਵੇ, ਇਹ ਕਦੇ ਹੋਇਆ ਨਹੀਂ। ਯਾਰ ਯਾਰ ਨੂੰ ਮਿਲ ਪਿਆ, ਜਿਵੇਂ ਘੜੇ ਨੂੰ ਵੱਟਾ। ਯਾਰਾਂ ਨੇ ਘੁੱਟ ਕੇ ਜਫੀਆਂ ਪਾ ਲਈਆਂ, ਫੇਰ ਕੀ ਆਖੇਗਾ ਹੜ੍ਹ ਦਾ ਪਾਣੀ ਮੇਰੇ ਗੁਰੂ ਨੂੰ। ਗਾਗਰ ਤਾਰੀਆਂ ਲਾ ਰਹੀ ਸੀ, ਮੇਰਾ ਗੁਰੂ ਖਿੜ ਰਿਹਾ ਸੀ ਬਿਆਸਾ ਦੀਆਂ ਲਹਿਰਾਂ ਵਿਚ, ਜਿਵੇਂ ਗੋਦ ਵਿਚ ਬਾਲ, ਆਵਾਜ਼ ਪਾਰੋ ਡੱਲੇ ਦੀ ਸੀ।

—ਅੱਲਾ ਯਾਰ ਖ਼ਾਂ ਨੇ ਇਕ ਵਾਰ ਇਉਂ ਆਖਿਆ, ਕਿਤੇ ਤੁਸਾਂ ਖਵਾਜਾ ਖਿਜਰ ਦੀ ਦਰਗਾਹ ਤੇ ਚੂਰਮੇ ਤੇ ਨਹੀਂ ਚੜ੍ਹਾਏ, ਵਸ ਵਿਚ ਤੇ ਨਹੀਂ ਕਰ ਲਿਆ ਖਵਾਜਾ। ਪਾਣੀ ਜਦੋਂ ਏਨਾ ਮੂੰਹ ਜ਼ੋਰ ਏ, ਦਰਿਆ ਦੀਆਂ ਵਰਾਛਾਂ ਪਾਟੀਆਂ ਹੋਈਆਂ ਨੇ

'ਤੇ ਪਾਣੀ ਵਿਚ ਤੂਫਾਨ ਦੰਦੀਆਂ ਚਿੜਾ ਰਿਹਾ ਏ, ਜਦੋਂ ਬੰਦਾ ਏਧਰ ਓਧਰ ਨਹੀਂ ਹੋ ਸਕਦਾ ਤੇ ਅਣ-ਤਾਰੂ ਵਿਚਾਰੇ ਦਾ ਗੋ ਏ। ਕੰਨ ਲਪੇਟ ਕੇ ਗੁਰੂ ਦੇ ਕੋਲ ਦੀ ਲੰਘ ਰਹੀਆਂ ਸਨ ਛੱਲਾਂ। ਧੂੜਾ ਧੂੜ ਦਿੱਤਾ ਸੀ ਲਹਿਰਾਂ ਦੇ ਸਿਰ ਤੇ ਪਾਣੀ ਲੱਕ ਲੱਕ ਆ ਗਿਆ, ਘੁੰਮਣ ਘੇਰੀਆਂ ਲਹਿਰਾਂ ਦੀ ਗੱਦ ਵਿਚ ਖਿੜ ਰਹੀਆਂ ਸਨ। ਇਕ ਘੁੰਮਣ ਘੇਰੀ ਆਈ, ਗੁਰੂ ਦੇ ਨੈਣਾਂ ਨੇ ਵੇਖਿਆ, ਨੇਤਰ ਖੁਲ੍ਹੇ ਹੋਏ ਸਨ। ਘੁੰਮਣ ਘੇਰ ਮਹਾਰਾਜ ਦੇ ਕੋਲ ਆ ਗਿਆ। ਇਕ ਠੂਹਾਂ ਘੁੰਮਣ ਘੇਰੀ ਵਿਚ ਫਸਿਆ ਹੋਇਆ ਸੀ।

—ਗੁਰਾਂ ਨੇ ਇਕ ਵਾਰ ਸੋਚਿਆ, ਠੂਹਾਂ ਘੁੰਮਣ ਘੇਰੀ ਦੀ ਚੱਕਰੀ ਵਿਚ ਬੇ-ਸੁਧ ਹੋ ਰਿਹਾ ਏ. ਝੱਟ ਗੁਰੂ ਮਹਾਰਾਜ ਨੇ ਆਪਣਾ ਹੱਥ ਕੱਢਿਆ ਤੇ ਤਲੀ ਘੁੰਮਣ ਘੇਰੀ ਦੇ ਥੱਲੇ ਰੱਖ ਦਿੱਤੀ। ਠੂਹਾਂ ਗੁਰੂ ਮਹਾਰਾਜ ਦੀ ਤਲੀ ਤੇ ਆ ਚੁਕਾ ਸੀ, ਬੇ-ਸੁਧ, ਮਕੌੜਿਆ ਪਾਣੀ ਦਾ। ਗੁਰਾਂ ਨੇ ਪਾਣੀ 'ਚੋਂ ਕੱਢਿਆ, ਜ਼ਰਾ ਕੁ ਹਵਾ ਲਗੀ ਪਰ ਲਹਿਰਾਂ ਇਕ ਦੂਜੀ ਤੇ ਚੜ੍ਹ ਰਹੀਆਂ ਸਨ। ਤੂਫ਼ਾਨ, ਹੜ੍ਹ, ਦਰਿਆ ਤਿੰਨੇ ਆਪਸ ਵਿਚ ਘੁਲ ਰਹੇ ਸਨ। ਛਿੰਝ ਪੈ ਰਹੀ ਸੀ, ਅਖਾੜਿਆਂ ਵਿਚ ਪਹਿਲਵਾਨ ਨਿਤਰੇ ਹੋਏ ਸਨ। ਠੂਹੇਂ ਨੂੰ ਜ਼ਰਾ ਕੁ ਹੋਸ਼ ਆਈ, ਅੱਖ ਪੁਟੀ ਤੇ ਓਸ ਝੱਟ ਈ ਡੰਗ ਮਾਰਿਆ ਗੁਰੂ ਦੀ ਤਲੀ ਉਤੇ। ਮਹਾਰਾਜ ਸ਼ਾਂਤ ਰਹੇ, ਠੂਹਾਂ ਅਜੇ ਜ਼ਰਾ ਕੁ ਹੋਸ਼ ਵਿਚ ਹੀ ਆਇਆ ਸੀ, ਜ਼ਰਾ ਸੁਰਤ ਹੀ ਸੰਭਾਲੀ ਸੀ, ਉਸ ਦੂਸਰਾ ਡੰਗ ਮਾਰਿਆ ਪਰ ਗੁਰੂ ਜੀ ਅਜੇ ਵੀ ਸ਼ਾਂਤ ਸਨ। ਤੀਜੀ ਵਾਰ ਜਦੋਂ ਡੰਗ ਮਾਰਿਆ ਤਾਂ ਮਹਾਰਾਜ ਨੇ ਆਖਿਆ :

—ਭਗਤਾ ਏ ਕੀ !

—ਠੂਹੇਂ ਨੇ ਬੋਲਣਾ ਕੀ ਸੀ, ਪਰ ਇਉਂ ਜਾਪਦਾ ਸੀ ਜਿਵੇਂ ਆਖ ਰਿਹਾ ਹੋਵੇ, ਇਹ ਮੇਰੀ ਆਦਤ ਏ, ਇਹੋ ਮੇਰਾ ਸੁਭਾਅ ਏ। ਮੇਰਾ ਤੇ ਕਸਬ ਏ ਡੰਗ ਮਾਰਨਾ । ਡੰਗ ਮਾਰਨਾ ਮੇਰਾ ਪੇਸ਼ਾ ਏ। ਇਹ ਸਾਨੂੰ ਖਾਨਦਾਨੀ ਬਖਸ਼ਸ਼ ਏ।

—ਬਹੁਤ ਖੂਬ ਤੂੰ ਸੱਚ ਤੇ ਬੋਲਿਆ ਏ, ਇਹੋ ਤੇਰੀ ਬੰਦਗੀ ਏ, ਇਹੋ ਭਗਤੀ ਏ। ਗੁਰੂ ਮਹਾਰਾਜ ਨੇ ਫੇਰ ਆਖਿਆ, ਭਗਤਾ ! ਹੁਣ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ।

—ਬੰਦੇ ਜੋ ਬੰਦੇ ਨਾਲ ਸਲੂਕ ਕਰਦੇ ਹਨ।

—ਪਾਣੀ ਵਿਚ ਫੇਰ ਸੁੱਟ ਦੇਵਾਂ, ਜਾਂ ਪਾਣੀਓਂ ਬਾਹਰ ਲੈ ਚਲਾਂ।

—ਮੌਤ ਦੇ ਪੰਜੇ 'ਚੋਂ ਇਕ ਵਾਰ ਕੱਢਿਆ ਜੇ, ਹੁਣ ਫੇਰ ਮੌਤ ਦੇ ਖੂਹ 'ਚ ਕਿਉਂ ਸੁਟਿਆ ਜਾਏ।

—ਗੁਰੂ ਮਹਾਰਾਜ ਨੇ ਉਹਨੂੰ ਮੋਢੇ ਤੇ ਬਿਠਾ ਲਿਆ। ਅਸੀਂ ਗਾਗਰ ਭਰ ਕੇ ਚਲਦੇ ਹਾਂ। ਮੇਰੇ ਗੁਰੂ ਨੇ ਗਾਗਰ ਭਰੀ, ਸਿਰ ਤੇ ਚੁਕੀ, ਲਹਿਰਾਂ ਨੇ ਇਕ ਵਾਰ ਫਿਰ ਠੂਹੇਂ ਨੂੰ ਆਪਣੀ ਬੁਕਲ ਵਿਚ ਲੈਣਾ ਚਾਹਿਆ, ਪਰ ਠੂਹਾਂ ਚਮੜਿਆ ਹੋਇਆ ਸੀ ਗੁਰੂ ਦੇ ਸਰੀਰ ਨਾਲ। ਬਾਹਰ ਆ ਕੇ ਗੁਰੂ ਮਹਾਰਾਜ ਦੀ ਗਾਗਰ ਭਰੀ ਸਿਰ ਤੇ ਹਿਚਕੋਲੇ ਖਾ ਰਹੀ ਸੀ, ਬਿਆਸਾ ਨਦੀ ਤੋਂ ਬਾਹਰ ਸਨ, ਬਿਆਸਾ ਵੱਗ ਰਹੀ ਸੀ, ਹੜ੍ਹ ਬਾਂਗਾਂ ਦੇ ਰਿਹਾ ਸੀ।

—ਠੂਹੇਂ ਨੇ ਡੰਗ ਮਾਰ ਮਾਰ ਕੇ ਮਹਾਰਾਜ ਦਾ ਮੋਢਾ ਨੀਲਾ ਕਰ ਦਿੱਤਾ।

—ਅੱਲਾ ਯਾਰ ਖ਼ਾਂ ਬੋਲਿਆ ਠੂਹੇਂ ਨੇ ਡੰਗ ਮਾਰਨਾ ਨਾ ਛੱਡਿਆ। ਇਕ ਜਾਨ ਬਚਾਈ ਤੇ ਦੂਜਾ ਡੰਗ ਖਾਧੇ, ਇਹ ਕਿਧਰ ਦਾ ਇਖਲਾਕ ਹੋਇਆ।

—ਇਹੋ ਹੀ ਤੇ ਮਰਦਾਨਗੀ ਏ, ਏਸੇ ਨੂੰ ਈ ਬਜ਼ੁਰਗੀ ਆਖਦੇ ਨੇ।

—ਪਾਣੀ ਵਿਚ ਫਿਰ ਸੁਟ ਕੇ ਵਗਾਹ ਮਾਰਨਾ ਸੀ, ਏਸ ਚੰਡਾਲ ਨੂੰ। ਅੱਲਾ ਯਾਰ ਖ਼ਾਂ ਗੁਸੇ ਵਿਚ ਭਰਿਆ ਹੋਇਆ ਸੀ।

—ਗੁਰੂ ਤੇ ਫੇਰ ਆਦਮੀ ਵਿਚ ਫਰਕ ਕੀ ਹੋਇਆ। ਇਹੋ ਹੀ ਤੇ ਖੂਬੀ ਏ। ਜੇ ਇਕ ਬੇਸਮਝ ਡੰਗ ਮਾਰਨ ਦੀ ਆਦਤ ਨਹੀਂ ਬਦਲ ਸਕਦਾ ਤਾਂ ਮੇਰਾ ਸਤਿਗੁਰੂ ਆਪਣਾ ਸੁਭਾਅ ਕਿਦਾਂ ਬਦਲ ਲਏ। ਉਹਦਾ ਕੰਮ ਏ ਡੰਗ ਮਾਰਨਾ ਤੇ ਮੇਰੇ ਗੁਰੂ ਦਾ ਕੰਮ ਦੁਸ਼ਮਣ ਦੀ ਜਾਨ ਬਚਾਉਣੀ। ਉਹਦੀ ਉਹੋ ਮੌਜ ਏ, ਉਹ ਆਪਣੀ ਢੋਲਕੀ ਵਜਾਈ ਜਾਵੇ, ਪਰ ਮੇਰੇ ਗੁਰੂ ਨੇ ਬਾਣੀ ਦਾ ਆਨੰਦ ਲਿਆ, ਨੂਹਾਂ ਗਾਗਰ ਦੇ ਨਾਲ ਈ ਹੁਲਾਰੇ ਲਈ ਜਾ ਰਿਹਾ ਸੀ, ਗੁਰੂ ਖਡੂਰ ਵਲ ਚਲੇ ਗਏ। ਨੀਲਾ ਹੋਇਆ ਮੋਢਾ ਆਪੇ ਹੀ ਰੰਗ ਵਟਾ ਗਿਆ। ਨੁਚੜਦੇ ਕਪੜੇ ਖਡੂਰ ਤਕ ਆਉਂਦਿਆਂ ਆਪੇ ਈ ਸੁਕ ਗਏ।

—ਭਰੀ ਗਾਗਰ ਲੰਗਰ ਦੇ ਵਿਹੜੇ ਵਿਚ ਪਈ, ਸੇਵਾ ਕਰਨ ਵਾਲਿਆਂ ਨੂੰ ਸੈਨਤਾਂ ਮਾਰ ਰਹੀ ਸੀ। ਨੂਹੇਂ ਨੇ ਡੰਗ ਮਾਰ ਮਾਰ ਕੇ ਗਾਗਰ ਦਾ ਪਿੰਡਾ ਛਿੱਲ ਦਿੱਤਾ। ਨੂਹਾਂ ਖਡੂਰ ਦੀ ਧਰਤੀ ਵਿਚ ਆ ਗਿਆ। ਇਕ ਪਾਪੀ ਹੋਰ ਤਰ ਗਿਆ। ਗਾਗਰ ਲੰਗਰ ਵਿਚ ਪਈ ਹੋਈ ਸੀ।

□□

੫

ਗਾਗਰ ਦੀ ਸੇਵਾ ਕਰਦਿਆਂ, ਇਕ ਸਾਲ ਲੰਘ ਗਿਆ ਮੇਰੇ ਗੁਰੂ ਨੂੰ। ਮਾਘ ਦਾ ਮਹੀਨਾ ਵੀ ਬੀਤ ਗਿਆ। ਇਕ ਸਾਲ ਅੱਖ ਦੇ ਝਮਕਾਰੇ ਵਾਂਗੂੰ ਲੰਘਿਆ। ਹਨੇਰੀਆਂ ਚੜ੍ਹੀਆਂ, ਝਖੜ ਝੁਲੇ, ਜੁਮੇ ਸ਼ਾਹ ਵਾਲੀ ਕਾਲੀ ਬੋਲੀ ਲਾਲ ਸੂਹੀ ਹਨੇਰੀ ਚੜ੍ਹੀ ਅਤੇ ਲਥ ਗਈ। ਕਾਲੀਆਂ ਸ਼ਾਹ ਘਟਾਵਾਂ ਚੜ੍ਹ ਆਈਆਂ। ਮੋਹਲੀ ਮੀਂਹ ਵਰ੍ਹਿਆ। ਨਾਲਿਆਂ ਵਿਚ ਪਾਣੀ ਨੇ ਭੜਥੂ ਪਾ ਦਿੱਤਾ। ਫੇਰ ਚੁਮਾਸੇ ਲਗੇ, ਕਣਕਾਂ ਜੰਮੀਆਂ, ਲਕ ਲਕ ਬਾਜਰੇ ਹੋ ਗਏ। ਕਮਾਦਾਂ ਦੇ ਕਦ ਮਨੁਖਾਂ ਜਿਡੇ ਹੋਏ ਅਤੇ ਉਨ੍ਹਾਂ ਖੰਘੂਰਾ ਮਰ ਕੇ ਇਕ ਵਾਰ ਮਰਦ ਨੂੰ ਲਲਕਾਰਿਆ। ਧੁਪਾਂ ਵੀ ਖੂਬ ਕੜਕੀਆਂ ਸਨ, ਸੂਰਜ ਦੀ ਅੜ ਨਾਲ ਜੀਵਾਂ ਦੀ ਗਿਠ ਗਿਠ ਜ਼ਬਾਨ ਬਾਹਰ ਨਿਕਲੀ।

ਫੇਰ ਆਈਆਂ ਸਰਦ ਸਿਆਲੀਆਂ ਰੁੱਤਾਂ, ਚੱਪਾ ਚੱਪਾ ਕੋਰਾ ਜੰਮਿਆ, ਕੂੰਜਾਂ ਆਈਆਂ ਵੀ ਤੇ ਚਲੀਆ ਵੀ ਗਈਆਂ, ਇਸ ਤਰ੍ਹਾਂ ਸਾਲ ਲੰਘ ਗਿਆ। ਕਨੇਰਾਂ ਫੁਲੀਆਂ। ਮਹੀਨਾ ਚੜ੍ਹਨ ਵਾਲਾ ਸੀ ਖਡੂਰ ਵਿਚ। ਸੰਗਰਾਂਦ ਦਾ ਦੀਵਾਨ ਲੱਗਾ ਹੋਇਆ ਸੀ। ਆਪਣੀ ਮਲ ਗੁਜ਼ਾਰ ਦੇ ਗਭਰੂ, ਬੁਢੇ ਠੇਰੇ ਪੰਜ ਦਰਿਆਵਾਂ ਦੇ ਤਾਰੂ ਆਣ ਢੁੱਕੇ ਸੰਗਰਾਂਦ ਵਾਲੇ ਦਿਨ, ਜਿਨ੍ਹਾਂ ਕਦੇ ਸਾਰਾ ਸਾਲ ਖਡੂਰ ਵਲ ਦੀ ਲੰਘ ਕੇ ਨਹੀਂ ਸੀ ਵੇਖਿਆ ਉਹ ਵੀ ਸੌ ਵਲ ਪਾ ਕੇ ਆਏ।

ਗੁਰੂ ਮਹਾਰਾਜ ਗਾਗਰ ਭਰ ਬਿਆਸਾ ਤੋਂ ਆ ਰਹੇ ਸਨ ਮਟਕ ਵਿਚ, ਅਜੇ

ਕੁੱਕੜ ਨੇ ਬਾਂਗ ਨਹੀਂ ਸੀ ਦਿੱਤੀ। ਲੰਗਰ ਵਿਚ ਭਰੀ ਗਾਗਰ ਲਿਆ ਰੱਖੀ।

ਭਾਈ ਨੇ ਫੱਗਣ ਦਾ ਮਹੀਨਾ ਸੁਣਾ ਕੇ ਸਾਰੇ ਖਡੂਰ ਦੀ ਝੋਲੀ ਖੁਸ਼ੀਆਂ ਨਾਲ ਭਰ ਦਿੱਤੀ। ਦੀਵਾਨ ਲੱਗਾ ਹੋਇਆ ਸੀ।

''ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ।
ਅਨਦਿਨੁ ਰਹਸੁ ਭਇਆ ਆਪੁ ਗਵਾਇਆ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨਾ ਥਾਉ॥
ਨਾਨਕ ਮੇਲਿ ਲਈ ਗੁਰ ਅਪਣੈ ਘਰਿ ਵਰ ਪਾਇਆ ਨਾਰੀ॥''

ਦੀਵਾਨ ਭਰਿਆ ਹੋਇਆ ਸੀ ਸ਼ਰਧਾਲੂਆਂ ਨਾਲ। ਸੰਗਤ ਜੁੜੀ ਬੈਠੀ ਹੋਈ ਸੀ, ਗੁਰੂ ਮਹਾਰਾਜ ਬਿਰਾਜਮਾਨ ਸਨ। ਸੇਵਕ ਪਿਆਰੇ ਮਨ ਸੁਧ ਕਰ ਰਹੇ ਸਨ। ਬਾਣੀ ਪੜ੍ਹੀ ਜਾ ਰਹੀ ਸੀ।

ਮਾਝਾ ਜੁੜਿਆ ਬੈਠਾ ਸੀ ਤੇ ਗੁਰੂ ਅੰਗਦ ਦੇਵ ਜੀ ਨੇ ਨੇਤਰ ਖੋਲ੍ਹੇ। ਸੰਗਤਾਂ ਨੂੰ ਨਮਸਕਾਰ ਕੀਤੀ। ਦੀਵਾਨ ਵਿਚ ਸੰਗਤਾਂ ਜੰਮੀਆਂ ਹੋਈਆਂ ਸਨ। ਲੰਗਰ ਵਿਚ ਸੇਵਾ ਕਰਨ ਵਾਲੇ ਦਾ ਝੁਰਮਟ ਸੀ। ਮੇਰਾ ਗੁਰੂ ਦੂਰ ਇਕ ਪਾਸੇ ਨੁਕਰ ਵਿਚ ਬੈਠਾ ਹੋਇਆ ਸੀ।

—ਗੁਰੂ ਅੰਗਦ ਦੇਵ ਨੇ ਫ਼ਰਮਾਇਆ। ਆਓ ਗੁਰੂ ਪਿਆਰਿਓ, ਗੁਰੂ ਤੁਹਾਡੇ ਅੰਗ ਸੰਗ ਏ, ਗੁਰੂ ਤੁਹਾਡੇ ਮਨ ਦੀਆਂ ਮੁਰਾਦਾਂ ਪੂਰੀਆਂ ਕਰੇ।

—ਭਾਈ ਅਮਰੂ ਕਿਥੇ ਹੈ, ਬੜੇ ਦਿਨਾਂ ਦਾ ਨਜ਼ਰ ਆਇਆ।

ਭਾਈ ਅਮਰੂ ਬਹੁਤ ਦੂਰ ਬੈਠਾ ਹੋਇਆ ਸੀ, ਉਸ ਇਕ ਵਾਰ ਸੁਣਿਆ ਤੇ ਫੇਰ ਨੀਵੀਂ ਪਾ ਲਈ। ਗੁਰੂ ਅੰਗਦ ਦੇਵ ਨੇ ਇਕ ਵਾਰ ਫੇਰ ਦੀਵਾਨ ਵਿਚ ਨਜ਼ਰ ਫੇਰੀ ਤੇ ਇਕ ਵਾਜ ਫੇਰ ਮਾਰੀ।

ਅਮਰ ਦਾਸ ਬਹੁਤ ਦੂਰ ਬੈਠਾ ਸੀ, ਆਵਾਜ਼ ਸੁਣੀ ਪਰ ਬੋਲਿਆ ਨਾ, ਜ਼ਰਾ ਕੁ ਅਗੇ ਆ ਫ਼ਰਮਾਇਆ ਗੁਰੂ ਅੰਗਦ ਦੇਵ ਨੂੰ।

—ਮੈਂ ਹਜ਼ੂਰ ਦੇ ਚਰਨਾਂ ਵਿਚ ਬੈਠਾ ਹਾਂ।

—ਏਧਰ ਆ ਤੇਰੇ ਕਪੜੇ ਗਿੱਲੇ ਕਿਉਂ ਨੇ।

—ਬਿਆਸਾ ਤੇ ਜਾਣ ਵਾਲਿਆਂ ਦੇ ਕਪੜੇ ਸਿਲਾਬ ਹੀ ਜਾਂਦੇ ਨੇ।

—ਜ਼ਰਾ ਮੇਰੇ ਕੋਲੇ ਆ, ਅੱਖਾਂ ਭਰ, ਸਾਰੇ ਸਾਲ ਵਿਚ ਇਕ ਵਾਰ ਵੀ ਦਰਸ਼ਨ ਨਹੀਂ ਹੋਏ, ਕਿਥੇ ਲੁਕਿਆ ਰਿਹੈਂ।

—ਹਜ਼ੂਰ ਮੈਂ ਤੇ ਤੁਹਾਡੇ ਚਰਨਾਂ ਵਿਚ ਹੀ ਰਿਹਾ ਹਾਂ।

—ਲੰਗਰ ਵਿਚ ਜਲ ਦੀ ਸੇਵਾ ਤੂੰ ਆਪਣੇ ਜ਼ਿੰਮੇ ਲੈ ਲਈ ਏ।

—ਹਜ਼ੂਰ ਦੀ ਕਿਰਪਾ ਏ, ਗਾਗਰ ਨੇ ਮੇਰੇ ਤੇ ਰਹਿਮਤਾਂ ਕਰ ਦਿਤੀਆਂ ਨੇ। ਇਹ ਸਭ ਭਾਈ ਜੋਧ ਦੀ ਬਖਸ਼ਸ਼ ਏ।

—ਏਧਰ ਆਓ, ਜ਼ਰਾ ਕੁ ਮੇਰੇ ਕੋਲ, ਮੇਰੇ ਲਾਗੇ, ਚੌਂਕੀ ਦੇ ਪਾਸ, ਗੁਰੂ ਅੰਗਦ ਦੇਵ ਦਾ ਹੁਕਮ ਸੀ।

ਮੇਰਾ ਗੁਰੂ ਆਪਣੇ ਗੁਰੂ ਕੋਲ ਜਾ ਬੈਠਾ। ਪ੍ਰਸ਼ਾਦ ਤੇ ਥਾਲ ਸੇਵਕਾਂ ਦੋਵੇਂ ਹਾਜ਼ਰ ਕਰ ਦਿਤੇ।

ਫੱਗਣ ਚੜ੍ਹੇ, ਸੰਗਾਂਰਦ ਵਾਲੇ ਦਿਨ ਗੁਰੂ ਅੰਗਦ ਦੇਵ ਨੇ ਭਰੇ ਦੀਵਾਨ ਵਿਚ ਸਭ ਤੋਂ ਪਹਿਲਾਂ ਜਿਹੜਾ ਸਿਰੋਪਾ ਗੁਰੂ ਮਹਾਰਾਜ ਨੂੰ ਦਿੱਤਾ, ਡੇਢ ਗਜ਼ ਪਟਕੇ ਦਾ ਸਿਰੋਪਾ ਬਖਸ਼ਿਆ। ਮੇਰੇ ਗੁਰੂ ਨੇ ਸਤਿਕਾਰ ਨਾਲ ਆਪਣੇ ਸਿਰ ਤੇ ਰੱਖ ਲਿਆ।

—ਅੱਜ ਮੇਰਾ ਜਨਮ ਸਫਲ ਹੋਇਆ। ਅੱਜ ਮੇਰੀ ਡਗਰੀਆ ਪਵਿੱਤਰ ਹੋਈ ਏ। ਮੈਂ ਅੱਜ ਆਇਆਂ ਜਹਾਨ ਤੇ।

—ਮੱਥਾ ਟੇਕ ਦਿੱਤਾ, ਮੇਰੇ ਗੁਰੂ ਨੇ, ਇਹ ਗੱਲ ਆਖੀ ਪਾਰੋ ਡਲੇ ਨੇ।

—ਯਾਰ ਧੰਨ ਏਂ ਤੂੰ, ਤੇ ਧੰਨ ਏ ਤੇਰਾ ਗੁਰੂ। ਖਡੂਰ ਦੀ ਧਰਤੀ ਤੇ ਖਡੂਰ ਵਿਚ ਵਸਣ ਵਾਲੇ ਲੋਕ ਸਭ ਰੱਬ ਦੇ ਪਿਆਰੇ ਨੇ, ਬੜੇ ਨੇਕ ਹਨ ਲੋਕ।

—ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ।

□□

੬

ਸਾਡੇ ਸਮਾਜ ਵਿਚ ਸਾਡੀ ਬਰਾਦਰੀ ਦੀਆਂ ਆਦਤਾਂ ਹੀ ਕੁਝ ਵੱਖਰੀਆਂ ਨੇ, ਇਨ੍ਹਾਂ ਦੇ ਮਾਪ ਤੋਲ ਦੁਨੀਆਂ ਵਿਚ ਨਿਰਾਲੇ ਨੇ, ਇਹ ਖੱਤਰੀ, ਇਹ ਹਟਵਾਣੀਏ, ਇਹ ਕਰਾੜ, ਇਹ ਵਣਜ ਕਰਨ ਵਾਲੇ ਵਪਾਰੀ। ਦੁਨੀਆਂ ਦੀ ਹਰ ਚੀਜ਼ ਤੱਕੜੀ ਨਾਲ ਤੋਲਦੇ ਹਨ। ਹਰ ਗੱਲ ਨੂੰ ਰੁਪਈਆਂ ਨਾਲ ਲੈਂਦੇ ਨੇ।

ਜਿਦਾਂ ਅੱਜ ਕੱਲ੍ਹ ਲੂਣ ਵਿਚ ਬਾਰਾਂ ਆਨੇ ਮੰਦਾ ਰਹੇਗਾ ਤੇ ਅਗਲੇ ਮਹੀਨੇ ਚਾਰ ਆਨੇ ਤੇਜ਼ੀ ਆ ਜਾਵੇਗੀ। ਘਰ ਵਿਚ ਸੁਖ ਸ਼ਾਂਤੀ ਏ, ਤੇ ਆਪਣੇ ਅੜੋਸ ਪੜੋਸ ਵਿਚ ਭਾਵੇਂ ਲੜਾਈ ਝਗੜਾ ਕਦੇ ਕਦਾਈਂ ਹੋ ਜਾਂਦਾ ਏ। ਸਾਨੂੰ ਕੀ ਏ, ਆਪਣੇ ਘਰ ਕੋਈ ਛੱਜ ਵਜਾਏ, ਕੋਈ ਛਾਨਣੀ। ਖਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜ ਈ ਲੈਂਦਾ ਏ। ਭਾਵੇਂ ਅਸਾਂ ਘਰ 'ਚ ਕਦੇ ਲੜਾਈ ਦਾ ਨਾਂ ਨਹੀਂ ਸੁਣਿਆ ਪਰ ਛੇ ਕੁ ਆਨੇ ਘਰ ਵਿਚ ਜ਼ਰੂਰ ਭਾਂਡੇ ਖਹਿ ਜਾਂਦੇ ਨੇ। ਵੈਸੇ ਤਾਂ ਦਸ ਕੁ ਆਨੇ ਸ਼ਾਂਤੀ ਰਹਿੰਦੀ ਏ ਮਹੀਨਾ ਭਰ। ਹਰ ਗੱਲ, ਹਰ ਮੌਸਮ, ਹਰ ਵਪਾਰੀ ਰੁਪਈਆਂ, ਪੈਸਿਆਂ ਤੇ ਆਨਿਆਂ ਨਾਲ ਤੋਲਿਆ ਜਾਂਦਾ ਏ। ਏਸੇ ਤਰ੍ਹਾਂ ਹਰ ਘਰ ਦਾ ਬੰਦਾ, ਹਰ ਪਿੰਡ ਦਾ ਪੁਰਸ਼, ਹਰ ਜਾਤ ਦੀ ਤੀਵੀਂ ਤੇ ਉਹਦੀ ਇੱਜ਼ਤ, ਉਹਦਾ ਭਾਰ ਤੇ ਉਹਦੀ ਚੋਧਰ ਰੁਪਈਆਂ ਪੈਸਿਆਂ ਨਾਲ ਗਿਣ ਕੇ ਦੱਸੀ ਜਾਂਦੀ ਏ।

ਹਰ ਖ਼ਾਨਦਾਨ ਦੀ ਇੱਜ਼ਤ ਦਾ ਇਤਬਾਰ ਰੁਪਈਆਂ ਦੀ ਧਾਰਨਾ ਦਾ ਵਜ਼ਨ ਕੀਤਾ ਜਾਂਦਾ ਏ। ਉਹ ਬੰਦਾ ਬੜੇ ਜਥੇ ਵਾਲਾ ਏ, ਉਹਦੀ ਚਾਰੇ ਬਾਰੇ ਵਿਚ ਇੱਜ਼ਤ ਏ, ਕੋਈ ਖੰਘਦਾ ਕੋਲ ਦੀ ਨਹੀਂ ਲੰਘਦਾ। ਅੱਜ ਤਕ ਉਹਦਾ ਪਰਛਾਵਾਂ ਨਹੀਂ ਲੰਘਿਆ, ਉਹਦੀ ਰਾਤੀਂ ਉਹੋ ਈ ਜੰਮਿਆ ਏ, ਸਾਰੀ ਮਲ-ਗੁਜ਼ਾਰ ਉਹਦਾ ਪਾਣੀ ਭਰਦੀ ਏ। ਬੰਦਾ ਬੜੀ ਪੁਜਦੀ ਵਾਲਾ ਏ। ਦੋ ਹਵੇਲੀਆਂ, ਢੇਰ ਸਾਰੀ ਜ਼ਮੀਨ ਖੂਹ, ਤਲਾਅ ਤੇ ਚਾਰ

ਜੋਗਾਂ ਕਰਨੀਆਂ ਹਨ । ਮੰਡੀ ਵਿਚ ਚਲੇ ਜਾਵੇ ਤੇ ਉਹਦੇ ਨਾਂ ਦੀ ਹੁੰਡੀ ਚਲਦੀ ਏ । ਉਹ ਜ਼ਰਾ ਕੂ ਪਸੀਨਾ ਡੋਲ੍ਹੇ ਤੇ ਲੋਕ ਲਹੂ ਡੋਲ੍ਹਣ ਲਈ ਤਿਆਰ ਹੋ ਜਾਂਦੇ ਨੇ । ਲੱਖਾਂ ਹਜ਼ਾਰਾਂ, ਕਰੋੜਾਂ ਰੁਪਿਆਂ ਦਾ ਵਣਜ ਏ । ਉਹਦੀ ਪੱਗ ਤੇ ਕਿਸੇ ਨੇ ਦਾਗ ਤਕ ਨਹੀਂ ਵੇਖਿਆ । ਸਫ਼ੈਦ ਪੋਸ਼, ਕੱਪੜੇ ਦੁੱਧ ਧੋਤੇ, ਚਿੜੀਆਂ ਦੀਆਂ ਜੀਭਾਂ ਵਰਗੇ, ਪਿੰਡ ਦਾ ਸ਼ਾਹ, ਪਿੰਡ ਦਾ ਨੱਕ ਹੁੰਦਾ ਏ । ਸਭ ਕੁਝ ਏ, ਪਰ ਬੰਦਾ ਚੌਦਾਂ ਕੂ ਆਨੇ ਵਧੀਆ ਏ, ਏਸ ਤਰ੍ਹਾਂ ਦੇ ਨਾਪ ਤੋਲ ਬਰਾਦਰੀ ਵਿਚ ਪਰਚਲਤ ਸਨ ।

ਬਾਸਰਕੇ ਵਿਚ ਭਾਈ ਅਮਰ ਦਾਸ ਦਾ ਨਾਂ ਲੈ ਕੇ ਲੋਕ ਜਿਊਂਦੇ ਸਨ । ਕੋਈ ਉਹਦੀ ਝੂਠੀ ਕਸਮ ਨਹੀਂ ਸੀ ਖਾਂਦਾ । ਉਹਦੀ ਕਲਮ ਦੇ ਪਿੱਠ ਤੇ ਕੋਈ ਹੱਥ ਰੱਖ ਦੇਵੇ ਤੇ ਆਪਣੀ ਮਰਜ਼ੀ ਦਾ ਕਰਜ਼ਾ ਲੈ ਜਾਵੇ । ਵਹੀ ਖਾਤਾ ਭਾਵੇਂ ਹੁੰਦਾ ਹੀ ਸੀ, ਪਰ ਸ਼ਾਹ ਨੇ ਕਦੇ ਵਹੀ ਤੇ ਨਾਵਾਂ ਨਹੀਂ ਸੀ ਲਿਖਿਆ । ਸਾਰਾ ਕਾਰੋਬਾਰ ਧਰਮ ਦੇ ਨਾਂ ਤੇ ਚਲਦਾ ਸੀ । ਸ਼ਾਹ ਦੀ ਕਲਮ ਨੂੰ ਭਗਵਾਨ ਦੀ ਮੂਰਤੀ ਸਮਝਦੇ ਸਨ । ਜਦੋਂ ਅਮਰੋ ਆਪਣੇ ਸਹੁਰੇ ਚਲੀ ਗਈ ਤੇ ਪਿੰਡ ਵਾਲਿਆਂ ਪੁੱਛਿਆ ਸਹੁਰਾ ਕਿੱਥੋਂ ਈ ਤਾਂ ਉਸ ਵਿਚਾਰੀ ਨੇ ਦੱਬੀ ਜ਼ਬਾਨ ਵਿਚ ਆਖਿਆ ਕੁੜਮਾਂ ਨੇ ਚਾਰ ਦਿਨਾਂ ਲਈ ਰੱਖ ਲਿਆ ਏ । ਜੁਆਬ ਦਿੱਤਾ ਬੀਬੀ ਅਮਰੋ ਨੇ । ਤੇ ਫੇਰ ਪੁੱਛਿਆ, ਕੁੜਮਾਂ ਦੀਆਂ ਚੂਰੀਆਂ ਪਸੰਦ ਆ ਗਈਆਂ ਹੋਣੀਆਂ ਨੇ । ਕੁੜਮਣੀ ਦੇ ਪਰ੍ਹੇ ਨੇ ਕੌਣ ਛੱਡ ਕੇ ਆਉਂਦਾ ਏ । ਕੁੜਮਾਂ ਦੀਆਂ ਨਿੱਤ ਨਵੀਆਂ ਖਾਤਰਾਂ ਬੰਦੇ ਨੂੰ ਮਜਬੂਰ ਕਰ ਲੈਂਦੀਆਂ ਹਨ ਰਹਿਣ ਤੇ, ਆ ਜਾਣਗੇ । ਕਿਹੜੀ ਉਹਨਾਂ ਉਥੇ ਇੱਟ ਲਾਈ ਹੋਣੀ ਏ । ਪਰ ਜਦ ਚਾਰ ਮਹੀਨੇ ਬੀਤ ਗਏ, ਤਾਂ ਫੇਰ ਗੱਲ ਛਿੜੀ, ਦੰਦ ਕਥਾ ਬਣ ਗਈ ਸਾਰੇ ਪਿੰਡ ਵਿਚ ਲੋਕ ਮੂੰਹ ਜੋੜ ਜੋੜ ਗੱਲਾਂ ਕਰਨ ਲੱਗ ਪਏ । ਜਿੰਨੇ ਮੂੰਹ ਓਨੀਆਂ ਗੱਲਾਂ । ਕੋਈ ਆਖੇ ਗਹਿਣੇ ਪਾ ਆਈ ਏ ਨੂੰਹ ਸਹੁਰੇ ਨੂੰ ਕੁੜਮਾਂ ਕੋਲ । ਕਿਸੇ ਨੇ ਆਖਿਆ ਕੁੜਮ ਨੇ ਕੁੜਮ ਨੂੰ ਗੋਲਾ ਬਣਾ ਲਿਆ ਏ । ਕੁੜਮਾਂ ਦੀਆਂ ਮੱਝੀਆਂ ਚਾਰਦਾ ਹੋਣਾ ਏ । ਖੰਡ ਘਿਓ, ਖੰਡ ਚੋਲ ਵੇਖ ਕੇ ਈ ਗ਼ਰਮ ਪਿਆ ਏ ਕੁੜਮ । ਇਹ ਬੇਲੇ ਦੀਆਂ ਚੂਰੀਆਂ ਬੜੀਆਂ ਡਾਢੀਆਂ ਨੇ ।

ਪਰ ਖਡੂਰ ਵਿਚ ਕਿਸੇ ਨੂੰ ਚਿੱਤ ਚੇਤਾ ਈ ਨਹੀਂ ਸੀ, ਕੁੜਮ ਕੌਣ ਏ, ਕੁੜਮ ਕੀ ਹੁੰਦਾ ਏ, ਕੁੜਮ ਕਿਸ ਨੂੰ ਆਖਦੇ ਹਨ । ਕੁੜਮ ਦੀ ਕਿੱਦਾਂ ਆਓ-ਭਗਤ ਕੀਤੀ ਜਾਂਦੀ ਏ । ਕੁੜਮਾਚਾਰੀ ਕੀ ਹੁੰਦੀ ਏ । ਇਹ ਤੇ ਗੁਰੂ ਦਾ ਘਰ ਏ ਸਾਰਿਆਂ ਦਾ ਸਾਂਝਾ । ਏਥੇ ਤੇ ਸਾਰੇ ਬੰਦੇ ਇਕੋ ਜਿਹੇ ਹਨ । ਏਥੇ ਤੇ ਸਾਰਿਆਂ ਦਾ ਰੁਤਬਾ ਇਕੋ ਜਿਹਾ ਏ । ਸਾਰੇ ਗੁਰੂ ਦੇ ਸੇਵਕ ਹਨ । ਜਦੋਂ ਪੂਰੇ ਬਾਸਰਕੇ ਵਾਲਿਆਂ ਕਣਕਾਂ ਵੱਢ ਲਈਆਂ । ਭੜੋਲੀਆਂ ਮੂੰਹੋਂ ਮੂੰਹ ਤੀਕ ਭਰ ਲਈਆਂ । ਕੋਠੀਆਂ ਨੇ ਦਾਣੇ ਉਗਲੱਛਣੇ ਸ਼ੁਰੂ ਕਰ ਦਿੱਤੇ । ਫੇਰ ਕੋਠੇ ਭਰੇ । ਜਦ ਪਿੰਡ ਵਾਲੇ ਸਾਰੇ ਲੋਕ ਵਿਹਲੇ ਹੋ ਗਏ, ਕੋਈ ਕੰਮ-ਕਾਜ ਨਾ ਰਿਹਾ । ਸਾਰੀ ਦਿਹਾੜੀ ਗੱਲਾਂ ਕਰਨ ਤੋਂ ਬਗੈਰ, ਹੋਰ ਕੁਝ ਧੰਦਾ ਨਹੀਂ ਸੀ । ਚਾਰ ਏਧਰ ਦੀਆਂ ਝੂਠੀਆਂ ਮਾਰ ਲਈਆਂ, ਦੋ ਸੱਚੀਆਂ ਆਖ ਲਈਆਂ । ਇਹੋ ਜਿਹੀਆਂ ਬਾਤਾਂ ਸਾਰਾ ਦਿਨ ਪੈਂਦੀਆਂ ਰਹਿੰਦੀਆਂ । ਤੇ ਇਕ ਦਿਨ ਬਾਸਰਕੇ ਵਾਲਿਆਂ ਗੱਲ ਫੇਰ ਚੁੱਕ ਲਈ ਤੇ ਉਹਨੂੰ ਫੇਰ ਹਵਾ ਦਿੱਤੀ । ਧੁਖਦੀ ਅੱਗ ਫੇਰ ਮਚੀ, ਫੂਕਾਂ ਨਾਲ । ਏਸ ਤਰ੍ਹਾਂ ਇਸ ਗੱਲ ਨੂੰ ਪੂਰਾ ਸਾਲ ਲੰਘ ਗਿਆ ।

---ਚਲੋ ਸਾਰੇ ਚਲੀਏ, ਕੁੜਮਾਂ ਦੇ ਘਰ, ਗਹਿਣੇ ਪਏ ਸ਼ਾਹ ਨੂੰ ਛੁਡਾ ਕੇ ਲਿਆਈਏ, ਇਕ ਬੰਦਾ ਆਖਣ ਲੱਗਾ।

—ਗਹਿਣਾ ਗੱਟਾ ਨਾਲ ਲੈ ਚਲੋ, ਮਤਾਂ ਸ਼ਾਹ ਦੀ ਜ਼ਮਾਨਤ ਈ ਦੇਣੀ ਪੈ ਜਾਵੇ।

—ਵਪਾਰ ਵਿਚ ਘਾਟਾ ਪਿਆ ਹੋਣਾ ਏ, ਏਸੇ ਲਈ ਸ਼ਰਮ ਦਾ ਮਾਰਿਆ ਸਾਹਮਣੇ ਨਹੀਂ ਆਉਂਦਾ।

—ਵਾਧਾ ਘਾਟਾ ਤਾਂ ਵਪਾਰ ਵਿਚ ਪਿਆ ਈ ਏ, ਲੋਕ ਘਰ ਥੋੜ੍ਹਾ ਛੱਡ ਜਾਂਦੇ ਨੇ, ਕਦੇ ਕਿਸੇ ਨੇ ਬਾਲ ਬੱਚੇ ਤਿਆਗੇ ਨੇ।

—ਜੇ ਅੱਜ ਘਾਟਾ ਪਿਆ ਏ ਤਾਂ ਕੱਲ੍ਹ ਵਾਧਾ ਵੀ ਪੈ ਜਾਵੇਗਾ।

ਸੱਥ ਬੰਨ੍ਹ ਕੇ ਚਲੇ ਬਾਸਰਕੇ ਵਾਲ ਖਡੂਰ ਵੱਲ। ਘਰੋਂ ਈ ਰੋਟੀਆਂ ਬੰਨ੍ਹ ਲਈਆਂ, ਕੌਣ ਬੰਦਾ, ਕਿਹੜੇ ਬੰਦੇ ਦੇ ਮੂੰਹ ਅੱਗੋਂ ਹੱਥ ਦੇ ਸਕਦਾ ਸੀ। ਚਲਦਿਆਂ ਚਲਦਿਆਂ ਗੱਲ ਫੇਰ ਛਿੱਥੀ ਗਈ। ਸਿਆਣਿਆਂ ਨੇ ਏਸ ਗੱਲ ਨੂੰ ਬਾਰ ਬਾਰ ਸੋਚਿਆ ਵਿਚਾਰਿਆ, ਆਖਰ ਕਿਸੇ ਗੱਲ ਤੇ ਪੂਰਨਾ ਨਾ ਪਿਆ। ਰਾਹੇ ਰਾਹੇ ਚਲਦੇ ਰਹੇ ਬਾਸਰਕੇ ਵਾਲੇ। ਜੇ ਭਾਈ ਅਮਰ ਦਾਸ ਘਾਟੇ ਦਾ ਮਾਰਿਆ ਓਥੇ ਫਾਹੇ ਆਇਆ ਹੋਇਆ ਏ ਤੇ ਅਸੀਂ ਸਾਰੇ ਪਿੰਡ ਦੀਆਂ ਜ਼ਨਾਨੀਆਂ ਤੋਂ ਮੁੰਦਰੀ, ਛੱਲਾ, ਲੌਂਗ, ਡੰਡੀਆਂ, ਕੈਂਠੇ ਤੇ ਹਮੇਲਾਂ, ਚੂੜੀਆਂ ਤੇ ਗੋਖੜੂ ਸਾਰੇ ਗਠੜੀ ਬੰਨ੍ਹ ਕੇ ਨਾਲ ਲੈ ਚਲਦੇ ਹਾਂ। ਪਰ ਵਿਚੋਂ ਕਿਸੇ ਨੇ ਸਲਾਹ ਦਿੱਤੀ। ਖਡੂਰ ਤੇ ਚਲੋ, ਜੇ ਲੋੜ ਪਊ ਤਾਂ ਮੈਂ ਰਾਤੀਂ ਚਲਿਆ ਆਊਂ. ਇਕੋ ਰਾਤ ਵਿਚ ਸਭ ਬੰਦੋਬਸਤ ਹੋ ਜਾਊ, ਇਹ ਮੇਰਾ ਜ਼ਿੰਮਾ ਏ। ਖਡੂਰ ਚਲੋ ਤੇ ਸਹੀ। ਤੇ ਜਾ ਕੇ ਵੇਖੀਏ ਤੇ ਸਹੀ, ਓਥੇ ਕਿਹੜੀ ਬਿੱਲੀ ਬਾਘਦੀ ਏ। ਖਡੂਰ ਵਾਲੇ ਬਘਿਆੜ ਤੇ ਨਹੀਂ ਜਿਹੜੇ ਮੂੰਹ ਵਿਚ ਪਾ ਲੈਣਗੇ। ਕੁੜਮਾਂ ਨੂੰ ਕੁੜਮਾਂ ਦੀ ਸ਼ਰਮ ਹੁੰਦੀ ਏ। ਅਸੀਂ ਪਿੰਡ ਦੀ ਬਰਾਦਰੀ ਲੈ ਕੇ ਚਲੇ ਹਾਂ। ਕੁੜਮਾਂ ਦਾ ਪਿੰਡ ਏ। ਇਕ ਵਾਰ ਅਸੀਂ ਬਰਾਤੇ ਗਏ ਸਾਂ। ਕਾਫ਼ਲਾ ਚਲ ਪਿਆ, ਕਾਫ਼ਲਾ ਚਲ ਰਿਹਾ ਸੀ। ਰਾਹ ਵਿਚ ਕਿਸੇ ਨੇ ਰੋਟੀ ਖਾਧੀ, ਕਿਸੇ ਨੇ ਨਾ ਖਾਧੀ, ਸ਼ਾਮੀਂ ਸਾਰੀ ਸੰਗਤ ਖਡੂਰ ਪੁੱਜ ਗਈ। ਬਥੇਰੀ ਕੋਸ਼ਿਸ਼ ਕੀਤੀ, ਪੁੱਛ ਪੜਤਾਲ ਕੀਤੀ ਪਰ ਭਾਈ ਅਮਰ ਦਾਸ ਉਨ੍ਹਾਂ ਨੂੰ ਰਾਤੀਂ ਨਾ ਮਿਲਿਆ।

—ਦਿਨ ਚੜ੍ਹਿਆ, ਜਦ ਦੀਵਾਨ ਲੱਗਾ, ਸੁਖ ਸੁਖਾਂ ਨਾਲ ਅਮਰ ਦਾਸ ਦੇ ਦਰਸ਼ਨ ਹੋਏ। ਸਾਰੀ ਗੱਲ ਦੱਸੀ। ਪਿੰਡ ਦਿਆਂ ਚੌਧਰੀਆਂ ਨੇ। ਅਮਰ ਦਾਸ ਦੇ ਕੰਨ ਵਿਚ ਫੂਲਾ ਪਾਇਆ। ਵਪਾਰ ਮੱਠਾ ਪੈ ਗਿਆ ਏ। ਲੈਣ ਦੇਣ ਵਾਲਿਆਂ ਗਲ ਵਿਚ ਚਾਦਰ ਪਾ ਲਈ ਏ। ਜੇ ਤੁਸੀਂ ਨਾ ਗਏ ਤੇ ਸਾਰੀ ਰਕਮ ਖੂਹ ਖਾਤੇ ਲਿਖੀ ਜਾਣੀ ਏ। ਤੁਹਾਡੇ ਬਾਝੋਂ ਗੰਢਾਂ ਕਿਸੇ ਨੇ ਨਹੀਂ ਖੋਲ੍ਹਣੀਆਂ। ਬਣੇ ਬਣਾਏ ਰਿਜ਼ਕ ਨੂੰ ਧੱਕਾ ਨਾ ਦਿਓ।

—ਭਾਈ ਅਮਰ ਦਾਸ ਬੋਲਿਆ, ਤੁਸੀਂ ਤਾਂ ਐਵੇਂ ਈ ਮੇਰੇ ਮਗਰ ਆਏ ਹੋ। ਤੁਹਾਨੂੰ ਕਿਸੇ ਨੇ ਐਵੇਂ ਭੜਕਾ ਦਿੱਤਾ ਏ। ਮੈਂ ਤੇ ਏਥੇ ਮੈਂ ਆਪਣੀ ਮਰਜ਼ੀ ਨਾਲ ਟਿਕਿਆ ਹੋਇਆ ਹਾਂ। ਮੈਂ ਕਿਸੇ ਦਾ ਦਬੇਲ ਨਹੀਂ ਆਂ। ਮੈਂ ਕਿਸੇ ਦੀ ਮੰਜੀ ਥੱਲੇ ਨਹੀਂ ਜੰਮਿਆ। ਮੇਰੇ ਮਨ ਦੀ ਮੌਜ ਏ, ਤਰੰਗ ਏ ਦਿਲ ਦੀ। ਇਹ ਮੇਰੇ ਮਨ ਦਾ ਉਛਾਲਾ ਏ। ਮੇਰੇ ਮਨ ਨੂੰ ਸ਼ਾਂਤੀ ਏਥੇ ਲੱਭਦੀ ਏ। ਮੈਨੂੰ ਆਪਣਾ ਅੱਗਾ ਨੇੜੇ ਨਜ਼ਰ ਆ ਰਿਹਾ ਏ। ਏਸ ਲਈ ਮੈਂ ਆਪਣਾ ਅੱਗਾ ਸਵਾਰਨ ਵਾਸਤੇ ਚੌਕੜਾ ਮਾਰੀ ਬੈਠਾ ਹਾਂ ਏਥੇ। ਅਸੀਂ ਤਾਂ ਲੈਣ ਆਏ ਹਾਂ, ਸੱਥ ਬੰਨ੍ਹ ਕੇ, ਖ਼ਾਲੀ ਹੱਥ ਨਹੀਂ ਜਾਣਾ। ਤੁਹਾਨੂੰ ਸਾਡੇ ਨਾਲ ਤੁਰਨਾ ਈ ਪੈਣਾ ਹੈ।

—ਮੈਂ ਕੋਈ ਅੰਞਾਣਾ ਆਂ, ਮੈਨੂੰ ਕੋਈ ਸਮਝ ਨਹੀਂ। ਮੈਂ ਆਪਣਾ ਬੁਰਾ ਭਲਾ ਵਿਚਾਰ ਨਹੀਂ ਸਕਦਾ। ਕੌਣ ਆਪਣਾ ਬਣਿਆ ਬਣਾਇਆ ਘਰ ਉਜਾੜਦਾ ਏ, ਪਰ ਵੀਰੋ, ਕਿਸੇ ਨੇ ਕਿਸੇ ਦੇ ਨਾਲ ਨਹੀਂ ਜਾਣਾ। ਆਪਣਾ ਅੱਗਾ ਸਵਾਰੋ ਜੇ ਸਵਾਰ ਸਕਦੇ ਓ। ਇਹ ਦੁਨੀਆਂ ਝੂਠੀ ਏ। ਇਹ ਮਾਇਆ ਛੱਲਣੀ ਏ। ਚਾਰ ਦਿਨ ਦੀ ਕਾਇਆ ਏ। ਇਹ ਮਿੱਟੀ ਦਾ ਖਿਡੌਣਾ ਏ। ਇਹ ਬਾਜ਼ੀ ਕੱਚੀ ਮਿੱਟੀ ਦੀ, ਇਸ ਭੱਜ ਜਾਣਾ ਏ, ਬਚ ਸਕਦੀ ਏ, ਭਜਨ, ਬੰਦਗੀ ਤੇ ਮਾਲਾ ਜੱਪਿਆਂ। ਮੈਂ ਤੇ ਹੁਣ ਈ ਸਾਰੀ ਜ਼ਿੰਦਗੀ ਗੁਆ ਕੇ ਸੱਚੇ ਸੌਦੇ ਦੀ ਜਾਚ ਸਿੱਖੀ ਏ। ਸਾਰੀ ਉਮਰ ਝੂਠਾ ਈ ਵਣਜ ਕਰਦਾ ਰਿਹਾ ਹਾਂ। ਇਹ ਚੜ੍ਹਦੀ ਧੁੱਪ, ਇਹ ਢਲਦਾ ਪਰਛਾਵਾਂ, ਇਹ ਦਰਿਆਵਾਂ ਦੀਆਂ ਛੱਲਾਂ। ਇਹ ਚਾਨਣੀ ਚੌਧਵੀਂ ਰਾਤ ਦੀ। ਇਹ ਕੜਕਦੀ ਧੁੱਪ ਦਾ ਚਮਕਦਾ ਸੂਰਜ, ਇਨ੍ਹਾਂ ਦਾ ਕੋਈ ਵਜੂਦ ਨਹੀਂ, ਇਨ੍ਹਾਂ ਦੀ ਕੋਈ ਜ਼ਿੰਦਗੀ ਨਹੀਂ। ਇਹ ਤੁਹਾਡੀ ਕੰਚਨ ਦੀ ਕਾਇਆ। ਇਹ ਤੁਹਾਨੂੰ ਮੁੜ ਕੇ ਨਹੀਂ ਮਿਲਣੀ। ਸਵਾਰ ਲੈ ਬੰਦੇ ਇਹ ਵੇਲਾ ਹੱਥ ਨਹੀਂ ਆਉਣਾ। ਇਹ ਬੋਲ ਅਮਰ ਦਾਸ ਦੇ ਸਨ।

ਜਿਸ ਘਰ ਵਿਚ ਪੌਣ ਵਗਦੀ ਸੀ, ਓਸ ਘਰ ਵਿਚ ਭੂਤਨੇ ਨੱਚਣ ਲੱਗ ਪਏ। ਜਿੱਥੇ ਵਪਾਰੀ ਚੌਕੜੇ ਮਾਰੀ ਬੈਠੇ ਸਨ, ਓਥੇ ਕੋਈ ਸੁਖ ਸਾਂਦ ਪੁੱਛਣ ਵਾਲਾ ਨਹੀਂ ਸੀ। ਮੂੰਹ ਨੂੰ ਮੁਲਾਹਜ਼ੇ ਤੇ ਸਿਰਾਂ ਨੂੰ ਸਲਾਮਾਂ। ਯਰਾਨੇ ਉਨ੍ਹਾਂ ਵਾਲਿਆਂ ਨਾਲ ਲਾਉਣੇ ਤੇ ਦਰਵਾਜ਼ੇ ਛੋਟੇ ਰੱਖਣੇ। ਚਲੋ ਆਪਣਾ ਕਾਰ ਵਿਹਾਰ ਸੰਭਾਲੋ। ਮੁੜ ਰੌਣਕਾਂ ਆ ਜਾਣਗੀਆਂ ਬਾਸਰਕੇ ਵਿਚ। ਜੇ ਕਿਤੇ ਮਾਇਆ ਦੀ ਲੋੜ ਪਵੇਗੀ ਮੈਂ ਬੈਠਾ ਹਾਂ। ਇਕ ਪੱਗ ਬੰਨ੍ਹ ਬੰਦਾ ਆਖ ਰਿਹਾ ਸੀ। ਮੈਂ ਹੁਣ ਘਰ ਨਹੀਂ ਜਾਣਾ। ਮੇਰਾ ਕੋਈ ਘਰ ਬਾਹਰ ਨਹੀਂ ਮੈਂ ਆਪਣਾ ਘਰ ਲੱਭ ਲਿਆ। ਮੇਰਾ ਬਾਸਰਕੇ ਜਾਣ ਨੂੰ ਜੀਅ ਨਹੀਂ ਕਰਦਾ। ਗੁਰੂ ਮਹਾਰਾਜ ਆਖਣ ਲੱਗੇ।

—ਗੱਲ ਤੇ ਪੱਤੇ ਦੀ ਆਖ ਰਹੇ ਸਨ ਪਿੰਡ ਵਾਲੇ, ਅੱਲਾ ਯਾਰ ਖਾਂ ਬੋਲਿਆ। ਪਰ ਜਿਨ੍ਹਾਂ ਮੁਰਸ਼ਦ ਦਾ ਲੜ ਫੜ ਲਿਆ ਹੋਵੇ ਉਹ ਕਦ ਜਾਂਦੇ ਹਨ ਜੰਨਤ ਛੱਡ ਕੇ। ਘਾਰੋ ਡੱਲਾ ਬੋਲਿਆ।

—ਤੁਸਾਂ ਬਗਲੀ ਪਾ ਲਈ ਏ ਤੇ ਕੀ ਘਰ ਵਾਲੀ ਨੂੰ ਪੇਕੇ ਭੇਜ ਦੇਈਏ।

—ਮੇਰਾ ਉਹਨਾਂ ਦਾ ਏਨਾ ਈ ਸਬੰਧ ਸੀ। ਮੇਰਾ ਰਿਸ਼ਤਾ ਇਥੋਂ ਤਕ ਈ ਸੀ, ਜਿਹੜਾ ਨਿਭਾ ਲਿਆ। ਮੇਰੇ ਭਰਾ ਭਾਈ ਆਪਣਾ ਧੰਦਾ ਆਪ ਵੇਖਣ ਤੇ ਮੇਰੀ ਆਸ ਛੱਡਣ।

—'ਝੁੱਗੀ ਪਾ ਲਈ ਰਾਹ ਵਿਚ ਤੇਰੇ, ਆਉਂਦਾ ਜਾਂਦਾ ਤੱਕਦਾ ਰਵੀਂ', ਤੁਸੀਂ ਜਾਵੋ ਤੁਹਾਡੀ ਬੜੀ ਮਿਹਰਬਾਨੀ ਏ, ਮੇਰੇ ਰਾਹ ਵਿਚ ਸੂਲਾਂ ਨਾ ਖਿਲਾਰੋ। ਅੱਗੇ ਈ ਕੰਡਿਆਂ ਨਾਲ ਭਰਿਆ ਪਿਆ ਏ ਰਾਹ। ਮੇਰਾ ਪੰਧ ਬਹੁਤ ਲੰਮੇਰਾ ਏ। ਮੈਨੂੰ ਰਾਹੇ ਰਾਹੇ ਜਾਣ ਦਿਓ, ਆਵਾਜ਼ ਮੇਰੇ ਗੁਰੂ ਦੀ ਸੀ।

—ਅਸਾਂ ਤੇ ਨਾਲ ਲੈ ਕੇ ਜਾਣਾ ਏ, ਖ਼ਾਲੀ ਹੱਥ ਕਿੱਦਾਂ ਤੁਰ ਜਾਈਏ, ਓਸੇ ਬਜ਼ੁਰਗ ਨੇ ਆਖਿਆ।

—ਮੇਰੀ ਮਜਬੂਰੀ ਨੂੰ ਸਮਝੋ।

—ਅਸੀਂ ਆਪਣੀ ਮਜਬੂਰੀ ਕਿਹਨੂੰ ਦੱਸੀਏ।

—ਜਿਹਨੇ ਪੈਦਾ ਕੀਤਾ ਏ, ਰਿਜ਼ਕ ਉਹਨੇ ਨਾਲ ਲਿਖਿਆ ਏ। ਜਦੋਂ ਦੰਦ ਨਹੀਂ ਸਨ ਉਹਨੇ ਦੁੱਧ ਦਿੱਤਾ। ਜਦੋਂ ਦੰਦ ਦਿੱਤੇ ਕੀ ਅੰਨ ਨਾ ਦੇਊ, ਫ਼ਰਮਾਇਆ ਗੁਰੂ ਨੇ।

—ਤੁਹਾਡੇ ਤੋਂ ਬਗ਼ੈਰ ਸਾਡਾ ਦਿਲ ਨਹੀਂ ਲੱਗਦਾ। ਸਾਰਾ ਪਿੰਡ ਤੁਹਾਡੇ ਨਾਂ ਦੀ ਮਾਲਾ ਜੱਪਦਾ ਏ।

—ਮਾਲਾ ਉਸ ਦੇ ਨਾਂ ਦੀ ਜੱਪੋ, ਜਿਸ ਨੇ ਤੁਹਾਨੂੰ ਪੈਦਾ ਕੀਤਾ ਏ।

—ਮਾਲਾ ਫੇਰਨੀ ਤੁਸੀਂ ਦੱਸੋ, ਚੱਲ ਕੇ ਬਾਸਰਕੇ।

—ਮਾਲਾ ਫੇਰਨ ਦੀ ਜਾਚ ਮੈਨੂੰ ਤੇ ਸਿੱਖ ਆਉਣ ਦਿਓ। ਮੈਂ ਫੇਰ ਤੁਹਾਨੂੰ ਮਾਲਾ ਫੇਰਨ ਦੀ ਜਾਚ ਸਿਖਾ ਦੇਵਾਂਗਾ।

—ਹੁਣ ਅਸੀਂ ਕੀ ਕਰੀਏ।

—ਵਾਹਿਗੁਰੂ ਵਾਹਿਗੁਰੂ ਜੱਪੋ, ਸਾਰੇ ਹੀ ਕਾਰਜ ਰਾਸ ਆ ਜਾਣਗੇ।

—ਕੱਲਿਆਂ ਹੀ।

—ਜਦੋਂ ਬੰਦਾ ਕੱਲ੍ਹਾ ਆਇਆ ਏ ਤੇ ਕੱਲ੍ਹਾ ਈ ਜਾਣਾ ਹੈ। ਮਾਲਾ ਵੀ ਕੱਲਿਆਂ ਈ ਜੱਪੀਦੀ ਏ। ਇਹ ਚਰਖਾ ਨਹੀਂ ਜਿਹੜਾ ਤ੍ਰਿੰਝਣ ਵਿਚ ਕੱਤਿਆ ਜਾਂਦਾ ਏ। ਜਾਓ ਭਾਈ ਆਪਣੇ ਘਰ ਜਾਓ। ਆਵਾਜ਼ ਗੁਰਾਂ ਦੀ ਸੀ।

—ਕੁੜਮਾਂ ਦੇ ਘਰ ਮੁਫ਼ਤ ਦਾ ਖਾ ਕੇ ਖ਼ੁਮਾਰੀ ਚੜ੍ਹ ਗਈ ਏ ਜ਼ਰਾ ਚਾਲ ਢਾਲ ਤੇ ਵੇਖ ਬੁੱਢੇ ਦੀ।

—ਕੁੜਮਾਂ ਦੇ ਘਰ ਬੈਠਿਆਂ ਸ਼ਰਮ ਨਹੀਂ ਸੀ ਆਉਂਦੀ, ਮੱਤ ਮਾਰੀ ਗਈ ਏ। ਬਰਾਦਰੀ ਵਿਚ ਨੱਕ ਵਢਾ ਦਿੱਤਾ ਸੂ। ਬੰਦੇ ਨੇ ਜੇ ਆਪਣਾ ਨੱਕ ਵਢਾਉਣਾ ਈ ਸੀ ਤੇ ਏਥੇ ਈ ਖੇਹ ਖਾਣੀ ਸੀ, ਕਾਬਲ ਚਲਾ ਜਾਂਦਾ, ਗ਼ਜ਼ਨੀ ਚਲਾ ਜਾਂਦਾ, ਜੇ ਕਿਤੇ ਥਾਂ ਨਹੀਂ ਸੀ ਲੱਭਦੀ ਤਾਂ ਖੂਹ ਵਿਚ ਡੁੱਬ ਮਰਦਾ। ਜੇ ਟੱਟੂ ਭਾੜੇ ਹੀ ਕਰਨਾ ਸੀ ਤਾਂ ਕੁੜਮਾਂ ਦਾ ਹੀ ਕਰਨਾ ਸੀ। ਸਾਡੀ ਕਿਉਂ ਪੱਗ ਰੋਲਣ ਲੱਗਾ ਏ। ਸਾਨੂੰ ਤੇ ਪੰਚਾਇਤ ਵਿਚ ਬਹਿਣ ਦੇਂਦਾ। ਇਹ ਉਹ ਬੰਦਾ ਸੀ ਜਿਹਦਾ ਨੱਕ ਬੜਾ ਉੱਚਾ ਸੀ।

—ਨੱਕ ਕੁਝ ਨਹੀਂ। ਨੱਕ ਨੱਕ ਲੋਕ ਐਵੇਂ ਈ ਲਈ ਫਿਰਦੇ ਨੇ। ਇਹ ਸਭ ਕੇਵਲ ਸਮਝ ਦਾ ਈ ਫੇਰ ਏ। ਆਪਣਾ ਅੱਗਾ ਸਵਾਰ ਭਾਈ।

—ਇਹ ਸੱਤਰਿਆ ਬਹੱਤਰਿਆ ਗਿਆ ਏ। ਚਲੋ ਆਪਣੇ ਕੁੜਮ ਕੋਲ ਚਲਦੇ ਹਾਂ। ਉਹਨੂੰ ਸ਼ਰਮ ਪਊ, ਉਹ ਆਪੇ ਸਾਡੇ ਅੱਗੇ ਲਾ ਕੇ ਤੋਰੂ, ਖੜਪੈਂਚ ਸੀ ਬਾਸਰਕੇ ਦਾ।

ਜੱਥਾ ਬੰਨ੍ਹ ਕੇ ਚਲੇ ਗਏ ਬਾਸਰਕੇ ਵਾਲੇ ਗੁਰੂ ਅੰਗਦ ਦੇਵ ਕੋਲ।

—ਆਓ, ਆਓ, ਮੇਰੇ ਸਿਰ ਦੇ ਤਾਜੋ, ਤੁਸਾਂ ਕਿਦਾਂ ਤਕਲੀਫ਼ਾਂ ਕੀਤੀਆਂ। ਭਾਈ ਜੀ ਇਨ੍ਹਾਂ ਨੂੰ ਲੰਗਰ ਪਾਣੀ ਵੀ ਛਕਾਇਆ ਜੇ। ਜ਼ਰਾ ਕੁ ਆਰਾਮ ਕਰੋ, ਮੇਰੇ ਪਰਾਹੁਣਿਓਂ, ਥਕਾਵਟ ਉਤਰ ਜਾਵੇਗੀ।

—ਅਸਾਂ ਸਭ ਕੁਝ ਖਾ ਪੀ ਲਿਆ ਏ। ਸਾਨੂੰ ਤੇ ਸਾਡਾ ਬੰਦਾ ਦੇ ਦਿਓ।

—ਕੌਣ ਅਮਰ ਦਾਸ, ਲੈ ਜਾਓ ਅਸਾਂ ਕਿਹੜਾ ਰੱਸੇ ਨਾਲ ਬੰਨ੍ਹਿਆ ਹੋਇਆ ਏ। ਕਿਉਂ ਭਾਈ ਤੂੰ ਜਾਂਦਾ ਕਿਉਂ ਨਹੀਂ। ਗੁਰੂ ਅੰਗਦ ਦੇਵ ਨੇ ਆਖਿਆ ਅਮਰ ਦਾਸ ਨੂੰ।

—ਅਮਰ ਦਾਸ ਨੇ ਝੱਟ ਹੀ ਗੁਰੂ ਦੇ ਚਰਨ ਫੜ ਲਏ, ਮੈਨੂੰ ਚਰਨਾਂ ਤੋਂ ਨਾ ਵਿਛੋੜੋ, ਇਹ ਅਗਿਆਨੀ ਨੇ, ਮੈਂ ਰਾਹ ਤੇ ਪੈ ਗਿਆ ਹਾਂ, ਇਹ ਕੀ ਜਾਣਨ, 'ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ ਸਬੱਬ ਨਾਲ ਹੋਣੀ ਕੱਠੀਆਂ।' ਇਹ ਦਰਿਆ ਦਾ ਈ ਮੌਜ ਮੇਲਾ ਏ। ਪੂਰ ਦਰਿਆ ਲੰਘਿਆ। ਇਕ ਇਕ ਕਰ ਕੇ ਸਾਰੇ ਲੰਘ ਜਾਂਦੇ ਹਨ, ਇਨ੍ਹਾਂ ਦਾਂ ਮੇਰਾ ਹੁਣ ਕਈ ਸਾਥ ਨਹੀਂ। ਆਖਰ ਵੇਲਾ ਇਕ ਦਿਨ ਵਿਛੜਨਾ ਏ, ਇਹ ਐਵੇਂ ਈ ਇੱਜ਼ਤ ਦਾ ਵਾਸਤਾ ਪਾ ਰਹੇ ਨੇ। ਇਹ ਝੂਠੀ ਪੱਗ ਜਿਹੜੀ ਰਾਹ ਵਿਚ ਰੁਲ ਜਾਣੀ ਏ। ਮੈਨੂੰ ਆਪਣੇ ਕੋਲ ਈ ਰੱਖੋ। ਇਨ੍ਹਾਂ ਦੇ ਹੱਥ ਵਿਚ ਮੇਰਾ ਰੱਸਾ ਨਾ ਦੇ ਦੇਣਾ, ਮੇਰਾ ਸਤਿਗੁਰ।

—ਗੁਰੂ ਅੰਗਦ ਦੇਵ ਨੇ ਬਰਾਦਰੀ ਨੂੰ ਫਰਮਾਇਆ, ਤੁਸੀਂ ਜਾਵੋ ਤੇ ਮੈਂ ਇਹਨਾਂ ਨੂੰ ਸਮਝਾ ਕੇ ਭੇਜ ਦੇਵਾਂਗਾ।

—ਜ਼ਿਦੇ ਪਿਆ ਆਦਮੀ ਆਪਣੀ ਜ਼ਿਦ ਨਹੀਂ ਛੱਡ ਸਕਦਾ। ਮੇਰੀ ਕੁੜਮਾਚਾਰੀ ਏ, ਮੈਂ ਤਲਖ਼-ਕਲਾਮੀ ਨਹੀਂ ਕਰ ਸਕਦਾ। ਤੁਸਾਂ ਮੇਰੀ ਇੱਜ਼ਤ ਰੱਖਣੀ ਏ, ਮੈਂ ਰਾਹ ਤੇ ਲੈ ਆਵਾਂਗਾ, ਤੁਸੀਂ ਤਸੱਲੀ ਰੱਖੋ, ਧੀਰਜ ਤੋਂ ਕੰਮ ਲਵੋ। ਏਨਾ ਪੰਧ ਮਾਰ ਕੇ ਆਏ ਹੋ, ਦੋ ਚਾਰ ਦਿਨ ਆਰਾਮ ਕਰ ਲਵੋ। ਸਾਨੂੰ ਵੀ ਖ਼ਿਦਮਤ ਦਾ ਮੌਕਾ ਦਿਓ। ਧੰਨ ਭਾਗ ਹਨ ਜੋ ਕੀੜੀ ਦੇ ਘਰ ਨਰੈਣ ਆਏ ਹਨ। ਮੇਰੀ ਕੋਈ ਬਰਾਦਰੀ ਨਹੀਂ, ਮੇਰਾ ਕੋਈ ਸਾਥ ਨਹੀਂ, ਮੇਰਾ ਕੋਈ ਕਬੀਲਾ ਨਹੀਂ। ਮੈਂ ਆਪਣਾ ਕਬੀਲਾ ਲੱਭ ਲਿਆ ਏ, ਮੈਨੂੰ ਆਪਣੀ ਹਾਲਤ ਤੇ ਛੱਡ ਦਿਓ, ਜਾਓ ਜਾਓ ਮੇਰੇ ਪਿੰਡ ਦਿਓ ਲੋਕੋ, ਮੈਨੂੰ ਮੇਰੇ ਹਾਲ ਤੇ ਜੀਣ ਦਿਓ। ਮੇਰਾ ਗੁਰੂ ਵਾਸਤੇ ਪਾ ਰਿਹਾ ਸੀ।

—ਅਮਰ ਦਾਸ ਨੂੰ ਤੇ ਦਰਬਾਰ ਵੱਲੋਂ ਸਿਰੋਪਾ ਮਿਲ ਗਿਆ ਏ। ਇਹਦੀ ਚੁਰਾਸੀ ਕੱਟੀ ਜਾਣੀ ਏ। ਅਮਰ ਦਾਸ ਹੁਣ ਅਮਰ ਦਾਸ ਨਹੀਂ ਰਿਹਾ, ਗੁਰੂ ਨਾਨਕ ਦੇ ਘਰ ਦਾ ਸੇਵਕ ਬਣ ਗਿਆ ਏ। ਇਹਦਾ ਪੈਂਡਾ ਖੋਟਾ ਨਾ ਕਰੋ, ਇਹਦੇ ਰਾਹ ਵਿਚ ਮੋਹ ਦੇ ਥੰਮ੍ਹੇ ਨਾ ਗੱਡੋ। ਇਹ ਪਾਣੀ ਕੱਢ ਲਿਆਇਆ ਏ ਡੋਲ ਨਾਲ ਖੂਹ ਵਿਚੋਂ, ਇਹਦੀ ਲੱਜ ਨਾ ਫੜੋ, ਇਹਦੀ ਭੌਣੀ ਨਾ ਰੋਕੋ, ਪਾਪ ਲੱਗੂ। ਗੁਰੂ ਘਰ ਦਾ ਇਕ ਸੇਵਕ ਆਖ ਰਿਹਾ ਸੀ।

—ਕੀ ਅਸੀਂ ਖ਼ਾਲੀ ਹੱਥ ਜਾਈਏ। ਕਿਉਂ ਤੁਸੀਂ ਝੋਲੀਆਂ ਭਰ ਕੇ ਜਾਓ, ਗੁਰੂ ਘਰ ਦੀਆਂ ਰਹਿਮਤਾਂ, ਬਖ਼ਸ਼ਿਸ਼ਾਂ ਤੁਹਾਡੇ ਉੱਤੇ ਨਿਛਾਵਰ ਹੋਣ। ਤੁਸੀਂ ਕਰਮਾਂ ਵਾਲੇ ਜੀਵ ਹੋ, ਇਹ ਕੁੜਮ ਕਿਸੇ ਦਿਨ ਤੁਹਾਡਾ ਨਾਂ ਉੱਚਾ ਕਰੇਗਾ, ਤੁਹਾਡੀ ਜੈ ਜੈ ਕਾਰ ਹੋਵੇਗੀ ਸਾਰੇ ਜੱਗ ਵਿਚ। ਸਾਰਾ ਪੰਜਾਬ ਇਹਦੇ ਕਦਮਾਂ ਤੇ ਸਿਰ ਧਰੇਗਾ। ਜਾਓ ਭਾਈ! ਤੁਸੀਂ ਆਪਣੇ ਘਰ ਜਾਵੋ। ਸਾਡਾ ਸਾਥੀ ਸਾਥੋਂ ਨਾ ਵਿਛੋੜੋ। ਆਖਣ ਵਾਲਾ ਇਕ ਗੁਰੂ ਦਾ ਪਿਆਰਾ ਸੀ।

—ਭਰਾ, ਭਰਜਾਈ, ਨੂੰਹ, ਘਰਵਾਲੀ ਸਾਰੇ ਜਣੇ ਨਿਰਾਸ਼ ਹੋ ਗਏ, ਤੁਸੀਂ ਸਾਰੇ ਜਣੇ ਵਾਪਸ ਚਲੇ ਜਾਵੋ. ਮੈਂ ਤੇ ਹੁਣ ਏਥੇ ਈ ਰਹਾਂਗੀ। ਜੇ ਮੇਰੇ ਘਰ ਵਾਲੇ ਨੇ ਬਗਲੀ ਪਾ ਲਈ ਏ ਤਾਂ ਮੈਂ ਲੀਰਾਂ ਹੰਢਾ ਲਵਾਂਗੀ, ਜਿੱਥੇ ਮੇਰਾ ਸਵਾਮੀ ਉਥੇ ਮੈਂ ਵੀ।

—ਇਤਿਹਾਸਕਾਰ ਆਖਦੇ ਨੇ, ਸਾਰਾ ਪਿੰਡ ਮੁੜ ਆਇਆ, ਖ਼ਾਲੀ ਹੱਥ। ਖਡੂਰ ਵਿਚ ਰਹਿ ਕੇ ਅਮਰ ਦਾਸ ਤੇ ਉਹਦੀ ਜੀਵਨ ਸਾਥਣ। ਉਸ ਦਿਨ ਤੋਂ ਬਾਅਦ ਜੁੱਸੇ ਵਿਚ ਚੁਸਤੀ ਆ ਗਈ, ਉਦਮ ਆ ਗਿਆ ਸਰੀਰ ਵਿਚ, ਚਿਹਰੇ ਤੇ ਲਾਲੀਆਂ ਚੜ੍ਹ ਪਈਆਂ।

ਚਿੱਤ ਵਿਚ ਕਿਤੇ ਉਪਰਾਮਤਾ ਨਾ ਹੁੰਦੀ ਤੇ ਨਾ ਕਦੇ ਖਿੱਝਦੀ, ਨਾ ਕਦੇ ਕੌੜਾ ਬੋਲਦੀ ਤੇ ਨਾ ਉਸ ਨੇ ਲੋਕ-ਲਾਜ ਨੂੰ ਪੱਲੇ ਬੰਨ੍ਹਿਆ।

—ਸੋਨਾ ਇਕ ਵਾਰ ਕੁਠਾਲੀ ਵਿਚ ਪਿਆ ਸੀ, ਉਸ ਕਿੰਨੀ ਵਾਰੀ ਅੱਗ ਦੀ ਕੁਠਾਲੀ ਦਾ ਸੇਕ ਸਹਿਣਾ ਸੀ।

ਅਬ ਮੇਰੇ ਸਤਿਗੁਰ ਹੈ ਸਭ ਕਿਛ, ਸਦਨ, ਕੁਟੰਬ, ਪਿਤਾ ਅਰ ਮਾਤ।
ਇਹੀ ਸਹਾਇਕ ਹੋਹਿ ਅੰਤ ਕੋ, ਰਹਿ ਦੇ ਕਲ ਜਹਿ ਕੇ ਇਨ ਜਾਤ।

□□

੭

—ਸੁੱਖ ਨਾਲ ਫਿਰ ਇਹ ਮਹੂਰਤ ਦੂਜੇ ਸਾਲ ਦਾ ਸੀ। ਸਿਰ ਮੁਨਾਉਂਦਿਆਂ ਈ ਔਲੇ ਪੈ ਗਏ, ਬਰਾਦਰੀ ਵੀ ਰੁੱਸ ਗਈ ਤੇ ਪਿੰਡ ਵਾਲੇ ਵੀ ਵੈਰੀ ਬਣ ਗਏ। ਘਰ ਵਾਲਿਆਂ ਬੂਥੀ ਸੁਜਾ ਲਈ, ਮੂੰਹ ਵੱਟਿਆ, ਬਾਸਰਕੇ ਵਾਲੇ ਆਪਣੇ ਮਨੋਂ ਸਾਕ ਤੋੜ ਕੇ ਗਏ ਸਨ। ਪਰ ਮੇਰੇ ਗੁਰੂ ਦਾ ਦਿਲ ਬਾਸਰਕੇ ਵਿਚ ਵਜਦਾ ਸੀ, ਦਿਲ ਭਟਕਦਾ, ਬਾਸਰਕੇ ਨੂੰ ਯਾਦ ਕਰਦਾ। ਜਦੋਂ ਖਡੂਰ ਵਿਚ ਮੇਰੀ ਵਾਹਵਾ ਹੋ ਗਈ ਤੇ ਬਾਸਰਕੇ ਵਾਲੇ ਆਪੇ ਈ ਨਚਦੇ ਫਿਰਦੇ ਨੇ। ਇਹ ਓਪਰਾ ਗੁੱਸਾ ਏ ਇਕ ਦੋ ਦਿਨ ਵਿਚ ਲੱਥ ਜਾਣਾ ਏ, ਇਹ ਸਦੀਵੀ ਨਹੀਂ ਰਹਿਣਾ। ਮੇਰੇ ਗੁਰੂ ਨੇ ਕਿਹੜੇ ਕਿਸੇ ਦੇ ਮਾਹ ਪੁੱਟੇ ਸਨ, ਕਿਸੇ ਦਾ ਵਾੜਾ ਨਹੀਂ ਸੀ ਉਜਾੜਿਆ, ਬਕਰੀਆਂ ਹਿੱਕ ਕੇ ਨਹੀਂ ਸੀ ਲੈ ਤੁਰਿਆ ਕਿਸੇ ਦੀਆਂ। ਹਨੇਰ ਸਾਈਂ ਦਾ ਘਰ ਵਾਲੇ ਵੀ ਦੁਨੀਆਂ ਵਿਚ ਆ ਗਏ। ਕੋਈ ਇਹ ਨਹੀਂ ਸੀ ਜਾਣਦਾ, ਇਹ ਮੰਜ਼ਿਲ ਕੀ ਏ।

—ਨਾਥਾਂ ਨੇ ਇਕ ਜੋਗੀ ਮੁੰਨਿਆ ਸੀ, ਤਾਜ਼ਾ ਤਾਜ਼ਾ। ਕੰਨ ਚੀਰ ਕੇ ਮੁੰਦਰਾਂ ਪਾ ਦਿੱਤੀਆਂ ਤੇ ਬਿਭੂਤ ਮਲੀ ਉਹਦੇ ਪਿੰਡੇ ਤੇ ਅੱਗ ਸੇਕਾਈ ਧੂੰਏਂ ਦੀ। ਮੁੰਨਿਆਂ ਜੋਗੀ ਫਤਿਹਬਾਦ ਦਾ ਸੀ। ਨਾਥ ਨੇ ਆਖਿਆ ਜਾ ਬੱਚਾ ਭਿਖਸ਼ਾ ਲੈ ਕੇ ਆ। ਆਪਣੇ ਘਰ ਤੋਂ, ਵੇਖੀਂ ਪਹਿਲੀ ਭਿਖਸ਼ਾ ਆਪਣੀ ਘਰ ਵਾਲੀ ਤੋਂ ਲੈ ਕੇ ਆਉਣੀ ਊ, ਤੇ ਉਹਨੂੰ ਮਾਂ ਆਖ ਕੇ ਆਵੀਂ ਤਾਂ ਤੈਨੂੰ ਜੋਗ ਮਿਲਣਾ ਈ। ਗੁਰ ਮੰਤਰ ਫੇਰ ਦੇਣਗੇ ਨਾਥ।

ਫਤਿਹਆਬਾਦ ਗਿਆ। ਜਾ ਅਲਖ ਜਗਾਈ, ਆਪਣੇ ਘਰ ਦੇ ਬੂਹੇ ਅਗੇ। ਕਿਸੇ ਨੇ ਬੂਹਾ ਨਾ ਖੋਲ੍ਹਿਆ, ਵਾਜ ਨਾ ਦਿਤੀ। ਗਵਾਂਢੀ ਝਾਤੀਆਂ ਮਾਰ ਰਹੇ ਸਨ। ਔਲਖ ਨਿਰੰਜਨ! ਔਲਖ ਨਿਰੰਜਨ!! ਨਾਥ ਆਏ ਹਨ, ਭਿਖਸ਼ਾ ਪਾ ਮਾਈ। ਘਰ ਵਾਲੇ ਸਾਰੇ ਖਡੂਰ ਮੱਥਾ ਟੇਕਣ ਆਏ ਹੋਏ ਸਨ ਤੇ ਉਨ੍ਹਾਂ ਉਥੇ ਇਕ ਮਹੀਨਾ ਰਹਿਣਾ ਸੀ। ਜੋਗੀ ਨੇ ਮੂੰਹ ਖਡੂਰ ਵਲ ਕਰ ਲਿਆ। ਤੇ ਆਣ ਸਾਹ ਲਿਆ ਸਾਰੇ ਘਰ ਵਾਲੇ ਬੈਠੇ ਆਰਾਮ ਕਰ ਰਹੇ ਸਨ ਤੇ ਮੇਰਾ ਗੁਰੂ ਵੀ ਇਕ ਖੂੰਜੇ ਪਰਨਾ ਵਿਛਾ ਕੇ ਸਤਿਨਾਮ ਸਤਿਨਾਮ ਕਰ ਰਿਹਾ ਸੀ। ਨਾਲੇ ਤੇ ਜ਼ਰਾ ਲਕ ਸਿੱਧਾ ਹੋ ਜਾਊ ਤੇ ਨਾਲੇ ਦੁਪਹਿਰਾਂ ਢਲ ਜਾਣਗੀਆਂ।

—ਅਲਖ ਨਿਰੰਜਨ, ਜੋਗੀ ਨੇ ਆਣ ਅਲਖ ਜਗਾਈ।

—ਜੋਗੀ ਕੀ ਚਾਹੁੰਦੇ ਹਨ। ਅਲਖ ਨਿਰੰਜਨ।

—ਭਿਖਸ਼ਾ।

—ਇਹ ਮੇਰਾ ਘਰ ਨਹੀਂ।

—ਭਿਖਸ਼ਾ ਦਾ ਘਰ ਨਾਲ ਕੋਈ ਸੰਬੰਧ ਨਹੀਂ।

—ਮੇਰਾ ਘਰ ਫਤਿਹਆਬਾਦ, ਮੇਰੇ ਮਹੱਲ, ਮੇਰਾ ਰਣਵਾਸ, ਮੇਰੇ ਘਰ ਬਿਰਾਜੋ ਸਵਾਮੀ।

—ਅਸੀਂ ਕੀ ਲੈਣਾ ਏ, ਮਹੱਲ ਮਾੜੀਆਂ ਤੋਂ ਜਿਹੜੇ ਛੱਡੇ ਗਿਰਾਂ, ਓਨਾਂ ਦਾ ਕੀ ਲੈਣਾ ਨਾਂ। ਭਿਖਸ਼ਾ ਪਾ ਮਾਂ।

—ਨਾਥ ਜੀ ਭੁਲ ਗਏ ਓ। ਓਹ ਮੇਰੀ ਫੁਲਾਂ ਦੀ ਸੇਜ, ਓਹ ਮਹਿਕਦੇ ਕਮਰੇ, ਅਜੇ ਤੇ ਮੇਰੀ ਸੇਜ ਕਵਾਰੀ ਏ, ਕਿਸੇ ਨੇ ਪੈਰ ਧਰ ਕੇ ਵੀ ਨਹੀਂ ਵੇਖੇ।

—ਓਸਦੇ ਕੇਵੇ ਵੀ ਯਾਦ ਹਨ।

—ਊਹ ਲਤਾ ਮੰਡਪ।

—ਨਿਰੀ ਅੱਗ। ਮੱਚਦੀ ਜਵਾਲਾ।

—ਪੁੰਨਿਆਂ ਦਾ ਚੰਨ।

—ਦੁਖਦਾਈ ਹੈ। ਦੁਖਾਂ ਦੀ ਨਹਿਰ ਏ।

—ਤਾਰਿਆਂ ਭਰੀ ਰਾਤ।

—ਭਿਆਨਕ ਸੂਰਾਂ ਜੜੀ ਫੁਲਕਾਰੀ!

—ਮੇਰਾ ਪਿਆਰ।

—ਪਵਿੱਤਰ ਧੰਧਾ।

—ਮੈਂ ਅੰਧਕਾਰ ਵਿਚ ਭਟਕ ਰਹੀ ਹਾਂ, ਮੇਰੀ ਸੁੱਧ ਕੌਣ ਲਊ।

—ਅਲਖ ਨਰੰਜਨ ਹੀ ਚਾਨਣ ਵਿਖਾਉਣਗੇ, ਓਸੇ ਦੀ ਸ਼ਰਨ ਲੈ ਮਾਂ।

—ਭਿਖਸ਼ਾ ਮਾਂ, ਸਾਨੂੰ ਦੇਰ ਹੋ ਰਹੀ ਹੈ।

—ਮੇਰੇ ਕੋਲ ਤੇ ਲੰਗਰ ਦੇ ਪ੍ਰਸ਼ਾਦੇ ਹਨ, ਬੜੀ ਸ਼ਰਧਾ ਨਾਲ ਲਿਆਈ ਹਾਂ।

—ਸਾਨੂੰ ਏਸੇ ਦੀ ਭਿਕਸ਼ਾ ਕਬੂਲ ਏ, ਭਿਖਸ਼ਾ ਪਾ ਮਾਂ।

ਲੰਗਰ ਦੇ ਪ੍ਰਸ਼ਾਦੇ, ਜੋਗੀ ਦੇ ਕਰਮੰਡਲ ਵਿਚ ਸਨ, ਜਦ ਜੋਗੀ ਨਾਥ ਕੋਲ ਗਿਆ ਤਾਂ ਜੋਗੀ ਨੇ ਆਖਿਆ ਭਿਖਸ਼ਾ ਲੈ ਆਇਆ ਏਂ।

—ਹਾਂ।

—ਵਿਖਾ ਭਿਖਸ਼ਾ।

—ਇਹ ਕੀ? ਗੁਰੂ ਘਰ ਦੇ ਲੰਗਰ ਦੇ ਪ੍ਰਸ਼ਾਦੇ।

—ਭਿਖਸ਼ਾ। ਮੇਰੀ ਇਸਤਰੀ ਕੋਲ ਇਸ ਵੇਲੇ ਇਹੋ ਕੁਝ ਸੀ।

—ਤੂੰ ਭਿਖਸ਼ਾ ਲੈ ਆਇਆ ਹੈਂ, ਤੇ ਨਾਲ ਪੁੰਨ ਵੀ ਲੈ ਆਇਆ ਏਂ। ਤੇ ਗੁਰੂ ਘਰ ਦੀ ਬਖਸ਼ਸ਼ ਵੀ।

—ਜਾਹ ਬੱਚਾ, ਅੱਜ ਤੋਂ ਤੂੰ ਜੋਗੀ ਹੋ ਗਿਆ ਏਂ। ਗੁਰੂ ਪ੍ਰਸੰਨ ਹੋ ਗਿਆ ਤੇ ਜੋਗੀ ਨੂੰ ਨਾਥ ਦੀ ਪਦਵੀ ਮਿਲ ਗਈ।

ਮੇਰਾ ਗੁਰੂ ਵੇਖ ਰਿਹਾ ਸੀ। ਗੁਰੂ ਤੋਂ ਬਿਨਾਂ ਗੱਤ ਨਹੀਂ।

ਸਾਰਾ ਸਾਲ ਫੇਰ ਪਹਿਲੀ ਕਾਰ, ਸਵੇਰੇ ਸ਼ਾਮ ਬਿਆਸਾ ਤੋਂ ਗਾਗਰ ਭਰ ਕੇ ਲਿਆਉਣੀ ਤੇ ਦਿਨੇ ਸੇਵਾ ਕਰਨੀ ਲੰਗਰ ਦੀ। ਮੂੰਹ ਹਨੇਰੇ, ਨਾ ਮੈਂ ਕਿਸੇ ਨੂੰ ਜਾਣਾ ਤੇ ਨਾ ਕੋਈ ਮੈਨੂੰ ਜਾਣੇ।

ਏਸ ਸਾਲ ਫੱਗਣ ਵੀ ਗੁਜ਼ਰ ਗਿਆ। ਚੜ੍ਹੇ ਚੇਤਰ ਗੁਰੂ ਨੇ ਸੰਗਰਾਂਦ ਨੂੰ ਫੇਰ ਦੀਵਾਨ ਲਾਇਆ ਤੇ ਫੇਰ ਭਰੇ ਦੀਵਾਨ ਵਿਚ ਮੇਰੇ ਗੁਰੂ ਨੂੰ ਆਵਾਜ਼ ਦੇ ਕੇ ਬੁਲਾਇਆ।

ਸਰੀਰ ਦੀ ਸੁਧ ਬੁਧ ਨਹੀਂ ਸੀ ਰਹੀ। ਕਪੜੇ ਬੇਸ਼ਕ ਲੀਰਾਂ ਹੋ ਗਏ ਸਨ। ਪਰ ਗੁਰੂ ਪਰੇਮ ਕਾਰਨ ਲਾਲੀ ਚਿਹਰੇ ਤੇ ਆ ਗਈ ਸੀ। ਚਿਹਰੇ ਤੇ ਨੂਰ ਚਮਕ ਰਿਹਾ ਸੀ।

ਕਨੇਰਾਂ ਅਜੇ ਫੁਲੀਆਂ ਹੋਈਆਂ ਸਨ। ਫੁਲ ਟਹਿਕੇ ਰਹੇ ਸਨ। ਕਿੰਨੀ ਸੋਹਣੀ ਲੱਗਦੀ ਏ, ਕਨੇਰ ਫੁਲੀ ਹੋਈ।

ਗੁਰਮੁਖ ਸਿੰਘ ਨੇ ਚੇਤਰ ਦਾ ਮਹੀਨਾ ਸੁਣਾਇਆ ਸਾਰੀ ਸੰਗਤ ਨੂੰ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖ ਪਾਵੈ ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉਂ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥

ਸੰਗਤ ਬਾਣੀ ਦਾ ਅੰਮ੍ਰਿਤ ਪਾ ਕੇ ਧੰਨ ਧੰਨ ਹੋਈ, ਖੁਸ਼ੀਆਂ 'ਚ ਨੱਚ ਉਠਿਆ ਵਿਹੜਾ ਗੁਰ ਦਾ।

ਦੂਜਾ ਸਿਰੋਪਾ ਗੁਰਾਂ ਨੇ ਬਖਸ਼ਿਆ ਤੇ ਉਹ ਅਮਰਦਾਸ ਨੇ ਪਹਿਲੇ ਸਿਰੋਪਾ ਦੇ ਉਤੇ ਬੰਨ੍ਹ ਲਿਆ। ਪਹਿਲੇ ਸਾਲ ਵਾਲਾ ਸਿਰੋਪਾ ਉਹ ਘਰੋਂ ਹੀ ਸਿਰ ਤੇ ਬੰਨ੍ਹ ਕੇ ਆਏ ਸਨ। ਦਿਲ ਦੀ ਕਲੀ ਮਹਿਕ ਪਈ। ਕਲੀ ਖਿੜੀ ਤੇ ਫੁਲ ਬਣ ਗਈ। ਜੰਜਾਲ ਲੋਕ ਲਾਜ ਦਾ ਟੁਟ ਰਿਹਾ ਸੀ। ਗੰਭੀਰਤਾ ਸੁਭਾਅ ਵਿਚ ਆ ਰਹੀ ਸੀ। ਇਕ ਪੌਦਾ ਧਰਤੀ ਚੋਂ ਉਭਰ ਰਿਹਾ ਸੀ।

□□

੮

—ਚੇਤਰ ਚੜ੍ਹਿਆ, ਭਾਗੀ ਭਰਿਆ। ਚੇਤਰ ਦਾ ਸੁਭਾਅ ਬੜਾ ਮੱਧ ਭਰਿਆ ਸੀ। ਕੋਇਲ ਦੀ ਕੂਕ ਨੇ ਇਕ ਵਾਰ ਤਾਂ ਦਿਲ ਹਿਲਾ ਦਿੱਤਾ। ਬਾਗੀਂ ਅੰਬੀਆਂ ਨਾਲ ਭਰ ਗਏ ਅੰਬ। ਰੁੱਤ ਸੁਹਾਵਣੀ ਸੀ। ਨਸ਼ਿਆਈ ਫਿਰਦੀ ਸੀ, ਰੁੱਤ ਦੀ ਪਟਰਾਣੀ। ਮੇਰੇ

ਗੁਰੂ ਨੇ ਆਪਣਾ ਵਤੀਰਾ ਕੁਝ ਬਦਲ ਲਿਆ ਜਾਂ ਇਉਂ ਆਖ ਲਉ ਕਿ ਉਨ੍ਹਾਂ ਆਪਣੇ ਪਰੋਗਰਾਮ ਵਿਚ ਤਬਦੀਲੀ ਕਰ ਲਈ। ਪਾਣੀ ਦੀ ਗਾਗਰ ਅਗੇ ਇਕ ਲਿਆਉਂਦੇ ਸਨ ਤੇ ਹੁਣ ਦੋ ਲਿਆਉਣੀਆਂ ਸ਼ੁਰੂ ਕਰ ਦਿਤੀਆਂ। ਪਹਿਲਾਂ ਦੋਵੇਂ ਗਾਗਰਾਂ ਲੰਗਰ ਵਿਚ ਵਰਤੀਆਂ ਜਾਂਦੀਆਂ ਰਹੀਆਂ। ਫੇਰ ਚੇਤਰ ਦੇ ਮਹੀਨੇ ਤੋਂ ਜਾਂ ਦੂਜੇ ਸਾਲ 'ਚ ਪ੍ਰਕਿਰਤੀ ਇਉਂ ਬਦਲੀ ਕਿ ਸਵੇਰ ਦੀ ਗਾਗਰ ਗੁਰੂ ਮਹਾਰਾਜ ਗੁਰੂ ਅੰਗਦ ਦੇਵ ਦੇ ਇਸ਼ਨਾਨ ਲਈ ਰੱਖ ਆਉਂਦੇ। ਤੀਜੇ ਸਾਲ ਵਿਚ ਗਾਗਰ ਲਿਆ ਕੇ ਰੱਖ ਆਉਂਦੇ ਪਰ ਇਸ਼ਨਾਨ ਗੁਰੂ ਸਾਹਿਬ ਆਪ ਈ ਕਰਦੇ ਜਾਂ ਉਹ ਸੇਵਾਦਾਰ ਜਿਹੜੇ ਗੁਰੂ ਦੀ ਹਾਜ਼ਰੀ ਭਰਦੇ ਸਨ। ਅਜੇ ਗੁਰੂ ਅਮਰ ਦਾਸ ਦਾ ਚੰਗੀ ਤਰ੍ਹਾਂ ਆਉਣ ਜਾਣ ਨਹੀਂ ਸੀ ਹੋਇਆ ਜਾਂ ਇਉਂ ਕਹਿ ਲਵੋ ਕਿ ਹਾਲੇ ਖੁਲ੍ਹ ਨਹੀਂ ਸੀ ਹੋਈ। ਸਾਰਾ ਸਾਲ ਏਸੇ ਤਰ੍ਹਾਂ ਗੁਜ਼ਾਰਨ ਦਾ ਪਰੋਗਰਾਮ ਉਲੀਕਿਆ ਗਿਆ ਸੀ। ਹੁਣ ਮੇਰੇ ਗੁਰੂ ਨੂੰ ਲੋਕਾਂ ਨੇ ਆਉਂਦਿਆਂ ਜਾਂਦਿਆਂ ਵੇਖਿਆ ਸੀ। ਖਡੂਰ ਵਾਲਿਆਂ ਨੂੰ ਹੁਣ ਪਤਾ ਲਗਿਆ ਸੀ ਕਿ ਅਮਰ ਦਾਸ ਖਡੂਰ ਵਿਚ ਹੀ ਏ। ਸਵੇਰੇ ਜਦ ਇਸ਼ਨਾਨ ਕਰ ਲੈਂਦੇ ਮਹਾਰਾਜ ਤੇ ਫੇਰ ਖ਼ਾਲੀ ਗਾਗਰ ਚੁੱਕ ਕੇ ਲੰਗਰ ਵਿਚ ਰਖੀ ਜਾਂਦੀ। ਦੁਪਹਿਰਾ ਢਲਣ ਤੋਂ ਬਾਦ ਬਿਆਸਾ ਵਲ ਮੂੰਹ ਕੀਤਾ ਜਾਂਦਾ ਤੇ ਫੇਰ ਉਹੋ ਰਾਹ ਤੇ ਉਹੋ ਡੰਡੀਆਂ, ਉਹੋ ਜੰਗਲ, ਉਹੋ ਬੇਲਾ, ਉਹੋ ਪੁਰਾਣੇ ਸਾਥੀ ਕਾਹੀ, ਉਗੜ ਦੁਗੜਾ ਰਾਹ, ਬੇ-ਆਬਾਦ, ਨਾ ਬੰਦਾ ਨਾ ਬੰਦੇ ਦੀ ਜ਼ਾਤ। ਬੇ ਜ਼ਬਾਨ ਜੀਵ ਜਿਨ੍ਹਾਂ ਦੀ ਬੋਲੀ ਸਮਝ ਵਿਚ ਨਹੀਂ ਸੀ ਆਉਂਦੀ। ਕੁਝ ਇਤਿਹਾਸਕਾਰ ਆਖਦੇ ਹਨ ਕਿ ਗੁਰੂ ਦੇ ਰੋਜ਼ ਦੇ ਅਭਿਆਸ ਨੇ ਜਾਨਵਰਾਂ ਦੀ ਬੋਲੀਆਂ ਵੀ ਸਿੱਖ ਲਈਆਂ ਸਨ। ਉਹ ਬੋਲੀਆਂ ਬੋਲ ਤੇ ਨਹੀਂ ਸਨ ਸਕਦੇ ਪਰ ਉਨ੍ਹਾਂ ਦੇ ਦਿਲ ਦੀ ਭਾਵਨਾ ਜ਼ਰੂਰ ਸਮਝ ਲੈਂਦੇ ਸਨ। ਕੋਈ ਜਾਨਵਰ ਬੇ ਸਮਝੀ ਨਾਲ ਵੀ ਗੁਰੂ ਦਾ ਰਾਹ ਨਹੀਂ ਸੀ ਰੋਕਦਾ, ਸਾਰੇ ਜਾਨਵਰਾਂ ਨਾਲ ਸਾਂਝ ਜਿਹੀ ਪੈ ਗਈ ਸੀ। ਮੇਰਾ ਗੁਰੂ ਸੂਰਜ ਚੜ੍ਹਨ ਤੋਂ ਪਹਿਲਾਂ ਗਾਗਰ ਭਰ ਕੇ ਲੈ ਆਉਂਦਾ, ਦੁਪਹਿਰ ਵੇਲੇ ਲੰਗਰ ਦੀ ਸੇਵਾ ਕਰਦੇ, ਤੇ ਲੋਕਾਂ ਦੇ ਮੂੰਹ ਮੱਥੇ ਵੀ ਲਗਦੇ। ਜਾਣ ਪਛਾਣ ਦਾ ਘੇਰਾ ਵਿਸ਼ਾਲ ਹੋਣ ਲੱਗ ਪਿਆ। ਹਰ ਬੰਦਾ ਮੇਰੇ ਗੁਰੂ ਨੂੰ ਜਾਣਦਾ ਸੀ। ਹੁਣ ਇਕ ਗੱਲ ਹੋਰ ਸਾਹਮਣੇ ਆਈ, ਬੜਾ ਅਚੰਭਾ ਸੀ। ਦੋ ਸਾਲ ਤਕ ਤਾਂ ਗੁਰੂ ਅੰਗਦ ਦੇਵ ਨੇ ਵਾਤ ਈ ਨਹੀਂ ਸੀ ਪੁੱਛੀ। ਹੁਣ ਕਦੇ ਕਦੇ ਅਮਰ ਦਾਸ ਨੂੰ ਵਾਜ ਪੈ ਜਾਂਦੀ। ਤੇ ਘੜੀ ਪਲ ਜ਼ਰੂਰ ਬੋਲ ਸਾਂਝੇ ਹੁੰਦੇ। ਏਸ ਤਰ੍ਹਾਂ ਗੁਰੂ ਚੇਲਾ ਇਕ ਦੂਜੇ ਦੇ ਨੇੜੇ ਆਉਣ ਲੱਗ ਪਏ।

—ਇਕ ਜੋਤ ਜਗ ਰਹੀ ਸੀ, ਖਡੂਰ ਵਿਚ, ਗੁਰੂ ਅੰਗਦ ਦੇਵ ਦੀ। ਤੇ ਉਹਦੀ ਛੋਹ ਨਾਲ ਦੂਜੀ ਜੋਤ ਜਗੀ ਉਹਨੂੰ ਭਾਵੇਂ ਤੁਸੀਂ ਜੋਤ ਨਾ ਆਖੋ, ਦੀਵਾ ਆਖ ਲਵੋ, ਪਰ ਉਹਦੀ ਲੋਅ ਵਿਚ ਜੋਤ ਵਾਲੇ ਗੁਣ ਸਨ। ਦੋਵੇਂ ਲਾਟਾਂ ਲੋਕਾਂ ਜਗਦੀਆਂ ਵੇਖੀਆਂ ਸਨ। ਇਕ ਜੋਤ ਵਿਚ ਕਸ਼ਿਸ਼ ਸੀ, ਤੇਜਨਾ ਸੀ, ਜਲਾਲ ਸੀ, ਸੇਕ ਸੀ, ਪਰ ਦੂਜੀ ਲਾਟ ਵਿਚ, ਸਿਰਫ ਮਾੜੀ ਜਿਹੀ ਰੌਸ਼ਨੀ ਸੀ। ਲਾਟ ਈ ਲਾਟ ਸੀ। ਨਾ ਤੇਜ, ਨਾ ਕਸ਼ਿਸ਼ ਤੇ ਨਾ ਜਲਾਲ ਈ ਸੀ। ਪਰ ਲੋਕ ਵੇਖਣ ਵਾਲੇ ਸਮਝ ਰਹੇ ਸਨ ਕਿ ਏਸ ਲਾਟ ਵਿਚ ਕਸ਼ਿਸ਼ ਪੈਦਾ ਹੋ ਰਹੀ ਏ। ਨੂਰ ਖਿੱਚ ਰਹੀ ਏ ਧੀਰੇ ਧੀਰੇ। ਛੱਡ ਭਾਈ, ਇਹ ਗਲਾਂ, ਇਹ ਗੂੜ੍ਹ ਗਿਆਨ, ਆਓ ਸਿੱਧ ਪੱਧਰੀਆਂ ਗੱਲਾਂ ਕਰੀਏ। ਤੂੰ ਇਸਲਾਮ ਦਾ ਪੈਰੋਕਾਰ ਏਂ ਹੌਲੀ ਹੌਲੀ ਏਸ ਰਾਹ ਤੇ ਆਵੇਂਗਾ, ਕਿਉਂ ਅੱਲਾ ਯਾਰ ਖਾਂ ਤੇਰੀ ਸਮਝ

ਵਿਚ ਕੁਝ ਆ ਰਿਹਾ ਏ । ਇਹ ਰਾਮ ਕਹਾਣੀ, ਇਹ ਰਾਮਾਇਣ, ਸਿਰਫ ਉਨ੍ਹਾ ਬੰਦਿਆਂ ਦੀ ਸਮਝ ਵਿਚ ਜਲਦੀ ਆਉਂਦੀ ਏ, ਜਿਨ੍ਹਾਂ ਹਰ ਸਾਲ ਰਾਮ ਲੀਲਾ ਵੇਖੀ ਹੋਵੇ । ਕਥਾ ਸੁਣਨ ਵਾਲੇ ਤੇ ਸਿਰਫ ਹਾਂ ਹੂੰ ਹੀ ਕਰ ਸਕਦੇ ਹਨ, ਏਸ ਤੋਂ ਬਗੈਰ ਉਹਨਾਂ ਦੇ ਪਿੜ ਪਲੇ ਕੁਝ ਨਹੀਂ ਪੈਂਦਾ । ਇਹ ਭਗਤੀ ਮਾਰਗ, ਇਹ ਸੇਵਾ ਦਾ ਪੰਧ, ਇਹ ਆਮ ਦੁਨੀਆਂ ਨਾਲੋਂ ਵਖਰੀ ਦੁਨੀਆਂ ਏ, ਇਹਦੇ ਰਾਗ ਵਖਰੇ ਹਨ, ਇਹਦੀ ਬੋਲੀ ਹੋਰ ਏ, ਇਹਦਾ ਰੰਗ ਰੂਪ ਵਖਰਾ ਏ, ਇਹਦੀ ਚਾਲ ਢਾਲ ਨਿਰਾਲੀ ਏ, ਇਹਦੀ ਸ਼ਕਲ ਸੂਰਤ ਵਿਚ ਕੁਝ ਨਵਾਂ ਈ ਤਾਣਾ ਬਾਣਾ ਉਣਿਆ ਹੋਇਆ ਏ । ਪਰ ਆਮ ਬੰਦੇ ਵੇਖਣ ਵਾਲੇ ਨੂੰ ਸ਼ਕਲ ਇਕੋ ਜਿਹੀ ਜਾਪਦੀ ਏ, ਪਰ ਇਨ੍ਹਾਂ ਦੇ ਅੰਦਰ ਦੀ ਕਾਇਆ ਈ ਨਿਰਾਲੀ ਏ । ਇਨ੍ਹਾਂ ਦੀਆਂ ਰਮਜ਼ਾਂ ਅਲਹਿਦਾ, ਇਨ੍ਹਾਂ ਦੇ ਬੋਲੇ ਵਖਰੇ, ਇਨ੍ਹਾਂ ਦੇ ਬੋਲ ਇਹੋ ਜਾਣਨ । ਗੁੰਗੇ ਦੀ ਬੋਲੀ ਗੁੰਗੇ ਦੀ ਮਾਂ ਈ ਸਮਝਦੀ ਏ । ਇਹ ਦੁਨੀਆਂ ਸਾਧਾਰਨ ਦੁਨੀਆਂ ਨਾਲੋਂ ਨਿਵੇਕਲੀ ਏ । ਇਹ ਨਿਰਾਲੀ ਦੁਨੀਆਂ ਕੀ ਏ, ਜਿਉਂ ਜਿਉਂ ਇਹਦੇ ਅੰਦਰ ਧਸਾਂਗੇ ਤਿਉਂ ਤਿਉਂ ਆਪਣੇ ਅੰਦਰ ਚਾਨਣ ਹੋਵੇਗਾ । ਉਹ ਚਾਨਣ ਸਿਰਫ ਬੰਦਾ ਆਪ ਈ ਮਾਣ ਸਕਦਾ ਏ, ਉਹਦੇ ਵਿਚੋਂ ਉਹ ਕਿਸੇ ਹੋਰ ਦਾ ਨਹੀਂ ਬਣ ਸਕਦਾ, ਉਹਨੂੰ ਚੋਰ ਨਹੀਂ ਲੁਟ ਸਕਦਾ, ਉਹਨੂੰ ਕੋਈ ਤਾਕਤਵਰ ਖੋਹ ਨਹੀਂ ਸਕਦਾ । ਕੋਈ ਸੰਨ੍ਹ ਲਾਵੇ, ਚੋਰੀ ਗੰਢ ਬੰਨ੍ਹ ਕੇ ਲੈ ਜਾਵੇ, ਇਹ ਨਾ ਮੁਮਕਿਨ ਏ । ਜਿਉਂ ਜਿਉਂ ਭਿਜੇ ਕੰਬਲੀ, ਤਿਉਂ ਤਿਉਂ ਭਾਰੀ ਹੋ, ਐਵੇਂ ਫਕੀਰ, ਐਵੇਂ ਫਕਰ ਚਿਲੇ ਨਹੀਂ ਕੱਟਦੇ, ਐਵੇਂ ਫੱਕਰ ਨਿਮਾਜ਼ਾਂ ਅਦਾ ਨਹੀਂ ਕਰਦੇ । ਆਮ ਬੰਦਾ ਉਹਨੂੰ ਝੱਲਾ ਆਖੇਗਾ, ਕੁਰਾਹਿਆ ਤੇ ਬੇਤਾਲਾ ਆਖੇਗਾ ਪਰ ਉਹਦੇ ਅੰਦਰ ਕਿੰਨੇ ਚੰਨ ਤਾਰੇ ਚਮਕਦੇ ਹਨ, ਰੌਸ਼ਨ ਹਨ । ਵੇਖਿਆ ਈ ਕਦੀ, ਇਹ ਫਕਰ ਦਾ ਭਾਵੇਂ ਬੋਲ ਕਿੰਨਾ ਕਰਾਰਾ ਹੋਵੇ, ਉਹਨਾਂ ਨਾਲ ਜੇ ਜ਼ਰਾ ਕੁ ਸੰਗਤ ਕੀਤੀ ਜਾਵੇ ਠੰਡ ਪਵੇਗੀ ਕਲੇਜੇ, ਇਹ ਬਖਸ਼ਸ਼ ਉਨ੍ਹਾਂ ਨੂੰ ਕੁਦਰਤ ਦੇਂਦੀ ਏ । ਕੌੜਾ ਤੇ ਕਰਾਰਾ ਬੋਲ ਉਨ੍ਹਾਂ ਦਾ ਉਪਰਲਾ ਦਿਖਾਵਾ ਏ । ਵੈਸੇ ਉਹਨਾਂ ਦੇ ਬੋਲ ਬੜੇ ਮਿੱਠੇ ਤੇ ਰੱਸ ਭਰੇ ਹਨ । ਪਾਰੋ ਡੱਲੇ ਨੇ ਅੱਲਾ ਯਾਰ ਖਾਂ ਦੀ ਅਕਲ ਦੀ ਭੌਣੀ ਭੁਵਾਂ ਦਿਤੀ ।

—ਅੱਲਾ ਯਾਰ ਖਾਂ ਦੇ ਤੋਰ ਭੌਰ ਭੋਂ ਗਏ, ਆਖਣ ਲੱਗਾ ਵੀਰਾ! ਮੇਰੀ ਤੇ ਚਰਖੜੀ ਭੋਂ ਗਈ ਏ । ਮੈਂ ਤੇ ਉਸ ਰਸਤੇ ਤੇ ਖੜਾ ਹਾਂ ਜਿਹਨੂੰ ਚੁਰੱਸਤਾ ਆਖਦੇ ਹਨ । ਕਿਹੜੇ ਰਾਹ ਜਾਵਾਂ, ਕਿਹੜੇ ਪਾਸੇ ਮੂੰਹ ਕਰਾਂ, ਕਿਹੜੀ ਦਿਸ਼ਾ ਵਲ ਜਾਵਾਂ, ਕਿਹੜੇ ਰਸਤੇ ਤੇ ਉਂਗਲੀ ਧਰੀ ਜਾਵੇ । ਮੇਰੀ ਅੱਕਲ ਬੋਹ ਹੋ ਗਈ ਏ, ਦਿਮਾਗ ਥੋਥਾ ਹੋ ਗਿਆ, ਚੱਕਰ ਆ ਰਹੇ ਹਨ, ਪਰ ਜੰਮ ਕੇ ਖੜਾ ਹਾਂ, ਮੈਂ ਹੌਸਲਾ ਨਹੀਂ ਹਾਰਿਆ । ਮੈਂ ਰਾਹ ਦੀ ਪਛਾਣ ਕਰ ਰਿਹਾ ਹਾਂ, ਪਰ ਓਦਾਂ ਮੈਨੂੰ ਕੁਝ ਸੁਣਾਈ ਨਹੀਂ ਦੇਂਦਾ । ਮੈਂ ਵੀਹ ਵਾਰ ਔਸੀਆਂ ਪਾਈਆਂ ਨੇ ਪਰ ਮੇਰੀ ਔਸੀ ਕੋਈ ਰਾਹ ਨਹੀਂ ਦੇਂਦੀ, ਇਹ ਮੰਜ਼ਲ ਬੜੀ ਔਖੀ ਏ, ਸੱਜਣਾ ਤੇਰੇ ਲੜ ਲੱਗਾ ਹਾਂ, ਤੂੰ ਈ ਰਾਹੇ ਪਾਵੇਂਗਾ, ਮੇਰੇ ਵੱਸ ਦਾ ਰੋਗ ਨਹੀਂ, ਮੈਂ ਤੇ ਘੋੜਿਆਂ ਦਾ ਵਣਜ ਕਰਦਾ ਹਾਂ । ਇਕ ਚੀਜ਼ ਕਾਬਲ ਤੋਂ ਜਾਂ ਗਜ਼ਨੀ ਤੋਂ ਪੰਜਾਹ ਮੋਹਰਾਂ ਦੀ ਆਂਦੀ ਤੇ ਸੌ ਮੋਹਰਾਂ ਗਿਣ ਕੇ ਲੈ ਲਈਆਂ । ਨਾ ਹਿਸਾਬ ਨਾ ਕਿਤਾਬ । ਏਸ ਤੋਂ ਵਧ ਨਾ ਮੇਰੇ ਪਿਓ ਨੇ ਪੜ੍ਹਾਇਆ ਏ ਤੇ ਨਾ ਕਿਸੇ ਉਸਤਾਦ ਨੇ ਮੁਹਾਰਨੀ ਰਟਾਈ ਏ । ਮੈਂ ਪੰਜ ਵੀਹਾਂ ਗਿਣ ਸਕਦਾ ਹਾਂ ਤੇ ਏਸ ਤੋਂ ਅਗੇ ਮੈਨੂੰ ਦੂਜੇ ਬੰਦੇ ਦੀ ਮੁਥਾਜੀ ਕਰਨੀ ਪੈਂਦੀ ਏ । ਇਹ ਤੁਹਾਡਾ ਹਿਸਾਬ ਏ ਤੁਸੀਂ ਜਾਣੋ । ਇਹ ਮੇਰੀ ਸਮਝ ਵਿਚ ਤੇ ਆਉਂਦਾ ਨਹੀਂ,

ਹਾਂ ਜਿੰਨਾ ਜਿੰਨਾ ਸਮਝਾਈ ਜਾਵੇਂਗੇ ਉਨਾ ਹੀ ਰੱਟੀ ਜਾਵਾਂਗਾ। ਮੈਂ ਤੇ ਤੋਤਾ ਹਾਂ, ਬੋਲ ਮੀਆਂ ਮਿੱਠੂ ਚੂਰੀ ਖਾਣੀ ਏ, ਤੇ ਮੈਂ ਤੇ ਸਿਰ ਹਿਲਾ ਕੇ ਈ ਆਖਣਾ ਏ, ਹਾਂ ਖਾਣੀ ਏ।

—ਪਾਰੋ ਝੱਲੇ ਨੇ ਅੱਲਾ ਯਾਰ ਨੂੰ ਥਾਪੀ ਦਿਤੀ ਤੇ ਆਖਿਆ, ਤੂੰ ਕਿਉਂ ਝੁਰਨਾ ਏ, ਮੈਂ ਜੁ ਤੇਰੇ ਨਾਲ ਆਂ। ਮੈਂ ਤੈਨੂੰ ਇਸ ਰਮਜ਼ ਤੋਂ ਜਾਣੂ ਕਰਾਵਾਂਗਾ। ਇਕ ਵਾਰ ਚੰਟ ਕਰ ਕੇ ਛੱਡੂੰ। ਮੈਂ ਤੈਨੂੰ ਸਾਰੇ ਰਖਣੇ ਦਸਾਂਗਾ, ਮੈਂ ਅੱਜ ਤਕ ਜੋ ਗੁਰਾਂ ਤੋਂ ਸਿਖਿਆ ਏ ਤੇਰੀ ਝੋਲੀ ਵਿਚ ਹੌਲੀ ਹੌਲੀ ਪਾਈ ਜਾ ਰਿਹਾਂ। 'ਬਾਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ।'

—ਇਹ ਜੋਤ ਦੀ ਇਕ ਨਵੀਂ ਲੜੀ ਛੇੜ ਲਈ ਏ। ਇਹ ਕੀ ਏ। ਬੋਲ ਸਨ ਅੱਲਾ ਯਾਰ ਖਾਂ ਦੇ।

—ਸੱਜਣਾ ਨੂਰ ਵਿਚੋਂ ਨੂਰ ਪੈਦਾ ਹੁੰਦਾ ਏ। ਰੌਸ਼ਨੀ 'ਚੋਂ ਰੌਸ਼ਨੀ ਜਨਮ ਲੈਂਦੀ ਏ। ਚੰਨ ਦੀ ਠਰੀ ਚਾਨਣੀ, ਚਾਨਣ ਨੂੰ ਜਨਮ ਦਿੰਦੀ ਏ। ਤੇਜਨਾ, ਤਪਸ਼, ਤੇ ਗਰਮੀ ਜੋਤ ਦਾ ਬਖਸ਼ਣਹਾਰ ਬਖਸ਼ਦਾ ਹੈ। ਏਸ ਤੋਂ ਇਲਾਵਾ ਕੋਈ ਹੋਰ ਸ਼ਕਤੀ ਜਾਂ ਵਿਅਕਤੀ ਏਸ ਨੂੰ ਨਾ ਦਾਨ ਕਰ ਸਕਦੀ ਏ ਤੇ ਨਾ ਆਪਣੇ ਖਜ਼ਾਨੇ ਚੋਂ ਕਿਸੇ ਨੂੰ ਮੁੱਠਾਂ ਭਰ ਭਰ ਕੇ ਝੋਲੀਆਂ ਭਰ ਸਕਦੀ ਏ, ਇਹ ਰੱਬੀ ਦਾਤ ਏ, ਇਹ ਵੰਡੀ ਨਹੀਂ ਜਾਂਦੀ ਤੇ ਨਾ ਈ ਕੋਈ ਇਹਦੀਆਂ ਵੰਡੀਆਂ ਪਾ ਸਕਦਾ ਏ। ਨਾ ਇਹਨੂੰ ਚੋਰ ਚੁਕੇ ਤੇ ਨਾ ਇਹਦੇ ਤਾਲੇ ਤੋੜੇ ਜਾਣ। ਇਹ ਖਜ਼ਾਨਾ ਅਨਮੋਲ ਏ। ਇਹ ਜਿਹਦੇ ਕੋਲ ਏ, ਉਹਦੀ ਆਪਣੀ ਅਮਾਨਤ ਏ। ਪਰ ਹਾਂ ਇਹਦੇ ਵਿਚ ਇਕ ਗੱਲ ਜ਼ਰੂਰ ਏ। ਕੋਈ ਬੰਦਾ ਸੇਵਾ ਕਰੇ ਤੇ ਆਪਣੇ ਗੁਰੂ ਨੂੰ ਏਨਾ ਮੋਹਿਤ ਕਰ ਲਵੇ ਕਿ ਗੁਰੂ ਮਜਬੂਰ ਹੋ ਜਾਵੇ ਆਪਣੀ ਤਪੱਸਿਆ, ਆਪਣਾ ਪੁੰਨ, ਆਪਣੀ ਸ਼ਕਤੀ ਵਿਚੋਂ, ਚੌਲਾਂ ਦੇ ਦਾਣੇ ਜਿੰਨਾ ਦਾਨ ਕਰ ਦੇਵੇ। ਦਾਨ ਲੈਣ ਵਾਲੇ ਨੂੰ ਉਹਦਾ ਬੜਾ ਵੱਡਾ ਬਦਲਾ ਚੁਕਾਉਣਾ ਪਵੇਗਾ। ਉਹਦਾ ਮੁੱਲ ਤਾਰਦਿਆਂ ਬੰਦਾ ਕਈ ਵਾਰ ਨੇਤਰ ਹੀਣ ਹੋ ਜਾਂਦਾ ਏ ਤੇ ਕਈ ਵਾਰ ਹੱਡਾਂ ਪੈਰਾਂ ਤੋਂ ਵੀ ਜਾਂਦਾ ਰਹਿੰਦਾ ਏ। ਇਹ ਜ਼ਹਿਰ ਏ ਪਰ ਜਿਹੜਾ ਜ਼ਹਿਰ ਹਜ਼ਮ ਕਰ ਲਵੇ, ਉਹਦੇ ਲਈ ਇਹ ਅੰਮ੍ਰਿਤ ਏ। ਇਸ ਨਿਹਮਤ ਨੂੰ ਬੰਦਾ ਹਲੀਮੀ, ਨਿਮਰਤਾ, ਸੇਵਾ ਤੇ ਸ਼ਰਧਾ ਨਾਲ ਈ ਪਾ ਸਕਦਾ ਏ। ਮੈਂ ਤੇ ਇਹਨੂੰ ਨੂਰੇ-ਏ-ਇਲਾਹੀ ਆਖਦਾ ਹਾਂ। ਇਹ ਨੂਰ ਇਕ ਵਾਰ ਕੋਹਿਤੂਰ ਤੇ ਅੱਲਾ ਤਾਲਾ ਨੇ ਹਜ਼ਰਤ ਮੂਸਾ ਨੂੰ ਵਿਖਾਇਆ ਸੀ। ਕਈ ਤੇ ਏਦਾਂ ਆਖਦੇ ਨੇ ਕਿ ਮੂਸਾ ਦਾ ਪਹਿਲਾਂ ਸਾਰਾ ਚਿਹਰਾ ਝੁਲਸ ਗਿਆ, ਅੱਖਾਂ ਦੀ ਬੀਨਾਈ ਜਾਂਦੀ ਰਹੀ, ਮੂਸਾ ਕਈ ਦਿਨ ਪਿਆ ਰਿਹਾ ਭੁਖਾ ਭਾਣਾ, ਫੇਰ ਰਹਿਮਤੇ ਇਲਾਹੀ ਹੋਈ, ਅੱਖਾਂ ਵਿਚ ਨੂਰ ਆਇਆ ਤੇ ਚਿਹਰੇ ਵਿਚ ਫੇਰ ਨਵੀਂ ਰੌਣਕ ਪੈਦਾ ਹੋ ਗਈ। ਫੇਰ ਨਵੀਂ ਰੌਸ਼ਨੀ ਦਾ ਜਲਾਲ ਪੈਦਾ ਹੋ ਗਿਆ। ਇਹ ਚਾਨਣ ਏ ਮੇਰੇ ਦੋਸਤ, ਇਹ ਅਣਵਿਧ ਮੋਤੀ ਏ, ਇਹ ਬਾਦਸ਼ਾਹ ਦਾ ਖਜ਼ਾਨਾ ਨਹੀਂ। ਇਕ ਲੁਟੇਰਾ ਆਇਆ, ਬਾਦਸ਼ਾਹ ਦਾ ਖਜ਼ਾਨਾ ਲੁਟਿਆ ਤੇ ਉਹਨੂੰ ਭਿਖਾਰੀ ਬਣਾ ਕੇ ਰਾਹੇ ਪਿਆ। ਇਹਦੀ ਮਹਿਮਾ ਨਾ ਕਿਸੇ ਨੇ ਪਾਈ ਏ ਤੇ ਨਾ ਪਾ ਸਕਦਾ ਏ। ਕੋਈ ਬੰਦਾ ਵੇਖ ਕੇ ਅੰਦਾਜ਼ਾ ਨਹੀਂ ਲਾ ਸਕਦਾ ਕਿ ਇਹ ਜੋਤ ਜਲਾਲਾਂ ਵਾਲੀ ਏ ਜਾਂ ਐਵੇਂ ਝੂਠੀ ਮੂਠੀ ਦੀਵਾ ਈ ਬਲ ਰਿਹਾ ਏ। ਇਕ ਸਵਾਲ ਹੋਰ ਉਠਦਾ ਏ, ਕਿਸੇ ਬੰਦੇ ਨੇ ਜੋਤ ਵੀ ਤੇ ਨਹੀਂ ਨਾ ਵੇਖੀ। ਇਹ ਕੋਈ ਚੋਮੁਖੀਆ ਦੀਵਾ ਏ ਜਿਹੜਾ ਚੁਰੱਸਤੇ ਵਿਚ ਜਗ ਰਿਹਾ ਏ, ਹਰ ਆਉਣ ਜਾਣ ਵਾਲਾ ਵੇਖੇਗਾ। ਇਹ ਜੋਤ ਦਾ ਇਕ ਰਾਜ਼ ਏ।

ਇਹੋ ਈ ਚਿਹਰੇ ਤੇ ਜਲਾਲ ਏ । ਨੂਰ, ਇਸ ਨੂਰ ਨੂੰ ਵੇਖਣ ਵਾਲੀ ਅੱਖ ਚਾਹੀਦੀ ਏ । ਇਹ ਅੱਖ ਅਭਿਆਸ ਨਾਲ ਪੈਦਾ ਹੁੰਦੀ ਏ । ਸੇਵਾ ਕਰੀ ਜਾਵੇ, ਕਰਮ ਕਰੀ ਜਾਵੇ, ਕਦੀ ਨਾ ਕਦੀ ਉਹ ਦਿਆਲੂ ਮਿਹਰਬਾਨ ਹੋ ਜਾਵੇਗਾ ਤੇ ਫੇਰ ਪੌਂ ਬਾਰਾਂ ਈ ਪੌਂ ਬਾਰਾਂ ਏ । ਤੇ ਫੇਰ ਜੇ ਮਾਤਾ ਜਿਹਾ ਸੇਕ ਵੀ ਜਿਹਨੂੰ ਲੱਗ ਗਿਆ ਉਹਦੇ ਵਾਰੇ ਨਿਆਰੇ ਹੋ ਗਏ, ਉਹਦਾ ਮੋਹ ਟੁਟ ਗਿਆ, ਤੇ ਉਹਦਾ ਜੀਵਨ ਈ ਫੇਰ ਕੁਝ ਹੋਰ ਦਾ ਹੋਰ ਹੋ ਗਿਆ । ਇਹ ਕਲੰਦਰੀ ਬਾਣਾ, ਇਹ ਫਕੀਰੀ ਚੋਲਾ, ਇਹ ਤੇ ਉਹੋ ਈ ਗੱਲ ਏ, ਦੂਆ ਫਕੀਰਾਂ, ਤੇ ਰਹਿਮ ਅੱਲਾ । ਇਹ ਕੋਈ ਵਣਜ ਨਹੀਂ, ਵਪਾਰ ਤੇ ਨਹੀਂ ਨਾ ਤਲਵਾਰ ਦਾ ਜ਼ੋਰ ਵਿਖਾ ਕੇ ਖੋਹ ਕੇ ਨੱਸ ਜਾਵੇ । ਮੇਰੀ ਸਮਝ ਵਿਚ ਇਸ ਤੋਂ ਵੱਧ ਅਜੇ ਤਕ ਨਹੀਂ ਆਇਆ । ਇਹ ਗੋਰਖ ਧੰਦਾ ਏ । ਜਿਹਦੀਆਂ ਗੁੰਝਲਾਂ ਗੁਰੂ ਈ ਖੋਲ੍ਹ ਸਕਦਾ ਏ । ਅਸੀਂ ਐਵੇਂ ਗਿਆਨ ਧਿਆਨ ਦੀਆਂ ਗੱਲਾਂ ਵਿਚ ਪੈ ਗਏ, ਪਾਰੋ ਡੱਲਾ ਬੋਲ ਰਿਹਾ ਸੀ ।

ਅੱਲਾ ਯਾਰ ਖਾਂ ਦਾ ਈਮਾਨ ਕਾਬੇ ਦੇ, ਸੰਗ-ਏ-ਅਸਵਦ ਤੇ ਜਾ ਕੇ ਟਿਕ ਗਿਆ ।

—ਗੁਰੂ ਗੱਦੀ ਤੇ ਉਨਤਾਲੀ ਸਾਲ ਦਾ ਜਵਾਨ ਗਭਰੂ ਬੈਠਾ ਹੋਇਆ ਸੀ । ਗੁਰੂ ਪਦਵੀ ਮਹਾਨ ਸੀ, ਉਹਦੇ ਸਾਹਮਣੇ ਖੈਰ ਮੰਗਣ ਵਾਲਾ ੬੫ ਵਰ੍ਹਿਆਂ ਦਾ ਬੁੱਢਾ, ਜਹਾਂ ਦੀਦਾ, ਸਭ ਕੁਝ ਹੰਢਾ ਲਿਆ, ਖਾ ਪੀ ਚੁਕਾ, ਇਹ ਜੋਤਾਂ ਆਹਮੋ ਸਾਹਮਣੇ ਜਗਣ ਲੱਗ ਪਈਆਂ ਸਨ । ਸਿਰਫ ਤੇਜਨਾ ਦਾ ਫਰਕ ਸੀ । ਤੀਜੇ ਵਰ੍ਹੇ ਵਿਚ ਇਕ ਜੋਤ ਦੂਜੀ ਜੋਤ ਦਾ ਕਦੀ ਕਦੀ ਦਰਸ਼ਨ ਕਰ ਲੈਂਦੀ ।

—ਸਾਰਾ ਸਾਲ ਇਹੋ ਹੀ ਖੇਡ ਖੇਡੀ ਜਾਂਦੀ ਰਹੀ । ਨਾ ਕੋਈ ਅਖਾੜਾ ਲੱਗਾ, ਨਾ ਕੋਈ ਛਿੰਝ ਪਈ, ਤੇ ਨਾ ਹੀ ਕਿਸੇ ਬਾਜ਼ੀਗਰ ਨੇ ਬਾਜ਼ੀ ਪਾਈ । ਹੁਮ ਹੁਮਾ ਕੇ ਲੋਕ ਆਪੇ ਇਕੱਠੇ ਹੋ ਜਾਂਦੇ, ਮੱਸਿਆ, ਸੰਗਰਾਂਦ, ਦੀਵਾਲੀ, ਵਿਸਾਖੀ ਨੂੰ ਸਾਰਾ ਪੰਜਾਬ ਹੁਮ ਹੁਮਾ ਕੇ ਖਡੂਰ ਵਿਚ ਪੁਜ ਜਾਂਦਾ । ਮੇਲਾ ਜਿਹਾ ਲੱਗ ਜਾਂਦਾ । ਸਾਰੇ ਜਣੇ ਮੇਲਾ ਈ ਵੇਖਣ ਆਉਂਦੇ । ਐਵੇਂ ਕੋਈ ਟਾਵਾਂ ਟਾਂਵਾਂ ਆਪਣੇ ਮਨ ਨੂੰ ਠੰਡ ਪਾਉਣ ਆਉਂਦਾ, ਜਾਂ ਅੱਖਾਂ ਦੀ ਪਿਆਸ ਬੁਝਾਉਣ । ਵੈਸੇ ਮੈਂ ਇਕ ਗੱਲ ਦਸ ਦਿਆਂ ਅਜੇ ਤਕ ਮੇਰੇ ਗੁਰੂ ਦੀਆਂ ਅੱਖਾਂ ਆਪਣੇ ਗੁਰੂ ਨਾਲ ਨਹੀਂ ਸਨ ਮਿਲੀਆਂ । ਰੂ-ਬਰੂ ਨਹੀਂ ਸਨ ਬੈਠੇ । ਪਾਰੋ ਡੱਲੇ ਨੇ ਆਪਣੀ ਕੱਥਾ ਦਾ ਭੋਗ ਪਾ ਦਿੱਤਾ ।

ਏਸ ਭਜ ਦੌੜ ਵਿਚ ਚੇਤਰ ਚੜ੍ਹ ਗਿਆ । ਦਿਨੇ ਸੰਗਰਾਂਦ ਸੀ, ਮਹੀਨਾ ਚੜ੍ਹਨ ਵਾਲਾ ਸੀ, ਲੋਕ ਮਹੀਨਾ ਸੁਣਨ ਵਾਸਤੇ ਆਏ ।

—ਗੁਰਮੁਖ ਸਿੰਘ ਨੇ ਮਹੀਨਾ ਸੁਣਾਇਆ, ਗੁਰੂ ਮਹਾਰਾਜ ਨੂੰ ਤੇ ਸਾਧ ਸੰਗਤ ਨੂੰ । ਵਿਸਾਖ ਦੇ ਸ਼ੁਭ ਮਹੀਨੇ ਦਾ ਉਚਾਰਣ ਇਉਂ ਕੀਤਾ—

ਵੈਸਾਖੁ ਭਲਾ ਸਾਖਾ ਵੇਸ ਕਰੇ, ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨ ਅਢੁ ਨ ਮੋਲੇ ॥
ਕੀਮਤਿ ਕਉਣ ਕਰੇ ਤੁਧੁ ਭਾਵਾ ਦੇਖਿ ਦਿਖਾਵੈ ਢੋਲੇ ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀ ਪ੍ਰਭੁ, ਪਾਵੈ ਸੁਰਤਿ ਸਬਦਿ ਮਨ ਮਾਨਾ ॥

ਕਈਆਂ ਦੀ ਪ੍ਰਭੂ ਨਾਲ ਲਿਵ ਲਗ ਗਈ ਤੇ ਕਲੇਜੇ ਠੰਡ ਪੈ ਗਈ । ਮਨ

ਸ਼ਾਂਤ ਹੋ ਗਿਆ, ਕਈਆਂ ਦਾ ਹਿਰਦਾ ਸ਼ੁਧ ਹੋਇਆ। ਮੇਰੇ ਗੁਰੂ ਦੀ ਅਵਸਥਾ ਮੇਰਾ ਗੁਰੂ ਹੀ ਜਾਣੇ।

—ਫੇਰ ਵਾਜ ਪਈ, ਭਾਈ ਅਮਰ ਦਾਸ।

ਅਮਰ ਦਾਸ ਫੇਰ ਗੁਰੂ ਦੇ ਗੋਡੇ ਮੁਢ ਆਣ ਬੈਠਾ। ਫੇਰ ਸਿਰੋਪਾ ਬਖਸ਼ਿਆ ਮਿਹਰਾਂ ਦੇ ਦਾਤੇ ਨੇ। ਤਿੰਨ ਸਿਰੋਪੇ ਇਕੱਠੇ ਹੋ ਗਏ, ਇਕੋ ਸਿਰ ਤੇ।

ਜੋਤਿ ਕੁਝ ਤੇਜ਼ ਸੀ, ਚਮਕ ਸੀ, ਹੁਣ-ਪਤਾ ਲੱਗਾ ਸੀ ਮੇਰੇ ਗੁਰੂ ਨੂੰ ਕਿ ਮੈਂ ਕਿਥੇ ਖਲੋਤਾ ਹੋਇਆ ਹਾਂ।

XX.

੯

ਚੜ੍ਹੇ ਵੈਸਾਖ ਵੈਸਾਖੀ ਆਈ। ਸਾਰਾ ਪੰਜਾਬ ਖੁਸ਼ੀਆਂ ਵਿਚ ਨੱਚ ਉਠਿਆ।

ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ। ਭੁੱਖੇ ਨੇ ਕੀ ਨਾਮ ਜਪਣੇ? ਇਹ ਸਾਰੀ ਰਾਮ ਕਹਾਣੀ ਰੋਟੀ ਦੀ ਏ। ਤੇ ਏਸੇ ਦੀ ਚਰਖੜੀ ਦੇ ਉਤੇ ਸਾਰਾ ਕਾਰ ਵਿਹਾਰ ਚਲਦਾ ਏ। ਸਾਰੇ ਸਾਲ ਦੀ ਮਿਹਨਤ ਦਾ ਸਿੱਟਾ ਏਸੇ ਮਹੀਨੇ ਵਿਚ ਮਿਲਦਾ ਏ ਪੰਜਾਬ ਨੂੰ। ਹੁਣ ਭਰਨਗੇ ਭੜੋਲੇ ਕਣਕ ਦੇ ਦਾਣਿਆਂ ਨਾਲ, ਪੰਜਾਬ ਦੇ ਕੋਠਿਆਂ ਵਿਚ। ਆਲਸ, ਦਲਿੱਦਰ ਦੂਰ ਹੋ ਜਾਏਗਾ ਪਰ ਲਾਕੇ ਉੱਡੂ। ਫਿਰ ਖੁਸ਼ਹਾਲ ਹੋਏਗਾ ਪੰਜਾਬ, ਫੇਰ ਨੱਚਣਗੇ ਪੰਜਾਬ ਦੇ ਗੱਭਰੂ, ਮੁਟਿਆਰਾਂ ਦੇ ਗਿੱਧੇ ਦੇ ਪਿੜ ਫੇਰ ਬੱਝਣਗੇ। ਪੰਜਾਬ ਫੇਰ ਝੂਮੇਗਾ, ਨੱਚੇਗਾ, ਗਾਏਗਾ। ਪੰਜਾਬ ਦੀਆਂ ਰਗਾਂ ਵਿਚ ਫੇਰ ਨਵਾਂ ਲਹੂ ਗੇੜੇ ਮਾਰੇਗਾ।

ਵੈਸਾਖ ਦਾ ਮਹੀਨਾ ਪੰਜਾਬ ਦੀ ਕਿਸਮਤ ਵਿਚ ਸੁਨਹਿਰੀ ਮਹੀਨਾ ਮੰਨਿਆ ਜਾਂਦਾ ਏ। ਜਦੋਂ ਮਾਤਾ ਖੀਵੀ ਨੇ ਲੰਗਰ ਵਿਚ ਪਾਣੀ ਦੀ ਘਾਟ ਮਹਿਸੂਸ ਕੀਤੀ ਤਾਂ ਭਾਈ ਅਮਰ ਦਾਸ ਨੂੰ ਸੁਨੇਹਾ ਭੇਜਿਆ। ਆਖਣ ਲੱਗੀ ਮਾਂ, ਕੁੜਮ ਜੀ ਤਿੰਨ ਸਾਲ ਤੁਸਾਂ ਗਾਗਰ ਢੋਅ ਲਈ ਏ। ਲੰਗਰ ਵਿਚ ਪਾਣੀ ਦੀ ਘਾਟ ਆਉਣ ਨਹੀਂ ਦਿੱਤੀ। ਮੈਂ ਬੜੀ ਖੁਸ਼ ਹਾਂ। ਤੁਹਾਡੇ ਤੇ ਸਾਰਾ ਗੁਰੂ ਘਰ ਖੁਸ਼ ਏ। ਸੰਗਤ ਤੁਹਾਡੇ ਬਲਿਹਾਰੇ ਜਾ ਰਹੀ ਏ। ਮੇਰੀ ਇਕ ਬੇਨਤੀ ਏ। ਜੇ ਤੁਸੀਂ ਮੰਨੋਂ ਤਾਂ ਮੈਂ ਇਕ ਅਰਜ਼ ਕਰਾਂ।

—"ਮੈਂ ਹੁਕਮ ਦਾ ਬੱਧਾ ਗੁਲਾਮ ਹਾਂ। ਪਰ ਮੈਨੂੰ ਖਤਰਾ ਏ ਕਿ ਤੁਸੀਂ ਮੈਥੋਂ ਉਹ ਨਿਹਮਤ ਨਾ ਮੰਗ ਲਓ ਜਿਹੜੀ ਮੈਂ ਬੜੇ ਭਾਗਾਂ, ਅਰਚਨਾਂ, ਸਾਧਨਾ ਤੇ ਨਿਮਰਤਾ ਨਾਲ ਪ੍ਰਾਪਤ ਕੀਤੀ ਏ। ਮੈਥੋਂ ਮੇਰੀ ਜਾਨ ਮੰਗ ਲਓ ਹਾਜ਼ਰ ਏ ਪਰ ਮੇਰੀ ਸੇਵਾਦਾਰੀ ਵਿਚ ਹਿੱਸੇਦਾਰੀ ਨਾ ਪਾਉਣੀ। ਮੈਂ ਤੁਹਾਡਾ ਆਖਿਆ ਤੇ ਮੋੜ ਨਹੀਂ ਸਕਦਾ, ਮੈਨੂੰ ਏਸ ਤਰ੍ਹਾਂ ਭਾਸ ਰਿਹਾ ਏ ਕਿ ਤੁਸੀਂ ਮੈਥੋਂ ਕੁਝ ਖੋਹਣਾ ਚਾਹੁੰਦੇ ਹੋ। ਆਖਣ ਲੱਗਾ ਮੇਰਾ ਗੁਰੂ।

—ਜਿਹੜੀ ਗੱਲ ਅੱਜੇ ਮੇਰੇ ਮੂੰਹ ਵਿਚ ਹੀ ਸੀ, ਉਹ ਤੁਸੀਂ ਪਹਿਲਾਂ ਹੀ ਬੋਚ

ਲਈ ਏ। ਮੈਂ ਤੁਹਾਡੀ ਸੇਵਾ ਦੀਆਂ ਵੰਡੀਆਂ ਪਾਉਣਾ ਚਾਹੁੰਦੀ ਸਾਂ। ਮੈਨੂੰ ਇਜਾਜ਼ਤ ਦਿਓ ਤਾਂ ਮੈਂ ਇਹਦੀ ਕੁਝ ਵੰਡ ਕਰ ਸਕਾਂ।

—ਇਹ ਗੱਲ ਮੈਨੂੰ ਦਿਲੋਂ ਤੇ ਮਨਜ਼ੂਰ ਨਹੀਂ ਤੇ ਨਾ ਈ ਮੇਰੀ ਆਤਮਾ ਇਹ ਬਰਦਾਸ਼ਤ ਕਰਦੀ ਏ। ਪਰ ਜਿੱਥੇ ਕਹਿਣਾ ਜੀ ਉਥੋਂ ਲੈਣਾ ਕੀ? ਮੇਰੀ ਜ਼ਬਾਨ ਨੂੰ ਤਾਲਾ ਵੱਜ ਗਿਆ ਏ। ਮੂੰਹ ਅੱਗੇ ਪੱਟੀ ਆਪੇ ਬੱਝ ਗਈ ਏ। ਅੱਖਾਂ ਨੀਵੀਆਂ ਹਨ, ਸਿਰ ਝੁਕਿਆ ਹੋਇਆ ਏ। ਮੈਂ ਬੇਵੱਸ ਹਾਂ। ਡਾਢੇ ਅੱਗੇ ਕੀ ਜ਼ੋਰ? ਫੇਰ ਵੀ ਹੁਕਮ ਕਰੋ ਮੈਂ ਹੱਥੀਂ ਬੱਧਾ ਗੁਲਾਮ ਹਾਂ।

—ਇਹ ਗੱਲ ਤੁਹਾਨੂੰ ਸ਼ੋਭਾ ਨਹੀਂ ਦੇਂਦੀ। ਤੁਸੀਂ ਤੇ ਸਾਡੇ ਸਿਰ ਤੇ ਤਾਜ ਓ। ਕੁੜਮ ਨਾਲੋਂ ਹੋਰ ਕਿਹੜਾ ਰਿਸ਼ਤਾ ਵੱਡਾ ਹੁੰਦਾ ਏ। ਮੈਂ ਤੇ ਇਕ ਨਿਮਾਣੀ ਅਰਜ਼ ਕਰਦੀ ਹਾਂ।

—ਹੁਕਮ, ਸਰੇ ਤਸਲੀਮੇ ਖ਼ਮ ਹੈ ਜੋ ਮਿਜ਼ਾਜੇ ਯਾਰ ਮੇਂ ਆਏ।

—ਲੰਗਰ ਵਿਚੋਂ ਹੁਣ ਪਾਣੀ ਦੀ ਲੋੜ ਵੱਧ ਗਈ ਏ। ਸੰਗਤਾਂ ਦੀ ਆਵਾਜਾਈ ਜ਼ਿਆਦਾ ਹੋ ਗਈ ਏ, ਇਕ ਗਾਗਰ ਨਾਲ ਡੰਗ ਨਹੀਂ ਲੰਘਦਾ, ਏਸ ਲਈ।

—ਮੈਂ ਕਲ੍ਹ ਤੋਂ ਦੋ ਗਾਗਰਾਂ ਲਿਆਇਆ ਕਰਾਂਗਾ।

—ਨਹੀਂ ਇਹ ਵੀ ਜ਼ਿਆਦਤੀ ਏ। ਜਿਸਮ ਨੂੰ ਕੋਹਣ ਵਾਲੀ ਗੱਲ ਏ। ਮੈਂ ਚਾਹੁੰਦੀ ਹਾਂ ਕਿ ਤੁਸੀਂ ਸਵੇਰੇ ਇਕ ਗਾਗਰ ਬਿਆਸਾ ਨਦੀ ਤੋਂ ਲਿਆਇਆ ਕਰੋ ਤੇ ਉਹਦੇ ਨਾਲ ਸਤਿਗੁਰੂ ਇਸ਼ਨਾਨ ਕਰਿਆ ਕਰਨ। ਤੁਹਾਡੀ ਸੇਵਾ ਪ੍ਰਵਾਨ ਹੋ ਗਈ। ਇਕ ਗਾਗਰ ਸੌ ਗਾਗਰਾਂ ਦੇ ਬਰਾਬਰ ਏ। ਮੇਰੀ ਇਹੋ ਖ਼ਾਹਿਸ਼ ਇਹੋ ਖ਼ਿਆਲ ਏ, ਤੁਹਾਨੂੰ ਇਹਦੇ ਵਿਚ ਕੋਈ ਉਜ਼ਰ ਨਹੀਂ ਹੋਣਾ ਚਾਹੀਦਾ।

—ਜੇ ਮੈਂ ਖੂਹ ਤੋਂ ਗਾਗਰਾਂ ਭਰ ਕੇ ਲਿਆ ਦਿਆਂ ਕਰਾਂ ਤਾਂ ਇਹਦੇ ਵਿਚ ਕੋਈ ਹਰਜ ਏ। ਗੁਰੂ ਦੇ ਵਾਸਤੇ ਮੈਥੋਂ ਇਹ ਸੇਵਾ ਨਾ ਖੋਹਵੋ, ਇਹ ਮੇਰੀ ਜ਼ਿੰਦਗੀ ਤੇ ਮੌਤ ਦਾ ਸੁਆਲ ਏ।

—ਬਿਆਸਾ ਤੋਂ ਗਾਗਰ ਪਾਣੀ ਦੀ ਇਕ ਆਉਂਦੀ ਏ, ਉਹਦੇ ਨਾਲ ਲੰਗਰ ਤੇ ਪੂਰਾ ਪੱਕਦਾ ਨਹੀਂ। ਇਹ ਤੇ ਇਕ ਮਰਯਾਦਾ ਏ, ਬਾਕੀ ਪਾਣੀ ਤੇ ਖੂਹ ਦਾ ਈ ਵਰਤਿਆ ਜਾਂਦਾ ਏ।

—ਗਾਗਰ ਹੁਣ ਮੇਰੇ ਮੋਢਿਆਂ ਤੇ ਚੜ੍ਹ ਗਈ ਏ, ਇਹਨੂੰ ਮੇਰੇ ਨਾਲ ਪਿਆਰ ਜਿਹਾ ਹੋ ਗਿਆ ਏ, ਇਹ ਨੂੰ ਮੈਥੋਂ ਵੱਖ ਨਾ ਕਰੋ।

—ਕੌਣ ਵਿਛੋੜਦਾ ਏ, ਗਾਗਰ ਤੇ ਤੁਹਾਡੇ ਕੋਲ ਈ ਰਹੇਗੀ।

—ਇਕ ਸ਼ਰਤ ਏ।

—ਉਹ ਕੀ?

—ਸ਼ਾਮ ਨੂੰ ਜੇ ਮੈਂ ਬਿਆਸਾ ਨਾ ਜਾਵਾਂ ਤੇ ਬਿਆਸਾ ਦੇ ਜਲ ਦੀ ਸੇਵਾ ਤੁਸੀਂ ਕਿਸੇ ਹੋਰ ਦੇ ਜ਼ਿੰਮੇ ਨਾ ਦਿਓ ਤੇ ਮੈਨੂੰ ਉਹ ਦੇ ਬਦਲੇ ਖੂਹ ਦੀ ਸੇਵਾ ਬਖ਼ਸ਼ ਦਿਓ ਤਾਂ ਮੈਂ ਇਹ ਸਵੀਕਾਰ ਕਰ ਸਕਦਾ ਹਾਂ।

—ਸਰੀਰ ਨੂੰ ਏਨਾ ਕਸ਼ਟ ਦੇਣਾ ਵੀ ਤੇ ਪਾਪ ਏ।

—ਹੁਣ ਮੇਰੀਆਂ ਹੱਡੀਆਂ ਸਵਰਨ ਬਣ ਰਹੀਆਂ ਹਨ।

—ਸਵਰਨ ਬਨਣ ਦੀ ਹੱਦ ਟੱਪ ਗਈ ਏ। ਹੁਣ ਤੇ ਕੁੰਦਨ ਕਦ ਬਣਦੀ ਏ ਕਾਇਆ, ਉਹਦੀ ਉਡੀਕ ਕਰੋ। ਮਾਤਾ ਖੀਵੀ ਨੇ ਫ਼ੁਰਮਾਇਆ।

—ਤੁਹਾਡੇ ਮੂੰਹ ਵਿਚ ਘਿਓ ਸ਼ੱਕਰ। ਤੁਹਾਡੀ ਜ਼ਬਾਨ ਮੁਬਾਰਕ ਹੋਵੇ, ਸ਼ਾਇਦ ਕਦੀ ਡਾਂਗ ਨੂੰ ਸੋਨਾ ਲੱਗ ਈ ਜਾਏ।

—ਤਿੰਨ ਸਾਲ ਦੀ ਕਠਿਨ ਪ੍ਰਤਿਗਿਆ ਤੁਸਾਂ ਪੂਰੀ ਕਰ ਲਈ ਏ, ਤੁਹਾਡੀ ਰਾਤੀ ਹੋਰ ਕੋਈ ਨਹੀਂ ਜੰਮਿਆਂ। ਤੁਸਾਂ ਬਾਜ਼ੀ ਮਾਰ ਜਾਣੀ ਏ। ਫੇਰ ਗੱਲ ਪੱਕੀ ਹੋਈ ਨਾ।

—ਜਿਹੜੀ ਮੈਂ ਅਰਜ਼ ਕੀਤੀ ਸੀ, ਉਹਦਾ ਕੀ ਬਣੂੰ ?

—ਮਨਜ਼ੂਰ।

—ਜਿਹੜਾ ਬੰਦਾ ਬਿਆਸਾ ਤੋਂ ਜਲ ਲੈਣ ਜਾਏਗਾ, ਉਹ ਦੁਪਹਿਰ ਢਲਨ ਤੋਂ ਬਾਅਦ ਜਾਏ, ਮੇਰਾ ਤੇ ਉਹਦਾ ਟਾਕਰਾ ਨਹੀਂ ਹੋਣਾ ਚਾਹੀਦਾ, ਤੁਹਾਡਾ ਹੁਕਮ ਸਿਰ ਮੱਥੇ। ਕਲ੍ਹ ਤੋਂ ਖੂਹ ਦੀ ਲੱਜ, ਭੌਣੀ ਤੇ ਗਾਗਰ ਮੇਰੀ, ਜਦ ਤੱਕ ਲੰਗਰ ਦਾ ਪਾਣੀ ਪੂਰਾ ਨਾ ਭਰ ਜਾਏ, ਕੋਈ ਬੰਦਾ ਖੂਹ ਦੀ ਮਣ ਤੇ ਨਾ ਆਵੇ। ਮੇਰਾ ਸਿਰੜ ਵੇਖੋ ਮੇਰੀ ਹਿੰਮਤ ਵੇਖ।

—ਇਹ ਤੁਸੀਂ ਜਾਣੋ, ਤੁਹਾਡਾ ਕੰਮ।

—ਕੁੜਮ ਜੀ, ਮੇਰਾ ਇਕ ਦਿਨ ਵੀ ਮਨ ਰਾਜ਼ੀ ਨਹੀਂ ਹੋਇਆ, ਮੈਂ ਆਪਣੇ ਕੁੜਮ ਨੂੰ ਆਪਣੇ ਹੱਥੀਂ ਥਾਲੀ ਪਰੋਸ ਕੇ ਨਹੀਂ ਖੁਆਈ।

—ਕੌਣ ਕੁੜਮ, ਕਿਹਦਾ ਕੁੜਮ, ਕਾਹਦੀ ਕੁੜਮਾਚਾਰੀ ? ਤੁਸੀਂ ਗੱਲ ਕਰੋ ਗੁਰੂ ਤੇ ਸੇਵਕ ਦੀ।

—ਕੁੜਮ ਜੀ ਤੁਹਾਡੀ ਪੱਦਵੀ ਨੂੰ ਕੋਈ ਨਹੀਂ ਪੁੱਜ ਸਕਦਾ।

—ਸਾਹਿਬਜ਼ਾਦੇ ਵੀ ਨਹੀਂ ?

—ਨਾ ਨਾ ਨਾ। ਉਹਨਾਂ ਦੀਆਂ ਤੇ ਅੱਜੇ ਦੁੱਧ ਦੀਆਂ ਦੰਦੀਆਂ ਵੀ ਨਹੀਂ ਟੁੱਟੀਆਂ। ਕਿਥੇ ਕੱਚ ਦੇ ਕਚਕੜੇ ਤੇ ਕਿੱਥੇ ਹੀਰਾ। ਨਾ ਏਨੀ ਕਿਸੇ ਨੇ ਸੇਵਾ ਕਰਨੀ ਏ ਤੇ ਨਾ ਕਿਸੇ ਨੇ ਏਸ ਪੱਦਵੀ ਨੂੰ ਪਾਉਣਾ ਏ। ਗੁਰੂ ਨਾਨਕ ਦੇ ਘਰ ਦੀ ਮਰਯਾਦਾ ਈ ਵੱਖਰੀ ਏ। ਏਥੇ ਤੇ ਪੰਡ ਉਹਦੇ ਸਿਰ ਤੇ ਰੱਖੀ ਜਾਣੀ ਏ, ਜਿਹੜਾ ਚੁੱਕ ਸਕੇ, ਡੋਲੇ ਨਾ, ਥਿੜਕੇ ਨਾ, ਅੱਕੇ ਨਾ, ਘਬਰਾਏ ਨਾ। ਨਾ ਏਥੇ ਕਿਸੇ ਨੇ ਸਾਕ ਨੂੰ ਪੁੱਛਣਾ ਏ ਤੇ ਨਾ ਏਥੇ ਕਿਸੇ ਪੁੱਤ ਦੀ ਦਾਲ ਗਲਣੀ ਏ। ਏਥੇ ਤੇ ਅਮਲਾਂ ਦੇ ਨਿਬੇੜੇ ਹੋਣਗੇ।

—ਤੁਹਾਡੀ ਕਿਰਪਾ ਦਾ ਹੱਥ ਹੋਣਾ ਚਾਹੀਦਾ ਏ ਮੇਰੇ ਸਿਰ ਤੇ ਬੱਸ ਫੇਰ ਸੱਤੇ ਈ ਖੈਰਾਂ ਨੇ।

—ਮਾਈ ਖੀਵੀ ਆਪਣੇ ਕੰਮ ਵਿਚ ਰੁੱਝ ਗਈ ਤੇ ਭਾਈ ਅਮਰ ਦਾਸ ਆਪਣੀ ਡਗਰੀਆ ਤੇ ਚਲ ਪਏ।

—ਇਸ ਕਿਰਪਾ ਦ੍ਰਿਸ਼ਟੀ ਦਾ ਇਕ ਲਾਭ ਹੋਇਆ ਮੇਰੇ ਗੁਰੂ ਨੂੰ ਕਿ ਗੁਰਾਂ ਦੇ ਦਰਸ਼ਨ ਰੋਜ਼ ਹੋਣ ਲੱਗ ਪਏ। ਬਿਆਸਾ ਤੋਂ ਭਰੀ ਪਹਿਲੀ ਗਾਗਰ ਗੁਰੂ ਦੇ ਇਸ਼ਨਾਨ ਦੇ ਕੰਮ ਆਉਣ ਲੱਗੀ। ਹੋਲੀ ਹੋਲੀ ਮੇਰੇ ਗੁਰੂ ਦੇ ਪੈਰ ਵਿਹੜੇ ਵਿਚ ਪੈਣ ਲੱਗ ਪਏ ਤੇ ਹੋਲੀ ਹੋਲੀ ਕੁਝ ਦਿਨਾਂ ਵਿਚ ਗਾਗਰ ਓਸ ਜਗ੍ਹਾ ਤੇ ਲਿਜਾਣ ਦੀ ਇਜਾਜ਼ਤ ਮਿਲ ਗਈ ਜਿੱਥੇ ਮੇਰਾ ਸਤਿਗੁਰ ਇਸ਼ਨਾਨ ਕਰਦਾ ਸੀ। ਕਦੀ ਉਹ ਭਾਗੀਂ ਭਰਿਆ ਦਿਨ ਵੀ ਆਵੇਗਾ ਜਦ

ਇਸ਼ਨਾਨ ਕਰਾਉਣ ਦੀ ਜ਼ਿੰਮੇਵਾਰੀ ਮੇਰੇ ਗੁਰੂ ਦੇ ਹਿੱਸੇ ਆਵੇਗੀ। ਜਦ ਤਕ ਪਾਣੀ ਦੀ ਗਾਗਰ ਨਾ ਆਉਂਦੀ, ਗੁਰੂ ਅੰਗਦ ਦੇਵ ਇੰਤਜ਼ਾਰ ਕਰਦੇ। ਥੋੜ੍ਹੀ ਜਿਹੀ ਇੰਤਜ਼ਾਰ ਭਾਈ ਨੇ ਕਦੀ ਨਹੀਂ ਸੀ ਕਰਨ ਦਿੱਤੀ। ਗੁਰੂ ਨੇ ਆਪ ਦੇਖ ਭਾਲ ਸ਼ੁਰੂ ਕਰ ਦਿੱਤੀ ਸੇਵਕ ਦੀ। ਅਜੇ ਅਇਆ ਨਹੀਂ ਅਮਰ ਦਾਸ, ਕੀ ਗੱਲ ਹੋ ਗਈ ਏ? ਬਿਖੜਾ ਪੈਂਡਾ ਏ, ਰਾਤ ਹਨੇਰੀ ਏ, ਦੇਰ ਹੋ ਈ ਜਾਂਦੀ ਏ। ਪਰ ਮੇਰਾ ਗੁਰੂ ਇਕ ਦਿਨ ਵੀ ਦੇਰ ਨਾਲ ਨਾ ਆਇਆ। ਪਹਿਲਾਂ ਸ਼ਕਾਇਤ ਜ਼ਰੂਰ ਹੋਈ ਪਰ ਹੁਣ ਮੇਰਾ ਗੁਰੂ ਅੱਧੀ ਰਾਤ ਤੋਂ ਬਾਹਦ ਘੜੀਆਂ ਗਿਨਣ ਲੱਗ ਪੈਂਦਾ। ਤੇ ਵਕਤ ਤੋਂ ਪਹਿਲਾਂ ਈ ਗਾਗਰ ਸਿਰ ਤੇ ਰੱਖ ਕੇ ਟੁਰ ਪੈਂਦਾ। ਛੇ ਮਹੀਨੇ ਲੰਘਣ ਤੋਂ ਬਾਹਦ ਪਿੰਡਾ ਮਲ ਕੇ ਨੁਹਾਉਣ ਦੀ ਸੇਵਾ ਮਿਲਣ ਦੀ ਸੰਭਾਵਨਾ ਸੀ। ਜ਼ਰਾ ਦਿਨ ਚੜ੍ਹ ਜਾਂਦਾ ਸੀ, ਤੇ ਗੁਰੂ ਲੰਗਰ ਵਿਚ ਪਾਣੀ ਢੋਣਾ ਸ਼ੁਰੂ ਕਰ ਦੇਂਦਾ। ਹੁਣ ਮੇਰਾ ਗੁਰੂ ਸਾਰੇ ਖਡੂਰ ਦਾ ਜਾਣੂ ਹੋ ਗਿਆ ਸੀ। ਖਡੂਰ ਵਾਲੇ ਵੀ ਜਾਨਣ ਲੱਗ ਪਏ ਸਨ। ਮਾਈ ਖੀਵੀ ਵੀ ਖੁਸ਼ ਸੀ। ਲੰਗਰ ਵਾਲੇ ਤੇ ਖੁਸ਼ੀਆਂ 'ਚ ਨੱਚ ਰਹੇ ਸਨ। ਉਹਨਾਂ ਨੂੰ ਪਾਣੀ ਦੀ ਘਾਟ ਮਹਿਸੂਸ ਨਾ ਹੋਈ। ਸਾਰਾ ਨਗਰ ਨਿਹਾਲ ਹੋ ਗਿਆ, ਗੁਰੂ ਦਾ ਮੁਖੜਾ ਵੇਖ। ਗੋਰਾ ਮੁਖ ਸੱਜਣਾਂ ਦਾ ਚਿਹਰੇ ਤੇ ਲਾਲੀਆਂ ਟਹਿਕਣ ਲੱਗ ਪਈਆਂ।

"ਢੈਸੀ ਕਾਯਾ ਕੋਠੜੀ ਇਹ ਬਾਲੂ ਕੀ ਭੀਤੁ।"

ਜ਼ਿੰਦਗੀ ਦੀ ਪਉੜੀ ਦੇ ਡੰਡੇ ਗਿਣ ਲਏ ਸਨ ਮੇਰੇ ਗੁਰੂ ਨੇ। ਲੱਜ ਕਿੰਨੀ ਕੁ ਲੰਮੀ ਏ ਇਹ ਨਹੀਂ ਸੀ ਅਜੇ ਮਾਪੀ ਗਈ। ਜਿਉਂ ਜਿਉਂ ਮੇਰਾ ਗੁਰੂ ਗੁਰੂ ਦੇ ਗੋਡੇ ਮੁਢ ਬਹਿਣ ਲਗ ਪਿਆ, ਸਾਖੀਕਾਰ ਆਖਦੇ ਹਨ ਕਿ ਪੈਂਤੀ ਅੱਖਰੀ ਸਿੱਖਣ ਦਾ ਚਾਅ ਚੜ੍ਹਿਆ ਮੇਰੇ ਗੁਰੂ ਨੂੰ। ਸਿਖਾਉਣ ਵਾਲਾ ਸੀ ਬਾਬਾ ਬੁੱਢਾ। ਸੰਗ ਜੂ ਚੰਗਾ ਮਿਲ ਗਿਆ।

ਸੀਸ ਕਟ ਕੇ ਤਲੀ ਟਿਕਾਈਏ ਗਲੀ ਯਾਰ ਦੀ ਵੜੀਏ ਜੀ॥
ਊੜਾ ਅਖੇ ਕਰੇ ਗੁਰ ਕਿਰਪਾ ਭਵ ਸਾਗਰ ਤੋਂ ਤਰੀਏ ਜੀ॥

—ਮੈਂ ਤੇ ਸਿੱਧਾ ਸਾਦਾ ਬੰਦਾ ਹਾਂ। ਮੇਰੀਆਂ ਸਿੱਧ ਪੱਧਰੀਆਂ ਬਾਤਾਂ ਹਨ। ਮੈਂ ਨੱਕ ਦੀ ਸੇਧੇ ਤਰਨਾ ਸਿੱਖਿਆ ਏ। ਮੈਨੂੰ ਵਿੰਗ ਤੜਿੰਗ ਪਾਉਣੇ ਨਹੀਂ ਆਉਂਦੇ। ਐੜੇ ਦੀ ਮੈਨੂੰ ਇਕੋ ਗੱਲ ਪਸੰਦ ਏ। ਸਾਹਿਬ ਨਾਲ ਪਰੀਤੀ ਜਿਹਨਾਂ ਦੀ, ਦੁਨੀਆਂ ਨਾਲ ਯਰਾਨਾ ਕੀ?

—ਲੈ ਫੇਰ ਈੜੀ ਦਾ ਬਚਨ ਸੁਣ। "ਜੁਵਾ ਅਵਸਥਾ ਕਾਮ ਸਤਾਇਆ ਬਾਲਕ ਖੇਲ ਗਵਾਈ। ਸਸਾ: ਸੱਚ ਜਿਹਾ ਕੋਈ ਜਪ ਤਪ ਨਾਹੀਂ ਸੱਚਾ ਜੇਹਾ ਪਰਮਾਰਥ। ਫੇਰ ਆਖਣ ਲੱਗਾ ਹਾਹਾ, ਉਸ ਮਾਇਆ ਵੱਲ ਇਸ਼ਾਰਾ ਕੀਤਾ। "ਨਾਲ ਪਾਪ ਦੇ ਕੱਠੀ ਕੀਤੀ ਏਵੇਂ ਅੰਤਰ ਜਾਂਦੀ ਏ।" ਤੇ ਫੇਰ ਵਾਰੀ ਆਈ ਕੱਕੇ ਦੀ: "ਕੱਕਾ ਆਖੇ ਕੰਨ ਸੁਣੀ ਵੇ ਸੱਚ ਸ਼ਬਦ ਦੀ ਬਾਣੀ ਜੀ, ਰਾਂਝਨ ਯਾਰ ਬਗਲ ਵਿਚ ਬੈਠਾ ਭੁਲੀ ਹੀਰ ਨਿਮਾਣੀ ਜੀ।" ਖੱਖਾ ਕਿਵੇਂ ਨਿੱਚਲਾ ਬਹਿਣ ਵਾਲਾ ਸੀ: ਖੱਖਾ ਕਹੇ ਖੁਦੀ ਦਾ ਪਰਦਾ ਜਿਸ ਨੇ ਜ਼ਰਾ ਉਠਾਇਆ ਏ, ਖੋਲ੍ਹ ਘੁੰਘਟ ਜਿਸ ਝਾਤੀ ਮਾਰੀ ਦਰਸ਼ਨ ਪ੍ਰਭ ਦਾ ਪਾਇਆ ਏ। ਗੱਲ ਗੱਗੇ ਦੀ ਸੁਣੋਂ; ਗਗਾ ਆਖੇ ਗੁਰੂ ਬਗੈਰੋਂ ਰਾਹ ਹਕੀਕੀ ਆਵੇ ਨਾ, ਜਦ ਵੀ ਮਿਲੇ ਗੁਰ ਪੂਰਾ ਗਰਭ ਜੂਨ ਨੂੰ ਪਾਵੇ ਨਾ। ਹੁਣ ਘੱਘੇ ਦੀ ਅਵਾਜ਼ ਕੁਝ ਵੱਖਰੀ ਏ: ਪੁਰਸ਼ ਜੋ ਪਾਪੀ ਰਤਾ ਨਾ ਮੌਤੋ ਡਰਦੇ ਨੀਂ। ਡੱਡੇ ਦੀ ਅਵਾਜ਼ ਬੜੀ ਡਰਾਉਣੀ ਏ: ਟੇਢੀ ਪਈ ਮੁੱਢ ਮਰੋੜੇਂ ਪਿਓਂ ਅਵੱਲੀਂ ਰਾਹੀਂ ਤੂੰ। ਚੱਚੇ ਨੇ ਹਿੱਕ ਠੋਕ ਕੇ ਆਖਿਆ: ਜਦੋਂ ਤੂੰ ਸਾਹਿਬਾਂ ਦੀ

ਦਰਗਾਹੋਂ ਚੋਰ ਹੋ ਗਿਓਂ ਫੇਰ ਅੰਤ ਕੀ ਹੋਵੇ। ਏਕ ਘੜੀ ਹਰਿਨਾਮ ਨਾ ਜਪਿਆ ਕੂੜੇ ਕਜ਼ੀਏ ਪਾਏ ਤੂੰ। ਛੱਛੇ ਨੇ ਇਕ ਵੰਗਾਰ ਹੋਰ ਦਿੱਤੀ : ਏਸ ਲਈ ਰਾਣੀ ਖਾਂ ਦਾ ਸਾਲਾ ਬਣ ਬੈਠਾ ਏਂ, ਏਸ ਲਈ ਚਿੱਟੇ ਕੱਪੜੇ ਪਾਈ ਫਿਰਦਾ ਏਂ, ਦੁਨੀਆਂ ਠੱਗਣ ਨੂੰ। ਛੱਛਾ ਆਖੇ ਛਲ ਵੱਲ ਕਰਕੇ ਕੀਤਾ ਅੰਦਰ ਕਾਲਾ ਤੂੰ। ਜੱਜੇ ਦੀ ਬੋਲੀ ਇਹ ਸੀ : ਰਾਈ ਘਟੇ ਨਾ ਤਿਲ ਵਧੇ ਜੋ ਲਿਖਿਆ ਕਰਤਾਰ। ਜੋ ਕੁਝ ਕਮਾਈ ਤੂੰ ਆਪ ਕਰੇਂਗਾ ਤੈਨੂੰ ਉਹੋ ਕੁਝ ਮਿਲਣੀ ਏ, ਆਸੇ ਪਾਸੇ ਨਜ਼ਰ ਨਾ ਮਾਰ। "ਤੋੜ ਲਏ ਫੁਲ ਮਾਲੀ ਜਿਹੜਾ ਬੋਹੜ ਨਾ ਡਾਲੀ ਖਿਲਦਾ ਈ। ਝੱਜੇ ਦੀ ਗੱਲ ਈ ਨਿਆਰੀ ਏ। ਫਕੀਰ ਦੀ ਫਮਜ਼ ਏ, ਜਿਹਨੇ ਪਛਾਣ ਲਈ ਉਹਦਾ ਅੱਗਾ ਸੌਰ ਗਿਆ ਵਾਂਗ ਪਪੀਹੇ ਮੂੰਹ ਅੱਡ ਕੇ ਪੀਤੀ ਬੂੰਦ ਸਵਾਤੀ ਨਾ। ਞਞਾਂ ਕੁਝ ਖਿੱਝ ਕੇ ਬੋਲਿਆ, ਮਨ ਮੂਰਖ ਐਵੇਂ ਦਮਗਜੇ ਨਾ ਮਾਰ, ਮੌਤ ਸਿਰ ਤੇ ਕੂਕਦੀ ਏ, ਫਾਤੇ ਦੀ ਮਾਰ ਤੋਂ ਡਰ : "ਮੌਤ ਨਾ ਛਡੇ ਰਾਵਣ ਜੈਸੇ ਕਾਲ ਬੱਧਾ ਜਿਸ ਪਾਵੇ।" ਟੈਂਕਾ ਵਿਚਕਾਰੇ ਬੋਲ ਪਿਆ, ਨੂਰ ਪੀਰਾਂ ਦੇ ਵੇਲੇ ਜੇ ਤੂੰ ਕੁਝ ਵੀ ਨਹੀਂ ਕਰ ਸਕਦਾ ਤਾਂ ਇਕ ਅੱਧ ਮਾਲਾ ਪ੍ਰਭੂ ਦੇ ਨਾਮ ਦੀ ਜਪ ਲੈ। "ਬਾਝ ਮੋਇਆਂ ਨਾ ਮਿਲੇ ਹਯਾਤੀ ਜੀਂਵਦਿਆਂ ਹੀ ਮਰ ਲੈ ਤੂੰ।" ਯਾਰ ਦੀ ਗਲੀ ਜਾਣ ਲਈ ਸਿਰ ਤਲੀ ਦੇ ਉਤੇ ਰੱਖ ਕੇ ਜਾਈ ਦਾ ਏ। ਠੱਠਾ ਆਖਦਾ ਏ, ਇਹ ਹੱਟ ਛੋਟੀ ਏ, ਭੀੜਾ ਦਰਵਾਜ਼ਾ ਏ, ਜਦ ਇਕ ਵਾਰ ਬੰਦ ਹੋ ਗਿਆ ਤਾਂ ਫੇਰ ਕਿਸੇ ਨੇ ਨਹੀਂ ਖੋਲ੍ਹਣਾ। "ਛੋਡ ਗਿਓ ਜਦ ਹਟੜੀ ਦਾਸਾ ਨਹੀਂ ਆਉਣਾ ਵਣਜਾਰੇ ਤੂੰ।" ਡੱਡੇ ਦੀ ਗੱਲ ਸੁਣ ਲਓ, ਇਹ ਇਕ ਬਹਾਨਾ ਈ ਬਹਾਨਾ ਏ। ਰੂਹ ਕਬਜ਼ ਹੋ ਜਾਣੀ ਏ, ਕਿਸੇ ਨੇ ਵਾਤ ਨਹੀਂ ਲੈਣੀ। "ਜਿਹੜਾ ਜੰਮਿਆਂ ਉਸ ਮਰਨਾ ਅੰਦਰ ਅੱਠੋ ਵਾਰਾਂ ਦੇ।" ਢੱਢਾ ਆਖੇ ਢੂੰਡ ਕੋਈ ਗੁਰਮੁਖ ਪਿਆਰਾ ਤੇ ਉਹਦੀ ਚਰਨੀਂ ਲੱਗ ਜਾ। "ਗੁਰ ਕਿਰਪਾ ਕਰ ਪਾਰ ਉਤਾਰੇ ਗੁਰ ਕਰਦਾ ਨਿਸਤਾਰਾ ਓਏ।" ਅਣਾਣਾ ਇਉਂ ਆਖਣ ਲੱਗਾ, ਚੋਰੀ ਯਾਰੀ ਕੀਤੀ ਮਾਲ ਖ਼ਾਨੇ ਭਰ ਲਏ ਕਦੋਂ ਚੋਰ ਆਏ ਤੇ ਕਦੋ ਨਿਕਲ ਗਏ ਕਿਸੇ ਨੂੰ ਜਾਗ ਵੀ ਨਾ ਆਈ : "ਰਾਤ ਪਈ ਸ਼ਾਹ ਲੇਖਾ ਕਰਦਾ ਨੰਗ ਹੋਇਆ ਦਿਨ ਚੜ੍ਹਦੇ ਨੂੰ।" ਤੱਤਾ ਖਾਣ ਪੀਣ ਦੀ ਗੱਲ ਕਰਦਾ ਏ, ਜਿਹੜੇ ਛੱਤੀ ਪਦਾਰਥ ਤੂੰ ਚਾਈਂ ਚਾਈਂ ਖਾਂਦਾ ਏਂ ਜਦ ਵਕਤ ਆਇਆ ਸਭ ਕੌੜੇ ਲੱਗਣੇ ਨੇ, ਕਿਸੇ ਚੀਜ਼ ਨੂੰ ਮੂੰਹ ਨੇ ਬਰਦਾਸ਼ਤ ਨਹੀਂ ਕਰਨਾ। ਉਹਨਾਂ ਦੇ ਭੁੱਜੇ ਮੋਠ ਉਗ ਪੈਂਦੇ ਨੇ ਜਿਹਨਾਂ ਕੁਝ ਕਮਾਈ ਕੀਤੀ ਏ। "ਪੰਜ ਭੂਤ ਦੀ ਦੇਹ ਵਿਚ ਨਾ ਕੋਈ ਵੜਿਆ ਜੀ।" ਥੱਥੇ ਦਾ ਇਸ਼ਾਰਾ ਬੜਾ ਸਿੱਧਾ ਏ : 'ਨੇਕ ਕਮਾਈ ਕਰ ਲੈ ਕਾਈ ਔਤਰ ਖਟੀ ਪਟ ਨਹੀਂ।' ਦੱਦਾ ਆਖੇ ਦਮ ਦਮ ਅੰਦਰ ਹਰਿ ਵੇਲੇ ਹਰਿ ਨੂੰ ਯਾਦ ਕਰ ਤੇ ਫੇਰ ਇਉਂ ਵੀ ਹੋ ਸਕਦਾ ਏ : "ਲੁੱਟ ਲਿਆ ਘਰ ਪੰਜਾਂ ਚੋਰਾਂ ਉਜੜਿਆ ਅਬਾਦ ਕਰੇ।" ਧੱਧਾ ਆਖਦਾ ਏ ਧਨ ਦੇ ਪਿੱਛੇ ਮੁਲਕ ਮਾਹੀ ਦਾ ਮਾਰ ਲਿਆ। ਕਿਸੇ ਦੀ ਚੀਕ ਵੀ ਨਾ ਸੁਣੀ, ਪਹਿਲਾ ਕਰਜ਼ਾ ਉਤਰਿਆ ਨਹੀਂ ਤੇ ਅੱਗੋਂ ਹੋਰ ਉਧਾਰ ਲਿਆ। ਕੱਠਾ ਕਰਕੇ ਲਹੂ ਗਰੀਬਾਂ ਪੱਕਾ ਕੋਟ ਉਸਾਰ ਲਿਆ। ਨੰਨਾ ਨਿਮਾਣੀ ਗੱਲ ਕਰਦਾ ਏ, ਚੰਗੇ ਭਲੇ ਰਾਹ ਵਿਚ ਐਵੇਂ ਕੰਡੇ ਨਾ ਬੀਜ, ਇਹ ਅੱਖਾਂ ਨਾਲ ਚੁਣਨੇ ਪੈਣਗੇ। "ਹੁਸਨ ਜਵਾਨੀ ਭੋਗ ਕੇ ਲੱਭੀ ਤੇਰੀ ਰੀਝ ਨਹੀਂ।" ਪੱਪੇ ਦੀ ਗੱਲ ਸੱਚੀ ਏ, ਏਥੇ ਕੋਈ ਸਾਕ ਨਹੀਂ, ਕੋਈ ਪੁੱਤ ਨਹੀਂ, ਜਿਹਦਾ ਦਾਅ ਲੱਗਦਾ ਏ, ਉਹੋ ਝੁੱਗਾ ਲੁੱਟ ਪੁੱਟ ਲੈ ਜਾਂਦਾ ਏ। "ਸੱਦੀ ਤੇਰਾ ਸੱਕ ਲਾਹਦੇ ਜੇਹੜੇ ਤੇਰੇ ਸੱਕੇ

ਨੀ ।" ਫੱਫਾ ਆਖਦਾ ਹੈ ਕਿ ਅਜੇ ਤੇਰਾ ਦਮ ਉਖੜਿਆ ਵੀ ਨਹੀਂ ਤੇਰੇ ਘਰ ਦਿਆਂ ਤੇਰੀਆਂ ਰਗਾਂ ਵਿਚ ਨਹੂੰ ਦੇਣਾ ਏ, ਦੱਸ ਰਖਿਆ ਰਖਾਇਆ ਤੇ ਤੇਰੀ ਜ਼ਬਾਨ ਨੇ ਕੁਝ ਨਹੀਂ ਬੋਲਣਾ । "ਘਰ ਦੇ ਪੁੱਛਨ ਧਰੀ ਧਰਾਈ ਦੱਸ ਨਹੀਂ ਕੁਝ ਸਕੇਂਗਾ ।" ਬੱਬਾ ਆਖਦਾ ਹੈ ਕਿ ਜੋਕ ਵਾਂਗੂ ਚੂਸ ਨਾ, ਰੱਬ ਦਾ ਖੌਫ ਕਰ ਕਦੀ ਤੇਰੀ ਵੀ ਵਾਰੀ ਆਉਣੀ ਏ । "ਜੋਕਾਂ ਵਾਂਗ ਜਿਦ੍ਹਾ ਗੱਲ ਫੜਨਾ ਏ ਛੱਡਦਾ ਉਸ ਦੀ ਰਤ ਨਹੀਂ" ਭੱਬਾ ਵਿਚਾਰਾ ਭੋਲਾ ਭਾਲਾ ਏ, ਸਭ ਨੂੰ ਜਾਪਦਾ ਏ ਪਰ ਤੇਰੇ ਅੰਦਰ ਕੀ ਏ ਤੂੰ ਇਹ ਗੱਲ ਪਛਾਨਣੀ ਏਂ । "ਗੱਲ ਕਰੇ ਤੇ ਅੰਦਰ ਸਾੜੇ ਮਾਰੇ ਤੁਬਕ ਦੁਨਾਲੀ ਤੂੰ ।" ਮੰਮਾਂ ਮਾਂ ਦੇ ਦੁੱਧ ਵਾਂਗੂ ਨਰੋਇਆ ਹੋ ਜਾ ਤੇ ਫੇਰ ਤੇਰਾ ਜੀਵਨ ਬਣੇਗਾ । 'ਕਿਸੇ ਦੀ ਰੱਖ ਅਮਾਨ ਬਗਾਨੀ ਲੈ ਕੇ ਹੱਥ ਫੜਾਏਂ ਨਾ ।' ਯੱਯਾ ਆਖਦਾ ਏ ਆਪਣੇ ਲਹੂ ਦਾ ਸਵਾਦ ਏ ਜਿੰਨਾ ਮਰਜ਼ੀ ਲੈ । ਐਵੇਂ ਬਗਾਨੀਆਂ ਫਾਹੀਆਂ ਕਿਉਂ ਗੱਲ ਪਾਉਨਾ ਏ ਤੈਥੋਂ ਆਪਣੀ ਤੇ ਲੱਥਦੀ ਨਹੀਂ । "ਕਈ ਹਜ਼ਾਰ ਮੁਰੀਦ ਬਨਾਏ ਦਾਵਾ ਕਰ ਪੀਰੀ ਦਾ ।" ਰਾਰਾ ਆਖਣ ਲੱਗਾ ਇਕ ਦਿਨ ਤੇਰਾ ਵੀ ਨਿਤਾਰਾ ਹੋਣਾ ਏ, ਤੇਰਾ ਵੀ ਕਿਸੇ ਨੇ ਹਿਸਾਬ ਲੈਣਾ ਏ, ਤੂੰ ਆਪਣੀ ਵਹੀ ਵਿਚ ਕੀ ਲਿਖਿਆ ਹੋਇਆ ਏ, "ਅੰਤ ਭਲੇ ਨੂੰ ਖੁਸ਼ੀਆਂ, ਪਾਪੀ ਪੁਰਸ਼ਾਂ ਰੋਣਾ ਏ ।" ਲੱਲਾ ਬੋਲਿਆ, ਮਾਲੇ ਮੁਫ਼ਤ ਦਿਲੇ ਬੇ ਰਹਿਮ । "ਖਾ ਖਾ ਮਾਲ ਹਰਾਮੀ ਬੰਦੇ ਵੱਡਾ ਢਿੱਡ ਵਧਾਇਆ ਈ ।" ਵੱਵਾ ਉਹਦੀ ਰਜ਼ਾ ਵਿਚ ਰਹੋ, ਉਹਦੇ ਨਾਂ ਤੇ ਸਭ ਕੁਝ ਨਿਛਾਵਰ ਕਰ ਦੇ । ਸਿਦਕ ਏਥੋਂ ਤੱਕ ਹੋ ਜਾਏ ਕਿ ਬੰਦਾ ਬੰਦਾ ਨਾ ਰਹੇ । "ਜੇ ਕੋਈ ਦੇਵੇ ਜ਼ਹਿਰ ਪਿਆਲੀ ਅੰਮ੍ਰਿਤ ਕਰਕੇ ਪੀਵੇਂ ਤੂੰ ।" ੜਾੜਾ ਬੋਲਿਆ ਸੌ ਹੱਥ ਰੱਸਾ ਤੇ ਸਿਰੇ ਤੇ ਗੰਢ, ਅੱਠੇ ਪਹਿਰ ਮਨ ਨੂੰ ਜੇ ਲਗਾਮ ਨਹੀਂ ਪਾ ਸਕਦਾ ਤਾਂ ਮਨ ਨੂੰ ਇਕ ਟਿਕਾਣੇ ਲਾ । "ਕਾਲੀ ਰੈਣ ਗੁਜ਼ਾਰੀ ਸੋਇਆਂ ਅੰਮ੍ਰਿਤ ਵੇਲੇ ਜਾਗ ਮਨਾਂ ।"

—ਬੱਸ ਮੈਨੂੰ ਤੇ ਏਹੋ ਕੁਝ ਆਉਂਦਾ ਏ, ਮੈਂ ਤੇ ਜੱਟ ਬੂਟ ਹਾਂ । ਮੈਥੋਂ ਸਿੱਧੀਆਂ ਸਾਦੀਆਂ ਸੁਣ ਲੈ । ਬਾਬਾ ਬੁੱਢਾ ਗੁਰਾਂ ਦਾ ਬਹੁਤ ਪਿਆਰਾ ਸਿੱਖ ਸੀ ।

—ਮਾਤਾ ਖੀਵੀ ਤੇ ਬਾਬਾ ਬੁੱਢਾ ਦੋਵੇਂ ਐਸੇ ਵਿਅਕਤੀ ਸਨ ਜਿਹੜਾ ਵੀ ਚਰਨੀਂ ਲੱਗ ਗਿਆ, ਬੱਸ ਉਹੋ ਈ ਨਿਹਾਲ ਹੋ ਗਿਆ ।

ਇਕ ਸੇਵਾ ਮਾਤਾ ਖੀਵੀ ਨੇ ਖੋਹ ਲਈ ਤੇ ਗੁਰੂ ਉਹਦੇ ਬਦਲੇ ਦੋ ਸੇਵਾਵਾਂ ਤੇ ਹੱਕ ਜਮਾ ਲਿਆ । ਇਕ ਲੰਗਰ ਦੇ ਜੂਠੇ ਭਾਂਡੇ ਮਾਂਜਣੇ ਤੇ ਦੂਜੇ ਲੰਗਰ ਲਈ ਲੱਕੜਾਂ ਲਿਆਉਣੀਆਂ । ਇਹ ਦੋਵੇਂ ਸੇਵਾ ਕਰਦਿਆਂ ਅਜੇ ਛੇ ਮਹੀਨੇ ਨਹੀਂ ਸਨ ਲੰਘੇ ਕਿ ਚਰਚਾ ਹੋਣ ਲੱਗ ਪਈ ਦੰਦ ਕਥਾ ਬਣ ਗਈ, ਧੁੰਮਾਂ ਪੈ ਗਈਆਂ ਚਹੁੰ ਕੂੰਟੀਂ, ਗੁਰੂ ਅੰਗਦ ਦੇਵ ਦੀ ਕੰਨੀਂ ਗੱਲ ਚੜ੍ਹੀ ।

—ਬੜੇ ਪ੍ਰਸੰਨ ਹੋਏ । ਇਕ ਦਿਨ ਆਖਣ ਲੱਗੇ । ਭਾਈ ਏਨਾ ਕਸ਼ਟ ਕਿਉਂ ਦੇਨਾ ਏਂ ਸਰੀਰ ਨੂੰ ।

—ਏਸ ਸਰੀਰ ਕੋਲੋਂ ਜਿੰਨ੍ਹਾ ਕੰਮ ਲਿਆ ਜਾਏ ਥੋਹੜਾ ਏ । ਫੇਰ ਤੇ ਏਸ ਸਰੀਰ ਦੇ ਮਾਸ ਨੂੰ ਕੁੱਤਿਆਂ ਵੀ ਨਹੀਂ ਖਾਣਾ । ਇਹ ਮਿੱਟੀ ਦੀ ਮੁੱਠ, ਇਹ ਰੇਤ ਦੀ ਕੰਧ ਨੇ ਇਕ ਦਿਨ ਢਹਿ ਢੇਰੀ ਹੋ ਜਾਣਾ ਏ । ਏਸ ਸਰੀਰ ਤੋਂ ਜਿੰਨੀ ਗੁਰੂ ਸੇਵਾ ਹੋ ਸਕੇ ਲੈ ਲਈ ਜਾਏ । ਫ਼ਰਮਾਇਆ ਗੁਰਾਂ ਨੇ ।

—ਮੈਂ ਸੁਣਿਆ ਏ, ਹੁਣ ਤੁਸੀਂ ਲੰਗਰ ਵਿਚ ਜੂਠੇ ਭਾਂਡੇ ਵੀ ਮਾਂਜਦੇ ਓ, ਇਹ ਠੀਕ ਏ। ਬੋਲ ਗੁਰੂ ਅੰਗਦ ਦੇਵ ਦੇ ਸਨ।

—ਇਹ ਸਿਰਫ ਤੁਹਾਡੀ ਕਿਰਪਾ ਏ, ਮੈਂ ਕਾਹਦੇ ਜੋਗਾ ਹਾਂ।

—ਲਕੜੀਆਂ ਦੀ ਸੇਵਾ ਵੀ ਤੁਸੀਂ ਆਪਣੇ ਜ਼ਿੰਮੇ ਲੈ ਲਈ ਏ ?

—ਤੁਹਾਡੀ ਮਿਹਰਬਾਨੀ ਸਦਕਾ ਇਹ ਵੀ ਕਾਰਜ ਹੋ ਰਿਹਾ ਏ।

—ਸੇਵਾ ਦਾ ਅਰਥ, ਸੇਵਾ ਦੀ ਭਾਵਨਾ ਤੁਹਾਡੀ ਸਮਝ ਵਿਚ ਆ ਗਈ ਏ, ਇਹ ਕੋਈ ਵਿਰਲਾ ਸਮਝਦਾ ਏ। ਅਜੇ ਕੱਲ੍ਹ ਦੀ ਗੱਲ ਏ, ਚਾਰ ਵਰ੍ਹੇ ਲੰਘ ਗਏ।

ਸਵੇਰੇ ਪਾਣੀ ਦੀ ਗਾਗਰ ਬਿਆਸਾ ਤੋਂ ਲਿਆਉਣੀ, ਫੇਰ ਲੰਗਰ ਵਿਚ ਭਾਂਡੇ ਮਾਂਜਣੇ ਤੇ ਫੇਰ ਦੁਪਹਿਰਾਂ ਵੇਲੇ ਲੱਕੜੀਆਂ ਲੈਣ ਚਲੇ ਜਾਣਾ, ਰਾਤ ਦਾ ਵੇਲਾ ਖਾਲੀ ਸੀ। ਮੇਰਾ ਗੁਰੂ ਚਾਹੁੰਦਾ ਸੀ ਕੁਝ ਕਰਨਾ ਪਰ ਉਹਦੀ ਅਜੇ ਇਜਾਜ਼ਤ ਨਹੀਂ ਸੀ ਮਿਲੀ।

ਇਕ ਦਿਨ ਵਿਚਾਰਾਂ ਵਿਚ ਡੁੱਬਿਆ, ਖਿਆਲਾਂ ਦੀ ਮਿੱਟੀ ਗੋ ਰਿਹਾ ਸੀ ਗੁਰੂ, ਭੌਣੀ ਚੱਲ ਰਹੀ ਸੀ ਵਿਚਾਰਾਂ ਦੀ ਇਕ ਵਿਚਾਰ ਆਉਂਦਾ ਲੰਘ ਜਾਂਦਾ, ਇਕ ਖਿਆਲ ਉਠਦਾ ਖਿੱਲਰ ਜਾਂਦਾ। ਮਨ ਇਕਾਗਰ ਹੋਇਆ। ਵਿਚਾਰ ਬੱਝੀ, ਮੈਂ ਚਾਰ ਸਾਲ ਬੇਅਦਬੀ ਕਰਦਾ ਰਿਹਾ ਹਾਂ। ਮੈਂ ਹਮੇਸ਼ਾ ਗੁਰੂ ਵੱਲ ਪਿੱਠ ਕਰਕੇ ਗਾਗਰ ਲੈ ਕੇ ਚਲਦਾ ਰਿਹਾ ਹਾਂ। ਇਹ ਬਹੁਤ ਵੱਡਾ ਮਹਾਂ ਪਾਪ ਏ। ਪਰ ਕੀ ਕੀਤਾ ਜਾਏ। ਅਕਲ ਈ ਚਾਰ ਸਾਲ ਬਾਅਦ ਆਈ ਏ। ਇਹਦੇ ਬਾਰੇ ਵਿਚਾਰ ਬਾਬਾ ਬੁੱਢਾ ਨਾਲ ਕੀਤੀ ਜਾਏ। ਅਜੇ ਗੱਲ ਮੂੰਹ ਵਿਚ ਈ ਸੀ, ਬਾਬਾ ਬੁੱਢਾ ਜੀ ਵੀ ਆ ਗਏ। ਸਾਰੀ ਕਥਾ ਸੁਣਾ ਦਿੱਤੀ।

—ਤਿੰਨ ਸਾਲ ਤੋਂ ਬਾਅਦ ਜਦ ਤੇਰਾ ਮਨ ਚੇਤੰਨ ਹੋਇਆ ਏ, ਹੁਣ ਤਿੰਨ ਮੀਲ ਤੂੰ ਪੁੱਠੇ ਪੈਰੀਂ ਜਾਇਆ ਕਰ ਤੇ ਫੇਰ ਮੂੰਹ ਫੇਰ ਲਿਆ ਕਰ। ਬੱਸ ਤੇਰੀ ਏਹੋ ਸਜ਼ਾ ਏ। ਬਾਬੇ ਬੁੱਢੇ ਨੇ ਫੁਰਮਾਇਆ।

—ਸਤਿ ਬਚਨ।

ਕੱਲ੍ਹ ਮਹੀਨਾ ਚੜ੍ਹਨ ਵਾਲਾ ਏ, ਕੱਲ੍ਹ ਦੀਵਾਨ ਵਿਚ ਬਹੁਤ ਭਾਰੀ ਇਕੱਠ ਏ। ਸੇਵਾ ਤੇ ਬਹੁਤ ਦੇਣ ਦੀ ਲੋੜ ਏ। ਬਹੁਤ ਸੰਗਤਾਂ ਨੇ ਆਉਣਾ ਏ। ਏਸ ਲਈ ਖਿਆਲ ਰੱਖਣਾ। ਬਾਬਾ ਬੁੱਢਾ ਆਖ ਕੇ ਚਲੇ ਗਏ।

ਅਗਲੇ ਦਿਨ ਗਾਗਰ ਲਿਆ ਰੱਖੀ ਮੇਰੇ ਗੁਰੂ ਨੇ। ਗੁਰੂ ਨੇ ਆਪ ਇਸ਼ਨਾਨ ਕੀਤਾ, ਮੇਰਾ ਗੁਰੂ ਵੇਖਦਾ ਰਿਹਾ। ਅੱਗੇ ਹੋ ਕੇ ਹੱਥ ਬੰਨ੍ਹ ਖਲੋਤਾ ਤੇ ਆਖਣ ਲੱਗਾ, ਜੇ ਇਹ ਸੇਵਾ ਮੈਨੂੰ ਬਖਸ਼ ਦਿਓ ਤਾਂ ਮੈਂ ਭਾਗਵਾਨ ਹੋ ਜਾਂਵਾਗਾ। ਬੋਲ ਮੇਰੇ ਗੁਰੂ ਅਮਰ ਦਾਸ ਦੇ ਸਨ।

ਬੱਸ ਏਨੇ ਨਾਲ ਈ ਰਾਜ਼ੀ ਹੋ ਜਾਵੇਂਗਾ। ਕੋਈ ਮੰਗਣੀ ਸੀ ਤੇ ਬਹੁਤ ਵੱਡੀ ਮੰਗਦੋਂ। ਫ਼ਰਮਾਇਆ ਗੁਰੂ ਅੰਗਦ ਦੇਵ ਨੇ।

—ਅੰਨ੍ਹਾਂ ਕੀ ਲੱਭੇ ਦੋ ਅੱਖੀਆਂ। ਬੱਸ ਏਸ ਤੋਂ ਵੱਧ ਏਸ ਵੇਲੇ ਹੋਰ ਕੁਝ ਨਹੀਂ ਚਾਹੀਦਾ।

—ਚੰਗਾ ਭਾਈ ਤੇਰੀ ਇੱਛਾ। ਕੱਲ੍ਹ ਤੋਂ ਚੜ੍ਹੇ ਮਹੀਨੇ ਤੂੰ ਇਹ ਵੀ ਕਰਕੇ ਵੇਖ ਲੈ।

—ਧੰਨ ਭਾਗ। ਹੱਥ ਜੋੜ ਦਿੱਤੇ ਅਮਰ ਦਾਸ ਨੇ।

—ਬੁਢਾਪੇ ਦਾ ਖਿਆਲ ਰਖਿਆ ਕਰੋ। ਏਨੀ ਕਠਿਨ ਜਾਪੱਸਿਆ। ਕਿਸੇ ਵੇਲੇ ਮੈਨੂੰ ਆਪ ਸ਼ਰਮ ਆ ਜਾਂਦੀ ਏ ਜਦ ਮੈਂ ਤੁਹਾਨੂੰ ਵੇਖਦਾ ਹਾਂ।

—ਬੁਢਾਪੇ ਤੇ ਜੁਆਨੀ ਵਿਚ ਵਿਥ ਹੋ ਸਕਦੀ ਏ ਪਰ ਗੁਰੂ ਤੇ ਚੇਲੇ ਵਿਚ ਕੋਈ ਸੂਈ ਦੀ ਵਿੱਥ ਨਹੀਂ ਪਾ ਸਕਦਾ।

—ਤੇਰਾ ਇਸ਼ਕ ਸਾਦਕ ਏ।

—ਤੁਹਾਡੀਆਂ ਮਿਹਰਾਂ।

ਸੂਰਜ ਦੀ ਟਿੱਕੀ ਪੁੰਗਰਨ ਤੋਂ ਪਹਿਲਾਂ ਈ ਗਾਗਰ ਭਰ ਕੇ ਲੈ ਆਂਦੀ। ਅਸ਼ਨਾਨ ਕਰਵਾਇਆ ਆਪਣੀ ਹੱਥੀਂ। ਭਰੇ ਦੀਵਾਨ ਵਿਚ ਗੁਰੂ ਮਹਾਰਾਜ ਆਏ, ਆਸਣ ਤੇ ਬੈਠੇ ਪਰ ਭਾਈ ਅਮਰ ਦਾਸ ਫੇਰ ਉਸੇ ਨੁੱਕਰੇ ਲੱਗਾ ਹੋਇਆ ਸੀ ਜਿਥੇ ਅੱਗੇ ਤਿੰਨ ਸਾਲ ਪਹਿਲਾਂ ਬੈਠਿਆ ਕਰਦਾ ਸੀ।

ਸੁਣਾ ਭਾਈ ਮਹੀਨਾ, ਫੁਰਮਾਇਆ ਗੁਰਾਂ ਨੇ :

"ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰਸਾਧਨ ਬਿਨਉ ਕਰੈ ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥
ਸਾਚੈ ਮਹਲਿ ਰਹੈ ਬੈਰਾਗੀ ਆਵਣੁ ਦੇਹਿ ਤ ਆਵਾ ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥"

ਜੋਤਿ ਵਿਚ ਤੇਜ ਦਾ ਪ੍ਰਕਾਸ਼ ਹੁੰਦਾ
ਮਹੀਨਾ ਸੁਣਦਿਆਂ ਹੀ ਕਾਇਆ ਪਲਟ ਗਈ। ਲੋਕ ਆਖਦੇ ਹਨ ਅਮਰ
ਪਾਇਆ। ਮੱਥੇ ਤੇ ਲਾਲੀ ਨੇ ਆਪਣਾ ਜਲਾਲ ਵਿਖਾਇਆ।
ਦਾਸ ਦੇ ਚਿਹਰੇ ਤੇ ਸੂਰਜ ਦੀ ਲਾਲੀ ਵਰਗੀ ਰੌਸ਼ਨੀ ਸੀ।

ਸੰਗਤ ਵੀ ਨਿਹਾਲ ਹੋ ਗਈ ਤੇ ਮੇਰਾ ਗੁਰੂ ਵੀ।

ਇਹ ਚੌਥਾ ਸਿਰੋਪਾ ਸੀ। ਦਿਨੇ ਤਿੰਨ ਸਿਰੋਪਾ
ਸਿਰੋਪਾ ਫੇਰ ਮਿਲਿਆ ਮੇਰੇ ਗੁਰੂ ਨੂੰ। ਏਸ
ਬੰਨ੍ਹ ਕੇ ਘਰੋਂ ਆਏ ਸਨ ਸਤਿਗੁਰ ਸਿਰ ਤੇ। ਉਹਨਾਂ ਉਤੇ ਚੌਥੇ ਨੂੰ ਵੀ ਬੰਨ੍ਹ ਲਿਆ।
ਸਿਰੋਪਾ ਨੇ ਮੇਰੇ ਗੁਰੂ ਦੀ ਪਦਵੀ ਵਧਾ ਦਿੱਤੀ।

—ਕਿਉਂ ਕੁਝ ਸਮਝ ਆਈ ਏ, ਮੇਰੇ ਯਾਰ ਅੱਲਾ ਯਾਰ ਖਾਂ। ਪਾਰੋ ਤੱਲੇ ਦੀ ਅਵਾਜ਼ ਸੀ।

—ਅੱਲਾ ਯਾਰ ਖਾਂ ਨੇ ਸਿਰ ਝੁਕਾ ਦਿੱਤਾ ਤੇ ਆਖਣ ਲੱਗੇ, ਅਜੇ ਭਾਂਡਾ ਕੋਰਾ ਏ, ਅਜੇ ਤੇ ਥਿੰਦਾ ਵੀ ਨਹੀਂ ਹੋਇਆ। ਏਸ ਭਾਂਡੇ ਨੇ ਕਦੋਂ ਆਵੀ ਚੜ੍ਹਨਾ ਏ, ਇਹ ਤੇ ਗੁਰੂ ਈ ਜਾਣੇ।

ਸਬਰਾਂ ਦੇ ਫਲ ਮਿੱਠੇ ਹਨ। ਜਿਉਂ ਜਿਉਂ ਭਿੱਜੇ ਕੰਬਲੀ ਤਿਉਂ ਤਿਉਂ ਭਾਰੀ ਹੋਏ।

ਚਾਰ ਸਾਲ ਬੀਤ ਗਏ, ਸੁਖ ਨਾਲ ਪੰਜਵਾਂ ਸਾਲ ਚੜ੍ਹ ਗਿਆ। ਬਗਲਿਆਂ ਦੀ ਕਤਾਰ ਉਡਦੀ ਖਡੂਰ ਦੇ ਉਤੋਂ ਦੀ ਲੰਘ ਗਈ ਤੇ ਉਹ ਡਾਰ ਇਕ ਛੱਪੜ ਤੇ ਆਣ ਬੈਠੀ। ਛੱਪੜ ਕੰਢੇ ਬੋਹੜ ਦਾ ਦਰਖਤ ਸੀ। ਉਤੇ ਉਲੂ ਆਣ ਬੈਠੇ।

—ਜਿਥੇ ਉਲੂ ਆਪਣਾ ਘਰ ਬਣਾ ਲੈਣ, ਉਹ ਪਿੰਡ ਉਜੜਿਆ ਕਿ ਉਜੜਿਆ ਉਲੂ ਖਡੂਰ ਤੇ ਆਣ ਬੈਠੇ ਹਨ, ਹੁਣ ਖੈਰ ਨਹੀਂ ਪਿੰਡ ਦੀ। ਇਕ ਬੁੱਢੇ ਧੌਲੀ ਦਾੜੀ ਵਾਲੇ ਨੇ ਆਖ ਕੇ ਚੰਦ ਕੱਥਾ ਦਾ ਆਰੰਭ ਕਰ ਦਿੱਤਾ।

—ਬਾਬਾ ਠੀਕ ਆਖਦਾ ਏ, ਸਿਆਣਿਆਂ ਤੱਤ ਕੱਢੇ ਹੁੰਦੇ ਹਨ। ਬੁੱਢੇ ਵਾਲ ਦੀ ਖਲ ਉਤਾਰਨਾ ਜਾਣਦੇ ਹਨ।

—ਘੁੱਗ ਵੱਸਦਾ ਪਿੰਡ ਉਜੜ ਜਾਵੇ ਇਹ ਝੂਠ ਏ, ਐਵੇਂ ਗਪੌੜਾ ਮਾਰਿਆ ਬੁੱਢੇ ਨੇ।

—ਗਪੌੜਾ ਨਹੀਂ, ਸੋਲਾਂ ਆਨੇ ਸੱਚ ਏ, ਬੁਢੇ ਨੇ ਝੂਠ ਬੋਲ ਕੇ ਸਾਥੋਂ ਕਿਹੜਾ ਦਾਣੇ ਲੈਣੇ ਨੇ।

—ਗੱਲ ਮੁੱਕੀ ਪਰੇ ਤੇ ਆਣ ਕੇ ਇਕ ਧੂਣਾ, ਇਕ ਡੇਰਾ ਖਡੂਰ ਵਿਚ ਜੋਗੀਆਂ ਦਾ, ਨਾਥਾਂ ਦਾ ਝੁਰਮੱਟ, ਨਾਥਾਂ ਦੀਆਂ ਜੋਡਲੀਆਂ ਹਰ ਵੇਲੇ ਡੇਰੇ ਵਿਚ ਚੌਕੜੀ ਮਾਰ ਕੇ ਬੈਠੀਆਂ ਰਹਿੰਦੀਆਂ ਸਨ। ਸੁਲਫੇ ਦੇ ਖੂਬ ਦਮ ਲੱਗਦੇ, ਚਿਲਮਾਂ ਵਿਚੋਂ ਲਾਟਾਂ ਨਿਕਲਦੀਆਂ, ਚਿਮਟੇ ਖੜਕਦੇ, ਧੂਣੇ ਵਿਚੋਂ ਧੂਆਂ ਵੀ ਨਿਕਲਦਾ ਤੇ ਅੱਗ ਦੀਆਂ ਲਾਟਾਂ ਵੀ। ਧੂਣੀ ਨਹੀਂ ਸੀ ਵੇਖੀ ਕਿਸੇ ਨੇ। ਅੱਠੇ ਪਹਿਰ ਮੁੱਢ ਬਲਦੇ ਰਹਿੰਦੇ ਜੋਗੀਆਂ ਦੀ ਚੌਧਰ ਬਣੀ ਹੋਈ ਸੀ। ਖਡੂਰ ਵਿਚ ਸਾਰੇ ਇਲਾਕੇ ਦੀ ਮਲ-ਗੁਜ਼ਾਰ ਪਾਣੀ ਭਰਦੀ। ਅਨਾਜ ਦੀ ਜਦੋਂ ਜਿਨਸ ਆਉਂਦੀ ਤੇ ਨਾਥਾਂ ਦਾ ਹਿੱਸਾ ਉਥੇ ਹੀ ਪਹਿਲਿਆਂ ਵਿਚੋਂ ਕੱਢ ਦਿੱਤਾ ਜਾਂਦਾ। ਜੋਗੀ ਵਰ੍ਹੇ ਛਿਮਾਹੀ ਲੰਗਰ ਵੀ ਕਰਦੇ ਪਰ ਚੇਤਾ ਆਉਣ ਤੇ। ਜਿਹੜੀ ਜਿਨਸ ਬਚ ਜਾਂਦੀ, ਗਰੀਬ ਗੁਰਬੇ ਨੂੰ ਹੁਦਾਰ ਦੇਂਦੇ ਅਤੇ ਫਸਲ ਘਰ ਆਉਣ ਤੇ ਦੂਣੀ ਵਸੂਲ ਕਰਦੇ, ਏਸ ਲਈ ਗਰੀਬ ਬੰਦੇ ਜੋਗੀਆਂ ਅਗੇ ਮੱਥੇ ਟੇਕਦੇ ਸਨ ਜਾਂ ਉਨ੍ਹਾਂ ਛੋਟੇ ਜ਼ਿਮੀਂਦਾਰਾਂ ਦੇ ਘਰ ਜਿਨਸ ਪਾਉਂਦੇ ਜਿਨ੍ਹਾਂ ਬੀ ਪਾਉਣਾ ਹੁੰਦਾ ਖੇਤਾਂ ਵਿਚ। ਗ਼ਰੀਬ ਜੋਗੀਆਂ ਦਾ ਪਾਣੀ ਨਾ ਭਰਨ ਤੇ ਹੋਰ ਕਿਹਦੇ ਚੁਲੇ ਜਾਹ ਕੇ ਬੇਠਣ।

—ਜਦੋਂ ਦਾ ਡੇਰਾ ਗੁਰੂ ਅੰਗਦ ਦੇਵ ਨੇ ਲਾਇਆ ਸੀ ਸਿਆਣੇ ਸੋਝੀ ਵਾਲੇ, ਅਕਲਮੰਦ ਲੋਕਾਂ ਨੇ ਗੁਰੂ ਘਰ ਨੂੰ ਕਬੂਲ ਕਰ ਲਿਆ ਸੀ। ਆਮ ਲੋਕਾਂ ਦਾ ਝੁਕਾ ਸਾਰੇ ਦਾ ਸਾਰਾ ਨਾਨਕ ਘਰ ਵੱਲ ਵਧਣ ਲੱਗ ਪਿਆ ਸੀ। ਬਾਣੀ ਦੀ ਰਸਨਾ ਵਿਚ ਰਚ ਗਏ ਸਨ ਲੋਕ। ਜੋਗੀਆਂ ਦੀ ਮਾਨਤਾ ਦਿਨ-ਬਦਿਨ ਘੱਟਣ ਲੱਗ ਪਈ। ਅਨਾਜ ਜਿਹੜਾ ਅਗੇ ਨਾਥਾਂ ਨੂੰ ਮਿਲਦਾ ਸੀ ਉਹਦੇ ਵਿਚ ਵੀ ਵੰਡੀਆਂ ਪੈ ਗਈਆਂ ਤੇ ਉਹ ਹਿੱਸਾ ਇਥੋਂ ਤਕ ਤਾਕਤ ਫੜ ਗਿਆ ਕਿ ਲੋਕ ਹੁੰਝ ਹਾਂਝ ਕੇ ਗੁਰੂ ਨਾਨਕ ਘਰ ਪਾਉਣ ਲੱਗ ਪਏ। ਕੁਝ ਆਪਣੇ ਆਪ ਤੇ ਕੁਝ ਲੋਕਾਂ ਦੇ ਆਖੇ। ਹੁਣ ਜੋਗੀਆਂ ਦੇ ਭੁਖੇ ਮਰਨ ਦੇ ਦਿਨ ਆ ਗਏ

ਸਨ। ਸੱਪ ਤੇ ਕਲਜੇ ਤੇ ਲੇਟਣਾ ਹੀ ਸੀ ਜਦੋਂ ਕਿਸੇ ਦੇ ਢਿੱਡ ਨੂੰ ਹੱਥ ਪਾਈਏ ਉਸ ਗੱਲ ਤੇ ਪੈਣਾ ਹੋਇਆ। ਨਾਥ ਆਫਰੇ ਆਫਰੇ ਫਿਰਦੇ ਸਨ, ਇਕ ਉਦਾਸੀ ਪਿੰਡ ਵਿਚ ਆ ਗਿਆ ਤੇ ਉਸ ਇਕ ਫਫੂੰਦਰ ਛੇੜ ਦਿਤੀ। ਕੁਖਣੀ ਡਾਹ ਕੇ ਧੂਣੇ ਵਿਚ ਭਾਂਬੜ ਮਚਾ ਦਿੱਤਾ।

—ਨਾਨਕ ਪੰਥੀਆਂ ਨੇ ਤੁਹਾਡਾ ਬੁਰਾ ਉਜਾੜ ਦਿੱਤਾ ਏ, ਇਹ ਉਡਣੇ ਸੱਪ ਹਨ, ਜ਼ਹਿਰੀਲੇ ਨਾਗ ਹਨ, ਇਹ ਫੰਨ ਚੁਕੀ ਫਿਰਦੇ ਹਨ, ਆਖਣ ਲੱਗਾ ਉਦਾਸੀ।

—ਹਾਂ, ਸੰਤ ਹੁਰੀਂ ਠੀਕ ਆਖਦੇ ਨੇ, ਇਹ ਸਫੈਦ ਹਾਥੀ ਇਹ ਮੋਸਣੇ ਬੰਦੇ, ਇਹ ਜ਼ਹਿਰੀ ਠੂੰਹੇਂ ਹਨ, ਇਹ ਕਰੁੰਡੀਏ ਸੱਪ ਹਨ। ਇਨ੍ਹਾਂ ਦੀਆਂ ਖੁੱਡਾਂ ਹੁਣੇ ਹੀ ਪੂਰ ਦਿਓ, ਇਹ ਦਮ ਘੁਟ ਕੇ ਜ਼ਮੀਨ ਦੀ ਹਿੱਕ ਵਿਚ ਹੀ ਮਰ ਜਾਣ। ਇਨ੍ਹਾਂ ਦੇ ਡੰਗਿਆਂ ਪਾਣੀ ਨਹੀਂ ਮੰਗਿਆ, ਭੁਪਾ ਬੋਲ ਰਿਹਾ ਸੀ।

—ਨਾਥ ਕਦੇ ਝੂਠ ਨਹੀਂ ਬੋਲਦੇ, ਇਨ੍ਹਾਂ ਕੁਫਰ ਤੋਲ ਕੇ ਕਿਹੜਾ ਮੁੰਡਾ ਵਿਆਹੁਣਾ ਏ, ਨਾ ਧੀ ਤੋਰਨੀ ਤੇ ਨਾ ਨੂੰਹ ਲਿਆਉਣੀ, ਛੜੇ ਮਲੰਗ। ਅੱਗ ਸੇਕ ਕੇ ਰਾਤ ਲੰਘਾ ਲੈਣਾ, ਤੇ ਦਿਨ ਕੱਟ ਲੈਣਾ ਬੋਹੜ ਦੀ ਛਾਵੇਂ।

—ਸਾਡੇ ਚੜ੍ਹਾਵੇ ਬੰਦ, ਸਾਡੀਆ ਰਸਦਾਂ ਬੰਦ, ਸਾਡੇ ਲਗੇ ਗੁਜ਼ਾਰਿਆਂ ਦੀ ਨੱਥ ਵਿਚ ਨਕੇਲ। ਸਾਨੂੰ ਮੰਗਣ ਗਿਆਂ ਨੂੰ ਚੁਟਕੀ ਖ਼ੈਰ ਨਾ ਦੇਵੇ, ਕੋਈ ਲਕੜਾਂ ਨਾ ਦੇਵੇ ਧੂਣੇ ਲਈ, ਸਾਡੇ ਕਿਹੜਾ ਖੂਹ ਚਲਦੇ ਨੇ, ਨਾ ਸਾਡੇ ਹਲ ਵਗਦੇ ਨੇ, ਸਾਨੂੰ ਕਿਥੋਂ ਦਾਣੇ ਆਉਣੇ ਨੇ। ਸਾਡੇ ਢਿਡ ਦੀ ਜ਼ਿੰਮੇਵਾਰੀ ਖਡੂਰ ਵਾਲਿਆਂ ਦੇ ਸਿਰ ਤੇ ਆਉਂਦੀ ਏ।

—ਨਾਥ ਸੜਿਆ ਬਲਿਆ ਆਖ ਰਿਹਾ ਸੀ, ਇਨ੍ਹਾਂ ਨਾਨਕ ਪੰਥੀਆਂ ਨੇ ਤੰਬੂ ਡੂੰਘੇ ਗੱਡੇ ਨੇ, ਇਨ੍ਹਾਂ ਦੇ ਗੱਡੇ ਕਿਲੇ ਅਰਕ ਅਰਕ ਜ਼ਮੀਨ ਵਿਚ ਹਨ ਪੁਟਣੇ ਬਹੁਤ ਮੁਸ਼ਕਲ ਹਨ, ਇਨ੍ਹਾਂ ਦੀ ਸਰਕਾਰੇ ਦਰਬਾਰੇ ਵੀ ਪੁੱਛ ਗਿੱਛ ਹੋ ਗਈ ਏ। ਅਗੇ ਇਕ ਨਹੀਂ ਸੀ ਮਾਣ ਤੇ ਹੁਣ ਸੁੱਖ ਨਾਲ ਜੋੜੀ ਹੋ ਗਈ ਏ। ਇਕ ਅਗੇ ਕੁੜਨੀ ਸੀ ਦੂਜੀ ਪੈ ਗਈ ਸਿਵਿਆਂ ਦੇ ਰਾਹ। ਇਨ੍ਹਾਂ ਸਾਡੇ ਧੂਣੇ ਉਜਾੜ ਦਿਤੇ ਨੇ, ਸਾਨੂੰ ਪਿੰਡ ਵਿਚੋਂ ਕੱਢ ਕੇ ਈ ਦਮ ਮਾਰਨਾ ਏ। ਜਿੰਨਾ ਚਿਰ ਇਨ੍ਹਾਂ ਦੀਆਂ ਨਾਸਾਂ ਵਿਚ ਗੁਗਲ ਦੀ ਧੂਣੀ ਨਾ ਦਿਤੀ ਗਈ ਇਨ੍ਹਾਂ ਆਪਣੇ ਡੇਰੇ ਡੰਡੇ ਨਹੀਂ ਚੁਕਣੇ।

—ਤੁਹਾਡੇ ਚਿਮਟੇ ਖੜਕਾਇਆਂ ਇਹ ਨਹੀਂ ਜਾਣ ਲਗੇ, ਇਹ ਠਠਿਆਰਾਂ ਦੇ ਕਬੂਤਰ ਨਹੀਂ ਜਿਹੜੇ ਉਡ ਜਾਣਗੇ, ਇਕ ਉਦਾਸੀ ਦੀ ਆਵਾਜ਼ ਸੀ।

—ਤੇ ਫੇਰ ਕੀ ਕੀਤਾ ਜਾਵੇ।

—ਜਿਹੜਾ ਗੁੜ ਦਿਤਿਆਂ ਮਰ ਜਾਵੇ ਉਹਨੂੰ ਜ਼ਹਿਰ ਦੇਣ ਦੀ ਕੀ ਲੋੜ ਏ।

—ਗੱਲ ਤੇ ਬੜੀ ਮਾਅਰਕੇ ਦੀ ਏ।

—ਤੁਸੀਂ ਇਨ੍ਹਾਂ ਨਾਲ ਉਤੋਂ ਮਿੱਠੇ ਰਹੋ ਤੇ ਵਿਚੋਂ ਇਨ੍ਹਾਂ ਦੀਆਂ ਜੜ੍ਹਾਂ ਵੱਢੋ। ਮੂੰਹ ਵਿਚ ਰਾਮ ਤੇ ਬਗਲ ਵਿਚ ਛੁਰੀ। ਨੀਤੀ ਇਹੋ ਕਹਿੰਦੀ ਏ।

—ਉਹ ਕਿੱਦਾਂ?

—ਦਾਤੂ ਤੇ ਦਾਸੂ ਹਨ ਨਾ, ਗੁਰੂ ਦੇ ਪੁੱਤ। ਉਨ੍ਹਾਂ ਨੂੰ ਹੱਥਾਂ ਤੇ ਪਾਵੋ ਤੇ ਉਨ੍ਹਾਂ ਦੇ ਮੋਢਿਆਂ ਤੇ ਡਾਂਗਾਂ ਰੱਖ ਕੇ ਚਲਾਵੋ, ਤੁਸੀਂ ਦਾਣਾ ਸੁਟੋ ਇਹ ਆਪਸ ਵਿਚ ਲੜਨ, ਕੁਕੜ ਖੇਹ ਇਹ ਉਡਾਉਣਗੇ ਤੇ ਆਪਣੇ ਸਿਰ 'ਚ ਪਾਉਣਗੇ ਤੇ ਤੁਸੀਂ ਮਲੰਗ ਬਣ ਕੇ ਧੂਣੇ ਤੇ ਬੈਠ

ਕੇ ਤਮਾਸ਼ਾ ਵੇਖੋ। ਕੋਈ ਮਰੇ, ਕੋਈ ਜੀਵੇ, ਸੁਥਰਾ ਘੋਲ ਪਤਾਸਾ ਪੀਵੇ। ਤੁਹਾਡੇ 'ਚੋਂ ਜਿਹੜਾ ਉਠੇ, ਉਤੋਂ ਉਤੋਂ ਅਸ਼ੀਰਵਾਦ ਦਿਓ।

—ਧੰਨ ਹੋ ਜੋਗੀ ਰਾਜ, ਤੁਹਾਡੀ ਕੋਈ ਬਰੋਬਰੀ ਨਹੀਂ ਕਰ ਸਕਦਾ, ਤੁਸੀਂ ਤੇ ਬਗਲੀ ਵਿਚ ਰੱਖਣ ਵਾਲੇ ਬੰਦੇ ਓ।

—ਇਕ ਨਾਥ ਵਿਚ ਈ ਬੋਲ ਪਿਆ। ਫੇਰ ਟੇਕ ਮੱਥਾ। ਵੇਖਦਾਂ ਕੀ ਏਂ, ਛੇਤੀ ਕਰ। ਨਾਥ ਉਦਾਸੀ ਦੇ ਪੈਰੀਂ ਪੈ ਗਿਆ।

—ਹਰ ਰੋਜ਼ ਸਵੇਰੇ ਸ਼ਾਮ ਦਾਤੂ ਦੇ ਡੇਰੇ ਜਾਇਆ ਜਾਵੇ ਤੇ ਅਲਖ ਜਗਾਈ ਜਾਵੇ ਤੇ ਹਰ ਵੇਲੇ ਅਸੀਸ ਦਿਤੀ ਜਾਵੇ। ਚੌਂਕੀਆਂ ਬਣੀਆਂ ਰਹਿਣ, ਗੱਦੀਆਂ ਬਣੀਆਂ ਰਹਿਣ। ਜੁਗ ਜੁਗ ਜੀਣ ਇਹ ਚੁਬਾਰੇ। ਏਨੀ ਨਿਰਮਤਾ ਵਿਖਾਈ ਜਾਵੇ ਕਿ ਬਾਬਾ ਦਾਤੂ ਤੁਹਾਡੀ ਮੁੱਠ ਵਿਚ ਆ ਜਾਵੇ। ਜਦੋਂ ਗੱਲ ਕੀਤੀ ਜਾਵੇ, ਗੱਦੀ ਦੀ। ਲਾਲਸਾ ਵਧਾਈ ਜਾਵੇ, ਲਾਲਚ ਦੀ ਚਾਸ਼ਨੀ ਦਿਤੀ ਜਾਵੇ। ਈਰਖਾ ਦਾ ਰੰਗ ਚੜ੍ਹਾਇਆ ਜਾਵੇ, ਸਲਾਹ ਦਿਤੀ ਉਦਾਸੀ ਨੇ।

ਨਾਥਾਂ ਨੇ ਇਸੇ ਤਰ੍ਹਾਂ ਕੀਤਾ।

—ਗੰਢਿਆਂ ਵਿਚੋਂ ਗੰਢੇਲ ਫੁਟੇਗੀ। ਗੁਲਾਬ ਦੀ ਕਿਆਰੀ ਵਿਚੋਂ ਧਤੂਰਾ ਪੁੰਗਰੇਗਾ। ਮੁਹਰੇ ਦੀ ਗੰਦਲ ਘਰ ਵਿਚੋਂ ਪੈਦਾ ਹੁੰਦੀ ਏ। ਬੰਦਾ ਇਕ ਈ ਘਰ ਵਿਚ ਮਾੜਾ ਜੰਮਦੇ ਤੇ ਨੀਹਾਂ ਡੋਲ ਜਾਂਦੀਆਂ ਨੇ। ਭਾਵੇਂ ਗੁਰੂ ਅੰਗਦ ਦੇਵ ਦਾ ਬੜਾ ਪ੍ਰਭਾਵ ਏ, ਬੜੇ ਸ਼ਕਤੀਸ਼ਾਲੀ ਹਨ ਉਨ੍ਹਾਂ ਦੇ ਬਚਨ। ਸਾਹਿਬਜ਼ਾਦੇ ਉਨ੍ਹਾਂ ਦੇ ਆਗਿਆਕਾਰੀ ਹਨ, ਪਰ ਚੁੱਕ ਬੁਰੀ ਬਲਾ ਹੈ. ਹਰ ਵੇਲੇ ਦੀ ਚੁੱਕ ਘਰ ਤੇ ਉਜਾੜਦੀ ਏ, ਘਰ ਦਾ ਮੂੰਹ ਵੀ ਦੂਜੇ ਪਾਸੇ ਲਾ ਦਿੰਦੀ ਏ। ਨਾਲੇ ਤੁਸੀਂ ਰੋਜ਼ ਪਿੰਡ ਦੀ ਪਰਦੱਖਣਾ ਕਰ ਲਿਆ ਕਰੋ। ਘਰ ਘਰ ਅਲਖ ਜਗਾਈ, ਜੋ ਮਿਲਿਆ ਬਗਲੀ ਵਿਚ ਪਾ ਲਿਆ। ਇਹਦੇ ਨਾਲ ਤੁਸੀਂ ਗੁਰੂ ਘਰ ਦੇ ਦਰਵਾਜ਼ੇ ਅਗੇ ਵੀ ਅਲਖ ਜਗਾ ਸਕਦੇ ਹੋ। ਤੁਹਾਨੂੰ ਕਿਸੇ ਨੇ ਮੋੜਨਾ ਨਹੀਂ ਤੇ ਕਦੇ ਨਾ ਕਦੇ ਜਦ ਦਾਤੂ ਨਾਲ ਤੁਹਾਡੀਆਂ ਅੱਖਾਂ ਚਾਰ ਹੋ ਗਈਆਂ ਤਾਂ ਉਸੇ ਵੇਲੇ ਤੁਹਾਡੇ ਵਾਰੇ ਨਿਆਰੇ ਹੋ ਜਾਣਗੇ। ਭਾਵੇਂ ਤੁਸੀਂ ਉਹਨਾਂ ਦੇ ਕੰਨਾਂ ਵਿਚ ਮੁੰਦਰਾਂ ਨਾ ਪਾ ਸਕੋਗੇ ਪਰ ਏਨੀ ਗੱਲ ਕਦੀ ਨਾ ਕਦੀ, ਰਾਤ ਬਰਾਤੇ ਉਨ੍ਹਾਂ ਦੇ ਕੰਨਾਂ ਵਿਚ ਫੂਕ ਤੇ ਮਾਰ ਸਕਦੇ ਹੋ ਗੱਦੀ ਦੀ ਲਾਲਸਾ ਇਹ ਬਹੁਤ ਵੱਡੀ ਬਲਾ ਏ, ਇਹ ਆਪਨਾ ਪਰਾਇਆ ਸਭ ਕੁਝ ਵਿਛੋੜ ਦੇਂਦੀ ਏ। ਜਦੋਂ ਏਦਾ ਨਸ਼ਾ ਚੜ੍ਹ ਜਾਵੇ ਤਾਂ ਫੇਰ ਅੱਖਾਂ ਅਗੇ ਪੱਟੀ ਬੰਨ੍ਹ ਦਿੰਦੀ ਏ। ਉਹਨਾਂ ਦੇ ਫੇਰ ਕੰਨ ਏਨੇ ਕੱਚੇ ਹੋ ਜਾਂਦੇ ਹਨ ਕਿ ਉਹ ਵੇਖਦੇ ਕੁਝ ਨਹੀਂ, ਕੇਵਲ ਸੁਣਦੇ ਹੀ ਹਨ, ਉਹਨਾਂ ਦਾ ਆਪਨਾ ਦਿਮਾਗ ਮੁਕ ਜਾਂਦਾ ਹੈ ਅਤੇ ਅਕਲ ਚਰਨ ਚਲੀ ਜਾਂਦੀ ਹੈ, ਫੇਰ ਉਹਨਾਂ ਨੂੰ ਇਕੋ ਹੀ ਗੱਲ ਚੰਗੀ ਲੱਗਦੀ ਹੈ, ਗੱਦੀ ਕਦੋਂ ਮਿਲੂ ਤੇ ਕਿਸੇ ਤਰ੍ਹਾਂ ਮਿਲੂ। ਕੀ ਕੀ ਹੱਥ ਕੰਡੇ ਵਰਤੇ ਜਾ ਸਕਦੇ ਹਨ, ਜੇ ਬਲੀ ਵੀ ਦੇਣੀ ਪਵੇ ਤੇ ਕਿਡੀ ਵੱਡੀ ਬਲੀ ਦਿੱਤੀ ਜਾ ਸਕਦੀ ਏ। ਉਹਨਾਂ ਦੇ ਕੰਨ ਕੱਟੀ ਭਰਨ ਵਾਲਾ ਚਾਹੀਦੈ, ਫੇਰ ਉਹ ਬੁੜਕ ਕੰਡਿਓਂ ਪਾਰ। ਉਹਨਾਂ ਨੂੰ ਫੇਰ ਆਪਨੇ ਘਰ ਦੇ ਜੀਅ ਵੀ ਚੰਗੇ ਨਹੀਂ ਲੱਗਦੇ। ਬਾਹਰ ਦੀਆਂ ਝੋਪੜੀਆਂ ਉਹਨਾਂ ਨੂੰ ਸ਼ੀਸ਼ ਮਹੱਲ ਨਜ਼ਰ ਆਉਂਦੀਆਂ ਨੇ। ਜਿਸ ਕਿਸੇ ਨੇ ਮਸਾਲੇ ਲਾ ਕੇ ਸਬਜ਼ ਬਾਗ ਵਿਖਾ ਦਿਤੇ ਬਸ ਉਸੇ ਤੇ

ਲੱਟੂ ਹੋ ਗਏ। ਧੀ ਪੁੱਤ, ਪਿਓ, ਦਾਦੇ ਦਾ ਨੱਕ ਨਮੂਜ ਸਭ ਕੁਝ ਛਿਕੇ ਤੇ ਟੰਗ ਦਿਦੇ ਹਨ। ਗੱਦੀ, ਗੁਰਗੱਦੀ। ਇਹ ਤੇ ਸਾਡੇ ਘਰ ਦੀ ਦਾਸੀ ਏ। ਸਾਡੇ ਪਿਓ ਦਾਦੇ ਦਾ ਕਮਾਇਆ ਰਿਜ਼ਕ, ਸਾਡੇ ਬਜ਼ੁਰਗਾਂ ਦੀਆਂ ਮਾਰੀਆਂ ਹੋਈਆਂ ਤੇਗਾਂ, ਦੂਜਾ ਕਿਉਂ ਮੌਜਾਂ ਮਾਣੇ, ਉਦਾਸੀ ਆਪਣਾ ਪੈਂਤੜਾ ਬੰਨ੍ਹੀ ਜਾ ਰਿਹਾ ਸੀ।

—ਸੰਤ ਜੀ ਤੁਹਾਡੇ ਤੇ ਚਰਨ ਧੋ ਕੇ ਪੀਣ ਨੂੰ ਜੀਅ ਕਰਦੈ, ਉਹ ਮੁੰਡਿਆਂ ਧੋ ਸੰਤ ਦੇ ਚਰਨ ਤੇ ਚਰਨਾਮਤ ਪਾ ਕੇ ਗੜਵੇ ਵਿਚ ਰੱਖ ਲੈ। ਤਪਾ ਆਖਣ ਲੱਗਾ।

—ਇਹ ਉਹ ਭਬੀਖਸ਼ਣ ਹੈ ਜਿਨ ਦਹਿਸਰ ਮਾਰਿਆ ਸੀ, ਕੰਨ ਪਾਟਾ ਜੋਗੀ ਬੋਲਿਆ।

—ਨਾਨਕ ਪੰਥੀਆਂ ਦੇ ਸੱਜੇ ਪੱਟੋਂ ਨਿਕਲੇ ਇਹ ਉਦਾਸੀ ਬੰਦੇ ਹਨ।

—ਉਹ ਕਿਦਾਂ, ਕਿਥੇ ਗਰਿਹਸਤੀ ਤੇ ਕਿਥੇ ਲੰਗੋਟ ਬੰਨ੍ਹ ਸੰਤ।

ਬਾਬਾ ਸਿਰੀ ਚੰਦ ਦੇ ਚੇਲੇ ਚੇਲੇ, ਇਹ ਗੁਰੂ ਘਰ ਦੀ ਮਰਿਆਦਾ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਗੁਰੂ ਘਰ ਦੇ ਤੇਜ ਤੋਂ ਜਾਣੂ ਹਨ ਬਲੱਥ ਬਾਜ਼ ਹਨ, ਗੁਰੂ ਘਰ ਨੂੰ ਸਭ ਤੋਂ ਜ਼ਿਆਦਾ ਖਤਰਾ ਇਨਾਂ ਉਦਾਸੀਆਂ ਤੋਂ ਹੀ ਏ, ਇਕ ਪਾਸੇ ਇਕ ਧਰਮ ਪਰਵਾਨ ਚੜ੍ਹ ਰਿਹਾ ਏ ਤੇ ਦੂਜੇ ਪਾਸੇ ਉਹਦੇ ਮੁਕਾਬਲੇ ਤੇ ਦੂਜੇ ਧਰਮ ਦੀ ਸਿਰਜਨਾ ਕੀਤੀ ਜਾ ਰਹੀ ਏ। ਇਹ ਪਿਓ ਪੁੱਤ ਦਾ ਮੁਕਾਬਲਾ ਏ। ਇਹ ਆਖਣ ਵਾਲਾ ਤੇ ਜੋਗੀ ਸੀ ਪਰ ਉਸ ਰੰਗ ਬਰੰਗੇ ਚੂਣੇ ਚੱਟੇ ਹੋਏ ਸਨ।

ਤਪੇ ਨੇ ਗੱਲ ਪਲੇ ਬੰਨ੍ਹ ਲਈ ਤੇ ਰੋਜ਼ ਚਿਮਟੇ ਖੜਕਾਉਣ ਲੱਗ ਪਏ। ਧੂਣੇ ਵਿਚ ਰੋਜ਼ ਲਾਟਾਂ ਗਿੱਠ ਗਿੱਠ ਉਠੀਆਂ। ਤਪੇ ਨੇ ਹਰ ਰੋਜ਼ ਗੁਰੂ ਘਰ ਦਾ ਬੂਹਾ ਖੜਕਾਉਣਾ ਤੇ ਔਲਖ ਨਰੰਜਨ ਔਲਖ ਨਰੰਜਨ ਕਹਿ ਕੇ ਅਲਖ ਜਗਾਉਣੀ ਤੇ ਫੇਰ ਆਪਣੇ ਡੇਰੇ ਆਸਣ ਆਣ ਜਮਾਉਣਾ। ਚੌਂਕੀਆਂ ਬਣੀਆਂ ਰਹਿਣ, ਗੱਦੀਆਂ ਬਣੀਆਂ ਰਹਿਣ। ਹੌਲੀ ਹੌਲੀ ਇਹ ਆਵਾਜ਼ ਗੁਰੂ ਘਰ ਵਿਚ ਵੀ ਪਹੁੰਚ ਗਈ। ਇਹ ਜੋਗੀ ਕੀ ਆਖਦਾ ਏ, ਦਾਸੂ ਨੇ ਇਕ ਦਿਨ ਭਰਾ ਨੂੰ ਪੁਛਿਆ।

—ਐਵੇਂ ਕੁਝ ਊਲ ਜਲੂਲ ਬੱਕ ਰਿਹਾ ਏ। ਦਾਤੂ ਦੀ ਆਵਾਜ਼ ਸੀ।

—ਜੋਗ ਸਾਧ ਕੇ ਜੋਗੀ ਬਣਦਾ ਏ। ਐਵੇਂ ਈ ਕੋਈ ਮੂਰਖ ਥੋੜ੍ਹਾ ਏ ਜੋਗੀ ਊਲ ਜਲੂਲ ਬੱਕਣ ਵਾਲਾ। ਇਹਦਾ ਜ਼ਰੂਰ ਕੋਈ ਮਤਲਬ ਏ, ਫੇਰ ਆਖਿਆ ਦਾਸੂ ਨੇ।

—ਇਹੋ ਜਿਹੀਆਂ ਗੱਲਾਂ ਕਈ ਵਾਰ ਹਵਾ ਵਿਚ ਉਡਦੀਆਂ ਨੇ ਤੇ ਫੇਰ ਖਿਲਰ-ਪੁਲਰ ਜਾਂਦੀਆਂ ਨੇ। ਆਕਾਸ਼ ਦਾ ਵਾਯੂ ਮੰਡਲ ਏਨਾ ਵਡਾ ਏ ਕਿ ਖਿਲਰੀਆਂ ਗੱਲਾਂ ਆਰਾਸ਼ੀ ਚੜ੍ਹ ਜਾਂਦੀਆਂ ਨੇ। ਆਕਾਸ਼ ਦੇ ਸੀਨੇ ਕਈ ਕਹਾਣੀਆਂ ਲੁਕੀਆਂ ਨੇ, ਕਈ ਕਹਾਣੀਆਂ ਉਸ ਆਪਣੀ ਹਿਕ ਵਿਚ ਛੁਪਾ ਰਖੀਆਂ ਨੇ ਉਹਦਾ ਦਿਲ ਪੱਥਰ ਦਾ ਦਿਲ ਏ। ਜ਼ਾਲਮਾਂ ਦੇ ਜ਼ੁਲਮ ਵੀ ਸੀਨੇ ਨਾਲ ਲਾ ਕੇ ਰਖੇ ਨੇ। ਤੇ ਧਰਮੀ ਬੰਦਿਆਂ ਦੀਆਂ ਬੰਦਗੀਆਂ ਛਾਤੀ ਦੀ ਡੱਬੀ ਵਿਚ ਬੰਦ ਕਰਕੇ ਸਾਂਭੀਆਂ ਹੋਈਆਂ ਨੇ। ਏਸ ਜ਼ਮਾਨੇ ਵਿਚ ਕਈ ਤਰ੍ਹਾਂ ਦੇ ਬੰਦੇ ਰੱਬ ਨੇ ਪੈਦਾ ਕੀਤੇ ਹਨ। ਕੋਈ ਕੁਝ ਬੋਲਦਾ ਏ ਤੇ ਕੋਈ ਕੁਝ ਬੋਲਦਾ ਏ। ਵੰਨ ਸੁਵੰਨੇ ਪੰਛੀ ਹਨ ਤੇ ਵੰਨ ਸੁਵੰਨੀਆਂ ਬੋਲੀਆਂ। ਬੰਦਾ ਕਿਹਦੀ ਕਿਹਦੀ ਬੋਲੀ ਸੁਣੇ ਤੇ ਕਿਹਦੀ ਬੋਲੀ ਸਮਝੇ, ਬਸ ਇਨ੍ਹਾਂ ਝੰਜਟਾਂ ਵਿਚ ਈ ਜ਼ਿੰਦਗੀ ਦੀ ਨਿਭ ਜਾਂਦੀ ਏ। ਚਾਰ

ਘੜੀਆਂ ਬੰਦਾ ਮੰਗ ਕੇ ਲਿਆਉਂਦਾ ਏ, ਦੋ ਘੜੀਆਂ ਵਿਚ ਜਵਾਨੀ ਲੰਘ ਜਾਂਦੀ ਏ ਤੇ ਦੋ ਦੋ ਘੜੀਆਂ ਵਿਚ ਬੁਢਾਪਾ। ਏਸ ਖੇਡ ਵਿਚ ਗੁਵਾ ਬੈਂਦਾ ਏ ਤੇ ਫੇਰ ਅੱਖਾਂ ਵਿਚ ਘਸੁੰਨ ਦੇ ਕੇ ਰੋਂਦਾ ਏ। ਕਿਸੇ ਦੀ ਮਾੜੀ ਸਲਾਹ ਨਾ ਸੁਣੇ, ਕਿਸੇ ਦੀ ਮੰਦੀ ਗੱਲ ਨਾ ਸੁਣੇ। ਬੰਦੇ ਦਾ ਜੀਵਨ ਹੈ ਕੀ ਏ ਚਾਰ ਘੜੀਆਂ ਤੇ ਉਹ ਵੀ ਨਿੰਦਿਆ ਚੁਗਲੀ ਵਿਚ ਗਵਾ ਬੈਠੇ ਬੰਦਾ ਤੇ ਫੇਰ ਬਾਕੀ ਕੀ ਰਹਿ ਗਿਆ ਉਹਦੇ ਪੱਲੇ। ਐਵੇਂ ਫਜ਼ੂਲ ਬੱਕ ਰਿਹਾ ਏ, ਜੋਗੀ। ਦਾਰੂ ਨੇ ਆਖ ਕੇ ਭਰਾ ਦਾ ਦਿਲ ਹੋਲਾ ਕਰ ਦਿੱਤਾ।

—ਨਹੀਂ ਭਰਾ ਜੀ ਤੁਸੀਂ ਐਵੇਂ ਮੈਨੂੰ ਮਿੱਟੀ ਦੀਆਂ ਬਾਜ਼ੀਆਂ ਦੇ ਕੇ ਵਰ੍ਹਾ ਦਿੱਤਾ ਏ, ਮੈਂ ਕੋਈ ਬਾਲ ਹਾਂ, ਦੁੱਧ ਪੀਂਦਾ ਅੰਞਾਣਾ ਹਾਂ, ਜੋਗੀ ਕੁਝ ਆਖਦਾ ਜ਼ਰੂਰ ਏ। ਉਹਦੀ ਆਵਾਜ਼ ਵਿਚ ਕੋਈ ਗੈਬੀ ਰਾਜ਼ ਜ਼ਰੂਰ ਛੁਪਿਆ ਹੋਇਆ ਏ। ਜੋਗੀ ਜ਼ਿੰਦਗੀ ਹੰਢਾ ਚੁਕਾ ਏ, ਕੁੱਤੀ ਪੱਤਣ ਤਰਿਆ ਏ, ਜੋਗੀ। ਉਹਦੀ ਇਕ ਵਾਰ ਗੱਲ ਸੁਣ ਕੇ ਤਾਂ ਵੇਖੋ। ਦਾਸੂ ਨੇ ਫੇਰ ਭਰਾ ਅਗੇ ਇਕ ਵਾਰ ਤਰਲਾ ਪਾਇਆ।

—ਮੈਂ ਉਹਦੀ ਆਵਾਜ਼ ਰੋਜ਼ ਸੁਣਦਾ ਹਾਂ ਤੇ ਰੋਜ਼ ਉਹਦੇ ਤੇ ਵਿਚਾਰ ਕਰਦਾ ਹਾਂ। ਕਈ ਵਾਰ ਸੋਚਿਆ ਏ। ਵਿਚਾਰਿਆ ਏ। ਪਰ ਉਹਦੀ ਆਵਾਜ਼ ਵਿਚ ਕੋਈ ਸੱਚਾਈ ਨਹੀਂ, ਕੋਈ ਤੱਤ ਨਹੀਂ, ਕੋਈ ਮਰਦਾਨਗੀ ਵਾਲੀ ਗੱਲ ਨਹੀਂ। ਐਵੇਂ ਘਰ ਉਜਾੜਨ ਦਾ ਪਖੰਡ ਏ। ਦਾਣਾ ਸੁਟ ਕੇ ਤਮਾਸ਼ਾ ਵੇਖਣ ਵਾਲੀ ਮੁਹਾਰਨੀ ਏ। ਇਹੋ ਜਿਹੇ ਬਾਜ਼ੀਗਰ ਆਪਣੀ ਬਾਜ਼ੀ ਪਾ ਕੇ ਪਿੰਡ ਨੂੰ ਲੁਟ ਲਟ ਕੇ ਗੱਠੜੀਆਂ ਬੰਨ੍ਹ ਕੇ ਰਾਹੇ ਪੈਂਦੇ ਹਨ ਤੇ ਮਗਰੋਂ ਪਿੰਡ ਵਾਲੇ ਆਪਣਾ ਢਿਡ ਵਜਾਉਂਦੇ ਰਹਿੰਦੇ ਹਨ। ਖਾਲੀ ਢਿੱਡ, ਭੁਖਣ ਭਾਣਾ ਢਿੱਡ। ਢਿੱਡ ਨੂੰ ਅੰਨ੍ਹ ਚਾਹੀਦੈ। ਬਾਜ਼ੀਗਰ ਵੀ ਤੇ ਅੰਨ੍ਹ ਦੀ ਚੋਰੀ ਕਰਦਾ ਏ। ਚੋਰ ਰਾਤੀ ਸੰਨ੍ਹ ਲਾਉਂਦਾ ਏ ਤੇ ਇਹ ਦਿਨੇ ਡਾਕੇ ਮਾਰਦੇ ਹਨ, ਇਹ ਚੋਰ ਨਹੀਂ ਲੁਟੇਰੇ ਹਨ, ਇਹ ਨੌਸਰ ਬਾਜ਼ ਹਨ। ਜਿਹੜਾ ਇਨ੍ਹਾਂ ਦੀ ਉਂਗਲੀ ਲੱਗ ਤੁਰਿਆ ਏਨਾਂ ਨੇ ਉਹਦਾ ਝੁਗਾ ਉਜਾੜ ਕੇ ਈ ਦਮ ਲਿਆ ਤੇ ਫੇਰ ਨਾ ਮਾਨੂੰ ਨਾ ਮਾਨੂੰ ਦੀ ਮੁਹਾਰਨੀ ਪੜ੍ਹਾਉਣੀ ਸ਼ੁਰੂ ਕਰ ਦਿਤੀ। ਜੋਗੀ ਤੇ ਉਜਾੜ ਚਾਹੁੰਦੈ, ਇਹਨੂੰ ਸੋਹਣਾ ਨਹੀਂ ਲੱਗਦਾ ਪਿੰਡ ਵਸਦਾ। ਇਨ੍ਹਾਂ ਦੀ ਰੰਨ ਨਹੀਂ, ਕੰਨ ਨਹੀਂ। ਜਿਨ੍ਹਾਂ ਦੇ ਉਜਾੜੇ ਆਪਣੇ ਉਹ ਪਰਾਏ ਦੇਣ ਉਜਾੜ। ਇਹੋ ਜਿਹੇ ਮਛੰਦਰਾਂ ਦੀ ਗੱਲ ਤੇ ਕੰਨ ਨਹੀਂ ਧਰੀਦੇ। ਦਾਰੂ ਨੇ ਭਰਾ ਨੂੰ ਇਕ ਵਾਰ ਫੇਰ ਉਂਗਲੀ ਲਾਉਣ ਦੀ ਕੋਸ਼ਸ਼ ਕੀਤੀ।

—ਦਾਸੂ ਕਦ ਮੰਨਣ ਵਾਲਾ ਸੀ, ਉਸ ਕੰਨ ਤੇ ਜੂੰ ਵੀ ਨਾ ਰੀਂਗਣ ਦਿਤੀ। ਥਿੰਦੀ ਠੀਕਰੀ ਤੇ ਉਹਦੇ ਉਤੇ ਪਾਣੀ ਨਾ ਠਹਿਰਿਆ, ਇਕ ਬੂੰਦ ਵੀ ਨਾ ਰੁਕੀ, ਉਸ ਆਵਾਜ਼ ਮਾਰ ਕੇ ਜੋਗੀ ਨੂੰ ਅੰਦਰ ਬੁਲਾ ਲਿਆ। ਕੀ ਆਖਦੇ ਹਨ ਜੋਗੀ ਮਹਾਰਾਜ।

—ਸਰਬਤ ਦਾ ਭਲਾ ਮੰਗਦੇ ਹਨ ਜੋਗੀ, ਹੋਰ ਜੋਗੀਆਂ ਕਿਹੜਾ ਮਹੱਲ ਮਲਣਾ ਏ।

—ਜੋਗੀ ਦੀ ਆਵਾਜ਼ ਵਿਚੋਂ ਇਹ ਗੱਲ ਸਪੱਸ਼ਟ ਨਹੀਂ ਹੁੰਦੀ।

—ਕੀ ਮੈਂ ਫਾਰਸੀ ਬੋਲਦਾ ਆਂ ਕਿ ਪਸ਼ਤੋ, ਤੇਰੀ ਗੱਲ ਸਾਹਿਬਜ਼ਾਦੇ ਨੂੰ ਸਮਝ ਕਿਉਂ ਨਹੀਂ ਆਉਂਦੀ। ਪੜ੍ਹੇ ਫਾਰਸੀ, ਵੇਚੇ ਤੇਲ ਵੇਖਿਆ ਈ ਕੁਦਰਤ ਦੇ ਖੇਲ। ਇਹ ਬੋਲ ਦਾਰੂ ਦੇ ਸਨ।

—ਸਾਹਿਬਜ਼ਾਦਾ ਬੜਾ ਤਲਖ ਮਜ਼ਾਜ ਜਾਪਦਾ ਏ।

—ਨਹੀਂ ਜੋਗੀ ਰਾਜ ਇਹ ਤੁਹਾਡੀ ਸਮਝ ਦਾ ਫੇਰ ਏ। ਇਕ ਵਾਰ ਫੇਰ ਆਖੋ, ਕੀ ਆਖਦੇ ਫਿਰਦੇ ਹੋ ਗਲੀ ਗਲੀ।

—ਚੌਂਕੀਆਂ ਬਣੀਆਂ ਰਹਿਣ, ਗੱਦੀਆਂ ਬਣੀਆਂ ਰਹਿਣ। ਚੁਬਾਰੇ ਵਸਦੇ ਰਹਿਣ, ਬੋਲ ਜੋਗੀ ਦੇ ਸਨ।

—ਤੇ ਤੁਹਾਡੀਆਂ ਧੂਣੀਆਂ ਤਪਦੀਆਂ ਰਹਿਣ, ਗੁਲਛੱਰੇ ਉਡਦੇ ਰਹਿਣ, ਇਹ ਗੱਲ ਚਾਹੁੰਦੇ ਹਨ ਜੋਗੀ ਰਾਜ, ਆਖਣ ਲੱਗਾ ਦਾਤੂ।

—ਜੋਗੀਆਂ ਹੋਰ ਕੀ ਚਾਹੁਣੈ, ਭਿਕਸ਼ਾ ਮੰਗੀ ਤੇ ਅਗਲਾ ਦਰਵਾਜ਼ਾ। ਲਕੜੀਆਂ ਮੰਗੀਆਂ ਤੇ ਅਗਲੇ ਘਰ। ਜੋਗੀ ਵੀ ਕਦੇ ਕਿਸੇ ਦੇ ਮਿੱਤ ਹੋਏ ਨੇ। ਅੱਲਖ ਨਰੰਜਨ। ਜੋਗੀ ਦਰਵਾਜ਼ਿਓਂ ਬਾਹਰ ਨਿਕਲ ਗਿਆ।

—ਭਾਈ ਜੀ, ਜੋਗੀ ਓਦਾਂ ਠੀਕ ਆਖਦਾ ਏ, ਗੱਦੀਆਂ ਬਣੀਆਂ ਰਹਿਣ, ਚੁਬਾਰੇ ਵਸਦੇ ਰਹਿਣ, ਚੌਂਕੀਆਂ ਬਣੀਆਂ ਰਹਿਣ। ਲੋਕ ਸੁਖੀ ਵਸਣ ਤੇ ਜੋਗੀ ਜੋਗ ਕਮਾਉਂਦੇ ਰਹਿਣ। ਦਾਸੂ ਨੇ ਆਪਣੇ ਭਰਾ ਨੂੰ ਆਪਣਾ ਵਿਚਾਰ ਦਸਿਆ।

—ਇਹ ਜੋਗੀ, ਇਹ ਕੰਨ ਪਾਟੇ ਬੜੇ ਰਾਹਕਾਰ ਹਨ, ਦਾਸੂ ਇਨ੍ਹਾਂ ਦੀਆਂ ਗੱਲਾਂ ਵਿਚ ਨਾ ਆ। ਖੇਹ ਪਾ। ਇਹ ਗਰਹਿਸਤੀਆਂ ਦੇ ਲੱਛਣ ਨਹੀਂ। ਅਸੀਂ ਗਰਹਿਸਤੀ ਹਾਂ। ਇਹ ਸਾਧ ਲੋਕ ਹਨ, ਇਨ੍ਹਾਂ ਘਰ ਬਾਰ ਤਿਆਗ ਦਿਤੇ, ਇਨ੍ਹਾਂ ਆਪਣਾ ਘਰ ਉਜਾੜ ਦਿੱਤਾ ਏ ਤੇ ਦੂਜੇ ਦਾ ਇਨ੍ਹਾਂ ਰਹਿਣ ਨਹੀਂ ਦੇਣਾ। ਅੱਗ ਤੇ ਪਾਣੀ ਦਾ ਕੀ ਮੇਲ ਭਰਾ। ਦਾਤੂ ਨੇ ਇਕ ਵਾਰ ਫੇਰ ਭਰਾ ਨੂੰ ਆਪਣੀ ਪਕੜ ਵਿਚ ਲਿਆਉਣਾ ਚਾਹਿਆ।

—ਬੋਲੀ ਕਾਜ ਵਿਗਾੜਿਆ ਸਣ ਮੂਲੀ ਪੱਤੇ। ਜੋਗੀ ਦੀ ਆਵਾਜ਼ ਗੁਰੂ ਘਰ ਵਿਚ ਗੇੜੇ ਮਾਰਨ ਲੱਗ ਪਈ। ਦਾਤੂ ਦੀ ਗੱਲ ਦਾਸੂ ਮੰਨਣ ਲਈ ਤਿਆਰ ਨਹੀਂ ਸੀ।

—ਕਲ ਹਾੜ੍ਹ ਦਾ ਮਹੀਨਾ ਚੜ੍ਹਨਾ ਸੀ, ਮਾਤਾ ਖੀਵੀ ਉਹਦੀਆਂ ਤਿਆਰੀਆਂ ਵਿਚ ਰੁਝੀ ਹੋਈ ਸੀ। ਭਾਈ ਅਮਰ ਦਾਸ ਨੇ ਆਪਣੀ ਗਾਗਰ ਲਿਆ ਰੱਖੀ ਵਿਹੜੇ ਵਿਚ ਤੇ ਅੰਦਰੋਂ ਆਵਾਜ਼ ਆਈ, ਕੌਣ ? ਭਾਈ ਅਮਰ ਦਾਸ।

—ਹਾਂ, ਚਾਕਰ ਤੁਹਾਡਾ।

—ਅਦਰ ਈ ਲੈ ਆ ਗਾਗਰ।

—ਅੱਜ ਤੋਂ ਇਸ਼ਨਾਨ ਅਸੀਂ ਤੇਰੇ ਹਥੋਂ ਈ ਕਰਿਆ ਕਰਾਂਗੇ, ਗੁਰੂ ਅੰਗਦ ਦੇਵ ਨੇ ਹੁਕਮ ਦਿੱਤਾ।

—ਧੰਨ ਭਾਗ, ਧੰਨ ਗੁਰੂਦੇਵ।

—ਇਸ਼ਨਾਨ ਕਰਵਾਇਆ ਸਤਿਗੁਰਾਂ ਨੂੰ, ਮਾਲਾ ਫੇਰੀ ਤੇ ਏਨੇ ਚਿਰ ਨੂੰ ਦਿਨ ਚੜ੍ਹ ਪਿਆ। ਸੰਗਤ ਜੁੜਨ ਲਗੀ, ਭਾਈ ਅਮਰ ਦਾਸ ਆਪਣੀ ਜਗਾ ਤੇ ਜਾ ਬੈਠੇ। ਗੁਰੂ ਦੀ ਸੰਗਤ ਹੁਮ ਹੁਮਾ ਕੇ ਆ ਰਹੀ ਸੀ, ਗੁਰਾਂ ਦੀਆਂ ਪਿਆਰੀਆਂ ਸੰਗਤ। ਸ਼ਬਦ ਪੜ੍ਹ ਰਹੇ ਸਨ ਰਬਾਬੀ, ਰਾਗ ਵਿਚ ਮਹੀਨਾ ਸੁਣਾਇਆ ਜਾ ਰਿਹਾ ਸੀ :

ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੈ ॥

ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥

—ਹਾੜ੍ਹ ਦਾ ਮਹੀਨਾ ਸੁਣਦਿਆਂ ਹੀ ਸੰਗਤ ਦੇ ਕਲੇਜੇ ਠੰਢ ਪੈ ਗਈ ਪਰ ਗੁਰੂ ਘਰ ਦੀਆਂ ਕੰਧਾਂ ਵਿਚੋਂ ਸੇਕ ਨਿਕਲ ਰਿਹਾ ਸੀ। ਸਾਉਣ ਦੀ ਬਰਖਾ ਹੋਵੇ ਤੇ ਭਾਵੇਂ ਇਹ ਸੇਕ ਅਤੇ ਭੜਾਸ ਨਿਕਲੇ।

ਜੁੜੇ ਦੀਵਾਨ ਵਿਚ ਫੇਰ ਭਾਈ ਅਮਰ ਦਾਸ ਨੂੰ ਵਾਜ ਮਾਰੀ ਗਈ। ਫੇਰ ਸਿਰੋਪਾ ਬਖਸ਼ਿਆ। ਭਾਈ ਅਮਰ ਦਾਸ ਨੇ ਮਹਿਸੂਸ ਕੀਤਾ ਕਿ ਹੁਣ ਉਹਦੇ ਅੰਦਰ ਜੋਤੀ ਦਾ ਪ੍ਰਕਾਸ਼ ਵੱਧ ਰਿਹਾ ਸੀ, ਜੋਤ ਵਿਚ ਜੋਤ ਪ੍ਰਕਾਸ਼ ਕਰਨ ਲਗੀ।

—ਲੈ ਫੇਰ ਜੋਗੀ ਦੀ ਗੱਲ ਨਹੀਂ ਨਾ ਮੰਨੀ, ਨਾ ਮੰਨ ਭਰਾ, ਅਗੇ ਹੋ ਤੇ ਸੇਲੀ ਟੋਪੀ ਪੁਵਾ ਲੈ। ਬਾਪੂ ਨੇ ਇਹ ਸੇਲੀ ਟੋਪੀ ਕਿਹਦੇ ਸਿਰ ਤੇ ਪਾ ਦੇਣੀ ਏ। ਦਾਸੂ ਤੇ ਦਾਤੂ ਦੇ ਮਨ ਵਿਚ ਜੋਗੀ ਦੀ ਗੱਲ ਨੇ ਗੰਢ ਬੰਨ੍ਹ ਲਈ ਸੀ। ਦੋਵੇਂ ਭਰਾ ਹੌਲੀ ਹੌਲੀ ਏਸ ਗੱਲ ਬਾਰੇ ਸੋਚਣ ਲੱਗ ਪਏ ਨੁਕਰਾਂ ਵਿਚ ਬਹਿ ਕੇ, ਖੂੰਜਿਆਂ ਵਿਚ ਤੇ ਕਦੇ ਬਾਹਰ ਉਜਾੜ ਵਿਚ।

੧੧

ਪੰਜ ਸਾਲ ਹਜ਼ੂਰ ਨੂੰ ਖਡੂਰ ਵਿਚ ਰਹਿੰਦਿਆਂ ਲੰਘ ਗਏ। ਛੇਵਾਂ ਸਾਲ ਅਜੇ ਚੜ੍ਹਿਆ ਹੀ ਸੀ।

ਵਾਗੀਆਂ ਦੇ ਮੁੰਡੇ ਬੋਲੀਆਂ ਪਾ ਰਹੇ ਸਨ ਤੇ ਭਾਈ ਅਮਰ ਦਾਸ ਬਿਆਸਾ ਤੋਂ ਪਾਣੀ ਦੀ ਗਾਗਰ ਚੁੱਕੀ ਮਟਕ-ਮਟਕ ਹਿਚਕੋਲੇ ਖਾਂਦਾ ਆ ਰਿਹਾ ਸੀ। "ਬੇਰੀਆਂ ਨੂੰ ਬੇਰ ਲੱਗਦੇ ਤੈਨੂੰ ਕੁਝ ਨਾ ਲੱਗੇ ਮੁਟਿਆਰੇ।"

ਮੁੰਡਿਆਂ ਨੇ ਤੇ ਐਵੇਂ ਬੋਲੀ ਪਾਈ ਸੀ ਪਰ ਗੁਰੂ ਦੇ ਕਲੇਜੇ ਸਿੱਧੀ ਤੀਰ ਵਾਂਗੂ ਜਾ ਲੱਗੀ।

—ਮੁੰਡੇ ਠੀਕ ਆਖਦੇ ਹਨ। ਮੁੰਡੇ ਸੱਚ ਬੋਲਦੇ ਹਨ। ਸੱਚ ਵੀ ਕਦੀ ਲੁਕਿਆ ਰਿਹਾ ਏ। ਮੇਰੇ ਗੁਰੂ ਨੇ ਇਕ ਵਾਰ ਆਖਿਆ, "ਤੈਨੂੰ ਕੁਝ ਨਾ ਲੱਗੇ ਮੁਟਿਆਰੇ।" ਜਿਹਨੂੰ ਕੁਝ ਲੱਗਣਾ ਈ ਨਹੀਂ ਓਸ ਰੁੱਖ ਨੂੰ ਤੇ ਲੋਕਾਂ ਚੁਲ੍ਹੇ ਵਿਚ ਈ ਡਾਹੁਣਾ ਏ। ਪੂਜਾ ਤਾਂ ਓਸ ਰੁੱਖ ਦੀ ਹੁੰਦੀ ਏ, ਜਿਹਨੂੰ ਫੁੱਲ ਲੱਗਦੇ ਹਨ, ਜਿਹਦੇ ਵਿਚੋਂ ਸੁਗੰਧੀ ਨਿਕਲਦੀ ਏ। ਘਰ ਵਿਚ ਲਵੇਰੀ ਗਾਂ ਹੋਵੇ ਤੇ ਥਾਪੀਆਂ ਮਾਰਨ ਵਾਲੀਆਂ ਗੜਵੇ ਲੈ ਕੇ ਕੋਲ ਖਲੋ ਜਾਂਦੀਆਂ ਨੇ। ਜੇ ਫੰਡਰ ਵਿਹੜੇ ਵਿਚ ਤੁਰੀ ਫਿਰੇ ਤੇ ਫੇਰ ਘਰ ਵਾਲੇ ਡੰਡੇ ਮਾਰ ਕੇ ਚੋਣੇ ਵਿਚ ਈ

ਛੱਡਣਾ ਏ। ਕੌਣ ਪੱਠੇ ਪਾਉਂਦਾ ਏ ਫੰਡਰਾਂ ਨੂੰ। ਅੱਲਾ ਯਾਰ ਖ਼ਾਂ ਨੂੰ ਆਖਣ ਲੱਗਾ
ਪਾਰੋ ਡੱਲਾ।

—ਪੰਜ ਸਾਲ ਲੰਘ ਗਏ। ਕਿਸੇ ਨੇ ਨਾਂ ਵੀ ਨਾ ਪੁੱਛਿਆ। ਭਲਿਆ ਲੋਕਾ, ਤੂੰ
ਕਿੱਥੋਂ ਆਇਆ ਏਂ, ਕਿਥੇ ਜਾਣਾ ਈ, ਤੇਰਾ ਟਿਕਾਣਾ ਕੀ ਏ, ਤੇਰਾ ਥਾਂ ਕਿਹੜਾ ਏ, ਥਿੱਤ
ਕੀ ਏ? ਤੈਨੂੰ ਕਿਸ ਨਾਂ ਨਾਲ ਸੱਦਿਆ ਜਾਏ? ਮਾਪਿਆਂ ਤੇਰਾ ਨਾਂ ਕੀ ਰੱਖਿਆ ਏ?
ਪੰਜਾਂ ਸਾਲਾਂ ਵਿਚ ਤੂੰ ਨਾਂ ਵੀ ਨਹੀਂ ਦੱਸ ਸਕਿਆ ਕਿਸੇ ਨੂੰ, ਤੂੰ ਢੇਰ ਕਮਾਈਆਂ ਕਰੇਂਗਾ।
ਪੰਜਾਂ ਸਾਲਾਂ ਵਿਚ ਜਿਸ ਘਰ ਵਾਤ ਈ ਨਾ ਪੁੱਛੀ ਹੋਵੇ, ਉਸ ਘਰ ਦਾ ਤੇ ਰੱਬ ਈ ਰਾਖਾ
ਏ। ਬਗ਼ਲੀ ਪਾਉਣੀ ਬੜੀ ਸੌਖੀ ਏ। ਪਰ ਬਗ਼ਲੀ ਪਾਲਣਾ ਬੜਾ ਔਖਾ ਏ। ਇਹਨਾਂ
ਬਾਣਿਆਂ ਵਿਚ ਫਕੀਰੀ ਨਹੀਂ ਪਈ ਹੋਈ। ਫਕੀਰਾਂ ਦੇ ਤੇ ਬਾਣੇ ਈ ਵੱਖਰੇ ਨੇ, ਅੱਲਾ
ਯਾਰ ਖ਼ਾਂ ਦੀ ਅਵਾਜ਼ ਸੀ।

—ਛੇਵੇਂ ਸਾਲ ਵਿਚ ਲੋਕਾਂ ਨੇ ਗੁਰੂ ਅੰਗਦ ਦੇਵ ਨੂੰ ਇਹ ਗੱਲ ਦੱਸੀ ਕਿ ਭਾਈ
ਅਮਰ ਦਾਸ ਜਦੋਂ ਦਾ ਖਡੂਰ ਵਿਚ ਆਇਆ ਏ, ਮੁੜ ਕੇ ਘਰ ਈ ਨਹੀਂ ਗਿਆ। ਘਰ
ਵਾਲਿਆਂ ਨੇ ਵੀਹ ਸੁਨੇਹੇ ਭੇਜੇ ਨੇ, ਚਾਰ ਵਾਰ ਲਾਗੀ ਆਇਆ ਏ, ਮੁੜ ਗਿਆ ਏ,
ਕੁੜਮਾਂ ਦਾ। ਇਹ ਗੱਲ ਮਾੜੀ ਏ। ਮੇਰੇ ਗੁਰੂ ਨੂੰ ਗੁਰਾਂ ਆਪਣੇ ਕੋਲ ਸੱਦਿਆ ਤੇ
ਆਖਿਆ, ਭਾਈ ਘਰ ਵਾਲਿਆਂ ਦਾ ਕੀ ਕਸੂਰ? ਤੂੰ ਘਰ ਦਾ ਮੂੰਹ ਵੀ ਵੇਖਣਾ ਛੱਡ ਦਿੱਤਾ
ਏ। ਮਾਲਾ ਦੀ ਜਾਚ ਤੂੰ ਸਿੱਖਣੀ ਏ, ਘਰ ਵਾਲਿਆਂ ਸਕੂਲੇ ਤੇ ਨਹੀਂ ਪੈਣਾ। ਜਾਓ
ਭਾਈ ਜੀ, ਘਰ ਵਾਲਿਆਂ ਦੀ ਸੁਰਤ ਲਓ, ਕਿਤੇ ਘਰ ਦਾ ਬੂਹਾ ਸ਼ਰੀਕਾਂ ਵੱਲ ਈ ਨਾ
ਖੁੱਲ੍ਹਣ ਲੱਗ ਪਏ। ਸ਼ਰੀਕ ਕੋਠੇ ਦੀਆਂ ਕੜੀਆਂ ਈ ਨਾ ਲਾਹ ਕੇ ਲੈ ਜਾਣ। ਭਾਈ ਇਕ
ਵਾਰ ਪਿੰਡ ਫੇਰਾ ਮਾਰ ਆ, ਯਾਰ ਬੇਲੀਆਂ ਨੂੰ ਮਿਲ ਆ। ਭਰਾਵਾਂ ਦੇ ਸੀਨੇ ਠੰਢ ਪਾ ਆ।
ਭਰਾ, ਭਰਾ ਈ ਹੁੰਦੇ ਹਨ, ਭੱਜੀਆਂ ਬਾਹਵਾਂ ਗਲ ਨੂੰ ਆਉਂਦੀਆਂ ਨੇ। ਪਿੰਡ ਦੇ ਰਾਹ
ਤੁਹਾਨੂੰ ਯਾਦ ਕਰਦੇ ਹਨ। ਉਹ ਖੂਹ, ਉਹ ਰੜ ਜਿਥੇ ਖੇਡਦੇ ਸਨ ਤੇਰੇ ਯਾਰ ਬੇਲੀ।
ਇਹ ਗੱਲ ਅਜੇ ਪਾਰੋ ਡੱਲੇ ਨੇ ਆਖੀ ਈ ਸੀ। ਵਿਚ ਅੱਲਾ ਯਾਰ ਖ਼ਾਂ ਬੋਲ ਪਿਆ, ਤੇ ਫੇਰ
ਕੀ ਗੁਰੂ ਨੇ ਆਪਣੀ ਗੱਠੜੀ ਬੰਨ੍ਹ ਨਾ ਲਈ?

—ਮੇਰਾ ਗੁਰੂ ਆਖਣ ਲੱਗਾ, ਮੈਂ ਹੁਣ ਸਾਉਣ ਭਾਦੋਂ ਦੀ ਬਰਸਾਤ ਲੰਘਾ ਕੇ
ਜਾਵਾਂਗਾ। ਚਿੱਕੜ, ਜਿਲ੍ਹਣ, ਚੜ੍ਹੇ ਨਾਲੇ, ਨਾ ਰਾਹ ਨਾ-ਥਿੱਤਾ, ਕਿਥੇ ਡੰਡੀਆਂ ਲੱਭਦਾ
ਫਿਰਾਂਗਾ। ਏਸ ਮੌਸਮ ਵਿਚ ਪਹਿਆ ਲੱਭਣਾ ਮੁਸ਼ਕਲ ਏ। ਮੈਨੂੰ ਕਿਹੜੀ ਭਾਜੜ ਪਈ ਹੋਈ
ਏ? ਮੇਰਾ ਕਿਹੜਾ ਘਿਓ ਦਾ ਘੜਾ ਰੁੜ੍ਹਦਾ ਪਿਆ ਏ। ਘਰ ਵਾਲਿਆਂ ਘਰ ਈ ਰਹਿਣਾ
ਏ ਕੀਗਾ ਨਹੀਂ ਚਲੇ ਜਾਣਾ।

—ਕਿਉਂ? ਅੱਲਾ ਯਾਰ ਖ਼ਾਂ ਨੇ ਪੁੱਛਿਆ।

—ਇਕ ਅਵਾਜ਼ ਹੋਰ ਆਈ। ਵਾਗੀ ਮੁੰਡੇ ਦੀ। "ਮੇਰੇ ਭਿੱਜ ਗਏ ਵਰੀ ਦੇ ਲੀੜੇ,
ਪਿੱਛੋਂ ਦੀ ਪੈਣ ਕਣੀਆਂ।"

—ਇਹ ਜੁਆਬ ਈ ਤੇਰੇ ਸੁਆਲ ਦਾ। ਕਿਉਂ ਸਮਝ ਆਈ ਊ ਅੱਲਾ ਯਾਰ ਖ਼ਾਂ?

—ਛੜਾਕੇ ਦੇ ਮੀਂਹ ਤੋਂ ਬੜਾ ਡਰ ਲੱਗਦਾ ਏ, ਪੰਜਾਬ ਵਾਲਿਆਂ ਨੂੰ।

—ਵਰੀ ਦੇ ਲੀੜੇ ਵੀ ਤੇ ਰੋਜ਼ ਰੋਜ਼ ਨਹੀਂ ਨਾ ਬਣਦੇ?

—ਵਗੀ ਦੇ ਲੀੜੇ ਜ਼ਿੰਦਗੀ ਵਿਚ ਇਕ ਵਾਰ ਬਣਦੇ ਹਨ। ਯਾ ਉਹਨੂੰ ਚੋਰ ਸੰਨ੍ਹ ਮਾਰ ਕੇ ਲੈ ਜਾਂਦੇ ਹਨ ਜਾਂ ਲੁਟੇਰੇ ਲੁੱਟ ਪੁੱਟ ਕੇ। ਜੇ ਬੱਚ ਜਾਣ ਤਾਂ ਛੜਾਕੇ ਦਾ ਮੀਂਹ ਉਹਨਾਂ ਦਾ ਫੱਕਾ ਮਾਰ ਜਾਂਦਾ ਏ। ਪੰਜਾਬ ਦੀ ਕਿਸਮਤ ਵਿਚ ਈ ਨਹੀਂ ਰੱਜ ਕੇ ਖਾਣਾ ਤੇ ਨਾ ਰੱਜ ਕੇ ਪਹਿਨਣਾ। ਪੰਜਾਬ ਦੇ ਬੰਦੇ ਕਮਾ ਕਮਾ ਕੇ ਮਰ ਜਾਂਦੇ ਹਨ ਪੁਸ਼ਾਕਾਂ ਬਣਾਉਂਦੇ ਹਨ ਤੇ ਲੁੱਟਣ ਵਾਲੇ ਲੁੱਟ ਕੇ ਰਾਹੇ ਪੈ ਜਾਂਦੇ ਹਨ। ਧਾੜਵੀਆਂ ਨੇ ਪੰਜਾਬ ਦੀ ਧੂੜ ਪੁੱਟ ਕੇ ਰੱਖ ਦਿੱਤੀ ਏ। ਪੰਜਾਬ ਤੇ ਆਪਣੀ ਪੱਤ ਬਚਾਉਂਦਾ ਜੁਝਦਾ ਏ। ਤੇ ਏਸ ਨੌਬਤ ਤੱਕ ਪੁੱਜ ਗਿਆ ਏ: ਨਾ ਤਨ ਤੇ ਲੀੜਾ ਤੇ ਨਾ ਖਾਣ ਨੂੰ ਅੰਨ। ਨਾ ਘਰ ਨਾ ਕੁੱਲਾ। ਨਵਾਰੀ ਪਲੰਘ ਤੇ ਪੰਜਾਬ ਵਾਲਿਆਂ ਦੀ ਕਿਸਮਤ ਵਿਚ ਈ ਨਹੀਂ। ਹੋਣ ਵੀ ਕਿੱਦਾਂ? ਨਾ ਇਹਨਾਂ ਘਰੋਂ ਡੋਲੇ ਦੇਣੇ ਤੇ ਨਾ ਇਹਨਾਂ ਨੂੰ ਸਰਕਾਰੇ ਦਰਬਾਰੇ ਚੋਧਰ ਮਿਲਣੀ। ਪੰਜਾਬ ਵਿਚ ਤੇ ਰੋਜ਼ ਸਰਕਾਰਾਂ ਬਦਲਦੀਆਂ ਨੇ। ਅਣਖੀ ਬੰਦਾ ਕਿਹੜੀ ਕਿਹੜੀ ਸਰਕਾਰ ਨੂੰ ਸਲਾਮ ਕਰੇ। ਇਹ ਪੰਜਾਬ ਵਾਲਿਆਂ ਦੇ ਲਹੂ ਵਿਚ ਨਹੀਂ। ਇਹ ਚੋਚਲੇ ਸਿਰਫ਼ ਦਿੱਲੀ ਵਾਲਿਆਂ ਨੂੰ ਆਉਂਦੇ ਹਨ। ਪੰਜਾਬ ਵਾਲੇ ਸਿਰ ਝੁਕਾਉਣਾ ਨਹੀਂ ਜਾਣਦੇ ਸਿਰ ਤੁੜਵਾਉਣਾ ਜਾਣਦੇ ਹਨ। ਪੰਜਾਬ ਦੀ ਮਿੱਟੀ ਦੂਜਿਆਂ ਇਲਾਕਿਆਂ ਤੋਂ ਕੁਝ ਵੱਖਰੀ ਏ। ਆਖਣ ਲੱਗਾ ਪਾਰੋ ਡੱਲਾ।

—ਉਹ ਕਿੱਦਾਂ? ਅੱਲਾ ਯਾਰ ਖ਼ਾਂ ਨੇ ਪੁੱਛਿਆ, ਜ਼ਰਾ ਕੁ ਮੁੱਛ ਨੂੰ ਮਰੋੜਾ ਦੇ ਕੇ।

—ਦੱਰਾ ਖ਼ੈਬਰ, ਨੌਚਕੀ ਬੁਲਾਨ। ਬੁਲਾਨ ਤੇ ਇਉਂ ਜਾਪਦਾ ਏ ਜਿਵੇਂ ਕਤਾਰਾਂ ਲੱਗੀਆਂ ਹੋਈਆਂ ਨੇ। ਇਹ ਕੌਣ ਏ: ਸਿਕੰਦਰ। ਇਹਦੀ ਪਹਿਲੀ ਵਾਰੀ ਏ। ਤੇ ਹੁਣ ਖਿਲਜੀਆਂ ਦਿਆਂ ਘੋੜਿਆਂ ਨੇ ਪੰਜਾਬ ਦੀਆਂ ਜੜ੍ਹਾਂ ਪੁੱਟ ਦਿੱਤੀਆਂ। ਔਹ ਗੌਰੀ ਖੜੇ ਹਨ। ਗੁਲਾਮਾਂ ਨੇ ਤੇ ਸਾਰੇ ਭਾਰਤ ਵਰਸ਼ ਦੇ ਗਲ ਵਿਚ ਗੁਲਾਮੀ ਦਾ ਤੌਕ ਪਾ ਦਿੱਤਾ ਏ। ਆਪ ਤੇ ਗੁਲਾਮ ਸਨ, ਸਾਡੇ ਗਲ ਵਿਚ ਵੀ ਪੰਜਾਲੀ ਪਾ ਦਿੱਤੀ ਗੁਲਾਮੀ ਦੀ। ਲੋਧੀਆਂ ਨੇ ਰੱਜ ਕੇ ਧੋਤੀ ਲਾਹੀ, ਲਹੂ ਚੂਸਿਆ। ਖ਼ੂਬ ਮੌਜਾਂ ਲਈਆਂ, ਬਹਾਰਾਂ ਲੁੱਟੀਆਂ, ਬਥਲੀਆਂ ਮਾਰਦੇ ਬੁਲ੍ਹੇ ਲੁੱਟਦੇ ਰਹੇ। ਗੁਲਛੱਰੇ ਉਡਾਏ। ਜੇ ਸੂਰੀ ਚੜ੍ਹੇ ਤੇ ਉਹਨਾਂ ਦੇ ਘੋੜਿਆਂ ਥੱਲੇ ਸਾਰੀ ਪੰਜਾਬ ਰੋਂਦੀ ਗਈ। ਰਹਿੰਦੀ ਖੂੰਹਦੀ ਕਸਰ ਮੁਗਲਾਂ ਨੇ ਪੂਰੀ ਕਰ ਦਿੱਤੀ। ਸਾਰੇ ਧਰਮ ਲਪੇਟ ਲਪਾਟ ਕੇ ਆਪਣੀ ਗੱਠੜੀ ਵਿਚ ਬੰਨ੍ਹ ਲਏ ਤੇ ਉਹਦੇ ਉੱਤੇ ਸ਼ਾਹੀ ਮੋਹਰ ਲਾ ਦਿੱਤੀ। ਠੱਪਾ ਦੀਨ-ਏ-ਇਲਾਹੀ ਦਾ। ਸਾਡੀ ਤੇ ਇਹ ਰਾਮ ਕਹਾਣੀ ਏ ਸੱਜਣਾ। ਪਾਰੋ ਡੱਲੇ ਦੀਆਂ ਅੱਖਾਂ ਵਿਚ ਇਕ ਵਾਰ ਗਲੇਡੂ ਆਏ।

—ਅੱਲਾ ਯਾਰ ਖ਼ਾਂ ਨੇ ਅਵਾਜ਼ ਦਿੱਤੀ: ਬਲਦੀ ਦੇ ਬੁੱਥੇ ਜਿਹੜਾ ਆ ਗਿਆ ਉਹੋ ਭੁੱਜ ਗਿਆ। ਦਿੱਲੀ ਵਾਲੇ ਏਸ ਗੱਲੋਂ ਸਿਆਣੇ ਹਨ, ਵੇਲੇ ਦੀ ਨਬਜ਼ ਪਛਾਣਦੇ ਹਨ ਤੇ ਮੁੜ ਜਾਂਦੇ ਹਨ ਰੁਤ ਦੀਆਂ ਛਮਕਾਂ ਵਾਂਗੂੰ। ਚੱਕੀ ਰਾਹ ਵਾਂਗੂੰ ਰੰਗ ਬਦਲਣਾ ਦਿੱਲੀ ਵਾਲਿਆਂ ਦਾ ਖ਼ਾਨਦਾਨੀ ਕਸਬ ਏ। ਪੰਜਾਬ ਵਾਲੇ ਤੇ ਐਵੇਂ ਆਕੜਖਾਨੀ ਵਿਚ ਈ ਮਰ ਜਾਂਦੇ ਹਨ।

—ਸਾਡਾ ਵੀ ਰੱਸਾ ਖੁਲ੍ਹ ਗਿਆ ਏ। ਅਸਾਂ ਜਾਣਾ ਕਿਧਰ ਹੁੰਦਾ ਏ ਤੇ ਚਲੇ ਕਿਧਰ ਜਾਂਦੇ ਹਾਂ। ਗੱਲ ਗੁਰੂ ਘਰ ਦੀ ਕਰਦੇ ਕਰਦੇ ਵਾਗਾਂ ਮੋੜ ਲਈਆਂ ਪੰਜਾਬ ਤੇ ਦਿੱਲੀ ਵੱਲ, ਅਸਾਂ ਕੀ ਲੈਣਾ ਏ ਇਹਨਾਂ ਹਕੂਮਤਾਂ ਤੋਂ। ਸਾਡੀ ਵਲੋਂ ਕੋਈ ਹਕੂਮਤ ਆਏ, ਅਸਾਂ ਤੇ ਮੋਟਾ ਖਾਣਾ ਤੇ ਮੋਟਾ ਪਹਿਨਣਾ ਏ। ਅਵਾਜ਼ ਪਾਰੋ ਡੱਲੇ ਦੀ ਸੀ।

—ਅੱਲਾ ਯਾਰ ਖ਼ਾਂ ਨੇ ਵਲ ਪਾ ਕੇ ਪੁੱਛਿਆ, ਕੀ ਗੁਰੂ ਨੇ ਸਾਉਣ ਭਾਦੋਂ ਖਡੂਰ
ਵਿਚ ਹੀ ਕੱਟਿਆ ?
—ਸਿਰਫ ਸਾਉਣ ਦਾ ਮਹੀਨਾ ਹੀ ਗੁਜ਼ਾਰਿਆ। ਛਰਾਕੇ ਦੇ ਮੀਂਹ ਦੇ ਨਜ਼ਾਰੇ ਲਏ
ਤੇ ਉਸੇ ਹੀ ਮਹੀਨੇ ਵਿਚ ਇਕ ਵਾਰ ਭਾਈ ਅਮਰ ਦਾਸ ਆਗਿਆ ਲੈਣ ਗੁਰੂ ਅੰਗਦ ਦੇਵ
ਕੋਲ ਚਲੇ ਗਏ। ਜਾ ਮੱਥਾ ਟੇਕਿਆ। ਮੂੰਹੋਂ ਕੁਝ ਨਾ ਬੋਲੇ ਤੇ ਨਾ ਆਉਣ ਦੀ ਵਜ੍ਹਾ ਹੀ
ਦੱਸੀ। ਜਾਣੀ ਜਾਣ ਗੁਰੂ ਮਹਾਰਾਜ ਨੇ ਪੁੱਛ ਲਿਆ ਤੇ ਆਖਣ ਲੱਗੇ ਗੁਰੂ ਅੰਗਦ ਦੇਵ :
ਕਿਉਂ ਪੁਰਖਾ ਸੂਣਾ ਸਲਾਹ ਬਣਾ ਆਇਆ ਏਂ, ਬਾਸਰਕੇ ਜਾਣ ਦੀ ?
—ਮੈਂ ਕੱਪੜੇ ਲੀੜੇ ਧੋ ਲਏ ਨੇ ਤੇ ਕਲ੍ਹ ਬਾਸਰਕੇ ਦੇ ਰਾਹ ਪੈ ਜਾਵਾਂਗਾ। ਡਾਂਡੇ
ਮੀਂਡੇ ਤੁਰਿਆ ਜਾਵਾਂਗਾ। ਅੱਜ ਆਗਿਆ ਲੈਣ ਆਇਆ ਹਾਂ।
—ਗ੍ਰਿਹਸਤ ਵਿਚ ਰਹਿ ਕੇ ਜਿਸਨੇ ਗਿਹਸਤ ਵੀ ਮਾਣਿਆ ਤੇ ਫਕੀਰੀ ਵੀ ਪਾ ਲਈ
ਉਹੋ ਮਹਾਂਨ ਏ।
—ਮੈਂ ਇਕ ਅਰਜ਼ ਕਰਨੀ ਏ।
—ਇਕ ਗੱਲ ਕੀ ਦੋ ਗੱਲਾਂ ਕਰ।
—ਮੈਂ ਕੱਲ੍ਹ ਚਲੇ ਜਾਣਾ ਏ। ਮੇਰਾ ਜੀਅ ਤੇ ਨਹੀਂ ਕਰਦਾ ਪਰ ਤੁਹਾਡਾ ਹੁਕਮ।
ਮੈਨੂੰ ਡਰ ਆਉਂਦਾ ਏ ਕਿ ਮੇਰੇ ਜਾਣ ਦੇ ਪਿੱਛੋਂ ਤੁਸੀਂ ਕਿਤੇ ਹੋਰ ਨਾ ਚਲੇ ਜਾਣਾ।
—ਮੈਂ ਕਿਹੜਾ ਪਹਾੜੀ ਚੜ੍ਹ ਜਾਣਾ ਏ। ਖਡੂਰ ਛੱਡ ਕੇ ਕਿੱਧਰ ਜਾਣਾ ਏ ?
—ਐਵੇਂ ਮਨ ਡਰਦਾ ਏ।
—ਜਾਣ ਵਾਲੇ ਨੂੰ ਬਹਾਨਾ ਚਾਹੀਦਾ ਏ। ਹਰ ਜਾਣ ਵਾਲਾ ਹਮੇਸ਼ਾਂ ਡਰਦਾ
ਰਹਿੰਦਾ ਏ।
—ਹਾਂ ! ਇਕ ਵਾਰ ਦਸਰਥ ਮਹਾਰਾਜ ਨੇ ਵਸ਼ਿਸ਼ਟ ਮੁਨੀ ਨੂੰ ਪੁੱਛਿਆ, ਮੁਨੀ ਰਾਜ
ਜ਼ਰਾ ਮੇਰੇ ਰਾਜ ਕੁਮਾਰਾਂ ਦੇ ਹੱਥ ਤੇ ਵੇਖੋ, ਇਹਨਾਂ ਦੀਆਂ ਰੇਖਾ ਕੀ ਆਖਦੀਆ ਹਨ। ਹੱਸ
ਪਏ ਮੁਨੀ ਰਾਜ। ਯੁਵਰਾਜ ਦੇ ਬਾਰੇ ਮੈਂ ਏਨਾ ਹੀ ਆਖਣਾ ਏ, ਰਾਮ ਚੰਦਰ ਯੁਵਰਾਜ ਤੇ
ਬਣੇਗਾ, ਸ਼ਕਤੀਸ਼ਾਲੀ ਮਹਾਰਾਜਾ ਵੀ ਹੋਵੇਗਾ, ਚੱਕਰਵਰਤੀ ਮਹਾਰਾਜ ਹੋਣ ਦੇ ਲਕਸ਼ਣ
ਹਨ ਪਰ ਬਾਰਾਂ ਸਾਲ ਦਾ ਬਨਬਾਸ ਕੱਟਣ ਤੋਂ ਬਾਅਦ। ਅਜੇ ਵਸ਼ਿਸ਼ਟ ਮੁਨੀ ਦੇ ਬੋਲ
ਉਹਦੇ ਮੂੰਹ ਵਿਚ ਹੀ ਸਨ ਕਿ ਮਹਾਰਾਜ ਦਸਰਥ ਨੇ ਮੁਨੀ ਰਾਜ ਦੇ ਮੂੰਹ ਅਗੇ ਹੱਥ ਦੇ
ਦਿੱਤਾ, ਬੱਸ ਇਸ ਤੋਂ ਅੱਗੇ ਨਹੀਂ। ਬਾਕੀ ਰਾਜ ਕੁਮਾਰਾਂ ਨਾਲ ਪਿਆਰ ਨਹੀਂ ਮਹਾਰਾਜ
ਦਾ, ਇਹਨਾਂ ਬਾਰੇ ਵੀ ਸੁਣ ਲਓ। ਪਰ ਮਹਾਰਾਜ ਹੱਥ ਬੰਨ੍ਹ ਕੇ ਖਲੋ ਗਏ, ਆਖਣ ਲੱਗੇ
ਮੈਂ ਤੇ ਇਕ ਦਾ ਵਿਛੋੜਾ ਨਾ ਸਹਾਰ ਸਕਾਂਗਾ, ਤੁਸੀਂ ਦੂਜਿਆਂ ਬਾਰੇ ਮੈਨੂੰ ਕੁਝ ਨਾ ਦੱਸੋ।
ਮੈਂ ਸਾਰੀ ਉਮਰ ਗੁਆ ਕੇ ਇਹ ਬਾਲ ਲੱਭੇ ਹਨ ਤੇ ਤੁਸਾਂ ਅਜੇ ਜੁਆਨ ਵੀ ਨਹੀਂ ਹੋਏ ਤੇ
ਵਿਛੋੜਾ ਪਾ ਦਿੱਤਾ ਏ। ਏਡੀ ਵੱਡੀ ਵਿੱਥ ਕੀ ਮੈਂ ਸਹਾਰ ਸਕਾਂਗਾ, ਮੁਨੀ ਰਾਜ ! ਮੈਥੋਂ
ਭੁੱਲ ਹੋ ਗਈ। ਕਿਸੇ ਪਿਓ ਨੂੰ ਆਪਣੇ ਪੁੱਤ ਬਾਰੇ ਕਿਸੇ ਜੋਤਸ਼ੀ ਤੋਂ ਨਹੀਂ ਪੁੱਛਣਾ
ਚਾਹੀਦਾ।
—ਛੇ ਸਾਲ ਮੇਰੇ ਵੀ ਲੰਘ ਗਏ ਬਨਬਾਸ ਦੇ, ਆਖਣ ਲੱਗਾ ਮੇਰਾ ਗੁਰੂ। ਰੱਤੀ
ਭਰ ਝੂਕਿਆ ਨਾ।
—ਜਦੋਂ ਗੱਲ ਕਰਨੀ ਹੋਵੇ ਫੇਰ ਝੱਕਣ ਦੀ ਕੀ ਲੋੜ ਏ ? ਝੱਕੀਏ ਤੇ ਗੱਲ

ਦੁਬਿਧਾ ਵਿਚ ਪੈ ਜਾਂਦੀ ਏ। ਇਕ ਸ਼ੀਸ਼ੇ ਦਾ ਦੂਜੇ ਸ਼ੀਸ਼ੇ ਤੇ ਲਿਸ਼ਕਾਰਾ ਪੈ ਰਿਹਾ ਸੀ। ਜੋਤਾਂ ਦੇ ਮਿਲਾਪ ਵਿਚ ਥੋਹੜੀ ਜਿਹੀ ਵਿੱਥ ਰਹਿ ਗਈ ਸੀ। ਵੈਸੇ ਚਾਨਣੀ ਨੇ ਇਕ ਦੂਜੇ ਦੀ ਉਂਗਲੀ ਫੜ ਲਈ ਸੀ।

—ਮੈਂ ਅਜੇ ਤੱਕ ਭਟਕ ਰਿਹਾ ਹਾਂ। ਉਹੋ ਖਡੂਰ, ਉਹੋ ਬਿਆਸਾ, ਉਹੋ ਬੇਲੇ, ਉਹੋ ਜੰਗਲ, ਉਹੋ ਕਾਹੀ, ਉਹੋ ਜੰਗਲ ਦੇ ਜੀਅ।

—ਰਾਜ ਤਿਲਕ ਤੇ ਬਨਬਾਸ ਤੋਂ ਬਾਅਦ ਈ ਮਿਲਦਾ ਏ। ਅਜੇ ਅੱਧ ਵਿਚ ਆਇਆ ਏ ਪੁਰਖਾ।

—ਮੈਨੂੰ ਅਜੇ ਤੱਕ ਕਿਸੇ ਨੇ ਮਾਲਾ ਫੜਨੀ ਵੀ ਨਹੀਂ ਦੱਸੀ। ਮਾਲਾ ਫੇਰਨੀ ਤੇ ਬਹੁਤ ਮੁਸ਼ਕਲ ਏ ਤੇ ਨਿਭਾਉਣੀ ਓਸ ਤੋਂ ਵੀ ਜ਼ਿਆਦਾ।

—ਸੁੱਤੇ ਨੂੰ ਤੇ ਕਿਸੇ ਨੇ ਹੁੱਝ ਮਾਰੀ ਤੇ ਜਗਾ ਦਿੱਤਾ ਪਰ ਪੁਰਖਾ ਜਾਗਦੇ ਨੂੰ ਕੌਣ ਜਗਾਵੇ। ਕੀ ਤੁਹਾਨੂੰ ਮਾਲਾ ਫੇਰਨੀ ਨਹੀਂ ਆਉਂਦੀ।

—ਮਾਲਾ ਫੇਰਨੀ ਬੜੀ ਮਹਾਨ ਏ। ਪਰ ਮਾਲਾ ਕਿੱਦਾਂ ਫੇਰਨੀ ਚਾਹੀਦੀ ਏ, ਏਸ ਗੱਲ ਦੀ ਜਾਚ ਨਹੀਂ ਆਈ।

—ਜਿਉਂ ਜਿਉਂ ਭਿੱਜੇ ਕੰਬਲੀ ਤਿਉਂ ਤਿਉਂ ਭਾਰੀ ਹੋ। ਹੌਲੀ ਹੌਲੀ ਆਪੇ ਆ ਜਾਏਗੀ।

—ਮੈਂ ਘਰ ਚੋਂ ਲਿਆ ਹਾਂ। ਦਿਲ ਏਥੇ ਛੱਡ ਕੇ। ਕੁਝ ਸਿੱਖਿਆ।

—ਪੜ੍ਹੇ ਨੂੰ ਕੌਣ ਪੜ੍ਹਾਏ? ਅਨਪੜ੍ਹ ਤੇ ਚਾਰ ਅੱਖਰ ਸਿੱਖ ਲਏ ਤੇ ਜਿਹੜਾ ਅੱਗੇ ਈ ਗਿਆਨੀ ਹੋਏ ਉਹਨੂੰ ਪਾਂਧਾ ਕੀ ਪੜ੍ਹਾਊ?

—ਇਹ ਤੇ ਤੁਹਾਡੀ ਆਪਣੀ ਸਿਫ਼ਤ ਏ, ਮੈਂ ਤੇ ਕੁਝ ਜਾਣਦਾ ਨਹੀਂ, ਬੁਝਦਾ ਨਹੀਂ। ਜਿਹਾ ਗਵਾਰ ਪਿੰਡੋਂ ਆਇਆ ਸਾਂ, ਓਸੇ ਤਰ੍ਹਾਂ ਦਾ ਆਪਣੇ ਆਪ ਨੂੰ ਮਹਿਸੂਸ ਕਰਦਾ ਹਾਂ।

—ਤੁਹਾਡੇ ਆਖਣ ਨਾਲ ਮੈਂ ਇਹ ਗੱਲ ਮੰਨ ਲਾਂਗਾ, ਕੀ ਇਹ ਤੁਹਾਨੂੰ ਵਿਸ਼ਵਾਸ ਏ। ਤੁਹਾਡੀ ਤੇ ਮੇਰੀ ਉਮਰ ਵਿਚ ਦੂਣੋਂ ਦੂਣੀ ਦਾ ਫਰਕ ਏ। ਤੁਹਾਡੇ ਪੱਲੇ ਮੇਰੀ ਜ਼ਿੰਦਗੀ ਨਾਲੋਂ ਜ਼ਿਆਦਾ ਤਜਰਬੇ ਹਨ। ਤੁਸੀਂ ਗੁੜ੍ਹੇ ਜ਼ਿਆਦਾ ਓ, ਤੁਸਾਂ ਜੀਵਨ ਜ਼ਿਆਦਾ ਵੇਖਿਆ ਏ। ਜਿਹੜਾ ਜੀਵਨ ਘੋਖਣਾ ਜਾਣਦਾ ਏ, ਉਹੋ ਈ ਗਿਆਨੀ ਏ। ਮੈਂ ਤੇ ਅਜੇ ਜੀਵਨ ਓਪਰਾ ਓਪਰਾ ਵੇਖਿਆ ਏ। ਗੁਰੂ ਅੰਗਦ ਦੇਵ ਆਖ ਰਹੇ ਸਨ।

—ਇਹ ਤੇ ਐਵੇਂ ਟਾਲਣ ਵਾਲੀ ਗੱਲ ਏ ਮਹਾਰਾਜ। ਉਮਰ ਵਿਚ ਵੱਡੇ ਹੋਣ ਨਾਲ ਕੀ ਵਿਸ਼ੇਸ਼ ਗੁਣ ਬੰਦੇ ਵਿਚ ਆ ਜਾਂਦੇ ਹਨ। ਬੰਦਾ ਵਿਸ਼ੇ ਵਿਕਾਰਾਂ ਵਿਚ ਫਸਿਆ ਝੂਠ ਦੇ ਕੋਠੇ ਛੱਤਦਾ ਛੱਤਦਾ ਬੁੱਢਾ ਹੋ ਜਾਂਦਾ ਏ ਤੇ ਅਰਥੀ ਉਹਦੇ ਬੂਹੇ ਅੱਗੇ ਆ ਜਾਂਦੀ ਏ। ਜਦ ਉਹ ਆਪਣੀਆਂ ਕੰਨੀਆਂ ਵੇਖਦਾ ਏ ਤੇ ਚਾਰੇ ਕੰਨੀਆਂ ਖ਼ਾਲੀ ਹੁੰਦੀਆਂ ਹਨ, ਨਾ ਸੱਚ, ਨਾ ਪੁੰਨ, ਨਾ ਭਗਤੀ, ਨਾ ਸੇਵਾ ਦੀ ਕਿਤੇ ਪੋਟਲੀ ਬੱਝੀ ਨਜ਼ਰ ਨਹੀਂ ਆਉਂਦੀ, ਕਿਹਦੇ ਆਸਰੇ ਏਡੀ ਵੱਡੀ ਮੰਜ਼ਲ ਤੈਅ ਕਰੇਗਾ। ਮੰਜ਼ਲ ਦੂਰ ਏ। ਕਠਿਨ ਡਗਰੀਆ ਵਿਚ ਆਦਮੀ ਕਦੋਂ ਡੋਲ ਜਾਏ, ਮੈਂ ਨਿਮਾਣਾ ਜਿਹਾ, ਮੇਰਾ ਸਰੀਰ ਹੌਲਾ, ਮੈਨੂੰ ਡਰ ਲੱਗਦਾ ਏ ਕਿਤੇ ਮੇਰੇ ਪੈਰ ਡਗਮਗਾ ਨਾ ਜਾਣ। ਰਾਹੋਂ ਭੁਲਿਆਂ ਮੁਸਾਫ਼ਰ ਪਤਾ ਨਹੀਂ ਕਿਧਰੇ ਮੂੰਹ ਚੁੱਕੇ ਤੇ ਕਿਧਰ ਨਿਕਲ ਜਾਏ। ਭਾਈ ਅਮਰ ਦਾਸ ਦੇ ਬੋਲ ਸਨ।

—ਤੇਰੀਆਂ ਕੰਨੀਆਂ ਸੱਖਣੀਆਂ ਨਹੀਂ। ਤੇਰੀ ਤੇ ਕੋਠੀ ਵਿਚ ਦਾਣੇ ਹਨ। ਇਹ ਤੇ ਝੋਰਾ ਉਹਨੂੰ ਹੁੰਦਾ ਏ ਜਿਹਦੇ ਘਰ ਮੱਘੀ ਖਾਲੀ ਪਈ ਹੋਵੇ।

—ਪਰ ਮੈਨੂੰ ਤੇ ਕੁਝ ਲੱਭਦਾ ਨਹੀਂ ਮਹਾਰਾਜ !

—ਤੂੰ ਅਜੇ ਗਹੁ ਨਾਲ ਵੇਖਿਆ ਨਹੀਂ। ਤੂੰ ਅਜੇ ਬੱਕਰ ਦੇ ਕੇ ਵੇਖੀ ਨਹੀਂ ਆਪਣੇ ਘਰ। ਤੇਰਾ ਘਰ ਤੇ ਅੱਗੇ ਹੀ ਭਰਿਆ ਹੋਇਆ ਏ। ਰਿਜ਼ਕ ਬਰੂਹਾਂ ਤੋਂ ਬਾਹਰ ਆ ਰਿਹਾ ਏ। ਮੈਂ ਤੇ ਅਜੇ ਆਪ ਸਿੱਖ ਰਿਹਾ ਹਾਂ। ਬੰਦਾ ਸਾਰੀ ਉਮਰ ਵਿਹਾ ਦੇਂਦਾ ਏ ਸਿੱਖਦਾ, ਪਰ ਉਹ ਫੇਰ ਵੀ ਨਹੀਂ ਸਿੱਖ ਸਕਦਾ। ਕਿੰਨਾ ਕੁ ਸਿੱਖੇ, ਆਦਮੀ ਵਿਚ ਜਜ਼ਬ ਕਰਨ ਦੀ ਤਾਕਤ ਵੀ ਤੇ ਹੋਣੀ ਚਾਹੀਦੀ ਏ।

—ਇਕ ਸੇਵਕ ਆ ਗਿਆ। ਹੱਥ ਵਿਚ ਦੋ ਗੜਵੇ ਸਨ ਦੁੱਧ ਦੇ ਭਰੇ ਹੋਏ। ਲਿਆ ਰੱਖੇ ਉਸ ਸੇਵਕ ਨੇ ਹਜ਼ੂਰ ਦੇ ਮੋਹਰੇ। ਚੌਂਕੀ ਤੇ ਦੋ ਗੜਵੇ ਪਏ ਹੋਏ ਸਨ। ਹੱਸ ਪਏ ਵੇਖ ਕੇ ਗੜਵਿਆਂ ਨੂੰ ਗੁਰੂ ਅੰਗਦ ਦੇਵ।

—ਮੇਰੇ ਸੁਆਲ ਦਾ ਜੁਆਬ ਅਜੇ ਮਿਲਿਆ ਨਹੀਂ। ਗੱਲ ਰੋਲੇ ਗੋਲੇ ਵਿਚ ਈ ਗੁਆਚ ਗਈ ਏ।

—ਲੈ ਪੁਰਖਾ ਜੇ ਤੂੰ ਜੁਆਬ ਈ ਚਾਹੁੰਦਾ ਏਂ, ਜੇ ਤੈਨੂੰ ਜੁਆਬ ਨਾਲ ਸ਼ਾਂਤੀ ਮਿਲ ਸਕਦੀ ਏ। ਗੁਰੂ ਅੰਗਦ ਦੇਵ ਨੇ ਇਕ ਗੜਵਾ ਚੁੱਕ ਲਿਆ ਤੇ ਦੂਜੇ ਭਰੇ ਗੜਵੇ ਦੇ ਉੱਤੇ ਦੁੱਧ ਦੀ ਧਾਰ ਬੰਨ੍ਹ ਕੇ ਪਾਉਣੀ ਸ਼ੁਰੂ ਕਰ ਦਿੱਤੀ। ਬੱਝਵੀਂ ਧਾਰ ਜਦੋਂ ਪਈ ਤੇ ਦੁੱਧ ਸਾਰੇ ਵਿਹੜੇ ਵਿਚ ਖਿੱਲਰ ਗਿਆ। ਜਿਉਂ ਜਿਉਂ ਦੁੱਧ ਪੈਂਦਾ ਜਾਂਦਾ, ਦੁੱਧ ਵਗਦਾ ਜਾਂਦਾ, ਸਾਰਾ ਗੜਵਾ ਗੁਰੂ ਮਹਾਰਾਜ ਨੇ ਖਾਲੀ ਕਰ ਦਿੱਤਾ ਇਕ ਬੂੰਦ ਵੀ ਨਾ ਛੱਡੀ ਉਸ ਗੜਵੇ ਵਿਚ। ਧਾਰ ਬੰਨ੍ਹ ਕੇ ਪਾਉਣ ਵਾਲਾ ਗੜਵਾ ਖਾਲੀ ਭਾਂ ਭਾਂ ਕਰ ਰਿਹਾ ਸੀ। ਜਿੱਦਾਂ ਉਹਨੂੰ ਮੁਕਤੀ ਮਿਲ ਗਈ ਹੋਵੇ।

—ਇਹ ਕੀ ! ਸਤਿਗੁਰ ? ਏਸ ਚਮਤਕਾਰ ਦੀ ਮੈਨੂੰ ਸਮਝ ਨਹੀਂ ਆਈ ?

—ਇਹ ਜੁਆਬ ਏ ਜਿਹਦੀ ਤੂੰ ਬਹੁਤ ਚਿਰ ਤੋਂ ਜ਼ਿੱਦ ਕਰ ਰਿਹਾ ਸੈਂ।

—ਮੇਰੀ ਸਮਝ ਵਿਚ ਕੁਝ ਨਹੀਂ ਆਇਆ। ਇਹ ਭੁਲ ਭੁਲਈਆਂ, ਇਹ ਚੱਕਰ-ਵਿਊਹ, ਇਹ ਗੁੰਝਲਾਂ, ਕੋਈ ਉਸਤਾਦ ਈ ਖੋਲ੍ਹੇ ਤੇ ਖੁੱਲ੍ਹਣ।

—ਸਮਝਦਿਆਂ ਹੋਇਆਂ ਵੀ ਅਣਭੋਲ ਬਣ ਜਾਏ ਬੰਦਾ, ਇਹ ਵਡਿਆਈ ਸਿਰਫ ਤੇਰੇ ਵਿਚ ਈ ਏ, ਭਾਈ ਅਮਰ ਦਾਸ।

—ਤੁਸੀਂ ਐਵੇਂ ਮੈਨੂੰ ਵਡਿਆ ਰਹੇ ਓ। ਐਵੇਂ ਪਉੜੀਆਂ ਨਾ ਚੜ੍ਹਾਓ, ਕਿਤੇ ਅੱਧ ਵਿਚ ਡਿੱਗ ਨਾ ਪਵਾਂ।

—ਪੁਰਖਾ, ਤੇਰਾ ਤੇ ਗੜਵਾ ਅੱਗੇ ਈ ਭਰਿਆ ਹੋਇਆ ਏ। ਮੈਂ ਇਹਦੇ ਵਿਚ ਹੋਰ ਕੀ ਪਾ ਦਿਆਂ। ਵੇਖਿਆ ਈ ਮੈਂ ਧਾਰ ਬੰਨ੍ਹ ਕੇ ਦੁੱਧ ਪਾਇਆ ਸੀ। ਤੇਰੇ ਗੜਵੇ ਨੇ ਇਕ ਬੂੰਦ ਨਹੀਂ ਝੱਲੀ। ਕਿਸੇ ਦਾ ਭਾਂਡਾ ਖਾਲੀ ਹੋਵੇ ਤੇ ਕੋਈ ਉਹਦੇ ਵਿਚ ਕੁਝ ਪਾ ਦੇਵੇ। ਜਾ ਪੁਰਖਾ ਪਹਿਲਾਂ ਆਪਣਾ ਗੜਵਾ ਖਾਲੀ ਕਰ। ਵੰਡ ਦੇ ਦੋ ਹੱਥਾਂ ਨਾਲ। ਮੁੱਠਾਂ ਭਰ ਕੇ ਵੰਡਿਆਂ ਕੁਝ ਘਟਦਾ ਨਹੀਂ। ਸੰਗਤ ਪਿਆਸੀ ਏ। ਜਦ ਇਹ ਖਾਲੀ ਹੋ ਜਾਏਗਾ ਤੇ ਫੇਰ ਮੇਰੇ ਕੋਲ ਆਈਂ। ਵਾਹਿਗੁਰੂ ਇਹਨੂੰ ਆਪੇ ਈ ਭਰ ਦੇਵੇਗਾ। ਹੁਣ ਤੁਸੀਂ ਬਾਸਰਕੇ

ਜਾਓ। ਸੰਗਤਾਂ ਇਤਰਾਜ਼ ਨਾ ਕਰਨ। ਸੰਗਤ ਇਕੱਠੀ ਕਰੋ। ਸੰਗਤ ਨੂੰ ਬਹਿਣ ਦੀ ਜਾਚ ਸਿਖਾਓ, ਲੰਗਰ ਬਣਾਓ, ਵਰਤਾਓ, ਪਹਿਲਾਂ ਪੰਗਤ ਤੇ ਫੇਰ ਸੰਗਤ। ਗੁਰੂ ਅੰਗਦ ਦੇਵ ਨੇ ਆਪਣੇ ਬੋਲ ਥੰਮ੍ਹੇ। ਭਾਈ ਅਮਰ ਦਾਸ ਹੱਥ ਜੋੜ ਕੇ ਵਿਹੜੇ ਵਿਚੋਂ ਬਾਹਰ ਨਿਕਲ ਆਇਆ।

—ਬਾਹਰ ਆਣ ਕੇ ਸੋਚਿਆ ਗੁਰੂ ਜਾਣੀ ਜਾਣ ਏ। ਚਲ ਓ ਮਨਾ ਬਾਸਰਕੇ। ਬਿਨਾਂ ਕਿਸੇ ਨੂੰ ਦੱਸਿਆਂ, ਬਿਨਾਂ ਕਿਸੇ ਨਾਲ ਗੱਲ ਕੀਤਿਆਂ ਗੁਰੂ ਬਾਸਰਕੇ ਦੀ ਡੰਡੀ ਪੈ ਗਿਆ। ਠੇਡੇ ਖਾਂਦਾ ਕਦੀ ਤੇ ਪੁੱਜ ਈ ਜਾਏਗਾ ਨਾ।

□□

੧੨

ਨਾਂ ਸ਼ਿਵ ਨਾਥ ਟਿਲਿਓਂ ਉਤਰਿਆ, ਕੰਨ ਪਾਟਾ ਜੋਗੀ। ਪਹਾੜ ਤੋਂ ਕੀ ਆਇਆ, ਉਸ ਆਉਂਦਿਆਂ ਈ ਮੁਟਿਆਰਾਂ ਨੂੰ ਭਰਮਾ ਲਿਆ। ਚਰਖੇ ਦੀ ਘੂਕ ਸੁਣ ਕੇ ਨਹੀਂ ਸੀ ਆਇਆ। ਸੰਖ ਦੀਆਂ ਧੁਨਾਂ ਵਜਾਉਂਦਾ ਉਤਰਿਆ ਸੀ। ਜ਼ਨਾਨੀਆਂ ਦਾ ਗੁਰੂ ਭੁਖਾ ਨਹੀਂ ਮਰਦਾ। ਏਸ ਲਈ ਉਸ ਸਭ ਤੋਂ ਪਹਿਲਾਂ ਤੀਵੀਆਂ ਤੇ ਈ ਪੱਟੂ ਪਾਇਆ। ਤੇ ਹੋਕਾ ਦਿੱਤਾ, ਬੂਹੇ ਬਾਲ ਖੇਡਣ, ਸੁਹਾਗ ਵਤੀ ਹੋ, ਖੈਰ ਤੇਰੇ ਚੁਬਾਰਿਆਂ ਦੀ ਦੁੱਧੀਂ ਨਹਾ, ਪੁੱਤੀਂ ਫੱਲ, ਨਾਥ ਜੋੜੀਆਂ ਬਖਸ਼ਣ। ਭਰਨ ਭੜੋਲੀਆਂ ਨਾਥ। ਗੋਰਖ ਨਾਥ ਤੇਰੇ ਬੂਹਿਆਂ ਤੀਕ ਰਿਜ਼ਕ ਭਰ ਦੇਵੇ। ਗਜਿਣਿਆਂ ਗੱਟਿਆਂ ਨਾਲ ਲੱਦੀ ਜਾਵੇ ਮੇਰੀ ਧੀ ਰਾਣੀ। ਏਸ ਤਰ੍ਹਾਂ ਦੀਆਂ ਅਸੀਸਾਂ ਦੇਂਦਾ ਜੋਗੀ ਇਕ ਦਿਨ ਖਡੂਰ ਵਿਚ ਆ ਗਿਆ। ਬਸ ਉਹਦੇ ਮਨ ਦੀਆਂ ਮੁਰਾਦਾਂ ਪੂਰੀਆ ਹੋ ਗਈਆਂ। ਪੱਤੀ ਦੇ ਜ਼ਿਮੀਦਾਰਾਂ ਦੀਆਂ ਰਕਾਨਣਾਂ, ਜਿਨ੍ਹਾਂ ਦੇ ਘਰ ਬਾਲਾਂ ਤੋਂ ਸਖਣੇ ਸਨ, ਜਿਨ੍ਹਾਂ ਦੀ ਅੱਜੇ ਕੁੱਖ ਨਹੀਂ ਸੀ ਫੁਟੀ ਉਹਦੇ ਦਰਵਾਜ਼ੇ ਅਲਖ ਜਾ ਜਗਾਈ। ਨਾਥ ਜੋੜੀਆਂ ਬਖਸ਼ਣਗੇ। ਥਾਲ ਭਰਕੇ ਲਿਆਈ ਲਡੂਆਂ ਦਾ। ਜੋਗੀ ਰਾਜ ਦਾ ਮੂੰਹ ਸੁਲੱਖਣਾ ਹੋਵੇ। ਮੈਨੂੰ ਤੇ ਇਕ ਈ ਬਖਸ਼ੇ। ਦੂਜਾ ਕਿਸੇ ਹੋਰ ਨੂੰ ਬਖਸ਼ ਦੇਣਾ। ਮੇਰੇ ਘਰ ਇਕ ਬਾਲ ਨਾਲ ਈ ਵਿਹੜਾ ਭਰ ਜਾਵੇਗਾ। ਜੇ ਹੋਰ ਕਿਸੇ ਦੇ ਘਰ ਰੌਣਕਾਂ ਲੱਗ ਜਾਣ, ਮੈਂ ਕਿਉਂ ਦੁੱਖ ਕਰਾਂ। ਆਖ ਰਹੀ ਸੀ ਜ਼ਨਾਨੀ ਜ਼ਿਮੀਦਾਰ ਦੀ।

—ਚੁਟਕੀ ਦਿੱਤੀ ਜੋਗੀ ਨੇ, ਗੋਰਖ ਨਾਥ ਝੋਲੀਆਂ ਭਰਨਗੇ, ਤੇ ਜੋਗੀ ਚਲਦੇ ਭਏ।

—ਸਾਲ ਪਿਛੋਂ ਸ਼ਿਵ ਨਾਥ ਫੇਰ ਉਸੇ ਦਰਵਾਜ਼ੇ ਤੇ ਆ ਗਿਆ, ਅਲਖ ਫੇਰ ਜਗਾਈ। ਕੁਦਰਤ ਨੇ ਮਿਹਰ ਕੀਤੀ ਸੀ, ਜੱਟੀ ਦੇ ਘਰ ਪੁੱਤ ਜੰਮ ਪਿਆ। ਖਿਡਾ ਰਹੀ ਸੀ ਗੋਦ ਵਿਚ ਪਾ ਕੇ। ਆਵਾਜ਼ ਸੁਣ ਕੇ ਭੱਜੀ ਭੱਜੀ ਆਈ, ਨਾਥ ਦੇ ਪੈਰਾਂ ਵਿਚ ਰੱਖ ਦਿੱਤਾ ਮੁੰਡਾ।

—ਧੰਨ ਹਨ ਜੋਗੀ, ਧੰਨ ਹਨ ਗੋਰਖ ਨਾਥ ! ਮੰਗੋ ਜੋਗੀ ਰਾਜ ਜੋ ਤੁਹਾਡੇ ਮਨ ਵਿਚ ਆਵੇ ।

—ਹਮ ਕੋ ਦੁਨੀਆ ਕੀ ਕਿਸੀ ਚੀਜ਼ ਸੇ ਮੁਹੱਬਤ ਨਹੀਂ । ਜੋਗੀ ਕੋ ਕਿਆ ਵਾਸਤਾ ਦੁਨੀਆਂ ਕੀ ਵਸਤੂ ਸੇ ।

—ਤੁਸਾਂ ਮੇਰੀ ਗੋਦ ਭਰ ਦਿਤੀ ਏ । ਮੈਂ ਤੁਹਾਡੀ ਬਗਲੀ ਮੁਹਰਾਂ ਨਾਲ ਭਰ ਦਿੰਨੀ ਆਂ, ਜਿੰਨੀਆਂ ਚੁਕ ਸਕਦੇ ਓਨੀਆਂ ਲੈ ਜਾਵੋ ।

—ਹਮ ਮੁਹਰੇਂ ਕਿਆ ਕਰੇਂਗੇ, ਯਹ ਦੌਲਤ ਕਿਸ ਕਾਮ, ਯਹ ਨਾਗਨੀ ਯਹ ਮੁਹਰੇਂ ਫਕੀਰੋਂ ਕੇ ਲਿਯੇ ਠੀਕਰੀ ਕੇ ਬਰਾਬਰ ਹੈਂ ।

—ਨਹੀਂ ਜੋਗੀ ਰਾਜ ਤੁਸੀਂ ਖ਼ਾਲੀ ਨਹੀਂ ਜਾ ਸਕਦੇ, ਮੇਰੇ ਦਰਵਾਜ਼ੇ ਤੋਂ, ਕੁਝ ਮੰਗੋ, ਜੋ ਜੀ ਆਵੇ ।

—ਦਿਆਲੂ ਮਾਤਾ ਜੇ ਬਹੁਤ ਈ ਜੀਅ ਕਰਦੈ ਤੇ ਜੋਗੀ ਨੂੰ ਧੂਣੇ ਲਈ ਜਗ੍ਹਾ ਦੇ ਦੇ, ਜੋਗੀ ਇਤਨੇ ਮੇਂ ਈ ਖੁਸ਼ ਹੈਂ ।

—ਬਸ, ਬਸ, ਏਨੀ ਜਿਹੀ ਗੱਲ ਨਾਲ ਈ ਜੋਗੀ ਰਾਜ਼ੀ ਹਨ, ਜਾਓ ਪਿੰਡੋਂ ਬਾਹਰ ਵਲ ਜਿੰਨੀ ਜਗ੍ਹਾ ਚਾਹੀਦੀ ਏ ਮਲ ਲਵੋ, ਸਭ ਮੇਰੀ ਜ਼ਮੀਨ ਏ, ਲਕੜੀਆਂ ਮੇਰੇ ਘਰੋਂ ਰੋਜ਼ ਲੈ ਜਾਇਆ ਕਰੋ । ਅਨਾਜ ਲਵੋ, ਗੁੜ ਲਵੋ, ਸ਼ਕਰ, ਚੌਲ, ਦੁੱਧ, । ਜਾਓ ਭੰਡਾਰਾ ਕਰਨ ਨਾਥ ।

—ਬਸ ਇਕ ਹੀ ਜੱਟੀ ਨੇ ਸ਼ਿਵ ਨਾਥ ਦਾ ਡੇਰਾ ਲਵਾ ਦਿੱਤਾ ਖਡੂਰ ਵਿਚ, ਤੇ ਭੰਡਾਰੇ ਨੇ ਨਾਥ ਦੀ ਜੈ ਜੈ ਕਾਰ ਕਰਾ ਦਿਤੀ । ਬਾਰੇ ਬਾਰੇ ਵਿਚ । ਬਸ ਨਾਥ ਹੀ ਨਾਥ ਹੋ ਗਈ । ਜਿਹੜਾ ਆਖੇ ਬੜਾ ਪਹੁੰਚਿਆ ਹੋਇਆ ਨਾਥ ਏ, ਉਹਦੇ ਬਚਨ ਖ਼ਾਲੀ ਨਹੀਂ ਜਾਂਦੇ, ਜੱਟ ਦਾ ਘਰ ਵਸਾ ਦਿੱਤਾ ਸੂ, ਬੂਟਾ ਲਾ ਦਿੱਤਾ ਸੂ ਜੱਟ ਦਾ, ਨਹੀਂ ਤਾਂ ਸ਼ਰੀਕਾਂ ਸਭ ਸਮੇਟ ਲੈਣੀ ਸੀ ਜ਼ਮੀਨ । ਸੁਆਹ ਦੀ ਚੁੱਟਕੀ ਜਿੰਨ ਲੈ ਲਈ ਜਾਂ ਜਿਸਨੂੰ ਮਿਲ ਗਈ, ਜਿਹਦੇ ਤੇ ਮਿਹਰਬਾਨ ਹੋ ਗਿਆ ਜੋਗੀ ਬਸ ਪੌਂ ਬਾਰਾਂ ਹੋ ਗਈਆਂ । ਬੜਾ ਦਿਆਲੂ ਏ ਜੋਗੀ । ਵਿਛੜੇ ਕੰਤ ਮਿਲਾ ਦਿਤੇ ਜੋਗੀ ਨੇ, ਉਜੜੀਆਂ ਪੁਜੜੀਆਂ ਸੁਹਾਗਣੀਆ ਹੋ ਗਈਆਂ । ਚੂੜੇ ਛਣਕਦੇ ਵੇਖੇ ਲੋਕਾਂ ਨੇ । ਜਿਨ੍ਹਾਂ ਦੇ ਘਰ ਰੋਟੀ ਨਹੀਂ ਸੀ ਪਕਦੀ, ਕਦੇ ਚੁੱਲ੍ਹਾ ਗਰਮ ਨਹੀਂ ਸੀ ਹੋਇਆ, ਪਰੌਂਠੇ ਪਕਣੇ ਸ਼ੁਰੂ ਹੋ ਗਏ । ਜਿਨ੍ਹਾਂ ਦੇ ਘਰ ਦੁੱਧ ਦੀ ਛਿੱਟ ਵੇਖਣ ਨੂੰ ਨਹੀਂ ਸੀ ਲਭਦੀ ਉਨ੍ਹਾਂ ਦੇ ਘਰ ਲਵੇਰੀਆਂ ਬਝ ਗਈਆਂ । ਦੁੱਧ ਪੁਤ ਬਖਸ਼ ਦਿਤੇ ਜੋਗੀ ਨੇ ।

ਜਿਨ੍ਹਾਂ ਦੀਆਂ ਹੱਥਾਂ ਦੀਆਂ ਲਕੀਰਾਂ ਵਿਚ ਕੁਝ ਲਿਖਿਆ ਈ ਨਹੀਂ ਸੀ, ਨਿਖੱਟੀਆਂ ਕਰਮਾਂ ਦੀਆਂ ਨੂੰ ਸੁਹਾਗਣਾਂ ਬਣਾ ਦਿੱਤਾ । ਸ਼ਿਵ ਨਾਥ ਜੋਗੀ ਦੀ ਸਾਰੀ ਮਲ ਗੁਜ਼ਾਰ ਵਿਚ ਪੂਜਾ ਹੋਣ ਲੱਗ ਪਈ । ਕੋਈ ਤਪਾ ਆਖਦਾ ਤੇ ਕੋਈ ਜੋਗੀ । ਉਹਦੇ ਪੈਰਾਂ ਦੀ ਧੂੜ ਮੱਥੇ ਨੂੰ ਲਾਉਂਦੀਆਂ ਜਿਨ੍ਹਾਂ ਦੀ ਬਾਹਵਾਂ ਅਰਕਾਂ ਤੀਕ ਚੂੜੇ ਸਨ । ਜੋਗੀ ਨੇ ਆਪਣੇ ਨਾਂ ਦੇ ਡੰਕੇ ਵਜਾ ਦਿਤੇ ਦਿਨਾਂ ਵਿਚ ।

—ਖਡੂਰ ਵਿਚ ਇਕ ਡੇਰਾ ਗੁਰੂ ਅੰਗਦ ਦੇਵ ਦਾ ਵੀ ਸੀ. ਤੇ ਉਹਦੇ ਮੁਕਾਬਲੇ ਵਿਚ ਜੋਗੀ ਦਾ ਧੂਣਾ ਮਸ਼ਹੂਰ ਸੀ । ਜੋਗੀ ਨੂੰ ਮੰਨਣ ਵਾਲੇ ਬਹੁਤੇ ਸਨ, ਗੁਰਾਂ ਦੇ ਡੇਰੇ

ਕੋਈ ਟਾਂਵਾਂ ਟਾਂਵਾਂ ਬੰਦਾ ਆਉਂਦਾ, ਪਰ ਇਕ ਦਿਨ ਉਹ ਵੀ ਆਇਆ ਜਦ ਗੁਰੂ ਦੇ ਸ਼ਰਧਾਲੂ ਨਾਥ ਦੇ ਧੂਣੇ ਤੋਂ ਹੋ ਕੇ ਮੁੜ ਆਉਂਦੇ ਪਰ ਹਾਲੇ ਨਾਥ ਦੇ ਧੂਣੇ ਦੀ ਬੜੀ ਚਰਚਾ ਸੀ। ਲੋਕ ਉਹਦੀਆਂ ਮੁੰਦਰਾਂ ਵੇਖ ਕੇ ਭਰਮ ਜਾਂਦੇ। ਪਰ ਸਿਆਣੇ ਬੰਦੇ ਗੁਰੂ ਦੇ ਦੁਵਾਰੇ ਆ ਕੇ ਹੀ ਮੱਥਾ ਟੇਕਦੇ। ਜਿਹੜੀ ਚੀਜ਼ ਨਮਕ ਦੀ ਖਾਣ ਵਿਚ ਗਈ ਨਮਕ ਹੋ ਗਈ। ਜਿਹੜਾ ਗੁਰੂ ਦੇ ਕੋਲ ਦੀ ਲੰਘ ਗਿਆ ਉਹ ਗੁਰੂ ਦਾ ਸ਼ਰਧਾਲੂ ਹੋ ਗਿਆ।

—ਜੋਗੀ ਆਪਣੇ ਮਨ ਵਿਚ ਏਦਾਂ ਸੋਚਦਾ, ਆਪਣੀ ਚੌਧਰ, ਆਪਣੀ ਪੂਜਾ ਕਿਵੇਂ ਘਰ ਗੰਢ ਭੇਜ ਕੇ ਕਰਵਾਈ ਜਾਵੇ। ਜੇ ਏਸੇ ਤਰ੍ਹਾਂ ਈ ਲੋਕ ਗੁਰੂ ਵਲ ਜਾਣ ਲੱਗ ਪਏ। ਤੇ ਸਾਡਾ ਤੇ ਪਿੰਡ ਵਾਲਿਆਂ ਫੱਕਾ ਮਾਰ ਜਾਣਾ ਏ। ਕੱਢ ਧੱਕੇ ਮਾਰ ਕੇ ਕੱਢ ਦੇਣ। ਪਰ ਦਿਨ-ਬ-ਦਿਨ ਗੁਰੂ ਦਾ ਪੈਂਤੜਾ ਭਾਰੀ ਹੋ ਰਿਹਾ ਏ। ਸਾਨੂੰ ਕਿਸ ਕੜਾਹ ਪੂਰੀ ਖਵਾਉਣੀ ਏ। ਆਪਣਾ ਤੇਜ ਘੱਟ ਰਿਹਾ ਏ। ਏਸ ਲਈ ਸਾਨੂੰ ਕੋਈ ਨਵਾਂ ਪਖੰਡ ਰਚਾਉਣਾ ਚਾਹੀਦਾ ਏ। ਜੇ ਅਸਾਂ ਕੋਈ ਚਲਿੱਤਰ ਨਾ ਕੀਤਾ, ਖੜਯੰਤਰ ਨਾ ਰਚਾਇਆ ਤਾਂ ਸਾਨੂੰ ਖਾ ਜਾਣਗੇ ਗੁਰੂ ਘਰ ਦੇ ਸੇਵਕ। ਅਸਾਂ ਪੱਕੇ ਡੇਰੇ ਲਾਏ ਸਨ, ਪਰ ਜਦੋਂ ਹਨੇਰੀ ਗੁਰੂ ਦੇ ਘਰੋਂ ਚਲੀ ਤਾਂ ਸਾਡੇ ਤੰਬੂ ਵੀ ਉਖੜ ਗਏ ਹਨੇਰ ਸਾਈਂ ਦਾ ਕਿਲੇ ਵੀ ਪੁਟੇ ਗਏ। ਹੁਣ ਤੇ ਅਸੀਂ ਐਵੇਂ ਵਾ ਵਰੋਲੇ 'ਚ ਈ ਉਡਦੇ ਫਿਰਦੇ ਆਂ। ਜੈ ਗੋਰਖ ਨਾਥ! ਸ਼ਿਵ ਨਾਥ ਜੋਗੀ ਬੜਾ ਪਰੇਸ਼ਾਨ ਸੀ, ਉਸ ਆਪਣੇ ਧੂਣੇ ਵਿਚ ਚਿੰਮਟਾ ਮਾਰਿਆ, ਲਾਟਾਂ ਨਿਕਲੀਆਂ, ਅੱਖਾਂ ਲਾਲ ਸੂਹੀਆਂ ਹੋ ਗਈਆਂ ਬੋਟੀਆਂ ਵਰਗੀਆਂ। ਸ਼ਿਵ ਨਾਥ ਜੋਗੀ ਬੜਾ ਕਰੋਧਵਾਨ ਸੀ।

—ਛੇਵੇਂ ਸਾਲ ਵਿਚ ਗੁਰੂ ਅੰਗਦ ਦੇਵ ਅਤੇ ਭਾਈ ਅਮਰਦਾਸ ਵਿਚ ਵਿਛੋੜਾ ਪੈ ਗਿਆ। ਭਾਈ ਅਮਰਦਾਸ ਬਾਸਰਕੇ ਚਲੇ ਗਏ, ਨਾਥਾਂ ਦੀ ਚੜ੍ਹ ਮਚ ਪਈ। ਸਾਉਣ ਚੜ੍ਹਿਆ, ਘਟਾਵਾਂ ਛਾਈਆਂ। ਅੰਬੀਆਂ ਨਾਲ ਭਰ ਗਏ ਅੰਬ, ਪਰ ਜਦੋਂ ਮੌਕਾ ਆਇਆ, ਨਾ ਘਟਾ ਚੜ੍ਹੀ, ਤੇ ਨਾ ਅੰਬ ਲਭੇ। ਤਿੱਤਰ ਖੰਭੀ ਬਦਲੀ ਇਕ ਅੱਧ ਵਾਰ ਦਿਖਾਈ ਦਿਤੀ ਤੇ ਐਵੇਂ ਮਖੌਲ ਕਰਕੇ, ਦੰਦੀਆਂ ਚਿੜਾ ਕੇ ਉਡ ਪੁਡ ਗਈ। ਖਡੂਰ ਵਿਚਾਰਾ ਵੇਖਦਾ ਈ ਰਹਿ ਗਿਆ।

—ਸਾਰਾ ਮਹੀਨਾ ਭੰਗ ਭੁਜਦੀ ਰਹੀ। ਭਾਦੋਂ ਦੇ ਸਾਰੇ ਮਹੀਨੇ ਵਿਚ ਨਾ ਬੱਦਲ ਈ ਚੜ੍ਹੇ, ਨਾ ਬੱਦਲੀ ਨਜ਼ਰ ਆਏ। ਕਾਲੀ ਘਟਾ ਤੇ ਕੀ, ਊਦੀ ਘਟਾ ਦੇ ਵੀ ਦਰਸ਼ਨ ਨਾ ਹੋਏ। ਇਕ ਪਾਣੀ ਦੀ ਛਿੱਟ ਦੀ ਕਣੀ ਦਾ ਸੋਨੇ ਦੀ ਮੁਹਰ ਜਿੰਨਾ ਮੁੱਲ ਹੋ ਗਿਆ। ਸਾਰਾ ਭਾਦੋਂ ਲੰਘ ਗਿਆ, ਕਿਣ ਮਿਣ ਤਕ ਨਾ ਹੋਈ। ਛੱਪੜ ਸੁੱਕ ਗਏ। ਅੰਬੀਆਂ ਕੁਮਲਾ ਗਈਆਂ। ਖੇਤ ਸੁਕੇ, ਫਸਲ ਮਰੁੰਡੀ ਗਈ, ਸੌਣ ਭਾਦੋਂ ਸੁੱਕੇ ਈ ਲੰਘ ਗਏ। ਅਸੂ ਨੇ ਵੀ ਉਹੋ ਈ ਕੜ੍ਹੀ ਘੋਲੀ। ਪਾਣੀ ਲੱਥ ਗਿਆ ਖੂਹਾਂ ਦਾ। ਸੁੱਕੇ ਛੱਪੜ, ਫਸਲ, ਸੁੱਕ ਸੁੱਕ ਕੇ ਤੀਲਾ ਹੋ ਗਈ। ਜ਼ਮੀਨ ਦੀਆਂ ਪੇਪੜੀਆਂ ਲੱਥਣ ਲਗ ਪਈਆਂ। ਡੰਗਰ ਬੇਹਾਲ ਹੋ ਗਏ, ਪਾਣੀ ਨਾ ਮਿਲਿਆ। ਮੋਰੀਆਂ 'ਚ ਮੂੰਹ ਪਾਉਣ ਲੱਗ ਪਏ, ਪਰ ਪਿਆਸ ਕਿਥੋਂ ਬੁਝੇ। ਦੁੱਖੀ ਹੋ ਗਿਆ ਸਾਰਾ ਜੀਵਨ ਖਡੂਰ ਦਾ। ਰੱਬ ਏਨਾ ਕਹਿਰਵਾਨ ਕਿਉਂ ਹੋ ਗਿਆ ਸੀ, ਪਰ ਜੋਗੀਆਂ ਦੇ ਧੂਣੇ ਤੇ ਰੌਣਕਾਂ ਸਨ। ਸੂਟੇ ਮਾਰ ਰਹੇ ਸਨ ਮੁਸ਼ਟੰਡੇ। ਸੁਲਫੇ ਦੀਆਂ ਚਿਲਮਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ। ਦਮਗਜੇ ਮਾਰੇ ਜਾ

ਰਹੇ ਸਨ । ਸ਼ਿਵ ਨਾਥ ਜੋਗੀ ਦੀਆਂ ਅੱਖਾਂ ਤਾੜੇ ਲਗੀਆਂ ਹੋਈਆਂ ਸਨ । ਅੰਨ੍ਹਾ ਹੋਇਆ
ਸੀ ਨਸ਼ੇ ਵਿਚ ।
—ਲਓ ਇਕ ਤੇ ਗਿਆ । ਦੂਜੇ ਨੂੰ ਮੈਂ ਸਾਂਭ ਲਵਾਂਗਾ । ਲਾਲ ਮਿਰਚ ਤੇ
ਗਲੋਂ ਲੱਥੀ । ਇਹ ਤੇ ਮਿਸ਼ਰੀ ਏ । ਏਨੂੰ ਤੇ ਕਦੋਂ ਵੀ ਚੱਕ ਮਾਰਿਆ ਜਾ ਸਕਦੈ, ਆਖਣ
ਲੱਗਾ ਤਪਾ ਸ਼ਿਵ ਨਾਥ ।
—ਦੂਜੇ ਨੂੰ ਧੱਕੇ ਮਾਰ ਕੇ ਕੱਢ ਦਿਓ, ਵਿਹੰਦੇ ਕੀ ਓ । ਓਨ ਕਿਹੜੀ ਏਥੇ
ਇੱਟ ਲਾਈ ਹੋਈ ਏ । ਇਕ ਸੁਲਫੇਬਾਜ਼ ਨਸ਼ੇ ਵਿਚ ਆਖ ਰਿਹਾ ਸੀ ।
—ਮੂੰਹ ਚੋਂ ਗੱਲ ਕੱਢ ਲੈਣੀ ਸੌਖੀ ਏ, ਪਰ ਕਰਨੀ ਔਖੀ ਏ । ਧੱਕੇ ਮਾਰਨਾ
ਆਸਾਨ ਨਹੀਂ ਕਿਸੇ ਵਿਊਂਤ ਨਾਲ, ਕਿਸੇ ਢੰਗ ਨਾਲ ਇਹ ਕੁੜਿੱਕੀ ਵਿਚ ਫਸ ਜਾਵੇ ਤੇ
ਭਾਵੇਂ ਪਿੰਡ ਚੋਂ ਕੱਢ ਛੱਡੀਏ, ਨਹੀਂ ਤੇ ਇਹ ਸਾਨੂੰ ਪਿੰਡੋਂ ਕੱਢ ਕੇ ਸਾਹ ਲਊ ।
—ਸੁਲਫੇ ਦੀ ਭਰੀ ਚਿਲਮ ਦਾ ਸੂਟਾ ਮਾਰਿਆ । ਲਾਲ ਅੰਗਿਆਰ ਅੱਖਾਂ
ਹੋ ਗਈਆਂ ਸ਼ਿਵ ਨਾਥ ਦੀਆਂ । ਨਸ਼ਾ ਖਿੜਿਆ ਤੇ ਆਖਣ ਲੱਗਾ ਸੁਝ ਗਈ, ਸੁਝ ਗਈ,
ਹੁਣ ਇਹ ਗੁਰੂ ਖਡੂਰ ਵਿਚ ਨਹੀਂ ਰਹਿ ਸਕਦਾ, ਇਹਦੇ ਦਿਨ ਮੁਕ ਗਏ, ਜਿੰਨੀਆਂ ਏਨ
ਚੰਮ ਦੀਆਂ ਚਲਾਉਣੀਆਂ ਸਨ, ਚਲਾ ਲਈਆਂ । ਹੁਣ ਨਾਥਾਂ ਦੀਆਂ ਤੂਤੀਆਂ
ਬੋਲਣਗੀਆਂ । ਜੈ ਗੁਰੂ ਗੋਰਖ, ਜੈ ਅੱਲਖ ਨਰੰਜਨ ।
—ਜੋਗੀ ਰਾਜ ਨੂੰ ਕੀ ਇਲਹਾਮ ਹੋ ਗਿਆ ਏ, ਕਿਹੜੀ ਆਕਾਸ਼ਬਾਣੀ ਸੁਣ
ਲਈ ਏ ਜੋਗੀ ਮਹਾਰਾਜ ਨੇ, ਅਲਾਹਦੀਨ ਦੇ ਚਰਾਗ ਦੇ ਦਰਸ਼ਨ ਤੇ ਨਹੀਂ ਹੋ ਗਏ ।
ਸੋਚ ਵਿਚਾਰ ਕੇ ਕਦਮ ਪੁੱਟੋ ਤੇ ਕਿਧਰੇ ਮੂੰਹ ਦੀ ਨਾ ਖਾਣੀ ਪਵੇ । ਠੰਡਾ ਲਗਾ ਤੇ ਸਿੱਧੇ
ਖੂਹ ਵਿਚ ਜਾਣੈ, ਆਵਾਜ਼ ਦੂਜੇ ਨਾਥ ਦੀ ਸੀ ।
—ਮੈਂ ਤਪਾ ਹਾਂ, ਜੋਗੀ ਹਾਂ, ਜੱਤੀ ਸੱਤੀ, ਲੰਗੋਟ ਦਾ ਪੂਰਾ । ਮੇਰਾ ਬਚਨ
ਖਾਲੀ ਨਹੀਂ ਜਾਣ ਲੱਗਾ । ਸੁਝ ਗਈ, ਹੱਥ ਤੇ ਹੱਥ ਮਾਰੋ ਨਾਥ ਜੀ, ਲਿਆਓ ਮੇਰਾ
ਚਿੱਮਟਾ ਤੇ ਮੈਂ ਚਲਦਾ ਹਾਂ । ਇਕ ਵਾਰ ਨਾਥ ਨੇ ਚਿਮਟਾ ਹੱਥਾਂ ਵਿਚ ਤੋਲਿਆ ਤੇ ਅੱਲਖ
ਨਿਰੰਜਨ ਦੀ ਧੁਨੀ ਗੂੰਜੀ, ਖੜਾ ਹੋ ਗਿਆ ਕਿਰਲੇ ਵਾਂਗੂੰ, ਪਿੰਡ ਦੇ ਚੁਰਾਹੇ ਵਿਚ । ਜਿੱਦਾਂ
ਬੁਰਜੀ ਗੱਡੀ ਹੋਵੇ ਕਿਸੇ ਮੁਗ਼ਲ ਹਾਕਮ ਨੇ ।
—ਏਸ ਪਿੰਡ ਵਿਚ ਮੀਂਹ ਕਦੇ ਨਹੀਂ ਪਵੇਗਾ । ਇਹ ਪਿੰਡ ਸੋਕੇ ਦੇ ਹੱਥੋਂ
ਉਜੜ ਜਾਵੇਗਾ । ਜ਼ਮੀਨ ਤਾਂਬੇ ਵਾਂਗੂੰ ਤੱਪ ਰਹੀ ਏ । ਨਾ ਇਕ ਛਿੱਟ ਪਈ ਏ ਤੇ ਨਾ ਇਕ
ਛਿੱਟ ਵਰ੍ਹੇਗੀ । ਏਸ ਪਿੰਡ ਵਿਚ ਬਹੁਤ ਵਡੀ ਕਰੋਪੀ ਏ, ਬਦ ਦੁਆ ਦਾ ਅਸਰ ਏ
ਫਕੀਰਾਂ ਦਾ । ਏਸ ਪਿੰਡ ਵਿਚ ਕੁਰਾਹੀਏ ਵਸਦੇ ਹਨ । ਜਿਸ ਪਿੰਡ ਦਾ ਗੁਰੂ ਗਰਹਿਸਤੀ
ਹੋਵੇ ਉਸ ਪਿੰਡ ਵਿਚ ਬਰਖਾ ਹੋ ਜਾਵੇ ਕਦਾਚਿਤ ਨਹੀਂ । ਭਗਵਾਨ ਕਹਿਰਵਾਨ ਏ ।
ਮਰਿਆਦਾ ਤੋੜਨ ਵਾਲੇ ਨੂੰ ਇਹੋ ਸਜ਼ਾ ਏ । ਪਾਣੀ ਹੱਥੋਂ ਤੜਫ ਤੜਫ ਕੇ ਮਰ ਜਾਏ
ਪਿੰਡ । ਹੋਰ ਬਣਾਵੇ ਗੁਰੂ । ਗਰਹਿਸਤੀ ਨੂੰ ਗੁਰਗੱਦੀ ਤੇ ਬਿਠਾਵੇ । ਕੁਦਰਤ ਅੰਨ੍ਹੀ
ਨਹੀਂ । ਭਗਵਾਨ ਦੀਆਂ ਅੱਖਾਂ ਤੇ ਪੱਟੀ ਨਹੀਂ ਬੱਝੀ ਹੋਈ । ਭਗਵਾਨ ਅੰਨ੍ਹਾ ਨਹੀਂ,
ਕੰਨੋਂ ਬੋਲਾ ਏ ਨਹੀਂ । ਉਹ ਸਭ ਕੁਝ ਵੇਖਦਾ ਏ, ਉਹ ਸਭ ਕੁਝ ਸੁਣਦਾ ਏ । ਗੁਰੂ ਪੁਣੇ ਦਾ
ਅਪਮਾਨ ਏ । ਏਸ ਪਿੰਡ ਨੇ ਤੇ ਲੋਈ ਲਾਹ ਲਈ ਏ । ਗੁਰੂ ਦੀ ਪੱਤ ਪਗ, ਧਰਮ ਦੀ ਰੱਖ
ਦਿਤੀ ਏ ਇਨ੍ਹਾਂ ਗਰਹਿਸਤੀ ਦੇ ਸਿਰ ਤੇ । ਕੀ ਉਹਦੀ ਸਜ਼ਾ ਮੈਂ ਭੁਗਤਣੀ ਏ ।

ਮੈਂ ਤੁਹਾਡਾ ਭਾਈਵਾਲ ਹਾਂ, ਮੀਂਹ ਨਹੀਂ ਪੈ ਸਕਦਾ। ਪਿੰਡ ਡੋਲ ਗਿਆ। ਪਿੰਡ ਵਾਲਿਆਂ ਯੱਗ ਕਰੋ, ਦਾਨ ਕਰੋ, ਕੁਝ ਨਹੀਂ ਬਣਨ ਲੱਗਾ। ਚੁਰਾਹਾ ਵੀ ਦੀਆਂ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ, ਭੁਆਂਟਣੀ ਜਿਹੀ ਆਈ, ਅੱਖਾਂ ਅਗੇ ਤਾਰੇ ਆ ਗਏ।

—ਏਸ ਕਾਲੀ ਜ਼ਬਾਨ ਵਾਲੇ ਦੀ ਗੱਲ ਸੱਚੀ ਹੋਣੀ ਏ।

—ਸੱਚੀ ਕੀ ਹੋਣੀ ਏ, ਸੱਚੀ ਹੋ ਗਈ ਏ। ਮੂੰਹ ਧੋਣ ਨੂੰ ਤੇ ਕਿਸੇ ਨੂੰ ਪਾਣੀ ਨਹੀਂ ਲਭਦਾ। ਡੰਗਰ ਮਰ ਰਹੇ ਹਨ ਤੇਹ ਹੱਥੋਂ। ਪਿੰਡ ਵਿਚ ਦੋ ਖੂਹ ਹਨ, ਦੋਵੇਂ ਸੁੱਕ ਗਏ ਹਨ। ਪਾਣੀ ਤੇ ਤਾਰ ਵਾਂਗੂ ਜਾਪਦਾ ਏ ਖੂਹ ਵਿਚ। ਖੂਹ ਦੀ ਨਾਭੀ ਪਾਣੀ ਬਾਝੋਂ ਖਾਲੀ ਏ। ਬੋਲ ਦੂਜੇ ਬੰਦੇ ਦੇ ਸਨ।

—ਕਰਬਲਾ ਦਾ ਮੈਦਾਨ ਬਣ ਗਿਆ ਏ ਸਾਡਾ ਪਿੰਡ। ਆਵਾਜ਼ ਇਕ ਸੂਫੀ ਦੀ ਸੀ।

—ਚਰਨੀ ਲਗੋ ਫੇਰ ਨਾਥ ਦੇ, ਸ਼ਾਇਦ ਮਿਹਰਾਂ ਕਰ ਦੇਣ।

—ਜਿਨ ਆਪ ਮੰਗ ਕੇ ਲਿਆਉਣਾ ਏ, ਉਸ ਮੰਗੇ ਵਿਚੋਂ ਕਿਸੇ ਨੂੰ ਇਕ ਮੁੱਠ ਕੀ ਦੇਣੀ ਏ। ਮੰਗਤਿਆਂ ਕੋਲੋਂ ਮੰਗਣਾ ਲਾਹਨਤੀਆਂ ਦਾ ਕੰਮ।

—ਫੇਰ ਕੀ ਪਿੰਡ ਪਿਆਸਾ ਈ ਮਰ ਜਾਵੇ। ਵਿਲਕ ਵਿਲਕ ਕੇ। ਪਾਣੀ ਪਾਣੀ ਕਰਦੇ ਮਰ ਜਾਣਗੇ ਸਾਡੇ ਬਾਲ।

—ਪਿਆਸਾ ਤੇ ਨਹੀਂ ਮਰਨ ਲੱਗਾ। ਦਰਿਆ ਤੋਂ ਪਾਣੀ ਲੈ ਆਉਣਗੀਆਂ ਸਵਾਣੀਆਂ, ਪਰ ਫਸਲਾਂ ਤੇ ਸੁੱਕ ਈ ਜਾਣਗੀਆਂ। ਫਸਲ ਨਾ ਹੋਈ ਤਾਂ ਪਿੰਡ ਦੇ ਹੱਥ ਵਿਚ ਠੂਠੇ ਫੜੇ ਜਾਣਗੇ।

—ਦਰਿਆ ਦਾ ਸਰੋਤ ਕਿਸੇ ਖੂਹ ਨਾਲ ਚਾਹੀਦਾ ਏ।

—ਹਾਂ ਏਸੇ ਗੱਲ ਤੇ ਵਿਚਾਰ ਹੋ ਰਹੀ ਸੀ ਗੁਰੂ ਘਰ ਦੇ ਡੇਰੇ ਤੇ। ਗੁਰਾਂ ਨੇ ਫੁਰਮਾਇਆ ਸੀ ਕਿ ਗੰਗਾ ਦਾ ਸਰੋਤ ਖਡੂਰ ਦੇ ਆਸੇ ਪਾਸੇ ਕਿਤੇ ਬਿਆਸਾ ਨਾਲ ਮਿਲਦਾ ਏ। ਵਕਤ ਆਉਣ ਤੇ ਉਹ ਤੀਰਥ ਜ਼ਰੂਰ ਉਜਾਗਰ ਹੋ ਜਾਵੇਗਾ।

—ਬਰਸਾਤ ਨਾ ਹੋਣ ਤੇ ਪਿੰਡ ਵਿਚ ਹਲਚਲ ਮਚ ਗਈ। ਆਵਾਜ਼ਾਂ ਆ ਰਹੀਆਂ ਸਨ। ਅੱਲਾਹ ਮੇਘ ਦੇ, ਇਹ ਆਵਾਜ਼ ਇਕ ਸੂਫੀ ਫ਼ਕੀਰ ਦੀ ਸੀ।

—ਰੱਬਾ ਰੱਬਾ ਮੀਂਹ ਵਰ੍ਹਾ ਸਾਡੀ ਕੋਠੀ ਦਾਣੇ ਪਾ। ਅੰਞਾਣਿਆਂ ਦੀ ਢਾਣੀ ਬਾਹਵਾਂ ਉੱਚੀਆਂ ਉੱਚੀਆਂ ਕਰਕੇ ਆਵਾਜ਼ਾਂ ਦੇ ਰਹੀ ਸੀ।

ਤਪਾ ਇਕ ਕੋਠੇ ਤੇ ਖੜਾ ਹੱਸ ਰਿਹਾ ਸੀ। ਲੈ ਲਿਆ ਜੇ ਮਜ਼ਾ, ਇਕ ਗਰਹਿਸਤੀ ਨੂੰ ਗੱਦੀ ਤੇ ਬਿਠਾ ਕੇ। ਸਹਾਰੋ ਮੇਰੇ ਪਿੰਡ ਵਾਸੀਓ, ਇਹ ਭਗਵਾਨ ਦੀ ਕਰੋਪੀ ਏ। ਮੈਂ ਵੀ ਤੁਹਾਡੇ ਨਾਲ ਈ ਆਂ, ਜਦੋਂ ਉਖਲੀ ਵਿਚ ਸਿਰ ਦਿੱਤਾ ਤੇ ਫੇਰ ਮੋਹਲਿਆਂ ਤੋਂ ਕੀ ਡਰਨਾ ਹੋਇਆ।

—ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰ੍ਹਾ ਦੇ ਜ਼ੋਰੋ ਜ਼ੋਰ। ਨਿਕੀਆਂ-ਨਿੱਕੀਆਂ ਬਾਲੜੀਆਂ ਆਸਮਾਨ ਵੱਲ ਮੂੰਹ ਚੁਕ ਕੇ ਆਖ ਰਹੀਆਂ ਸਨ।

ਦਾਣੇ ਵਾਂਗੂ ਭੁੱਜ ਗਏ ਲੋਕ, ਧੁੱਪ ਨੇ ਬੰਬ ਬੁਲਾ ਦਿੱਤੀ, ਨਾ ਪਾਣੀ, ਨਾ ਹਵਾ,

ਨਾ ਘਾਹ, ਨਾ ਪੱਠਾ, ਜਿਊਣਾ ਮੁਸ਼ਕਲ ਹੋ ਗਿਆ। ਖੇਤ ਸੁੱਕ ਗਏ। ਮੂੰਹ ਜੋੜ ਜੋੜ ਕੇ ਗੱਲਾਂ ਹੋਣ ਲੱਗ ਪਈਆਂ। ਢਾਣੀਆਂ ਬੂਹੇ ਬੂਹੇ ਅੱਗੇ ਬਹਿ ਗਈਆਂ।

—ਜੇ ਮੀਂਹ ਨਾ ਪਿਆ ਤਾਂ ਸਭ ਕੁਝ ਉਜੜ ਜਾਊ। ਨਾ ਇਹ ਮਕਾਨ ਰਹਿਣੇ ਨੇ ਤੇ ਨਾ ਇਹ ਚੁਬਾਰੇ। ਇਕ ਆਦਮੀ ਆਖ ਰਿਹਾ ਸੀ।

—ਜੇ ਫ਼ਸਲ ਨਾ ਹੋਈ ਤੇ ਅੰਞਾਣੇ ਕੀ ਖਾਣਗੇ, ਸਾਰਾ ਸਾਲ ਕਿਹਦੀ ਮਾਂ ਨੂੰ ਮਾਂ ਆਖਣਗੇ।

—ਹੋਰ ਬਣਾ ਲਵੋ ਗਰਿਹਸਤੀ ਨੂੰ ਗੁਰੂ, ਸਾਡੀ ਕੌਣ ਸੁਣਦਾ ਸੀ, ਸਾਡੀ ਕਿਸੇ ਨੇ ਨਾ ਮੰਨੀ। ਅਸੀਂ ਤੇ ਕੋਠੇ ਚੜ੍ਹ ਕੇ ਢੋਲ ਵਜਾ ਰਹੇ ਸਾਂ। ਗੋਪੀ ਚੰਦ ਤੇ ਭਰਥਰੀ ਨੇ ਐਵੇਂ ਨਹੀਂ ਸੀ ਜੋਗ ਲੈ ਲਿਆ, ਉਹ ਜਾਣਦੇ ਸਨ ਕਿ ਗਰਹਿਸਤੀ ਕਦੇ ਗੁਰੂ ਨਹੀਂ ਬਣ ਸਕਦਾ। ਜਲੰਧਰ ਨਾਥ ਨੇ ਕੀ ਸੁਖ ਪਾਇਆ, ਗਰਹਿਸਤ ਭੋਗ ਕੇ। ਜੋਗੀ ਕਦੇ ਝੂਠ ਨਹੀਂ ਬੋਲਦਾ। ਗਰਹਿਸਤੀ ਦਾ ਕੀ ਕੰਮ। ਗੁਰੂ ਹਮੇਸ਼ਾ, ਜੱਤੀ ਸੱਤੀ ਹੁੰਦੇ ਆਏ ਨੇ। ਏਸ ਪਿੰਡ ਦਾ ਕੁਝ ਨਹੀਂ ਰਹਿਣਾ। ਕੱਖ ਉਡ ਜਾਣਗੇ, ਪਿੰਡ ਉਜੜੂ, ਉੱਲੂ ਬੋਲਣਗੇ। ਬਾਰੀਂ ਬਾਰੀਂ ਕੋਈ ਦੀਵਾ ਜਗੇਗਾ। ਸਾਉਣ, ਭਾਦੋਂ ਤੇ ਲੰਘ ਗਿਆ ਜੇ ਨਾ, ਅਸੂ ਤੇ ਕਤੇ ਵਿਚ ਵੀ ਜੇ ਇਕ ਬੂੰਦ ਵੀ ਡਿੱਗ ਪਈ ਤੇ ਮੇਰਾ ਨਾਂ ਵਟਾ ਦਿਓ, ਮੈਨੂੰ ਜੋਗੀ ਨਾ ਆਖਿਓ, ਭਾਟੜਾ ਆਖ ਕੇ ਪਿੰਡੋਂ ਬਾਹਰ ਕੱਢ ਦਿਓ। ਮੇਰਾ ਮੂੰਹ ਕਾਲਾ, ਨੀਲੇ ਪੈਰ, ਜੇ ਮੈਂ ਝੂਠ ਬੋਲਾਂ। ਇਹ ਆਵਾਜ਼ ਉਸੇ ਤਪੇ ਦੀ ਸੀ ਜਿਨੇ ਸਾਰੇ ਪਿੰਡ ਨੂੰ ਅੱਗੇ ਲਾਇਆ ਹੋਇਆ ਸੀ। ਵੇਖ ਹਨੇਰ ਸਾਈਂ ਦਾ, ਇਕੋ ਬੰਦੇ ਨੇ ਸਾਰੇ ਪਿੰਡ ਵਿਚ ਭੜਥੂ ਪਾ ਦਿੱਤਾ। ਸਾਰਾ ਪਿੰਡ ਇਕ ਪਾਸੇ ਤੇ ਜੋਗੀ ਇਕ ਪਾਸੇ।

—ਫੇਰ ਕੀ ਕੀਤਾ ਜਾਵੇ ਜੋਗੀ ਰਾਜ!

—ਡੁਬ ਮਰੋ ਕੋਈ ਅੰਨ੍ਹਾ ਜਿਹਾ ਖੂਹ ਵੇਖ ਕੇ। ਜਾਓ ਗਰਹਿਸਤੀ ਗੁਰੂ ਕੋਲ, ਉਹਨੂੰ ਆਖੋ ਮੀਂਹ ਵਰ੍ਹਾਏ। ਜੇ ਉਹਦੇ ਕੋਲੋਂ ਮੀਂਹ ਨਾ ਵਰ੍ਹ ਸਕੇ ਤਾਂ ਫਿਰ ਆ ਜਾਣਾ ਨਾਥਾਂ ਦੇ ਡੇਰੇ।

ਅੱਲਖ ਨਰੰਜਨ ਆਪ ਕਿਰਪਾ ਕਰਨਗੇ। ਮੀਂਹ ਵਰ੍ਹੇਗਾ, ਮੋਹਲੀਂ ਮੀਂਹ ਵਰ੍ਹੂ। ਪਰਨਾਲੇ ਸਾਂਭੇ ਨਾ ਜਾਣਗੇ। ਮੇਰਾ ਚਿਮਟਾ ਖੋਹ ਲੈਣਾ ਜੇ ਖੇਤਾਂ ਦੀਆਂ ਵੱਟਾਂ ਨਾ ਤੋੜ ਦਿੱਤੀਆਂ ਮੀਂਹ ਨੇ ਤਾਂ ਮੇਰੀਆਂ ਜੱਟਾਂ ਖੋਹ ਸੁਟਣੀਆਂ। ਇੰਦਰ ਦੇਵਤਾ ਦਿਆਲੂ ਹੋ ਜਾਊਗਾ, ਜਦੋਂ ਗੋਰਖ ਨਾਥ ਦੀ ਉਸਤਤੀ ਗਾਈ ਗਈ ਫੇਰ ਪਉਣ ਵਰ੍ਹੇਗੀ। ਕਣਕਾਂ ਵਿਚ ਹਰਿਆਵਲ ਦੇ ਗਲੀਚੇ ਵਿਛਣਗੇ, ਫੇਰ ਨਿਕਲਣਗੀਆਂ ਚੀਰ ਵਹੁਟੀਆਂ, ਮਖਮਲੀ ਜੋੜੇ ਪਾ ਕੇ, ਭੜੋਲੀਆਂ ਭਰਨਗੀਆਂ ਅਨਾਜ ਨਾਲ। ਗਾਉਣ ਦਿਓ ਬਾਲਾਂ ਨੂੰ, ਰੱਬ ਇਨ੍ਹਾਂ ਦੀ ਬਹੁਤ ਜਲਦੀ ਸੁਣਦਾ ਏ। ਇਹ ਰੱਬ ਦਾ ਦੂਜਾ ਰੂਪ ਹਨ। ਨਾਥ ਇਕ ਟਿੱਬੇ ਉਹਲੇ ਹੋ ਗਿਆ।

—ਰੱਬਾ ਰੱਬਾ ਮੀਂਹ ਵਰ੍ਹਾ ਸਾਡੀ ਕੋਠੀ ਦਾਣੇ ਪਾ। ਕੰਜਕਾਂ ਬਾਲੜੀਆਂ ਦੀ ਟੋਲੀ ਕੂਕਾਂ ਦੇਂਦੀ ਫਿਰਦੀ ਸੀ।

—ਅੱਲਾਹ ਮੇਘ ਦੇ। ਸੂਫ਼ੀ ਫ਼ਕੀਰ ਹਉਕੇ ਦੇਂਦਾ ਫਿਰਦਾ ਸੀ।

—ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰ੍ਹਾ ਦੇ ਜ਼ੋਰੋ ਜ਼ੋਰ।

ਪਿੰਡ ਨੇ ਕਿਹੜੇ ਮੋਤੀ ਦਾਨ ਕੀਤੇ ਹੋਏ ਸਨ ਜਿਹੜਾ ਮੀਂਹ ਵਰ੍ਹਦਾ, ਇਕ ਛਿੱਟ

ਵੀ ਨਾ ਡਿੱਗੀ, ਭੁੱਲ ਕੇ । ਗਿੱਠ ਜ਼ਬਾਨ ਨਿਕਲ ਆਈ ਗੱਲ ਗੱਲ ਤੇ ਡੱਬੂ ਪੈਣ ਲੱਗ ਪਏ ਬੁੱਢਿਆਂ ਠੇਰਿਆਂ ਨੂੰ । ਗੜਵਿਆਂ ਨਾਲ ਪਾਣੀ ਪੀਣ ਵਾਲੇ ਬੁਕਾਂ ਤੇ ਆ ਗਏ । ਜਾਨ ਲਬਾਂ ਤੇ ਆਣ ਕੇ ਅਟਕ ਗਈ । ਸਾਰਾ ਪਿੰਡ ਮਜਬੂਰ ਹੋ ਗਿਆ । ਅੰਤ ਨੂੰ ਹੱਥ ਲਾ ਦਿੱਤਾ ਇੰਦਰ ਦੇਵਤੇ ਨੇ । ਰੁਸਿਆ ਦੇਵਤਾ ਕੌਣ ਮਨਾਵੇ । ਪਰੇ ਜੁੜੇ, ਵਿਚਾਰਾਂ ਹੋਈਆਂ, ਬੁੱਢੇ ਬੋਹੜ ਥੱਲੇ । ਮਜਲਸਾਂ ਦੇ ਕਾਲਜੇ ਹੁਣ ਧੂਹ ਪਈ । ਨਾ ਕਿਸੇ ਦੇ ਰੋਟੀ ਪੱਕੀ ਤੇ ਨਾ ਕਿਸੇ ਖਾਧੀ । ਦਲੀਲਾਂ ਦੇ ਘੋੜੇ ਹੁਣ ਦੌੜਨੇ ਸ਼ੁਰੂ ਹੋ ਗਏ । ਸਾਰੇ ਪਿੰਡ ਅੱਗੇ ਹੁਣ ਦੋ ਈ ਰਾਹ ਸਨ, ਇਕ ਗੁਰੂ ਦੇ ਦਵਾਰੇ ਦਾ ਤੇ ਦੂਜੇ ਤਪੇ ਦੇ ਧੂਣੇ ਦਾ । ਨਾਥਾਂ ਦੀ ਬਗੀਚੀ ਵਿਚ ਜਾਹ ਕੇ ਆਸਣ ਜਮਾ ਲਵੇ ਤੇ ਤੀਜਾ ਮੁਘੜ ਮਾਰੇ ਤੇ ਪਿੰਡ ਛੱਡ ਕੇ ਨੱਸ ਚਲੇ, ਲਾਹੌਰ ਵਿਚ ਮੀਂਹ ਵਰ੍ਹਿਆ, ਕਸੂਰ ਵਿਚ ਜਲ ਥਲ ਹੋ ਗਿਆ । ਸੁਲਤਾਨ ਪੁਰ ਲੋਧੀ ਏਨਾ ਮੀਂਹ ਪਿਆ, ਮਾੜੇ ਕੋਠੇ ਢਹਿ ਕੇ ਢੇਰੀ ਹੋ ਗਏ । ਸਰਕਾਰੀ ਮਦਰਸੇ ਦਾ ਇਕ ਚਨਾ ਵੀ ਡਿੱਗ ਪਿਆ, ਖਡੂਰ ਵਿਚ ਮੀਂਹ ਨਾ ਵਰ੍ਹਨ ਦਾ ਕੀ ਕਾਰਨ ਹੈ ।

—ਇਹ ਨਾਥ ਨੇ ਕੋਈ ਅੜਚਣ ਪਾਈ ਜਾਪਦੀ ਏ । ਕੋਈ ਜੰਤਰ ਮੰਤਰ ਕੀਤਾ ਸੂ ।

—ਕਿਉਂ ਇਹਦੀ ਕੋਈ ਰੱਬ ਨਾਲ ਕੋਈ ਭਾਈਵਾਲੀ ਏ ।

—ਜੱਤੀ ਸੱਤੀ ਅੱਧ ਦੇ ਭਾਈਵਾਲ ਬਣ ਹੀ ਜਾਂਦੇ ਨੇ ।

—ਤੂੰ ਸੱਤਜੁੱਗ ਦੀਆਂ ਗੱਲਾਂ ਕਰਦੈਂ, ਅਸੀਂ ਕਲ੍ਹ ਜੁੱਗ ਵਿਚ ਵਸਦੇ ਆਂ ।

—ਕਰਨੀ ਬਲਵਾਨ ਏ, ਕੋਈ ਰੱਬ ਦਾ ਸ਼ਰੀਕ ਨਹੀਂ । ਏਧਰ ਕੋਈ ਨਜ਼ਰ ਨਹੀਂ ਪਈ ਹੋਣੀ, ਮੀਂਹ ਨੇ ਤੇ ਆਖਰ ਵਰ੍ਹਨਾ ਈ ਏ, ਅੱਜ ਨਹੀਂ ਤੇ ਕਲ੍ਹ ਪੈ ਜਾਊ । ਏਨਾਂ ਨਾਥਾਂ ਕਿਹੜਾ ਲੱਤ ਫੇਰਨੀ ਏ । ਇਨ੍ਹਾਂ ਨਾਥਾਂ ਦੇ ਪਲੇ ਕੱਖ ਨਹੀਂ, ਇਹ ਤੇ ਸਿਰਫ ਸੁਲਫੇ ਦੇ ਸੂਟੇ ਹੀ ਮਾਰ ਸਕਦੇ ਹਨ । ਹਾਂ ਗੁਰੂ ਦੇ ਚਰਨੀ ਲਗੋ, ਸ਼ਾਇਦ ਤੁਹਾਡੀ ਬਾਂਹ ਫੜ ਲੈਣ ।

—ਗੌਂ ਭੁਨਾਵੇਂ ਜੌਂ, ਭਾਵੇਂ ਗਿੱਲੇ ਹੀ ਹੋਣ ।

ਗਰਜ਼ ਬੁਰੀ ਬਲਾ ਏ, ਪਿੰਡ ਵਾਲੇ ਤੇ ਹੁਣ ਗੱਧੇ ਨੂੰ ਵੀ ਪਿਓ ਆਖਣ ਨੂੰ ਤਿਆਰ ਸਨ । ਇਹੋ ਜਿਹੀ ਔੜ ਲੱਗੀ ਹੋਈ ਸੀ, ਫ਼ਸਲਾਂ ਤੇ ਸੁੱਕ ਈ ਗਈਆਂ ਹੋਈਆਂ ਸਨ । ਧਰਤੀ ਦੇ ਪੇਪੜੇ ਲੱਥਣ ਲੱਗ ਪਏ ਸਨ । ਸਭ ਤੋਂ ਵੱਡਾ ਧੁੜਕੂ ਜਿਹੜਾ ਪਿੰਡ ਨੂੰ ਖਾ ਰਿਹਾ ਸੀ, ਉਹ ਇਹ ਸੀ ਕਿ ਜੀਅ ਜੰਤ ਦੀ ਸੁੱਖ ਮੰਗੋ, ਪਾਣੀ ਤੇ ਖੂਹਾਂ ਵਿਚ ਵੀ ਮੁਕ ਗਿਆ ਏ, ਚਲੋ ਦਰਿਆ ਤੋਂ ਘੜੇ ਭਰ ਕੇ ਲੈ ਆਵਾਂਗੇ । ਪਰ ਖਾਵਾਂਗੇ ਕੀ ? ਸਾਰੇ ਪਿੰਡ ਦੀ ਜਾਨ ਕੁੜਿੱਕੀ ਵਿਚ ਆਈ ਹੋਈ ਸੀ । ਖਾੜਕੂ ਬੰਦਿਆਂ ਦੀ ਮਜਲਸ ਵਿਚ ਏਦਾਂ ਸੋਚਿਆ ਜਾ ਰਿਹਾ ਸੀ ।

—ਹੁਣ ਕੀ ਕੀਤਾ ਜਾਵੇ, ਗੁਰੂ ਦਾ ਲੜ ਫੜਨਾ ਏ, ਕਿ ਜੋਗੀਆਂ ਦੇ ਪੈਰਾਂ ਤੇ ਸਿਰ ਧਰਨੈ, ਹੁਣ ਫੈਸਲਾ ਦੋ ਟੂਕ ਕਰੋ । ਸੋਚਾਂ ਸੋਚਣ ਦਾ ਵਕਤ ਨਹੀਂ ਰਿਹਾ, ਸਲਾਹ ਇਕ ਬਜ਼ੁਰਗ ਦੀ ਸੀ ।

—ਸ਼ਿਵ ਨਾਥ ਜੋਗੀ ਪਹੁੰਚਿਆ ਹੋਇਆ ਨਾਥ ਏ, ਉਹ ਕਰਾਮਾਤ ਕਰ ਸਕਦਾ ਏ । ਉਹ ਬਰਖਾ ਦੇ ਬਦਲ ਮੋੜ ਸਕਦਾ ਏ, ਦੂਜੇ ਬੰਦੇ ਨੇ ਉੱਤਰ ਦਿੱਤਾ ।

—ਗੁਰੂ ਦਾ ਲੜ ਛੱਡ ਦਿੱਤਾ ਤਾਂ ਫੇਰ ਅਸਾਂ ਕਿਸੇ ਥਾਂ ਜੋਗਾ ਨਹੀਂ ਰਹਿਣਾ। ਇਨ੍ਹਾਂ ਜੋਗੀਆਂ ਨੇ ਪਾਰ ਨਹੀਂ ਲੰਘਾਣਾ। ਦਰਿਆ ਦੇ ਅੱਧ ਵਿਚ ਧੱਕਾ ਦੇ ਕੇ ਆਪ ਪੱਤਰਾ ਵਾਚ ਜਾਣੈ। ਇਹ ਤੇ ਤਰ ਕੇ ਨਿਕਲ ਗਏ ਨਾ, ਅਸੀਂ ਕਿਧਰ ਜਾਵਾਂਗੇ। ਇਨ੍ਹਾਂ ਕੰਢੇ ਤੇ ਖਲੋ ਕੇ ਆਖਣਾ ਏ, ਆ ਜਾਓ, ਚੰਗੇ ਹੁੰਦੇ ਸਨ, ਭਲੇ ਲੋਕ ਸਨ। ਮਲਾਹ ਬੇੜੀ ਡੋਬ ਦਿੱਤੀ ਏ।

—ਸੌ ਹੱਥ ਰੱਸਾ ਤੇ ਸਿਰੇ ਤੇ ਗੰਢ। ਗੱਲ ਏਥੇ ਈ ਮੁਕਾਵੋ ਕਿ ਫੇਰ ਕੀਤਾ ਕੀ ਜਾਵੇ।

—ਪਹਿਲਾਂ ਚਲੋ ਗੁਰੂ ਦੇ ਦਰਵਾਜ਼ੇ ਜੇ ਉਥੋਂ ਸਾਡੀ ਝੋਲੀ ਨਾ ਭਰੀ ਗਈ ਤਾਂ ਫੇਰ ਕੋਈ ਦੂਜਾ ਦਵਾਰਾ ਵੇਖਾਂਗੇ। ਮਰਦਾਂ ਦੇ ਸਿਰ ਚੜ੍ਹ ਕੇ ਮਰੋ। ਜਿਨ੍ਹਾਂ ਦੀ ਰੰਨ ਨਹੀਂ, ਕੰਨ ਨਹੀਂ ਉਹ ਕੀ ਜਾਣਦੇ ਹਨ ਧੀਆਂ, ਪੁੱਤਰਾਂ ਦਾ ਪਿਆਰ। ਸਾਰੇ ਜਣਿਆਂ ਨੇ ਗੁਰੂ ਦੇ ਦਵਾਰੇ ਮੂੰਹ ਕੀਤਾ ਤੇ ਤੁਰ ਪਏ।

—ਸ਼ਿਵ ਨਾਥ ਜੋਗੀ ਨੇ ਕਿਲਕਿਲੀ ਮਾਰੀ ਤੇ ਹਾਸਾ ਟੱਲੀ ਵਾਂਗੂ ਛਣਕਿਆ। ਗਾਗਰ ਭਰਨ ਵਾਲੇ ਮੀਂਹ ਨਹੀਂ ਪੁਵਾ ਸਕਦੇ। ਨਾਥ ਹੀ ਇੰਦਰ ਦੇਵਤਾ ਨੂੰ ਪ੍ਰਸੰਨ ਕਰ ਸਕਦੇ ਹਨ। ਪਿੰਡ ਦੇ ਬੇਹ ਤੇ ਖਲੋਤਾ ਜੋਗੀ ਦੰਦੀਆਂ ਚਿੜਾ ਰਿਹਾ ਸੀ। ਨਾਥ ਜੀ ਹੁਣ ਆਪਣਾ ਈ ਰਾਜ ਹੋਵੇਗਾ ਖਡੂਰ ਵਿਚ। ਪਿੰਡ ਵਾਲੇ ਬਦਜ਼ਨ ਹੋ ਗਏ ਹਨ। ਗੁਰਾਂ ਕੋਲ ਕੋਈ ਵੰਝ ਥੋੜ੍ਹਾ ਏ, ਜਿਹੜੇ ਬਦਲੀਆਂ ਖਿਚ ਲਿਆਉਣਗੇ। ਹੁਣ ਗੁਰੂ ਪਿੰਡ ਵਿਚ ਨਹੀਂ ਰਹਿ ਸਕਦੇ। ਨਾਥਾਂ ਨੇ ਸਭ ਸੱਪ ਕੀਲ ਦਿੱਤੇ ਨੇ। ਪਿੰਡ ਵਾਲਿਆਂ ਹੁਣ ਗੁਰੂ ਕੱਢ ਕੇ ਹੀ ਸਾਹ ਲੈਣਾ ਏ। ਨਾ ਮੀਂਹ ਵਰ੍ਹੇ ਤੇ ਨਾ ਗੁਰੂ ਰਹੇ ਖਡੂਰ ਵਿਚ।

—ਸਾਰੇ ਪਿੰਡ ਵਿਚ ਭੋਗ ਭੁਜ ਰਹੀ ਏ। ਡੰਗਰ ਤਿਹਾਏ ਹਨ। ਔੜ ਹੱਟਣ ਦਾ ਨਾਂ ਈ ਨਹੀਂ ਲੈਂਦੀ। ਅਸੀਂ ਤੁਹਾਡੇ ਕੋਲ ਆਏ ਹਾਂ, ਮੀਂਹ ਪਾਉਣ ਦਾ ਕੋਈ ਪ੍ਰਬੰਧ ਕਰੋ। ਹੁਣ ਤੇ ਸਾਰੇ ਪਿੰਡ ਦੇ ਬੁਲ੍ਹਾਂ ਤੇ ਪੇਪੜੀਆਂ ਲਗ ਗਈਆਂ ਨੇ। ਜ਼ਬਾਨ ਤਾਲੂ ਨਾਲ ਜਾ ਲਗੀ ਏ। ਮਿਹਰਾਂ ਕਰੋ ਮਿਹਰਬਾਨ!

—ਬੇਹ ਤੇ ਖਲੋਤੇ ਜੋਗੀ ਦੀਆਂ ਬੜ੍ਹਕਾਂ ਵੀ ਪਿੰਡ ਵਾਲੇ ਸੁਣ ਰਹੇ ਸਨ।

—ਸਤਿਗੁਰਾਂ ਨੇ ਜਦ ਵੇਖਿਆ ਕਿ ਸਾਰਾ ਪਿੰਡ ਢੁਕ ਕੇ ਆਇਆ ਏ ਤੇ ਰੜ੍ਹੇ ਮੈਦਾਨ ਵਿਚ ਬੈਠ ਗਏ ਹਨ ਚੌਂਕੜੇ ਮਾਰ ਕੇ। ਫੁਰਮਾਉਣ ਲਗੇ ਸੰਸਾਰ ਦਾ ਕਰਤਾ ਜਗਤ ਪਿਤਾ, ਪਰਮਾਤਮਾ, ਆਪਣੇ ਬੱਚਿਆਂ ਦੀ ਸੰਭਾਲ ਆਪ ਕਰੂ। ਉਹਨੂੰ ਸਭ ਦਾ ਫਿਕਰ ਏ। ਰੋਜ਼ੀ ਦੇਣਾ, ਰਾਤੀਂ ਹਰ ਮਨੁੱਖ ਖਾ ਕੇ ਸੌਂਦਾ ਏ। ਦਿਨੇ ਭੁਖਾ ਉਠਦਾ ਏ। ਮੀਂਹ ਪਵਾਉਣਾ ਉਹਦੇ ਹੱਥ ਵਿਚ ਏ। ਜਿਸ ਤਰ੍ਹਾਂ ਮਾਂ ਜਾਣਦੀ ਏ ਕਿ ਆਪਣੇ ਬੱਚੇ ਨੂੰ ਕਿਸ ਵੇਲੇ ਕਿਹੜੀ ਚੀਜ਼ ਦੇਣੀ ਏ ਤੇ ਕਦੋਂ ਦੇਣੀ ਏ, ਏਸੇ ਤਰ੍ਹਾਂ ਸ੍ਰਿਸ਼ਟੀ ਦਾ ਰਚਨਹਾਰ ਆਪ ਜਾਣੀ ਜਾਣ ਏ ਕਿਹੜੀ ਚੀਜ਼ ਮੇਰੇ ਪੁੱਤਰਾਂ ਨੂੰ ਚਾਹੀਦੀ ਏ। ਤੇ ਉਹ ਕਦੋਂ ਦੇਣੀ ਏ। ਉਹ ਰਾਜ਼ਕ ਵੀ ਏ ਤੇ ਰਹੀਮ ਵੀ ਏ। ਪ੍ਰਭੂ ਜਿਸ ਹਾਲ ਵਿਚ ਰੱਖੇ ਉਸੇ ਹਾਲ ਵਿਚ ਰਹਿ ਬੰਦਿਓ। ਆਓ ਰੱਲ ਕੇ ਅਰਦਾਸ ਕਰੀਏ, ਮਿਹਰਾਂ ਕਰੂ ਗੁਰੂ।

—ਇਨ੍ਹਾਂ ਤੇ ਗੋਂਗਲੂਆਂ ਤੋਂ ਮਿੱਟੀ ਝਾੜ ਦਿੱਤੀ ਏ, ਇਨ੍ਹਾਂ ਤਿਲਾਂ ਵਿਚ ਤੇਲ ਨਹੀਂ। ਏਨਾਂ ਤੇ ਚੌਰਾਸੀ ਦੇ ਗੇੜ ਵਿਚ ਪਾ ਦਿੱਤਾ ਏ, ਇਹਦੇ ਵਿਚੋਂ ਅਸੀਂ ਨਾ ਨਿਕਲੇ, ਇਕ ਬੰਦੇ ਨੇ ਦੂਜੇ ਦੇ ਕੰਨ ਵਿਚ ਫੂਕ ਮਾਰੀ।

—ਪਰ ਵਿਚ ਕੁਝ ਤਲਖ਼ ਸੁਭਾਅ ਵੀ ਸਨ, ਤੇਜ਼ ਵੀ, ਬਟੇਰ ਵਾਂਗੂੰ ਪਟਾਕ ਪਏ। ਅਸੀਂ ਤਿੰਨਾਂ ਮਹੀਨਿਆਂ ਦਾ ਇਹੋ ਈ ਭਾਸ਼ਨ ਸੁਣ ਰਹੇ ਹਾਂ। ਇਹਦੇ ਨਾਲ ਸਾਡਾ ਢਿੱਡ ਨਹੀਂ ਭਰਦਾ। ਸਾਨੂੰ ਮੀਂਹ ਚਾਹੀਦੈ, ਸਾਥੋਂ ਹੁਣ ਇਹ ਕੱਥਾ ਨਹੀਂ ਸੁਣੀ ਜਾਂਦੀ। ਬੋਲ ਇਕ ਮੂੰਹ ਫੱਟੇ ਬੰਦੇ ਦੇ ਸਨ।

—ਅੱਲਾ ਮੇਘ ਦੇ, ਹੋਕਾ ਦੇ ਰਿਹਾ ਸੀ ਇਕ ਫ਼ਕੀਰ ਸੂਫ਼ੀ।

—ਰੱਬਾ ਰੱਬਾ ਮੀਂਹ ਵਰ੍ਹਾ, ਸਾਡੀ ਕੋਠੀ ਦਾਣੇ ਪਾ।

—ਤੁਹਾਡੀ ਅਰਦਾਸ ਪੂਰੀ ਹੋਵੇਗੀ, ਭਜਨ ਕਰੋ, ਨਾਮ ਜਪੋ, ਬਾਣੀ ਪੜ੍ਹੋ, ਫੁਰਮਾਇਆ ਗੁਰਾਂ ਨੇ।

—ਭੁੱਖੇ ਢਿਡ ਨਾ ਬਾਣੀ ਪੜ੍ਹੀ ਜਾਵੇ ਤੇ ਨਾ ਨਾਮ ਜਪਿਆ ਜਾਵੇ। ਸਾਨੂੰ ਹੁਣ ਸਿਰਫ਼ ਮੀਂਹ ਦੀ ਲੋੜ ਏ, ਮੀਂਹ ਪਾਵੋ।

—ਭਰੋਸਾ ਰੱਖੋ, ਦਾਤਾ ਜ਼ਰੂਰ ਮੀਂਹ ਪੁਆਵੇਗਾ, ਉਹਨੂੰ ਸਭ ਦਾ ਫ਼ਿਕਰ ਏ, ਸਤਿਗੁਰਾਂ ਦੇ ਬੋਲ ਸਨ।

—ਇਹ ਮੋਮੋਠਗਣੀਆਂ ਗੱਲਾਂ, ਹੁਣ ਅਸਾਂ ਨਹੀ ਸੁਣਨੀਆਂ। ਜੇ ਤੁਹਾਥੋਂ ਮੀਂਹ ਨਹੀਂ ਪੈ ਸਕਦਾ ਤਾਂ ਅਸੀਂ ਕਿਸੇ ਹੋਰ ਦਾ ਲੜ ਫੜੀਏ।

—ਮੀਂਹ ਪਾਉਣਾ ਨਾ ਪਾਉਣਾ ਪ੍ਰਭੂ ਦੇ ਹੱਥ ਏ। ਉਸੇ ਦਾ ਆਸਰਾ ਲੈਣਾ ਪਵੇਗਾ।

—ਹੀਲੇ ਵਸੀਲੇ ਵੀ ਤੇ ਬਣੇ ਹੋਏ ਨੇ। ਨਾਥ ਜੀ ਮੀਂਹ ਪਵਾਉਣ ਲਈ ਮੰਨ ਗਏ ਹਨ ਪਰ.........

—ਹਾਂ ਦੱਸੋ, ਫੇਰ ਅੜਚਨ ਕਾਹਦੀ ਏ। ਬੋਲ ਸਤਿਗੁਰਾਂ ਦੇ ਸਨ।

—ਮੂੰਹ ਫੱਟ ਬੰਦੇ ਦੇ ਮੂੰਹ ਅਗੋਂ ਕਿਸੇ ਨੇ ਹੱਥ ਨਾ ਦਿੱਤਾ। ਆਖਣ ਲੱਗਾ ਨਾਥ ਜੀ ਆਖਦੇ ਹਨ ਕਿ ਇਕ ਗਰਹਿਸਤੀ ਦੇ ਗੁਰੂ ਅਖਵਾਉਣ ਕਰਕੇ ਇੰਦਰ ਦੇਵਤਾ ਰੁਸ ਗਏ ਹਨ। ਮੈਂ ਇੰਦਰ ਦੇਵਤਾ ਨੂੰ ਮਨਾ ਸਕਦਾ ਹਾਂ।

—ਬਸ ਗੱਲ ਏਥੇ ਆਣ ਕੇ ਰੁਕਦੀ ਏ। ਨਾਥ ਆਖਦਾ ਏ ਕਿ ਗੁਰੂ ਨੂੰ ਪਿੰਡੋਂ ਕੱਢ ਦਿਓ।

—ਜੇ ਸਾਡੇ ਇਥੋਂ ਜਾਣ ਨਾਲ ਤੁਹਾਡਾ ਭਲਾ ਹੋ ਸਕਦਾ ਹੈ ਤਾਂ ਅਸੀਂ ਤਾਂ ਹਮੇਸ਼ਾ ਤੁਹਾਡਾ ਈ ਭਲਾ ਮੰਗਦੇ ਹਾਂ। ਅਸੀਂ ਚਲੇ ਜਾਂਦੇ ਹਾਂ, ਤੁਸੀਂ ਸੁਖੀ ਵਸੋ। ਅਸਾਂ ਕਿਹੜੀ ਪਿੰਡ ਵਿਚ ਇੱਟ ਲਾਈ ਹੋਈ ਹੈ। ਮਾਲਕੀ ਵਾਲਿਆਂ ਦੀ ਮਾਲਕੀ, ਜ਼ਮੀਨਾਂ ਵਾਲਿਆਂ ਦੀਆਂ ਜ਼ਮੀਨਾਂ। ਅਸੀਂ ਅੱਜ ਈ ਚਲੇ ਜਾਂਦੇ ਹਾਂ।

—ਅੱਜ ਕਿਉਂ, ਹੁਣੇ ਹੀ ਕਿਉਂ ਨਾ।

—ਤੱਤਾ ਤੱਤਾ ਨਹੀਂ ਖਾਈਦਾ, ਜ਼ਰਾ ਠੰਡਾ ਹੋ ਲੈਣ ਦਿਓ ਫੇਰ ਖਾਹ ਲੈਣਾ, ਜਦ ਗੁਰਾਂ ਫੁਰਮਾ ਦਿੱਤਾ ਏ, ਉਹ ਆਪੇ ਈ ਚਲੇ ਜਾਣਗੇ। ਤੁਸੀਂ ਹੋਰ ਕੋਈ ਦਵਾਰਾ ਮਲੋ।

—ਸ਼ਰਮ ਦੇ ਮਾਰੇ ਲੋਕ ਆਪਣੇ ਝੱਗੇ ਵਿਚ ਮੂੰਹ ਲੁਕੋ ਰਹੇ ਸਨ। ਜੋਗੀ ਦੀ ਸਾਜ਼ਸ਼ ਕਾਮਯਾਬ ਹੋ ਗਈ। ਗੁਰੂ ਰਾਤੀਂ ਪਿੰਡ ਛੱਡ ਗਿਆ। ਤਾਰਿਆਂ ਦੀ ਛਾਵੇਂ ਪਤਾ ਨਹੀਂ ਕਿਧਰ ਨੂੰ ਚਲਾ ਗਿਆ, ਪਿੰਡ ਜੋਗੀਆਂ ਦੀ ਝੋਲੀ ਵਿਚ ਜਾ ਬੈਠਾ।

—ਆਪ ਡੁਬਿਓਂ ਬਾਹਮਣਾ, ਨਾਲ ਜਜਮਾਨ ਵੀ ਗਾਲੇ, ਇਕ ਬਜ਼ੁਰਗ ਦੇ ਬੋਲ ਸਨ। ਉਸ ਧਾਹ ਮਾਰੀ ਤੇ ਸਾਰੇ ਪਿੰਡ ਨੂੰ ਤਰੇਲੀਆਂ ਛੁਟ ਪਈਆਂ।

ਪਿੰਡ ਨੂੰ ਅੱਗ ਲਗੀ ਤੇ ਕੁੱਤਾ ਰੂੜੀ ਤੇ। ਪਿੰਡ ਵਾਲੇ ਜੋਗੀ ਨੂੰ ਲਭ ਰਹੇ ਸਨ। ਸ਼ਿਵ ਨਾਥ ਜੋਗੀ ਅਜੇ ਵੀ ਪਿੰਡ ਦੇ ਥੇਹ ਤੇ ਖੜਾ ਵੇਖ ਰਿਹਾ ਸੀ। ਲੋਕਾਂ ਆਂਦਿਆਂ ਜਾਂਦਿਆਂ ਨੂੰ।

□□

੧੩

ਕਤਕਿ ਕੂੰਜਾ ਚੇਤਿ ਡਉ ਸਾਵਣਿ ਬਿਜੁਲੀਆ ॥
ਸੀਆਲੇ ਸੋਹੰਦੀਆ ਪਿਰ ਗਲਿ ਬਾਹੜੀਆ ॥

ਸੂਫੀ ਫਕੀਰ ਨੇ ਸਿਰ ਤੇ ਬਾਂਹ ਰੱਖ ਕੇ ਹੋਕਾ ਦਿੱਤਾ।

—ਇਹ ਕੀ ਆਖਦੇ ਹਨ ਫ਼ਕੀਰ ਲੋਕ? ਇਹਨਾਂ ਦੀ ਗੱਲ ਹੁੰਦੀ ਤੇ ਪਤੇ ਦੀ ਏ ਪਰ ਮੇਰੀ ਸਮਝ ਵਿਚ ਕੁਝ ਨਹੀਂ ਆਉਂਦਾ।

—ਬੰਦਿਆ ਆਕੜ ਆਕੜ ਕੇ ਚੱਲਦਾ ਏਂ ਕਿਸ ਔਕਾਤ ਤੇ। ਇਹ ਸਰੀਰ ਜਿਹੜਾ ਛਿਆਂ ਮਹੀਨਿਆਂ ਬਣਦਾ ਏ ਜਦੋਂ ਨਾਸ ਹੋਣ ਤੇ ਆਉਂਦਾ ਏ ਇਕ ਪਲ ਵੀ ਨਹੀਂ ਲੱਗਦਾ। ਬੰਦਾ ਅੱਖ ਨਹੀਂ ਝਮਕ ਸਕਦਾ। ਫ਼ਕੀਰ ਦਾ ਕਥਨ ਏ, ਕਤਕਿ ਵਿਚ ਕੂੰਜਾਂ ਆਉਂਦੀਆਂ ਹਨ, ਆਂਡੇ ਦੇਂਦੀਆਂ ਹਨ ਤੇ ਚਲੀਆਂ ਜਾਂਦੀਆਂ ਹਨ। ਰੱਬ ਦੇ ਆਸਰੇ। ਚੇਤਰ ਚੜ੍ਹਦਾ ਏ ਤੇ ਜੰਗਲ ਨੂੰ ਅੱਗ ਲੱਗ ਜਾਂਦੀ ਏ। ਇਹ ਦਾਵਾਨਲ ਕਿਸੇ ਨੂੰ ਨਹੀਂ ਬਖਸ਼ਦੀ। ਕੂੰਜਾਂ ਨੂੰ ਵੀ ਨਹੀਂ। ਪਰ ਕੁਦਰਤ ਹੱਥ ਰੱਖ ਕੇ ਬਚਾ ਲੈਂਦੀ ਏ। ਕੁਦਰਤ ਦੇ ਰੰਗ ਵੇਖ ਬੰਦਿਆ। ਸਾਉਣ ਚੜ੍ਹਿਆ ਤੇ ਬਿਜਲੀਆਂ ਚਮਕੀਆਂ, ਜਲ ਥਲ ਹੋ ਗਿਆ, ਠੰਢ ਪੈ ਗਈ ਕਲੇਜੇ ਵਿਚ ਧਰਤੀ ਦੇ। ਪਰ ਜਦੋਂ ਸਿਆਲੇ ਦੀ ਰੁੱਤ ਆਈ, ਸਰੀਰ ਕੰਬਿਆ, ਹੱਥ ਸੁੰਨ ਹੋਏ, ਓਦੋਂ ਸੋਹਣੀਆਂ ਸੋਹਣੀਆਂ, ਗੱਲ ਗੱਲ ਬਾਹਵਾਂ ਖਸਮਾਂ ਦੇ ਗੱਲ ਵਿਚ ਜੋੜਦੀਆਂ ਹਨ। ਪਿਆਰ ਜਾਗਦਾ ਏ। ਪਰ ਜਦੋਂ ਕੂਕ ਕੂਕਦੀ ਏ, ਸਭ ਕੁਝ ਏਥੇ ਈ ਰਹਿ ਜਾਂਦਾ ਏ। ਸਮੇਂ ਸਮੇਂ ਦੀ ਗੱਲ ਏ। ਏਸ ਕਾਇਆ ਦਾ ਕੱਖ ਮੁੱਲ ਨਹੀਂ। ਇਸ ਮਿੱਟੀ ਦੇ ਖਿਡੌਣੇ ਨੇ ਕਦ ਭੱਜ ਜਾਣਾ ਏ ਕੋਈ ਨਹੀਂ ਜਾਣਦਾ। ਸੱਜਣਾ ਮੈਨੂੰ ਤੇ ਏਸ ਤਰ੍ਹਾਂ ਦਾ ਈ ਅਰਥ ਆਉਂਦਾ ਏ। ਵੈਸੇ ਬਾਬਾ ਬੁੱਢਾ ਜੀ ਤੋਂ ਪੁੱਛ ਕੇ ਵੇਖਾਂਗੇ।

—ਹਾਂ ਭਾਈ ਵਕਤ ਸਭ ਤੇ ਆਉਂਦਾ ਏ। ਕੱਲ੍ਹ ਗੁਰੂ ਏਥੇ ਸਨ ਤੇ ਅੱਜ ਪਤਾ ਨਹੀਂ ਕਿੱਧਰ ਚਲੇ ਗਏ। ਲੋਕ ਆਖਦੇ ਨੇ ਸੱਤਾਂ ਪਿੰਡਾਂ ਨੇ ਉਹਨਾਂ ਨੂੰ ਗੱਡਾ ਵੀ ਨਿਵਾਉਣ ਨਾ ਦਿੱਤਾ। ਅੰਨ ਦਾ ਭੋਰਾ ਤੇ ਕੀ ਪਾਣੀ ਦੀ ਛਿੱਟ ਵੀ ਨਾ ਵਿਖਾਈ। ਪਤਾ ਨਹੀਂ ਕਿਥੇ ਢੋਈ ਮਿਲੀ ਹੋਵੇ।

—ਗੁਰੂ ਨੂੰ ਕੱਢ ਕੇ ਨਾਥਾਂ ਦੀ ਝੋਲੀ ਵਿਚ ਬਹਿ ਗਏ ਹਾਂ, ਵੇਖੋ ਇਹ ਕੀ ਚੰਨ ਚੜ੍ਹਾਉਂਦੇ ਹਨ। ਉਸੇ ਫ਼ਕੀਰ ਦੀ ਅਵਾਜ਼ ਫੇਰ ਗੂੰਜੀ।

ਫਰੀਦਾ ਰੁਤਿ ਫਿਰੀ ਵਣ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੂੰਟਾਂ ਢੂੰਡੀਆਂ ਰਹਣੁ ਕਿ ਥਾਉ ਨਾਹਿ ॥

—ਲੈ ਫੇਰ ਇਕ ਅਵਾਜ਼ ਹੋਰ ਸੁਣ। ਹੁਣ ਕੀ ਆਖਦੇ ਨੇ ਮਸਤ ਮੌਲਾ। ਇਹ ਕਲੰਦਰੀ ਸਮਝ ਵਿਚ ਨਹੀਂ ਆਉਂਦੀ ਇਹ ਗੋਰਖ ਧੰਦਾ ਏ। ਬੰਦਾ ਖੋਲ੍ਹਦਾ ਖੋਲ੍ਹਦਾ ਕਾਫਰ ਹੋ ਜਾਂਦਾ ਏ।

—ਗੱਲ ਹੈ ਤੇ ਉਹੋ ਈ, ਪਰ ਇਹਦੇ ਆਖਣ ਦਾ ਢੰਗ ਕੁਝ ਵਖਰਾ ਏ। ਰੁਤ ਫਿਰੀ, ਮੌਸਮ ਬਦਲਿਆ, ਵਣਿ ਕੰਬਿਆ, ਜੰਗਲ ਨੂੰ ਕਾਂਬਾ ਛਿੜ ਗਿਆ। ਪਤਝੜ ਆਈ, ਉਹਨੇ ਹੂੰਝਾ ਫੇਰ ਦਿੱਤਾ। ਰੁੰਡ ਮੁੰਡ ਕਰ ਦਿੱਤੇ ਓਸ ਦਰਖਤ ਲਹਿ ਲਹਿ ਕਰਦੇ। ਇਹ ਕੁਦਰਤ ਦਾ ਨਿਜ਼ਾਮ ਏ। ਇਹ ਖੇਲ ਏ ਉਸ ਖਿਡਾਰੀ ਦਾ। ਸਾਈਂ-ਫਰੀਦ ਆਖਦਾ ਏ, ਮੈਂ ਚਾਰੇ ਕੂਟਾਂ ਵੇਖੀਆਂ, ਢੂੰਢਿਆ ਦੇਸ ਪਰਦੇਸ। ਮੈਂ ਸਦਾ ਕਿਸੇ ਤੇ ਜੋਬਨ ਡਲ੍ਹਕਾਂ ਮਾਰਦਾ ਨਹੀਂ ਵੇਖਿਆ। ਇਕ ਸਮਾਨ ਮੈਂ ਕੋਈ ਚੀਜ਼ ਨਹੀਂ ਦੇਖੀ। ਜਵਾਨੀ ਗਈ, ਬੁਢਾਪਾ ਆਇਆ। ਤੇ ਬੁਢਾਪਾ ਕਦ ਢਲਾ ਗਿਆ, ਪਤਾ ਵੀ ਨਾ ਲੱਗਾ। ਫੇਰ ਉਸੇ ਆਦਮੀ ਨੇ ਆਖਿਆ, ਸਮਾਂ ਬੜਾ ਬਲਵਾਨ ਏ, ਨਾ ਇਹ ਵਲੀਆਂ ਨੂੰ ਬਖਸ਼ੇ ਤੇ ਨਾ ਫ਼ਕੀਰਾਂ ਨੂੰ।

—ਹੁਣ ਖਡੂਰ ਦਾ ਕੀ ਬਣੂੰ? ਏਨੀ ਔੜ ਲੱਗੀ ਹੋਈ ਏ, ਇਹ ਤੇ ਜਾਨ ਲੈ ਕੇ ਜਾਊ, ਨਾਥ ਤੇ ਮਸਤ ਹਨ। ਬੇ ਫ਼ਿਕਰੀ ਵਿਚ ਸੂਟੇ ਮਾਰ ਰਹੇ ਹਨ। ਲੋਕ ਭੁੜਕ ਰਹੇ ਹਨ ਗਰਮੀ ਵਿਚ, ਇਕ ਇਕ ਪਾਣੀ ਦੀ ਬੂੰਦ ਸੋਨੇ ਦੀ ਕਣੀ ਨਾਲੋਂ ਮਹਿੰਗੀ ਹੋ ਗਈ ਏ।

—ਪਿੰਡ ਨੂੰ ਅੱਗ ਲੱਗੀ ਤੇ ਕੁੱਤਾ ਰੂੜੀ ਦੇ ਉਤੇ। ਇਹੋ ਤਮਾਸ਼ਾ ਹੋਣਾ ਏ ਨਾਥਾਂ ਨਾਲ।

—ਤਾਂ ਤੇ ਭਰਾ ਬੁਰਾ ਕੀਤਾ, ਗੁਰਾਂ ਨੂੰ ਕੱਢ ਕੇ। ਨਾ ਖੁਦਾ ਹੀ ਮਿਲਾ ਨ ਵਸਾਲੇ ਸਨਮ।

—ਸਾਡੇ ਨਾਲ ਤੇ ਉਹੋ ਈ ਹਾਲ ਬਣਿਆ ਏ, ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ।

—ਹੁਣ ਇਹ ਕਿਹੜੀ ਕੜ੍ਹੀ ਘੋਲਦੇ ਹਨ, ਇਹ ਵੇਖਣੀ ਏ। ਏਸ ਕੜ੍ਹੀ ਵਿਚ ਕਿੰਨਾ ਉਬਾਲ ਏ।

—ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ।

—ਨਾਚ ਨਾ ਜਾਣੇ ਆਂਗਣ ਟੇਢਾ।

—ਨਾਥਾਂ ਤੇ ਢੁੱਚਰਾਂ ਈ ਡਾਹੁਣੀਆਂ ਨੇ। ਹੋਰ ਇਹਨਾਂ ਦੇ ਹੱਥ ਪੱਲੇ ਈ ਕੁਝ ਨਹੀਂ। ਹੁਣ ਇਹ ਛੱਜ ਵਜਾਉਣ ਜਾਂ ਛਾਨਣੀ, ਵੇਖਣੀ ਈ ਪੈਣੀ ਏ।

—ਸਾਡਾ ਪਿੰਡ ਭੇਡਾਂ ਦਾ ਇਕ ਇੱਜੜ ਏ। ਮਗਰ ਲੱਗ ਤੁਰਿਆ। ਇਹ ਖੂਹ ਵਿਚ ਡੇਗਣ ਜਾਂ ਟੋਏ ਵਿਚ। ਸਾਰਾ ਪਿੰਡ ਨਾਥਾਂ ਦੀ ਬਗੀਚੀ ਵਿਚ ਇਕੱਠਾ ਹੋਇਆ, ਉਥੋਂ ਕੋਈ ਸੋਨੇ ਦੀਆਂ ਮੋਹਰਾਂ ਨਹੀਂ ਬੰਨ੍ਹ ਕੇ ਉਠਣ ਲੱਗਾ। ਉਠਣਾ ਸੂ ਚਾਰੇ ਕੰਨੀਆਂ ਝਾੜ ਕੇ।

—ਨਾਥ ਜੀ ਹੁਣ ਸਾਡੀ ਸੁਣੋ, ਅਸੀਂ ਵੀ ਤੁਹਾਡੇ ਦੁਆਰੇ ਆਸਣ ਜਮਾਈ ਬੈਠੇ ਹਾਂ। ਸਾਡੇ ਠੂਠੇ ਵੀ ਖੈਰ ਪਾਓ।

—ਤੁਹਾਡੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਕਰਨਗੇ ਨਾਥ।

—ਚਾਨਣੀ ਦਿਵਾਲੀ ਨੂੰ? ਦਬੀ ਜ਼ਬਾਨ 'ਚ ਆਖਿਆ ਇਕ ਪਿੰਡ ਦੇ ਵਾਸੀ ਨੇ।

—ਜਦੋਂ ਪਿੰਡ ਵਾਲਿਆਂ ਨੂੰ ਮਸਾਣਾਂ ਵਿਚ ਲੈ ਜਾਣਗੇ ਲੋਕ ਉਦੋਂ ਮਿਹਰਾਂ ਹੋਣਗੀਆਂ ਬਰਸਾਤ ਦੀਆਂ। ਛਿੱਟਾਂ ਉਦੋਂ ਪੈਣਗੀਆਂ।

—ਜੋਗੀ ਰਾਜ ਚਿੱਲਾ ਕੱਟ ਰਹੇ ਹਨ, ਇੰਦਰ ਦੇਵਤਾ ਨੂੰ ਪ੍ਰਸੰਨ ਕਰਨ ਲਈ। ਸਮਾਧੀ ਲੱਗੀ ਹੋਈ ਏ, ਇਹਦੇ ਵਿਚ ਖਲਿਲ ਨਾ ਪਾਓ।

ਪਰ ਭੁਤਰੇ ਲੋਕ ਕਿੱਥੋਂ ਮੰਨਦੇ ਸਨ। ਉਹਨਾਂ ਧੂਣੇ ਵਿਚ ਲਕੜਾਂ ਡਾਹ ਦਿੱਤੀਆਂ। ਅੱਗ ਦਾ ਭਬਾਕਾ ਮਚਿਆ, ਅੱਗ ਤੇ ਲਹੂ ਸੁਕਾ ਦੇਂਦੀ ਏ। ਅੱਗ ਅਗੇ ਬੈਠਣਾ ਕਿਹੜਾ ਸੌਖਾ ਏ। ਸ਼ਿਵ ਨਾਥ ਜੋਗੀ ਦੀ ਤਾੜੀ ਲੱਗੀ ਹੋਈ ਸੀ। ਲੋਕ ਜ਼ਬਰਦਸਤੀ ਕਰਨਾ ਚਾਹੁੰਦੇ ਸਨ ਪਰ ਡਰਦੇ ਮਾਰੇ ਜ਼ਿਆਦਤੀ ਨਹੀਂ ਸਨ ਕਰਦੇ ਪਰ ਆਖਰ ਕਿੰਨਾ ਕੁ ਚਿਰ? ਸਬਰ ਦਾ ਪਿਆਲਾ ਭਰ ਗਿਆ। ਉਡੀਕਦਿਆਂ ਸਮਾਂ ਲੰਘ ਗਿਆ। ਲੋਕਾਂ ਨੂੰ ਤੇ ਮੌਤ ਨਜ਼ਰੀਂ ਆ ਰਹੀ ਸੀ ਪਰ ਸ਼ਰਾਰਤੀ ਤੇ ਮੂਰਖ ਬੰਦੇ ਧੂਣੇ ਦੀ ਅੱਗ ਤੇਜ਼ ਕਰ ਰਹੇ ਸਨ। ਲਾਟਾਂ ਨਿਕਲ ਰਹੀਆਂ ਸਨ। ਅੱਗ ਮਚ ਰਹੀ ਸੀ। ਲੋਕ ਸਬਰ ਵੇਖ ਰਹੇ ਸਨ ਸ਼ਿਵ ਨਾਥ ਜੋਗੀ ਦਾ। ਤਾੜੀ ਕਦੀ ਨਾ ਖੋਲ੍ਹਦਾ ਜੋਗੀ ਪਰ ਲੋਕਾਂ ਨੇ ਧੂਣੇ ਦਾ ਆਸਰਾ ਲਿਆ। ਅੱਗ ਮਚਾਉਂਦੇ ਗਏ। ਮਜਬੂਰਨ ਤੰਗ ਆ ਕੇ ਜਾਨ ਨਿਕਲਦੀ ਵੇਖ ਕੇ ਜੋਗੀ ਰਾਜ ਦੀ ਤਾੜੀ ਖੁਲ੍ਹੀ। ਨੈਣ ਖੁਲ੍ਹੇ। ਜੋਗੀ ਰਾਜ ਨੇ ਵੇਖਿਆ ਬੂਹੇ ਪਿੰਡ ਬੈਠਾ ਹੋਇਆ ਸੀ।

ਜੋਗੀ ਰਾਜ ਬੋਲੇ ਧੀਰਜ ਕਰੋ। ਸ਼ਾਂਤੀ ਤੋਂ ਕੰਮ ਲਓ। ਇੰਦਰ ਦੇਵਤਾ ਦਾ ਮਨ ਪਸੀਜ ਗਿਆ ਏ। ਬਰਖਾ ਹੋਈ ਕਿ ਹੋਈ।

—ਹੌਂਸਲਾ ਮਾਰੋ ਜੋਗੀ ਰਾਜ। ਪਿੰਡ ਮੌਤ ਦੇ ਮੂੰਹ ਵਿਚ ਆ ਗਿਆ ਏ। ਮਸਾਣਾਂ ਵਿਚ ਪੁੱਜਣ ਵਾਲਾ ਏ ਪਿੰਡ। ਦੇਵ ਲੋਕ ਤੋਂ ਇੰਦਰ ਨੂੰ ਲਿਆਉਣਾ ਧਰਤ ਲੋਕ ਤੇ। ਓਥੋਂ ਆਉਣਾ ਕਿਹੜਾ ਆਸਾਨ ਏ। ਲਾਹੌਰ ਤੋਂ ਆਉਣਾ ਹੋਵੇ ਤੇ ਚਾਰ ਦਿਨ ਲੱਗਦੇ ਹਨ। ਉਹ ਤੇ ਦੇਵ ਲੋਕ ਏ। ਕੁਝ ਦੇਰ ਤੇ ਲੱਗੇਗੀ। ਸਮਾਂ ਲੱਗ ਸਕਦਾ ਏ। ਇਕ ਦੋ ਦਿਨ ਤੇ ਮਾਮੂਲੀ ਗੱਲ ਏ। ਕਾਹਲੇ ਨਹੀਂ ਪਈਦਾ ਸੱਜਣੋਂ। ਰੁੱਸੇ ਦੇਵਤੇ ਮਨਾਉਣੇ ਮੁਸ਼ਕਲ ਨੇ। ਰੁਸਿਆ ਤੇ ਬੰਦਾ ਨਹੀਂ ਮੰਨਦਾ, ਉਹ ਤੇ ਫੇਰ ਦੇਵਤੇ ਹਨ। ਤੁਸੀਂ ਘਰ ਵਿਚ ਅਰਾਮ ਨਾਲ ਬੈਠੋ, ਜੋਗੀਆਂ ਦੇ ਡੇਰੇ ਭੂਹਰੀ ਵਿਛਾ ਕੇ ਨਹੀਂ ਬੈਠੀਦਾ। ਮੈਂ ਯਤਨ ਕਰ ਰਿਹਾ ਹਾਂ। ਤੁਸੀਂ ਤੇ ਐਵੇਂ ਫਿਕਰ ਕਰ ਰਹੇ ਓ। ਮੈਨੂੰ ਕੀ ਚਿੰਤਾ ਘੱਟ ਏ? ਮੈਂ ਪਿੰਡ ਵਿਚ ਨਹੀਂ ਵੱਸਣਾ? ਮੈਨੂੰ ਪਿੰਡ ਨਾਲ ਹਮਦਰਦੀ ਨਹੀਂ? ਮੈਂ ਆਪਣੀ ਵਲੋਂ ਪੂਰੀ ਕੋਸ਼ਿਸ਼ ਕਰ ਰਿਹਾ ਹਾਂ। ਬਰਖਾ ਜ਼ਰੂਰ ਹੋਵੇਗੀ, ਮੀਂਹ ਪਵੇਗਾ, ਬਨੇਰਿਆਂ ਭਰਵਾਂ, ਤੁਹਾਥੋਂ ਇਹ ਰੋਹੜ ਸਾਂਭਿਆ ਨਹੀਂ ਜਾਣਾ। ਜੋਗੀ ਰਾਜ ਆਖ ਰਹੇ ਸਨ।

—ਸਾਡੇ ਤੇ ਅੰਞਾਣੇ ਵੀ ਵਿਲਕ ਵਿਲਕ ਕੇ ਵਾਹੋ ਹੋ ਗਏ ਨੇ। ਤੁਹਾਡੇ ਕਹੇ ਤੇ ਅਸਾਂ ਗੁਰਾਂ ਨੂੰ ਪਿੰਡ ਵਿਚੋਂ ਕੱਢ ਦਿੱਤਾ ਤੇ ਤੁਸੀਂ ਅਜੇ ਹੱਥਾਂ ਤੇ ਹੱਥ ਧਰ ਕੇ ਬੈਠੇ ਹੋਏ ਓ। ਜਲਦੀ ਕਰੋ ਨਹੀਂ ਤੇ ਪਿੰਡ ਉਜੜ ਜਾਊ। ਭੂਤਨਿਆਂ ਦਾ ਨਿਵਾਸ ਬਣੇਗਾ ਇਹ ਪਿੰਡ।

—ਹਾਏ ਮੇਰਾ ਪੁੱਤ। ਪਾਣੀ ਹੱਥੋਂ ਮਰ ਗਿਆ।

—ਮੇਰੀ ਮਾਂ ਨੇ ਦਮ ਤੋੜ ਦਿੱਤਾ। ਪਾਣੀ ਦੀ ਇਕ ਛਿੱਟ ਬਦਲੇ।

—ਮੇਰੀ ਧੀ ਦੀ ਜਾਨ ਲਬਾਂ ਤੇ ਅਟਕੀ ਹੋਈ ਏ। ਰੱਬ ਦੇ ਵਾਸਤੇ ਪਾਣੀ ਦਾ ਇਕ ਘੁੱਟ।

—ਮੇਰੇ ਪਿਉ ਦਾ ਘੋਰੜੂ ਵੱਜ ਰਿਹਾ ਏ। ਹਾਏ ਰੱਬਾ, ਮੈਂ ਉਹਦੇ ਮੂੰਹ ਵਿਚ ਪਾਣੀ ਦਾ ਚਮਚਾ ਵੀ ਨਾ ਪਾ ਸਕਿਆ।

—ਮੇਰਾ ਭਰਾ ਪਾਣੀ ਪਾਣੀ ਕਰਦਾ ਮਰ ਗਿਆ, ਪਾਣੀ ਨਾ ਲੱਭਿਆ।

—ਇਹ ਜੋਗੀ ਝੂਠਾ ਏ। ਮਕਰ ਕਰ ਰਿਹਾ ਏ। ਇਹਦੇ ਫਰੇਬ ਵਿਚ ਆ ਗਏ ਹਾਂ। ਏਸ ਸਾਰੇ ਪਿੰਡ ਨੂੰ ਸਾਧ ਬਣਾ ਦੇਣਾ ਏ।

—ਸਾਧ ਤੇ ਅੱਗੇ ਈ ਬਣ ਗਏ ਹਾਂ। ਰਹਿੰਦੀ ਖੂੰਹਦੀ ਕਸਰ ਏਸ ਪੂਰੀ ਕਰ ਦਿੱਤੀ ਏ।

—ਜੇ ਚਾਰ ਦਿਨ ਬਰਸਾਤ ਨਾ ਹੋਈ ਤੇ ਪਿੰਡ ਮੰਗਦਾ ਖਾਂਦਾ ਅਗਲੇ ਪਿੰਡ ਚਲਿਆ ਜਾਊ। ਅਗਲੇ ਪਿੰਡ ਵਾਲੇ ਵੀ ਉਹਨਾਂ ਨਾਲ ਰਲ ਜਾਣਗੇ। ਫੇਰ ਅਗਲਾ ਪਿੰਡ। ਜਦ ਉਹ ਰਲੇ ਇਕ ਲੰਮਾ ਜੱਥਾ ਬਣ ਗਿਆ। ਫੇਰ ਅਗਲਾ ਪਿੰਡ। ਕਿੰਨੇ ਕੁ ਪਿੰਡ ਉਜੜਨਗੇ। ਇਹ ਜੱਥਾ ਕਿੱਡਾ ਕੁ ਲੰਮਾ ਹੋਵੇਗਾ। ਅੱਗੇ ਹੋਰ ਅੱਗੇ, ਕਿੰਨਾ ਕੁ ਅੱਗੇ ਜਾਣਾ ਪਵੇਗਾ। ਸਾਰਾ ਇਲਾਕਾ ਈ ਸਾਧ ਬਣ ਜਾਊ। ਜੋਗੀ ਰਾਜ ਕਰੇ ਕਿਰਪਾ!

ਸੱਤ ਦਿਨ ਜੋਗੀ ਰਾਜ ਪਿੰਡ ਨੂੰ ਭੁਆਟਣੀਆਂ ਦੇਂਦਾ ਰਿਹਾ। ਆਖਰਕਾਰ ਪਿੰਡ ਵਾਲਿਆਂ ਦਾ ਸਬਰ ਟੁੱਟਾ। ਪਿੰਡ ਵਾਲੇ ਗੱਲ ਪੈਣ ਨੂੰ ਤਿਆਰ ਹੋ ਗਏ ਤੇ ਜੋਗੀ ਨੱਸਣ ਨੂੰ। ਸਾਰੇ ਨਾਕੇ ਬੰਦ ਕਰ ਲਏ ਪਿੰਡ ਵਾਲਿਆਂ ਨੇ। ਨੱਸ ਖਾਂ ਪੁਤਰਾ ਕਿੱਧਰ ਜਾਨੈਂ? ਜਾਣ ਅਸਾਂ ਵੀ ਨਹੀਂ ਦੇਣਾ। ਜਾਂ ਮੀਂਹ ਪੁਆ ਨਹੀਂ ਤੇ ਅਸਾਂ ਤੈਨੂੰ ਏਸੇ ਧੂਣੇ ਵਿਚ ਸਾੜ ਦੇਣਾ ਏ।

ਬੜੇ ਜੰਤਰ ਮੰਤਰ ਕੀਤੇ ਜੋਗੀ ਨੇ। ਹੇਰਾ ਫੇਰੀਆਂ ਵੀ ਕੀਤੀਆਂ ਪਰ ਹੁਣ ਲੋਕਾਂ ਨੂੰ ਤਸੱਲੀ ਕਿੱਥੋਂ? ਛਿੱਥੇ ਪਏ ਲੋਕ ਹੁੱਛ ਹੁੱਛ ਕਰਕੇ ਗਲ ਪੈਣ ਨੂੰ ਤਿਆਰ ਸਨ। ਇਕ ਬੰਦੇ ਨੇ ਧੂਣੇ ਵਿਚੋਂ ਲੱਕੜੀ ਕੱਢ ਲਈ ਤੇ ਵਗਾਹ ਮਾਰੀ। ਧੂਣੇ ਦੀ ਅੱਗ ਬੁਝਾ ਦਿੱਤੀ ਪਾਣੀ ਦਾ ਘੜਾ ਪਾ ਕੇ। ਗਾਹਲਾਂ ਵੀ ਕੱਢੀਆਂ, ਮੰਦਾ ਚੰਗਾ ਵੀ ਬੋਲਿਆ, ਗਾਲ੍ਹੀ ਗਲੋਚ ਵੀ ਕੀਤਾ ਪਰ ਜੋਗੀ ਟਸ ਤੋਂ ਮਸ ਨਾ ਹੋਏ। ਬਸ ਇਕੋ ਈ ਗੱਲ ਆਖੀ ਜਾਣ, ਇੰਦਰ ਦੇਵਤਾ ਮਿਹਰਬਾਨ ਹੋ ਗਿਆ ਏ। ਇੰਦਰ ਦੇਵਤਾ ਆਉਣ ਵਾਲੇ ਹਨ। ਹੁਣ ਆਏ, ਹੁਣ ਆਏ।

ਪਰ ਨਾ ਇੰਦਰ ਦੇਵਤਾ ਆਏ ਤੇ ਨਾ ਬੱਦਲ ਈ ਅਸਮਾਨ ਤੇ ਚੜ੍ਹੇ, ਨਾ ਘਟਾ ਈ ਛਾਈ। ਨਾ ਆਸਾਰ ਈ ਕੁਝ ਨਜ਼ਰ ਆਏ। ਇਕ ਬੰਦੇ ਨੇ ਲੱਤ ਕੱਢ ਮਾਰੀ ਜੋਗੀ ਦੇ। ਉਹਦੀ ਵੱਖੀ ਵਿਚ ਚਿੱਬ ਪੈ ਗਿਆ। ਡਾਡਾਂ ਮਾਰਨ ਲੱਗਾ ਜੋਗੀ। ਉਸ ਡੇਰਾ ਸਿਰ ਤੇ ਚੁੱਕ ਲਿਆ। ਸ਼ਿਵ ਨਾਥ ਜੋਗੀ ਬੜਾ ਤਰਲੋ ਮੱਛੀ ਹੋਇਆ। ਬਦ ਦੁਆ ਦੇਣ ਦੀ ਧਮਕੀ ਦਿੱਤੀ ਪਰ ਲੋਕ ਕਿੱਥੋਂ ਸੁਣਦੇ ਸਨ। ਉਹ ਤੇ ਇਕੋ ਈ ਰੱਟ ਲਾਈ ਜਾ ਰਹੇ ਸਨ, ਬਰਸਾਤ, ਮੀਂਹ, ਪਾਣੀ।

—ਇਕ ਬੰਦਾ ਹੱਥ ਉਚੇ ਕਰ ਕਰ ਕੇ ਰੌਲਾ ਪਾਉਣ ਲੱਗ ਪਿਆ। ਉਹਦੇ ਬੋਲ ਸਨ, ਭਾਈ ਅਮਰ ਦਾਸ ਆ ਗਏ।

—ਕੀ ਗੱਲ ਏ, ਸਾਰਾ ਪਿੰਡ ਧਰਨਾ ਮਾਰ ਕੇ ਬੈਠਾ ਹੋਇਐ, ਜੋਗੀਆਂ ਦੇ ਧੂਣੇ ਅੱਗੇ। ਮੁੰਦਰਾ ਪੁਆਉਣ ਆਏ ਓ ? ਬੋਲ ਸਨ ਅਮਰਦਾਸ ਦੇ।

—ਬਰਸਾਤ ਨਹੀਂ ਹੋਈ। ਏਸ ਲਈ ਪਿੰਡ ਜੁੜਿਆ ਬੈਠਾ ਏ, ਨਾਥਾਂ ਦੇ ਡੇਰੇ।

—ਸਤਿਗੁਰੂ ਨਹੀ ਲੱਭੇ ਮੈਨੂੰ। ਕਿੱਥੇ ਗਏ ? ਮੈਂ ਗੁਰੂ ਦਾ ਦਵਾਰਾ ਵੇਖ ਆਇਆ ਹਾਂ। ਨੁੱਕਰਾਂ ਫੋਲੀਆਂ ਗੁਰੂ ਥੋਹੜਾ ਲੱਭਦਾ ਏ।

—ਸਤਿਗੁਰਾਂ ਨੂੰ ਜੋਗੀ ਦੇ ਆਖਣ ਤੇ ਪਿੰਡ ਵਲਿਆਂ ਪਿੰਡੋਂ ਬਾਹਰ ਕੱਢ ਦਿੱਤਾ ਏ।

—ਕਿੱਧਰ ਗਏ ਹਨ ਮੇਰੇ ਸਤਿਗੁਰ ?

—ਗੁਰੂ ਦੀ ਜਾਣੇ, ਕਿੱਧਰ ਗਿਆ ਏ ਗੁਰੂ।

—ਜੋਗੀ ਨੇ ਏਥੋਂ ਤੱਕ ਅਤਿ ਚੁੱਕ ਲਈ ਏ। ਅਤਿ ਤੇ ਰੱਬ ਦਾ ਵੈਰ ਹੁੰਦਾ ਏ। ਬਰਸਾਤ ਜੋਗੀ ਕੋਲੋਂ ਮੰਗਦਾ ਏ ਪਿੰਡ ? ਇਹਨਾਂ ਦੇ ਪੱਲੇ ਤੇ ਸਿਰਫ ਬਗਲੀ ਬਗਲੀ ਏ। ਹੋਰ ਕੁਝ ਨਹੀਂ। ਇੱਲ ਦੇ ਆਲ੍ਹਣਿਆਂ ਵਿਚੋਂ ਮਾਸ, ਛੜਿਆਂ ਦੇ ਘਰ ਵਿਚੋਂ ਪਰੌਂਠੇ, ਰੰਡੀ ਦੇ ਘਰ ਵਿਚ ਦੀਵਾ ? ਲਾਲ ਸੂਹੀਆਂ ਅੱਖਾਂ ਹੋ ਗਈਆਂ ਭਾਈ ਅਮਰਦਾਸ ਦੀਆਂ। ਅਨਰਥ ਕੀਤਾ ਜੇ ਓ ਪਿੰਡ ਵਾਲਿਓ, ਗੁਰੂ ਨੂੰ ਕੱਢ ਕੇ। ਜਾਓ ਮੀਂਹ ਪਵੇਗਾ, ਬਰਖਾ ਹੋਵੇਗੀ, ਪ੍ਰਭੂ ਦਾ ਧਿਆਨ ਕਰੋ, ਬਾਣੀ ਪੜ੍ਹੋ, ਗੁਰਾਂ ਨੂੰ ਦਿਲ ਵਿਚ ਬਿਠਾਓ, ਕਿਰਪਾ ਹੋਵੇਗੀ, ਮਿਹਰਬਾਨ ਹੋਵੇਗਾ ਦਾਤਾ ਸ੍ਰਿਸ਼ਟੀ ਦਾ।

ਵੇਖਦਿਆਂ ਵੇਖਦਿਆਂ ਘਟਾ ਚੜ੍ਹ ਆਈਆਂ, ਬਦਲ ਗੜ੍ਹ ਕੇ, ਬਿਜਲੀ ਚਮਕੀ, ਖੁਸ਼ੀਆਂ ਵਿਚ ਨੱਚ ਉਠਿਆ ਸਾਰਾ ਪਿੰਡ! ਪਲ ਵਿਚ ਈ ਢੋਲ ਵੱਜਣ ਲੱਗ ਪਏ। ਭੰਗੜਾ ਪਿਆ। ਅੰਵਾਣੇ ਗਾਉਣ ਲੱਗ ਪਏ।

ਕਾਲੀਆਂ ਇੱਟਾਂ ਕਾਲੇ ਰੋੜ,ਮੀਂਹ ਵਰ੍ਹਾ ਦੇ ਜ਼ੋਰੋ ਜ਼ੋਰ।
ਅੱਲਾ ਮੇਘ ਦੇ।
ਰੱਬਾ ਰੱਬਾ ਮੀਂਹ ਵਰ੍ਹਾ ਸਾਡੀ ਕੋਠੀ ਦਾਣੇ ਪਾ।

ਮੀਂਹ ਦਾ ਇਕ ਛੜਾਕਾ ਪਿਆ, ਤੱਤੀ ਜ਼ਮੀਨ ਸੀ, ਕਣੀ ਬੁਲਬੁਲੇ ਵਾਂਗੂੰ ਫੁੱਲੀ ਤੇ ਫੇਰ ਸੁੱਕ ਗਈ ਜ਼ਮੀਨ ਦੀ ਹਿੱਕ ਤੇ। ਏਦਾਂ ਤੜਫੀ ਜਿਵੇਂ ਤੱਤੇ ਤਵੇ ਤੇ ਪਾਣੀ ਦੀ ਬੂੰਦ ਤੜਫਦੀ ਏ।

—ਕੁਝ ਮੂਰਖ ਬੰਦਿਆਂ ਜੋਗੀ ਨੂੰ ਕੁੱਟ ਕੁੱਟ ਕੇ ਉਹਦੀ ਮਿੱਝ ਕੱਢ ਦਿੱਤੀ।

—ਏਸ ਤਰ੍ਹਾਂ ਨਹੀਂ ਤੁਹਾਡਾ ਕਰਜ ਸਿੱਧਾ ਹੋਣਾ।

—ਫੇਰ ਕਿੱਦਾਂ ?

—ਏਸ ਤਪੇ ਦੇ ਪੈਰਾਂ ਨੂੰ ਜਿੱਥੇ ਜਿੱਥੇ ਖਿੱਚੋਗੇ, ਓਥੇ ਓਥੇ ਬਰਸਾਤ ਹੋਵੇਗੀ।

ਟੰਗ ਜੋਗੀ ਦੀ ਰਸਾ ਪਾਓ। ਜਿਸ ਖੇਤ ਘਸੀਟ ਲੈ ਜਾਓ॥
ਉਥੇ ਮੀਂਹ ਹੋਵੇਗਾ ਚੰਗਾ। ਤੁਸੀਂ ਦੋਸ਼ੋ ਪਾਇ ਜੋਗੀ ਨੂੰ ਢੰਗਾ॥

ਜ਼ਿਮੀਦਾਰਾਂ ਨੇ ਤਪੇ ਨੂੰ ਕੁੱਟ ਕੁੱਟ ਕੇ ਉਹਦੀਆਂ ਹੱਡੀਆਂ ਤੋੜ ਦਿੱਤੀਆਂ। ਕੋਈ ਇਧਰ ਖਿੱਚੇ ਤੇ ਕੋਈ ਓਧਰ। ਖਿੱਚਾ ਖਿਚਾਈ ਵਿਚ ਘਸੀਟ ਘਸੀਟ ਕੇ ਉਹਦੇ ਹੱਡ ਕੜਕਾ ਦਿੱਤੇ। ਵਿਚਾਰਾ ਸ਼ਿਵ ਨਾਥ ਜੋਗੀ ਏਸ ਜਹਾਨੋਂ ਗਿਆ।

ਖੂਬ ਬਰਖਾ ਹੋਈ, ਜਲ ਥਲ ਹੋ ਗਿਆ। ਸ਼ਾਂਤੀ ਹੋਈ, ਸਾਰੇ ਪਿੰਡ ਦੇ ਕਲੇਜੇ ਠੰਢ ਪੈ ਗਈ ਪਰ ਮੇਰੇ ਗੁਰੂ ਦੀ ਆਤਮਾ ਤਪੀ ਹੋਈ ਸੀ।

ਵਿਆਕੁਲ ਭਾਈ ਅਮਰਦਾਸ ਆਖ ਰਿਹਾ ਸੀ। ਮੇਰਾ ਗੁਰੂ ਕਿੱਧਰ ਗਿਆ। ਕਿੱਧਰ ਗਏ ਮੇਰੇ ਸਤਿਗੁਰੂ। ਮੇਰਾ ਗੁਰੂ, ਮੇਰਾ ਪ੍ਰਮਾਤਮਾ, ਮੇਰੀ ਆਤਮਾ, ਮੇਰਾ ਗੁਰੂ ਕਿੱਧਰ ਗਿਆ। ਬੇਸੁਧ ਹੋ ਕੇ ਡਿੱਗ ਪਿਆ ਭਾਈ ਅਮਰਦਾਸ। ਸਾਰਾ ਪਿੰਡ ਨੱਕ ਰਗੜ ਰਗੜ ਕੇ ਮਾਫੀਆਂ ਮੰਗ ਰਿਹਾ ਸੀ। ਪਰ ਪਪੀਹੇ ਵਾਂਗੂੰ ਕੂਕਾਂ ਦੇ ਰਿਹਾ ਸੀ ਭਾਈ ਅਮਰ ਦਾਸ। ਮੇਰਾ ਗੁਰੂ ਕਿੱਧਰ ਗਿਆ। ਮੈਂ ਕਿਸ ਓਰ ਜਾਵਾਂ। ਕਿੱਧਰ ਗਿਆ ਮੇਰਾ ਗੁਰੂ। ਕਿੱਧਰ ਭਜਾ ਦਿੱਤਾ ਏ ਪਿੰਡ ਨੇ ਮੇਰਾ ਗੁਰੂ। ਕਿੱਥੇ ਚਲਾ ਗਿਆ ਮੇਰਾ ਗੁਰੂ।

ਸਾਰਾ ਪਿੰਡ ਭਾਵੇਂ ਖੁਸ਼ ਸੀ, ਕਿਕਲੀਆਂ ਪਾ ਰਹੀਆਂ ਸਨ ਮੁਟਿਆਰਾਂ, ਗਿੱਧੇ ਦਾ ਪਿੜ ਬੱਝਾ ਹੋਇਆ ਸੀ, ਢੋਲ ਵੱਜ ਰਹੇ ਸਨ ਪਰ ਸਿਆਣੇ ਵਿਆਕੁਲ ਗੁਰੂ ਨੂੰ ਵੇਖ ਕੇ ਉਦਾਸੀਆਂ ਪਾਈ ਮੁਰਝਾਏ ਬੈਠੇ ਸਨ। ਪਿੰਡ ਵੀ ਉਦਾਸ ਹੋ ਗਿਆ। ਏਨੀਆਂ ਮੀਂਹ ਦੀਆਂ ਛਿੱਟਾਂ ਤੋਂ ਬਾਅਦ।

□□

ਫੇਰ ਵਸਾਇਆ ਗੋਇੰਦਵਾਲ



ਲਹਿਣੇ ਪਾਈ ਨਾਨਕੋਂ,
ਦੇਣੀ ਅਮਰਦਾਸ ਘਰ ਆਈ।
ਗੁਰ ਬੈਠਾ ਅਮਰ ਸਰੂਪ ਹੋ,
ਗੁਰਮੁੱਖ ਪਾਈ ਦਾਤ ਇਲਾਹੀ।
ਫੇਰ ਵਸਾਯਾ ਗੋਇੰਦਵਾਲ,
ਅਚਰਜ ਖੇਲ ਨਾ ਲਖਿਆ ਜਾਈ।
ਦਾਤਿ ਜੋਤ ਖਸਮੇ ਵਡਿਆਈ॥

—ਭਾਈ ਗੁਰਦਾਸ:

੧

ਫੇਰ ਵਸਾਇਆ ਗੋਇੰਦਵਾਲ

ਆਵਾਜ਼ ਇਕ ਉਭਰੀ ਸੂਫ਼ੀ ਫ਼ਕੀਰ ਦੀ।

"ਫ਼ਰੀਦਾ ਮੈਂ ਜਾਣਿਆ ਦੁੱਖ ਮੁਝ ਕੋ ਦੁੱਖ ਸਬਾਏ ਜੱਗ, ਉੱਚੇ ਚੜ੍ਹ ਕੇ ਵੇਖਿਆ ਘਰ ਘਰ ਏਹਾ ਅੱਗ।"

—ਕੌਣ ਸੁਣਦਾ ਏ ਆਵਾਜ਼ ਜਿਦੇ ਵਿਚ ਸਚਾਈ ਹੋਵੇ। ਲੋਕ ਤੇ ਮਕਰ ਫ਼ਰੇਬ ਦੀ ਬੋਲੀ ਸਮਝਦੇ ਨੇ। ਫ਼ਕੀਰ ਆਪਣੀ ਗੱਲ ਆਖ ਕੇ ਅੱਗੇ ਲੰਘ ਗਿਆ, ਪਿਛੇ ਛੱਡ ਗਿਆ ਵਾਵਰੋਲਾ।

—ਇਕ ਜੱਟ ਆਪਣੀ ਕਹਾਣੀ ਪਾਈ ਜਾ ਰਿਹਾ ਸੀ, ਸਾਉਣ ਭਾਦੋਂ ਰੁੱਖੀਂ ਤੇ ਜੇਠ ਹਾੜ ਗੁੱਠੀਂ।

—ਗੁਰਾਂ ਦੀ ਭਾਲ ਕੀਤੀ ਏ ਕਿ ਕਿਧਰ ਚਲੇ ਗਏ। ਮੀਂਹ ਨਾ ਪਿਆ ਤਾਂ ਗੁਰੂ ਨੂੰ ਕੱਢ ਦਿੱਤਾ।

ਮੀਂਹ ਪੈ ਗਿਆ ਤਾਂ ਗੁਰੂ ਨੂੰ ਲੱਭਣ ਤੁਰ ਪਏ। ਹਨੇਰ ਸਾਈਂ ਦਾ ਇਹ ਜੱਟ ਰੱਬ ਤੋਂ ਵੀ ਨਹੀਂ ਡਰਦਾ। ਜਦੋਂ ਮਤਲਬ ਸੀ ਜੋਗੀਆਂ ਮਗਰ ਭੁਮਣੀਆਂ ਪਾਉਂਦੇ ਰਹੇ। ਜੋਗੀ ਕੋਲੋਂ ਖੂਹ ਨਾ ਕੱਢਿਆ ਗਿਆ ਤੇ ਫੇਰ ਚਰਨੀਂ ਹੱਥ ਲਾਉਣ ਆ ਗਏ ਗੁਰੂਆਂ ਦੇ। ਇਹ ਕਿਸ ਮਿੱਟੀ ਦੇ ਬਣੇ ਬੰਦੇ ਨੇ। ਧਰਮ, ਇਮਾਨ ਇਨ੍ਹਾਂ ਦੀ ਆਪਣੀ ਗਰਜ਼ ਏ, ਇਨ੍ਹਾਂ ਦੀਆਂ ਚਾਰੇ ਕੰਨੀਆਂ ਫੋਲ ਲਵੋ, ਕਿਤੇ ਧਰਮ ਇਮਾਨ ਛਟਾਂਕੀ ਪੋਟਲੀ ਵੀ ਨਹੀਂ ਲੱਭੇਗੀ। ਅਫ਼ੀਮ ਦਾ ਮਾਵਾ ਭਾਵੇਂ ਕਿਸੇ ਗੰਢ੍ਹ ਵਿਚੋਂ ਨਿਕਲ ਆਵੇ। ਖਡੂਰ ਦਾ ਇਕ ਆਦਮੀ ਆਖ ਰਿਹਾ ਸੀ।

—ਮੂੰਹ ਅੱਗੇ ਹੱਥ ਦੇ ਬਾਬਾ। ਅਸੀਂ ਤੇ ਐਵੇਂ ਚੁਕੇ ਚੁਕਾਏ ਜੋਗੀ ਦੇ ਮਗਰ ਲੱਗ ਤੁਰੇ। ਸਾਡਾ ਗੁਰੂ ਤੋਂ ਬਗੈਰ ਹੋਰ ਟਿਕਾਣਾ ਕਿਥੇ। ਚਲੋ ਗੁਰੂ ਲਭੀਏ, ਆਖਣ ਵਾਲਾ ਹੈ ਤੇ ਸਿਆਣਾ ਈ ਬੰਦਾ ਸੀ।

—ਕਲ ਦਾ ਭਾਈ ਅਮਰਦਾਸ ਚੁਰੱਸਤੇ ਵਿਚ ਖਲੋਤਾ ਹੋਣੈ, ਤੇ ਕਿਸੇ ਨੇ ਜਾ ਕੇ ਨਹੀਂ ਦੱਸਿਆ ਕਿ ਗੁਰੂ ਏਧਰ ਗਿਆ ਏ ਜਾਂ ਏਧਰ ਗਿਆ ਏ। ਕੋਈ ਰਾਹੀ ਆਉਂਦਾ ਏ ਤੇ ਵਿਚਾਰਾ ਪੁੱਛ ਲੈਂਦਾ ਏ ਭਈ ਮੇਰੇ ਗੁਰੂ ਵੇਖਿਆ ਈ। ਸਹਿਜ ਸੁਭੇਕੀ ਰਾਹੀ ਆਖ ਦੇਂਦਾ ਏ ਮੈਂ ਸੁਣਿਆ ਏ ਕਿ ਗੁਰੂ ਇਸ ਪਿੰਡ ਵੱਲ ਗਏ ਹਨ। ਉਨ੍ਹਾਂ ਨੇ ਗੁਰੂ ਦਾ ਸਹੀ ਟਿਕਾਣਾ ਕਿਸੇ ਨੇ ਵੀ ਨਾ ਦੱਸਿਆ। ਗੁਰੂ ਅਗਲੇ ਪਿੰਡ ਚਲੇ ਗਏ। ਦੂਜੇ ਪਿੰਡ ਵਾਲਿਆਂ ਮੱਥੇ ਤੇ ਅੱਖਾਂ ਧਰ ਲਈਆਂ। ਗੁਰੂ ਉਸ ਪਿੰਡ ਵਿਚ ਵੀ ਨਾ ਠਹਿਰ ਸਕੇ। ਤੀਜੇ ਪਿੰਡ ਵਾਲੇ ਏਨੇ ਤੋਤਾ ਚਸ਼ਮ ਨਿਕਲੇ ਕਿ ਉਨ੍ਹਾਂ ਪਾਣੀ ਦਾ ਘੁੱਟ ਵੀ ਨਾ ਪੀਣ ਦਿੱਤਾ। ਚੌਥੇ ਪਿੰਡ ਵਾਲਿਆਂ ਅੱਖ ਨਾਲ ਅੱਖ ਨਾ ਮਿਲਾਈ। ਪਿੰਡ ਵਾਲਿਆਂ ਗੁਰੂ ਨੂੰ ਰਾਤ ਵੀ ਕੱਟਣ ਨਾ ਦਿੱਤੀ। ਛੇਵੇਂ ਪਿੰਡ ਵਾਲਿਆਂ ਸਿਰਫ਼ ਧੱਕੇ ਈ ਨਾ ਮਾਰੇ ਬਾਕੀ ਕੋਈ ਕਸਰ ਨਾ ਛੱਡੀ। ਸੱਤਵੇਂ ਪਿੰਡ ਵਾਲਿਆਂ ਗੋਂਗਲੂਆਂ ਤੋਂ ਮਿੱਟੀ ਝਾੜ ਕੇ ਵਿਖਾ ਦਿੱਤੀ। ਮਹਾਰਾਜ ਸਾਡੇ ਪਿੰਡ ਵਿਚ ਰਾਤੀਂ ਰੋਜ਼ ਚੋਰ ਪੈਂਦੇ ਹਨ ਇਸ ਲਈ ਤੁਸੀਂ ਦੂਜੇ ਪਿੰਡ ਜਾ ਠਹਿਰੋ। ਚੋਰਾਂ ਦਾ ਕੀ ਏ ਕਿਤੇ ਲੁੱਟ ਪੁੱਟ ਈ ਲੈ ਜਾਣ, ਅਸੀਂ ਕੀ ਮੂੰਹ ਲੈ ਕੇ ਜਾਵਾਂਗੇ ਖਡੂਰ ਅੱਗੇ। ਫੋਕੇ ਪਾਣੀ ਦਾ ਘੜਾ ਇਕ ਮਾਈ ਜ਼ਰੂਰ ਲੈ ਆਈ ਤੇ ਆਖਣ ਲੱਗੀ, ਹਜ਼ੂਰ ਜਲ ਛੱਕੋ ਮੈਂ ਏਨੇ ਜੋਗੀ ਹਾਂ, ਇਨ੍ਹਾਂ ਨੂੰ ਧਨ ਦੀ ਖ਼ੁਮਾਰੀ ਏ ਮੈਂ ਬਿਲਕੁਲ ਨਿਢਾਲ ਅੰਨ੍ਹੀ ਆਂ, ਮੇਰੇ ਘਰ ਸਿਰਫ਼ ਰੱਬ ਦਾ ਨਾਂ ਈ ਏ ਹੋਰ ਕੁਝ ਨਹੀਂ। ਮੇਰੇ ਘਰ ਤੇ ਕੋਈ ਚੋਰ ਨਹੀਂ ਪਏ। ਸੰਗਤ ਵਿਚੋਂ ਇਕ ਬੰਦੇ ਨੇ ਆਖਿਆ ਮਾਈ ਤੇਰੇ ਘਰ ਚੋਰਾਂ ਨੇ ਖੇਹ ਖਾਣੀ ਏ ਉਥੇ ਦਿਨੇਂ ਕੁਝ ਨਹੀਂ ਲੱਭਦਾ, ਰਾਤੀਂ ਉਨ੍ਹਾਂ ਕੀ ਲੈਣਾ ਏ ਘਰ ਤੇਰੇ ਫੋਲ ਕੇ। ਜਿਥੇ ਮਾਇਆ ਦੇ ਗਫ਼ੇ ਲੱਭਣ ਚੋਰ ਉਥੇ ਈ ਜਾਂਦੇ ਹਨ।

ਮੈਂ ਸੁਣਿਆ ਏ ਕਿ ਅੱਜ ਕਲ੍ਹ ਸਾਧ ਖਾਨ ਰਜ਼ਾਦਾ ਵਿਚ ਆਸਣ ਜਮਾਈ ਬੈਠੇ ਹਨ, ਏਨੀ ਗੱਲ ਆਖ ਕੇ ਮੁਸਾਫ਼ਰ ਆਪਣੇ ਰਾਹੇ ਪੈ ਗਿਆ।

ਓਸ ਪਿੰਡ ਨੂੰ ਭਾਗ ਤੇ ਲਗਣੇ ਹੀ ਸਨ ਜਿਥੇ ਗੁਰਾਂ ਨੇ ਚਰਨ ਪਾਏ। ਉਹ ਜਗ੍ਹਾ ਤੀਰਥ ਤੋਂ ਘੱਟ ਥੋੜ੍ਹੀ ਹੋ ਸਕਦੀ ਏ ਜਿਥੇ ਗੁਰੂ ਵਸਦਾ ਹੋਵੇ। ਇਹ ਤੇ ਨਿਭਾਗੇ ਹਨ ਜਿਨ੍ਹਾਂ ਘਰ ਆਇਆ ਗੁਰੂ ਘਰੋਂ ਕੱਢ ਗਵਾਇਆ। ਚਲੋ ਇਨ੍ਹਾਂ ਦੇ ਭਾਗ ਇਨ੍ਹਾਂ ਨਾਲ। ਭਾਵੇਂ ਚਾਰੇ ਕੰਨੀਆਂ ਝਾੜ ਕੇ ਖਡੂਰ ਵਿਚੋਂ ਨਿਕਲਿਆ ਸੀ ਗੁਰੂ ਪਰ ਰੱਬੀ ਰਹਿਮਤਾਂ ਨੇ ਉਥੇ ਹੀ ਲਹਿਰਾਂ ਬਹਿਰਾਂ ਕਰ ਦਿੱਤੀਆਂ। ਸੰਗਤ ਤੇ ਪੰਗਤ ਉਥੇ ਵੀ ਵੇਖੀ ਲੋਕਾਂ। ਪਿੰਡ ਵਾਲੇ ਤੇ ਮੂੰਹ ਵਿਚ ਉਂਗਲਾਂ ਪਾ ਰਹੇ ਸਨ। ਲੋਕ ਆਪੇ ਈ ਰਸਦ ਢੁੱਕੀ ਆ ਰਹੇ ਸਨ। ਕੌਣ ਕਿਥੋਂ ਆਏ ਹਨ ਕਿਹੜਾ ਇਨ੍ਹਾਂ ਦਾ ਪਿੰਡ ਏ, ਕੋਈ ਨਹੀਂ ਸੀ ਜਾਣਦਾ। ਹਾਂ ਸਾਹਮਣੇ ਬਾਹੀ ਵਾਲੇ ਕੋਈ ਆਟਾ ਲਿਆ ਰਿਹਾ ਸੀ ਕੋਈ ਦੁੱਧ, ਦਾਲ ਤੇ ਸਬਜ਼ੀਆਂ ਦੇ ਢੇਰ ਲੱਗ ਗਏ। ਕੋਈ ਦੇਗ ਲੈ ਆਇਆ, ਤੇ ਕਿਸੇ ਨੇ ਲੋਹ ਗੱਡ ਦਿੱਤੀ। ਜਿਥੇ ਸੰਗਤ ਜੁੜੀ ਉਥੇ ਹੀ ਲੰਗਰ ਪੱਕਣਾ ਸ਼ੁਰੂ ਹੋ ਗਿਆ। ਥੋੜ੍ਹੀ ਜਿਹੀ ਗੱਲ ਵਿਚ ਗੁਰੂ ਦੀ ਮਹਿਮਾ ਵੇਖੀ ਲੋਕਾਂ। ਇਹੋ ਜਿਹੀ ਹਾਲਤ ਤੇ ਫੇਰ ਕੌਣ ਸੀ ਜਿਹੜਾ ਸਿਰ ਨਾ ਝੁਕਾਉਂਦਾ

ਗੁਰੂ ਨੂੰ। ਖਡੂਰ ਤੋਂ ਨਿਕਲਣ ਨਾਲ ਬਦਨਾਮੀ ਮੱਥੇ ਨਾ ਲੱਗੀ ਸਗੋਂ ਪ੍ਰਕਾਸ਼ ਵਧਿਆ। ਚਰਚਾ ਫੈਲੀ, ਕੱਚੇ ਪਿਲੇ ਦਿਲ ਵਾਲਿਆਂ ਦੇ ਇਰਾਦੇ ਮਜ਼ਬੂਤ ਹੋ ਗਏ। ਨਿਸ਼ਚਾ ਪਹਾੜ ਵਾਂਗ ਅਟੱਲ ਹੋ ਗਿਆ। ਜੰਗਲ ਵਿਚ ਮੰਗਲ ਹੋ ਗਿਆ। ਸਾਰਾ ਦਿਨ ਦੁੱਧ ਰਿਜਦਾ ਰਿਹਾ। ਚਾਰ ਮੁੱਠਾਂ ਚੌਲਾਂ ਦੀਆਂ ਪੂਰੀ ਦੇਗ ਵਿਚ ਪਾਈਆਂ ਕੜ-ਕੜ ਕੇ ਖੀਰ ਬਣ ਗਈਆਂ। ਪਿੰਡ ਵਾਲਿਆਂ ਇਹੋ ਜਿਹੀ ਖੀਰ ਆਪਣੀਆਂ ਸੱਤਾਂ ਪੁਸ਼ਤਾਂ ਵਿਚ ਕਦੇ ਨਹੀਂ ਸੀ ਖਾਧੀ। ਉਂਗਲਾਂ ਚਟਦੇ, ਪਰਾਕੇ ਮਾਰਦੇ, ਉਨ੍ਹਾਂ ਦੇ ਭਾਗਾਂ ਵਿਚ ਇਹੋ ਜਿਹੀ ਖੀਰ ਕਿਥੇ, ਅੱਖਾਂ ਮਲ ਕੇ ਉਨ੍ਹਾਂ ਕਦੇ ਨਹੀਂ ਸੀ ਵੇਖੀ। ਸ਼ਾਇਦ ਉਨ੍ਹਾਂ ਦੇ ਬਜ਼ੁਰਗਾਂ ਨੇ ਕਦੀ ਖਵਾਬ ਵੇਖੇ ਹੋਣ। ਗੁਰੂ ਦੇ ਪੈਰਾਂ ਦੇ ਚਿੰਨ੍ਹ ਤੀਰਥਾਂ ਨੂੰ ਜਨਮ ਦੇਣਗੇ, ਕੁਦਰਤ ਬੜੀ ਬੇਨਿਆਜ਼ ਏ। ਪ੍ਰਭੂ ਦੇ ਪਿਆਰਿਆਂ ਦੇ ਕੰਮ ਆਪੇ ਈ ਰਾਸ ਹੋ ਜਾਂਦੇ ਹਨ।

—ਖਡੂਰ ਦੇ ਸਿਆਣੇ ਸ਼ਰਮਿੰਦੇ ਹੋਏ ਬਾਹਰ ਨਹੀਂ ਸਨ ਨਿਕਲਦੇ। ਸਾਰਾ ਪਿੰਡ ਇਕ ਚੁਰੱਸਤੇ ਵਿਚ ਇਕੱਠਾ ਹੋਇਆ ਬੈਠਾ ਸੀ। ਪਰ੍ਹਿਆ ਜਿਹੀ ਲੱਗੀ ਹੋਈ ਸੀ। ਕੋਈ ਕੁਝ ਆਖਦਾ ਤੇ ਕੋਈ ਕੁਝ। ਭਾਈ ਅਮਰਦਾਸ ਵਿਆਕੁਲ ਸੀ, ਘਬਰਾਇਆ ਹੋਇਆ ਸੀ। ਜਿਵੇਂ ਰਾਹ ਤੋਂ ਭੁੱਲਾ ਮੁਸਾਫ਼ਰ, ਸ਼ਰਮ ਵਿਚ ਪਾਣੀਓਂ ਪਤਲੇ ਹੋਏ ਫਿਰਦੇ ਸਨ ਲੋਕ, ਭਾਵੇਂ ਅੱਖਾਂ ਨਹੀਂ ਸਨ ਉੱਚੀਆਂ ਕਰ ਸਕਦੇ ਪਰ ਫੇਰ ਵੀ ਚੁਰਾਹੇ ਤੇ ਭੀੜ ਇਕੱਠੀ ਹੋ ਗਈ।

—ਸ਼ਰਮ ਲਾਹਵੋ, ਝੁੱਗਿਆਂ 'ਚੋਂ ਮੂੰਹ ਕੱਢੋ, ਅੱਖਾਂ 'ਚ ਅੱਖਾਂ ਪਾਵੋ, ਵਾਹਰ ਪਾਉਂਦੇ ਚਲੋ। ਗੁਰੂ ਲੱਭੋ, ਇਕ ਬੰਦੇ ਨੇ ਸਲਾਹ ਦਿੱਤੀ।

ਖ਼ਾਨ ਰਜ਼ਾਦਾ ਵਿਚ ਗੁਰੂ ਦਾ ਡੇਰਾ ਏ, ਘੋੜੀਆਂ ਕੱਸੋ, ਦਿਨ ਡੁੱਬਣ ਤੋਂ ਪਹਿਲਾਂ ਗੁਰੂ ਦੇ ਚਰਨ ਜਾ ਕੇ ਫੜੋ, ਦੂਜੇ ਆਦਮੀ ਦੇ ਬੋਲ ਸਨ।

—ਇਕ ਆਵਾਜ਼ ਹੋਰ ਉਭਰੀ, ਭਾਈ ਅਮਰ ਦਾਸ ਨੂੰ ਘੋੜੇ ਤੇ ਬਿਠਾਵੋ, ਇਹ ਰੁੱਸਿਆ ਰੱਬ ਮਨਾ ਸਕਦੇ ਹਨ।

—ਨਾ ਨਾ ਭਾਈ ਮੈਂ ਨਹੀਂ ਘੋੜੇ ਤੇ ਬਹਿਣਾ, ਮੈਂ ਤੇ ਗੁਰੂ ਕੋਲ ਨੰਗੇ ਪੈਰੀਂ ਜਾਵਾਂਗਾ।

—ਸਾਰੇ ਪਿੰਡ ਨੇ ਜੁੱਤੀਆਂ ਲਾਹ ਲਈਆਂ, ਵਹੀਰ ਨਿਕਲੀ ਗੁਰੂ ਲੱਭਣ। ਘਰੋਂ ਘਰ ਗੁਆਇਆ ਤੇ ਬਾਹਰੋਂ ਭੜੂਆ ਅਖਵਾਇਆ। ਗੁਰੂ ਨੂੰ ਕਢਣ ਲੱਗਿਆਂ ਤੇ ਸ਼ਰਮ ਨਹੀਂ ਸੀ ਆਈ। ਹੁਣ ਕਿਹੜਾ ਮੂੰਹ ਲੈ ਕੇ ਜਾਵੋਗੇ, ਚੁਥੀਆਂ ਵਿਚੋਂ ਸਿਰ ਕੱਢੋ ਕੇਸਰੀ ਪੱਗਾਂ ਵਾਲਿਓ ਤੇ ਹੁਣ ਝੁੱਗਿਆਂ ਵਿਚ ਮੂੰਹ ਲੁਕਾਉਣ ਦਾ ਵੇਲਾ ਨਹੀਂ। ਦੂਰ ਨਾ ਨਿਕਲ ਜਾਏ ਗੁਰੂ, ਨੰਗੇ ਪੈਰੀਂ ਚਲੋ ਬਖਸ਼ ਦੇਵੇਗਾ ਬਖਸ਼ਣਹਾਰ। ਛੇਤੀ ਕਰੋ ਅਕਲ ਦੇ ਅੰਨ੍ਹਿਓਂ, ਗੁਰੂ ਨਾਲ ਜਾ ਰਲੀਏ, ਸੂਝਵਾਨ ਬੰਦੇ ਨੇ ਆਖਿਆ।

—ਸਾਡੀ ਹਾਲਤ ਉਸੇ ਅੰਨ੍ਹੇ ਵਰਗੀ ਏ ਜਿਹੜਾ ਹਨੇਰੇ ਵਿਚ ਹੱਥ ਮਾਰ ਰਿਹਾ ਏ, ਪਰ ਜਦੋਂ ਉਹ ਆਪਣੇ ਹੱਥਾਂ ਨੂੰ ਵੇਖਦਾ ਏ ਦੋਵੇਂ ਹੱਥ ਖ਼ਾਲੀ ਨੇ।

—ਬੌਂਦਲ ਕਿਉਂ ਗਏ ਹੋ, ਹਿੰਮਤ ਏ ਮਰਦਾਂ, ਮੱਦਦੇ ਖ਼ੁਦਾ।

—ਹੁਣ ਕੀ ਸੋਚ ਰਹੇ ਹੋ। ਕੋਈ ਪਾਂਧਾ ਪੁੱਛਣਾ ਜੇ ਜਾਂ ਮਹੂਰਤ ਕਢਾਣਾ ਜੇ, ਆਵਾਜ਼ ਓਸੇ ਸੂਫ਼ੀ ਫ਼ਕੀਰ ਦੀ ਸੀ।

—ਭਾਈ ਅਮਰਦਾਸ ਨੂੰ ਅੱਗੇ ਲਾਵੇ, ਰਾਧਾ ਤੋਂ ਬਗੈਰ ਸ਼ਾਮ ਨਹੀਂ ਮੰਨਣਾ, ਇਕ ਬ੍ਰਾਹਮਣ ਦੇ ਵਿਚਾਰ ਸਨ।

—ਮੇਰਾ ਗੁਰੂ, ਮੇਰੇ ਇਸ਼ਟ, ਮੇਰੇ ਮਿਹਰਬਾਨ, ਮੇਰੇ ਸਤਿਗੁਰੂ, ਕਿਧਰ ਕੱਢ ਦਿੱਤੇ ਪਿੰਡ ਨੇ, ਕਿਧਰ ਚਲੇ ਗਏ ਮਿਹਰਾਂ ਦੇ ਦਾਤੇ, ਮੈਂ ਕਿਧਰ ਜਾਵਾਂ, ਕਿਨੂੰ ਪੁੱਛਾਂ। ਦਸ-ਧੁਖ ਕਿਤੇ ਪਵੇ ਤੇ ਮੈਂ ਮਗਰ ਲੱਗਾਂ, ਕਿਸ ਡੰਡੀ, ਕਿਸ ਰਾਹ ਥਾਣੀ ਗਿਆ ਹੋਣਾ ਏ ਮੇਰਾ ਗੁਰੂ। ਕੋਈ ਗਲਤ ਦੱਸੇ, ਕੋਈ ਠੀਕ ਦੱਸੇ, ਇਕ ਪਿੰਡ, ਦੋ ਪਿੰਡ ਖੁਚੀਂ ਘੱਟਾ ਪਵੇਗਾ, ਕਿਤੇ ਨਾ ਕਿਤੇ ਜਾ ਕੇ ਤਾਂ ਸੁਰਾਖ਼ ਮਿਲੂ, ਗੁਰੂ ਕਿਸੇ ਪਾਸੇ ਤਾਂ ਗਿਆ ਏ, ਅਸਮਾਨ ਵਿਚ ਤਾਂ ਨਹੀਂ ਨਾ ਉੱਡ ਗਿਆ, ਜ਼ਮੀਨ ਤਾਂ ਨਹੀਂ ਨਾ ਨਿਗਲ ਗਈ, ਮੇਰਾ ਗੁਰੂ ਮੈਨੂੰ ਛੱਡ ਕੇ ਨਹੀਂ ਜਾ ਸਕਦਾ। ਕੱਲ ਗਲੀ ਗਇਓ ਸ਼ਾਮ, ਬਿੰਦਰਾਬਨ ਦੀ ਕੁੰਜ ਗਲੀ ਵਿਚ ਮੁਰਾਰੀ ਬੰਸਰੀ ਦੀ ਲੈਅ ਵਿਚ ਮਗਨ ਹੋਵੇਗਾ।

—ਵਹੀਰਾਂ ਤੁਰੀਆਂ, ਭਾਈ ਅਮਰ ਦਾਸ ਸਭ ਤੋਂ ਅੱਗੇ ਸਨ। ਸੂਰਜ ਡੁੱਬਣ ਤੋਂ ਪਹਿਲਾਂ ਖ਼ਾਨ ਰਜ਼ਾਦਾ ਪਿੰਡ ਵਿਚ ਪੁੱਜ ਗਿਆ, ਜੱਥਾ ਖਡੂਰ ਵਾਲਿਆਂ ਦਾ। ਖ਼ਬਰਾਂ ਗੁਰੂ ਨੂੰ ਵੀ ਪੁੱਜ ਗਈਆਂ। ਸਾਰਾ ਪਿੰਡ ਆਇਆ ਏ।

—ਗੁੱਸਾ ਤੇ ਬੜਾ ਸੀ, ਤਿਊੜੀਆਂ ਵੀ ਚੜ੍ਹੀਆਂ ਹੋਈਆਂ ਸਨ, ਪਰ ਪਲ ਵਿਚ ਉੱਤਰ ਗਈਆਂ। ਸੰਗਤ ਆਈ ਏ, ਆਪਣੇ ਪਿੰਡ ਦੀ, ਲੋਕ ਜੋਸ਼ ਵਿਚ ਅੱਗੇ ਜਾ ਰਹੇ ਸਨ, ਉਹ ਪਹਿਲਾਂ ਹੀ ਪੁੱਜ ਗਏ ਸਨ, ਗੁਰੂ ਅੱਗੇ ਮੱਥੇ ਰਗੜ-ਰਗੜ ਕੇ ਉਨ੍ਹਾਂ ਮੱਥੇ ਦੀਆਂ ਲਕੀਰਾਂ ਬੁਝਾ ਲਈਆਂ ਸਨ।

—ਪਤਵੰਤਿਆਂ ਦੀ ਢਾਣੀ ਅੱਗੇ ਅਮਰ ਦਾਸ ਜਦੋਂ ਗੁਰਾਂ ਨੂੰ ਵੇਖਿਆ ਤਾਂ ਭਾਈ ਅਮਰ ਦਾਸ ਨੇ ਚਰਨ ਬੰਦਨਾ ਕੀਤੀ। ਆਖਦੇ ਹਨ ਕਿ ਗੁਰਾਂ ਨੇ ਮੁੱਖ ਮੋੜ ਲਿਆ, "ਮੁੱਖ ਫੇਰ ਪੀਠ ਕਰ ਧਰੀ"। ਪਰ ਜਦੋਂ ਦੂਜੇ ਪਾਸੇ ਭਾਈ ਸਾਹਿਬ ਹੋਏ ਤੇ ਗੁਰਾਂ ਮੂੰਹ ਦੂਜੇ ਪਾਸੇ ਫੇਰ ਲਿਆ। ਤੀਜੀ ਦਿਸ਼ਾ ਵਲ ਫੇਰ ਉਦਮ ਕੀਤਾ। ਗੁਰਾਂ ਨੇ ਮੁੱਖ ਚੜ੍ਹਦੇ ਵੱਲ ਕਰ ਲਿਆ;

ਹੁਣ ਆਸ ਪੂਰੀ ਹੋਣ ਦਾ ਵਕਤ ਸੀ। ਚੜ੍ਹਦੇ ਸੂਰਜ ਵਲ ਜਦ ਮੱਥਾ ਟੇਕਿਆ ਤਾਂ ਗੁਰਾਂ ਨੇ ਸ਼ਾਂਤ ਸੁਭਾਅ ਨਾਲ ਫੁਰਮਾਇਆ:

—ਤੱਪੇ ਦੀ ਅਰਥੀ ਚੁੱਕ ਆਏ ਓ, ਫੁਲ ਚੁਣ ਕੇ ਆਉਣਾ ਸੀ।

—ਤੱਪੇ ਨੇ ਜੋ ਕੀਤਾ ਪਾ ਲਿਆ। ਈਰਖਾ ਵਿਚ ਸੜ ਰਿਹਾ ਸੀ। ਤੁਹਾਡਾ ਡੇਰਾ ਵੇਖ ਕੇ ਉਹ ਸਹਾਰ ਨਾ ਸਕਿਆ, ਉਸ ਜਿਹੀ ਕੀਤੀ ਤਿਹੀ ਪਾ ਲਈ, ਉਸਨੂੰ ਸਜ਼ਾ ਮਿਲ ਗਈ, ਬਖ਼ਸ਼ਣਹਾਰ ਬਖਸ਼ ਲੈ। ਇਹ ਠੀਕ ਰਾਹ ਨਹੀਂ, "ਮਿਥਿਆ ਹਰਖ ਸੋਕ ਅਰ ਮਾਨਾ! ਮਿਥਿਆ ਮੈਂ ਤੂੰ ਅਰ ਅਪਮਾਨਾ।" ਮੈਂ ਤੁਹਾਨੂੰ ਜਰਨ ਦੀ ਸਿੱਖਿਆ ਦਿੱਤੀ ਸੀ। ਜੋ ਨੀਂਵਿਆਂ ਸੋ ਤਰਿਆ, ਗੁੱਸਾ ਚੰਡਾਲ ਏ, ਜ਼ਰਾ ਕੁ ਗੁੱਸਾ ਆਇਆ ਤੇ ਭੁੱਲ ਗਏ। ਜੇ ਇਹ ਕਰਾਮਾਤ ਵੇਖਣੀ, ਵਿਖਾਉਣੀ ਸੀ ਤੇ ਹਉਮੈ ਨੂੰ ਰਾਜ਼ੀ ਕਰਨਾ ਸੀ ਜੇ ਤੁਸਾਂ ਆਪਣਾ ਆਪ ਵਿਖਾਉਣਾ ਹੀ ਸੀ, ਆਪਣੀ ਮਹੱਤਤਾ ਜਤਾਉਣੀ ਸੀ ਤਾਂ ਫੇਰ ਸਾਡੇ ਡੇਰੇ ਕਿਉਂ ਆਉਣਾ ਸੀ। ਕੌਣ ਏ ਜੋ ਈਰਖਾ ਤੋਂ ਖ਼ਾਲੀ ਏ, ਜਿਹੜਾ ਬੰਦਾ ਕਿਸੇ ਦੇ ਅੰਦਰੋਂ ਉਹਦੀ ਮੈਂ ਗੁਵਾ ਦੇਵੇ ਉਹ ਬਖਸ਼ਣਹਾਰ ਏ, ਤੇ ਜਿਹੜਾ ਆਪਣੇ ਅੰਦਰੋਂ

ਆਪਣੀ ਮੈਂ ਨਾ ਗਵਾ ਸਕੇ ਕੀ ਉਹ ਸਜ਼ਾ ਵਾਰ ਨਹੀਂ। ਅਸਾਂ ਤੇ ਇਨਸਾਫ਼ ਦਾ ਇਕ ਰਾਹ ਦੱਸਿਆ ਸੀ ਤੈਨੂੰ, ਸ਼ਾਂਤ ਰਹਿਣਾ, ਖਿਮਾਂ ਕਰਨੀ, ਏਸੇ ਨਾਲ ਹਉਮੈਂ ਮਰਦੀ ਏ। ਭੀੜ ਨੂੰ ਖੁਸ਼ ਕਰਨਾ ਸਾਡਾ ਰਾਹ ਨਹੀਂ, ਸਹਿਣਸ਼ੀਲਤਾ ਚਾਹੀਦੀ ਏ, ਧਰਤੀ ਵਰਗੀ। ਦੁੱਖ ਸੁੱਖ ਵਿਚ ਅਡੋਲਤਾ ਪਰਬਤ ਵਰਗੀ। ਤੇ ਜੇਰਾ ਰੁੱਖ ਵਰਗਾ, ਨਿਮਰਤਾ ਬਰਫ਼ ਜਿਹੀ, ਵਿਸ਼ਾਲਤਾ ਆਕਾਸ਼ ਤੁਲ, ਤੇਜ ਸੂਰਜ ਵਰਗਾ, ਅਸੀਂ ਤੇ ਸਰਬਤ ਦਾ ਭਲਾ ਮੰਗਣ ਵਾਲੇ ਹਾਂ।

ਸਾਰੇ ਪਿੰਡ ਨੇ ਪਸ਼ਚਾਤਾਪ ਕੀਤਾ। ਤੇ ਭਾਈ ਅਮਰਦਾਸ ਨੇ ਵੀ ਖਿਮਾਂ ਮੰਗੀ ਗਲ ਵਿਚ ਪਰਨਾ ਪਾ ਕੇ। ਗਰਮ ਲੋਹਾ ਜਲ ਵਿਚ ਡਿੱਗਾ ਸੀਤਲ ਹੋ ਗਿਆ।

—ਸੰਗਤਾਂ ਕੀ ਚਾਹੁੰਦੀਆਂ ਹਨ। ਤੁਸੀਂ ਮੈਨੂੰ ਖਡੂਰ ਲਿਜਾਣ ਲਈ ਆਏ ਓ।

—ਇਕ ਸ਼ਰਤ ਤੇ ਮੈਂ ਖਡੂਰ ਚਲ ਸਕਦਾ ਹਾਂ।

—ਮਨਜ਼ੂਰ, ਲੋਕਾਂ ਕੰਨ ਫੜ ਲਏ।

—ਤਪੇ ਦੀ ਯਾਦ ਵਿਚ ਲੰਗਰ ਲੁਆਵੇ, ਜਾਂਦਿਆਂ, ਗ਼ਰੀਬ ਭੁੱਖੇ, ਤੇ ਉਨ੍ਹਾਂ ਮੁਥਾਜ ਬੰਦਿਆਂ ਨੂੰ ਖੁਆਵੇ ਜਿਹੜੇ ਬੇ-ਆਸਰਾ ਹਨ ਤਾਂ ਜੋ ਤੱਪੇ ਦੀ ਰੂਹ ਨੂੰ ਸਾਂਤੀ ਮਿਲੇ, ਭੁੱਖ ਨਿਕਲੇ ਪਿੰਡ ਦੀ।

—ਗੁਰੂ ਤੁਰ ਪਿਆ, ਲੋਕਾਂ ਨੇ ਸਿਰ ਤੇ ਚੁੱਕ ਲਿਆ, ਪਰ ਖ਼ਾਨ ਰਜ਼ਾਦਾ ਪਿੰਡ ਵਾਲੇ ਰਾਹ ਵਿਚ ਮੂਹਦੇ ਪੈ ਗਏ ਅਸਾਂ ਜਾਣ ਨਹੀਂ ਦੇਣਾ, ਏਨੇ ਦਿਨਾਂ ਦੇ ਤੁਸੀਂ ਕਿਥੇ ਸੀ। ਰੱਬ ਸਾਡਾ ਏ, ਸਾਡੇ ਘਰ ਆਇਆ ਏ, ਹੁਣ ਰੱਬ ਸਾਡਾ ਹੀ ਰਹੇਗਾ, ਤੁਸੀਂ ਜਾਓ, ਗੁੱਲੀ ਡੰਡਾ ਖੇਡੋ, ਅਸਾਂ ਰੱਬ ਨੂੰ ਆਪਣੇ ਕੋਲ ਹੀ ਰਖਣੈ ਹੁਣ।

ਮੈਂ ਸਦਾ ਤੁਹਾਡੇ ਅੰਗ-ਸੰਗ ਰਹਾਂਗਾ, ਇਹ ਵਹੀਰ ਆਈ ਏ। ਹੁਣ ਇਨ੍ਹਾਂ ਦੀ ਰੱਖ ਲਵੋ, ਤੁਸੀਂ ਜਦੋਂ ਯਾਦ ਕਰੋਗੇ ਅਸੀਂ ਹਾਜ਼ਰ ਹੋ ਜਾਵਾਂਗੇ।

—ਸਾਰੇ ਪਿੰਡ ਅੱਗੇ ਝੋਲੀਆਂ ਅੱਡੀਆਂ, ਖਡੂਰ ਦਿਆਂ ਧੌਲੀਆਂ ਦਾੜ੍ਹੀਆਂ ਵਾਲਿਆਂ। ਪੈਰਾਂ ਤੇ ਸਿਰ ਧਰੇ ਸਾਡੀਆਂ ਝੋਲੀਆਂ ਭਰ ਦਿਓ, ਸਾਨੂੰ ਮੰਗਵਾਂ ਦੇ ਦਿਓ ਸਾਡਾ ਗੁਰੂ, ਲਿਲੜੀਆਂ ਲੈ ਰਿਹਾ ਸੀ, ਸਾਰਾ ਪਿੰਡ।

—ਇਕ ਵਾਰ ਲੈ ਜਾਵੋ, ਜਾਵੋ ਤੁਹਾਨੂੰ ਮੰਗਵਾਂ ਦਿੱਤਾ ਗੁਰੂ, ਜੇ ਤੁਸੀਂ ਦੂਜੀ ਵਾਰ ਕੱਢਿਆ ਅਸਾਂ ਫੇਰ ਨਹੀਂ ਜੇ ਦੇਣਾ, ਪਿੰਡ ਦੇ ਬਜ਼ੁਰਗਾਂ ਬੰਦਿਆਂ ਦੇ ਬੋਲ ਉਭਰੇ।

—ਤੁਹਾਡੀਆਂ ਮਿਹਰਾਂ, ਅਸੀਂ ਇਸ ਜੁੱਗ ਵਿਚ ਤੁਹਾਡਾ ਦੇਣ ਨਹੀਂ ਦੇ ਸਕਦੇ, ਤੁਸੀਂ ਦਾਤੇ ਓ, ਤੁਸੀਂ ਦਿਆਲੂ ਓ। ਗੁਰੂ ਨੂੰ ਨਾਲ ਲੈ ਕੇ ਤੁਰ ਪਿਆ ਸਾਰਾ ਪਿੰਡ।

ਖਡੂਰ ਵਾਲੇ ਰਾਹ ਵਿਚ ਪਾਣੀ ਦਾ ਛਿੜਕਾਅ ਕਰ ਰਹੇ ਸਨ। ਰਾਹ ਦੀ ਧੂੜ ਚੁੱਕ-ਚੁੱਕ ਕੇ ਮੱਥੇ ਨਾਲ ਲਾ ਰਹੇ ਸਨ, ਖਡੂਰ ਵਾਲੇ, ਪਰ ਪਛਤਾਵਾ ਅਜੇ ਵੀ ਉਨ੍ਹਾਂ ਦਾ ਪਿੱਛਾ ਨਹੀਂ ਸੀ ਛੱਡਦਾ। ਬਨਵਾਸ ਕੱਟ ਕੇ ਜਿੱਦਾਂ ਰਾਮ ਅਜੁਧਿਆ ਵਿਚ ਆ ਰਿਹਾ ਸੀ, ਰਾਹ ਦੇ ਸਾਰੇ ਪਿੰਡ ਵਾਲਿਆਂ ਦੀਪਮਾਲਾ ਕੀਤੀ, ਖੁਸ਼ੀਆਂ ਦੇ ਫੁੱਲ ਖਿੜ ਗਏ ਖਡੂਰ ਵਿਚ।

□□

ਕਈ ਲੋਕ ਤੇ ਝੂਠੇ ਪਲਾਲ ਕਰਦੇ ਹਨ, ਪਰ ਕਈ ਏਨੀ ਮਹਿਮਾਨ-ਨਿਵਾਜ਼ੀ ਕਰਨਾ ਜਾਣਦੇ ਹਨ, ਕਿ ਉਨ੍ਹਾਂ ਦਾ ਚੌਂਕਾ ਤੇ ਛੱਡ ਕੇ ਸਾਧਾਰਨ ਬੰਦਾ ਤੇ ਗੱਲ ਹੀ ਕੋਈ ਨਹੀਂ, ਜੇ ਕਿਤੇ ਭੁਲਿਆਂ, ਭੁਲਾਇਆਂ ਰੱਬ ਵੀ ਉਨ੍ਹਾਂ ਦੇ ਚੌਂਕੇ ਦੇ ਕੋਲ ਦੀ ਲੰਘ ਜਾਏ ਤਾਂ ਭੋਗ ਲਾਇਆ ਤੋਂ ਬਗੈਰ ਆਪਣਾਂ ਪੈਰ ਨਹੀਂ ਪੁੱਟ ਸਕਦਾ। ਸਿਆਣੇ ਆਖਦੇ ਹਨ, ਭਗਤ ਦੇ ਵਲ ਭਗਵਾਨ ਏ, ਭਗਤ ਚਾਹੇ ਤਾਂ ਭਗਵਾਨ ਨੂੰ ਜਿਹੜੇ ਪਾਸੇ ਮਰਜ਼ੀ ਲਾ ਲਾਵੇ। ਬੜੀ ਸ਼ਕਤੀ ਏ, ਭਗਤ ਦੀ ਸ਼ਰਧਾ ਵਿਚ।

ਸੰਗਤਾਂ ਦੀਆਂ ਟੋਲੀਆਂ ਚਾਨਣੀ ਰਾਤ ਵਿਚ ਚਲ ਰਹੀਆਂ ਸਨ। ਉਨ੍ਹਾਂ ਪਿੰਡਾਂ ਨੇ ਰਾਹ ਵਿਚ ਨੈਣ ਵਿਛਾਏ ਹੋਏ ਸਨ ਜਿਨ੍ਹਾਂ ਗੁਰੂ ਨੂੰ ਪਾਣੀ ਦੀ ਛਿੱਟ ਵੀ ਨਹੀਂ ਸਨ ਵਿਖਾਈ। ਗੱਲ ਵਿਚ ਸਾਫੇ ਪਾ ਕੇ ਨੱਕ ਰਗੜ ਰਗੜ ਕੇ ਭੁੱਲਾਂ ਬਖਸ਼ਾ ਰਹੇ ਸਨ।

ਅਸੀਂ ਭੁੱਲੇ, ਸਾਡਾ ਪਿਓ ਭੁੱਲਾ-ਸਾਡਾ ਖ਼ਾਨਦਾਨ ਭੁੱਲਾ, ਸਾਨੂੰ ਬਖਸ਼ੋ ਮਹਾਰਾਜ।

ਵਕਤ ਦੀ ਖੇਡ, ਸਮਾਂ ਬੜਾ ਬਲਵਾਨ ਏ, ਇਹਦੇ ਵਿਚ ਤੁਹਾਡਾ ਕੋਈ ਕਸੂਰ ਨਹੀਂ। ਵਕਤ ਦੀ ਲੀਲਾ ਸੀ, ਰਾਸ ਪਾਉਣ ਵਾਲਾ ਰਾਸ ਪਾਈ ਜਾ ਰਿਹਾ ਸੀ, ਗੋਪੀਆਂ ਨੇ ਆਖ਼ਰ ਨੱਚਣਾ ਹੀ ਸੀ। ਇਕ ਭਗਤਣੀ ਗਾ ਰਹੀ ਸੀ ਮੀਰਾਂ ਦਾ ਭਜਨ। ਜਿਉਂ ਜਿਉਂ ਸੁਰ ਨਿਕਲ ਰਹੀ ਸੀ ਲੋਕਾਂ ਅੰਦਰ ਚਾਨਣ ਹੋ ਰਿਹਾ ਸੀ। ਘੂੰਗਟ ਕੇ ਪਟ ਖੋਲ੍ਹ ਤੋਹੇ ਪੀਆ ਮਿਲੇਂਗੇ।

ਇਹ ਗੱਲ ਤੀਜੇ ਪਿੰਡ ਦੀ ਏ। ਉਥੇ ਇਕ ਪਰੇਮੀ ਆਣ ਚਰਨੀ ਲੱਗਾ, ਉਸ ਗੁਰੂ ਮਹਾਰਾਜ ਦੇ ਪੈਰ ਲਏ, ਫੜ ਛੱਡੇ ਈ ਨਾ, ਲੱਖ ਯਤਨ ਕੀਤੇ। ਸਾਰੇ ਖਡੂਰ ਦੇ ਵਾਸੀਆਂ ਆਪਣੀਆਂ ਪੱਗਾਂ ਲਾਹ ਕੇ ਪੈਰਾਂ ਤੇ ਧਰੀਆਂ ਪਰ ਉਹ ਨਾ ਹੀ ਮੰਨਿਆ।

—ਆਖਣ ਲੱਗਾ ਤੁਸਾਂ ਗੁਰੂ ਮੁੱਲ ਖ਼ਰੀਦਿਆ ਹੋਇਆ ਏ, ਉਦੋਂ ਕਿਥੇ ਸੀ ਜਦੋਂ ਗੁਰੂ ਨੂੰ ਪਿੰਡ 'ਚੋਂ ਕੱਢ ਦਿੱਤਾ ਸੀ, ਪਿੰਡ ਵਾਲਿਆਂ ਦੀ ਫਟਕੜੀ ਫੁੱਲ ਹੋ ਗਈ, ਇਕਾਂ ਵੀ ਬੋਲਣ ਜੋਗਾ ਨਾ ਰਿਹਾ।

—ਕੀ ਚਾਹੁਨੈ ਭਾਈ। ਭਾਈ ਅਮਰ ਦਾਸ ਨੇ ਪੁੱਛਿਆ।

—ਅੱਜ ਗੁਰੂ ਮੇਰੇ ਘਰ ਚਰਨ ਪਾਉਣਗੇ, ਦਿਨ ਚੜ੍ਹੇਗਾ ਤਾਂ ਪਰਸ਼ਾਦ ਛਕਾ ਕੇ ਮੈਂ ਤੋਰ ਜਾਂਗਾ ਗੁਰੂ ਨੂੰ, ਬਸ ਮੇਰੀ ਏਨੀ ਅਰਜ਼ ਏ।

—ਸਾਨੂੰ ਕਾਹਲ ਏ, ਅਸਾਂ ਅੱਜ ਦੀ ਰਾਤੀਂ ਖਡੂਰ ਪੁੱਜਣਾ ਏ, ਆਵਾਜ਼ ਇਕ ਖਡੂਰ ਵਾਸੀ ਦੀ ਸੀ।

—ਖਡੂਰ ਕਿਤੇ ਅੱਗੇ ਨਹੀਂ ਨੱਸ ਚੱਲਿਆ। ਮੈਂ ਤੇ ਜਾਣ ਨਹੀਂ ਦੇਣਾ।

ਤੁਸਾਂ ਜਾਣਾ ਏ ਤਾਂ ਚਲੇ ਜਾਓ, ਮੈਂ ਗੁਰਾਂ ਨੂੰ ਆਪ ਛੱਡ ਆਵਾਂਗਾ। ਲਓ ਮੈਂ ਰਾਹ ਵਿਚ ਲੰਮਾ ਪੈਣ ਲੱਗਾਂ, ਤੁਸੀਂ ਮੈਨੂੰ ਮਿੱਧ ਕੇ ਉਤੋਂ ਦੀ ਲੰਘ ਜਾਵੋ। ਇਹ ਮੇਰੀ ਸ਼ਰਧਾ ਏ, ਮੈਂ ਸੰਕਲਪ ਕੀਤਾ ਹੈ, ਮੇਰੇ ਪਿੰਡ ਤੇ ਕੋਈ ਕਲੰਕ ਨਹੀਂ, ਪਰ ਮੇਰਾ ਇਲਾਕਾ ਕਾਲਕ ਨਾਲ ਭਰਿਆ ਹੋਇਆ ਏ, ਸਾਨੂੰ ਧੋ ਲੈਣ ਦਿਓ, ਮੇਰੇ ਭਰਾਓ, ਸਾਡਾ ਵੀ ਗੁਰੂ ਤੇ ਹੱਕ ਏ। ਗੁਰੂ ਤੁਹਾਡਾ ਨਹੀਂ ਸਾਰੇ ਪੰਜਾਬ ਦਾ ਏ ਗੁਰੂ।

—ਜੇ ਅਸੀਂ ਅਜ ਨਾ ਪੁੱਜੇ ਤਾਂ ਸਾਡੀਆਂ ਸਵਾਣੀਆਂ ਨੇ ਸਾਨੂੰ ਘਰ ਨਹੀਂ ਵੜਨ ਦੇਣਾ।

—ਮੈਂ ਬੰਦਾ ਭੇਜ ਦੇਂਦਾ ਹਾਂ, ਉਹ ਆਪ ਹੱਥ ਜੋੜ ਆਊ। ਮਾਂ ਨੂੰ ਹਰ ਅੱਥਰਾ ਪੁੱਤ ਮਨਾ ਸਕਦਾ ਏ। ਲਾਜਵਾਬ ਹੋ ਗਈ ਸੰਗਤ ਖਡੂਰ ਦੀ। ਏਨਾ ਪਿਆਰ ਵੇਖ ਕੇ ਭਾਈ ਅਮਰ ਦਾਸ ਜੀ ਮੋਹਿਤ ਹੋ ਗਏ।

—ਚਲ ਫੇਰ ਸਿੱਖਾ, ਜਿੱਦਾਂ ਤੇਰੀ ਰੀਝ ਲੱਥਦੀ ਏ, ਤੂੰ ਆਪਣੀ ਰੀਝ ਲਾਹ ਲੈ, ਤੂੰ ਆਪਣਾ ਰਾਂਝਾ ਰਾਜ਼ੀ ਕਰ ਲੈ। ਵਾਗ ਫੜ ਲੈ ਤੇ ਤੁਰ ਪਉ ਆਪਣੇ ਪਿੰਡ ਵਲ ਗੁਰੂ ਨੂੰ ਲੈ ਕੇ ਤਾਰਿਆਂ ਦੀ ਛਾਵੇਂ-ਛਾਵੇਂ। ਜਦ ਭਾਈ ਅਮਰ ਦਾਸ ਜੀ ਨੇ ਵੇਖਿਆ ਕਿ ਸਾਰੇ ਪਿੰਡ ਨੇ ਪੱਗਾਂ ਲਾਹ ਕੇ ਸਾਰੇ ਰਾਹ ਵਿਚ ਵਿਛਾ ਦਿੱਤੀਆਂ ਹਨ। ਗੁਰੂ ਦਾ ਘੋੜਾ ਉਤੋਂ ਦੀ ਲੰਘ ਕੇ ਗਿਆ, ਉਨ੍ਹਾਂ ਦੇ ਪਿੰਡ।

—ਕੀ ਨਾਂ ਏ, ਗੁਰੂ ਪਿਆਰੇ ਦਾ।

—ਮਾਂ ਮੈਨੂੰ ਖੀਵਾ ਆਖਿਆ ਕਰਦੀ ਸੀ।

—ਤੇਰੇ ਪਿਆਰ ਦੀਆਂ ਕੱਚੀਆਂ ਤੰਦਾਂ ਲੋਹੇ ਦੀਆਂ ਜ਼ੰਜੀਰਾਂ ਬਣ ਗਈਆਂ ਹਨ। ਬੋਲ ਸੰਗਤ ਵਿਚੋਂ ਇਕ ਬੰਦੇ ਦੇ ਸਨ।

—ਮੇਰੇ ਕੱਚੇ ਕੋਠੇ ਦੀਆਂ ਕੰਧਾਂ ਦੇ ਲੇਹ ਵੀ ਝੜ ਗਏ ਹਨ, ਛੱਤ ਤਿੜਕ ਗਈ ਏ, ਦੁਗਾਠਾਂ ਦੋਹਰੀਆਂ ਹੋਣ ਵਾਲੀਆਂ ਹਨ। ਅਸੀਂ ਨਦੀ ਕੰਢੇ ਬੈਠੇ ਹਾਂ, "ਨਦੀ ਕਿਨਾਰੇ ਰੁਖੜਾ ਅੱਜ ਡਿੱਗਾ ਕਿ ਕਲ", ਸਾਡੀ ਤੇ ਹੁਣ ਇਹ ਅਵਸਥਾ ਏ ਕਿ ਸਾਡੇ ਭਾਗਾਂ ਨੂੰ ਰਬ ਸਾਡੇ ਕੋਲ ਦੀ ਲੰਘ ਰਿਹਾ ਏ। ਜੇ ਅਸਾਂ ਪਛਾਣ ਹੀ ਲਿਆ ਏ ਤੇ ਦੋ ਪਹਿਰ ਸਾਡੇ ਕੋਲ ਰਹਿਣ ਦਿਓ, ਗੁਰੂ ਤੁਹਾਡਾ ਏ, ਤੁਸਾਂ ਲੈ ਜਾਣਾ ਏ, ਸਾਨੂੰ ਵੀ ਚਰਨ ਧੋ ਲੈਣ ਦਿਓ, ਅਸੀਂ ਵੀ ਚਰਨਾਮਤ ਲੈ ਲਈਏ ਚਰਨ ਕਮਲਾਂ ਦੇ। ਭਾਈ ਖੀਵਾ ਵਜਦ ਵਿਚ ਆਇਆ, ਬਾਵਰਾ ਜਿਹਾ ਹੋ ਰਿਹਾ ਸੀ।

—ਵੇਖ ਸ਼ਰਧਾ ਦੀ ਅੱਤ, ਵੇਖਿਆ ਈ ਪਿਆਰ ਦਾ ਸਮੁੰਦਰ ਠਾਠਾਂ ਮਾਰਦਾ, ਹੈ ਈ ਕਿਤੇ ਸੁੱਧ-ਬੁੱਧ, ਗੁਰੂ ਅੰਗਦ ਦੇਵ, ਭਾਈ ਅਮਰ ਦਾਸ ਨਾਲ ਗੱਲਾਂ ਕਰ ਰਹੇ ਸਨ।

—ਦੁਨੀਆਂ ਪਰੇ ਤੋਂ ਪਰੇ ਪਈ ਏ, ਇਹਦਾ ਕੋਈ ਅੰਤ ਨਹੀਂ।

—ਜਿਨ ਪਰੇਮ ਕੀਓ ਤਿਨ ਹੀ ਪ੍ਰਭ ਪਾਇਓ, ਬਚਨ ਸਨ ਸਤਿਗੁਰਾਂ ਦੇ।

ਪੋਚਾ ਫੇਰ ਕੇ ਬੈਠੀ ਹੋਈ ਸੀ, ਖੀਵੇ ਦੇ ਘਰ ਵਾਲੀ, ਕੱਚੇ ਵਿਹੜੇ ਵਿਚ। ਪਿੜੀਆਂ ਪਾ ਕੇ ਸ਼ਿੰਗਾਰਿਆ ਉਸ ਵਿਹੜਾ, ਉਸੇ ਵੇਲੇ ਭਾਗ ਲਗ ਗਏ ਜਦ ਗੁਰਾਂ ਨੇ ਪੈਰ ਪਾਏ। ਸਵਰਗ ਦਾ ਹਲੂਣਾ ਜਿਹਾ ਆਉਣ ਲੱਗ ਪਿਆ। ਅੰਮ੍ਰਿਤ ਦੇ ਕੁੰਡ ਵਿਚ ਚੁੱਭੀ

ਮਾਰ ਰਹੀ ਸੀ, ਖੀਵੇ ਦੇ ਘਰ ਵਾਲੀ। ਦੁੱਧ ਚਿੱਟੀ ਚਾਨਣੀ ਵਿਚ ਉਸ ਜੋਤਾਂ ਜਗਾ ਰੱਖੀਆਂ ਸਨ।

—ਸੂਰਜ ਡੁੱਬਦਿਆਂ ਹੀ ਉਸ ਚਾਟੀ ਭਰ ਕੇ ਦੁੱਧ ਧਰ ਦਿੱਤਾ ਸੀ, ਸਾਰੀ ਰਾਤ ਦੁੱਧ ਕੜ੍ਹਦਾ ਰਿਹਾ। ਉਹ ਦੁੱਧ ਲਿਆ ਕੇ ਰੱਖਿਆ ਗੁਰੂ ਮਹਾਰਾਜ ਅੱਗੇ। ਮਹਾਰਾਜ ਨੇ ਆਪ ਵੀ ਪੀਤਾ ਤੇ ਸਾਰੀ ਸੰਗਤ ਵਿਚ ਵੀ ਵੰਡਿਆ। ਸਿੱਖ ਦੀ ਸ਼ਰਧਾ ਵੇਖ ਕੇ ਸਾਰੀ ਸੰਗਤ ਭਰਮ ਗਈ। ਅੱਸ਼ ਅੱਸ਼ ਕਰ ਉਠਿਆ ਵਿਹੜਾ ਖੀਵੇ ਦਾ।

—ਸੁੱਚਾ ਜਲ, ਬਿਆਸ ਨਦੀ ਤੋਂ ਲਿਆ ਕੇ ਰੱਖਿਆ ਹੋਇਆ ਸੀ ਖੀਵੇ ਨੇ ਗਾਗਰ ਭਰੀ ਲਿਆ ਰੱਖੀ ਤੇ ਆਪ ਇਸ਼ਨਾਨ ਕਰਵਾਇਆ ਗੁਰੂ ਮਹਾਰਾਜ ਨੂੰ। ਲੰਮ ਲਗਦਿਆਂ ਈ ਸੰਗਤ ਜੁੜ ਗਈ, ਕੀਰਤਨ ਸ਼ੁਰੂ ਹੋ ਗਿਆ, ਕਿਆ ਅਨੰਦ ਬੱਝਾ, ਸਰੂਰ ਵਿਚ ਲਟਬਾਵਰਾ ਹੋ ਗਿਆ ਪਿੰਡ, ਬਲਿਹਾਰੇ ਜਾ ਰਹੀ ਸੀ ਗੁਰੂ ਦੇ, ਅਰਧਾਂਗਣੀ ਭਾਈ ਖੀਵੇ ਦੀ।

—ਤੂੰ ਕਿੱਦਾਂ ਜਾਣਦਾ ਸੈਂ ਕਿ ਗੁਰਾਂ ਨੇ ਇਧਰ ਨੂੰ ਆਉਣੈ।

—ਮੇਰੇ ਦਿਲ ਦੀ ਤਾਰ ਖੜਕ ਰਹੀ ਸੀ, ਮੇਰਾ ਦਿਲ ਗਵਾਹੀ ਦੇ ਰਿਹਾ ਸੀ, ਮੇਰੀ ਆਤਮਾ ਆਖ ਰਹੀ ਸੀ ਕਿ ਗੁਰੂ ਅੱਜ ਏਧਰ ਦੀ ਆ ਰਿਹਾ ਏ। ਭੀਲਣੀ ਦੇ ਜੂਠੇ ਬੇਰ ਜੇ ਰਾਮ ਖਾ ਸਕਦੇ ਹਨ ਤੇ ਕੀ ਤੇਰੇ ਆਖੇ ਗੁਰੂ ਤੇਰੇ ਘਰ ਚਰਨ ਨਾ ਪਾਊ। ਗੱਲ ਤੇ ਨਿਸ਼ਚੇ ਦੀ ਏ। ਮੈਂ ਕਲ੍ਹ ਦਾ ਰਾਹ ਵਿਚ ਬੈਠਾ ਉਡੀਕ ਰਿਹਾ ਹਾਂ, ਬਿੜਕਾਂ ਲੈ ਰਿਹਾ ਸਾਂ ਕਿ ਗੁਰੂ ਏਧਰ ਦੀ ਲੰਘਣੇ ਹਨ। ਆਵਾਜ਼ ਉਭਰੀ ਭਾਈ ਖੀਵੇ ਦੀ।

—ਉਹਦੀ ਸੇਵਾ ਤੇ ਏਨਾ ਮੋਹਿਤ ਹੋਇਆ ਭਾਈ ਅਮਰ ਦਾਸ, ਡਿਲ੍ਹ ਪਿਆ, ਡੁਲ੍ਹ ਪਿਆ ਇਕੋ ਵਾਰੀ।

—ਮੇਰੇ ਮਰਨ ਤੋਂ ਬਾਅਦ ਮੇਰਾ ਨਾਂ ਲੈਣਾ ਵਾਲਾ ਕੋਈ ਨਹੀਂ ਰਹਿਣਾ ਇਸ ਜੱਗ ਵਿਚ।

—ਕਿਉਂ,

—ਮੇਰੀ ਕੁੱਲ ਵਿਚ ਕੋਈ ਮੁੰਡਾ ਨਹੀਂ, ਮੇਰੇ ਘਰ ਵਿਚ ਕੋਈ ਦੀਵਾ ਬਾਲਣ ਵਾਲਾ ਨਹੀਂ, ਮੇਰੇ ਘਰ ਵਿਚ ਕਦੇ ਬਾਲ ਨਹੀਂ ਖੇਡਿਆ। ਮੇਰਾ ਇਕ ਵਾਰ ਦਰਵਾਜ਼ਾ ਬੰਦ ਹੋਇਆ ਤੇ ਮੁੜ ਖੋਲ੍ਹ ਕੇ ਕਿਸੇ ਨਾ ਵੇਖਿਆ।

—ਜਿਹਦਾ ਨਿਸ਼ਚਾ ਏਨਾ ਸਾਦਿਕ ਹੋਵੇ, ਲੱਟੂ ਹੋ ਗਿਆ, ਭਾਈ ਅਮਰ ਦਾਸ।

—ਏਨੀ ਨਿਸ਼ਕਾਮ ਸੇਵਾ ਕਰਦੇ ਵੇਖ ਕੇ ਸੰਕਲਪ ਕਰ ਬੈਠਾ ਤੇ ਮੂੰਹ ਵਿਚੋਂ ਬਚਨ ਕੱਢੇ, ਗੁਰੂ ਤੁਹਾਡੇ ਘਰ ਔਲਾਦ ਬਖਸ਼ੇ।

—ਲੰਗਰ ਚਲਦਾ ਰਿਹਾ, ਸੰਗਤ ਜੁੜੀ ਰਹੀ, ਕੀਰਤਨ ਹੁੰਦਾ ਰਿਹਾ। ਗੁਰੂ ਖੁਸ਼ੀਆਂ ਦੇ ਭੰਡਾਰ ਵਿਚੋਂ ਖੁਸ਼ੀਆਂ ਮੁੱਠੀਆਂ ਭਰ ਭਰ ਵੰਡਦਾ ਰਿਹਾ ਅਤੇ ਏਧਰ ਅਮਰ ਦਾਸ ਨੇ ਵੀ ਆਪਣਾ ਭਾਂਡਾ ਖਾਲੀ ਕਰਨ ਲਈ ਇਕ ਬਖ਼ਸ਼ਸ਼ ਕਰ ਦਿੱਤੀ। ਮੇਰਾ ਗੜਵਾ ਖਾਲੀ ਹੋ ਜਾਵੇਗਾ ਤੇ ਤਾਂ ਮੈਨੂੰ ਗੁਰੂ ਘਰ ਤੋਂ ਕੁਝ ਮੰਗਣਾ ਏ ਤੇ ਏਸ ਲਈ ਮੁੱਠ ਭਰ ਕੇ ਦਾਤ ਬਖਸ਼ ਦਿੱਤੀ ਭੋਲੇਪਨ ਵਿਚ ਈ, ਨਾ ਕੁਝ ਸੋਚਿਆ ਤੇ ਨਾ ਵਿਚਾਰਿਆ।

—ਧੁੱਪਾਂ ਨਿਕਲ ਆਈਆਂ, ਸੰਗਤ ਤੁਰੀ ਖਡੂਰ ਵਲ, ਰਾਹ ਵਿਚ ਗੁਰੂ ਮਹਾਰਾਜ ਨੇ ਸੱਦਿਆ ਭਾਈ ਅਮਰ ਦਾਸ ਨੂੰ ਤੇ ਤਾੜਨਾ ਕੀਤੀ।

—ਫੁਰਮਾਇਆ, ਕੀ ਤੁਹਾਨੂੰ ਗੁਰੂ ਨਾਲੋਂ ਵੀ ਜ਼ਿਆਦਾ ਸੋਝੀ ਹੋ ਗਈ ਏ, ਤੁਸੀਂ ਹੁਣੇ ਹੀ ਬਖਸ਼ਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਨੇ, ਸੰਕਲਪ ਵੀ ਤੁਹਾਨੂੰ ਸੋਚ ਕੇ ਕਰਨਾ ਚਾਹੀਦੈ, ਗੁਰੂ ਦੇ ਨਾਂ ਦੀ ਕੀਤੀ ਬਖਸ਼ਸ਼ ਜ਼ਰੂਰ ਪੂਰੀ ਹੁੰਦੀ ਏ।

—ਇਹ ਬੜੀ ਸਖ਼ਤ ਤਾੜਨਾ ਸੀ। ਹੁਣ ਅੱਖਾਂ ਖੁਲ੍ਹੀਆਂ, ਰਾਹ ਲੱਭਾ, ਗੁਰੂ ਦੀ ਰਜ਼ਾ ਮੰਨ ਕੇ ਬਖਸ਼ਸ਼ ਕਰੋ ਤੇ ਉਹ ਬਹੁਤੀ ਲੋੜ ਹੋਵੇ ਤੇ ਵੰਡੋ।

—ਉਹ ਬਹੁਤਾ ਹੀ ਲੋੜਵੰਦ ਸੀ ਏਸ ਲਈ ਪਿਆਰ ਵਿਚ ਆਏ ਮੂੰਹ ਵਿਚੋਂ ਗੱਲ ਨਿਕਲ ਗਈ।

ਭਾਈ ਖੀਵਾ ਨਿਹਾਲ ਹੋ ਗਿਆ।

ਸਾਰਾ ਸਾਲ ਏਸੇ ਭੱਜ ਦੌੜ ਵਿਚ ਨਿਕਲਿਆ। ਨਾ ਗੁਰੂ ਨੇ ਗੌਡਾ ਨਿਵਾ ਕੇ ਵੇਖਿਆ ਤੇ ਨਾ ਈ ਭਾਈ ਅਮਰ ਦਾਸ ਨੇ ਸਾਹ ਲਿਆ। ਜ਼ਿੰਦਗੀ ਦੀ ਕਸ਼ਮਕਸ਼ ਵਿਚ ਈ ਸਾਰਾ ਸਾਲ ਲੰਘ ਗਿਆ।

—ਮਿਹਰਾਂ ਦੇ ਦਾਤੇ ਦੇ ਖਡੂਰ ਵਿਚ ਜਾ ਕੇ ਫੇਰ ਸੰਗਤ ਜੁੜੀ, ਸੰਗਤ ਦਾ ਇਕੱਠ ਹੋਣ ਲੱਗਾ, ਸਵੇਰੇ ਲੰਗਰ ਵੀ ਚਲਦਾ। ਏਨੇ ਚਿਰ ਨੂੰ ਮਹੀਨਾ ਚੜ੍ਹਨ ਵਾਲਾ ਸੀ। ਭਾਈ ਅਮਰ ਦਾਸ ਨੇ ਆਪਣੇ ਰੋਜ਼ ਦੇ ਸੁਭਾਅ ਮੁਤਾਬਿਕ ਆਪ ਮਲ-ਮਲ ਕੇ ਪਿੰਡਾ ਨੁਹਾਇਆ ਗੁਰੂ ਨੂੰ। ਫੇਰ ਦੀਵਾਨ ਲੱਗਾ ਤੇ ਫੇਰ ਵਾਜ ਮਾਰੀ, ਤੇ ਸਰੋਪਾ ਬਖਸ਼ਿਆ ਤੇ ਫੁਰਮਾਉਣ ਲੱਗੇ ਕਿ ਹੁਣ ਅੱਧ ਤੋਂ ਟੱਪ ਗਈ ਏ ਤੇਰੀ ਮੰਜ਼ਿਲ, ਭਾਈ ਅਮਰ ਦਾਸ ਨੇ ਸਿਰ ਝੁਕਾ ਦਿੱਤਾ। ਛੇਵਾਂ ਸਰੋਪਾ ਅੱਜ ਮਿਲਿਆ ਸੀ, ਭਾਈ ਮਹੀਨਾ ਸੁਣਾ ਰਿਹਾ ਸੀ।

ਸਾਵਣਿ ਸਰਸ ਮਨਾ ਘਣ ਬਰਸਹਿ ਰੁਤਿ ਆਏ ॥
ਮੈਂ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥

□□

੩

ਸਿਰੋਪਾ ਛੇਵਾਂ ਤੇ ਸਾਲ ਸੱਤਵਾਂ, ਇਸੇ ਸਾਲ ਵਿਚ ਮੇਰੇ ਗੁਰੂ ਨੂੰ ਸੰਗਤ ਵਿਚ ਬੈਠ ਕੇ ਪਰਵਚਨ ਕਰਨ ਦੀ ਆਗਿਆ ਮਿਲ ਗਈ। ਅੰਮ੍ਰਿਤ ਵੇਲੇ ਸਾਰੇ ਕਾਰਾਂ ਵਿਹਾਰਾਂ ਤੋਂ ਵਿਹਲੇ ਹੋ ਕੇ ਆਸਾ ਦੀ ਵਾਰ ਦਾ ਪਾਠ ਸੁਣ ਕੇ ਫਿਰ ਸੰਗਤ ਵਿਚ ਅੱਜ ਪਹਿਲੀ ਵਾਰ ਚੌਕੀ ਤੇ ਆਸਣ ਲਾ ਕੇ ਅਮਰ ਦਾਸ ਬੈਠੇ, ਸੰਗਤ ਤੋਂ ਜ਼ਰਾ ਉੱਚੀ ਜਗ੍ਹਾ

ਤੇ ਬੈਠ ਕੇ ਸੰਗਤ ਨਾਲ ਚਾਰ ਗੱਲਾਂ ਕਰਨ ਦੀ ਜੁਰਅਤ ਕੀਤੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਸੰਗਤ ਵਿਚ ਬੈਠਾ ਬੰਦਾ ਆਪਣੇ ਜੀਆਂ ਨਾਲ ਦੁੱਖ ਸੁੱਖ ਫੋਲਦਾ ਹੈ। ਸੰਗਤ ਵੀ ਤੇ ਇਕ ਟੱਬਰ ਹੈ, ਇਕ ਗ੍ਰਹਿਸਤੀ ਏ ਗੁਰੂ ਘਰ ਦੀ, ਇਹ ਗੱਲ ਕਰ ਰਿਹਾ ਸੀ ਪਾਰੋ ਡੱਲਾ।

—ਅੱਲਾ ਯਾਰ ਖ਼ਾਂ ਨੇ ਆਖਿਆ ਫ਼ਾਕਿਆਂ ਦੀ ਮੰਜ਼ਿਲ ਮੁਸ਼ਕਲ ਏ, ਕਠਿਨ ਡਗੱਰੀਆ ਏ, ਹਰ ਕੋਈ ਇਹ ਮੰਜ਼ਿਲ ਨਹੀਂ ਮਾਰ ਸਕਦਾ, ਹਰ ਬੰਦਾ ਚਾਈਂ ਚਾਈਂ ਇਹ ਖੇਡ ਤਾਂ ਖੇਡ ਸਕਦਾ ਏ, ਪਰ ਟਾਵਾਂ ਟਾਵਾਂ ਬੰਦਾ ਹੜੱਪਾ ਮਾਰਨ ਦੀ ਜੁਰਅੱਤ ਕਰਦਾ ਏ ਤੇ ਵਿਰਲਾ ਈ ਕੋਈ ਪੁੱਗਦਾ ਏ। ਕਈ ਤੇ ਪਹਿਲਾਂ ਈ ਨੱਸ ਜਾਂਦੇ ਨੇ ਤੇ ਕਈ ਅੱਧ ਵਿਚੋਂ ਕੰਨੀ ਖਿਸਕਾ ਕੇ ਪਤਰਾ ਵਾਚ ਜਾਂਦੇ ਨੇ, ਸਾਡੇ ਵਰਗੇ ਨੂੰ ਜੇ ਚਿੱਲਾ ਕੱਟਣਾ ਪੈ ਜਾਵੇ ਤਾਂ ਅੱਧੀ ਰਾਤੀਂ ਚੋਰਾਂ ਵਾਂਗੂ ਜੁੱਤੀ ਛੱਡ ਨੌਂ ਦੋ ਗਿਆਰਾਂ ਹੋ ਜਾਈਏ। ਇਹ ਅਬਾਦਤ ਹਰ ਬੰਦੇ ਦੇ ਵੱਸ ਦੀ ਨਹੀਂ। ਪਉੜੀ ਚੜ੍ਹਨਾ ਵੀ ਮੁਸ਼ਕਲ ਏ ਤੇ ਪਉੜੀ ਚੜ੍ਹ ਕੇ ਉੱਤੇ ਖਲੋਣਾ ਵੀ ਮੁਸ਼ਕਲ ਏ, ਮੁਸ਼ਕਲ ਈ ਮੁਸ਼ਕਲ ਏ। ਇਹ ਗਰਮ ਗਰਮ ਖੀਰ ਕੋਈ ਨਹੀਂ ਖਾ ਸਕਦਾ, ਜੇ ਤੱਤੀ ਤੱਤੀ ਖਾ ਵੀ ਜਾਵੇ ਤਾਂ ਜ਼ਬਾਨ ਛਾਲਿਆਂ ਨਾਲ ਪੱਛੀ ਜਾਵੇਗੀ, ਠੰਢੀ ਹੋਣ ਤਕ ਕੌਣ ਇੰਤਜ਼ਾਰ ਕਰਦਾ ਏ। ਵਿਰਲੇ ਬੰਦੇ ਈ ਇਹ ਚੋਲਾ ਪਾ ਸਕਦੇ ਹਨ। ਇਹਦਾ ਰੰਗ ਵੱਖਰਾ, ਇਹਦਾ ਵਿਖਾਵਾ ਵੱਖਰਾ, ਇਹਦੀ ਝਲਕ ਵੱਖਰੀ ਤੇ ਇਹਦਾ ਅਨੰਦ ਵਰਗਾ, ਐਵੇਂ ਨਹੀਂ ਫ਼ਕੀਰ ਬੇਨਿਆਜ਼ ਹੋ ਜਾਂਦਾ, ਉਹਦੇ ਅੰਦਰ ਜਦੋਂ ਚਾਨਣ ਹੋ ਜਾਂਦਾ ਏ, ਬੇਨਿਆਜ਼ੀ ਆਪੇ ਈ ਆ ਜਾਂਦੀ ਏ।

—ਖ਼ੁਦਾ ਦੇ ਬੰਦੇ ਹੁਣ ਤੂੰ ਅੱਲਾ ਵਾਲਿਆਂ ਦੀ ਗੱਲ ਸੁਣ। ਇਹ ਵੇਲਾ ਨਸੀਬ ਵਾਲਿਆਂ ਨੂੰ ਲੱਭਦਾ ਏ। ਮੇਰਾ ਗੁਰੂ ਅੱਜ ਪਹਿਲੇ ਦਿਨ ਈ ਪਰਵਚਨ ਕਰਦਾ ਸੀ। ਸੰਗ ਭਾਵੇਂ ਆਉਂਦੀ ਸੀ, ਝਿਜਕ ਵੀ ਸੀ, ਸ਼ੱਕ ਵੀ ਸੀ, ਪਰ ਗੁਰੂ ਨੇ ਸੰਗਤ ਨੂੰ ਆਪਣੇ ਵੱਲ ਖਿੱਚ ਲਿਆ। ਆਪਣੇ ਅਸਥਾਨ ਤੇ ਬਹਿੰਦਿਆਂ ਈ ਇਕ ਵਾਰ ਆਖਿਆ ਧੰਨ ਬਾਬਾ ਨਾਨਕ, ਬੱਸ ਏਨੀ ਗੱਲ ਨਾਲ ਈ ਪਰਦਾ ਲੱਥ ਗਿਆ, ਝਿਜਕ ਖੰਭ ਲਾ ਕੇ ਉੱਡ ਗਈ, ਪਹਿਲੇ ਦਿਨ ਈ ਉਹ ਸਮਾਜ ਤੇ ਵਰ੍ਹੇ। ਸੱਤਰਾਂ ਸਾਲਾਂ ਦਾ ਜਿਹੜਾ ਉਹ ਤਮਾਸ਼ਾ ਵੇਖ ਰਹੇ ਸਨ, ਫ਼ਰਮਾਇਆ ਸਤਿਗੁਰਾਂ ਨੇ, ਸਮਾਜ ਨੇ ਦੁਨੀਆਂ ਵਿਚ ਇਕ ਛਿੰਝ ਜੋੜ ਕੇ ਰੱਖੀ ਹੋਈ ਏ, ਢੋਲ ਵੱਜ ਰਿਹਾ ਏ, ਤੇ ਸਮਾਜ ਦੇ ਪਹਿਲਵਾਨ ਆਪਣੀਆਂ ਆਪਣੀਆਂ ਕੁਸ਼ਤੀਆਂ ਵਿਖਾ ਰਹੇ ਹਨ। ਉਨ੍ਹਾਂ ਵਿਚੋਂ ਜਿਹੜਾ ਸਭ ਤੋਂ ਤਕੜਾ, ਹੱਟਾ ਕੱਟਾ, ਸ਼ਕਲ ਸੂਰਤ ਤੋਂ ਦੇਵ ਵਰਗਾ ਆਪਣਾ ਭੰਗੜਾ ਪਾਉਂਦਾ ਤੇ ਉੱਚੀਆਂ ਉੱਚੀਆਂ ਬਾਹਵਾਂ ਕਰ ਕੇ ਡਮਰੂ ਵਜਾਉਂਦਾ ਏ, ਤੇ ਅੰਨ੍ਹੀ ਬੋਲੀ ਜਨਤਾ ਉਹਦੇ ਮਗਰ ਲੱਗੀ, ਗਿਲੇ ਕੱਟਦੀ ਏ ਤੇ ਹਾਂ ਵਿਚ ਹਾਂ ਮਿਲਾਉਂਦੀ ਏ। ਹਨੇਰ ਸਾਈਂ ਦਾ, ਇਕੋ ਜਿਹੀ ਚਮੜੀ, ਇਕੋ ਜਿਹੇ ਬੋਲ, ਇਕੋ ਜਿਹਾ ਵਜੂਦ, ਰੰਗ ਰੂਪ ਮਿਲਦਾ ਜੁਲਦਾ, ਇਕੋ ਜਿਹੇ ਲਹੂ, ਮਾਸ ਵੀ ਇਕੋ ਜਿਹਾ ਏ ਤੇ ਫੇਰ ਵਿੱਥ ਕਾਹਦੀ ਏ। ਇਕ ਬੰਦਾ ਦੂਜੇ ਬੰਦੇ ਦੇ ਕੋਲ ਬਹਿ ਕੇ ਖ਼ੁਸ਼ ਨਹੀਂ। ਐਵੇਂ ਪਾੜ ਪਾ ਕੇ ਰੱਖ ਦਿੱਤਾ ਏ। ਇਕ ਪੰਗਤ ਵਿਚ ਖਾ ਨਹੀਂ ਸਕਦੇ। ਘਰ ਵਿਚ ਚਾਰ ਭਰਾ ਹਨ ਤੇ ਚਾਰ ਈ ਚੁੱਲ੍ਹੇ। ਚਾਰੇ ਪਰਾਤਾਂ ਤੇ ਚਾਰੇ ਚੁੱਲ੍ਹੇ। ਚਾਰੇ ਇਕੋ ਮਾਂ ਦੇ ਪੁੱਤ, ਤੇ ਚਾਰੇ ਅੱਡ ਅੱਡ, ਇਹ ਹੈ ਸਾਡਾ ਸਮਾਜ। ਇਕ ਬੰਦਾ ਦੂਜੇ ਬੰਦੇ ਨਾਲ ਲੱਗ ਜਾਵੇ ਤੇ ਬਿਆਸਾ ਵਿਚ ਨਹਾਉਣ ਤੁਰ ਜਾਂਦਾ ਏ। ਇਹ ਕੌਣ ਏ ਬ੍ਰਾਹਮਣ,

ਇਹ ਖੱਤਰੀ, ਇਹ ਵੈਸ਼ ਤੇ ਚੌਥੀ ਜਾਤ ਸੂਦਰ। ਸ਼ਾਮਤ ਵਿਚਾਰੇ ਸੂਦਰਾਂ ਦੀ। ਭਾਵੇਂ
ਕਾਲੇ ਬਰਾਹਮਣ ਨਾਲੋਂ ਸੌ ਦਰਜੇ ਸੋਹਣਾ ਹੋਵੇ ਸੂਦਰ, ਉਹਦੀ ਜ਼ਾਤ ਬਰਾਹਮਣ ਏ ਤੇ
ਉਹਦੀ ਜ਼ਾਤ ਸੂਦਰ। ਉਹ ਭਾਵੇਂ ਚੰਡਾਲ ਹੋਵੇ ਆਪਣੇ ਕੰਮ ਵਿਚ, ਏਸ ਵਿਚਾਰੇ ਦੇ
ਕੰਮ ਬਰਾਹਮਣਾਂ ਨਾਲੋਂ ਸੌ ਦਰਜੇ ਚੰਗੇ ਨੇ। ਬਰਾਹਮਣ ਭਾਵੇਂ ਸੂਦਰਾਂ ਨਾਲੋਂ ਗਿਆ
ਗੁਜ਼ਰਿਆ ਹੋਵੇ, ਚੰਡਾਲ ਨਾਲੋਂ ਚਾਰ ਰੱਤੀ ਉੱਤੇ ਹੋਵੇ, ਉਸ ਉੱਤੇ ਕੋਈ ਉਂਗਲ
ਨਹੀਂ ਧਰਦਾ, ਕਿਉਂਕਿ ਉਹ ਬਰਾਹਮਣ ਏ। ਲਿੱਸੀ ਜ਼ਾਤ ਵਿਚਾਰੇ ਸੂਦਰ ਦੀ। ਜਿਹਦਾ
ਜੀਅ ਆਵੇ, ਜੋ ਮਰਜ਼ੀ ਕਹਿ ਜਾਵੇ। ਉਹ ਵਿਚਾਰਾ ਝੋਲੀ ਅੱਡ ਕੇ ਖਲੋ ਜਾਂਦਾ ਏ,
ਕਹਿੰਦੈ ਪਾ ਦਿਓ ਝੋਲੀ ਮੇਰੀ ਜੋ ਕਝ ਤੁਹਾਡੇ ਪੱਲੇ ਏ। ਇਹ ਵੀ ਨਿਆਮਤ ਏ, ਤੁਸੀਂ
ਜੋ ਕਝ ਜੂਠਾ ਮਿੱਠਾ ਦਿਓ, ਮੈਂ ਸਵੀਕਾਰ ਕਰਦਾ ਹਾਂ। ਤੁਸਾਂ ਦੇਣਾ ਤੇ ਅਸਾਂ ਲੈਣਾ,
ਜੋ ਕਝ ਦਿਓ, ਲੈਣਾ ਏ, ਖੀਰ ਦਿਓ, ਖੀਰ ਖਾਵਾਂਗੇ, ਜੂਠਾ ਦਿਓ, ਜੂਠਾ ਖਾਵਾਂਗੇ, ਜਿਹੋ
ਜਿਹਾ ਦੇਵੋਗੇ ਉਹਾ ਜਿਹਾ ਖਾਵਾਂਗੇ, ਪਰ ਮਾਫ਼ ਕਰਨਾ ਜਿਹੋ ਜਿਹਾ ਦੇਵੋਗੇ
ਉਹੋ ਜਿਹਾ ਕੰਮ ਕਰਾਂਗੇ। ਸਾਡਾ ਕੰਮ ਏ ਸੇਵਾ ਕਰਨਾ, ਇਹ ਮਲੇਛ, ਬੁੱਧੀਹੀਨ,
ਐਵੇਂ ਬਾਮ੍ਹਣਪੁਣੇ ਦਾ ਛੱਤਰ ਸਾਡੇ ਸਿਰ ਤੇ ਝੂਲਦਾ ਰਹਿੰਦਾ ਏ। ਤੇ ਅਸੀਂ ਸਹਾਰਦੇ
ਰਹਿੰਦੇ ਹਾਂ, ਕਿਉਂਕਿ ਸਾਡੀਆਂ ਪੀੜ੍ਹੀਆਂ ਏਸੇ ਤਰ੍ਹਾਂ ਈ ਗੁਜ਼ਰੀਆਂ ਨੇ, ਪਰ ਮੇਰੇ
ਗੁਰਾਂ ਫ਼ਰਮਾਇਆ, ਉਸ ਵਿਚਾਰੇ ਦਾ ਕਿਸੇ ਨੇ ਦਿਲ ਫੋਲ ਕੇ ਨਹੀਂ ਵੇਖਿਆ, ਕੌਣ
ਸੁਣਦਾ ਏ, ਗਰੀਬ ਦੀ ਆਵਾਜ਼, ਲਵੋ ਮੈਂ ਤੁਹਾਨੂੰ ਰਵੀਦਾਸ ਚਮਾਰ ਦੀ ਗੱਲ ਸੁਣਾਉਂਦਾ
ਆਂ, ਉਹ ਵੀ ਵਿਚਾਰਾ ਡਰਦਾ ਡਰਦਾ ਆਖਦਾ ਏ :—

ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ।
ਨੀਚ ਰੂਖ ਤੇ ਊਚ ਭਏ ਹੈ, ਗੰਧ ਸੁਗੰਧ ਨਿਵਾਸਾ ।੧।
ਮਾਧਉ, ਸਤ ਸੰਗਤਿ ਸਰਨਿ ਤੁਮਾਰੀ, ਹਮ ਅਉਗਨ ਤੁਮ ਉਪਕਾਰੀ ।ਰਹਾਉ।

ਆਓ ਜ਼ਰਾ ਕਬੀਰ ਦੀ ਬਾਣੀ ਪੜ੍ਹੀਏ, ਇਨ੍ਹਾਂ ਭਗਤਾਂ ਨੇ ਪ੍ਰਭੂ ਨੂੰ ਆਪਣੇ
ਵੱਸ ਵਿਚ ਕਰ ਲਿਆ ਏ, ਬਾਣੀ ਬੰਦੇ ਨੂੰ ਕੁੰਦਨ ਬਣਾ ਸਕਦੀ ਏ, ਮਨ ਦੀ ਮੈਲ ਬਾਣੀ
ਨਾਲ ਈ ਨਿਕਲਦੀ ਏ, ਬਾਣੀ ਪੜ੍ਹ ਬੰਦੇ, ਜੀਵਨ ਸਫਲ ਹੋ ਜਾਊ :—

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥
ਕਹੁਰੇ ਪੰਡਿਤ ਬਾਮਨ ਕਬ ਕੇ ਹੋਏ ॥ ਕਹਿ ਕਹਿ ਜਨਮੁ ਮਤ ਖੋਏ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀਂ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥

ਗੱਲ ਕਬੀਰ ਨੇ ਧੜੱਲੇ ਨਾਲ ਆਖੀ ਏ, ਉਹ ਨਹੀਂ ਡਰਿਆ। ਉਹਨੂੰ ਡਰਨ
ਦੀ ਲੋੜ ਵੀ ਕੀ ਏ। ਉਹਨੇ ਕਿਹੜੇ ਕਿਸੇ ਕੋਲੋਂ ਦਾਣੇ ਲੈਣੇ ਨੇ। ਮਲੰਗ ਜਦੋਂ
ਕਲੰਦਰੀ ਤੇ ਉਤਰ ਆਉਂਦੇ ਨੇ, ਦੁੱਧ ਤੇ ਪਾਣੀ ਅੱਡ ਕਰ ਕੇ ਰੱਖ ਦੇਂਦੇ ਨੇ, ਜਿਹੜਾ
ਨਿਤਾਰਨਾ ਜਾਣਦੈ ਉਹ ਭਗਤ ਏ, ਜਿਹੜਾ ਵਿਚਾਰਨਾ ਜਾਣਦੈ ਉਹ ਸੇਵਕ ਏ, ਬੰਦਾ
ਅਸਲ ਗੱਲ ਤੇ ਭੁੱਲ ਈ ਗਿਆ ਏ, ਬੰਦਾ ਐਵੇਂ ਜ਼ਾਤ ਦਾ ਮਟਕਾ ਸਿਰ ਤੇ ਚੁੱਕੀ ਫਿਰਦਾ
ਏ, ਇਹ ਮਿੱਟੀ ਦਾ ਭਾਂਡਾ ਇਕ ਦਿਨ ਤੇ ਭੱਜ ਜਾਣਾ ਏ।

ਜਦ ਮਾਤਾ ਦੇ ਗਰਭ ਵਿਚ ਵਾਸ ਹੁੰਦਾ ਏ, ਤੇ ਤਦ ਕੋਈ ਜ਼ਾਤੀ ਨਹੀਂ ਹੁੰਦੀ। ਇਕ ਬ੍ਰਹਮ ਦੀ ਅੰਸ਼ ਵਿਚੋਂ ਸਭ ਦੀ ਉਤਪਤੀ ਏ, ਮਜ਼ਾ ਤੇ ਤਾਂ ਏ ਜੇ ਉਦੋਂ ਕੋਈ ਉਹਦਾ ਨਾਂ ਰੱਖੇ। ਇਕੋ ਨਾਂ ਤੋਂ ਬਗੈਰ ਉਹਦਾ ਕੋਈ ਨਾਂ ਨਹੀਂ ਦੱਸ ਸਕਦਾ ਐਵੇਂ ਦੁਨੀਆਂਦਾਰ ਮੂਰਖ ਮਿੱਟੀ ਖਿਡੌਣਿਆਂ ਦੇ ਨਾਂ ਪਏ ਰੱਖਦੇ ਨੇ। ਦੱਸ ਖਾਂ ਪੰਡਤਾ ਬਰਾਹਮਣ ਤੁਸੀਂ ਕਦੋਂ ਦੇ ਹੋਏ, ਐਵੇਂ ਬਰਾਹਮਣ ਬਰਾਹਮਣ ਕਹਿ ਕੇ ਜਨਮ ਨਾ ਗਵਾ, ਬੜਾ ਫੂੰ ਆ ਗਿਆ ਏਂ, ਉੱਚੀ ਜ਼ਾਤ ਵਾਲਾ, ਤੈਨੂੰ ਕਿਹੜਾ ਸੁਰਖਾਬ ਦੇ ਪਰ ਲੱਗੇ ਹੋਏ ਨੇ। ਕੀ ਤੇਰੇ ਦੋ ਨੱਕ ਹਨ, ਚਾਰ ਕੰਨ ਹਨ, ਅੱਠ ਬਾਹਵਾਂ ਹਨ, ਦੋ ਸਿਰ ਹਨ ਤੇਰੇ ਕੋਲ ਕਿਹੜੀ ਵੱਖਰੀ ਗੱਲ ਏ। ਜਿਹੜੀ ਦੂਸਰਿਆਂ ਕੋਲ ਨਹੀਂ। ਮੰਨਿਆਂ ਕਿ ਤੂੰ ਬਰਾਹਮਣ ਏਂ, ਪਰ ਸੱਜਣਾ, ਜੇ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ ਏਂ ਤਾਂ ਤੈਨੂੰ ਫਿਰ ਕਿਸੇ ਹੋਰ ਰਸਤੇ ਆਉਣਾ ਚਾਹੀਦਾ ਸੀ, ਮੇਰੇ ਵਾਲੇ ਰਸਤੇ ਕਿਉਂ ਆਇਆ ਏਂ, ਮਾਂ ਨੂੰ ਆਖਣਾ ਸੀ, ਨੱਕ, ਕੰਨ ਜਾਂ ਮੂੰਹ ਦੇ ਰਸਤੇ ਤੈਨੂੰ ਜੰਮਦੀ ਤਾਂ ਤੈਨੂੰ ਅਸੀਂ ਆਪਣੇ ਨਾਲੋਂ ਵੱਖਰਾ ਮੰਨਦੇ, ਤੂੰ ਕਿਸ ਤਰ੍ਹਾਂ ਬ੍ਰਾਹਮਣ ਏਂ, ਤੇ ਮੈਂ ਕਿਸ ਤਰ੍ਹਾਂ ਸ਼ੂਦਰ ਹਾਂ। ਮੇਰੇ ਵਿਚ ਕੋਈ ਵੱਖਰਾ ਲਹੂ ਏ, ਤੇਰੇ ਲਹੂ ਦਾ ਰੰਗ ਗੂੜ੍ਹਾ ਏ ਤੇ ਮੇਰਾ ਫਿੱਕਾ ਏ, ਹਾਂ, ਤੇਰਾ ਲਹੂ ਨਹੀਂ ਹੋਣਾ ਏ ਦੁੱਧ ਹੋਣਾ ਏ, ਦੁੱਧ ਵੀ ਕਪਲਾ ਗਊ ਦਾ। ਇਹ ਸਭ ਝੂਠ ਏ, ਐਵੇਂ ਪਲਾਲ ਹਨ, ਕਿਸੇ ਵਿਚ ਦੁੱਧ ਨਹੀਂ। ਸਾਰਿਆਂ ਵਿਚ ਲਹੂ ਏ, ਇਕੋ ਜਿਹਾ। ਇਕੋ ਜਿਹੇ ਰੰਗ ਵਰਗਾ, ਕਬੀਰ ਜੀ ਆਖਦੇ ਹਨ, ਜਿਹੜਾ ਬ੍ਰਹਮ ਵਿਚਾਰਦਾ ਏ ਤੇ ਬ੍ਰਹਮ ਵਿਚ ਲੀਨ ਹੋ ਜਾਂਦਾ ਏ ਅਸੀਂ ਉਹਨੂੰ ਬ੍ਰਾਹਮਣ ਆਖਦੇ ਹਾਂ।

—ਹੁਣ ਜ਼ਾਤ ਕਿੱਥੇ ਗਈ, ਫ਼ਰਮਾਇਆ ਮੇਰੇ ਸਤਿਗੁਰਾਂ। ਬੰਦੇ ਦੀ ਕੋਈ ਜ਼ਾਤ ਨਹੀਂ, ਜਿਹੜਾ ਬੰਦਾ ਜਿਹੜਾ ਕੰਮ ਕਰੇਗਾ, ਉਹਦੇ ਉੱਤੇ ਉਹੀ ਜ਼ਾਤ ਮੜ੍ਹੀ ਜਾਵੇਗੀ, ਮੈਂ ਗਾਗਰ ਬਿਆਸਾ ਤੋਂ ਭਰ ਕੇ ਰੋਜ਼ ਲਿਆਉਂਦਾ ਹਾਂ, ਲੋਕ ਮੈਨੂੰ ਝਿਊਰ ਆਖਣਗੇ, ਨਹੀਂ, ਗਾਗਰ ਭਰ ਕੇ ਲਿਆਉਣੀ, ਇਹਦਾ ਇਹ ਮਤਲਬ ਇਹ ਕਿ ਆਪਾ ਦਰਿਆ ਵਿਚ ਰੋੜ੍ਹ ਆਉਣਾ ਤੇ ਉਥੋਂ ਨਵਾਂ ਨਕੋਰ ਜਲ ਭਰ ਲਿਆਉਣਾ, ਏਸ ਤਰ੍ਹਾਂ ਹੌਲੀ ਹੌਲੀ ਸੁੱਧ ਹੋ ਜਾਂਦੇ ਹਨ। ਯਾਰੋ, ਪਿੱਤਲ ਦਾ ਭਾਂਡਾ ਹੋਵੇ ਤੇ ਕੋਈ ਮਾਂਜ ਲਵੇ, ਪਾਣੀ ਵਿਚ ਧੋ ਲਈਦੇ ਤਾਂ ਲੋਕ ਉਹਨੂੰ ਪਵਿੱਤਰ ਆਖਣਗੇ। ਪਰ ਜਦ ਭਾਂਡਾ ਈ ਮਿੱਟੀ ਦਾ ਏ ਉਹਨੂੰ ਕਿੱਦਾਂ ਮਾਂਜਿਆ ਜਾਏ, ਇਹ ਤੇ ਬਾਣੀ ਦੇ ਜਲ ਨਾਲ ਈ ਪਵਿੱਤਰ ਹੋ ਸਕਦਾ ਏ। ਏਸ ਤਰ੍ਹਾਂ ਫ਼ਰਮਾਇਆ ਮੇਰੇ ਗੁਰੂ ਨੇ, ਕਿਉਂ ਸਮਝ ਆਈ ਅੱਲਾ ਯਾਰ ਖ਼ਾਂ, ਬੋਲ ਪਾਰੋ ਡੱਲੇ ਦੇ ਸਨ।

> ਤੁਮ ਮਖਤੂਲ ਸੁਪੇਦ ਸਪੀਅਲ, ਹਮ ਬਪੁਰੇ ਜਸ ਕੀਰਾ ॥
> ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ ॥
> ਜਾਤੀ ਓਛਾ, ਪਾਤੀ ਓਛਾ ਓਛਾ ਜਨਮ ਹਮਾਰਾ ॥
> ਰਾਜਾ ਰਾਮ ਕੀ ਸੇਵ ਨ ਕੀਨੀ, ਕਹਿ ਰਵਿਦਾਸ ਚਮਾਰਾ ॥

ਭਗਤ ਰਵੀਦਾਸ ਫ਼ਰਮਾਉਂਦੇ ਹਨ, ਹੇ ਮਾਧਉ ਮੈਂ ਤੇਰੀ ਸੰਗਤ ਵਿਚ ਬੈਠਾ ਹਾਂ, ਤੇਰੀ ਓਟ ਲਈ ਏ, ਤੇਰਾ ਲੜ ਫੜਿਆ ਏ, ਮੇਰੇ ਤੇ ਏਨੀ ਕਿਰਪਾ ਤੇ ਕਰੀ ਰੱਖ, ਕੋਈ ਕੁਝ ਆਖੇ ਪਰ ਮੈਨੂੰ ਆਪਣੇ ਨਾਲੋਂ ਵਿਛੜਨ ਨਾ ਦਿਓ, ਮੈਂ ਮੰਦ ਕਰਮੀ ਹਾਂ, ਮੇਰਾ

ਸੁਭਾਅ, ਮੇਰਾ ਮਨ ਚੰਚਲ ਏ, ਜਿੰਨਾ ਚਿਰ ਮੈਂ ਤੇਰੀ ਸੰਗਤ ਕਰਦਾ ਹਾਂ, ਤੇ ਮੇਰਾ ਮਨ ਕੋਮਲ ਹੋ ਜਾਂਦਾ ਹੈ ਤੇ ਜ਼ਰਾ ਕੁ ਮੈਂ ਲਾਂਭੇ ਹੋ ਜਾਂਦਾ ਹਾਂ ਤਾਂ ਮੇਰੀ ਬੁੱਧੀ ਮਲੀਨ ਹੋ ਜਾਂਦੀ ਏ ਤੇ ਮੈਂ ਮੰਦੇ ਰਾਹ ਤੁਰ ਪੈਂਦਾ ਹਾਂ, ਪਰ ਹੇ ਮਾਧੋ ! ਤੂੰ ਮਿਹਰ ਕਰਨ ਵਾਲਾ ਏਂ, ਤੇਰੀ ਮਿਹਰ ਸਦਕਾ ਫੇਰ ਮੈਂ ਆਪਣੇ ਰਾਹ ਤੇ ਆ ਜਾਂਦਾ ਹਾਂ, ਇਹ ਤੇਰੀਆਂ ਮਿਹਰਾਂ ਦੀ ਬਖ਼ਸ਼ਸ਼ ਏ ।

ਤੇ ਫੇਰ ਅੱਗੇ ਜਾ ਕੇ ਰਵਿਦਾਸ ਆਖਦੇ ਹਨ ਹੇ ਮਾਧੋ ਤੂੰ ਚਿੱਟਾ, ਪੀਲਾ ਤੇ ਸੁਨਹਿਰੀ ਰੰਗ ਵਰਗਾ ਰੇਸ਼ਮ ਏਂ ਤੇ ਮੈਂ ਨਿਮਾਣਾ ਉਸ ਕੀੜੇ ਵਰਗਾ ਹਾਂ ਜਿਹੜਾ ਰੇਸ਼ਮ ਈ ਪੈਦਾ ਕਰਦਾ ਏ, ਜ਼ਾਤ ਦਾ ਨੀਚ ਹਾਂ, ਮੈਂ ਰੇਸ਼ਮ ਦਾ ਕੀੜਾ ਹਾਂ, ਮੇਰੇ ਕਰਮ ਭਾਵੇਂ ਪਵਿੱਤਰ ਰੇਸ਼ਮ ਨੂੰ ਜਨਮ ਦਿੰਦੇ ਹਨ ਪਰ ਮੈਨੂੰ ਇਹ ਲੋਕਾਈ ਪਵਿੱਤਰ ਮੰਨਣ ਲਈ ਤਿਆਰ ਨਹੀਂ, ਏਸ ਲਈ ਕਿ ਮੇਰੀ ਅੱਲ ਜੂ ਪੈ ਗਈ । ਭਰਿਆ ਖੇੜਾ, ਮੈਂ ਛੱਡ ਕੇ ਜਾਵਾਂ ਤਾਂ ਕਿੱਥੇ ਜਾਵਾਂ, ਜੇ ਮੈਂ ਛੱਡਣ ਦੀ ਹਿੰਮਤ ਕਰਦਾ ਹਾਂ, ਇਕ ਸਾਹ ਵੀ ਖੁੱਲ੍ਹੀ ਹਵਾ ਵਿਚ ਨਹੀਂ ਲੈ ਸਕਦਾ । ਮੈਂ ਆਜ਼ਾਦ ਤਾਂ ਹੈ ਹੀ ਨਹੀਂ, ਮੇਰੀਆਂ ਤਾਰਾਂ, ਤਾਰਾਂ ਵਿਚ ਫਸੀਆਂ ਹੋਈਆਂ ਹਨ, ਮੌਤ ਮੇਰਾ ਗਲ ਘੁੱਟ ਦੇਂਦੀ ਏ, ਮੇਰੀ ਜ਼ਿੰਦਗੀ ਰੇਸ਼ਮ ਵਿਚ ਏ, ਮੈਂ ਉਹਦੇ ਤੋਂ ਬਗ਼ੈਰ ਕੁਝ ਨਹੀਂ । ਤੇ ਰੇਸ਼ਮ ਵੀ ਮੇਰੇ ਤੋਂ ਬਗ਼ੈਰ ਇਕ ਕੌਡੀ ਦੀ ਏ, ਕੋਈ ਨੀਚ ਨਹੀਂ ਤੇ ਨਾ ਈ ਕੋਈ ਉਚ ਏ, ਸਿਰਫ਼ ਨਜ਼ਰ ਨਜ਼ਰ ਦਾ ਫ਼ਰਕ ਏ, ਹੇ ਮਾਧੋ ! ਤੂੰ ਸਿਰਫ਼ ਮੇਰੇ ਤੇ ਏਨੀ ਕਿਰਪਾ ਦਰਿਸ਼ਟੀ ਰੱਖ, ਕਿ ਮੇਰੀ ਤੇਰੇ ਨਾਲ ਲਿਵ ਲੱਗੀ ਰਹੇ ਅਤੇ ਮੈਂ ਤੇਰੇ ਨਾਲ ਜੁੜਿਆ ਰਹਾਂ । ਮੇਰੀ ਤਾਰ ਤੇਰੀ ਤਾਰ ਨਾਲ ਹਿੱਲੇ, ਬੱਸ ਮੈਂ ਹੋਰ ਕੁਝ ਨਹੀਂ ਮੰਗਦਾ, ਜਿੱਦਾਂ ਸ਼ਹਿਦ ਦੀਆਂ ਮੱਖੀਆਂ, ਸ਼ਹਿਦ ਦੇ ਛੱਤੇ ਵਿਚ ਇਕੱਠੀਆਂ ਰਹਿੰਦੀਆਂ ਨੇ, ਇਕੋ ਜਿਹੇ ਘਰ, ਇਕੋ ਜਿਹੇ ਘੁਰਨੇ, ਇਕੋ ਜਿਹੀ ਖ਼ੁਸ਼ਬੂ, ਇਕੋ ਜਿਹੀ ਮਿਠਾਸ, ਉਹਨਾਂ ਵਿਚ ਕੋਈ ਫ਼ਰਕ, ਨਹੀਂ, ਕੋਈ ਵਿੱਥ ਨਹੀਂ, ਕੋਈ ਵਿਤਕਰਾ ਨਹੀਂ, ਯਾਨੀ ਓਹ ਕਿਸੇ ਨੂੰ ਨੀਚ ਨਹੀਂ ਸਮਝਦੀਆਂ, ਯਾਨੇ ਭਾਂਤ ਭਾਂਤ ਦੀਆਂ ਮੱਖੀਆਂ ਭਾਂਤ ਭਾਂਤ ਦੇ ਫੁੱਲ ਸੁੰਘਦੀਆਂ ਹਨ, ਪਰ ਜਦੋਂ ਉਹ ਸ਼ਹਿਦ ਪੈਦਾ ਕਰਦੀਆਂ ਹਨ, ਉਹ ਇਕੋ ਜਿਹਾ ਹੁੰਦਾ ਏ । ਜੇ ਬੇਜ਼ਬਾਨ ਆਪਸ ਵਿਚ ਮਿਲ ਕੇ ਖਾ ਲੈਂਦੇ ਹਨ ਤੇ ਇਕ ਦੂਜੇ ਨਾਲ ਰਲ ਕੇ ਰਹਿ ਸਕਦੇ ਤੇ ਫੇਰ ਇਹ ਜ਼ਬਾਨ ਵਾਲਾ, ਅੱਖਾਂ ਵਾਲਾ ਬੰਦਾ, ਬੰਦੇ ਨੂੰ ਬੰਦਾ ਕਿਉਂ ਨਹੀਂ ਸਮਝਦਾ । ਏਸ ਲਈ ਕਿ ਆਪ ਨੇ ਉਹਨੂੰ ਉੱਚ ਪਦਵੀ ਦਿੱਤੀ ਏ । ਸੂਝ ਬੂਝ ਬਖ਼ਸ਼ੀ ਏ । ਸਭ ਤੋਂ ਉੱਤਮ ਬਣਾਇਆ ਏ, ਤੇ ਸੂਝ ਬੂਝ ਵਾਲੀਆਂ ਵਿਅਕਤੀਆਂ ਉਹਨੂੰ ਉੱਚਾ ਈ ਮੰਨਦੀਆਂ ਹਨ । ਰੱਬ ਨੇ ਬੰਦੇ ਨੂੰ ਜ਼ਬਾਨ ਦਿੱਤੀ ਏ, ਉਹਦੇ ਵਿਚ ਮਿਠਾਸ ਭਰੀ ਏ, ਪਰ ਓਨੀ ਜਿੰਨੀ ਉਹ ਪਚਾ ਸਕੇ, ਜਿਹੜਾ ਬੰਦਾ ਮਿਠਾਸ ਵਿਚ ਸ਼ੀਰਨੀ ਭਰ ਦੇਂਦਾ ਉਹ ਬੰਦਾ ਬਣ ਜਾਂਦਾ ਏ, ਬਾਕੀ ਸਭ ਕੀੜੇ ਨੇ । ਆਓ ਲੋਕੋ ਅਸੀਂ ਮੱਖੀਆਂ ਈ ਬਣ ਕੇ ਵੇਖੀਏ, ਵੇਖੋ ਮੱਖੀਆਂ ਬਣਨ ਵਿਚ ਕਿੰਨਾ ਕੁ ਅਨੰਦ ਏ ।

ਫੇਰ ਫ਼ਰਮਾਇਆ ਸਤਿਗੁਰਾਂ, ਰਵਿਦਾਸ ਚਮਾਰ ਆਖਦਾ ਏ, ਮੈਂ ਲੋਕਾਂ ਦੀਆਂ ਨਜ਼ਰਾਂ ਵਿਚ ਨੀਚ ਹਾਂ, ਮੇਰਾ ਕੰਮ ਹੌਲਾ ਏ, ਮੇਰੀ ਜ਼ਾਤ ਨੀਵੀਂ, ਮੇਰੀ ਕੁਲ ਨੀਵੀਂ, ਮੇਰਾ ਜਨਮ ਨੀਵਾਂ, ਮੇਰਾ ਜਨਮ ਨੀਵੇਂ ਥਾਂ, ਏਸ ਲਈ ਨੀਵਾਂ ਨੀਵਾਂ ਆਖ ਕੇ ਸਾਨੂੰ ਉੱਚੀ ਜ਼ਾਤ ਵਾਲੇ ਨੀਵਾਂ ਕਰ ਦੇਂਦੇ ਹਨ । ਪਰ ਨਹੀਂ ਹੇ ਮਾਧੋ, ਮੇਰੀ ਜ਼ਾਤ, ਕੁਲ,

ਜਨਮ ਸੱਚ-ਮੁਚ ਈ ਨੀਵਾਂ ਰਹਿ ਜਾਵੇਗਾ ਜੇ ਮੈਂ ਭਗਤੀ ਨਾ ਕੀਤੀ। ਨੀਚ ਉਹ ਏ ਜਿਨ ਪ੍ਰਭੂ ਦਾ ਨਾਂ ਨਹੀਂ ਜਪਿਆ, ਓਥੇ ਜ਼ਾਤ ਨਹੀਂ ਪੁੱਛੀ ਜਾਂਦੀ, ਓਥੇ ਕਿਸੇ ਬ੍ਰਾਹਮਣ ਨੂੰ ਸਰੋਪਾ ਨਹੀਂ ਦੇਣਾ। ਮੂਰਖ ਬੰਦੇ, ਓਸ ਪ੍ਰਭੂ ਦੀ ਮਾਲਾ ਫੇਰ, ਭਾਵੇਂ ਇਕ ਘੜੀ ਫੇਰ, ਭਾਵੇਂ ਇਕ ਪਲ ਫੇਰ, ਜਨਮ ਸਫ਼ਲ ਹੋ ਜਾਵੇਗਾ। ਜਨਮ ਤੋਂ ਬੰਦਾ ਇਕੋ ਜਿਹਾ ਜੰਮਦਾ ਏ, ਐਵੇਂ ਲੋਭੀ ਬੰਦੇ ਊਚ ਨੀਚ ਦਾ ਵਿਤਕਰਾ ਪਾ ਦੇਂਦੇ ਹਨ, ਆਓ! ਏਸ ਵਿਤਕਰੇ ਨੂੰ ਕੱਢੀਏ। ਪੰਗਤ ਵਿਚ ਬੈਠ ਕੇ ਖਾਣ ਨਾਲ ਵੀ ਵਿਤਕਰਾ ਨਿਕਲ ਸਕਦਾ ਏ, ਸੰਗਤ ਕਰਨ ਨਾਲ ਬੁੱਧੀ ਆਉਂਦੀ ਏ, ਤੇ ਫੇਰ ਇਨ੍ਹਾਂ ਸਾਰਿਆਂ ਭਰਮਾਂ 'ਚੋਂ ਉੱਚਾ ਹੋ ਜਾਂਦਾ ਹੈ। ਸੋਹਣੇ ਸੋਹਣੇ ਕਪੜੇ ਪਾਉਣ ਨਾਲ ਬੰਦਾ ਸੁੱਚਾ ਨਹੀਂ ਬਣਦਾ, ਮਨ ਸੁੱਚਾ ਕਰਨ ਨਾਲ ਬੰਦਾ ਸੁੱਚਾ ਹੋ ਜਾਂਦਾ ਏ, ਇਹ ਗੱਲ ਗੁਰੂ ਹੀ ਦੱਸਦਾ ਏ, ਤੇ ਫੇਰ ਬੰਦਾ ਦੱਸੇ ਰਾਹ ਤੇ ਤੁਰੀ ਜਾਏ ਤਾਂ ਕਦੀ ਨਾ ਕਦੀ ਤਾਂ ਮੰਜ਼ਿਲ ਮਿਲ ਜਾਂਦੀ ਏ। ਐ ਬੰਦੇ ਤੂੰ ਜ਼ਾਤ ਪਾਤ ਨੂੰ ਛਿੱਕੇ ਤੇ ਟੰਗ ਤੇ ਮਨੁੱਖ ਬਣ, ਇਨ੍ਹਾਂ ਸਾਰਿਆਂ ਦੇ ਮੂੰਹ ਅੱਗੇ ਛਿੱਕੇ ਬੰਨ੍ਹ ਦਿੱਤੇ ਜਾਣਗੇ। ਸ਼ਹਿਦ ਦੀਆਂ ਮੱਖੀਆਂ ਵਾਂਗੂ ਸ਼ਹਿਦ ਵੰਡੋ, ਬਸ ਇਹੋ ਈ ਜੀਵਨ ਏ, ਏਦਾਂ ਆਖ-ਰਹੇ ਸਨ, ਮੇਰੇ ਸਤਿਗੁਰ। ਪਾਰੋ ਡੱਲੇ ਨੇ ਬੜੇ ਠਰੰਮੇ ਨਾਲ ਆਖਿਆ।

—ਇਹ ਤੇ ਵਿਚਾਰ ਹੋਏ ਨਾ ਭਗਤਾਂ ਦੇ, ਗੁਰੂ ਮਹਾਰਾਜ ਨੇ ਆਪਣੇ ਵਿਚਾਰ ਨਾ ਦੱਸੇ ਸੰਗਤਾਂ ਨੂੰ। ਅੱਲਾ ਯਾਰ ਖ਼ਾਂ ਬੋਲਿਆ।

—ਮੇਰੇ ਗੁਰੂ ਦੇ ਅੰਦਰ ਤੇ ਕਵੀ ਲੁਕਿਆ ਬੈਠਾ ਹੀ ਸੀ, ਆਤਮਾ ਤੇ ਚੇਤੰਨ ਸੀ, ਉਤਸ਼ਾਹ ਵੀ ਸੀ, ਉਤੇਜਨਾ ਵੀ ਸੀ, ਲੋਚ ਵੀ ਸੀ, ਸੋਚ ਤੇ ਹੈ ਹੀ ਸੀ, ਪਰ ਬਾਣੀ ਉਚਾਰਨ ਦੀ ਹਿੰਮਤ ਕਿਥੋਂ ਅਜੇ ਤੇ ਪਉੜੀ ਦਾ ਕੋਈ ਡੰਡਾ ਵੀ ਹੱਥ ਵਿਚ ਨਹੀਂ ਸੀ ਆਇਆ। ਉਮਰ ਦਾ ਤਜਰਬਾ ਸੀ, ਬੁੱਧੀ ਸੀ ਸਮਾਜ ਵਿਚ ਅੱਸੀ ਸਾਲ ਕੱਟੇ ਸਨ, ਦੁਨੀਆਂ ਨਾਲ ਵਿਹਾਰ ਕਾਰ ਕੀਤਾ ਸੀ, ਹਰ ਚੀਜ਼ ਵੇਖੀ ਸੀ। ਕਈ ਫਲੀਆਂ ਮੁੜੀਆਂ ਸਨ, ਕਈ ਚੁਰਾਹੇ ਵੇਖੇ ਸਨ, ਕਈ ਗੱਲਾਂ ਸੁਣੀਆਂ ਸਨ, ਚਿੱਥੀਆਂ ਸਨ, ਵਿਚਾਰੀਆਂ ਸਨ, ਪਰ ਦੁੱਖ ਹੀ ਦੁੱਖ ਸਨ। ਸਿਮਰਨ ਦੇ ਬਲ ਬੋਤੇ ਤੇ ਆਦਮੀ ਦੀ ਦੇਹ ਸਵਰਨ ਹੋ ਜਾਂਦੀ ਹੈ।

ਦੀਵਾਨ ਦੀ ਸਮਾਪਤੀ ਦਾ ਵੇਲਾ ਹੋਣ ਵਾਲਾ ਸੀ ਅਤੇ ਗੁਰੂ ਅੰਗਦ ਦੇਵ ਜੀ ਆਣ ਬਿਰਾਜੇ ਆਪਣੇ ਆਸਣ ਤੇ। ਭਾਈ ਅਮਰ ਦਾਸ ਚੁੱਪ ਹੋ ਗਿਆ, ਗੁਰਾਂ ਫ਼ਰਮਾਇਆ ਭਾਈ ਆਖ ਅੱਗੇ ਕੀ ਹੋਇਆ। ਕਿਸ ਤਰ੍ਹਾਂ ਜ਼ਾਤ ਪਾਤ ਦਾ ਕੂੜਨਾ ਕੱਢਿਆ ਜਾ ਸਕਦਾ ਏ, ਮਨੁੱਖ ਦੇ ਮਨ ਵਿਚੋਂ। ਕੀ ਮਨੁੱਖ ਜ਼ਾਤਾਂ ਦੇ ਮਣਕਿਆਂ ਵਿਚ ਈ ਗੁੰਦਿਆ ਰਹੂ। ਥਾਪੀ ਦਿੱਤੀ ਗੁਰਾਂ ਨੇ ਭਾਈ ਅਮਰ ਦਾਸ ਨੂੰ। ਤੇ ਗੁਰੂ ਬੋਲਿਆ।

ਬੰਦੇ ਜ਼ਾਤ ਦਾ ਗਰਬ ਕਾਹਦਾ, ਜਿਹੜਾ ਬ੍ਰਹਮ ਨਾਲ ਚਿੱਤ ਲਾ ਲਵੇ, ਉਹ ਬ੍ਰਾਹਮਣ ਏ, ਐਵੇਂ ਜ਼ਾਤ ਦਾ ਢੰਡੋਰਾ ਨਾ ਪਿੱਟ ਬਹੁਤ ਖ਼ਰਾਬ ਹੋਵੇਂਗਾ, ਕਿਉਂ ਕੂਕੜ ਖੇਹ ਉਡਾ ਰਿਹਾ ਏ, ਘਟਾ ਨਾ ਉਡਾ। ਆਖਣ ਨੂੰ ਤਾਂ ਸਾਰੇ ਲੋਕ ਆਖਦੇ ਹਨ ਕਿ ਅਸੀਂ ਚਾਰ ਵਰਣਾਂ ਦੇ ਵਿਚੋਂ ਹਾਂ, ਪਰ ਸਾਰੇ ਦੇ ਸਾਰੇ ਇਕ ਬ੍ਰਹਮ ਵਿਚੋਂ ਪੈਦਾ ਹੋਏ ਹਨ, ਏਸ ਤੋਂ ਕੋਈ ਵਖਰਾ ਨਹੀਂ, ਮੂਰਖ ਚੰਗਾ ਭਲਾ ਜਾਣਦਿਆਂ ਕੀ ਮਰਖਤਾ ਕਰ

ਰਿਹਾ ਏ, ਸਾਰੇ ਸੰਸਾਰ ਦੀ ਮਿੱਟੀ ਇਕ ਏ, ਘੁਮਿਆਰ ਦੇ ਹੱਥ ਵਿਚ ਪੋੜੇ ਹਨ, ਉਸੇ ਇਕੋ ਮਿੱਟੀ ਦੇ, ਉਹ ਬਾਜ਼ੀਆਂ ਘੜ ਦੇਂਦਾ ਏ, ਵੱਖਰੀਆਂ ਵੱਖਰੀਆਂ ਬਾਜ਼ੀਆਂ ਤੇ ਸ੍ਰਿਸ਼ਟੀ ਦੀ ਰਚਨਾ ਹੋ ਜਾਂਦੀ ਏ, ਇਹ ਦੁਨੀਆਂ ਏਸੇ ਦਾ ਨਾਂ ਏ, ਪੰਜ ਤੱਤ ਦਾ ਇਹ ਪੁੱਤਲਾ ਬਣਿਆ ਏ, ਜਿਹੜਾ ਕਰਨੀ ਕਰੇਗਾ, ਉਸੇ ਕਰਨੀ ਨਾਲ ਉਸ ਪੁੱਤਲੇ ਦਾ ਮੂੰਹ ਧੋਤਾ ਜਾਵੇਗਾ, ਨਿਖਰਿਆ ਮੁੱਖੜਾ ਜਦ ਦੁਨੀਆਂ ਵੇਖੇਗੀ, ਆਪੇ ਝੁਕ ਝੁਕ ਕੇ ਸਲਾਮਾਂ ਕਰੂਗੀ, ਭਾਈ ਅਮਰਦਾਸ ਨੇ ਆਖ ਕੇ ਸਿਰ ਨਿਵਾ ਦਿੱਤਾ।

ਫੇਰ ਫਰਮਾਇਆ ਗੁਰੂ ਅੰਗਦ ਦੇਵ ਨੇ, ਅੱਜ ਤੁਸਾਂ ਭਾਈ ਅਮਰ ਦਾਸ ਦੇ ਵਿਚਾਰ ਸੁਣੇ ਬਹੁਤ ਅਨੰਦ ਆਇਆ, ਇਹ ਵਿਚਾਰ ਗੂੜ੍ਹੇ ਬੰਦੇ ਦੇ ਨੇ, ਜ਼ਿੰਦਗੀ ਦੀਆਂ ਪਉੜੀਆਂ ਚੜ੍ਹ ਚੜ੍ਹ ਕੇ ਬੰਦਾ ਹੰਭ ਜਾਂਦਾ ਏ ਤੇ ਫੇਰ ਇਕ ਜਗ੍ਹਾ ਤੇ ਰੁਕ ਜਾਂਦਾ ਏ, ਉਹੋ ਬੰਦਾ ਜਿਹੜਾ ਪਉੜੀਆਂ ਚੜ੍ਹਨ ਦਾ ਆਦੀ ਹੋਵੇ, ਉਹਦਾ ਅੱਗੇ ਚੜ੍ਹਨ ਨੂੰ ਜੀਅ ਨਹੀਂ ਕਰਦਾ। ਕੋਈ ਹੁਝ ਮਾਰੇ ਤੇ ਫੇਰ ਉਹ ਚੜ੍ਹਨ ਲੱਗ ਜਾਂਦਾ ਏ, ਹੁਝ ਮਾਰਨੀ, ਹੁਝ ਖਾਣੀ, ਹੁਝ ਸਹਾਰਨੀ, ਇਹ ਜਿਗਰੇ ਵਾਲਾ ਬੰਦਾ ਕਰ ਸਕਦਾ ਏ, ਦੀਵਾਨ ਸਮਾਪਤ ਹੋ ਗਿਆ।

ਸਾਰਾ ਸਾਲ ਏਸੇ ਤਰ੍ਹਾਂ ਲੰਘਿਆ, ਬਿਆਸਾ, ਜਾਂ ਗਾਗਰ, ਉਹੋ ਰਾਹ, ਉਹੋ ਖੇੜਾ, ਉਹੋ ਝਾੜੀਆਂ, ਉਹੋ ਫੁੱਲ, ਉਹੋ ਜਾਨਵਰ, ਕਿਰਲਾ ਇਥੋਂ ਨਿਕਲਿਆ ਓਧਰ ਜਾਹ ਵੜਿਆ, ਫੇਰ ਦੀਵਾਨ, ਲੰਗਰ, ਬਸ ਏਸ ਤੋਂ ਵਧ ਹੋਰ ਕੁਝ ਨਹੀਂ।

ਆਖਰ ਮਹੀਨਾ ਚੜ੍ਹਨ ਵਾਲਾ ਹੋ ਗਿਆ, ਮੋਹਲੀਂ ਮੀਂਹ ਵਰ੍ਹਾਉਂਦਾ ਸਾਵਣ ਲੰਘ ਗਿਆ ਤੇ ਭਾਈ ਨੇ ਅਗਲੇ ਦਿਨ ਮਹੀਨਾ ਸੁਣਾਇਆ, ਗੁਰਾਂ ਦੇ ਹੁਕਮ ਨਾਲ ਮਹੀਨਾ ਸੁਣਿਆ ਗੁਰਾਂ ਦੇ ਸਿੱਖਾਂ ਨੇ :

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ।

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ।

ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ।

ਖੁਸ਼ੀਆਂ ਉਮੰਗਾਂ ਨਾਲ ਭਰ ਗਿਆ ਵਿਹੜਾ ਗੁਰਾਂ ਦਾ, ਫੇਰ ਵਾਰੀ ਆਈ ਗੁਰਾਂ ਦੀ। ਖਡੂਰ ਵਿਚ ਦੀਵਾਨ ਵਿਚ ਸੰਗਤ ਜੁੜਨ ਲੱਗ ਪਈ ਏ। ਲੰਗਰ ਦਾ ਰਿਵਾਜ ਵੀ ਆਮ ਹੋ ਚਲਿਆ ਏ। ਸੇਵਾ ਕਰਨ ਵਾਲਿਆਂ ਮਨ ਲਾ ਕੇ ਸੇਵਾ ਕੀਤੀ ਏ। ਗੁਰੂ ਘਰ ਵਲੋਂ ਪਿਛਲੇ ਸਾਲ ਵਾਂਗ ਅੱਜ ਫੇਰ ਸਿਰੋਪਾ ਦਿੱਤੇ ਜਾਣਗੇ, ਥਾਲ ਹਾਜ਼ਰ ਹੋਏ।

ਪਹਿਲਾ ਸਿਰੋਪਾ ਫੇਰ ਭਾਈ ਅਮਰ ਦਾਸ ਨੂੰ ਮਿਲਿਆ ਤੇ ਉਨ੍ਹਾਂ ਆਦਰ, ਪਿਆਰ ਤੇ ਸਿਰ ਨਿਵਾ ਕੇ ਪਹਿਲਿਆਂ ਸਿਰੋਪਿਆਂ ਉਤੇ ਬੰਨ੍ਹ ਲਿਆ। ਹੋਰ ਵੀ ਕਈ ਸੇਵਕ ਸਿਰੋਪਿਆਂ ਨਾਲ ਨਿਵਾਜੇ ਗਏ। ਆਖਰ ਗੁਰੂ ਅੰਗਦ ਦੇਵ ਨੇ ਇਕ ਬਚਨ ਆਖ ਕੇ ਹੱਥ ਜੋੜ ਦਿੱਤੇ।

ਜਦੋਂ ਤਕ ਸ਼ਬਦ ਮੂੰਹ ਵਿਚੋਂ ਨਹੀਂ ਨਿਕਲਦਾ, ਉਹ ਤੁਹਾਡੇ ਕਾਬੂ ਵਿਚ ਹੈ, ਪਰ ਜਦੋਂ ਉਹ ਬਾਹਰ ਆ ਜਾਵੇ ਫੇਰ ਤੁਸੀਂ ਉਸ ਦੇ ਕਾਬੂ ਆ ਜਾਂਦੇ ਓ।

੪

ਸੱਤ ਸਿਰੋਪਾ ਜਦ ਭਾਈ ਅਮਰ ਦਾਸ ਜੀ ਲੈ ਬੈਠੇ ਤੇ ਖਡੂਰ ਦੇ ਆਸੇ ਪਾਸੇ ਗੱਲ ਕੀ ਪੂਰੇ ਮਾਝੇ ਵਿਚ ਕਹਾਣੀਆਂ ਪੈਣੀਆਂ ਸ਼ੁਰੂ ਹੋ ਗਈਆਂ। ਮੂੰਹ ਜੋੜ ਜੋੜ ਕੇ ਲੋਕ ਗੱਲਾਂ ਕਰਨ ਲੱਗ ਪਏ। ਬੁੱਢੀਆਂ, ਠੇਰੀਆਂ ਪੀੜ੍ਹੀਆਂ ਡਾਹ ਕੇ ਬਹਿ ਗਈਆਂ, ਉਨ੍ਹਾਂ ਪਿੜ ਬੰਨ੍ਹ ਲਏ ਤੇ ਲੱਗੀਆਂ ਖੰਭਾਂ ਦੀਆਂ ਡਾਰਾਂ ਬਨਾਉਣ, ਕੋਈ ਕੁਝ ਆਖੇ ਤੇ ਕੋਈ ਕੁਝ। ਜਿੰਨੇ ਮੂੰਹ ਤੇ ਓਨੀਆਂ ਗੱਲਾਂ। ਕਿਸੇ ਨੇ ਇਕੋ ਹੰਭਲਾ ਮਾਰਿਆ ਤੇ ਗੁਰੂ ਬਣਾ ਦਿੱਤਾ, ਆਪਣੇ ਪੀੜ੍ਹੇ ਤੇ ਬੈਠੀ ਨੇ। ਤੇ ਕਿਸੇ ਭਰਵਾਣੀ ਨੇ ਦਾਸਾਂ ਦਾ ਦਾਸ ਆਖ ਕੇ ਵਡਿਆਇਆ, ਸਾਰੇ ਮਾਝੇ ਵਿਚ ਏਸ ਤਰ੍ਹਾਂ ਦੀ ਚਰਚਾ ਛਿੜ ਪਈ। ਹੁਣ ਗੱਦੀ ਦਾ ਵਾਰਸ ਇਹ ਬੁੱਢਾ ਭਾਈ ਅਮਰ ਦਾਸ ਈ ਬਣੇਗਾ, ਕਿਸੇ ਨੂੰ ਕਿਸੇ ਨੇ ਸਾਹਿਬਜ਼ਾਦੇ ਨੂੰ ਵਾਜ ਨਹੀਂ ਮਾਰਨੀ। ਤਿਲਕ ਨਹੀਂ ਲਾਉਣਾ ਇਨ੍ਹਾਂ ਵਿਚਾਰਿਆਂ ਨੂੰ। ਸਾਹਿਬਜ਼ਾਦਿਆਂ ਦਾ ਹੁਣ ਗੁਣਾ ਪੈਣਾ ਬਹੁਤ ਮੁਸ਼ਕਲ ਏ। ਗੁਰੂ ਜਿਨ੍ਹਾਂ ਦੇ ਉੱਡਣੇ, ਚੇਲੇ ਜਾਣ ਛੜੱਪ। ਅੱਗੇ ਵੱਡੇ ਗੁਰੂ ਨੇ ਕਿਹੜੀ ਕਣੀ ਘੱਲੀ ਸੀ, ਆਪਣੇ ਪੁੱਤਾਂ ਨੂੰ ਤਿਲਾਂਜਲੀ ਦੇ ਕੇ ਚੌਂਕੇ ਵਿਚੋਂ ਛੇਕ ਦਿੱਤਾ ਅਤੇ ਜਦੋਂ ਗੱਦੀ ਦੇਣ ਦਾ ਵੇਲਾ ਆਇਆ ਤਾਂ ਗੁਰੂ ਅੰਗਦ ਦੇਵ ਨੂੰ ਆਸਣ ਤੇ ਲਿਆ ਬਿਠਾਇਆ, ਇਹ ਗੱਲ ਪੰਜਾਬ ਦੀ ਮਰਿਆਦਾ ਤੋਂ ਵੱਖਰੀ ਸੀ, ਪਿਓ ਦੀ ਜਾਇਦਾਦ ਦੇ ਮਾਲਕ ਹਮੇਸ਼ਾਂ ਪੁੱਤ ਈ ਬਣਦੇ ਆਏ ਨੇ, ਪਰ ਗੁਰੂ ਨੇ ਉਸ ਬੰਦੇ ਨੂੰ ਚੁਣਿਆ ਜਿਹੜਾ ਏਡੀ ਵੱਡੀ ਪੰਡ ਸਿਰ ਤੇ ਚੁੱਕ ਕੇ ਚਲ ਸਕੇ। ਚਲੋ ਉਨ੍ਹਾਂ ਜੋ ਕੁਝ ਕੀਤਾ, ਚੰਗਾ ਕੀਤਾ। ਪਰ ਇਹ ਲਕੀਰ ਹੁਣ ਹਮੇਸ਼ਾਂ ਲਈ ਪੈ ਨਹੀਂ ਜਾਣੀ ਚਾਹੀਦੀ। ਅੱਗੋਂ ਦਾਤੂ ਸਾਹਿਬਜ਼ਾਦੇ ਨੂੰ ਗੱਦੀ ਕਿਉਂ ਨਾ ਮਿਲੇ। ਕੀ ਉਹ ਏਸ ਦੇ ਕਾਬਲ ਨਹੀਂ, ਭਾਈ ਨੂੰ ਕਿਹੜੇ ਲਾਲ ਲੱਗੇ ਹੋਏ ਨੇ, ਬੁੱਢਾ ਠੇਰਾ ਉਮਰ ਖਾ ਕੇ ਪੁੱਗਿਆ ਬੰਦਾ, ਹੁਣ ਇਹ ਕੀ ਸਮਾਜ ਦੀ ਸੇਵਾ ਕਰ ਸਕੇਗਾ। ਤਾਜ਼ੇ ਲਹੂ ਤੋਂ ਤਾਂ ਸੌ ਉਮੀਦਾਂ ਰੱਖੀਆਂ ਜਾ ਸਕਦੀਆਂ ਹਨ। 'ਨਦੀ ਕਿਨਾਰੇ ਰੁੱਖੜਾ, ਅੱਜ ਡਿੱਗੇ ਜਾਂ ਕੱਲ੍ਹ।' ਆਖਣ ਵਾਲੀ ਇਕ ਬੁੱਢੀ ਜਹਾਨੋਂ ਗਈ ਗੁਜ਼ਰੀ ਸੀ, ਆਖ ਰਹੀ ਸੀ।

—ਮੂੰਹ ਵਿਚ ਦੰਦ ਨਹੀਂ, ਕਬਰ ਵਿਚ ਲੱਤਾਂ ਹਨ। ਭੂਆ ਤੂੰ ਤੇ ਹਰ ਕੰਮ ਵਿਚ ਕੀੜੇ ਕੱਢਦੀ ਏਂ ਤੇਰਾ ਕੰਮ ਏ ਬਣੇ ਬਣਾਏ ਕੰਮ ਨੂੰ ਲੱਤ ਮਾਰਨਾ। ਗੁਰੂ ਦੇ ਕੰਮ ਗੁਰੂ ਜਾਣਨ, ਉਹ ਸਾਥੋਂ ਅੰਞਾਣੇ ਥੋੜ੍ਹੇ ਨੇ, ਜੀਹਦਾ ਕੰਮ ਏ ਉਹੀਓ ਜਾਣੇ। ਭੂਆ ਦਾ ਕੰਮ ਏ ਹਰ ਭਲੇ ਕੰਮ ਵਿਚ ਲੱਤ ਮਾਰਨੀ। ਐਵੇਂ ਸਹਿਜ ਸੁਭਾਈ ਪਿੰਡ ਦੇ ਕਿਸੇ ਵਿਹੜੇ ਵਿਚ ਬਹਿ ਕੇ ਕਿਸੇ ਦੀ ਚੁਗਲੀ ਕਰਨੀ, ਐਵੇਂ ਭਲਿਆਂ ਮੂੰਹਾਂ ਵਿਚ ਫਿੱਕੇ ਪੈਣਾ, ਜੇ ਕਿਸੇ

ਟੋਕਣਾ ਤੇ ਮੂੰਹ ਸੁਝਾ ਬਹਿਣਾ, ਹੁਣ ਛੱਡ ਭੂਆ, ਸਾਰੀ ਉਮਰ ਬਖੇੜੀ ਖੇਹ ਖਾ ਲਈ ਉ। ਪਰ ਨਹੀਂ, ਇਹ ਆਦਤੋਂ ਨਹੀਂ ਜਾਣ ਲੱਗੀ ਹੁਣ ਇਹ ਗੁਰੂ ਦੇ ਮੂੰਹ ਲੱਗਣ ਲੱਗੀ ਏ, ਇਹਦਾ ਮੂੰਹ ਜ਼ਰੂਰ ਕਾਲਾ ਹੋਣਾ ਏ, ਇਹਦਾ ਕਿਸੇ ਮੱਥਾ ਨਹੀਂ ਡੰਮ੍ਹਣਾ। ਗੁਰੂ ਦੀ ਨਿੰਦਿਆ ਕਰਨ ਵਾਲਿਆਂ ਨੂੰ ਕੋਹੜ ਹੁੰਦਾ ਏ ਪਰ ਕਦੀ ਕਦੀ ਏਸ ਕਲਜੋਗਣੀ ਦੀ ਜ਼ਬਾਨ ਵੀ ਸੱਚੀ ਹੋ ਜਾਇਆ ਕਰਦੀ ਏ। ਇਹ ਔਂਤਰੀ, ਨਖੱਤਰੀ ਭਾਵੇਂ ਕਿਸੇ ਦਾ ਬੁਰਾ ਨਹੀਂ ਮੰਗਦੀ, ਪਰ ਇਹਦੀ ਜ਼ਬਾਨ ਵਿਚ ਰਸ ਨਹੀਂ, ਕੌੜੇ ਬੋਲ ਬੋਲਦੀ ਰਹਿੰਦੀ ਏ, ਪਰ ਇਹਦੇ ਕੌੜੇ ਬੋਲਾਂ ਦੇ ਮਗਰ ਇਕ ਸਚਾਈ ਲੁਕੀ ਹੋਈ ਏ। ਗੱਲ ਖਰੀ ਕਰਦੀ ਏ, ਪਰ ਇਹਦੇ ਜੋ ਕੁਝ ਮੂੰਹ ਵਿਚ ਆਉਂਦਾ ਏ, ਸੋ ਇਹ ਮੂੰਹੋਂ ਕੱਢ ਦੇਂਦੀ ਏ, ਬਿਨਾਂ ਸੋਚਿਆਂ ਸਮਝਿਆਂ, ਗੁਰੂ ਦੇ ਕੰਮ ਗੁਰੂ ਜਾਣਨ, ਸਾਡਾ ਕੀ ਕੰਮ ਏ। ਉਹ ਜਾਣੀ ਜਾਣ ਹਨ। ਆਪ ਧੁਰ ਦੀ ਜਾਣਨ ਵਾਲੇ ਹਨ, ਉਨ੍ਹਾਂ ਤੋਂ ਕੋਈ ਗੱਲ ਲੁਕੀ ਛਿਪੀ ਥੋੜ੍ਹੀ ਏ। ਭੂਆ ਤੂੰ ਹੁਣ ਛੱਡ ਇਨ੍ਹਾਂ ਝਮੇਲਿਆਂ ਨੂੰ, ਮਾਲਾ ਫੜ ਕੇ ਰਾਮ ਰਾਮ ਜਪਿਆ ਕਰ, ਵਿਹੜੇ ਦੀ ਦੂਜੀ ਜ਼ਨਾਨੀ ਆਖਣ ਲੱਗੀ।

—ਤੀਜੀ ਤੀਵੀਂ ਬੋਲੀ, ਮੈਂ ਖਡੂਰ ਗਈ ਸਾਂ, ਭੈਣਾ, ਅੱਜ ਕੱਲ੍ਹ ਅਮਰ ਦਾਸ ਦੀਵਾਨ ਵਿਚ ਕਥਾ ਕਰ ਰਹੇ ਹਨ, ਸਤਿਗੁਰ ਆਸਣ ਤੇ ਬਿਰਾਜਮਾਨ ਸਨ, ਤੇ ਭਾਈ ਬਟੇਰੇ ਵਾਂਗੂ ਪਟਾਖ ਰਿਹਾ ਸੀ, ਮੈਨੂੰ ਤੇ ਇਉਂ ਜਾਪਦਾ ਸੀ ਕਿ ਜਿੱਦਾਂ ਏਸ ਕੁੱਕੜ ਦੀ ਬਾਂਗ ਦਿੱਤਿਆਂ ਤੋਂ ਬਗੈਰ ਦਿਨ ਈ ਨਹੀਂ ਚੜ੍ਹਨਾ, ਸਾਰੀ ਸੰਗਤ ਉਹਦੇ ਮਗਰ ਹਾਂ ਵਿਚ ਹਾਂ ਮਿਲਾ ਰਹੀ ਸੀ। ਉਹਦਾ ਪ੍ਰਭਾਵ, ਬਹੁਤ ਏ। ਖਡੂਰ ਵਿਚ ਜਾਂਦੀ ਆਉਂਦੀ ਸੰਗਤ ਵੀ ਮੱਥੇ ਟੇਕਣ ਲੱਗ ਗਈ ਏ। ਗੁਰੂ ਦੀ ਜੋਤ ਭਾਵੇਂ ਜਗ ਰਹੀ ਏ, ਪਰ ਬੀਬੀ ਮੈਂ ਇਹ ਵੇਖਿਆ ਏ, ਉਹ ਜੋਤ ਨਹੀਂ ਜਾਪਦੀ, ਪਰ ਚੌਮੁਖੀਆ ਦੀਵਾ ਜਿਵੇਂ ਚੁਰਸਤੇ ਵਿਚ ਜਗਦਾ ਹੋਵੇ ਓਸ ਤਰ੍ਹਾਂ ਦਾ ਪ੍ਰਤਾਪ ਭਾਈ ਅਮਰ ਦਾਸ ਦੇ ਚਿਹਰੇ ਤੇ ਮੈਂ ਆਪ ਅੱਖੀਂ ਡਿੱਠਾ ਏ। ਰੰਗ ਰੂਪ, ਬੋਲ ਚਾਲ, ਰਹਿਣੀ ਬਹਿਣੀ, ਬਿਲਕੁਲ ਗੁਰੂ ਨਾਲ ਮਿਲਦੀ ਜੁਲਦੀ ਜਾਪਦੀ ਏ। ਮੈਂ ਜਦ ਭਾਈ ਜੀ ਦੇ ਬੋਲ ਸੁਣੇ ਤੇ ਧਰਮ ਨਾਲ ਮੈਨੂੰ ਇਉਂ ਜਾਪਿਆ ਜਿਵੇਂ ਬਹਾਰ ਰੁੱਤ ਵਿਚ ਫੁੱਲ ਖਿੜਨ ਤੇ ਝੜਨ। ਮਿੱਠੀ ਆਵਾਜ਼, ਸੁਰੀਲੇ ਬੋਲ, ਮਿਸ਼ਰੀ ਘੁਲੀ ਲੈਅ ਬੰਦੇ ਨੂੰ ਆਪੇ ਈ ਮੋਹਿਤ ਕਰ ਲੈਂਦੀ ਏ। ਭਾਈ ਜੀ ਨੂੰ ਵੇਖ ਕੇ ਗੁਰਾਂ ਦਾ ਚਿਹਰਾ ਆਪ-ਮੁਹਾਰੇ ਚੇਤਾ ਆ ਜਾਂਦਾ ਏ। ਜਿੰਨਾ ਪ੍ਰਭਾਵ ਮੈਂ ਉਨ੍ਹਾਂ ਦਾ ਵੇਖਿਆ ਏ। ਗੁਰੂ ਨੇ ਗੁਰ-ਗੱਦੀ ਭਾਈ ਅਮਰ ਦਾਸ ਨੂੰ ਦੇ ਦੇਣੀ ਏ। ਪੁੱਤਰਾਂ ਨੇ ਮੂੰਹ ਵੇਖਦੇ ਈ ਰਹਿ ਜਾਣਾ ਏ। ਪੁੱਤ ਭਾਵੇਂ ਪੁੱਤ ਹਨ, ਪਰ ਇਹ ਪੰਡ ਚੁੱਕਣ ਜੋਗੇ ਨਹੀਂ। ਇਹ ਬੋਲ ਇਕ ਹੋਰ ਤੀਵੀਂ ਦੇ ਸਨ।

ਇਹ ਗੱਲਾਂ ਤੇ ਭਾਵੇਂ ਮਾਝੇ ਵਿਚ ਹੋ ਰਹੀਆਂ ਸਨ, ਪਰ ਖਡੂਰ ਵਿਚ ਜਿਹੜੀ ਬੰਸਰੀ ਵੱਜ ਰਹੀ ਸੀ, ਉਹਦੀ ਆਵਾਜ਼ ਈ ਕੁਝ ਨਿਰਾਲੀ ਸੀ, ਉਹਦੇ ਵਿਚ ਸੋਜ਼ ਸੀ, ਲਚਕ ਸੀ, ਮਿਠਾਸ ਸੀ, ਠਰਾਅ ਸੀ, ਮੋਹਿਤ ਕਰਦੀ ਜਾਂਦੀ ਕੀਲਦੀ ਜਾਂਦੀ, ਰਾਹ ਜਾਂਦੇ ਮਨੁੱਖ ਨੂੰ। ਜਿਸ ਤਰ੍ਹਾਂ ਗੋਕਲ ਵਿਚ ਕਾਨ੍ਹ ਦੀ ਬੰਸਰੀ ਲਟਬਾਵਰਾ ਕਰੀ ਜਾਵੇ ਗੋਪੀਆਂ ਨੂੰ, ਏਸੇ ਤਰ੍ਹਾਂ ਭਾਈ ਅਮਰ ਦਾਸ ਦੀ ਸੁਰੀਲੀ ਤੇ ਮਿੱਠੀ ਆਵਾਜ਼ ਕਲੇਜੇ ਵਿਚ ਸੰਗਤ ਦੇ ਧੂਹ ਪਾਉਂਦੀ ਜਾਂਦੀ ਸੀ। ਤੇ ਖਿੱਚ ਲੈਂਦੀ ਸੀ ਆਪਣੇ ਵੱਲ। ਲੋਕ ਹੁਣ ਉਥੇ ਆਪਣੇ ਵੱਸ ਵਿਚ ਨਹੀਂ ਰਹੇ। ਮੇਰੇ ਗੁਰੂ ਦੀ ਕਥਾ ਸੁਣਨ ਨੂੰ ਲੋਕ

ਦੂਰੋਂ ਦੂਰੋਂ ਆਉਂਦੇ ਹਨ, ਤੇ ਨਿੱਠ ਕੇ ਬਹਿ ਜਾਂਦੇ ਹਨ, ਦੀਵਾਨ ਵਿਚ। ਜਦ ਤਕ ਭਾਈ ਅਮਰ ਦਾਸ ਆਪਣੀ ਕਥਾ ਦਾ ਭੋਗ ਨਹੀਂ ਪਾਉਂਦੇ, ਕੋਈ ਬੰਦਾ ਹਿੱਲਦਾ ਨਹੀਂ, ਦੀਵਾਨ ਵਿਚ ਕਿਤੇ ਕੀੜੀ ਪਰ ਨਹੀਂ ਮਾਰਦੀ, ਸੂਈ ਡਿੱਗ ਪਵੇ ਤੇ ਖੜਾਕ ਆਉਂਦਾ ਏ, ਮਹਿਮਾ ਦਿਨ ਬਦਿਨ ਵਧ ਰਹੀ ਏ।

ਦਾਤੂ ਦੇ ਯਾਰ ਬੇਲੀ, ਆਪਸ ਵਿਚ ਰਮਜ਼ਾਂ ਵਾਲੀਆਂ ਗੱਲਾਂ ਕਰਨੋਂ ਨਹੀਂ ਸਨ ਮੁੜਦੇ, ਟਿਚਕਰਾਂ ਵੀ ਕਰਦੇ ਤੇ ਗੁੱਝੀਆਂ ਦੁੱਝਾਂ ਵੀ ਮਾਰਦੇ ਪਰ ਖੁੱਲ੍ਹ ਕੇ ਕੋਈ ਨਾ ਆਖਦਾ ਕਿ ਯਾਰ ਤੇਰੇ ਘਰ ਸੰਨ੍ਹ ਲੱਗ ਰਹੀ ਏ।

ਦਿਨ ਬੀਤ ਰਹੇ ਸਨ, ਕਥਾ, ਬਾਣੀ ਪ੍ਰਵਚਨ ਸੰਗਤ ਰੋਜ਼ ਸੁਣਦੀ ਤੇ ਮਗਨ ਹੋ ਜਾਂਦੀ। ਨਵੇਂ ਸਾਲ ਵਿਚ, ਇਕ ਤੇ ਈਰਖਾ ਦੀ ਅੱਗ ਧੁਖਣ ਲੱਗ ਪਈ, ਗਿੱਲੇ ਗੋਹਿਆਂ ਦੀ ਅੱਗ ਵਾਂਗੂ। ਗੁਰੂ ਘਰ ਵਿਚ ਈ ਧੂਆਂ ਧੁਖਿਆ ਤੇ ਗੋੜੇ ਮਾਰਨ ਲੱਗ ਪਿਆ ਤੇ ਦੂਜੇ ਪਾਸੇ ਭਾਈ ਅਮਰ ਦਾਸ ਦੀ ਚਰਚਾ ਪਿੰਡ, ਪਿੰਡ, ਗਰਾਂ, ਗਰਾਂ, ਨਗਰ, ਨਗਰ ਕਸਤੂਰੀ ਦੀ ਖੁਸ਼ਬੂ ਵਾਂਗ ਫੈਲਣ ਲੱਗ ਪਈ। ਭਾਵੇਂ ਸਰੀਰ ਬੁੱਢਾ ਸੀ, ਪਰ ਹੈ ਕੁਰੜਾ ਸੀ। ਜਿਹੜੀ ਗੱਲ ਕਰਦੇ ਤਜਰਬੇ ਦੀ। ਜ਼ਿੰਦਗੀ ਹੰਢਾ ਕੇ ਵੇਖੀ ਹੋਈ ਸੀ। ਠੋਕਰਾਂ ਖਾ ਕੇ ਵੇਖੀਆਂ ਹੋਈਆਂ ਸਨ ਸਮਾਜ ਦੀਆਂ। ਸ਼ਰੀਕਾਂ ਦੇ ਬੋਲ ਸੀਨੇ ਵਿਚ ਤੀਰਾਂ ਵਾਂਗ ਲੱਗੇ ਸਹੇ ਸਨ। ਖਡੂਰ ਵਿਚ ਜਾ ਕੇ ਬਿਆਸਾ ਦੀਆਂ ਲਹਿਰਾਂ ਦੀ ਮਿੱਠੀ, ਸੁਰੀਲੀ ਆਵਾਜ਼ ਦੇ ਗੀਤ ਰੋਜ਼ ਰੋਜ਼ ਸੁਣ ਕੇ ਮਨ ਨਿਰਮਲ ਹੋ ਗਿਆ ਸੀ। ਗੁੱਸੇ ਨਾਂ ਦੀ ਹੁਣ ਕੋਈ ਗੱਲ ਨਹੀਂ ਸੀ।

ਚੜ੍ਹੇ ਮਹੀਨੇ ਉਹ ਕਿਰਤ ਤੇ ਬੋਲੇ, ਆਖਣ ਲੱਗੇ ਮੇਰੇ ਸਤਿਗੁਰ, ਗੁਰੂ ਘਰ ਵਿਚ ਕਿਰਤ ਦੀ ਬਹੁਤ ਮਹਾਨਤਾ ਏ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਤੇ ਵੰਡ ਕੇ ਛਕਣ ਵਾਲੇ ਨੂੰ ਗੁਰੂ ਘਰ ਵਿਚ ਆਦਰ ਮਿਲਦਾ ਏ। ਸਤਿਕਾਰ ਨਾਲ ਸੰਗਤ ਵੇਖਦੀ ਏ। ਪੂਜਿਆ ਜਾਂਦਾ ਏ ਵਿਅਕਤੀ, ਸਿਰ ਤੇ ਚੁੱਕ ਲੈਂਦਾ ਏ ਗੁਰੂ ਘਰ ਨੂੰ। ਹੱਕ ਹਲਾਲ ਦੀ ਕਮਾਈ ਕਰਨ ਵਾਲਾ ਹਮੇਸ਼ਾਂ ਮਹਾਨ ਏ। ਭਾਈ ਲਾਲੋ ਨੂੰ ਐਵੇਂ ਨਹੀਂ ਸੀ ਸਿਰ ਤੇ ਚੁੱਕ ਲਿਆ ਗੁਰੂਆਂ ਨੇ। ਬੰਦੇ ਦੀ ਕਮਾਈ ਦਾ ਜੀਵਨ ਤੇ ਬੜਾ ਅਸਰ ਪੈਂਦਾ ਏ। ਜਿਹੋ ਜਿਹਾ ਖਾਈਏ, ਉਹੋ ਜਿਹੀ ਮੱਤ ਆਉਂਦੀ ਏ।

ਮਾੜੀ ਜਿਹੀ ਉੱਚੀ ਜਗ੍ਹਾ ਤੇ ਭਾਈ ਅਮਰ ਦਾਸ ਬਹਿ ਗਏ। ਸੰਗਤ ਤੇ ਅੱਗੇ ਈ ਬਿਰਾਜਮਾਨ ਸੀ। ਏਨੇ ਚਿਰ ਨੂੰ ਗੁਰੂ ਮਹਾਰਾਜ ਵੀ ਆਣ ਪੁੱਜੇ ਤੇ ਆਸਣ ਤੇ ਆ ਬੈਠੇ।

ਫ਼ਰਮਾਇਆ ਗੁਰੂ ਅੰਗਦ ਦੇਵ ਨੇ। ਹਾਂ, ਕਹੁ ਭਾਈ, ਕਿਰਤ ਕਰਨੀ ਕਿਉਂ ਜ਼ਰੂਰੀ ਏ, ਛਕਣ ਦੀ ਲੋੜ ਨਹੀਂ। ਏਸੇ ਤਰ੍ਹਾਂ ਗਿਆਨ ਵਧਦਾ ਏ, ਬੁੱਧੀ ਨਿਰਮਲ ਹੁੰਦੀ ਏ, ਤੇ ਸੰਗਤ ਵੀ ਤੁਹਾਥੋਂ ਕੁਝ ਸਿੱਖ ਕੇ ਲੈ ਕੇ ਜਾਏਗੀ ਕੁਝ। ਇਹਦੇ ਵਿਚ ਦੋਹਵਾਂ ਦਾ ਲਾਭ ਏ, ਦੋਹਵਾਂ ਦਾ ਪੁੰਨ ਏ।

ਭਾਈ ਅਮਰ ਦਾਸ ਨੇ ਆਖਿਆ, ਵੀਰੋ, ਭਰਾਵੋ; ਮੇਰੇ ਸਹਿਪਾਠੀਓ, ਕਿਰਤ ਬਾਰੇ ਅੱਜ ਮੈਂ ਤੁਹਾਨੂੰ ਰਵਿਦਾਸ ਦੇ ਵਿਚਾਰ ਦੱਸਦਾ ਹਾਂ :—

ਚਮਰਟਾ ਗਾਂਠਿ ਨ ਜਨਈ, ਲੋਗੁ ਗਠਾਵੈ ਪਨਹੀ।

ਆਰ ਨਹੀਂ ਜਿਹ ਤੋਪਉ, ਨਹੀਂ ਰਾਂਬੀ ਠਾਉ ਰੋਪਉ । ੧ ।

ਲੋਗੁ ਗੰਠਿ ਗੰਠਿ ਖਰਾ ਬਿਗੂਚਾ, ਹਉ ਬਿਨੁ ਗਾਂਠੇ ਜਾਇ ਪਹੂਚਾ । ੨ ।

ਰਵਿਦਾਸੁ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਾਹੀ ਕਾਮਾ ॥ ੩ ॥

ਗੱਲ ਬੜੀ ਸਿੱਧੀ ਏ, ਸਾਫ਼ ਏ, ਤੇ ਸੱਚੀ ਏ, ਭਾਈ, ਭਗਤ ਰਵੀ ਦਾਸ ਜੀ ਮਹਾਨ ਹਨ, ਫ਼ਰਮਾਉਂਦੇ ਹਨ, ਮੈਂ ਗਰੀਬ ਚਮਾਰ, ਸਰੀਰ ਦੀ ਜੁੱਤੀ ਨੂੰ ਗੰਢਣਾ ਨਹੀਂ ਜਾਣਦਾ, ਪਰ ਜਗਤ ਦੇ ਜੀਵ ਆਪੋ ਆਪਣੇ ਸਰੀਰ ਰੂਪੀ ਜੁੱਤੀ ਨੂੰ ਗੰਢਾ ਰਹੇ ਹਨ। ਸਰੀਰ ਨੂੰ ਦਹੀਂ ਮਲ ਮਲ ਕੇ ਨਹਾਉਣਾ, ਸਰੀਰ ਨੂੰ ਇੱਤਰ ਫਲੇਲ ਦੀ ਸੁਗੰਧੀ ਮਲਣੀ, ਬਣ ਠਣ ਕੇ ਨਿਕਲਣਾ, ਪਾਲਣਾ, ਪੋਸਣਾ, ਲਿਸ਼ਕਾਉਣ ਦਾ ਹਰ ਵੇਲੇ ਆਹਰ ਕਰਦੇ ਰਹਿੰਦੇ ਹਨ। ਮੈਂ ਚਮਾਰ ਹਾਂ, ਮੈਨੂੰ ਤੇ ਇਸ ਗੱਲ ਦੀ ਸੁੱਧ ਬੁੱਧ ਈ ਨਹੀਂ, ਨਾਲੇ ਮੈਨੂੰ ਕੀ ਲੋੜ ਏ, ਮੇਰੇ ਸਰੀਰ ਦੀ ਜੁੱਤੀ ਤਾਂ ਪੱਕੀ ਏ। ਲੋੜ ਤਾਂ ਉਨ੍ਹਾਂ ਨੂੰ ਏ ਜਿਹਦੀ ਜੁੱਤੀ ਟੁੱਟੀ ਹੋਈ ਏ। ਮੇਰੇ ਪਾਸ ਆਰ ਨਹੀਂ ਕਿ ਮੈਂ ਜੁੱਤੀ ਨੂੰ ਤੋਪੇ ਲਾਵਾਂ। ਜਿਹਨੂੰ ਮਾਇਆ ਦੀ ਭੁੱਖ ਏ, ਜਿਹੜਾ ਮਾਇਆ ਦਾ ਲੋਭੀ ਏ, ਉਹ ਤੇ ਇਹ ਪਾਪੜ ਵੇਲੇ, ਮੇਰੀ ਸੁਰਤ ਤੇ ਸਦਾ ਸਰੀਰ ਵਿਚ ਟਿਕੀ ਏ, ਪ੍ਰਭੂ ਟਿਕਾਈ ਰੱਖੇ। ਮੇਰੀ ਆਰ ਖੁੰਢੀ ਏ, ਤੋਪਾ ਕਿਸ ਤਰ੍ਹਾਂ ਭਰੇ, ਪਰ ਮੈਂ ਲੋਕਾਂ ਦੀਆਂ ਜੁੱਤੀਆਂ ਗੰਢੀ ਜਾ ਰਿਹਾ ਹਾਂ ਉਸੇ ਆਰ ਨਾਲ, ਪਰ ਇਹ ਆਰ ਲੋਕਾਂ ਲਈ ਖੁੰਢੀ ਨਹੀਂ। ਪਰ ਜਿਹੜੀ ਆਰ ਦੀ ਮੈਨੂੰ ਲੋੜ ਏ ਉਹ ਏਨੀ ਤਿੱਖੀ ਨਹੀਂ। ਮੈਂ ਤਿੱਖੀ ਕਰਨ ਵਾਸਤੇ ਪ੍ਰਭੂ ਦਾ ਸਿਮਰਨ ਕਰਦਾ ਹਾਂ। ਪਰ ਲੋਕ ਐਵੇਂ ਈ ਵੱਖੀਓਂ ਈ ਬੋਲਦੇ ਹਨ। ਮੈਂ ਸੁਣ ਲੈਂਦਾ ਹਾਂ। ਬੜੇ ਅਫ਼ਸੋਸ ਦੀ ਗੱਲ ਏ, ਵੱਡੇ ਵੱਡੇ ਤਿਲਕ ਲਾ ਕੇ ਆਪਣੇ ਆਪ ਨੂੰ ਉੱਚੀ ਜ਼ਾਤ ਵਾਲਾ ਆਖਦੇ ਹਨ। ਏਨਾ ਝੂਠਾ ਢੰਡੋਰਾ ਤੇ ਮੈਨੂੰ ਮਖੌਲ ਕਰਦੇ ਹਨ ਚਮਾਰ ਆਖ ਕੇ। ਆਖ ਲਵੋ ਭਲਿਓ ਲੋਕੋ, ਮੈਂ ਕਿਹੜਾ ਤੁਹਾਡੇ ਮੂੰਹ ਅੱਗੇ ਹੱਥ ਦੇਣਾ ਏ, ਮੇਰਾ ਤੇ ਕਿੱਤਾ ਏ, ਜੁੱਤੀਆਂ ਸਿਊਣੀਆਂ ਤੇ ਜੁੱਤੀਆਂ ਗੰਢਣੀਆਂ।

ਮੇਰੇ ਪਾਸ ਰਾਂਬੀ ਨਹੀਂ, ਕਿਸ ਤਰ੍ਹਾਂ ਟਾਕੀ ਲਾਵਾਂ, ਤੁਸੀਂ ਟਾਕੀਆਂ ਲਵਾਵੋ, ਗੰਗਾ ਇਸ਼ਨਾਨ ਕਰ ਕੇ। ਚੰਗੇ ਚੰਗੇ ਸਵਾਦਲੇ ਭੋਜਨ ਖਾ ਕੇ, ਰਬੜੀ, ਮਲਾਈ, ਖੁਰਚਣ, ਇਨ੍ਹਾਂ ਨਾਲ ਸਰੀਰ ਵਿਚ ਚਮਕ ਆਉਂਦੀ ਏ। ਸ਼ੀਸ਼ੇ ਵਿਚ ਮੂੰਹ ਵੇਖੀਏ ਤੇ ਨਸ਼ਾ ਆ ਜਾਂਦੈ, ਪਰ ਇਹ ਸਭ ਬੇਅਰਥ ਹਨ। ਪ੍ਰਭੂ ਭਗਤੀ ਤੋਂ ਬਿਨਾਂ ਦੁਨੀਆਂ ਦੇ ਛੱਤੀ ਪਦਾਰਥ ਵੀ ਸਰੀਰ ਵਿਚ ਸੁਧੀ ਨਹੀਂ ਪੈਦਾ ਕਰ ਸਕਦੇ। ਜੇ ਮਨ ਨਿਰਮਲ ਈ ਕਰਨਾ ਏ ਤਾਂ ਪ੍ਰਭੂ ਨੂੰ ਯਾਦ ਕਰ।

ਜਗਤ ਜੁੱਤੀ ਨੂੰ ਥਾਂ ਥਾਂ ਤੋਂ ਤੋਪੇ ਲਵਾਉਂਦਾ ਏ, ਜੁੱਤੀ ਟਾਕੀਆਂ ਨਾਲ ਭਰ ਗਈ ਏ। ਕੀ ਇਹ ਖ਼ਰਾਬੀ ਨਹੀਂ, ਮਗਰੂਰੀ ਨਹੀਂ ਤੇ ਹੋਰ ਕੀ ਏ। ਸਰੀਰ ਨੂੰ ਏਨਾ ਸੋਹਲ ਨਾ ਬਣਾ ਬੰਦੇ, ਇਹ ਤੈਨੂੰ ਇਕ ਦਿਨ ਸੂਲੀ ਤੇ ਟੰਗੇਗਾ, ਐਵੇਂ ਦੁਖੀ ਹੋਵੇਂਗਾ। ਇਹ ਪੰਜ ਤੱਤ ਦਾ ਪੁਤਲਾ ਜਿਹੜਾ ਪਾਣੀ ਦੇ ਬੁਲਬੁਲੇ ਵਾਂਗ ਏ। ਇਹਦੇ ਵਿਚ ਐਵੇਂ ਏਨਾ ਮਾਣ ਨਾ ਕਰ। ਮੈਨੂੰ ਚਮਾਰ ਚਮਾਰ ਲੱਖ ਵਾਰ ਆਖੋ, ਮੇਰਾ ਕੀ ਵਿਗੜਦਾ ਏ, ਮੇਰੇ ਕਿਹੜੇ ਕੰਨ ਮੈਲੇ ਹੋ ਚਲੇ ਹਨ। ਮੈਂ ਚਮਾਰ ਹਾਂ ਤੇ ਚਮਾਰ ਈ ਰਹਿਣਾ ਹੈ। ਤੁਸੀਂ ਆਪਣੇ ਆਪ ਨੂੰ ਵੇਖੋ, ਤੁਸੀਂ ਤੇ ਚਮਾਰ ਨਹੀਂ। ਪਰ ਤੁਸਾਂ ਆਪਣੇ ਅੰਦਰ ਝਾਤੀ ਨਹੀਂ

ਮਾਰੀ ਕਦੇ, ਤੁਸੀਂ ਤੇ ਚਮਾਰਾਂ ਤੋਂ ਵੀ ਗਏ ਗੁਜ਼ਰੇ ਹੋ। ਮੈਂ ਹੁਣ ਗੰਢਣ, ਤੁਪਣ ਦਾ ਕੰਮ ਛੱਡ ਕੇ ਪ੍ਰਭੂ ਦੇ ਲੜ ਲੱਗ ਪਿਆ ਹਾਂ। ਮੈਂ ਮੰਗ ਕੇ ਨਹੀਂ ਖਾਣਾ ਚਾਹੁੰਦਾ। ਕਿਰਤ ਸਿਰਫ਼ ਇਸੇ ਲਈ ਕਰਦਾ ਹਾਂ, ਦਸਾਂ ਨਹੁੰਆਂ ਦੀ ਕਿਰਤ ਨਾਲ ਦੋ ਰੁੱਖੀਆਂ ਸੁੱਖੀਆਂ ਰੋਟੀਆਂ ਖਾ ਲਵਾਂ ਤੇ ਇਹ ਸਰੀਰ ਸ਼ਾਂਤ ਹੋ ਜਾਵੇ। ਤੁਸੀਂ ਸਰੀਰਕ ਮੋਹ ਦੀ ਖਵਾਰੀ ਵਿਚ ਫਸਣਾ ਚਾਹੁੰਦੇ ਓ, ਤੇ ਮੈਂ ਉਥੋਂ ਕਿਨਾਰਾ ਕਰਨਾ ਚਾਹੁੰਦਾ ਹਾਂ।

ਭਗਤ ਰਵੀਦਾਸ ਆਖਦੇ ਹਨ, ਕਿ ਮੈਂ ਹੁਣ ਪ੍ਰਮਾਤਮਾ ਦਾ ਨਾਂ ਸਿਮਰਦਾ ਹਾਂ ਤੇ ਸਰੀਰ ਦਾ ਮੋਹ ਛੱਡ ਬੈਠਾ ਹਾਂ। ਤੇ ਹੁਣ ਮੈਨੂੰ ਜਮਾਂ ਦਾ ਕੋਈ ਡਰ ਨਹੀਂ। ਮੇਰੀ ਉਨ੍ਹਾਂ ਨਾਲ ਕੋਈ ਦੋਸਤੀ ਨਹੀਂ। ਮੈਂ ਪ੍ਰਭੂ ਦਾ ਲੜ ਫੜ ਲਿਆ ਏ। ਜੁੱਤੀਆਂ ਗੰਢਣੀਆਂ ਤੇ ਟਾਕੀਆਂ ਲਾਉਣੀਆਂ ਤਾਂ ਮੇਰਾ ਰੋਜ਼ ਦਾ ਕਿੱਤਾ ਏ। ਕੰਮ ਏ, ਕਿਰਤ ਏ, ਮੈਂ ਇਹ ਕੰਮ ਕਰ ਕੇ ਢਿੱਡ ਭਰਦਾ ਹਾਂ। ਤੁਸੀਂ ਮੈਨੂੰ ਲੱਖ ਵਾਰ ਚਮਾਰ ਆਖ ਕੇ ਮੇਰਾ ਮੌਜੂ ਬਣਾਵੋ। ਇਹਦੇ ਨਾਲ ਮੇਰੀ ਇਜ਼ਤ ਮਿੱਟੀ ਵਿਚ ਨਹੀਂ ਮਿਲਦੀ, ਸਗੋਂ ਚੰਦਨ ਵਾਂਗੂ ਚਮਕਦੀ ਏ। ਕਿਉਂਕਿ ਮੈਂ ਝੂਠ ਨਹੀਂ ਬੋਲਦਾ। ਤੁਸੀਂ ਡੂਮ ਜ਼ਾਤ ਦੇ ਹੋ ਤੇ ਤਿਲਕ ਲਾ ਕੇ ਬਰਾਹਮਣਾਂ ਦੀ ਪੰਗਤ ਵਿਚ ਬੈਠਣਾ ਚਾਹੁੰਦੇ ਓ। ਆਖ਼ਰ ਇਕ ਦਿਨ ਇਸ ਪਾਜ ਨੇ ਖੁੱਲ੍ਹ ਈ ਜਾਣਾ ਏ। ਤੁਸੀਂ ਫੇਰ ਦੱਸੋ ਕਿ ਤੁਹਾਡਾ ਟਿਕਾਣਾ ਕਿੱਥੇ ਹੋਵੇਗਾ। ਮਿੱਟੀ ਦੇ ਪੁਤਲੇ ਨੂੰ, ਸਰੀਰ ਦੀ ਗੁੱਟੀ ਨੂੰ ਏਨਾ ਚਮਕਾਵੋ, ਕਿ ਲੋਕ ਭਾਵੇਂ ਨਾ ਖ਼ੁਸ਼ ਹੋਣ, ਪਰ ਤੁਹਾਨੂੰ ਅੰਦਰੋਂ ਖ਼ੁਸ਼ੀ ਪ੍ਰਾਪਤ ਹੋਵੇ। ਕਿਰਤ ਵਿਚ ਸ਼ਰਮ ਨਹੀਂ। ਇਹ ਵਿਚਾਰ ਹਨ ਭਗਤ ਰਵਿਦਾਸ ਦੇ, ਫ਼ਰਮਾਇਆ ਮੇਰੇ ਗੁਰੂ ਨੇ। ਪਾਰੋ ਡੱਲੇ ਨੇ ਅੱਲਾ ਯਾਰ ਖ਼ਾਂ ਨੂੰ ਏਸ ਤਰ੍ਹਾਂ ਦੱਸਿਆ।

ਹੁਣ ਸੁਣੋ ਗੁਰੂ ਪਿਆਰਿਓ, ਗੁਰੂ ਨਾਨਕ ਦੇ ਵਿਚਾਰ ਕਿਰਤ ਬਾਰੇ :—

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥

ਗੁਰੂ ਮਹਾਰਾਜ ਫ਼ਰਮਾਉਂਦੇ ਹਨ, ਜੇ ਬੰਦੇ ਨੇ ਖੇਤੀ ਕਰਨੀ ਏਂ ਤਾਂ ਤਨ ਰੂਪੀ ਖੇਤੀ ਵਿਚ ਮਨ ਦਾ ਹਲ ਬਣਾ ਕੇ ਵਾਹੇ। ਤੇ ਤਨ ਨੂੰ ਸਾਵਧਾਨ ਕਰੇ। ਜਲ ਪਾਉਣਾ ਹੋਵੇ ਤੇ ਮੰਦੇ ਕੰਮਾਂ ਤੋਂ ਸੰਕੋਚ ਕਰ ਕੇ ਮਨ ਇਕਾਗਰ ਕਰੇ, ਫੇਰ ਪਾਣੀ ਨਾਲ ਸਿੰਜੇ :—

'ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥

ਸੰਤੋਖ ਦਾ ਸੁਹਾਗਾ ਫੇਰੇ ਤੇ ਫੇਰ ਨਾਂ ਦਾ ਬੀਜ ਪਾਵੇ ਤੇ ਫੇਰ ਗਰੀਬੀ ਵਸਤਰ ਧਾਰਨ ਕਰ ਕੇ ਓਸ ਖੇਤੀ ਦੀ ਰਾਖੀ ਕਰੇ—

'ਭਾਉ ਕਰਮ ਕਰਿ ਜੰਮਸੀ ਸੇ ਘਰਿ ਭਾਗਠ ਦੇਖੁ ॥

ਜਦ ਇਹ ਕਰਮ ਬੰਦਾ ਕਰ ਲਵੇਗਾ ਤਾਂ ਪਰੇਮ ਦੇ ਬੰਧਨ ਵਿਚ ਆ ਕੇ ਖੇਤੀ ਉਪਜੇਗੀ ਜਿਨ੍ਹਾਂ ਨੇ ਇਹੋ ਜਿਹੀ ਖੇਤੀ ਕੀਤੀ ਏ ਉਨ੍ਹਾਂ ਦੇ ਘਰ ਬਰਕਤਾਂ ਦਾ ਮੀਂਹ ਪਵੇਗਾ ਤੇ ਭਗਵਾਨ ਵਿਚ ਲੀਨ ਹੋ ਜਾਵੇਗਾ ਹਿਰਦਾ। ਦੇਵੀ, ਦੇਵਤਿਆਂ ਦੇ ਨਿੱਤ ਦਰਸ਼ਨ ਹੋਣਗੇ—

'ਬਾਬਾ ਮਾਇਆ ਸਾਥਿ ਨ ਹੋਇ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ।

ਇਸ ਮਾਇਆ ਨੇ ਕਿਸੇ ਦੇ ਸਾਥ ਨਹੀਂ ਜਾਣਾ, ਜਦੋਂ ਜਾਣਾ ਏ ਤੇ ਚਾਰੇ ਕੰਨੀਆਂ ਝਾੜ ਕੇ, ਖ਼ਾਲੀ ਹੱਥ। ਇਹ ਮਾਇਆ ਮੋਮੋਠੱਗਣੀ ਏ। ਇਹ ਸੰਸਾਰ ਵਿਚ ਕੋਈ

ਵਿਰਲਾ ਬੰਦਾ ਈ ਏ ਜਿਨੇ ਇਹਦਾ ਭੇਦ ਪਾਇਆ ਏ। ਇਹ ਬੁਝਾਰਤ ਕਿਸੇ ਦੀ ਅੱਜ ਤਕ ਸਮਝ ਵਿਚ ਨਹੀਂ ਆਈ—

'ਹਾਟੁ ਹਾਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ।
ਸੁਰਤਿ ਸੋਚ ਕਰਿ ਭਾਡਸਾਲ ਤਿਸੁ ਵਿਚਿ ਤਿਸਨੋ ਰਖੁ॥

ਜੇ ਹੱਟੀ ਕਰਨੀ ਵੀ ਹੋਵੇ ਤਾਂ ਇਹੋ ਜਿਹੀ ਕਰੀਏ ਜਿਹੜੀ ਸਰੀਰ ਦੀ ਆਰਬਲਾ ਨਾਸ ਹੋ ਰਹੀ ਏ, ਨਾਮ ਸਿਮਰਨ ਤੇ ਭਰਾਂਤੀ ਦਾ ਸੌਦਾ ਕਰੀਏ ਤੇ ਨਾਮ ਦੀਆਂ ਵਸਤੂਆਂ ਰੱਖੀਏ ਤੇ ਉਹੋ ਵੇਚੀਏ ਤਾਂ ਤੇ ਮਨ ਨੂੰ ਸ਼ਾਂਤੀ ਮਿਲੂ, ਇਹ ਕੂੜਾ ਕਾਰ-ਵਿਹਾਰ ਬੰਦੇ ਦਾ ਪੈਂਡਾ ਖੋਟਾ ਕਰਦੈ। ਸਤਿਨਾਮ ਦਾ ਸਿਮਰਨ ਕਰ, ਤੇ ਏਸੇ ਰਤਨ ਨੂੰ ਦੁਕਾਨ ਵਿਚ ਸਜਾ—

'ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥

ਸੰਤਾਂ ਦੀ ਸੇਵਾ ਕਰੀਏ, ਸਤਿਨਾਮ ਦਾ ਵਣਜ ਕਰੀਏ, ਆਪਣਾ ਵੀ ਭਲਾ ਹੋਵੇ ਤੇ ਦੂਜਿਆਂ ਦਾ ਵੀ ਕਲਿਆਣ ਹੋਵੇ। ਆਪਣਾ ਮਨ ਵੀ ਪ੍ਰਸੰਨ ਰਹੇ ਤੇ ਸੌਦਾ ਲੈਣ ਵਾਲਿਆਂ ਨੂੰ ਵੀ ਖ਼ੁਸ਼ੀ ਪ੍ਰਾਪਤ ਹੋਵੇ। ਅਸੀਂ ਤੇ ਇਹੋ ਜਿਹੀ ਹੱਟੀ ਪਾਉਣਾ ਚਾਹੁੰਦੇ ਹਾਂ—

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ।
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲ।
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ।

ਸੱਚੀ ਸੌਦਾਗਰੀ ਤਾਂ ਤਾਂਹੀਓਂ ਈ ਹੋ ਸਕਦੀ ਏ ਜੇ ਸੰਤੋਖ ਦੇ ਘੋੜੇ ਲੈ ਕੇ ਚਲੀਏ, ਉਹੋ ਖਰੀਦੀਏ ਤੇ ਉਹੋ ਵੇਚੀਏ। ਆਪਣੇ ਪੱਲੇ ਰਾਹ ਦੀ ਖ਼ਰਚੀ, ਆਪਣੀਆਂ ਕੀਤੀਆਂ ਚੰਗਿਆਈਆਂ ਪੱਲੇ ਬੰਨ੍ਹੀਏ। ਜਿਹੜਾ ਕੰਮ ਤੇਰਾ ਸਰੀਰ ਕੱਲ੍ਹ ਕਰਨਾ ਚਾਹੁੰਦਾ ਏ, ਉਹਨੂੰ ਆਖ ਕੇ ਅੱਜ ਕਰੇ। ਨਿਰੰਕਾਰ ਦਾ ਸਤਿਸੰਗ ਲੈ ਕੇ ਪੀਆ ਦੇ ਦੇਸ਼ ਵਿਚ ਜਾਈਏ, ਤਾਂ ਪੂਰਨ ਸੁੱਖ ਪ੍ਰਾਪਤ ਹੋਵੇਗਾ—

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥

ਅਕਾਲਪੁਰਖ ਦੇ ਚਰਨਾਂ ਵਿਚ ਚਿੱਤ ਲਗਾ ਕੇ, ਇਹੋ ਜਿਹੀ ਚਾਕਰੀ ਕਰ ਤੇ ਨਾਮ ਦਾ ਮਨ ਵਿਚ ਬੇੜਾ ਜੜਾ, ਉਹਦੀ ਚਮਕ ਨਾਲ ਸੁਧੀ ਆਵੇਗੀ, ਇਹਦੇ ਨਾਲ ਮਾਲਕ ਵੀ ਪ੍ਰਸੰਨ ਹੋਵੇਗਾ। ਕਾਮਦੇਵ ਵਸਤੂ ਨੂੰ ਤਿਆਗ ਕੇ ਉਹਦਾ ਨਾਮ ਸਿਮਰ ਤਾਂ ਧੰਨ ਧੰਨ ਹੋਵੇਗੀ। ਗੁਰੂ ਨਾਨਕ ਦੇਵ ਫ਼ਰਮਾਉਂਦੇ ਹਨ—ਜੇ ਮਾਲਕ ਏਸ ਤਰ੍ਹਾਂ ਖ਼ੁਸ਼ ਹੋ ਜਾਵੇਗਾ ਤਾਂ ਫੇਰ ਮਜੀਠੀ ਰੰਗ ਚੜ੍ਹ ਸਕਦੈ। ਸੱਚੀ ਕਿਰਤ ਕਰਨ ਵਾਲਾ ਨਾਮ ਦੀ ਪ੍ਰਾਪਤੀ ਕਰਦਾ ਏ।

ਗੁਰੂ ਅੰਗਦ ਦੇਵ ਆਸਣ ਤੇ ਬੈਠੇ ਸੁਣ ਰਹੇ ਸਨ। ਬਹੁਤ ਪ੍ਰਸੰਨ ਹੋਏ। ਭਾਈ ਅਮਰ ਦਾਸ ਦੇ ਸ਼ਬਦ ਸੁਣ ਕੇ ਉਨ੍ਹਾਂ ਫ਼ਰਮਾਇਆ। ਅਮਰ ਦਾਸ ਜੀ ਹੁਣ ਤੁਹਾਡੇ ਅੰਦਰ ਮਨ ਵਿਚ ਚਾਨਣ ਦੀ ਲੋਅ ਹੋ ਰਹੀ ਏ, ਮਨ ਇਕਾਗਰ ਹੋ ਰਿਹਾ

ਏ, ਸ਼ੁਧੀ ਆ ਰਹੀ ਏ, ਚਾਨਣ ਦਾ ਆਕਾਰ ਵਧ ਰਿਹਾ ਏ। ਨਿਸ਼ਚਾ ਤੇ ਦ੍ਰਿੜ੍ਹ ਇਰਾਦੇ ਨਾਲ ਸੇਵਾ ਕਰੋ, ਅਰਾਧਨਾ ਬਲਵਾਨ ਹੋਵੇਗੀ, ਇਰਾਦਾ ਮਜ਼ਬੂਤ ਹੋਵੇਗਾ, ਏਸ ਤਰ੍ਹਾਂ ਕੌਮ ਦੀ ਨੀਂਹ ਬੱਝੇਗੀ। ਇਸ ਤੋਂ ਬਾਅਦ ਅਸਾਂ ਏਸ ਤਰ੍ਹਾਂ ਹੁਣ ਸੋਚਣਾ ਨਹੀਂ।

ਭਾਈ ਅਮਰ ਦਾਸ ਨੇ ਸਿਰ ਨਿਵਾ ਦਿੱਤਾ। ਸੰਗਤ ਲੀਨ ਸੀ, ਮਗਨ ਸੀ, ਸਰੂਰ, ਅਨੰਦ ਤੇ ਪਿਆਰ ਵਿਚ। ਸ਼ਰਧਾ ਗੁਰੂ ਘਰ ਨਾਲ ਸੰਗਤ ਤੇ ਮਾਝੇ ਦੇ ਲੋਕਾਂ ਦੀ ਵਧਦੀ ਜਾ ਰਹੀ ਸੀ। ਗੁਰੂ ਦਾ ਵਿਹੜਾ ਮੋਕਲਾ ਹੁੰਦਾ ਜਾ ਰਿਹਾ ਸੀ।

ਦੀਵਾਨ ਦੀ ਸਮਾਪਤੀ ਦੇ ਨਾਲ ਈ ਸਾਰੇ ਜਣੇ ਲੰਗਰ ਵੱਲ ਚਲੇ ਗਏ। ਭਾਈ ਅਮਰ ਦਾਸ ਆਪਣੀ ਕਾਰ ਵਿਚ ਰੁੱਝ ਗਿਆ, ਏਸ ਤਰ੍ਹਾਂ ਛੇ ਮਹੀਨੇ ਗੁਜ਼ਰ ਗਏ।

ਖਡੂਰ ਦੀ ਕਿਆਰੀ ਵਿਚ ਫੁੱਲ ਖਿੜ ਰਹੇ ਸਨ, ਮਹਿਕ ਸਾਰੇ ਪੰਜਾਬ ਵਿਚ ਫੈਲ ਰਹੀ ਸੀ।

ਡੁੱਬਦੇ ਹੋਏ ਸੂਰਜ ਨੂੰ ਛੋਟੇ ਜਿਹੇ ਦੀਵੇ ਨੇ ਆਖਿਆ, ਤੇਰੇ ਬਾਅਦ ਮੈਂ ਚਾਨਣ ਬਖੇਰਨ ਦਾ ਯਤਨ ਕਰਾਂਗਾ ਤੇ ਇਹ ਕਹਿੰਦਾ ਹੋਇਆ ਪੀਲੀ ਰੌਸ਼ਨੀ ਨਾਲ ਬਲਣ ਲੱਗਾ।

੫

ਇਕ ਦਿਨ ਗੁਰੂ ਅੰਗਦ ਦੇਵ ਆਪਣੇ ਵਿਹੜੇ ਵਿਚ ਬੈਠੇ ਸੋਚ ਰਹੇ ਸਨ, ਗਿਲਿਆਂ ਗੋਹਿਆਂ ਦੀ ਧੁਖਦੀ ਅੱਗ ਦਾ ਧੂਆਂ, ਪਾਣੀ ਚੋਂਦੀਆਂ ਮਛਿਟੀਆਂ ਦੀ ਧੁਖਦੀ ਧੂਆਂ ਰੋਲੀ, ਭੁਬਲ ਵਿਚ ਲੁੱਕੀ ਚੰਗਿਆੜੀ ਦੀ ਚਮਕ, ਲਿਸ਼ਕਦਾ ਕੋਲਾ, ਵੱਖ-ਵੱਖ ਰੰਗ ਦੇ ਧੂਏਂ ਗੁਰੂ ਘਰ ਵਿਚ ਗੇੜੇ ਮਾਰ ਰਹੇ ਸਨ। ਇਹ ਅੱਗ ਇਕ ਦਿਨ ਭਂਬਾਕਾ ਬਣੇਗੀ, ਹੋ ਸਕਦਾ ਏ ਕਿ ਖਲਵਾਨ ਨੂੰ ਅੱਗ ਪੈ ਜਾਵੇ ਤੇ ਉਹ ਸੜ ਕੇ ਸੁਆਹ ਹੋ ਜਾਵੇ। ਇਸ ਨੂੰ ਸੰਭਾਲਣਾ ਪਵੇਗਾ। ਇਹਦੇ ਤੇ ਵਿਚਾਰ ਕਰਨੀ ਚਾਹੀਦੀ ਏ, ਸਲਾਹ ਕਰਕੇ ਗੁਰੂ ਘਰ ਨੂੰ ਬਚਾਉਣਾ, ਇਸ ਅੱਗ ਤੋਂ ਸਾਰੇ ਪੰਜਾਬ ਦਾ ਧਰਮ ਏ। ਨਿੱਕੀਆਂ-ਨਿੱਕੀਆਂ ਗੱਲਾਂ ਕਿਸੇ ਦਿਨ ਵੱਡੀ ਗੱਲ ਵੀ ਬਣ ਸਕਦੀ ਏ। ਗੱਲਾਂ ਦੇ ਗਲਿਆਣ ਤਾਂ ਬਣਦੇ ਈ ਆਏ ਨੇ, ਪਰ ਸਿਆਣਪ ਏਸ ਗੱਲ ਵਿਚ ਏ ਕਿ ਉਹ ਵਕਤ ਤੋਂ ਪਹਿਲਾਂ ਸੰਭਾਲ ਲਿਆ ਜਾਵੇ, ਭਾਵੇਂ ਪਾਣੀ ਦੇ ਛਿੱਟੇ ਮਾਰਨੇ ਪੈਣ ਭਾਵੇਂ ਗਾਗਰਾਂ ਪਾਣੀ ਦੀਆਂ ਡੋਲਣੀਆਂ ਪੈਣ। ਚਿੱਕੜ ਹੋਵੇਗਾ, ਹੋਣ ਦਿਓ, ਗਾਰੇ ਨਾਲ ਪੈਰ ਲਿਬੜਨਗੇ ਪ੍ਰਵਾਹ ਨਹੀਂ। ਇਸ ਬਿੱਲੀ ਬਾਘਦੀ ਨੂੰ ਜ਼ਰੂਰ ਰੱਸਾ ਪਾਉਣਾ ਚਾਹੀਦਾ ਤਾਂ ਇਹ ਟਿਕਾਣੇ ਲਗੇਗੀ। ਜੇ ਇਹਦੇ ਗਲ ਵਿਚ ਫਾਹੀ ਨਾ ਪਾਈ ਗਈ ਤਾਂ ਇਹ ਬਘਿਆੜ ਬਣ ਜਾਊ।

ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣੀ ਬੜੀ ਮੁਸ਼ਕਲ ਏ, ਇਹ ਸੂਲਾਂ ਦੀ ਸੇਜ, ਇਹ ਕੰਡਿਆਂ ਦੀ ਵਾੜ ਕੌਣ ਟੱਪੇ, ਕੌਣ ਕਪੜੇ ਲੀਰੋ ਲੀਰ ਕਰਵਾਵੇ। ਦੁਨੀਆਂ ਪੜ੍ਹਦਾ

ਲੈਣੀਆਂ, ਪੈਰ ਵਿੰਨੇ ਜਾਣੇ, ਸਾਰੀ ਦੁਨੀਆਂ ਦੇ ਦੁੱਖ ਆਪਣੀ ਝੋਲੀ ਵਿਚ ਪਾ ਲੈਣੇ ਤੇ ਆਏ ਲੋਕਾਂ ਨੂੰ ਸ਼ਾਂਤੀ ਦਾ ਦੁੱਧ ਪਿਆ ਕੇ ਤੋਰਨਾ। ਦੁੱਧ ਪਿਆਉਣ ਵਾਲੇ ਦੀ ਆਤਮਾ ਦੀ ਹਾਲਤ ਤਾਂ ਕਿਸੇ ਨੇ ਨਹੀਂ ਵੇਖੀ ਏ, ਉਹਦੇ ਤੇ ਕੀ ਗੁਜ਼ਰਦੀ ਏ, ਕੀ ਵਾਪਰਦੀ ਏ, ਉਹਨੂੰ ਨੀਂਦ ਆਉਂਦੀ ਏ ਕਿ ਨਹੀਂ, ਇਹ ਤਾਂ ਕੋਈ ਨਹੀਂ ਨਾ ਜਾਣਦਾ। ਇਹ ਸਾਰੇ ਜਾਣਦੇ ਹਨ, ਗੁਰੂ ਜਾਣੀ ਜਾਣ ਏ, ਸਾਰੇ ਜਹਾਨ ਦੀਆਂ ਖੁਸ਼ੀਆਂ ਉਹਦੇ ਕੋਲ ਹਨ, ਆਪ ਖੁਸ਼ਹਾਲ ਏ ਤੇ ਲੋਕਾਂ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰਦਾ ਏ, ਸੁਖੀ ਏ, ਰਾਤੀਂ ਸੁਖ ਦੀ ਨੀਂਦ ਸੌਂਦਾ ਏ, ਪਰ ਧੰਨ ਏ ਗੁਰੂ ਜਿਹਨੂੰ ਸਾਰੀ ਸਾਰੀ ਰਾਤ ਨੀਂਦ ਨਹੀਂ ਆਉਂਦੀ, ਅੱਖ ਨਹੀਂ ਲਗਦੀ, ਸਿਮਰਨ ਕਰਨਾ ਉਸ ਪ੍ਰਭੂ ਨਾਲ ਬਿਰਤੀ ਲਾਉਣੀ, ਮਨ ਇਕਾਗਰ ਕਰਨਾ, ਤੇ ਫੇਰ ਨੀਂਦ ਕਿਥੇਂ। ਜਿਹੜਾ ਵੀ ਬੰਦਾ ਜੰਮਿਆ ਏ ਤੇ ਜ਼ਰਾ ਉਸ ਆਪਣਾ ਕੱਦ ਕਾਠ ਕਢਿਆ ਏ, ਹਨੇਰ ਸਾਈਂ ਦਾ ਉਹੋ ਵੀ ਗੁਰੂ ਬਣਨਾ ਚਾਹੁੰਦਾ ਏ। ਇਹ ਪੰਧ ਬੜਾ ਭਾਰੀ ਏ, ਪਹਿਲਾਂ ਇਹਨੂੰ ਚੁੱਕਣਾ ਮੁਸ਼ਕਲ, ਫੇਰ ਇਹਨੂੰ ਸੰਭਾਲਣਾ ਮੁਸ਼ਕਲ ਤੇ ਜੇ ਸੰਭਲ ਵੀ ਜਾਵੇ ਤਾਂ ਇਹਨੂੰ ਲੈ ਕੇ ਚਲਣਾ ਹੋਰ ਵੀ ਮੁਸ਼ਕਲ। ਇਹ ਰੋਜ਼ ਦੀ ਮੁਸਾਫ਼ਰੀ, ਹਰ ਬੰਦੇ ਨੂੰ ਰਾਜ਼ੀ ਰੱਖਣਾ, ਕਥੇ, ਕੌੜੇ, ਬਦਜ਼ਬਾਨ, ਥੋੜੇ ਤੇ ਖਰ੍ਹਵੇ ਨੂੰ। ਹਰ ਇਕ ਦੀ ਗੱਲ ਖਿੜੇ ਮੱਥੇ ਸੁਣਨੀ ਤੇ ਫੁੱਲ ਕੇਰਦੇ ਬੁੱਲ੍ਹਾਂ ਨਾਲ ਅਗਲੇ ਦੀ ਤਸੱਲੀ ਕਰ ਕੇ ਤੋਰਨਾ। ਮੁੰਡੇ ਜਵਾਨ ਜਹਾਨ, ਗਭਰੂ, ਗਰਮ ਲਹੂ ਵਾਲੇ, ਸ਼ੇਰ ਦਿਲ ਇਹ ਸਮਝਦੇ ਹਨ ਕਿ ਇਹ ਖੀਰ ਏ, ਤੱਤੀ ਤੱਤੀ ਮੂੰਹ ਵਿਚ ਪੈ ਜਾਊ, ਤੱਤੀ ਖੀਰ ਬੁੱਲ੍ਹ ਵੀ ਸਾੜ ਦੇਂਦੀ ਏ।

ਮੇਰੇ ਘਰ ਵਿਚ ਜਿਥੇ ਗੁਰੂ ਦਾ ਨਿਵਾਸ ਏ, ਜਿੱਥੇ ਗੁਰੂ ਦੀ ਅਸ਼ੀਰਵਾਦ ਏ, ਜਿੱਥੇ ਮਿਹਰਾਂ ਹਨ ਚੁਬਾਰੇ ਦੀਆਂ, ਉਥੇ ਏਸ ਤਰ੍ਹਾਂ ਦਾ ਧੂੰਆਂ ਕਿਉਂ ਨਿਕਲੇ, ਕਿਉਂ ਅੱਖਾਂ ਮਲਣ ਦੀ ਨੌਬਤ ਆਵੇ। ਕਿਉਂ ਵੈਰ ਵਿਰੋਧ, ਈਰਖਾ ਉਪਜੇ। ਠੰਢੇ ਦਿਲ ਨਾਲ ਪਿਉ ਦੇ ਗੋਡੇ ਮੁੱਢ ਬੈਠ ਕੇ ਦਿਲ ਦੇ ਗੁਬਾਰ ਨੂੰ ਕਿਉਂ ਨਾ ਕੱਢਿਆ ਜਾਵੇ। ਲਾਂਭੇ, ਆਲੇ-ਦੁਆਲੇ ਕਿਉਂ ਤੁਖਣੀਆਂ ਛੇੜੀਆਂ ਜਾਣ, ਜੇ ਭੁੱਬਲ ਨੂੰ ਫੋਲਿਆ ਗਿਆ, ਜੇ ਚੰਗਿਆੜੀ ਨੂੰ ਹਵਾ ਲੱਗ ਗਈ ਤਾਂ ਏਸ ਸ਼ੋਲ੍ਹਾ ਬਣ ਈ ਜਾਣਾ ਏ, ਸ਼ੋਲ੍ਹੇ ਦਾ ਸੁਭਾਅ ਏ, ਆਪਣੇ ਆਪ ਨੂੰ ਲੂਹਣਾ ਤੇ ਫੇਰ ਦੂਜਿਆਂ ਨੂੰ ਲੂਹ ਦੇਣਾ। ਇਥੇ ਈ ਨਹੀਂ ਜਿੰਨਾ ਚਿਰ ਸਾੜ ਕੇ ਕੋਲੇ ਨਹੀਂ ਕਰ ਦੇਂਦਾ ਉਨੇ ਚਿਰ ਓਸ ਸਾਹ ਨਹੀਂ ਲੈਣਾ। ਘਰ ਦੀ ਗੱਲ ਘਰ ਵਿਚ ਈ ਦੱਬੀ ਜਾ ਸਕਦੀ ਏ, ਪਰ ਇਹ ਮੁੰਡੇ ਆਪਣੇ ਆਪ ਨੂੰ ਪਤਾ ਨਹੀਂ ਕੀ ਸਮਝਦੇ ਨੇ, ਇਹ ਗੱਦੀ ਉਸੇ ਨੂੰ ਮਿਲਣੀ ਏ, ਜਿਹੜਾ ਇਹਦੇ ਯੋਗ ਏ। ਕਿਸੇ ਨੇ ਪੁੱਤ ਦਾ ਲਿਹਾਜ਼ ਨਹੀਂ ਕਰਨਾ, ਜਵਾਈ ਨੂੰ ਕਿਸੇ ਵਾਜ ਨਹੀਂ ਮਾਰਨੀ। ਕਿਸੇ ਨੇ ਚਾਚੇ ਤਾਏ ਨੂੰ ਨਹੀਂ ਪੁੱਛਣਾ, ਜਿਨ ਸੇਵਾ ਕਰਨੀ ਏ, ਉਸ ਇਸ ਗੱਦੀ ਨੂੰ ਪਾਉਣਾ ਏ। ਚਲੋ ਭਾਈ ਅਮਰ ਦਾਸ ਜੋ ਨਿਸ਼ਕਾਮ ਸੇਵਾ ਕਰ ਰਹੇ ਹਨ, ਗੁਰਗੱਦੀ ਦੀ ਮਰਿਆਦਾ ਦੇ ਮੁਤਾਬਿਕ ਉਹਦੇ ਵਿਚ ਲੀਨ ਹਨ ਅਤੇ ਦਿਨ-ਬ-ਦਿਨ ਇਹਦੇ ਵਿਚ ਖੁਭਦੇ ਜਾ ਰਹੇ ਹਨ ਤਾਂ ਉਹਨੂੰ ਇਹਦਾ ਫਲ ਮਿਲਣਾ ਬਹੁਤ ਜ਼ਰੂਰੀ ਏ, ਇਹਨੂੰ ਕੋਈ ਰੋਕ ਨਹੀਂ ਸਕਦਾ, ਰੋਕਿਆ ਵੀ ਨਹੀਂ ਜਾ ਸਕਦਾ, ਕੁਦਰਤ ਬੜੀ ਬਲਵਾਨ ਏ, ਕੁਦਰਤ ਆਪ ਸਾਰੇ ਕਾਰਜ ਕਰਦੀ ਏ।

ਇਨ੍ਹਾਂ ਦੇ ਰਹਿਣ ਲਈ ਕਿਸੇ ਨਵੇਂ ਪਿੰਡ ਦੀ ਉਸਾਰੀ ਕਰਨੀ ਬਹੁਤ ਜ਼ਰੂਰੀ ਏ, ਕੋਈ ਨਵਾਂ ਪਿੰਡ ਵਸਾਉਣਾ ਪਵੇਗਾ, ਜੇ ਮੈਨੂੰ ਪਿੰਡ ਵਾਲੇ ਖਡੂਰ ਵਿਚੋਂ ਕੱਢ ਸਕਦੇ

ਹਨ ਤਾਂ ਕੱਲ੍ਹ ਜਦੋਂ ਭਾਈ ਅਮਰ ਦਾਸ ਨੇ ਆਪਣਾ ਆਸਣ ਸੰਭਾਲਿਆ ਤੇ ਕੀ ਉਹਦੇ ਲਈ ਕਈ ਖੜਪੇ ਸਿਰ ਨਾ ਚੁੱਕਣਗੇ। ਲੋਕ ਕਿੰਨਿਆਂ ਕਿੰਨਿਆਂ ਦੀਆਂ ਸਿਰੀਆਂ ਮਧੋਲਣਗੇ। ਗੁਰੂ ਘਰ ਦੇ ਆਸ਼ੇ ਨੂੰ ਅਸਾਂ ਅੱਗੇ ਲਿਆਉਣਾ ਏ, ਭਾਵੇਂ ਰਾਹ ਵਿਚ ਵੀਹ ਮੁਸੀਬਤਾਂ ਆਉਣ, ਡਰਦਿਆਂ ਕਦੇ ਕੌਮਾਂ ਨਹੀਂ ਉਸਰੀਆਂ, ਕੌਮਾਂ ਝੁੱਗੀਆਂ ਵਿਚੋਂ ਉੱਭਰੀਆਂ ਹਨ, ਫੇਰ ਜਦੋਂ ਕੌਮਾਂ ਬਣ ਜਾਂਦੀਆਂ ਹਨ ਤਾਂ ਫੇਰ ਮਹਿਲ ਦੁਮਹਿਲਿਆਂ ਵਿਚ ਅਨੰਦ ਮਾਣਦੀਆਂ ਹਨ। ਬੂਟਾ ਲਾਉਣ ਵਾਲਾ ਕੋਈ ਹੁੰਦਾ ਏ, ਪਾਣੀ ਦੇਣ ਵਾਲਾ ਦੂਜਾ, ਪਾਲਣ ਪੋਸਣ ਵਾਲਾ ਹੋਰ ਤੇ ਰਾਖੀ ਕਰਨ ਵਾਲਾ ਹੋਰ ਹੁੰਦਾ ਏ। ਅਤੇ ਜਦੋਂ ਫਲ ਲੱਗ ਜਾਂਦੇ ਹਨ ਵੀਹ ਜਣੇਆ ਜਾਂਦੇ ਹਨ ਇਹਦੀ ਮਾਲਕੀ ਜਿਤਾਉਣ। ਅਸਾਂ ਤੇ ਅਜੇ ਬੂਟਾ ਈ ਲਾਇਆ ਏ, ਇਹਦੇ ਵਿਚ ਰੂੜੀ ਕਿੰਨੀ ਕੁ ਲਾਉਣੀ ਏ ਇਹ ਰੂੜੀ ਸਿਰਾਂ ਦੀ ਹੋਵੇਗੀ, ਲਹੂ ਦੀ, ਜਾਂ ਖੰਦਿਆਂ ਦੀਆਂ ਬਲੀਆਂ ਦੇ ਦੇ ਕੇ ਕੌਮ ਦਾ ਕੱਦ ਕੱਢਣਾ ਪਵੇਗਾ, ਇਹ ਤੇ ਵਕਤ ਦੱਸੇਗਾ, ਇਹਦਾ ਹੁਣੇ ਫੈਸਲਾ ਨਹੀਂ ਕੀਤਾ ਜਾ ਸਕਦਾ।

ਪਿੰਡ ਵਸਾਉਣਾ ਬਹੁਤ ਜ਼ਰੂਰੀ ਏ, ਤੇ ਫੇਰ ਵਣੱਜ ਕਰਨੀ, ਕਾਰ-ਵਿਹਾਰ ਕਰਨੀ ਰੋਟੀ ਟੁੱਕਰ ਦਾ ਇੰਤਜ਼ਾਮ ਕਰਨਾ, ਉਹਦੀ ਰਾਖੀ ਜ਼ਿੰਮੇਵਾਰੀ ਇਹ ਸਾਰੇ ਕੰਮ ਪਹਿਲਾਂ ਈ ਤਾਂ ਸੋਚੇ ਜਾਣੇ ਚਾਹੀਦੇ ਹਨ। ਪਿੰਡ ਕਿੱਥੇ ਵਸਾਇਆ ਜਾਵੇ, ਕੌਣ ਵਸਾਏ, ਕਿਹਦੇ ਨਾਂ ਤੇ ਵੱਸੇ ਪਿੰਡ, ਕੰਮ ਵੀ ਹੋ ਜਾਵੇ ਤੇ ਰੌਲਾ ਵੀ ਨਾ ਪਵੇ।

ਫੇਰ ਖਿਆਲ ਆਇਆ, ਬਿਆਸਾ ਦਾ ਪੱਤਣ ਸ਼ਾਹ ਰਾਹ ਤੇ ਹੈ। ਇਥੇ ਰਹਿਣ ਨਾਲ ਪ੍ਰਚਾਰ ਵੀ ਹੋਵੇਗਾ, ਰੁਜ਼ਗਾਰ ਵੀ ਵਧੇਗਾ, ਵਸੋਂ ਵੀ ਜ਼ਿਆਦਾ ਤੋਂ ਜ਼ਿਆਦਾ ਹੋਵੇਗੀ। ਹਕੂਮਤ ਨਾਲ ਜਾਣ ਪਹਿਚਾਣ ਵੀ ਛੇਤੀ ਹੋ ਜਾਵੇਗੀ, ਭਾਵੇਂ ਇਹਦੇ ਰਾਹ ਵਿਚ ਤਕਲੀਫ਼ਾਂ ਦੇ ਪੜੂੰਲ ਬੱਝੇ ਹੋਏ ਹਨ, ਪਰ ਸੁਖ ਵੀ ਉਹਦੀ ਬੁੱਕਲ ਵਿਚ ਲੁਕਿਆ ਹੋਇਆ ਏ।

ਇਹ ਧਾਰਨਾ ਲੈ ਕੇ ਗੁਰੂ ਸੋਚ ਰਹੇ ਸਨ। ਏਸ ਉਧੇੜ ਬੁਣ ਵਿਚ ਇਕ ਮਹੀਨਾ ਗੁਜ਼ਰ ਗਿਆ। ਸੋਚਾਂ ਦੀਆਂ ਟਿੰਡਾਂ ਕਦੇ ਉੱਪਰ ਚਲੀਆਂ ਜਾਂਦੀਆਂ ਤੇ ਕਦੇ ਥੱਲੇ ਖੂਹ ਵਿਚ ਚੁੱਭੀ ਜਾ ਮਾਰਦੀਆਂ। ਸੋਚਾਂ ਦੀ ਮਿੱਟੀ ਗੋਈ ਜਾ ਰਹੀ ਸੀ।

ਪਿੰਡ ਬੰਨ੍ਹਣਾ, ਪਿੰਡ ਦੀ ਸਿਰਜਣਾ ਕਰਨੀ, ਗੁਰੂ ਘਰ ਨੂੰ ਅੱਗ ਤੋਂ ਬਚਾਉਣਾ, ਇਹ ਚਿੰਤਾ ਖਾਈ ਜਾ ਰਹੀ ਸੀ ਗੁਰੂ ਅੰਗਦ ਦੇਵ ਨੂੰ।

ਭਾਈ ਅਮਰ ਦਾਸ ਗਾਗਰ ਚੁੱਕੀ ਆ ਰਹੇ ਸਨ, ਬਿਆਸਾ ਵਲੋਂ, ਉਹ ਵੀ ਏਸੇ ਤਰ੍ਹਾਂ ਸੋਚ ਰਹੇ ਸਨ। ਬਿਰਤੀ ਲੱਗੀ ਹੋਈ ਸੀ, ਚਾਨਣ ਹੋ ਰਿਹਾ ਸੀ ਹਿਰਦੇ ਅੰਦਰ। ਕਿਰਨਾਂ ਨੇ ਪੋਚਾ ਫੇਰ ਦਿੱਤਾ ਖਡੂਰ ਦੇ ਬਨੇਰਿਆਂ ਤੇ, ਸੁਨਹਿਰੀ ਰੰਗ ਨਿੱਖਰ ਪਿਆ।

□□

੬

ਘਰ ਵਿਚ ਭਾਵੇਂ ਸੁਖ ਸ਼ਾਂਤੀ ਸੀ, ਪਰ ਛੋਟੀਆਂ ਛੋਟੀਆਂ ਗੱਲਾਂ, ਨਿੱਕੀਆਂ ਮੋਟੀਆਂ ਬਾਤਾਂ ਨਾਲ ਮਾਂ ਪੁੱਤ ਖਹਿਬੜ ਪੈਂਦੇ। ਤੇ ਕਦੀ ਕਦੀ ਪੁੱਤ ਮਾਂ ਦੇ ਅੱਗੇ ਵੀ ਬੋਲ ਪੈਂਦਾ। ਪਰ ਮਾਂ ਕਿੰਨਾ ਚਿਰ ਪਰਦੇ ਪਾ ਸਕਦੀ ਸੀ, ਆਖ਼ਰਕਾਰ ਗੱਲ ਗੁਰੂ ਦੇ ਕੰਨੀਂ ਚੜ੍ਹੀ। ਕਿੰਨਾ ਚਿਰ ਕੰਨਾਂ ਵਿਚ ਰੂੰ ਦਿੱਤਾ ਜਾ ਸਕਦਾ ਸੀ। ਅੱਖੋਂ ਅੰਨ੍ਹਾਂ, ਕੰਨੋਂ ਬੋਲਾ, ਬੰਦਾ ਬਹੁਤਾ ਚਿਰ ਨਹੀਂ ਰਹਿ ਸਕਦਾ। ਆਖ਼ਰਕਾਰ ਆਪਣੇ ਗੋਡੇ ਮੁੱਢ ਬਿਠਾ ਕੇ ਗੁਰੂ ਅੰਗਦ ਦੇਵ ਨੇ ਆਪਣੇ ਪੁੱਤਰਾਂ ਨੂੰ ਆਖਿਆ।

—ਮੇਰੇ ਪੁੱਤ ਅੱਜ ਕੱਲ੍ਹ ਮੱਥੇ ਤੇ ਤਿਊੜੀਆਂ ਕਿਉਂ ਚੜ੍ਹਾਈ ਫਿਰਦੇ ਹਨ।

—ਸਾਡੇ ਤੇ ਮੱਥੇ ਸਾਫ਼ ਹਨ, ਸੰਗੇਮਰਮਰ ਦੀ ਸਲੇਟ ਵਾਂਗ। ਤੁਹਾਨੂੰ ਐਵੇਂ ਕਿਸੇ ਨੇ ਵਹਿਮ ਪਾ ਦਿੱਤਾ ਏ।

—ਮਾਂ ਤੇ ਪੁੱਤਾਂ ਦਾ ਬੋਲ ਬੁਲਾਰਾ ਸੁਣ ਕੇ।

—ਜਿੱਥੇ ਚਾਰ ਭਾਂਡੇ ਹੋਣ, ਠਹਿਕ ਈ ਪੈਂਦੇ ਨੇ, ਮਾਂ, ਪੁੱਤਾਂ ਦੀ ਕਾਹਦੀ ਲੜਾਈ।

—ਮਾਤਾ ਖੀਵੀ ਵਿਚ ਬੋਲ ਪਈ—ਲੜਾਈ ਤੇ ਨਹੀਂ। ਪਰ ਹੁਣ ਪੁੱਤ ਜ਼ਿਆਦਾ ਈ ਤਿੱਖੇ ਹੋ ਗਏ ਹਨ। ਮੇਰੀ ਗੱਲ ਸੁਣਨ ਨੂੰ ਤਿਆਰ ਨਹੀਂ। ਮੈਂ ਡਰਦੀ ਮਾਰੀ ਨੇ ਕਦੀ ਤੁਹਾਡੇ ਨਾਲ ਗੱਲ ਨਹੀਂ ਕੀਤੀ। ਮੇਰੇ ਪਰਦੇ ਪਾਏ ਕੀ ਕਰਨਗੇ, ਜਦ ਵਿਹੜੇ ਅਤੇ ਵਿਹੜੇ ਦੀਆਂ ਕੰਧਾਂ ਗੱਲਾਂ ਕਰਨੋਂ ਨਾ ਮੁੜਨਗੀਆਂ। ਮੈਂ ਕਿਹਦੇ ਕਿਹਦੇ ਮੂੰਹ ਅੱਗੇ ਹੱਥ ਦੇਵਾਂਗੀ, ਕਿਹਨੂੰ ਆਖਾਂਗੀ ਕਿ ਤੂੰ ਚੁੱਪ ਰਹਿ।

—ਕੀ ਆਂਹਦੇ ਹਨ ਤੇਰੇ ਪੁੱਤ।

—ਜਾਇਦਾਦ ਮੰਗਦੇ ਹਨ।

—ਇਨ੍ਹਾਂ ਦਾ ਖ਼ਿਆਲ ਏ ਕਿ ਸਾਡੇ ਪਿਤਾ ਨੇ ਸਾਰੀ ਜਾਇਦਾਦ ਲੋਕਾਂ ਨੂੰ ਵੰਡ ਦਿੱਤੀ ਏ ਤੇ ਅਸੀਂ ਡੰਡੇ ਵਜਾਉਂਦੇ ਫਿਰਾਂਗੇ, ਨਾ ਸਾਡਾ ਘਰ ਤੇ ਨਾ ਸਾਡਾ ਘਾਟ, ਨਾ ਕੰਮ ਨਾ ਕਾਜ ਕਮਾਵੇ ਪਿਓ ਤੇ ਖਾਣ ਲੋਕ। ਪਿਓ ਦੀ ਜਾਇਦਾਦ ਦੇ ਵਾਰਸ ਉਹਦੇ ਪੁੱਤ ਈ ਹੁੰਦੇ ਹਨ। ਇਹ ਬੋਲ ਸਨ ਮਾਤਾ ਖੀਵੀ ਦੇ।

ਪਿਓ ਦੀ ਜਾਇਦਾਦ ਦੇ ਮਾਲਕ ਪੁੱਤ ਈ ਹਨ, ਇਨ੍ਹਾਂ ਨੂੰ ਕਿੰਨੇ ਭੜਕਾ ਦਿੱਤਾ ਏ। ਪੁੱਤ ਜੀ ਤੁਹਾਡੀ ਸਾਰੀ ਮਾਲਕੀ ਏ, ਤੁਸੀਂ ਸਿਰਫ਼ ਓਸ ਚੀਜ਼ ਦੇ ਮਾਲਕ ਓ, ਜਿਹੜੀ ਮੈਂ ਤੇ ਮੇਰੇ ਪਿਤਾ ਪੁਰਖੀ ਕਮਾਈ ਹੋਈ ਏ। ਜਿਹੜੀ ਮੈਨੂੰ ਕਿਤੋਂ ਮਿਲੀ ਏ, ਉਹਦੇ ਵਿਚ ਤੁਹਾਡਾ ਕੋਈ ਹੱਕ ਨਹੀਂ।

ਉਹ ਕਿਹੜੀ ਜਾਇਦਾਦ ਏ, ਦਾਤੂ ਨੇ ਆਪਣੇ ਪਿਤਾ ਨੂੰ ਪੁੱਛਿਆ।

ਗੁਰੂ ਘਰ ਜਿਹੜਾ ਮੈਨੂੰ ਗੁਰੂ ਨੇ ਬਖਸ਼ਿਆ ਏ, ਉਹਦੀ ਮਾਲਕੀ ਮੇਰੀ ਨਹੀਂ, ਉਹਦਾ ਮਾਲਕ ਉਹ ਹੋਵੇਗਾ ਜਿਹੜਾ ਏਡੀ ਭਾਰੀ ਪੰਡ ਚੁੱਕ ਸਕੇਗਾ। ਇਹ ਕੌਮ ਦਾ ਵਿਰਸਾ ਏ, ਕੌਮ ਇਹਦੀ ਮਾਲਕ ਏ।

—ਜੇ ਗੁਰੂ ਘਰ ਦੀ ਜਾਇਦਾਦ ਕੱਢ ਦਿੱਤੀ ਜਾਵੇ ਤਾਂ ਫੇਰ ਬਾਕੀ ਕੀ ਰਹਿ ਜਾਂਦਾ ਏ। ਅਸਾਂ ਬਾਕੀ ਦੀ ਜਾਇਦਾਦ ਨੂੰ ਸਿਰ ਵਿਚ ਮਾਰਨਾ ਏ।

—ਦੂਜਿਆਂ ਦੀ ਮਲ ਤੁਸੀਂ ਸੰਭਾਲਣਾ ਚਾਹੁੰਦੇ ਹੋ ਦੂਜਿਆਂ ਨੂੰ ਤਾਂ ਪੈਰ ਨਹੀਂ ਧਰਨ ਦੇਣਾ ਆਪਣੇ ਬੂਹੇ ਵਿਚ।

—ਕੀ ਅਸੀਂ ਭਾੜੇ ਦੇ ਟੱਟੂ ਹਾਂ ਜਿਹੜੇ ਖੁਰਾਂ ਤੁੜਾਉਂਦੇ ਫਿਰਦੇ ਹਾਂ। ਇਹ ਗੱਲ ਦਾਤੂ ਨੇ ਆਖੀ।

—ਮਾਮੇ ਦੇ ਕੰਨੀ ਬੀਰਬਲੀਆਂ ਤੇ ਭਣੇਵਾਂ ਆਕੜਿਆ ਫਿਰੇ। ਪੁੱਤ ਜੀ ਜੋ ਕੁਝ ਤੁਹਾਨੂੰ ਮਿਲਦਾ ਏ, ਏਨੇ ਤੇ ਸੰਤੋਖ ਕਰੋ। ਬੰਦੇ ਨੂੰ ਲਾਲਚੀ ਨਹੀਂ ਹੋਣਾ ਚਾਹੀਦਾ। ਲਾਲਚ ਬੁਰੀ ਬਲਾ ਏ। ਜੇ ਤੁਸੀਂ ਗੁਰੂ ਘਰ ਵਿਚੋਂ ਕੁਝ ਲੈਣਾ ਏ ਤਾਂ ਗੁਰੂ ਘਰ ਵਿਚ ਕੁਝ ਹਿੱਸਾ ਵੀ ਪਾਓ ਤੇ ਆਪਣੇ ਆਪ ਨੂੰ ਗੁਰੂ ਘਰ ਦੇ ਸਾਂਚੇ ਵਿਚ ਵੀ ਢਾਲ ਲਓ ਤੇ ਫੇਰ ਤੁਹਾਨੂੰ ਗੁਰੂ ਘਰ ਵਿਚੋਂ ਕੁਝ ਮਿਲ ਸਕਦਾ ਏ, ਨਹੀਂ ਤੇ ਕਝ ਨਹੀਂ।

—ਲੋਕ ਸੱਚ ਆਖਦੇ ਹਨ। ਕਿ ਤੁਹਾਡੇ ਪਿਓ ਨੇ ਤੁਹਾਨੂੰ ਕੁਝ ਨਹੀਂ ਦੇਣਾ। ਤੁਹਾਡੇ ਲਈ ਏਸ ਘਰ ਵਿਚ ਕੁਝ ਨਹੀਂ। ਇਹ ਸਭ ਕੁਝ ਲੋਕਾਂ ਲਈ ਏ। ਪਿਤਾ ਦੇ ਹੱਥਾਂ ਵਿਚ ਮੋਰੀਆਂ ਹਨ, ਜਦ ਉਹ ਦੇਣ ਲੱਗਦਾ ਹੈ ਉਹਦੇ ਹੱਥਾਂ ਵਿਚੋਂ ਕਿਰਨ ਲੱਗ ਪੈਂਦਾ ਏ। ਸੰਗਤਾਂ ਥੱਲੇ ਝੋਲੀਆਂ ਵਿਛਾ ਦੇਂਦੀਆਂ ਹਨ ਤੇ ਭਰ ਕੇ ਘਰ ਨੂੰ ਲੈ ਜਾਂਦੀਆਂ ਹਨ, ਸਾਨੂੰ ਕੀ ਲੱਭਾ। ਪਰ ਮੈਂ ਈ ਸਾਂ ਜਿਹੜਾ ਉਨ੍ਹਾਂ ਦੀ ਗੱਲ ਨਹੀਂ ਸਾਂ ਸੁਣਦਾ।

—ਪੁੱਤਰ ਜੀ, ਲੋਕਾਂ ਦੀਆਂ ਗੱਲਾਂ ਤੇ ਨਹੀਂ ਜਾਈਦਾ, ਲੋਕ ਤੇ ਵੱਢ ਪਾਉਣਾ ਜਾਣਦੇ ਹਨ। ਘਰ ਵਿਚ ਪਾਟਕ ਪਾ ਕੇ ਖੇਰੂੰ ਖੇਰੂੰ ਕਰ ਦੇਣਾ ਤੇ ਫੇਰ ਬਨੇਰੇ ਤੇ ਬਹਿ ਕੇ ਤਮਾਸ਼ਾ ਵੇਖਣਾ। ਤੁਸੀਂ ਗੁਰੂ ਮਰਿਆਦਾ ਸਿੱਖ ਤੇ ਲੈ ਲਓ ਮੇਰੇ ਤੋਂ। ਪੁੱਤ ਤੁਸੀਂ ਤਾਂ ਮੈਥੋਂ ਖੋਹ ਸਕਦੇ ਹੋ ਸਿਰਫ ਗੁਰੂ ਘਰ ਦੀ ਅਮਾਨਤ, ਮੇਰੀ ਨਹੀਂ। ਇਹਦੀ ਤੇ ਜਿਹੜਾ ਰਾਖੀ ਕਰ ਸਕੇਗਾ, ਇਹ ਅਮਾਨਤ ਉਸੇ ਨੂੰ ਹੀ ਸੰਭਾਲੀ ਜਾਵੇਗੀ। ਵੈਸੇ ਮੇਰਾ ਖਿਆਲ ਏ ਕਿ ਇਹ ਧੰਨ, ਇਹ ਪੂਜਾ ਦੀ ਦੌਲਤ, ਇਹ ਦਸਵੰਧ ਇਹ ਪਾਪ ਪੁੰਨ ਦੀ ਕਮਾਈ ਤੇ ਅੱਖ ਰੱਖਣੀ ਮੂਰਖਤਾ ਏ। ਇਹ ਪੂਜਾ ਦਾ ਮਾਲ ਤੁਹਾਡੇ ਲਈ ਜ਼ਹਿਰ-ਏ-ਕਾਤਲ ਏ। ਤੁਹਾਡੇ ਕੋਲ ਦੁਕਾਨਦਾਰੀ ਏ, ਜ਼ਮੀਨ ਏ, ਖੇਤੀ ਏ। ਕਿਰਤ ਕਰੋ ਤੇ ਖਾਓ। ਤੁਸੀਂ ਵੇਖਦੇ ਨਹੀਂ ਕਿ ਮੈਂ ਘਰ ਵਿਚ ਆਪਣੀ ਕਮਾਈ ਦੀ ਰਕਮ ਵਰਤਦਾ ਹਾਂ ਤੇ ਪੂਜਾ ਦਾ ਧੰਨ ਗੁਰੂ ਘਰ ਵਿਚ ਈ ਖ਼ਰਚ ਕੀਤਾ ਜਾਂਦਾ ਏ। ਕਮ-ਅਜ਼-ਕਮ ਤੁਸੀਂ ਇਥੋਂ ਤੇ ਸਬਕ ਸਿੱਖੋ।

—ਪਿਤਾ ਜੀ ਤੁਹਾਡਾ ਕੀ ਏ, ਤੁਸੀਂ ਸ਼ਾਹ ਦਿਲ ਹੋਏ, ਬਾਦਸ਼ਾਹਾਂ ਦੇ ਬਾਦਸ਼ਾਹ। ਤੁਹਾਡੀ ਸਾਡੀ ਕਾਹਦੀ ਬਰਾਬਰੀ। ਤੁਹਾਡਾ ਲੰਗਰ ਹਰ ਵੇਲੇ ਚਲਦਾ ਏ। ਪੰਜਾਹ ਬੰਦੇ ਸਵੇਰੇ ਸ਼ਾਮ ਲੰਗਰ ਵਿਚ ਪਰਸ਼ਾਦ ਛਕਦੇ ਹਨ। ਪਰ ਜੇ ਤੁਸਾਂ ਸਾਨੂੰ ਕੋਰਾ ਜਵਾਬ ਦੇ ਦਿੱਤਾ ਤਾਂ ਸਾਡੀਆਂ ਪਰਾਤਾਂ ਮੂਧੀਆਂ, ਸਾਡਾ ਤੇ ਤਵਾ ਗਰਮ ਹੋਣਾ ਔਖਾ ਹੋ ਜਾਵੇਗਾ।

—ਕੀ ਤੁਸੀਂ ਇਹ ਚਾਹੁੰਦੇ ਓ ਕਿ ਮੈਂ ਤੁਹਾਨੂੰ ਗੁਰੂ ਘਰ ਦਾ ਮਾਲ ਖਜ਼ਾਨਾ ਦੇ ਦੇਵਾਂ ਤੇ ਝੂਠਾ ਹੋਵਾਂ ਆਪਣੇ ਗੁਰੂ ਤੋਂ।

—ਨਹੀ ਅਸੀਂ ਇਹ ਨਹੀਂ ਚਾਹੁੰਦੇ, ਅਸੀਂ ਹਿੱਸਾ ਮੰਗਦੇ ਆਂ।

—ਤੁਹਾਡਾ ਹਿੱਸਾ ਤਾਂ ਮੈਂ ਪਹਿਲਾਂ ਈ ਵੱਖਰਾ ਕੀਤਾ ਹੋਇਆ ਏ।

—ਵਿਚ ਮਾਤਾ ਖੀਵੀ ਬੋਲ ਪਈ, ਪੁੱਤ ਜ਼ਿੱਦ ਨਹੀਂ ਕਰੀਦੀ। ਪਿਓ ਨੇ ਕਿਹੜਾ ਸਿਰ ਤੇ ਚੁੱਕ ਕੇ ਲੈ ਜਾਣਾ ਏ। ਇਹ ਸਭ ਕੁਝ ਤੁਹਾਡਾ ਈ ਏ।

—ਨਹੀਂ ਮਾਤਾ ਜੀ, ਤੁਸੀਂ ਤਾਂ ਐਵੇਂ ਗੋਂਗਲੂਆਂ ਤੋਂ ਮਿੱਟੀ ਝਾੜ ਰਹੇ ਓ। ਅਸਲ ਵਿਚ ਅਸੀਂ ਖੁੱਲ੍ਹ ਕੇ ਗੱਲ ਨਹੀਂ ਕਰ ਸਕਦੇ ਤੇ ਪਿਤਾ ਜੀ ਆਪਣੇ ਆਪ ਸਮਝਣ ਲਈ ਤਿਆਰ ਨਹੀਂ।

—ਬੇਟਾ ਮੈਂ ਸਭ ਕੁਝ ਜਾਣਦਾ ਹਾਂ।

—ਗੁਰੂ ਘਰ ਨੂੰ ਛੱਡ ਕੇ ਬਾਕੀ ਸਭ ਕੁਝ ਤੁਹਾਡਾ ਏ, ਉਹਦੇ ਵਿਚ ਕਿਸੇ ਦੀ ਕੋਈ ਲੱਤ ਨਹੀਂ ਫਸੀ ਹੋਈ। ਕਿਸੇ ਨੇ ਲੱਤ ਨਹੀਂ ਅੜਾਉਣੀ। ਗੁਰੂ ਦਾ ਮਾਲ ਖਾਣ ਲਈ, ਪਚਾਉਣ ਦਾ ਹਾਜ਼ਮਾ ਪੈਦਾ ਕਰੋ ਫੇਰ ਖਾਓ ਬੁੱਕ ਭਰ ਭਰ ਕੇ ਤੁਹਾਨੂੰ ਕੌਣ ਮੋੜਦਾ ਏ, ਗੰਗਾ ਤੁਹਾਡੇ ਘਰ ਵਗਦੀ ਏ। ਪੁੱਤ ਈਰਖਾ, ਹੱਸਦ ਨਹੀਂ ਕਰੀਦਾ। ਜਿਹੜਾ ਕਿਸਮਤ ਵਿਚ ਲਿਖਿਆ ਹੋਇਆ ਹੈ ਅਵੱਸ਼ ਈ ਮਿਲ ਜਾਣਾ ਏ, ਮਾਤਾ ਖੀਵੀ ਨੇ ਆਖਿਆ।

—ਮਾਂ ਤੂੰ ਬੜੀ ਭੋਲੀ ਏਂ, ਤੂੰ ਨਹੀਂ ਜਾਣਦੀ, ਦੁਨੀਆਂ ਦੇ ਕਾਰ-ਵਿਹਾਰ।

—ਪੁੱਤ ਤੁਸੀਂ ਚਾਹੁੰਦੇ ਕੀ ਓ, ਕਾਹਦੇ ਵਿਚ ਹਿੱਸਾ ਲੈਣਾ ਏ, ਕਿਹਦੇ ਵਿਚ ਤੁਹਾਡੀ ਹਿੱਸੇਦਾਰੀ ਏ, ਐਵੇਂ ਥਾਂ ਥਾਂ ਲੱਤਾਂ ਨਹੀਂ ਅੜਾਈਦੀਆਂ। ਏਡਾ ਵੱਡਾ ਵਿਹੜਾ ਏ, ਕਿੰਨੇ ਕੁ ਮੰਜੇ ਡਾਹੁਣੇ ਨੇ ਤੁਸੀਂ। ਇਹ ਸਭ ਕੁਝ ਤੁਹਾਡਾ ਏ।

—ਕਰਨੀ ਤੇ ਕਥਨੀ ਵਿਚ ਬਲ ਪੈਦਾ ਕਰੋ, ਇਹ ਸਭ ਕੁਝ ਤੁਹਾਨੂੰ ਆਪੇ ਈ ਮਿਲ ਜਾਵੇਗਾ। ਗੁਰਾਂ ਨੇ ਫ਼ਰਮਾਇਆ ਤੇ ਉਠ ਕੇ ਚਲੇ ਗਏ।

—ਮਾਤਾ ਖੀਵੀ ਨੇ ਪਿਆਰ ਦਿੱਤਾ ਪੁੱਤਾਂ ਦੇ ਸਿਰ, ਥਾਲੀ ਪਰੋਸੀ ਤੇ ਖਾਣ ਲੱਗ ਪਏ ਦੋਵੇਂ ਭਰਾ।

ਸੰਗਤ ਤੇ ਪੰਗਤ ਵਿਚੋਂ ਕੌਮ ਦੀ ਉਸਾਰੀ ਹੋਵੇਗੀ, ਇਕ ਬਹੁਤ ਵੱਡੀ ਕੌਮ ਜਨਮ ਲਵੇਗੀ। ਮਾਤਾ ਖੀਵੀ ਦਾ ਫ਼ਰਮਾਨ ਸੀ।

ਚੌਲਾਂ ਤੇ ਖੰਡ ਘਿਓ ਹੋਰ ਪਾ ਦਿੱਤਾ ਤੇ ਮੁੰਡੇ ਮਜ਼ੇ ਨਾਲ ਖਾਣ ਲੱਗ ਪਏ, ਗੱਲ ਠੰਢੀ ਮੱਠੀ ਪੈ ਗਈ, ਏਸੇ ਰੌਲੇ ਰੱਪੇ ਵਿਚ ਚਾਰ ਮਹੀਨੇ ਹੋਰ ਲੰਘ ਗਏ, ਆਖਰ ਕਾਰ ਉਹ ਦਿਨ ਫੇਰ ਆ ਗਿਆ ਜਦੋਂ ਸਰੋਪਿਆਂ ਦੀ ਵਰਖਾ ਹੋਣੀ ਸੀ।

ਦੀਵਾਨ ਲੱਗਾ ਹੋਇਆ ਸੀ, ਮਹੀਨਾ ਚੜ੍ਹਿਆ ਸੀ, ਅੱਸੂ। ਅਜੇ ਲੋਕਾਂ ਮਹੀਨਾ ਨਹੀ ਸੀ ਸੁਣਿਆ। ਸਤਿਗੁਰ ਅਜੇ ਆਸਣ ਤੇ ਆਣ ਕੇ ਬੈਠੇ ਨਹੀਂ ਸਨ, ਸੰਗਤ ਜੁੜੀ ਹੋਈ ਸੀ, ਭਾਈ ਨੇ ਮਹੀਨਾ ਸੁਣਾਉਣਾ ਅਰੰਭ ਕੀਤਾ, ਬਿਰਤੀ ਲੱਗ ਗਈ ਸਾਰੀ ਸੰਗਤ ਦੀ, ਸਾਰੇ ਜਣੇ ਖੁਸ਼ ਸਨ, ਖਡੂਰ ਵਿਚ ਬਰਕਤਾਂ ਦਾ ਮੀਂਹ ਵਰ੍ਹਨ ਲੱਗ ਪਿਆ।

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥
ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥

ਗੁਰੂ ਦੀ ਮਿਹਰ ਸਦਕਾ, ਝੋਲੀਆਂ ਭਰ ਕੇ, ਖੁਸ਼ੀਆਂ ਦੇ ਬੁਕ ਲੈ ਕੇ ਘਰਾਂ ਚਲੀਆਂ ਸੰਗਤਾਂ, ਸ਼ਰਧਾ ਗੁਰੂ ਦੀ ਝੋਲੀ ਵਿਚ ਪਾ ਕੇ। ਸੁੱਖਾਂ-ਸੁੱਖਾਂ ਦਾ ਮਹੀਨਾ ਚੜ੍ਹੇ, ਸਾਰਿਆਂ ਨੇ ਗੁਰਾਂ ਅੱਗੇ ਮੱਥਾ ਟੇਕ ਦਿੱਤਾ।

□□

੭

ਇਹ ਅੱਠਵਾਂ ਸਿਰੋਪਾ ਸੀ, ਸ਼ੁਰੂ ਹੋਇਆ ਨੌਵਾਂ ਸਾਲ। ਏਸ ਸਾਲ ਦੇ ਊਠ ਦੀ ਨਕੇਲ ਵੇਖੋ ਕਿਹਦੇ ਹੱਥ ਵਿਚ ਆਉਂਦੀ ਏ ਤੇ ਉਹ ਕਿਹੋ ਜਿਹੀ ਬਾਜ਼ੀ ਪਾਉਂਦਾ ਏ।

ਭਾਈ ਅਮਰ ਦਾਸ ਖਡੂਰ ਤੋਂ ਚਲਦੇ ਪੁੱਠੇ ਪੈਰੀਂ ਕੋਈ ਚਾਰ ਕੁ ਮੀਲ ਦੀ ਵਿੱਥ ਤਕ ਏਸ ਲਈ ਕਿ ਮੇਰੀ ਪਿੱਠ ਗੁਰੂ ਵਲ ਨਾ ਹੋਵੇ। ਇਹ ਸਤਿਕਾਰ ਉਨ੍ਹਾਂ ਬਾਰਾਂ ਸਾਲ ਈ ਰੱਖਿਆ ਤੇ ਫੇਰ ਮੋੜ ਕੱਟ ਲੈਂਦੇ ਤੇ ਗਾਗਰ ਭਰ ਫੇਰ ਉਸੇ ਥਾਂ ਆ ਕੇ ਸਾਹ ਲੈਂਦੇ ਜਿਥੋਂ ਤਕ ਉਹ ਪੁੱਠੇ ਪੈਰੀਂ ਆਉਂਦੇ ਸਨ। ਸਾਹ ਲੈਣ ਦੀ ਥਾਂ, ਜਗ੍ਹਾ ਆਰਾਮ ਕਰਨ ਦੀ, ਦਮ ਮਾਰਨ ਦਾ ਟਿਕਾਣਾ।

ਇਕ ਦਿਨ ਦੀਵਾਨ ਜੁੜਿਆ ਹੋਇਆ ਸੀ, ਸੰਗਤ ਹੁਮ ਹੁਮਾ ਕੇ ਜੁੜੀ ਹੋਈ ਸੀ। ਬਾਣੀ ਪੜ੍ਹੀ ਜਾ ਰਹੀ ਸੀ ਭੱਟਾਂ ਦੀ। ਇਕ ਗੋਇੰਦਾ ਨਾਮ ਦਾ ਮਰਵਾਹ ਖਤਰੀ ਸੌਦਾਗਰ ਲੱਖਾਂ ਹਜ਼ਾਰਾਂ ਮੋਹਰਾਂ ਦਾ ਲੈਣ ਦੇਣ ਕਰਨ ਵਾਲਾ, ਦੇਸ਼ਾਂ ਬਿਦੇਸ਼ਾਂ ਵਿਚ ਹੁੰਡੀ ਚਲੇ। ਚਾਰੇ ਬਾਹਰੇ ਵਿਚ ਸ਼ਾਹ ਜੀ ਸ਼ਾਹ ਜੀ ਦਾ ਨਾਮ ਲੋਕਾਂ ਦੀ ਜ਼ਬਾਨ ਤੇ ਸੀ। ਭਾਣਾ ਰੱਬ ਦਾ ਕੀ ਹੋਇਆ ਕਿ ਉਹਦੀ ਤ੍ਰੀਮਤ ਦੇ ਮਨ ਵਿਚ ਖਿਆਲ ਉਭਰਿਆ। ਉਹਦੀ ਬਿਆਸਾ ਦੇ ਕੰਢੇ ਤੇ ਜ਼ਮੀਨ ਸੀ। ਸ਼ਰੀਕ ਪਏ ਤਾਂ ਉਨ੍ਹਾਂ ਦੱਬ ਲਈ ਸਾਰੀ ਜ਼ਮੀਨ। ਸ਼ਾਹੂਕਾਰ ਕੋਲ ਕਿਹੜੀ ਵਿਹਲ ਸੀ, ਨਾਲੇ ਓਸ ਕਿਹੜੀ ਸਿਰ 'ਚ ਮਾਰ ੀ ਸੀ ਜ਼ਮੀਨ। ਉਹਦੀ ਤ੍ਰੀਮਤ ਨੇ ਇਕ ਦਿਨ ਪੁੱਛਿਆ ਸਾਡੀ ਜ਼ਮੀਨ ਸੀ ਬਿਆਸਾ ਕੰਢੇ ਮੈਂ ਉਥੇ ਮੰਦਰ ਬਣਵਾਉਣਾ ਚਾਹੁੰਦੀ ਆਂ। ਲੋਕ ਉਥੇ ਇਸ਼ਨਾਨ ਕਰਨ ਤੇ ਨਾਲੇ ਮੱਥਾ ਟੇਕਣ। ਨਾਲੇ ਪੁੰਨ ਤੇ ਨਾਲੇ ਫਲੀਆਂ। ਸਾਡੀ ਜ਼ਮੀਨ ਹੈ ਕਿਥੇ ਕੁ। ਇਕ ਰਾਤ ਦੀ ਗੱਲ ਸੀ, ਗੱਲ ਹੋਈ ਬੀਤੀ। ਦੂਜੀ ਰਾਤ ਫੇਰ ਉਹੋ ਰਾਮ ਕਹਾਣੀ। ਸਾਰੀ ਰਾਤ ਸੇਠਾਣੀ

ਨੇ ਸ਼ਾਹ ਨੂੰ ਅੱਖ ਨਾ ਲਾਉਣ ਦਿੱਤੀ, ਆਖਰ ਓਸ ਹਾਂ ਕਰ ਈ ਦਿੱਤੀ। ਅੱਛਾ, ਸਵੇਰ ਹੋਣ ਤੇ ਤੈਨੂੰ ਜ਼ਮੀਨ ਤੇ ਲੈ ਚਲਦੇ ਆਂ। ਜਿਹੜੀ ਜਗ੍ਹਾ ਤੈਨੂੰ ਪਸੰਦ ਆਵੇਗੀ ਓਥੇ ਤੂੰ ਆਪਣੀ ਮਨ ਮਰਜ਼ੀ ਦਾ ਮੰਦਰ ਬਣਵਾ ਲਵੀਂ, ਰੀਝ ਲਾਹ ਲਵੀਂ ਆਪਣੇ ਮਨ ਦੀ। ਮੰਦਰ ਦੇ ਕਲਸ ਤੇ ਜੀਅ ਭਰ ਕੇ ਸੋਨਾ ਚੜ੍ਹਾ ਲਵੀਂ, ਸੰਗੇਮਰਮਰ ਨਾਲ ਜੜਵਾ ਦੇਵਾਂਗਾ ਮੰਦਰ। ਹੋਰ ਦੱਸ ਭਾਗਵਾਨੇ ਤੇਰੇ ਦਿਲ ਵਿਚ ਕੀ ਏ, ਮੈਂ ਤੇਰੇ ਦਿਲ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਕਰ ਦੇਵਾਂਗਾ। ਹੁਣ ਤੂੰ ਮੂੰਹੋਂ ਕੱਢ, ਬੱਤੀਆਂ ਦੰਦਾਂ ਵਿਚੋਂ ਜੋ ਆਖੇਂ ਪੂਰੀ ਕਰਾਂਗਾ, ਮੈਨੂੰ ਰੱਬ ਨੇ ਦਿੱਤਾ ਹੋਇਆ ਏ, ਰੱਬ ਦੇ ਨਾਂ ਤੇ ਮੰਦਰ ਬਣਵਾ ਲੈ, ਧਰਮਸਾਲਾ ਆਖੇਂ ਤੇ ਉਹ ਵੀ ਬਣਵਾ ਦੇਂਦਾ ਹਾਂ, ਰਹਿੰਦੀ ਦੁਨੀਆਂ ਤਕ ਨਾਂ ਰਹੂ। ਭਗਵਾਨ ਨੇ ਕੋਈ ਔਲਾਦ ਨਹੀਂ ਦਿੱਤੀ, ਸ਼ਾਇਦ ਭਗਵਾਨ ਦਿਆਲ ਹੋ ਜਾਵੇ ਤੇ ਤੇਰੀ ਗੋਦ ਬਾਲ ਖੇਡੇ। ਦਿਨ ਚੜ੍ਹਿਆ, ਦੋ ਘੋੜੀਆਂ ਸ਼ਿੰਗਾਰ ਕੇ ਨੌਕਰ ਲੈ ਆਇਆ। ਇਕ ਘੋੜੀ ਤੇ ਸ਼ਾਹ ਦੀ ਸਵਾਰੀ ਸੀ ਤੇ ਦੂਜੀ ਤੇ ਸੇਠਾਣੀ ਦੀ। ਦੋਵੇਂ ਜਣੇ ਚਾਈਂ-ਚਾਈਂ ਆਪਣੀ ਬਿਆਸਾ ਵਾਲੀ ਜ਼ਮੀਨ ਤੇ ਚਲੇ ਗਏ ਤੇ ਲੱਗੇ ਨਿਸ਼ਾਨ ਲਾਉਣ। ਜਦ ਮਜ਼ਦੂਰਾਂ ਨੇ ਨਿਸ਼ਾਨ ਲਾਏ ਤਾਂ ਇਕ ਬੰਦਾ ਆਖਣ ਲੱਗਾ।

—ਕੌਣ ਏ ਤੂੰ, ਜ਼ਮੀਨ ਤੇ ਨਿਸ਼ਾਨ ਲਾਉਣ ਵਾਲਾ, ਪਿਓ ਦੀ ਜ਼ਮੀਨ ਸਮਝੀ ਊ।

—ਮੈਂ ਤੇ ਕਾਮਾ ਹਾਂ, ਮੈਂ ਤੇ ਦਿਹਾੜੀ ਲੈਣੀ ਏ। ਸਾਨੂੰ ਸ਼ਾਹ ਨੇ ਹੁਕਮ ਕੀਤਾ ਏ ਤੇ ਅਸਾਂ ਨਿਸ਼ਾਨ ਲਾਉਣੇ ਸ਼ੁਰੂ ਕਰ ਦਿੱਤੇ ਨੇ।

—ਕਿਹੜਾ ਏ ਓਏ ਸ਼ਾਹ, ਸ਼ਾਹ ਦੇ ਪਿਓ ਦੀ ਜ਼ਮੀਨ ਨਹੀਂ ਏ।

—ਸ਼ਾਹ ਨੂੰ ਬੜਾ ਗੁੱਸਾ ਆਇਆ ਤੇ ਆਖਣ ਲੱਗਾ ਕਿ ਜ਼ਮੀਨ ਮੇਰੀ ਏ, ਤੂੰ ਕੌਣ ਏਂ ਰੋਕਣ ਵਾਲਾ।

—ਵੱਡਾ ਆ ਗਿਆ ਜ਼ਮੀਨ ਵਾਲਾ, ਪੱਟਾ ਲਿਆਇਆ ਏਂ, ਆਪਣੇ ਨਾਂ ਦਾ। ਤੂੰ ਤੇ ਦਮੜੇ ਖਰਚੇ ਹੋਣੇ ਨੇ। ਸ਼ਾਹੀ ਖ਼ਜ਼ਾਨੇ ਵਿਚ ਤੂੰ ਈ ਤਾਂ ਮੁਹਰਾਂ ਜਮ੍ਹਾਂ ਕਰਵਾਈਆਂ ਹੋਣੀਆਂ ਨੇ।

—ਤੂੰ ਕੌਣ ਏਂ ਭਰਾ।

—ਮੈਂ ਮਰਵਾਹਾ ਖਤਰੀ ਹਾਂ, ਇਹ ਜ਼ਮੀਨ ਮੇਰੇ ਬਜ਼ੁਰਗਾਂ ਦੀ ਜ਼ਰ-ਖਰੀਦ ਏ। ਅਸੀਂ ਮਾਮਲਾ ਤਾਰਦੇ ਹਾਂ, ਸ਼ਾਹੀ ਖ਼ਜ਼ਾਨੇ ਵਿਚ, ਤੂੰ ਕੌਣ ਹੁਨੈ, ਖਾਹ-ਮ-ਖਾਹ।

ਸ਼ਾਹ ਜੀ ਤੁਸੀਂ ਕਿਤੇ ਰਸਤਾ ਤਾਂ ਨਹੀਂ ਭੁੱਲ ਗਏ।

—ਮੈਂ ਗੋਇੰਦਾ ਹਾਂ, ਜ਼ਮੀਨ ਦੀ ਮਾਲਕੀ ਮੇਰੀ ਏ, ਪਟਾ ਮੇਰੇ ਨਾਂ ਏ। ਜੇ ਮੈਂ ਚਾਰ ਸਾਲ ਸੌਦਾਗਰੀ ਚਲਾ ਵੀ ਗਿਆ ਤਾਂ ਕੀ ਤੁਸੀਂ ਮਾਲਕ ਬਣ ਜਾਵੋਗੇ ?

—ਸ਼ਾਹ ਜੀ ਤੁਸੀਂ ਕੋਈ ਵਾਕਫ ਬੰਦਾ ਲਿਆਵੋ, ਜਿਹੜਾ ਤੁਹਾਡੀ ਜ਼ਮਾਨਤ ਦੇਵੇ। ਸਾਡਾ ਬਹੁਤ ਪੁਰਾਣਾ ਕਬਜ਼ਾ ਏ। ਜ਼ਮੀਨ ਉਹਦੀ ਜਿਦਾ ਕਬਜ਼ਾ ਹੋਵੇ, ਤੁਹਾਡੀ ਜ਼ਮੀਨ ਕਿਸੇ ਹੋਰ ਥਾਂ ਤੇ ਹੋਣੀ ਏ।

—ਇਹ ਮੇਰੇ ਪਿਤਾ ਦੀ ਸਮਾਧੀ ਏ, ਇਥੋਂ ਮੇਰੀ ਜ਼ਮੀਨ ਸ਼ੁਰੂ ਹੁੰਦੀ ਏ। ਇਹ ਹੱਦ ਏ ਮੇਰੀ ਜ਼ਮੀਨ ਦੀ।

—ਉਹ ਤੇ ਮੇਰਾ ਬਾਬਾ ਏ, ਉਹ ਸਮਾਧ ਤੇ ਮੇਰੇ ਬਾਬੇ ਦੀ ਏ।

—ਸਮਾਧ ਮੇਰੇ ਪਿਤਾ ਨੇ ਬਣਾਈ, ਅਸੀਂ ਜ਼ਮੀਨ ਦੇ ਮਾਲਕ, ਐਵੇਂ ਧੱਕੇ ਸ਼ਾਹੀ ਨਹੀਂ ਕਰੀਦੀ ਬੀਬਾ।

—ਰਕਮ ਮੇਰੇ ਪਿਤਾ ਨੇ ਖਰਚੀ ਸੀ।

—ਤੇਰੇ ਪਿਤਾ ਦਾ ਕੀ ਨਾਂ ਏ ?

—ਆਤਮਾ ਰਾਮ।

—ਚਾਚੇ ਆਤਮਾ ਰਾਮ ਨਾਲ ਅਸਾਂ ਪੈਲੀ ਬੰਨਾ ਸਾਰਾ ਵੰਡ ਲਿਆ ਸੀ, ਇਹ ਜ਼ਮੀਨ ਮੇਰੇ ਹਿੱਸੇ ਆਈ ਏ। ਚਾਚਾ ਜੀ ਤੋਂ ਪੁੱਛ ਲੈਣਾ।

—ਚਾਚਾ ਤੇ ਜੀਊਂਦਾ ਨਹੀਂ, ਚਾਚੀ ਹਾਲੇ ਜਿਊਂਦੀ ਏ।

—ਚਾਚੀ ਨੂੰ ਪੁੱਛ ਲੈ, ਐਵੇਂ ਝਗੜੇ 'ਚ ਨਹੀਂ ਪਈਦਾ।

—ਜ਼ਮੀਨ ਸਾਡੀ ਏ, ਤੂੰ ਮਾਲਕ ਹੋਵੇਂਗਾ, ਮੈਂ ਨਹੀਂ ਜਾਣਦਾ, ਮੈਂ ਤੈਨੂੰ ਨਿਸ਼ਾਨ ਨਹੀਂ ਲਾਉਣ ਦੇਣਾ।

—ਜਾਹ ਓਏ ਜਾਹ, ਜ਼ਮੀਨ ਮੇਰੀ, ਮਾਲਕ ਜੰਮ ਪਿਆ ਏਂ ਵੱਡਾ ਪੜਾਊ ਪਿੱਦਾ।

—ਬਸ ਏਨੀ ਗੱਲ ਹੋਈ, ਡਾਂਗਾਂ ਚਲ ਪਈਆਂ, ਸ਼ਾਹ ਦਾ ਸਿਰ ਪਾਟ ਕੇ ਦੋ ਹੋ ਗਿਆ। ਸ਼ਾਹਣੀ ਬਾਂਹ ਤੁੜਵਾ ਕੇ ਘਰ ਪਰਤੀ। ਗੁੱਸਾ ਬੜਾ ਚੰਡਾਲ ਹੁੰਦਾ ਏ। ਓਸ ਬੰਦੇ ਕੱਠੇ ਕੀਤੇ, ਵਾਹਰ ਚੜ੍ਹੀ, ਅੱਗੋਂ ਉਹਨਾਂ ਵੀ ਚੰਗੀ ਖੁੰਭ ਠੱਪੀ, ਦੋ ਬੰਦੇ ਤੇ ਥਾਂ ਈ ਰਹੇ। ਝਗੜਾ ਵਧ ਗਿਆ। ਸਰਕਾਰੇ ਦਰਬਾਰੇ ਚੜ੍ਹੇ ਦੋਵੇਂ ਸ਼ਰੀਕ।

—ਸ਼ਰੀਕ ਤੇ ਮਿੱਟੀ ਦਾ ਮਾਣ ਨਹੀਂ। ਸ਼ਰੀਕ ਸਿਰਫ ਸਿਹਰੇ ਬੰਨ੍ਹ ਕੇ ਨਹੀਂ ਢੁੱਕਦਾ, ਬਾਕੀ ਸਾਰੇ ਕਸਬ ਕਰ ਲੈਂਦਾ ਏ, ਬੋਲ ਸੇਠਾਣੀ ਦੇ ਸਨ।

—ਬੜੀ ਖਜਲ ਖੁਆਰੀ ਹੋਈ, ਕੋਈ ਫ਼ੈਸਲਾ ਨਾ ਹੋਇਆ। ਇਕ ਦਿਨ ਸ਼ਾਹ ਦੀ ਘੋੜੀ ਖਡੂਰ ਦੇ ਕੋਲ ਦੀ ਲੰਘੀ ਤੇ ਦੋਵੇਂ ਜਣੇ ਮੱਥਾ ਟੇਕਣ ਗਏ ਤੇ ਅਰਦਾਸ ਕੀਤੀ ਸ਼ਾਹ ਨੇ ਕਿ ਜੇ ਮੈਂ ਮੁਕੱਦਮਾ ਜਿੱਤ ਲਵਾਂ ਤਾਂ ਅੱਧੀ ਜ਼ਮੀਨ ਗੁਰੂ ਘਰ ਨੂੰ ਅਰਦਾਸ ਕਰਾਵਾਂਗਾ। ਮੁਕੱਦਮਾ ਹਾਕਮ ਦੀ ਕਚਹਿਰੀ ਚੜ੍ਹਿਆ ਹੋਇਆ ਸੀ। ਮੁਗ਼ਲ ਰਾਜ ਸੀ, ਬੜੀ ਖੇਹ ਖ਼ਰਾਬੀ ਸੀ। ਫ਼ੈਸਲਾ ਉਹਦੇ ਹੱਕ ਵਿਚ ਹੁੰਦਾ ਜਿਹੜਾ ਰਕਮ ਢੇਰੀ ਕਰਦਾ, ਓਥੇ ਸੱਚ ਝੂਠ ਦਾ ਨਿਤਾਰਾ ਨਾ ਹੁੰਦਾ। ਬੋਕੇ ਦੀ ਗੱਲ ਚੜ੍ਹਾਵੇ ਦਾ ਜਲਵਾ, ਰਕਮ ਦੀ ਢੇਰੀ ਜਿਹਦੀ ਉੱਚੀ ਫੈਸਲਾ ਉਹਦੇ ਹੱਕ ਵਿਚ ਹੋ ਜਾਂਦੇ। ਹਾਕਮ ਦੇ ਮਨ ਵਿਚ ਕਿੱਦਾਂ ਮਿਹਰ ਪੈ ਗਈ, ਓਸ ਪਟਾ ਤਲਬ ਕੀਤਾ। ਦੂਜੇ ਸ਼ਰੀਕਾਂ ਕੋਲ ਨਾ ਪਟਾ ਸੀ ਤੇ ਨਾ ਪਟਾ ਦਾ ਕਿਸੇ ਨੂੰ ਚਿੱਤ ਚੇਤਾ, ਧੱਕੇਸ਼ਾਹੀ ਸੀ। ਸ਼ਾਹ ਦੀ ਬੇਪਰਵਾਹੀ ਜਿਨ ਜ਼ਮੀਨ ਵੱਲ ਧਿਆਨ ਨਾ ਦਿੱਤਾ। ਹਾਕਮ ਨੇ ਇਕ ਦੇਰਾਂ ਫ਼ੈਸਲਾ ਸੋਚਿਆ ਤੇ ਹੁਕਮ ਦੇ ਦਿੱਤਾ, ਉਹ ਫੈਸਲਾ ਸ਼ਾਹ ਦੇ ਹੱਕ ਵਿਚ ਹੋ ਗਿਆ ਤੇ ਨਾਲ ਹੀ ਫ਼ੌਜ ਦਾ ਦਸਤਾ ਦਿੱਤਾ, ਤੇ ਕਬਜ਼ਾ ਸ਼ਾਹ ਨੂੰ ਮਿਲ ਗਿਆ।

ਸੁਖਣਾ ਸੁੱਖੀ, ਸ਼ਾਹ ਤੇ ਸ਼ਾਹਣੀ ਦੋਵੇਂ ਖਡੂਰ ਵਿਚ ਗਏ ਤੇ ਉਨ੍ਹਾਂ ਗੁਰਾਂ ਅੱਗੇ ਆਪਣੇ ਮਨ ਦੀ ਸਾਰੀ ਅਵਸਥਾ ਪ੍ਰਗਟ ਕੀਤੀ ਅਤੇ ਅੱਧੀ ਜ਼ਮੀਨ ਗੁਰੂ ਘਰ ਦੇ ਅਰਪਨ ਕਰ ਦਿੱਤੀ। ਰੰਦਿੰਦੇ ਨਾਮ ਦੇ ਖਤਰੀ ਦੇ ਮਨ ਵਿਚ ਹੁਣ ਪਿੰਡ ਬੰਨ੍ਹਣ ਦਾ ਸ਼ੌਕ ਜਾਗਿਆ,

ਜੇਠਾਣੀ ਦਾ ਇਰਾਦਾ ਪੱਕਾ ਹੋ ਗਿਆ, ਪਿੰਡ ਵਸਾਇਆ ਜਾਵੇ, ਗੁਰੂ ਘਰ ਦੀਆਂ ਮਿਹਰਾਂ ਦੇ ਸਦਕੇ ਸਾਡਾ ਪਿੰਡ ਵਸ ਜਾਵੇ।

—ਗੁਰਾਂ ਨੇ ਅਸ਼ੀਰਵਾਦ ਦਿੱਤੀ। ਗੁਇੰਦਾ ਬੜੀ ਚਾਈਂ ਚਾਈਂ ਆਪਣੇ ਘਰ ਮੁੜਿਆ। ਸ਼ਰੀਕਾਂ ਦੇ ਮਾਪੇ ਮਰ ਗਏ, ਹੁਣ ਡਾਂਗਾਂ ਭਿੜਨ ਦਾ ਸਵਾਲ ਈ ਪੈਦਾ ਨਹੀਂ ਸੀ ਹੁੰਦਾ।

□□

੮

ਮਾਇਆ ਦਾ ਜ਼ੋਰ ਇਕ ਪਾਸੇ। ਕਈ ਵਾਰ ਮਾਇਆ ਵਾਲਾ ਹਿੱਕ ਤੇ ਹੱਥ ਮਾਰ ਕੇ ਜਿੱਤ ਜਾਂਦਾ ਏ ਤੇ ਕਈ ਵਾਰ ਬੰਦੇ ਜਿਹੜੇ ਨੰਗ ਧੜੰਗ ਲੜ ਰਹੇ ਹੋਣ ਉਨ੍ਹਾਂ ਦਾ ਪਾਸਾ ਭਾਰਾ ਰਹਿ ਜਾਂਦਾ ਹੈ। ਪਰ ਬਜ਼ੁਰਗ ਆਖਦੇ ਹਨ ਕਿ ਬੰਦੇ ਮਾਇਆ ਨਾਲ ਖ਼ਰੀਦੇ ਜਾਂਦੇ ਹਨ। ਮਾਂਗਵੀਂ ਧਾੜ ਕਦੇ ਸਿਰ ਨਹੀਂ ਲੁਹਾਉਂਦੀ ਪਰ ਮਾਇਆ ਨਾਲ ਖ਼ਰੀਦੇ ਮਨੁੱਖ ਸਿਰ ਧੜ ਦੀ ਬਾਜ਼ੀ ਲਾ ਦਿੰਦੇ ਹਨ। ਮਾਇਆ ਦਾ ਬੜਾ ਵੱਡਾ ਚਮਤਕਾਰ ਏ। ਗੋਇੰਦੇ ਸ਼ਾਹ ਨੂੰ ਮਾਇਆ ਦਾ ਬੜਾ ਹੰਕਾਰ ਸੀ। ਉਹਦੇ ਸ਼ਰੀਕਾਂ ਨੇ ਚੰਗੇ ਕਰਾਰੇ ਹੱਥ ਵਿਖਾਏ ਤੇ ਉਹਦੀ ਮਾਇਆ ਦਾ ਮੱਕੂ ਠੱਪ ਦਿੱਤਾ। ਜਦੋਂ ਦੋਵੇਂ ਹਥਿਆਰ ਥੋਥੇ ਹੋ ਗਏ, ਹੁਣ ਆਇਆ ਜ਼ੋਰ ਹਕੂਮਤ ਦਾ। ਹਕੂਮਤ ਨੇ ਤੇ ਐਵੇਂ ਪ੍ਰਵਾਨਾ ਈ ਦਿੱਤਾ ਸੀ ਪੁਰਜ਼ਾ ਕਾਗ਼ਜ਼ ਦਾ। ਗੋਇੰਦੇ ਨੇ ਸਿਪਾਹੀਆਂ ਦੀ ਏਨੀ ਖ਼ਾਤਰ ਕੀਤੀ ਨਿਸ਼ਾ ਕਰ ਦਿੱਤੀ। ਅੱਸ਼ ਅੱਸ਼ ਕਰ ਉੱਠੇ ਹਕੂਮਤ ਦੇ ਸਿਪਾਹੀ। ਥੋਥਾ ਵੀ ਦਿੱਤਾ ਤੇ ਥੈਲੀਆਂ ਵੀ ਲੱਕ ਪੱਲੇ ਬੰਨ੍ਹਵਾਈਆਂ, ਬੱਸ ਫੇਰ ਕੀ ਸੀ ਮੋਹਰਾਂ ਦੀ ਗਰਮੀ ਤੇ ਲਾਲਚੀ ਕਰਮਚਾਰੀਆਂ ਨੇ ਬਿਆਸਾ ਤੇ ਆਣ ਕੇ ਖ਼ੂਬ ਧਮੱਚੜਾ ਮਚਾਇਆ ਤੇ ਡਾਂਗਾਂ ਮਾਰ ਮਾਰ ਕੇ ਕਈਆਂ ਬੇਦੋਸ਼ਿਆਂ ਦੇ ਬੁਥਾੜ ਵੀ ਸੇਕ ਸੁੱਟੇ। ਅਸਲੀ ਮੁਜਰਮ ਘੱਟ ਕੁੱਟੇ ਗਏ ਤੇ ਫ਼ਾਲਤੂ ਬੰਦਿਆਂ ਦੀਆਂ ਹੱਡੀਆਂ ਪੱਸਲੀਆਂ ਇਕ ਹੋ ਗਈਆਂ, ਕਣਕ ਨਾਲ ਘੁਣ ਵੀ ਪਿਸ ਗਿਆ। ਕੜਕਾ ਦਿੱਤੀਆਂ ਹੱਡੀਆਂ ਜਿਹੜੇ ਖ਼ਰੂਦ ਕਰਦੇ ਸਨ। ਠੱਲ੍ਹ ਪੈ ਗਈ। ਤਰਾਹ-ਤਰਾਹ ਕਰ ਉੱਠੇ ਉਹ ਬੰਦੇ ਜਿਹੜੇ ਲਾਗੇ ਚਾਗੇ ਵੱਸਦੇ ਸਨ। ਗੋਇੰਦੇ ਸ਼ਾਹ ਦੇ ਨਾਂ ਦਾ ਕਿੱਲਾ ਗੱਡਿਆ ਗਿਆ। ਹੁਣ ਕੋਈ ਗੋਇੰਦੇ ਸ਼ਾਹ ਦਾ ਪ੍ਰਛਾਵਾਂ ਵੀ ਨਹੀਂ ਸੀ ਲੰਘਦਾ। ਖ਼ੂਬ ਕੁੱਕੜ ਭੁੱਜੇ ਤੇ ਸ਼ਰਾਬਾਂ ਉੱਡੀਆਂ, ਸਰਕਾਰੀ ਅਹਿਲਕਾਰਾਂ ਖ਼ੂਬ ਗੁਲਛੱਰੇ ਲੁੱਟੇ, ਇਹ ਮਾਇਆ ਦੀ ਕਰਾਮਾਤ ਸੀ। ਬਿਆਸਾ ਦੇ ਪੱਤਣ ਤੇ ਹੁਣ ਸ਼ਾਂਤੀ ਨੇ ਡੇਰਾ ਪਾ ਲਿਆ ਸੀ। ਪਹਿਲਾਂ ਆਪਣੀ ਮਰਜ਼ੀ ਨਾਲ ਪਿੰਡ ਦੀ ਵਿਉਂਤ ਬਣਾਈ ਤੇ ਫੇਰ ਕੁਝ ਸਰਕਾਰੀ ਬੰਦਿਆਂ ਤੋਂ ਸਲਾਹ ਮਸ਼ਵਰਾ ਲਿਆ। ਇਕ ਬੰਦੇ ਨੇ ਸਲਾਹ ਦਿੱਤੀ।

—ਸ਼ਾਹ ਜੀ ਤੁਸਾਂ ਤੇ ਪਿੰਡ ਈ ਬੰਨ੍ਹਣਾ ਏ, ਇਥੇ ਵੱਸਣਾ ਤਾਂ ਨਹੀਂ ਨਾ।

—ਨਹੀਂ, ਸਾਨੂੰ ਕਿੱਥੇ ਵਿਹਲ ਏ। ਸਾਡਾ ਕੰਮ ਲਾਹੌਰ ਤੇ ਅਸੀਂ ਕਦੇ ਪਿਸ਼ੌਰ

ਤੇ ਕਦੇ ਦਿੱਲੀ। ਸਾਡੇ ਕਿੱਥੇ ਪੈਰ ਲੱਗਣ। ਅਸਾਂ ਰਾਤ ਕਿਤੇ ਕੱਢਣੀ ਤੇ ਦਿਨ ਕਿਤੇ। ਸਾਡੀ ਕਿਸਮਤ ਵਿਚ ਕਿੱਥੋਂ ਇਕ ਜਗ੍ਹਾ ਚਾਰ ਦਿਨ ਸੁਖ ਦਾ ਸਾਹ ਲੈਣਾ ਏ।

—ਤੁਹਾਡਾ ਪਿੰਡ ਵਸਾਉਣ ਦਾ ਮਕਸਦ ਕੀ ਏ। ਰਕਮ ਕਮਾਉਣੀ ?

—ਰਕਮ ਕਮਾਉਣੀ ਹੋਈ, ਵਪਾਰੀ ਪੁੱਤ ਹਾਂ, ਇਹ ਤੇ ਪਹਿਲਾ ਆਸ਼ਾ ਏ, ਪਰ ਨਹੀਂ ਮੇਰੀ ਜ਼ਨਾਨੀ ਬੜੀ ਖਹਿੜੇ ਪਈ ਹੋਈ ਏ, ਪਿੰਡ ਵਸਾਓ ਅਜਿਹਾ ਜਿਸ ਨਾਲ ਰਹਿੰਦੀ ਦੁਨੀਆਂ ਤਕ ਨਾਂ ਰਹੇ।

—ਸ਼ਾਹ ਜੀ ਤੁਹਾਡੇ ਨਾਲ ਇਕ ਦਸਤਰਖ਼ਾਨ ਤੇ ਬੈਠ ਕੇ ਖਾ ਲਿਆ ਏ। ਤੇ ਅਸੀਂ ਪਠਾਣ ਲੋਕ ਹਾਂ, ਕਿਸੇ ਦਾ ਲੂਣ ਖਾ ਕੇ ਹਰਾਮ ਨਹੀਂ ਕਰਦੇ। ਏਸ ਪਿੰਡ ਵਿਚ ਜਦ ਤਕ ਕਿਸੇ ਕਰਨੀ ਵਾਲੇ ਦੇ ਚਰਨ ਨਹੀਂ ਪੈਣਗੇ, ਇਹ ਪਿੰਡ ਨਹੀਂ ਬੱਝਣਾ। ਇਥੇ ਜਿੰਨ, ਪਰੇਤ, ਡੈਣਾਂ ਦਾ ਵਾਸਾ ਏ। ਤਾਂ ਤੇ ਕੋਈ ਵਲੀ ਅੱਲਾ ਈ ਇਥੇ ਪੈਰ ਧਰੂ। ਫ਼ਕਰ ਜਿਹੜਾ ਇਥੇ ਆਪਣਾ ਡੇਰਾ ਬਣਾਏ, ਜਾਂ ਕੋਈ ਰੱਬ ਦਾ ਪਿਆਰਾ, ਫੇਰ ਰੌਣਕ ਹੋਵੇਗੀ ਏਸ ਪਿੰਡ ਵਿਚ।

—ਐਵੇਂ ਵਹਿਮ ਏ। ਜਿੰਨ, ਦਿਓ, ਪਰੇਤਾਂ ਦਾ। ਕਿੱਥੇ ਹਨ ਜਿੰਨ ? ਤੁਸੀਂ ਦਿਓਆਂ ਤੋਂ ਘੱਟ ਓ, ਇਕ ਇਕ ਡੈਣ ਨੂੰ ਨਿਕਾਹ ਵਿਚ ਲੈ ਲੈਣਾ, ਆਪੇ ਮੁੱਕ ਜਾਣਗੇ। ਜਿੰਨ੍ਹ ਡਾਕੂ ਹਨ, ਪ੍ਰੇਤ ਹਮਲਾਵਰ ਤੇ ਫ਼ੌਜੀ। ਰਾਤ ਬਰਾਤੇ ਲੁੱਟ ਪੁੱਟ ਲੈ ਜਾਂਦੇ ਹਨ ਤੇ ਲੋਕ ਆਖਦੇ ਹਨ—ਜਿੰਨ, ਦਿਓ ਤੇ ਪਰੇਤ ਆ ਗਏ। ਹੋਰ ਕੁਝ ਨਹੀਂ। ਜੇ ਇਥੇ ਡੈਣਾਂ ਰਹਿੰਦੀਆਂ ਹਨ ਤੇ ਪਰੀਆਂ ਦਾ ਵੀ ਜ਼ਰੂਰ ਵਾਸਾ ਹੋਊ। ਖ਼ੂਬਸੂਰਤ ਔਰਤਾਂ ਵੇਖ ਕੇ ਫ਼ੌਜੀ ਇਕ ਪੈਰ ਲਾਂਭੇ ਨਹੀਂ ਪੁੱਟ ਸਕਦਾ। ਫ਼ੌਜੀ ਮਿੱਟੀ ਦੀ ਔਰਤ ਵੇਖ ਲਵੇ ਸੱਤ ਦਿਨ ਭੁੱਖਾ ਭਾਣਾ ਡੇਰਾ ਲਾ ਕੇ ਬੈਠ ਸਕਦਾ ਏ। ਇਥੇ ਤੇ ਰੋਜ਼ ਮੁਟਿਆਰਾਂ ਪਾਣੀ ਭਰਨ ਆਉਂਦੀਆਂ ਹਨ। ਇਥੇ ਤੇ ਫੌਜੀਆਂ ਦੇ ਡੇਰੇ ਹੋਣੇ ਹੀ ਹੋਏ। ਇਹ ਐਵੇਂ ਡਰ ਏ, ਵਹਿਮ ਏ, ਕੋਈ ਗੈਬੀ ਤਾਕਤ ਏ। ਜਿੰਨ ਔਰਤ ਚੁੱਕਣੀ ਏ, ਓਸ ਜੁੱਤੀਆਂ ਵੀ ਖਾਣੀਆਂ ਨੇ। ਜੇ ਮਾਲਕਾਂ ਦਾ ਜ਼ੋਰ ਪੈ ਗਿਆ ਤਾਂ ਸਿਰ ਪੜਵਾ ਕੇ ਨੱਸਣਗੇ। ਜੇ ਫੌਜੀਆਂ ਦੇ ਦਮਗਜੇ ਤੋਂ ਡਰ ਕੇ ਨੱਸੇ ਪਿੰਡ ਵਾਲੇ ਤਾਂ ਉਨ੍ਹਾਂ ਔਰਤਾਂ ਘੋੜੇ ਮਗਰ ਬਿਠਾ ਕੇ ਲੈ ਜਾਣੀਆਂ ਹਨ ਤੇ ਜਾਂਦੇ ਪਿੰਡ ਨੂੰ ਅੱਗ ਵੀ ਲਾ ਕੇ ਜਾਣਗੇ। ਇਹ ਸਭ ਨਸ਼ੱਈ ਬੰਦਿਆਂ ਦੇ ਕਸਬ ਹਨ। ਔਰਤ ਦੀ ਭੁੱਖ, ਦੌਲਤ ਦੀ ਭੁੱਖ, ਇਹ ਸਾਰੇ ਪਾਪੜ ਵੇਲਦੀ ਏ। ਬੋਲ ਗੋਇੰਦੇ ਸ਼ਾਹ ਦੇ ਸਨ।

—ਮੈਂ ਨਹੀਂ ਮੰਨਦਾ, ਮੇਰਾ ਈਮਾਨ ਆਖਦਾ ਏ, ਸਾਰੀ ਦੁਨੀਆਂ ਤੋਂ ਇਲਾਵਾ ਇਕ ਹੋਰ ਦੁਨੀਆਂ ਵੀ ਏ, ਜਿੱਥੇ ਜਿੰਨ, ਪਰੇਤਾਂ ਦੀ ਹਕੂਮਤ ਏ। ਜਿਹੜੇ ਜਿੰਨ ਨੂੰ ਦੇਸ਼-ਨਿਕਾਲਾ ਮਿਲ ਜਾਂਦਾ ਏ ਉਹ ਜਦ ਮੂੰਹ ਚੁੱਕਦਾ ਏ ਤਾਂ ਸਾਡੀ ਦੁਨੀਆਂ ਵਿਚ ਆ ਜਾਂਦਾ ਏ, ਇਥੇ ਆਪਣੀ ਮਨ-ਮਾਨੀ ਕਰਦਾ ਏ, ਖਰੂਦ ਕਰਦਾ ਏ। ਤਾਕਤ ਵਿਖਾਂਦਾ ਏ। ਜਿੰਨ ਕੱਢਣ ਵਾਲਾ ਬੰਦਾ ਲਿਆਓ ਤਾਂ ਤੁਹਾਡੀ ਗੱਡੀ ਹੋਣੀ ਏ।

—ਨਹੀਂ ਇਹ ਸਭ ਬਕਵਾਸ ਏ। ਤੁਸੀਂ ਕੋਠੇ ਉਸਾਰੋ, ਤਮਾਸ਼ਾ ਤਾਂ ਵੇਖੋ ਕੀ ਬਣਦਾ ਏ, ਨੁਕਸਾਨ ਈ ਹੋ ਜਾਵੇਗਾ, ਸਹੁਰਾ ਹੋ ਜਾਵੇ, ਦਿਲ ਦੀ ਸ਼ੰਕਾ ਤੇ ਨਿਕਲ ਜਾਊ।

—ਤੁਹਾਡੀ ਮਰਜ਼ੀ, ਜੇ ਏਦਾਂ ਹੀ ਤੁਹਾਡੀ ਖ਼ੁਸ਼ੀ ਹੋਰ ਮੰਨ ਜਾਂਦੀ ਏ, ਤਾਂ

ਅਸੀਂ ਫੇਰ ਫੇਦਾਂ ਈ ਕਰ ਲੈਂਦੇ ਹਾਂ। ਪਠਾਣ ਪਿੰਡ ਵਸਾਉਂਦੇ ਆਏ, ਸੜਕਾਂ ਬਣਾਉਂਦੇ ਆਏ। ਖੂਹ ਲਵਾਉਣੇ, ਸਰਾਵਾਂ ਬਣਾਉਣੀਆਂ, ਇਨ੍ਹਾਂ ਦੇ ਈਮਾਨ ਵਿਚ ਲਿਖਿਆ ਹੋਇਆ ਏ। ਇਹ ਹੁਨਰ ਇਨ੍ਹਾਂ ਨੂੰ ਮਾਂ ਦੇ ਦੁੱਧ ਵਿਚ ਘੁਲ ਕੇ ਮਿਲਿਆ ਏ, ਮਕਾਨ ਬਣਾਉਣੇ ਇਮਾਰਤਾਂ ਦੀ ਉਸਾਰੀ ਕਰਨੀ। ਮਸਜਦ ਇਕ ਤੋਂ ਇਕ ਵੱਧ ਬਣਾਉਣੀ। ਬਜ਼ਾਰ, ਗਲੀਆਂ ਵਿਚ ਆਪਣੀ ਕਾਰੀਗਰੀ ਦੇ ਕਮਾਲ ਦੱਸਣੇ।

ਦੂਜੇ ਦਿਨ ਨੀਂਹਾਂ ਪੁੱਟੀਆਂ ਗਈਆਂ। ਪਠਾਣ ਮਿਸਤਰੀਆਂ ਨੇ ਆਪਣੇ ਦਿਲ ਵਿਚ ਅੰਦਾਜ਼ਾ ਲਾ ਲਿਆ ਸੀ ਕਿ ਇਹ ਇਕ ਦਿਨ ਬਹੁਤ ਭਾਰੀ ਮੰਡੀ ਬਣ ਸਕਦੀ ਏ। ਏਥੇ ਸਰਾਵਾਂ ਬਨਾਉਣੀਆਂ ਬਹੁਤ ਜ਼ਰੂਰੀ ਹਨ, ਵੱਡੇ ਵੱਡੇ ਗੁਦਾਮ, ਖ਼ੂਬਸੂਰਤ ਦੁਕਾਨਾਂ, ਮਸਜਿਦਾਂ ਇਕ ਨਹੀਂ ਦੋ ਦੋ। ਫੌਜਾਂ ਦੇ ਲੰਘਣ ਨੂੰ ਇਕੋ ਇਕ ਤੇ ਪੱਤਣ ਏ। ਇਨ੍ਹਾਂ ਨੂੰ ਤੇਲ ਵੀ ਚਾਹੀਦਾ ਏ, ਲੂਣ ਵੀ ਹਰ ਰੋਜ਼ ਲੋੜ ਪੈਂਦੀ ਏ। ਕੱਪੜੇ ਤਨ ਢੱਕਣ ਲਈ ਚਾਹੀਦੇ ਨੇ। ਮੇਰੇ ਖ਼ਿਆਲ ਵਿਚ ਦਰਿਆਈ ਰੇਸ਼ਮ ਦੀ ਸਭ ਤੋਂ ਵੱਡੀ ਮੰਡੀ ਬਣ ਸਕਦੀ ਏ। ਕਿਉਂਕਿ ਆਵਾਜਾਈ ਦਾ ਰਸਤਾ ਇਕੋ ਈ ਏ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦਿਲ ਵੀ ਰੱਖ ਕੇ ਨਕਸ਼ਾ ਉਲੀਕਿਆ ਗਿਆ। ਦਸ ਦਿਨ ਉਸਾਰੀ ਹੋਈ। ਕਈ ਸੈਂਕੜੇ ਮਜ਼ਦੂਰ ਲੱਗ ਗਏ ਤੇ ਕਾਰੀਗਰਾਂ ਲਾਹੌਰ ਤੇ ਕਸੂਰ ਤੋਂ ਵੀ ਹੱਲਾਸ਼ੇਰੀ ਕੀਤੀ, ਉਹ ਵੀ ਬਿਆਸਾ ਕੰਢੇ ਪਹੁੰਚ ਗਏ। ਜਿੰਨੇ ਜਿੰਨੀ ਮਰਜ਼ੀ ਚਾਹੀ ਆਪਣੀ ਜ਼ਮੀਨ ਤੇ ਕਬਜ਼ਾ ਕਰ ਲਿਆ ਸੀ। ਸ਼ਾਹ ਨੇ ਤੇ ਸਦਾ ਵਰਤ ਲਾ ਦਿੱਤਾ ਸੀ, ਆਓ ਜ਼ਮੀਨ ਮੇਰੀ, ਮਕਾਨ ਬਣਾਓ, ਮਾਲਕ ਤੁਸੀਂ। ਜਣਾ ਖਣਾ ਨੀਂਹਾਂ ਪੁੱਟਣ ਲੱਗ ਪਿਆ। ਸ਼ਾਹ ਬੜਾ ਖ਼ੁਸ਼ ਸੀ, ਲੁਟਾ ਰਿਹਾ ਸੀ ਜ਼ਮੀਨ। ਇਕ ਟੋਲੇ ਨੇ ਇਕ ਜਗ੍ਹਾ ਤੇ ਜ਼ੋਰ ਅਜ਼ਮਾਇਆ। ਸ਼ਾਹ ਆਖਣ ਲੱਗਾ ਹਜ਼ੂਰ ਇਹ ਜ਼ਮੀਨ ਮੈਂ ਗੁਰੂ ਘਰ ਲਈ ਰੱਖੀ ਏ। ਤੁਸੀਂ ਸਾਹਮਣੇ ਵਾਲੀ ਜ਼ਮੀਨ ਮੱਲ ਲਓ, ਅੱਗੇ, ਹੋਰ ਅੱਗੇ, ਇਹ ਸਾਰੀ ਜ਼ਮੀਨ ਮੇਰੀ ਏ, ਇਹ ਪਿੰਡ ਨਹੀਂ ਬਣਾਉਣਾ, ਸ਼ਹਿਰ ਬਣਾਉਣਾ ਏ, ਤੁਸੀਂ ਕਸੂਰ ਨੂੰ ਵੀ ਭੁੱਲ ਜਾਓਗੇ ਤੇ ਲਾਹੌਰ ਨੂੰ ਵੀ। ਇਹ ਸ਼ਾਹ ਰਾਹ ਏ, ਇਥੇ ਲੱਖਾਂ, ਕਰੋੜਾਂ ਰੁਪਿਆਂ ਦਾ ਵਪਾਰ ਹੋਇਆ ਕਰੂ। ਏਸ ਮੰਡੀ ਤੋਂ ਪੁੱਛ ਕੇ ਮੰਡੀ ਦਾ ਭਾਅ ਨਿਕਲਿਆ ਕਰੇਗਾ। ਦਿੱਲੀ ਵਾਲੇ ਵੀ ਸਾਡੇ ਵੱਲ ਮੂੰਹ ਚੁੱਕ ਕੇ ਵੇਖਿਆ ਕਰਨਗੇ। ਕਈਆਂ ਫ਼ੌਜੀਆਂ ਨੇ ਜ਼ੋਰ ਅਜ਼ਮਾਇਆ। ਇਕ ਰੋਜ਼ ਦਾ ਮੁਕਾਮ ਹੁੰਦਾ ਏ। ਕਈ ਤਾਂ ਫ਼ੌਜ ਤੋਂ ਵਿੱਛੜ ਵੀ ਗਏ ਤੇ ਆਪਣੇ ਮਕਾਨ ਬਣਾਉਣ ਵਿਚ ਲੱਗ ਪਏ। ਦਰਿਆ ਲੰਘ ਕੇ ਕਿਹੜਾ ਮੂਰਖ ਏ ਕੂਚ ਦਾ ਨਗਾਰਾ ਮਾਰੇਗਾ। ਰਾਤ ਇਥੇ ਕੱਟੀ ਈ ਜਾਣੀ ਏ। ਅਗਲਾ ਦਿਨ ਊਠ, ਘੋੜੇ, ਬੰਦੇ, ਇਨ੍ਹਾਂ ਸਾਰਿਆਂ ਦੀ ਖ਼ੁਰਾਕ ਇਥੋਂ ਈ ਪੈਦਾ ਕੀਤੀ ਜਾਵੇਗੀ, ਜੇ ਕੋਈ ਚੀਜ਼ ਥੁੜ ਜਾਵੇਗੀ ਕਸੂਰ ਥੋੜ੍ਹਾ ਭੱਜਣ ਲੱਗਾ ਏ। ਗੱਲ ਲੋਕਾਂ ਦੀ ਸਮਝ ਵਿਚ ਆ ਰਹੀ ਸੀ। ਗੋਇੰਦਾ ਸੱਚ ਮੁੱਚ ਦਾ ਵਪਾਰੀ ਸੀ, ਓਸ ਲੋਕਾਂ ਦਾ ਜਜ਼ਬਾ ਵੇਖਿਆ, ਉਤਸ਼ਾਹ ਵੇਖਿਆ, ਮੱਲ-ਗੁਜ਼ਾਰ ਦਾ ਉਹਦਾ ਇਰਾਦਾ ਪੱਕਾ ਹੋ ਗਿਆ।

—ਆਖਦੇ ਹਨ ਸੱਤ ਦਿਨ ਉਸਾਰੀ ਹੋਈ, ਕਿਤੇ ਚਿੜੀ ਨਾ ਫੜਕੀ, ਪੱਤਾ ਨਾ ਹਿੱਲਿਆ। ਪਠਾਣ ਮਿਸਤਰੀ ਕੰਬਦਾ ਜ਼ਰੂਰ ਸੀ। ਸੱਤਾਂ ਦਿਨਾਂ ਦੀ ਕਾਰਗੁਜ਼ਾਰੀ ਨੇ ਸ਼ਾਹ ਦਾ ਦਿਲ ਸ਼ੇਰ ਵਰਗਾ ਕਰ ਦਿੱਤਾ। ਉਹਨੂੰ ਹੁਣ ਜਿੰਨ ਪਰੇਤਾਂ ਦਾ ਕੋਈ ਖ਼ਤਰਾ ਨਾ ਰਿਹਾ।

—ਇਕ ਰਾਤ ਆਈ, ਕਾਲੀ ਬੋਲੀ ਆਈ, ਕਿਤੇ ਹੱਥ ਨੂੰ ਹੱਥ ਸੁਝਾਈ ਨਹੀਂ

ਸੀ ਦੇਂਦਾ, ਝੱਖੜ ਝੁੱਲਿਆ, ਮਾੜਾ ਜਿਹਾ ਮੀਂਹ ਵੀ ਵਰ੍ਹਿਆ। ਹਨ੍ਹੇਰੀ ਕਾਲੀ ਘੁੱਪ। ਪਤਾ ਨਹੀਂ ਰੱਬ ਦਾ ਭਾਣਾ ਕੀ ਹੋਇਆ, ਸਾਰੀਆਂ ਦੀਵਾਰਾਂ ਢਹਿ ਢੇਰੀ ਹੋ ਗਈਆਂ। ਲੋਕਾਂ ਦੇ ਲੱਗੇ ਲਗਾਏ ਰੁਪਈਏ ਖੂਹ ਵਿਚ ਪੈ ਗਏ। ਸਾਰੀ ਰਾਤ ਰੌਲਾ ਪੈਂਦਾ ਰਿਹਾ ਹਾਹਾਕਾਰ ਮੱਚੀ ਰਹੀ। ਉਹ ਸਾਰੇ ਲੋਕ ਜੋ ਮੁਫ਼ਤ ਦੀ ਚੀਜ਼ ਖਾਣ ਆਏ ਸਨ ਤੇ ਮਹਿਮੂਦ ਗਜ਼ਨਵੀ ਵਾਲੀ ਲੁੱਟ ਲੁੱਟਣਾ ਚਾਹੁੰਦੇ ਸਨ, ਅੱਖਾਂ ਵਿਚ ਘਸੁੰਨ ਦੇ ਕੇ ਰੋ ਰਹੇ ਸਨ। ਕਿਸੇ ਦਾ ਕੱਖ ਨਾ ਰਿਹਾ, ਜੁੱਤੀਆਂ ਛੱਡ ਕੇ ਨੱਸ ਉੱਠੇ। ਸਾਰੇ ਬਾਹਰੇ ਵਿਚ ਰੌਲਾ ਪੈ ਗਿਆ, ਜਿੰਨ ਫਿਰ ਗਏ, ਦਿਓ ਆਏ, ਪਰੇਤ ਆਏ, ਚੁੜੇਲਾਂ ਨੇ ਲੁੱਟ ਲਿਆ। ਡਰਦੇ ਮਾਰੇ ਦਿਨੇ ਕੋਈ ਏਧਰ ਮੂੰਹ ਨਹੀਂ ਸੀ ਕਰਦਾ।

—ਪਠਾਣ ਮਿਸਤਰੀ ਆਖਣ ਲੱਗਾ, ਸੁਣਾਓ ਸ਼ਾਹ ਜੀ, ਮੇਰੀ ਗੱਲ ਸੱਚੀ ਨਿਕਲੀ ਨਾ। ਸਾਡਾ ਇਮਾਨ ਤੇ ਨਿਸ਼ਚਾ ਪੱਕਾ ਏ।

—ਹਾਂ ਭਰਾ ਤੂੰ ਸੱਚਾ ਤੇ ਮੈਂ ਝੂਠਾ। ਮੈਂ ਅੰਨ੍ਹਾ ਹੋ ਗਿਆ ਸਾਂ, ਮਾਇਆ ਦੇ ਜਾਲ ਵਿਚ ਆ ਕੇ।

—ਹੁਣ ਕੀ ਕੀਤਾ ਜਾਵੇ?

—ਕਿਸੇ ਫ਼ਕੀਰ ਦੀ ਚਰਨੀਂ ਲੱਗੋ, ਕਿਸੇ ਸਾਧ ਦੇ ਗੋਡੇ ਫੜੋ। ਕਿਸੇ ਵਲੀ ਅੱਲਾਹ ਨੂੰ ਸੱਦੋ, ਇਹ ਪਿੰਡ ਫੇਰ ਵੱਸੇਗਾ।

—ਮੈਂ ਜਾਂਦਾ ਹਾਂ ਖਡੂਰ, ਉਥੋਂ ਗੁਰੂ ਘਰ ਨੂੰ ਲਿਆਉਂਦਾ ਹਾਂ। ਉਨ੍ਹਾਂ ਦੀ ਮਿਹਰ ਸਦਕਾ ਸ਼ਾਇਦ ਪਿੰਡ ਵੱਸ ਪਏ।

—ਨਾਨਕ ਦੇ ਡੇਰੇ ਵਾਲਿਆਂ ਨੂੰ। ਹਾਂ, ਉਹ ਪਹੁੰਚੇ ਫ਼ਕੀਰ ਹਨ। ਬੋਲ ਪਠਾਣ ਦੇ ਸਨ।

—ਮੇਰੀ ਨਿਸ਼ਚਾ ਉਥੇ ਦੀ ਏ, ਮੇਰਾ ਦਿਲ ਓਸ ਤੋਂ ਬਗੈਰ ਹੋਰ ਕਿਤੇ ਨਹੀਂ ਟਿਕਦਾ।

□□

੯

ਬਣਿਆ ਬਣਾਇਆ ਪਿੰਡ ਉੱਜੜ ਗਿਆ। ਦੁਹੱਥੜ ਮਾਰਦੇ ਸ਼ਾਹ ਤੇ ਸ਼ਾਹਣੀ ਪਰਤੇ। ਉਨ੍ਹਾਂ ਘੋੜੀਆਂ ਕੱਸੀਆਂ ਤੇ ਖਡੂਰ ਆਣ ਕੇ ਖਲ੍ਹਾਰੀਆਂ। ਮੰਦਾ ਹਾਲ, ਵੇਖ ਕੇ ਸ਼ਾਹ ਦਾ ਖਡੂਰ ਵਾਲੇ ਬੜੇ ਪਰੇਸ਼ਾਨ ਹੋਏ। ਲੋਕਾਂ ਪੁੱਛਿਆ ਕੀ ਹੋਇਆ ਏ ਸ਼ਾਹ ਜੀ। ਅੱਗੋਂ ਸ਼ਾਹ ਸਿਰ ਤੇ ਹੱਥ ਧਰ ਕੇ ਆਖਣ ਲੱਗਾ ਦਿਓ ਫਿਰ ਗਿਆ। ਕਿਥੇ? ਲੋਕਾਂ ਦੂਜਾ ਸੁਆਲ ਕੀਤਾ। ਮੈਂ ਬਿਆਸੇ ਕੰਢੇ ਪਿੰਡ ਬੰਨ੍ਹ ਰਿਹਾ ਸਾਂ। ਅੱਗੋਂ ਲੋਕ ਬੋਲੇ, ਤੂੰ ਤੇ ਅੱਧੀ ਜ਼ਮੀਨ ਗੁਰੂ ਘਰ ਨੂੰ ਅਰਪਨ ਕੀਤੀ ਸੀ। ਬੇਈਮਾਨ ਹੋ ਗਿਆ ਹੋਵੇਗਾ। ਮਾਇਆਧਾਰੀ ਦਾ ਕੀ ਏ। ਕਦੋਂ ਟਿੰਡ ਵਾਂਗੂ ਰੁੜ੍ਹ ਜਾਵੇ। ਗੁਰੂ ਘਰ ਤੋਂ ਪੁੱਛਿਆ ਸੀ,

ਨੀਂਹਾਂ ਪੁੱਟਣ ਲੱਗੇ ? ਕੋਈ ਲੰਗਰ ਕੀਤਾ ਸੀ ? ਬਾਮ੍ਹਣ ਬਿਠਾਏ ਸਨ ? ਕੋਈ ਹਵਨ ? ਕੋਈ ਯਗ, ਕੋਈ ਪੁੰਨ ? ਕੋਈ ਰੱਬ ਦਾ ਨਾਂ ਲੈਣ ਵਾਲਾ ਬੰਦਾ ਨਾਲ ਖੜਿਆ ਸੀ ? ਨਹੀਂ, ਸ਼ਾਹ ਨੇ ਸਿਰ ਹਿਲਾ ਦਿੱਤਾ।

—ਅੱਗੋਂ ਪਿੰਡ ਵਾਲੇ ਬੋਲੇ, ਵਸਾਉਣਾ ਪਿੰਡ, ਬਣਾਉਣਾ ਨਗਰ ਤੇ ਕਰਨੀ ਆਪਣੀ ਮਰਜ਼ੀ। ਕੋਈ ਮੰਦਰ, ਮਸਜਿਦ, ਗੁਰੂ ਦਾ ਦੁਆਰਾ, ਧਰਮਸ਼ਾਲਾ, ਸਰਾਂ, ਧਰਮ ਅਰਥ ਕੋਈ ਖੂਹ ਪਹਿਲਾਂ ਬਣਾਈਦਾ ਏ ਸ਼ਾਹ ਜੀ ਤੇ ਫੇਰ ਨਗਰ ਵੱਸਦੇ ਹਨ। ਜਿਸ ਪਿੰਡ ਵਿਚ ਤਲਾਅ ਨਹੀਂ, ਛੱਪੜ ਨਹੀਂ, ਉਥੇ ਪਿੰਡ ਕੀ ਵੱਸੂ ?

—ਹਾਂ, ਇਹ ਮੈਥੋਂ ਗਲਤੀ ਹੋ ਗਈ। ਮੈਂ ਸਮਝ ਬੈਠਾ ਸਾਂ ਕਿ ਮਾਇਆ ਨਾਲ ਹਰੇਕ ਕੰਮ ਸਿੱਧ ਹੋ ਜਾਂਦਾ ਏ, ਇਹ ਮੇਰੀ ਭੁੱਲ ਸੀ।

ਜਾ ਫੇਰ ਗੁਰੂ ਦੀ ਚਰਨੀ ਲੱਗ, ਸ਼ਾਇਦ ਕਲਿਆਨ ਹੋ ਜਾਏ, ਉਨ੍ਹਾਂ ਦੇ ਅੱਗੇ ਕਿਹੜੀ ਗੱਲ ਮੁਸ਼ਕਲ ਏ, ਜ਼ਰਾ ਕੁ ਨਜ਼ਰ ਕਰ ਦੇਣ, ਰੇਖ ਵਿਚ ਮੇਖ ਵੱਜ ਸਕਦੀ ਏ।

—ਚਲਣ ਲੱਗਾ ਸ਼ਾਹ ਜੋੜਿਆਂ ਘੋੜਿਆਂ ਨਾਲ, ਤੇ ਫੇਰ ਪਿੰਡ ਵਾਲਿਆਂ ਬਾਂਹ ਫੜ ਲਈ, ਮੋੜਿਆ। ਏਦਾਂ ਨਹੀਂ, ਨੰਗੇ ਪੈਰੀਂ, ਗਲ ਵਿਚ ਪਰਨਾ ਪਾ, ਅੱਖਾਂ ਨੀਵੀਆਂ, ਹੱਥ ਜੋੜ ਤੂੰ ਤੇ ਤੇਰੀ ਸ਼ਾਹਣੀ ਤੇ ਫੇਰ ਗੁਰੂ ਮਿਹਰ ਕਰੂ।

—ਠੀਕ ਤੁਸੀਂ ਠੀਕ ਆਖਦੇ ਓ, ਮੈਥੋਂ ਭੁੱਲ ਆਪਣੇ ਆਪ ਹੁੰਦੀ ਜਾ ਰਹੀ ਏ। ਮੈਂ ਕਸੂਰਵਾਰ ਹਾਂ। ਏਸੇ ਤਰ੍ਹਾਂ ਕਰਾਂਗਾ ਜਿਦਾਂ ਤੁਸੀਂ ਹੁਕਮ ਕੀਤਾ ਏ।

ਸ਼ਾਹ ਤੇ ਸ਼ਾਹਣੀ ਫੇਰ ਓਸੇ ਤਰ੍ਹਾਂ ਗਏ ਜਿਵੇਂ ਪਿੰਡ ਵਾਲਿਆਂ ਆਖਿਆ ਸੀ, ਭਰੇ ਦੀਵਾਨ ਵਿਚ ਆਣ ਹਾਜ਼ਰ ਹੋਏ।

—ਕੀ ਹੋਇਆ ਸ਼ਾਹ ਜੀ ? ਗੁਰਾਂ ਨੇ ਹੱਸ ਕੇ ਪੁੱਛਿਆ।

—ਮੈਂ ਲੁੱਟਿਆ ਗਿਆ, ਮੈਂ ਹਜ਼ਾਰਾਂ ਰੁਪਈਏ ਖ਼ਰਚ ਕਰ ਕੇ ਦੀਵਾਰਾਂ ਦਾ ਸਿਰ ਤੋਂ ਕੱਦ ਉੱਚਾ ਕੀਤਾ ਸੀ, ਪਰ ਰਾਤੀਂ ਦਿਓ ਫਿਰ ਗਿਆ, ਸਭ ਕੁਝ ਢਹਿ ਢੇਰੀ ਹੋ ਗਿਆ, ਥੇਹ ਹੋ ਗਿਆ-ਵੱਸਦਾ ਪਿੰਡ।

—ਗੁਰੂ ਘਰ ਦਾ ਹਿੱਸਾ ਕੱਢ ਤੇ ਲਿਆਂ ਹੋਣਾ ਏ, ਸ਼ੇਖੀ 'ਚ ਆ ਕੇ ਬੰਦਾ ਕਈ ਵਾਰਾਂ ਗ਼ਲਤ ਸੁੱਖਣਾ ਸੁੱਖ ਲੈਂਦਾ ਏ, ਪਰ ਜਦੋਂ ਦੇਣ ਦੀ ਵਾਰੀ ਆਉਂਦੀ ਏ, ਤਾਂ ਦਿਲ ਬੇਈਮਾਨ ਹੋ ਜਾਂਦਾ ਏ, ਕਿਉਂ ਸੱਚ ਏ ਨਾ।

—ਹਾਂ ਮੇਰੇ ਦਿਲ ਵਿਚ ਮੈਲ ਜ਼ਰੂਰ ਆ ਗਈ ਸੀ, ਮੈਨੂੰ ਮਾਇਆ ਨੇ ਜੱਫਾ ਆਣ ਮਾਰਿਆ ਸੀ। ਮੈਨੂੰ ਘੇਰ ਲਿਆ ਮੇਰੇ ਲਾਲਚ ਨੇ, ਮੈਂ ਮਜਬੂਰ ਹੋ ਗਿਆ। ਮੇਰੀ ਅਕਲ ਤੇ ਪਰਦਾ ਪੈ ਗਿਆ। ਮੈਂ ਭੁੱਲ ਗਿਆ। ਇਹ ਦੌਲਤ ਕੁਝ ਨਹੀਂ। ਏਸ ਗੱਲ ਦਾ ਪਤਾ ਮੈਨੂੰ ਅੱਜ ਲੱਗਾ, ਈਮਾਨ ਈ ਬਹੁਤ ਵੱਡੀ ਚੀਜ਼ ਏ। ਦੌਲਤ ਨਾਲ ਈਮਾਨ ਨਹੀਂ ਤੁਲ ਸਕਦਾ। ਦੌਲਤ ਜਾਏ, ਪਰ ਈਮਾਨ ਨਾ ਜਾਵੇ। ਮੇਰੀ ਭੁੱਲ ਬਖਸ਼ੋ ਸਤਿਗੁਰ।

—ਗੁਰੂ ਘਰ ਦਾ ਹਿੱਸਾ ਤੂੰ ਸੰਕਲਪ ਕੀਤਾ ਸੀ ਨਾ ?

—ਓਥੇ ਤੇ ਮੈਂ ਕਿਸੇ ਨੂੰ ਇਕ ਇੱਟ ਨਹੀਂ ਲਾਉਣ ਦਿੱਤੀ। ਤੁਹਾਡੀ ਜ਼ਮੀਨ ਤੇ ਮੈਂ ਕਿਸੇ ਨੂੰ ਅੱਖ ਨਹੀਂ ਰੱਖਣ ਦਿੱਤੀ।

—ਚੰਗਾ, ਗੁਰੂ ਭਲੀ ਕਰੂ, ਜਾਓ ਸ਼ਾਹ ਜੀ, ਲੰਗਰ ਵਿਚੋਂ ਪਰਸ਼ਾਦ ਛੱਕੋ,

ਪਿੰਡ ਵੱਸੇਗਾ। ਤੁਹਾਡੇ ਨਾਂ ਅਤੇ ਰਹਿੰਦੀ ਦੁਨੀਆਂ ਤਕ ਤੁਹਾਡਾ ਨਾਂ ਜ਼ਿੰਦਾ ਰਹੇਗਾ। ਜਾਓ ਆਰਾਮ ਕਰੋ, ਕੱਲ੍ਹ ਵੇਖਾਂਗੇ। ਮਨ ਟਿਕਾਣੇ ਕਰੋ। ਰਾਤ ਜੀਅ ਭਰ ਕੇ ਸੌਂਵੋਂ। ਤੁਹਾਡੇ ਮਨ ਦੀ ਮੁਰਾਦ ਗੁਰੂ ਨਾਨਕ ਪੂਰੀ ਕਰਨਗੇ, ਫ਼ਰਮਾਇਆ ਗੁਰੂ ਅੰਗਦ ਦੇਵ ਨੇ।

ਦੂਜੇ ਦਿਨ ਦੀਵਾਨ ਜੁੜਿਆ, ਸੰਗਤ ਇਕੱਠੀ ਹੋਈ, ਕਥਾ ਪ੍ਰਵਚਨ ਲੋਕਾਂ ਭਾਈ ਅਮਰ ਦਾਸ ਕੋਲੋਂ, ਭਗਤਾਂ ਦੀ ਬਾਣੀ ਵੀ ਸੁਣੀ। ਨਿਹਾਲ ਹੋ ਗਿਆ ਸਾਰਾ ਇਲਾਕਾ। ਮਨ ਸ਼ੁੱਧ, ਇਕਾਗਰ ਹੋਈ ਬਿਰਤੀ। ਭਗਤਾਂ ਦੀ ਬਾਣੀ ਦੇ ਮਿੱਠੇ, ਸੁਰੀਲੇ ਬੋਲ ਹਿਰਦੇ ਦੀ ਪਿਆਸ ਬੁਝਾਉਣ ਲੱਗੇ।

—ਮੈਂ ਹਾਜ਼ਰ ਹਾਂ, ਸਤਿਗੁਰ ਮੇਰੇ ਲਈ ਕੀ ਹੁਕਮ ਏ ?

—ਅੱਛਾ, ਪਹਿਲਾਂ ਅਸੀਂ ਉਥੇ ਦੀਵਾਨ ਘਰ ਬਣਾਵਾਂਗੇ। ਜਦ ਸਾਡੀਆਂ ਨੀਹਾਂ ਭਰੀਆਂ ਜਾਣ ਤਾਂ ਫੇਰ ਤੁਸੀਂ ਉਸਾਰੀ ਸ਼ੁਰੂ ਕਰੋ। ਤੁਹਾਡੇ ਮਨ ਦੀ ਕਲੀ ਖਿੜੇਗੀ, ਤੁਹਾਡੇ ਮਨ ਦੀਆਂ ਸਧਰਾਂ ਪੂਰੀਆਂ ਹੋਣਗੀਆਂ। ਪਿੰਡ ਵਸੇਗਾ, ਸ਼ਹਿਰ ਬਣੂ, ਲਾਹੌਰ, ਕਸੂਰ ਨੂੰ ਲੋਕ ਭੁਲ ਜਾਣਗੇ। ਭੱਜੇ ਲੋਕ ਫੇਰ ਮੁੜ ਆਉਣਗੇ। ਜਾਓ ਤੁਸੀਂ ਆਰਾਮ ਕਰੋ, ਹੁਣ ਇਹ ਤੁਹਾਡੀ ਸੋਚ ਨਹੀਂ। ਗੁਰੂ ਘਰ ਨੇ ਇਹ ਸਾਰਾ ਕੰਮ ਆਪਣੇ ਜ਼ਿੰਮੇ ਲੈ ਲਿਆ ਏ। ਤੁਸੀਂ ਹੁਣ ਜਾਓ, ਜਦੋਂ ਸੌਦਾਗਰਾਂ ਦੇ ਕਾਫ਼ਲੇ ਉਥੇ ਉਤਰਨ ਲਗ ਪੈਣ, ਜਦ ਸ਼ਹਿਰ ਵਰਗੀ ਗਹਿਮਾ ਗਹਿਮੀ ਹੁੰਦੀ ਵੇਖੋ, ਜਦ ਮੋਢੇ ਨਾਲ ਮੋਢਾ ਖਹੇ, ਜਦ ਹਫ਼ਤਿਆਂ ਲੱਖਾਂ ਰੁਪਿਆਂ ਦੇ ਵਪਾਰ ਹੋਣ ਲਗਣ। ਜਦ ਉਚੇ ਉਚੇ ਬੁਰਜ ਨਜ਼ਰ ਆਉਣ ਲਗ ਪੈਣ। ਹਵੇਲੀਆਂ ਬਣ ਜਾਣ, ਗੁਦਾਮ ਬਣ ਜਾਣ। ਦੁਕਾਨਾਂ ਦੀ ਦੱਖ ਨਿਕਲ ਆਉਣ। ਰੌਣਕ ਹੋ ਜਾਵੇ ਸਾਰੀ ਬਿਆਸਾ ਉਤੇ। ਵਿਚ ਵਿਚ ਤੁਸੀਂ ਜਾਓ, ਮੁਹਰਾਂ ਦਾ ਮੀਂਹ ਵਰ੍ਹਾਓ। ਇਹਦੇ ਨਾਲ ਪਿੰਡ ਵਸੇਗਾ, ਤੁਹਾਡੇ ਨਾਂ ਨੂੰ ਚਾਰ ਚੰਨ ਲਗਣਗੇ। ਤੁਹਾਡੀ ਪੂਜਾ ਹੋਵੇਗੀ, ਹੋਰ ਕੀ ਚਾਹੁੰਦੇ ਓ, ਸ਼ਾਹ ਜੀ।

ਬਹੁਤ ਮੇਹਰਾਂ, ਮੈਂ ਗੁਰੂ ਘਰ ਦਾ ਸੇਵਕ ਆਂ, ਸਿਰ ਝੁਕਾ ਦਿੱਤਾ ਗੋਇੰਦੇ ਸ਼ਾਹ ਨੇ।

—ਹੁਣ ਵਿਚਾਰਾਂ ਪਈਆਂ ਗੁਰੂ ਘਰ ਵਿਚ। ਕੌਣ ਜਾਵੇ, ਕਿਹੜਾ ਜਾਏ, ਕੌਣ ਵਸਾਏ ਪਿੰਡ, ਕੌਣ ਬੰਨ੍ਹੇ, ਪਿੰਡ ਦਾ ਬਾਨਣੂ। ਕਿਹਦੇ ਵਿਚ ਹਿੰਮਤ ਹੈ, ਜਿੰਨ ਭੂਤ, ਤੇ ਪਰੇਤਾਂ ਦੇ ਨੱਕ ਵਿਚ ਨਕੇਲ ਪਾਵੇ। ਕੌਣ ਉਨ੍ਹਾਂ ਦੀਆਂ ਮੁਸ਼ਕਾਂ ਬੰਨ੍ਹੇ ਤੇ ਜੂੜੇ। ਇਹ ਇਕ ਸਮੱਸਿਆ ਬਣ ਗਈ ਸੀ। ਰਾਈ ਦਾ ਪਹਾੜ ਬਣ ਕੇ ਸਾਹਮਣੇ ਆਣ ਖਲੋਤਾ ਏ। ਗੁਰਾਂ ਨੇ ਐਵੇਂ ਰਾਹ ਜਾਂਦਿਆਂ ਗੱਲ ਆਪਣੇ ਬਲਾ ਪਾ ਲਈ ਸੀ।

—ਗੁਰੂ ਆਖ਼ਰ ਗੁਰੂ ਏ, ਉਹਦੇ ਰੁਤਬੇ ਨੂੰ ਕੌਣ ਪੁਜ ਸਕਦਾ ਏ, ਉਹਦੀਆਂ ਉਹੋ ਜਾਣੇ। ਗੁਰੂ ਨੇ ਵਿਚਾਰ ਕੀਤੀ, ਕਿ ਹੁਣ ਇਹ ਵੇਲਾ ਏ, ਪੁਤਰਾਂ ਨੂੰ ਪਰਖਣ ਦਾ, ਹੁਣ ਪਤਾ ਲਗੂ ਕਿ ਉਹ ਕਿੰਨੇ ਕੁ ਪਾਣੀ ਵਿਚ ਹਨ। ਐਵੇਂ ਪੁਤਰ ਪੁਣੇ ਵਿਚ ਜ਼ਮੀਨ ਤੋਂ ਦੋ ਦੋ ਗਿਠ ਉਚੇ ਹੋ ਕੇ ਚਲ ਰਹੇ ਹਨ। ਕਰਨੀ ਬਲਵਾਨ ਏ। ਕਰਮ ਕਰਨਾ ਤੇ ਉਹਦੇ ਤੇ ਨਿਸਚਾ ਰਖਣਾ। ਬੰਦਾ ਫੇਰ ਇਕ ਜਗ੍ਹਾ ਤੇ ਖਲੋ ਸਕਦਾ ਏ ਨਹੀਂ ਤੇ ਐਵੇਂ ਫਿਰਦਾ ਏ। ਅੱਛਾ ਵੇਖਦੇ ਆਂ ਕਿ ਹੁਣ ਕੌਣ ਨਿਤਰਦਾ ਏ, ਹੁਣ ਕਿਹੜਾ ਸ਼ੇਰ ਹਿਕ ਤਾਣ ਕੇ ਸਾਹਮਣੇ ਆਉਂਦਾ ਏ।

ਮੇਰਾ ਟਿਕਾ ਮੋਹਰਾ ਲਾਲ ਦਾਤੂ। ਮੇਰਾ ਪੁੱਤਰ ਦਾਸੂ। ਵੱਡਿਆਂ ਘਰਾਂ ਦੇ ਪੁੱਤ

ਮੁਸੀਬਤਾਂ ਸਹਾਰ ਨਹੀਂ ਸਕਦੇ। ਧੁਪ ਨਹੀਂ ਸਹਾਰ ਸਕਦੇ, ਠੰਢ ਨਹੀਂ ਬਰਦਾਸ਼ਤ ਨਹੀਂ ਕਰ ਸਕਦੇ। ਕਰੜੀ ਮਿਹਨਤ ਨਹੀਂ ਕਰ ਸਕਦੇ। ਜਿਹੜੇ ਜੰਮਦੇ ਈ ਸੋਨੇ ਦਾ ਚਮਚਾ ਲੈ ਕੇ ਜੰਮੇ ਹੋਣ, ਉਨ੍ਹਾਂ ਕੀ ਜਫਰ ਜਾਲਣੇ ਹਨ।

ਹੁਣ ਤੇ ਛਿੰਝ ਦਾ ਢੋਲ ਵਜ ਗਿਆ ਏ। ਹੁਣ ਤੇ ਉਹੋ ਮਾਲੀ ਖੜ੍ਹੂ ਜਿਹੜਾ ਨਿਤਰੂਗਾ, ਜਿੰਨਾ ਲੰਗੋਟਾ ਨਹੀਂ ਬੰਨ੍ਹਣਾ ਉਸ ਮਾਲੀ ਕੀ ਖੜਨੀ ਏ। ਗੁਰੂ ਅੰਗਦ ਦੇਵ ਸੋਚਦੇ ਸੋਚਦੇ ਆਪਣੇ ਘਰ ਵਲ ਚਲੇ ਗਏ।

□□

੧੦

ਵਿਹੜੇ ਵਿਚ ਬੈਠਦਿਆਂ ਗੁਰੂ ਅੰਗਦ ਦੇਵ ਨੇ ਆਪਣੇ ਪੁੱਤਰਾਂ ਨੂੰ ਵਾਜ ਮਾਰੀ ਤੇ ਆਪਣੇ ਕੋਲ ਸਦਿਆ। ਅ ਖਣ ਲਗੇ, ਪੁੱਤ ਜੀ, ਗੁਰੂ ਘਰ ਤੇ ਆਣ ਕੇ ਇਕ ਬਿਪਤਾ ਪਈ ਏ। ਤੁਸੀਂ ਗੁਰੂ ਘਰ ਦੇ ਰਾਖੇ ਹੋ, ਗੁਰੂ ਘਰ ਦੀ ਜ਼ਿੰਮੇਵਾਰੀ ਮਹਾਰਾਜ ਨੇ ਤੁਹਾਨੂੰ ਸੌਂਪੀ ਹੋਈ ਏ, ਏਸ ਲਈ ਗੁਰੂ ਘਰ ਦੀ ਮਰਿਆਦਾ ਨੂੰ ਕਾਇਮ ਰਖਣਾ ਤੁਹਾਡਾ ਫ਼ਰਜ਼ ਏ। ਗੁਰੂ ਘਰ ਨੇ ਬਚਨ ਦਿੱਤਾ ਏ ਗੋਂਦੇ ਨੂੰ ਤੇ ਬਚਨ ਪਾਲਣਾ ਗੁਰੂ ਘਰ ਦਾ ਫ਼ਰਜ਼ ਏ। ਰਘੂ ਕੁਲ ਰੀਤ ਸਦਾ ਚਲੀ ਆਈ, ਪਰਾਨ ਜਾਏਂ ਪਰ ਬਚਨ ਨਾ ਜਾਈਂ।

—ਅਗੋਂ ਦਾਤੂ ਪੁੱਤ ਬੋਲਿਆ, ਹੁਕਮ ਪਿਤਾ ਜੀ ਅਸੀਂ ਹੱਥ ਬੰਨ੍ਹੀਂ ਹਾਜ਼ਰ ਹਾਂ।

ਪੁੱਤ ਗੋਂਦੇ ਨੂੰ ਅਸਾਂ ਬਚਨ ਦਿੱਤਾ ਏ ਕਿ ਤੇਰਾ ਪਿੰਡ ਅਸੀਂ ਬੰਨ੍ਹਾਂਗੇ।

—ਉਥੇ ਪਿੰਡ ਬਝਣ ਦੇ ਸਾਨੂੰ ਕੋਈ ਆਸਾਰ ਨਜ਼ਰ ਨਹੀਂ ਆਉਂਦੇ। ਰੋਜ਼ ਫੌਜਾਂ ਆਉਂਦੀਆਂ ਹਨ ਤੇ ਲੁੱਟ ਪੁੱਟ ਕੇ ਲੈ ਜਾਂਦੀਆਂ ਹਨ ਪਿੰਡ ਨੂੰ। ਉਨ੍ਹਾਂ ਨੂੰ ਮੋੜਨਾ, ਉਨ੍ਹਾਂ ਨਾਲ ਅੱਖਾਂ ਕੱਢਣੀਆਂ, ਉਨ੍ਹਾਂ ਨੂੰ ਘੂਰਨਾ, ਇਕ ਹਕੂਮਤ ਨਾਲ ਸਿੱਧੀ ਬਗ਼ਾਵਤ ਏ। ਉਹ ਹਜ਼ਾਰਾਂ ਸੈਂਕੜਿਆਂ ਵਿਚ ਹੁੰਦੇ ਹਨ। ਸਾਡੀ ਦੋਂਹ-ਚਹੁੰ ਬੰਦਿਆਂ ਦੀ ਉਥੇ ਕੀ ਵਟਕ ਏ, ਅਸੀਂ ਆਟੇ ਵਿਚ ਲੂਣ ਹਾਂ, ਉਹ ਦਿਓਆਂ ਵਾਂਗੂ ਫਿੱਟੇ ਤੇ ਅਸੀਂ ਚਿੜੀ ਜਿਹੇ ਬੰਦੇ। ਉਹ ਹਰਾਮ ਦੀਆਂ ਖਾਹ ਕੇ ਫਿੱਟੇ ਸੂਰ, ਅਸੀਂ ਕਿਰਤ ਕਰਕੇ ਖਾਣ ਵਾਲੇ ਮਨੁੱਖ। ਸਾਡਾ ਤੇ ਉਹਨਾਂ ਦਾ ਕੀ ਮੁਕਾਬਲਾ। ਸਾਨੂੰ ਦੂਜਿਆਂ ਦੀ ਅੱਗ ਵਿਚ ਛਾਲ ਮਾਰਨ ਦੀ ਕੀ ਲੋੜ ਏ, ਪਿੰਡ ਓਸ ਵਸਾਉਣਾ ਏ। ਨਾਂ ਉਹਦਾ ਹੋਣਾ ਏ, ਸ਼ੋਭਾ ਉਹਦੀ ਵਧਣੀ ਏ। ਸਾਨੂੰ ਕੀ, ਅਸਾਂ ਕਿਹੜੇ ਦਾਣੇ ਲੈਣੇ ਹਨ। ਸਾਨੂੰ ਕੀ ਲਾਭ ? ਸਾਡਾ ਆਪਣਾ ਪਿੰਡ ਹੀਰੇ ਵਰਗਾ ਏ। ਅਸੀਂ ਮਿਹਣ ਪਾਉਣੀ ਏ ਹੋਰ ਪਿੰਡ ਬੰਨ੍ਹ ਕੇ। ਸਾਡੇ ਜੋਗਾ ਏਨਾ ਈ ਪਿੰਡ ਕਾਫ਼ੀ ਏ। ਸਾਡਾ ਕਿਹੜਾ ਏਨਾ ਟੱਬਰ ਏ।

—ਸਾਡਾ ਤੇ ਟੱਬਰ ਆਪਣਾ ਥੋੜ੍ਹਾ ਏ, ਪਰ ਗੁਰੂ ਘਰ ਦਾ ਟੱਬਰ ਤਾਂ ਵੱਡਾ ਏ। ਏਸ ਦਿਨ-ਬ-ਦਿਨ ਫਲਣਾ ਫੁੱਲਣਾ ਏ। ਇਹਦਾ ਵਿਕਾਸ ਦਿਨ-ਬ ਦਿਨ ਵਧੇਗਾ। ਏਸ ਕਿਥੇ ਵਸਣਾ ਏ। ਗੁਰੂ ਦੇ ਸਿੱਖਾਂ ਲਈ ਹੁਣ ਤੋਂ ਨੀਹਾਂ ਬੰਨ੍ਹਣੀਆਂ ਪੈਣਗੀਆਂ।

ਗੋਵਿੰਦੇ ਨੇ ਕਿਹਤਾ ਸਿਰ ਤੇ ਚੁੱਕ ਕੇ ਲੈ ਜਾਣਾ ਏ ਪਿੰਡ ? ਇਹ ਲੋਕਾਂ ਵਾਸਤੇ ਏ। ਜਿਨ ਸੇਵਾ ਕੀਤੀ, ਸੇਵਾ ਕਰਨੀ ਬੰਦੇ ਕੋਲੋਂ ਡਰਨਾ ਗੁਰੂ ਘਰ ਦਾ ਹਿਰਦਾ ਚੋੜਾ ਏ। ਅਸਾਂ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਨੀ ਏ। ਕਿਸੇ ਬੰਦੇ ਕੋਲੋਂ ਡਰਨਾ ਗੁਰੂ ਘਰ ਦੀ ਸ਼ਾਨ ਦੇ ਖਿਲਾਫ ਏ, ਅਸਾਂ ਤੇ ਲੋਕਾਂ ਦੇ ਦਿਲਾਂ 'ਚੋਂ ਭੈ ਕੱਢਣਾ ਏ। ਜੇ ਸਾਡੇ ਈ ਪੁੱਤ ਡਰਨ ਲੱਗ ਪਏ ਤਾਂ ਫੇਰ ਪੂਰੀਆਂ ਪੈ ਗਈਆਂ। ਅਸਾਂ ਤੇ ਰਾਹ ਦੱਸਣਾ ਏ, ਆਪਣੇ ਆਪ ਨੂੰ ਭੱਠੀ 'ਚ ਪਾ ਕੇ। ਸੋਨੇ ਦਾ ਰੰਗ ਤਾਂਹੀਏਂ ਨਿਖਰਦਾ ਏ, ਜੇ ਸੋਨਾ ਭੱਠੀ ਦਾ ਸੇਕ ਸਹੇ। ਸੋਨੇ ਨੂੰ ਕੁੰਦਨ ਬਣਨ ਵਿਚ ਬੜੇ ਜਫਰ ਜਾਲਣੇ ਪੈਂਦੇ ਹਨ। ਪੁੱਤ ਜਾਓ, ਪਿੰਡ ਵਸਾਓ ਤੇ ਨਾਮਣਾ ਖੱਟੋ, ਫ਼ਰਮਾਇਆ ਗੁਰਾਂ ਨੇ।

—ਪਿਤਾ ਜੀ ਉਥੇ ਤੇ ਭੂਤਨਿਆਂ ਦੇ ਡੇਰੇ ਹਨ, ਜਿਨ੍ਹਾਂ ਦਾ ਧਮੱਚੜਾ ਪੈਂਦਾ, ਲੋਕਾਂ ਨੇ ਆਪ ਅੱਖੀ ਵੇਖਿਆ ਏ, ਪਰੇਤ ਮਹਿਫਲਾਂ ਸਜਾ ਕੇ ਬੈਠੇ ਹੋਏ ਹਨ। ਜਾਣ ਬੁਝ ਕੇ ਖੂਹ ਵਿਚ ਛਾਲ ਮਾਰਨੀ ਕਿਥੋਂ ਦੀ ਅਕਲਮੰਦੀ ਏ। ਦਾਤੂ ਦੇ ਬੋਲ ਸਨ।

—ਹਾਂ ਪਿਤਾ ਜੀ ਪੁੱਠਿਆਂ ਪੈਰਾਂ ਵਾਲੀਆਂ ਡੈਣਾਂ, ਪੁੱਠਿਆਂ ਵਾਲਾਂ ਵਾਲੀਆਂ ਥਾਂ-ਥਾਂ ਤੇ ਚਰਖੇ ਡਾਹ ਕੇ ਚਰਖੇ ਕਤ ਰਹੀਆਂ ਹਨ। ਇਹ ਤੇ ਪੂਰੇ ਬੰਦੇ ਨੂੰ ਨਿਗਲ ਜਾਂਦੀਆਂ ਹਨ ਤੇ ਡਕਾਰ ਵੀ ਨਹੀਂ ਮਾਰਦੀਆਂ। ਭਲੇ ਲੋਕ, ਜਿਹੜੇ ਦਿਓਆਂ ਦੇ ਦੇਸ਼ ਵਿਚੋਂ ਕੱਢੇ ਜਾਂਦੇ ਹਨ ਉਹ ਫੇਰ ਆਪਣੀ ਇਕ ਨਵੀਂ ਦੁਨੀਆਂ ਵਸਾ ਲੈਂਦੇ ਹਨ। ਸਾਡੀ ਦੁਨੀਆਂ ਵੱਖਰੀ ਏ, ਸਾਡਾ ਤੇ ਉਨ੍ਹਾਂ ਦਾ ਕੀ ਮੇਲ ਏ, ਸਾਨੂੰ ਜਿਨਾ ਰੱਬ ਨੇ ਦਿੱਤਾ ਏ, ਸਾਨੂੰ ਓਸੇ ਤੇ ਸ਼ੁਕਰ ਕਰਨਾ ਚਾਹੀਦਾ ਏ, ਐਵੇਂ ਬਹੁਤੀਆਂ ਲੱਤਾਂ ਨਹੀਂ ਖਿਲਾਰੀਦੀਆਂ ਪਿਤਾ ਜੀ ! ਤੁਸੀਂ ਤਾਂ ਐਵੇਂ ਹਾਂ ਵਿਚ ਹਾਂ ਕਰ ਦੇਂਦੇ ਹੋ, ਐਹੇ ਗੈਰੇ ਨਾਲ।

—ਪੁੱਤ ਹਾਂ ਜੂ ਕਰ ਦਿੱਤੀ ਏ, ਤਾਂ ਪਿਛੇ ਹਟਣਾ ਕੋਈ ਮਰਦਾਨਗੀ ਏ। ਗੁਰੂ ਘਰ ਦਾ ਆਸ਼ਾ ਲੋਕਾਂ ਦੀ ਸੇਵਾ ਕਰਨੀ ਏ, ਲੋਕਾਂ ਦੇ ਕੰਮ ਆਉਣਾ, ਗੁਰੂ ਘਰ ਦੀ ਸੇਵਾ ਕਰਨੀ ਸਾਨੂੰ ਏਸੇ ਲਈ ਮਿਲੀ ਏ ਕਿ ਅਸੀਂ ਲੋਕਾਂ ਦੇ ਕੰਮ ਆਈਏ। ਪੁੱਤ ਤੁਸੀਂ ਹਿੰਮਤ ਕਰੋ, ਗੁਰੂ ਫਤਿਹ ਦੇਵੇਗਾ। ਏਸ ਕੰਮ ਦੀਆਂ ਅਜੇ ਨੀਂਹਾਂ ਪੁੱਟੀਆਂ ਜਾ ਰਹੀਆਂ ਹਨ, ਤੁਸਾਂ ਨੇ ਨੀਂਹਾਂ ਭਰਨੀਆਂ ਹਨ। ਜਿਥੋਂ ਤਕ ਹੋ ਸਕੇ, ਇਹ ਨੀਂਹਾਂ ਉੱਚੀਆਂ ਕਰੋ ਆਪਣੇ ਬਾਜ਼ੂਆਂ ਦੇ ਜ਼ੋਰਾਂ ਨਾਲ, ਇਹੋ ਤੁਹਾਡਾ ਉਦੇਸ਼ ਏ। ਪੁੱਤ ਕਾਹਦੇ ਲਈ ਹੁੰਦੇ ਹਨ। ਬਾਦਸ਼ਾਹ ਆਪਣੀ ਬਾਦਸ਼ਾਹੀ ਆਪ ਬਣਾਉਂਦੇ ਹਨ। ਪਿਓ ਦੀਆਂ ਬਖਸ਼ੀਆਂ ਸਦਾ ਨਾਲ ਨਹੀਂ ਨਿਭਦੀਆਂ। ਹਿੰਮਤੇ ਮਰਦਾਂ, ਬਰਕਤੇ ਖ਼ੁਦਾ। ਇਨ੍ਹਾਂ ਮਲੇਛਾਂ ਤੋਂ ਗੁਰੂ ਘਰ ਨੇ ਕਦੇ ਨਹੀਂ ਡਰਨਾ, ਬੋਲ ਸਤਿਗੁਰ ਦੇ ਸਨ।

—ਦਾਤੂ ਨੇ ਅੱਗੋਂ ਜਵਾਬ ਦਿੱਤਾ, ਪਿਤਾ ਜੀ ਇਹ ਤੇ ਐਵੇਂ ਜ਼ਿਦ ਏ, ਤੁਸੀਂ ਤੇ ਐਵੇਂ ਛਾਪਿਆਂ ਤੋਂ ਧੂਹਣ ਵਾਲੀ ਗੱਲ ਕਰ ਰਹੇ ਹੋ, ਹੋਰ ਪੰਜਾਹ ਬੰਦੇ ਹਨ, ਕਿਸੇ ਇਕ ਨੂੰ ਭੇਜ ਦਿਓ। ਜਿਨ ਜਾਣਾ ਏ, ਉਨੇ ਕਿਹੜਾ ਉਥੇ ਦੋ ਚਾਰ ਦਿਨ ਬਹਿ ਰਹਿਣਾ ਏ, ਅੱਜ ਨਹੀਂ ਤੇ ਕੱਲ੍ਹ ਨੱਸ ਆਊ। ਜਿੰਨ, ਭੂਤ ਤੇ ਦਿਓ ਆਪਣੇ ਘਰਾਂ ਵਿਚ ਆਦਮ ਜ਼ਾਤ ਨੂੰ ਨਹੀਂ ਰਹਿਣ ਦੇਂਦੇ। ਸਿਆਣੇ ਨੇ ਐਵੇਂ ਕਾਢਾਂ ਨਹੀਂ ਕੱਢੀਆਂ ਹੋਈਆਂ।

—ਪੁੱਤ ਇਹ ਕੁਝ ਨਹੀਂ, ਕੋਈ ਸ਼ੈ ਨਹੀਂ, ਜਿੰਨ, ਭੂਤ, ਦਿਓ, ਇਹ ਤੇ ਐਵੇਂ ਵਹਿਮ ਹਨ, ਮਨ ਦਾ ਖਿਆਲ ਹਨ। ਤੁਸੀਂ ਜਾਓ, ਡਰਨ ਦੀ ਕੋਈ ਲੋੜ ਨਹੀਂ,

ਉਥੇ ਕੋਈ ਜਿੰਨ ਨਹੀਂ, ਕੋਈ ਭੂਤ ਨਹੀਂ, ਤੁਹਾਨੂੰ ਐਵੇਂ ਸੁੱਕੀ ਚਦਰ ਮਿਲ ਜਾਣੀ ਏ ਤੇ ਸਿੱਖ ਜਗਤ ਵਿਚ ਤੁਹਾਡੀ ਜੈ ਜੈ ਕਾਰ ਹੋ ਜਾਣੀ ਏ। ਗੁਰੂ ਦੀ ਬਾਣੀ ਅੱਗੇ ਕੋਈ ਪਰੇਤ ਨਹੀਂ ਠਹਿਰ ਸਕਦਾ। ਉਥੇ ਤੇ ਲੁਟੇਰਿਆਂ ਦਾ ਕੋਈ ਗਰੋਹ ਪੈਂਦਾ ਏ, ਬੱਸ ਹੋਰ ਕੁਝ ਨਹੀਂ। ਜਦ ਤੁਹਾਡੀਆਂ ਡਾਂਗਾਂ ਵੇਖਣਗੇ ਗੋਰੇ ਚਿੱਟੇ ਮੁੱਖੜੇ, ਉਨ੍ਹਾਂ ਦੀ ਨਜ਼ਰੀਂ ਪੈਣਗੇ ਤੇ ਜਦੋਂ ਤੁਸਾਂ ਗੁਰੂ-ਘਰ ਦਾ ਨਾਂ ਦੱਸਿਆ ਤਾਂ ਉਨ੍ਹਾਂ ਡਰਦਿਆਂ ਪੰਜਾਹ ਪੰਜਾਹ ਕੋਹ ਪਿੱਛੇ ਹਟ ਜਾਣਗੇ। ਲੋਕ ਜਾਣਦੇ ਹਨ ਬਾਬਾ ਨਾਨਕ ਨੂੰ। ਜਾਓ ਮੇਰੇ ਬੀਬੇ ਪੁੱਤ ਜੀ, ਤੁਹਾਡੀਆਂ ਗੁਰੂ ਕਲਗੀਆਂ ਉੱਚੀਆਂ ਕਰੇ।

—ਮਾਤਾ ਜੀ ਤੁਸੀਂ ਸਮਝਾਓ ਪਿਤਾ ਜੀ ਨੂੰ। ਇਹ ਤੇ ਐਵੇਂ ਕਿਸੇ ਗੱਲ ਵਿਚ ਖਹਿੜੇ ਪੈ ਜਾਂਦੇ ਹਨ। ਮਾਤਾ ਜੀ ਤੁਸੀਂ ਆਖੋ ਤਾਂ ਅਸੀਂ ਮੱਚਦੇ ਭਾਂਬੜ ਵਿਚ ਛਾਲ ਮਾਰ ਕੇ ਜਾਨ ਦੇ ਦਈਏ। ਦਾਤੂ ਨੇ ਆਖਿਆ।

—ਪਿਤਾ ਨੂੰ ਤੁਸੀਂ ਦੁਪਿਆਰੇ ਨਹੀਂ ਹੋ। ਤੁਸੀਂ ਪਿਤਾ ਦੀਆਂ ਅੱਖਾਂ ਦੇ ਤਾਰੇ ਹੋ। ਤੁਹਾਨੂੰ ਵੇਖਿਆਂ ਤੋਂ ਬਿਨਾਂ ਪਿਤਾ ਦੇ ਕਲੇਜੇ ਠੰਢ ਨਹੀਂ ਪੈਂਦੀ। ਤੁਹਾਡਾ ਤੇ ਨਾਂ ਲੈ ਲੈ ਕੇ ਜੀਉਂਦਾ ਏ ਤੁਹਾਡਾ ਪਿਤਾ। ਪੁੱਤ ਈ ਤੇ ਘਰ ਦੀਆਂ ਨੀਂਹਾਂ ਹਨ, ਮੁਹਿਆਦਾਂ ਹਨ। ਤੁਹਾਡੇ ਤੋਂ ਤੇ ਸਾਡੀ ਕੁਲ ਚਲਣੀ ਏ, ਅਸੀਂ ਤੁਹਾਨੂੰ ਮੌਤ ਦੇ ਮੂੰਹ ਵਿਚ ਕਿੱਦਾਂ ਭੇਜ ਸਕਦੇ ਹਾਂ। ਤੁਹਾਡਾ ਪਿਤਾ ਜਾਣੀ ਜਾਣ ਏ। ਤੁਸੀਂ ਪਿਤਾ ਦੇ ਹੁਕਮ ਤੇ ਫੁੱਲ ਚੜ੍ਹਾਓ, ਮਾਤਾ ਖੀਵੀ ਆਖਣ ਲੱਗੀ।

—ਮਾਤਾ ਜੀ ਤੁਸੀਂ ਵੀ ਪਿਤਾ ਦੇ ਹੁਕਮ ਵਿਚ ਹਾਂ ਵਿਚ ਮਿਲਾ ਦਿੱਤੀ ਏ। ਤੁਸੀਂ ਤੇ ਝੱਟ ਈ ਘਿਓ ਖਿਚੜੀ ਹੋ ਜਾਂਦੇ ਓ, ਤੁਸਾਂ ਇਕ ਵਾਰ ਨਹੀਂ ਸੋਚਿਆ। ਜਿੱਥੇ ਮੌਤ ਦਾ ਮੇਲਾ ਲੱਗਾ ਹੋਵੇ, ਕੌਣ ਮਾਂ ਏ, ਜਿਹੜੀ ਆਪਣੇ ਪੁੱਤ ਨੂੰ ਭੇਜਦੀ ਏ। ਕੌਣ ਏ ਜਿਹੜਾ ਵੇਖ ਕੇ ਮੱਖੀ ਖਾ ਲਵੇ।

—ਤੁਸੀਂ ਗਲਤ ਹੋ, ਤੁਹਾਡਾ ਕੰਮ ਏ, ਹੁਕਮ ਮੰਨਣਾ। ਤੇ ਵਿਚਾਰ ਕਰਨੀ ਮਾਂ ਪਿਓ ਦਾ ਕੰਮ ਏ, ਆਖਣ ਲੱਗੀ ਮਾਤਾ ਖੀਵੀ।

—ਨਹੀਂ ਨਹੀਂ, ਮਾਤਾ ਜੀ ਅਸੀਂ ਨਹੀਂ ਜਾਣਾ, ਅਸੀਂ ਆਪਣੀ ਜਾਨ ਨਹੀਂ ਦੇਣੀ। ਅਜੇ ਜਵਾਨੀ ਚੜ੍ਹੀ ਏ, ਚਾਰ ਦਿਨ ਹੰਢਾ ਤੇ ਲੈਣ ਦਿਓ। ਜ਼ਿੰਦਗੀ ਹੈ ਕੀ ਏ, ਚਾਰ ਦਿਨ ਦੀ ਖੇਡ, ਹੋਰ ਕਿਸੇ ਨੂੰ ਭੇਜ ਦਿਓ, ਇਹ ਪੱਗ ਹੋਰ ਕੋਈ ਬੰਨ੍ਹ ਲਵੇ, ਅਸੀਂ ਬਾਜ਼ ਆਏ ਇਸ ਨੰਬਰਦਾਰੀ ਤੋਂ, ਦਾਤੂ ਨੇ ਠੋਕ ਕੇ ਜਵਾਬ ਦੇ ਦਿੱਤਾ।

—ਵੇਖ ਲਿਆ ਈ ਆਪਣੇ ਪੁੱਤਾਂ ਦਾ ਕਮਾਲ। ਇਹ ਪੁੱਤ ਮੇਰੇ ਪਿਛੋਂ ਮੇਰੇ ਨਾਂ ਨੂੰ ਚਾਰ ਚੰਨ ਲਾਉਣਗੇ, ਕੁਲ ਦਾ ਨਾਂ ਰੋਸ਼ਨ ਕਰਨਗੇ। ਇਹ ਝੂਠੀ ਦੁਨੀਆਂ ਦੇ ਬੰਦੇ ਹਨ। ਇਹ ਨਾਲਾਇਕ, ਝੂਠੀ ਮਾਇਆ ਦੀਆਂ ਪੰਡਾਂ ਬੰਨ੍ਹ ਰਹੇ ਨੇ ਸਿਰ ਤੇ ਚੁੱਕ ਕੇ ਨਾਲ ਲੈ ਜਾਣਗੇ। ਖ਼ਾਲੀ ਮੁੱਠੀਆਂ ਜਾਣੀਆਂ ਨੇ ਪੁੱਤ ਜੀ। ਜਾਣ ਲੱਗਿਆਂ, ਪ੍ਰਭੂ ਦਾ ਨਾਂ ਈ ਨਾਲ ਜਾਣਾ ਏ, ਇਹ ਪੰਡ ਚੁੱਕੋ ਜੇ ਚੁੱਕ ਸਕਦੇ ਓ, ਇਹ ਮੰਜ਼ਿਲ ਬੜੀ ਔਖੀ ਏ। ਇਹ ਬੜੀ ਕਠਿਨ ਡਗੱਰੀਆ ਏ। ਇਹਦੇ ਤੇ ਕੋਈ ਵਿਰਲਾ ਈ ਤੁਰਦਾ ਏ। ਆਪਣੇ ਲਈ ਤੇ ਲੋਕ ਸੱਪਾਂ ਦੀਆਂ ਸਿਰੀਆਂ ਮਰੋੜਦੇ ਹਨ। ਮਜ਼ਾ ਤੇ ਤਾਂ ਏ, ਜੇ ਕਿਸੇ ਲਈ ਕੋਈ ਸੱਪ ਦੀ ਰੁੱਡ ਵਿਚ ਹੱਥ ਪਾਵੇ। ਜਾਓ, ਬੁੱਲ੍ਹੇ ਲੁੱਟੋ, ਜਵਾਨੀਆਂ ਮਾਣੋ, ਰੱਬ

ਤੁਹਾਨੂੰ ਦਿਨ ਦੁਗਣੀ, ਰਾਤ ਚੌਗੁਣੀ ਤਰੱਕੀ ਦੇਵੇ। ਗੁਰੂ ਨਿਰਾਸ਼ ਹੋ ਗਏ, ਆਪਣੀ ਔਲਾਦ ਤੋਂ।

ਗੁਰੂ ਦੇ ਵੀ ਕਦੇ ਕੰਮ ਰੁਕੇ ਹਨ। ਇਕ ਨਹੀਂ ਦੂਜਾ, ਦੂਜਾ ਨਹੀਂ ਤੀਜਾ। ਤੀਜੇ ਦੀ ਤੇ ਲੋੜ ਈ ਨਹੀਂ ਪੈਣੀ। ਜਿਨ੍ਹੂੰ ਅਸਾਂ ਪਹਿਲਾ ਇਸ਼ਾਰਾ ਦਿੱਤਾ, ਉਹੋ ਈ ਨਿੱਤਰੇਗਾ ਮੈਦਾਨ 'ਚ। ਤੁਸੀਂ ਦਿਲ ਹੌਲਾ ਨਾ ਕਰੋ। ਤੁਹਾਡੇ ਹੁਕਮ ਤੇ ਸਾਰੇ ਪੰਜਾਬ ਨੇ ਸਿਰ ਝੁਕਾਉਣਾ ਏ, ਤੁਸੀਂ ਸਰਬ ਸ਼ਕਤੀਮਾਨ ਹੋ, ਮਾਤਾ ਖੀਵੀ ਅਰਜ਼ ਕਰ ਰਹੀ ਸੀ।

ਨਿਰਾਸ਼, ਉਦਾਸ, ਗੁਰੂ ਆਪਣੇ ਵਿਹੜੇ ਵਿਚੋਂ ਨਿਕਲਿਆ, ਦੀਵਾਨ ਵਿਚ ਆਇਆ, ਦਾਤੂ ਆਖ ਰਿਹਾ ਸੀ—

ਐਸੇ ਬਾਠ ਪਠਾਵਨ ਲਾਗੇ, ਜਹਿ ਕੇ ਬਸਹਿ ਨ ਸਭਿਹੂ ਤਯਾਗੇ॥

ਅੱਗੋਂ ਸਭ ਤੋਂ ਪਹਿਲਾਂ ਗੁਇੰਦਾ ਹੱਥ ਜੋੜੀ ਮਿਲਿਆ। ਉਸ ਡੰਡੌਤ ਬੰਦਨਾ ਕੀਤੀ। ਸਾਲ ਦਾ ਇਹ ਆਖਰੀ ਮਹੀਨਾ ਸੀ। ਸੰਗਤਾਂ ਵਿਚ ਬੜਾ ਉਤਸ਼ਾਹ ਸੀ। ਅੱਜ ਵੇਖੋ ਕਿਨ੍ਹੂੰ ਕਿਨ੍ਹੂੰ ਸਿਰੋਪਾ ਮਿਲਦੇ ਹਨ। ਮਹਾਰਾਜ ਆਪਣੇ ਆਸਣ ਤੇ ਆਣ ਬੈਠੇ।

—ਭਾਈ ਅਮਰ ਦਾਸ ਨੁੱਕਰੇ ਬੈਠਾ ਹੋਇਆ ਸੀ। ਘਰੋਂ ਅੱਠ ਸਿਰੋਪੇ ਸਿਰ ਤੇ ਬੰਨ੍ਹ ਕੇ ਲਿਆਇਆ ਸੀ। ਅੱਜ ਬਰਕਤਾਂ ਦੇ ਭੰਡਾਰ ਖੁੱਲ੍ਹਣਗੇ, ਮਿਹਰਾਂ ਹੋਣਗੀਆਂ। ਲੋਕ ਮਹੀਨਾ ਸੁਣਨ ਲਈ ਉਤਾਵਲੇ ਸਨ। ਫ਼ਰਮਾਇਆ ਗੁਰਾਂ-ਸੁਣਾ ਭਈ ਮਹੀਨਾ ਤੇ ਪਵਿੱਤਰ ਕਰ ਸਾਰੀ ਸੰਗਤ ਤੇ ਵਾਯੂਮੰਡਲ ਖਡੂਰ ਦਾ। ਪੰਜਾਬ ਵਿਚ ਇਥੋਂ ਈ ਹਵਾ ਨੇ ਜਾਣਾ ਏ—

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥
ਦੀਪਕ ਸਹਜਿ ਬਲੈ ਤਤਿ ਜਲਾਇਆ॥
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥
ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥

—ਜਦ ਸੰਗਤ ਦੀਆਂ ਝੋਲੀਆਂ ਖ਼ੁਸ਼ੀਆਂ ਨਾਲ ਭਰ ਗਈਆਂ। ਸੰਗਤ ਵਿਚੋਂ ਉਨ੍ਹਾਂ ਸਾਰਿਆਂ ਨੂੰ ਸਿਰੋਪਾ ਬਖਸ਼ੇ ਗਏ, ਜਿਨ੍ਹਾਂ ਵੱਲ ਨਜ਼ਰਾਂ ਸਵੱਲੀਆਂ ਹੋਈਆਂ ਸਨ ਗੁਰਾਂ ਦੀਆਂ। ਆਖ਼ਰ ਵਿਚ ਭਾਈ ਅਮਰ ਦਾਸ ਨੂੰ ਵਾਜ ਪਈ।

—ਭਾਈ ਅਮਰ ਦਾਸ।

—ਭਾਈ ਜੀ ਉੱਠੇ ਤੇ ਆਣ ਸਿਰ ਨਿਵਾਇਆ।

—ਤੁਸੀਂ ਪਰੇ ਪਰੇ ਹੋ ਕੇ ਕਿਉਂ ਬਹਿੰਦੇ ਓ।

—ਨਹੀਂ ਹਜ਼ੂਰ ਮੈਂ ਤੇ ਤੁਹਾਡੇ ਚਰਨਾਂ ਵਿਚ ਬੈਠਾ ਆਂ।

—ਹਜ਼ੂਰ ਨੇ ਆਪਣੇ ਕੋਲ ਬਿਠਾਇਆ ਤੇ ਨਵਾਂ ਸਿਰੋਪਾ ਬਖ਼ਸ਼ਸ਼ ਕੀਤਾ ਤੇ ਮੇਰੇ ਗੁਰੂ ਨੇ ਉਹ ਸਰੋਪਾ ਵੀ ਆਪਣੇ ਸਿਰ ਤੇ ਬੰਨ੍ਹ ਲਿਆ।

—ਫ਼ਰਮਾਇਆ ਗੁਰਾਂ ਨੇ ਲੈ ਭਾਈ, ਜਾਹ ਤੂੰ ਗੁਇੰਦੇ ਦੇ ਨਾਲ ਤੇ ਪਿੰਡ ਬੰਨ੍ਹ ਜਾ ਕੇ ਤੇ ਕੱਢ ਉਥੇ ਬੈਠੇ ਭੂਤ-ਪ੍ਰੇਤ।

—ਬਾਣੀ ਪੜ੍ਹ ਕਿਸੇ ਨੇ ਦਮ ਵੀ ਨਹੀਂ ਮਾਰਨਾ ਤੇਰੇ ਅੱਗੇ ।

—ਸਤ-ਬਚਨ ।

—ਲੈ ਫੇਰ ਤਿਆਰ ਹੋ ਜਾਹ । ਵੇਖੀਂ ਪੂਰਬ ਵਲੋਂ ਖੁਦਾਈ ਸ਼ੁਰੂ ਕਰਨੀ ਏ । ਪਹਿਲਾਂ ਗੁਰੂ ਦਾ ਨਾਂ ਲੈ ਕੇ ਗੁਰੂ ਦਾ ਘਰ ਬਣਾਈਂ ਤੇ ਫੇਰ ਦੂਜਿਆਂ ਲੋਕਾਂ ਨੂੰ ਸੱਦਾ ਦੇਵੀਂ । ਪਿੰਡ ਵੱਸੇਗਾ, ਰੌਣਕਾਂ ਹੋਣਗੀਆਂ । ਸਾਰਾ ਪੰਜਾਬ ਆਪਣੇ ਪਿੰਡ ਵਲ ਵੇਖੇਗਾ । ਮੂੰਹ ਚੁੱਕ ਚੁੱਕ ਕੇ । ਇਥੋਂ ਆਪਣੀ ਸਾਰੀ ਕੌਮ ਦੀ ਉਸਾਰੀ ਹੋਵੇਗੀ, ਜਾਓ, ਗੁਰੂ ਦਾ ਨਾਂ ਲੈ ਕੇ, ਹੱਥੋਂ ਛੜੀ ਦਿੱਤੀ ।

ਚੁੰਮ ਕੇ ਮੇਰੇ ਗੁਰੂ ਨੇ ਮੱਥੇ ਤੇ ਲਾ ਲਈ । ਸਾਰੇ ਦੀਵਾਨ ਵਿਚ ਜੈ ਜੈ ਕਾਰ ਹੋ ਗਈ ਮੇਰੇ ਗੁਰੂ ਦੀ । ਆਖਦੇ ਹਨ, ਓਸੇ ਵੇਲੇ ਮੇਰਾ ਗੁਰੂ ਨਾਲ ਤੁਰ ਪਿਆ ਗੁਇੰਦੇ ਦੇ । ਗੁਇੰਦਾ ਸਿੱਧੇ ਪੈਰੀਂ ਜਾ ਰਿਹਾ ਸੀ ਤੇ ਮੇਰਾ ਗੁਰੂ ਪੁੱਠੇ ਪੈਰੀਂ, ਜਾਂਦਿਆਂ ਲੋਕਾਂ ਵੇਖਿਆ ।

—ਹੁਣ ਕੌਣ ਇਸ਼ਨਾਨ ਕਰਵਾਊ ਗੁਰੂ ਨੂੰ, ਏਸ ਤਰ੍ਹਾਂ ਇਕ ਵੇਰਾਂ ਸੋਚਿਆ ਤੇ ਫੇਰ ਗੁਰੂ ਨੇ ਆਪਣਾ ਰੋਜ਼ ਦਾ ਨਿੱਤ ਨੇਮ ਨਾ ਬਦਲਿਆ । ਗੋਇੰਦਵਾਲ ਤੋਂ ਗਾਗਰ ਭਰਦੇ ਤੇ ਦਮਦਮੇ ਆ ਕੇ ਸਾਹ ਲੈਂਦੇ, ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਕਰਵਾ ਕੇ ਆਪਣੇ ਕੰਮ ਵਿਚ ਰੁੱਝ ਜਾਂਦੇ, ਇਹ ਗੱਲ ਦੱਸੀ ਪਾਰੋ ਡੱਲੇ ਨੇ ਅੱਲਾ ਯਾਰ ਖਾਂ ਨੂੰ ।

□□

੧੧

ਨੌਵਾਂ ਸਿਰੋਪਾ ਤੇ ਸਾਲ ਦਸਵਾਂ ।

ਏਸ ਸਿਰੋਪੇ ਨਾਲ ਗੁਰੂ ਦੀ ਮਹਿਮਾ ਵਧ ਗਈ । ਸਾਰੇ ਪੰਜਾਬ ਦੀਆਂ ਅੱਖਾਂ ਭਾਈ ਅਮਰ ਦਾਸ ਤੇ ਟਿਕ ਗਈਆਂ, ਪਰ ਜਿਹੜਾ ਬੁਰਾ ਹੋਇਆ ਉਹ ਸੀ ਕਿ ਸੂਲ ਉੱਠਿਆ ਦਾਤੂ ਸਾਹਿਬਜ਼ਾਦੇ ਦੇ ਪੇਟ ਵਿਚ । ਉਹਨੂੰ ਇਕ ਅੱਖ ਨਹੀਂ ਸੀ ਭਾਉਂਦਾ ਭਾਈ ਅਮਰ ਦਾਸ । ਓਸ ਆਪਣੇ ਹਮਜੋਲੀਆਂ ਨਾਲ ਗੱਲ ਗਿਣ ਲਈ । ਏਸ ਬੁੱਢੇ ਨੇ ਸਾਡਾ ਸਾਰਾ ਘਰ ਲੁੱਟ ਲਿਆ ਏ । ਹੱਕ ਸਾਡਾ ਏ ਤੇ ਹੱਕਦਾਰ ਇਹ ਬਣ ਰਿਹਾ ਏ । ਇਹਦਾ ਕਿੱਦਾਂ ਮੱਕੂ ਠੱਪਿਆ ਜਾਣਾ ਏ, ਅੱਗੋਂ ਇਕ ਯਾਰ ਬੋਲਿਆ—ਰਾਹ ਵਿਚ ਘੇਰ ਲਓ ਤੇ ਡਾਂਗਾਂ ਮਾਰ ਮਾਰ ਕੇ ਹੱਡ ਗੋਡੇ ਤੋੜ ਦਿਓ । ਨਾ ਰਹੇ ਬਾਂਸ ਤੇ ਨਾ ਵੱਜੇ ਬੰਸਰੀ ।

—ਸਾਡੇ ਨਾਲ ਕੌਣ ਚੱਲੂ, ਤੇ ਕਿਹੜਾ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਥੇ ਖੜਾ ਰਹੂ ।

—ਅਸੀਂ ਮਰ ਗਏ ਹਾਂ । ਅਸੀਂ ਤੁਹਾਡੇ ਪਸੀਨੇ ਤੇ ਲਹੂ ਡੋਲ੍ਹਣ ਲਈ ਤਿਆਰ ਹਾਂ । ਸਾਨੂੰ ਹੁਕਮ ਦਿਓ ਤੇ ਫੇਰ ਵੇਖੋ ਯਾਰਾਂ ਦੇ ਹੱਥ ।

—ਪਿਤਾ ਜੀ ਕੀ ਆਖਣਗੇ । ਲੋਕ ਖੇਹ ਨਾ ਪਾਉਣਗੇ, ਸਾਡੇ ਸਿਰਾਂ ਵਿਚ ।

—ਲੋਕ ਲਾਜ ਦੀ ਪ੍ਰਵਾਹ ਨਹੀਂ ਕਰੀਦੀ। ਜਾਂ ਜਾਇਦਾਦ ਬਚਾ ਲਓ ਤੇ ਜਾਂ ਲੋਕ ਲਾਜ ਰੱਖ ਲਓ। ਇਕ ਚੀਜ਼ ਮੁੱਖ ਰੱਖਣੀ ਪੈਂਦੀ ਏ।

—ਸਾਡੀ ਤੇ ਜੱਦੀ ਜਾਇਦਾਦ ਏ। ਓਸ ਨੂੰ ਤੇ ਕੋਈ ਹੱਥ ਲਾ ਨਹੀਂ ਸਕਦਾ, ਅਸੀਂ ਤੇ ਗੁਰਗੱਦੀ ਬਾਰੇ ਸੋਚ ਰਹੇ ਹਾਂ।

—ਗੁਰਗੱਦੀ ਵੀ ਓਸੇ ਨੂੰ ਮਿਲਣੀ ਏ ਜਿਹੜਾ ਲਾਇਕ ਏ, ਜਿਦ੍ਹੇ ਤੇ ਗੁਰੂ ਦੀ ਨਜ਼ਰ ਸਵੱਲੀ ਏ।

—ਝਗੜਾ ਤੇ ਸਿਰਫ਼ ਏਸੇ ਗੱਲ ਦਾ ਏ।

—ਉਹ ਤੇ ਸੰਗਤ ਨੇ ਈ ਮੰਨਣਾ ਏ ਗੁਰੂ, ਪਦਵੀ ਸੰਗਤ ਨੇ ਦੇਣੀ ਏ, ਚੋਣ ਵੀ ਸੰਗਤ ਦੀ ਈ ਹੋਣੀ ਏ। ਗੁਰੂ ਦਾ ਤਾਂ ਐਵੇਂ ਇਸ਼ਾਰਾ ਈ ਹੋਣਾ ਏ।

ਫੇਰ ਡਾਂਗਾਂ ਚੁੱਕਣ ਦੀ ਕੀ ਲੋੜ ਏ।

ਜਦ ਭਾਈ ਅਮਰ ਦਾਸ ਈ ਨਾ ਰਹੇਗਾ ਤਾਂ ਫੇਰ ਗੁਰਗੱਦੀ ਤੇ ਤੁਹਾਡਾ ਦਾਅ ਲੱਗ ਸਕਦਾ ਏ।

ਤੁਹਾਥੋਂ ਬਗੈਰ ਸਾਨੂੰ ਤੇ ਹੋਰ ਕੋਈ ਬੰਦਾ ਦਿੱਸਦਾ ਨਹੀਂ। ਜਿਹੜਾ ਤੁਹਾਡੇ ਮੁਕਾਬਲੇ ਵਿਚ ਆਵੇ।

ਗੱਲ ਤੇ ਯਾਰ ਤੇਰੀ ਠੀਕ ਏ। ਚਲ ਫੇਰ ਪਿੱਛਾ ਕਰੀਏ। ਖੇਜ ਖੁਰਾ ਮੁਕਾ ਕੇ ਈ ਦਮ ਲਈਏ। ਚਲੋ ਫੇਰ ਤਿਆਰ ਹੋ ਜਾਓ ਤੇ ਮਾਰ ਲਓ ਮਾਹਰਕਾ। ਫੇਰ ਮੌਜਾਂ ਕਰਾਂਗੇ, ਗੁਲਛਰੇ ਉਡਾਵਾਂਗੇ।

—ਸਾਖੀਕਾਰ ਆਖਦੇ ਹਨ ਕਿ ਦਾਤੂ ਤੇ ਦਾਸੂ ਦੋਵੇਂ ਘੋੜੀਆਂ ਤੇ ਸਵਾਰ ਹੋਏ, ਉਨ੍ਹਾਂ ਦੇ ਨਾਲ ਉਨ੍ਹਾਂ ਦੇ ਯਾਰ ਬੇਲੀ ਸੰਗੀ ਸਾਥੀ, ਸਾਰੀ ਟੋਲੀ ਤੁਰ ਪਈ। ਪਰ ਜਦ ਉਨ੍ਹਾਂ ਦਾ ਆਪਸ ਵਿਚ ਟਾਕਰਾ ਹੋਇਆ ਤਾਂ ਕਿਸੇ ਦਾ ਹੌਸਲਾ ਨਾ ਪਿਆ, ਸਨਮੁਖ ਹੋਣ ਦਾ। ਸ਼ਰਮਿੰਦਗੀ ਦੇ ਮਾਰੇ ਪਿੱਛੇ ਮੁੜ ਪਏ। ਮਾਤਾ ਖੀਵੀ ਨੇ ਵੀ ਘੋੜੀ ਮਗਰ ਲਾਈ ਹੋਈ ਸੀ। ਪਾਣੀਓਂ ਪਤਲੇ ਹੋਏ, ਦੋਵੇਂ ਪੁੱਤ ਘਰ ਮੁੜ ਆਏ। ਇਹਦੇ ਨਾਲ ਗੁਰਾਂ ਦੀ ਮਹਿਮਾ ਘਟੀ ਨਾ, ਸਗੋਂ ਵਧੀ। ਦਾਤੂ ਤੇ ਦਾਸੂ ਨੂੰ ਕਿਸੇ ਪਾਸੋਂ ਵੀ ਢੋਈ ਨਾ ਮਿਲੀ।

ਬਿਆਸਾ ਦੇ ਕੰਢੇ ਜਾ ਡੇਰੇ ਲਾਏ, ਭਾਈ ਅਮਰ ਦਾਸ ਜੀ ਨੇ। ਮਜ਼ਦੂਰਾਂ ਤੇ ਰਾਜਾਂ ਦੀਆਂ ਵਹੀਰਾਂ ਆਣ ਜੁੜੀਆਂ।

ਮਾਤਾ ਖੀਵੀ ਨੇ ਆਪਣੇ ਪੁੱਤ ਨੂੰ ਪੁੱਛਿਆ, ਤੁਸਾਂ ਕਿਉਂ ਪਿੱਛਾ ਕੀਤਾ, ਭਾਈ ਅਮਰ ਦਾਸ ਦਾ। ਤੁਹਾਡਾ ਕੋਈ ਪੈਲੀ ਬੰਨਾ ਸਾਂਝਾ ਸੀ।

—ਤੇ ਅੱਗੋਂ ਦਾਤੂ ਜੀ ਬੋਲੇ, ਸਾਨੂੰ ਲੋਕਾਂ ਚੁੱਕਿਆ ਸੀ, ਲੋਕ ਆਖਦੇ ਹਨ ਕਿ ਹੁਣ ਤੁਸੀਂ ਦਾਸ ਅੱਗੇ ਈ ਸਿਰ ਝੁਕਾਉਣ ਜੋਗੇ ਰਹਿ ਗਏ ਓ। ਏਸ ਗੱਲ ਦੀ ਚਿੜ ਚੜ੍ਹ ਗਈ ਤੇ ਅਸਾਂ ਪਿੱਛਾ ਕੀਤਾ।

ਤੇ ਫੇਰ ਅੱਗੇ ਜਾ ਕੇ ਰਸਤਾ ਕਿਉਂ ਨਹੀਂ ਰੋਕਿਆ।

ਉਨ੍ਹਾਂ ਦੇ ਚਿਹਰੇ ਤੇ ਨੂਰ ਵੇਖ ਕੇ ਅਸਾਂ ਸਾਰਿਆਂ ਦੇ ਹੌਸਲੇ ਪਸਤ ਹੋ ਗਏ ਤੇ ਅਸਾਂ ਹਥਿਆਰ ਸੁੱਟ ਦਿੱਤੇ।

—ਹੁਣ ਕੁਝ ਸਮਝ ਆਈ ਏ, ਅੱਗੇ ਤੋਂ ਏਸ ਤਰ੍ਹਾਂ ਨਾ ਹੋਵੇ।

—ਨਹੀਂ ਮਾਤਾ ਜੀ, ਅਸੀਂ ਭੁੱਲੇ।

—ਜੋਤ ਵਿਚੋਂ ਜੋਤ ਜਗ ਰਹੀ ਏ, ਮਾਤਾ ਖੀਵੀ ਦੇ ਬੋਲ ਸਨ।

□□

੧੨

ਭਾਵੇਂ ਸਾਹਮਣੇ ਕੋਈ ਜ਼ਬਾਨ ਨਾ ਖੋਲ੍ਹੇ, ਪਰ ਇਹ ਦੁਨੀਆਂ ਕਿਸੇ ਛਾਬੇ ਪੂਰੀ ਨਹੀਂ ਹੁੰਦੀ। ਦਾੜੀ ਨੂੰ ਇਕ ਪਾਸੇ ਦੇਂਦੇ ਹਨ ਪਰ ਦੁਨੀਆ ਨੂੰ ਦੋਹੀਂ ਪਾਸੀਂ। ਇਹ ਚੁਗਲੀਆਂ ਕਰਨ ਵਾਲੇ ਚੁਗਲ ਕਿਸੇ ਤੋਂ ਵੀ ਨਹੀਂ ਡਰਦੇ। ਬਾਦਸ਼ਾਹ ਕੀ, ਉਹਦੇ ਪਿਉ ਦੇ ਪਿਉ ਦੀ ਵੀ ਗੱਲ ਕਰ ਦਿੰਦੇ ਹਨ। ਬਦਖੋਈ ਕਰਨ ਲੱਗਾ, ਚੁਗਲ ਖ਼ੋਰ, ਆਪਣੇ ਦੰਦ ਤਿੱਖੇ ਕਰ ਲੈਂਦਾ ਹੈ ਅਤੇ ਮੂੰਹ ਸਾਹਮਣੇ ਬੜੀਆਂ ਪੱਪਲੀਆਂ ਪੱਪਲੀਆਂ, ਮਿੱਠੀਆਂ ਮਿੱਠੀਆਂ ਚਾਪਲੂਸੀ ਦੀਆਂ ਗੱਲਾਂ ਕਰੇਗਾ, ਜਿੱਦਾਂ ਉਹ ਉਹਦੀ ਛੱਤਰ ਛਾਵੇਂ ਈ ਵਸਦਾ ਏ ਤੇ ਉਹਦੀ ਮੰਜੀ ਥੱਲੇ ਈ ਜੰਮਿਆ ਏ ਤੇ ਉਨ੍ਹਾਂ ਦੀ ਉਸੇ ਨਾਲ ਈ ਹਮਦਰਦੀ ਏ। ਬਿਆਸਾ ਦੇ ਰਾਹ ਵਿਚ ਵਾਗੀ ਮੁੰਡੇ ਵੀ ਗੱਲਾਂ ਕਰਨੋਂ ਨਹੀ ਸੀ ਮੁੜਦੇ।

—ਆਖਣ ਵਾਲਾ ਤੇ ਭਾਵੇਂ ਮੁੰਦਰਾਂ ਵਾਲਾ ਜੋਗੀ ਸੀ ਪਰ ਉਹਦੇ ਬੋਲਾਂ ਵਿਚ ਬੜਾ ਕਟਾਖਸ਼ ਤੇ ਚਾਸ਼ਨੀ ਸੀ। ਉਸ ਦੀ ਆਵਾਜ਼ ਉਭਰੀ ਤੇ ਓਸ ਚਿਮਟਾ ਜ਼ਰਾ ਕੁ ਉੱਚਾ ਕਰਕੇ ਆਕਾਸ਼ ਵਲ ਸੰਬੋਧਨ ਕਰਦਿਆਂ ਆਖਿਆ :

ਗਿਦੜ ਦਾਖ ਨੋਂ ਅਪੜੈ, ਆਖੈ, ਥੂਹ ਕਉੜੀ।
ਨੱਚਨਿ ਨੱਚ ਨਾ ਜਾਣਈ, ਆਖੈ ਭੁਇ ਸਉੜੀ।
ਲੱਲੇ ਅਗੋ ਗਾਵੀਐ, ਭੈਰਉ ਸੰ ਗਾਉੜੀ।
ਹੰਸਾਂ ਨਾਲ ਟਟੀਹਰੀ, ਕਿਉਂ ਪਹੁੰਚੈ ਦਉੜੀ।
ਸਾਵਨ ਵਣ ਹਰੀਆਵਲੇ, ਅੱਕ ਜੰਮੈ ਅਉੜੀ।
ਬੇਮੁਖ ਸੁਖ ਨਾ ਦੇਖਈ ਜਿਉਂ ਛੁਟੜ ਛਉੜੀ।

ਇਹ ਆਵਾਜ਼ ਓਸ ਰਾਹ ਤੋਂ ਆ ਰਹੀ ਸੀ ਜਿਥੋਂ ਦੀ ਹਰ ਰੋਜ਼ ਭਰੀ ਗਾਗਰ ਲੈ ਕੇ ਭਾਈ ਅਮਰ ਦਾਸ ਨਿਕਲਿਆ ਕਰਦੇ ਸਨ। ਵਾਗੀ ਮੁੰਡੇ ਉਹਦੇ ਕਈ ਬੋਲ ਯਾਦ ਕਰ ਰਹੇ ਸਨ। ਉਹ ਹੇਕਾਂ ਲਾ ਲਾ ਕੇ ਗਾਉਂਦੇ ਪਰ ਅਫਸੋਸ ਕਿ ਉਹ ਉਨ੍ਹਾਂ ਦਾ ਮਤਲਬ ਨਹੀਂ ਸਨ ਸਮਝਦੇ।

ਦਾਤੂ ਤੇ ਦਾਸੂ ਦਾ ਜਲਾਲ ਘਟਣਾ ਸ਼ੁਰੂ ਹੋ ਗਿਆ। ਲੋਕਾਂ ਦੀਆਂ ਨਜ਼ਰਾਂ ਵਿਚੋਂ ਡਿਗਣ ਲੱਗ ਪਏ ਦੋਵੇਂ ਭਰਾ। ਸੰਗਤ ਗੁਰੂ ਦੇ ਪੁੱਤਾਂ ਦੇ ਨਾਤੇ ਤਾਂ ਮੱਥਾ ਟੇਕਦੀ, ਪਰ ਗੁਰੂ ਘਰ ਦੀ ਗੱਲ ਛਿੜਦੀ ਤਾਂ ਸੰਗਤ ਦੀ ਅੱਖ ਮੈਲੀ ਹੋ ਜਾਂਦੀ। ਅੱਖ ਦੀ

ਗਹਿਰ ਨਫਰਤ ਵਿਚ ਬਦਲ ਜਾਂਦੀ। ਦਾਤੂ ਜੀ ਬੜਾ ਪਛਤਾ ਰਹੇ ਸਨ। ਮਨ ਚਲੀ ਤੇ ਕਰ ਲਈ ਪਰ ਸੰਭਾਲੀ ਨਾ ਗਈ। ਭੈੜੇ ਭੈੜੇ ਯਾਰ ਮੇਰੀ ਫਤੋ ਦੇ, ਮਿੱਟੀ ਦੇ ਭਲਵਾਨ, ਕੰਧਾਂ ਰੇਤਲੀਆਂ। ਜਦੋਂ ਬੰਦੇ ਦੇ ਮਨ ਵਿਚ ਆਪਣਾ ਸਵਾਰਥ ਆ ਜਾਵੇ ਫੇਰ ਕਿਸੇ ਦਾ ਹਮਦਰਦੀ ਨਹੀਂ ਰਹਿ ਸਕਦਾ ਤੇ ਨਾ ਹੀ ਉਹ ਕਿਸੇ ਦਾ ਕੰਮ ਈ ਸਵਾਰ ਸਕਦਾ ਏ। ਫੇਰ ਖ਼ਿਆਲ ਆਇਆ ਦਾਤੂ ਜੀ ਨੂੰ ਕਿ ਸਾਨੂੰ ਮਿਲਣਾ ਮਿਲਾਉਣਾ ਤਾਂ ਕੁਝ ਨਹੀਂ, ਏਸ ਲਈ ਪਿਤਾ ਜੀ ਦੀ ਇੱਜ਼ਤ ਨੂੰ ਕਿਉਂ ਘੱਟੇ ਕੌਡੀਆਂ ਵਿਚ ਰੋਲਿਆ ਜਾਵੇ, ਜੇ ਚੁੱਪ ਰਹਾਂਗੇ, ਜ਼ਬਾਨ ਬੰਦ ਰਖਾਂਗੇ ਤਾਂ ਸ਼ਾਇਦ ਸਾਨੂੰ ਵੀ ਕੁਝ ਗਫ਼ਾ ਲੱਭ ਜਾਵੇ। ਏਸ ਵਿਚਾਰ ਨੇ ਦਾਤੂ ਜੀ ਦੇ ਸੁਭਾਅ ਨੂੰ ਜ਼ਰਾ ਕੁ ਨਰਮ ਕਰ ਦਿੱਤਾ। ਸ਼ਾਂਤ ਹੋ ਗਈ, ਤ੍ਰਿਸਨਾ ਵਿਚ ਜਿਹੜੀ ਅੱਗ ਮੱਚੀ ਹੋਈ ਸੀ ਤੇ ਕੁਝ ਮਾਤਾ ਖੀਵੀ ਜੀ ਨੇ ਚੰਗੇ ਕੰਨ ਪੁੱਟੇ। ਚਾਰੇ ਚੁਫੇਰਿਓਂ ਲਾਹਨਤਾਂ ਪਈਆਂ। ਬੰਦਾ ਕਿੰਨਾ ਕੁ ਢੀਠ ਹੋ ਸਕਦਾ ਏ। ਆਖ਼ਰਕਾਰ ਦਾਤੂ ਜੀ ਨੇ ਆਪਣੇ ਹਥਿਆਰ ਛੱਡ ਦਿੱਤੇ। ਗੁਰੂ ਘਰ ਵਿਚ ਠੰਢ ਜਿਹੀ ਪੈ ਗਈ।

—ਹੁਣ ਭਾਈ ਅਮਰ ਦਾਸ ਰੋਜ਼ ਓਸੇ ਤਰ੍ਹਾਂ ਸਾਰਾ ਦਿਨ ਨਵੇਂ ਵਸਦੇ ਨਗਰ ਵਿਚ ਗੁਜ਼ਾਰਦੇ ਤੇ ਦਿਨੇ ਗਾਗਰ ਪਾਣੀ ਦੀ ਲੈ ਕੇ ਖਡੂਰ ਜਾਂਦੇ। ਅਸ਼ਨਾਨ ਕਰਵਾਉਂਦੇ, ਬਾਣੀ ਸੁਣਦੇ, ਲੰਗਰ ਛੱਕਦੇ ਤੇ ਫੇਰ ਰਾਹੇ ਰਾਹੇ ਪੈ ਕੇ ਖਡੂਰ ਆ ਜਾਂਦੇ। ਸਾਰੇ ਦਿਨ ਦਾ ਏਨਾ ਕੁ ਈ ਪ੍ਰੋਗਰਾਮ ਸੀ।

ਨਵਾਂ ਨਗਰ ਵਸ ਰਿਹਾ ਸੀ, ਗੁਵਿੰਦੇ ਸ਼ਾਹ ਨੇ ਸਭ ਤੋਂ ਪਹਿਲਾਂ ਗੁਰਾਂ ਲਈ ਮਕਾਨ ਬਣਾਉਣਾ ਸ਼ੁਰੂ ਕੀਤਾ। ਇਕ ਹਵੇਲੀ ਹੋਰ ਬਣ ਰਹੀ ਸੀ, ਸੰਗਤ ਵਾਸਤੇ। ਕੋਈ ਜਿੰਨ ਨਾ ਆਇਆ, ਕਿਸੇ ਭੂਤ ਦੇ ਦਰਸ਼ਨ ਨਾ ਹੋਏ। ਕੋਈ ਡੈਣ ਵੇਖਣ ਨੂੰ ਨਾ ਲੱਭੀ। ਓਸੇ ਤਰ੍ਹਾਂ ਮੁਸਾਫਰਾਂ ਦੇ ਟੋਲੇ ਆਉਂਦੇ, ਪੱਤਣ ਤੇ ਠਹਿਰਦੇ, ਆਪਣਾ ਰੋਟੀ ਟੁਕਰ ਪਕਾਉਂਦੇ, ਖਾਂਦੇ, ਪੀਂਦੇ, ਮੌਜਾਂ ਮਾਣਦੇ ਤੇ ਦਿਨੇ ਪੱਤਣ ਲੰਘ ਕੇ ਆਪਣੇ ਰਾਹੇ ਪੈ ਜਾਂਦੇ। ਓਸੇ ਦਿਨ ਹੋਰ ਦੂਜੇ ਨਵੇਂ ਮੁਸਾਫਰ ਆ ਜਾਂਦੇ। ਏਸ ਤਰ੍ਹਾਂ ਹਰ ਰੋਜ਼ ਨਵਾਂ ਮੁਸਾਫਰ, ਨਵਾਂ ਕਾਫਲਾ, ਓਥੇ ਠਹਿਰਦਾ। ਹਰ ਇਕ ਮੁਸਾਫਰ ਸਿਰਫ਼ ਇਕੋ ਫਰਿਆਦ ਕਰਦਾ, ਏਥੇ ਨਗਰ ਵਸੇ, ਕੁਝ ਖਾਣ ਪੀਣ ਨੂੰ ਲੱਭੇ। ਕਿੰਨਿਆਂ ਮੁਸਾਫਰਾਂ ਨੇ ਜਗ੍ਹਾ ਖ਼ਰੀਦੀ ਤੇ ਆਪਣੇ ਮਕਾਨ ਉਸਾਰਨੇ ਸ਼ੁਰੂ ਕਰ ਦਿੱਤੇ। ਆਪਣੇ ਮਹੱਲ ਬਣਾਉਣ ਲਈ, ਦਿੱਲੀ, ਲਾਹੌਰ ਤੇ ਸਰਹੰਦ ਤੋਂ ਕਾਰੀਗਰ ਸੱਦੇ। ਰੌਣਕਾਂ ਲੱਗੀਆਂ ਹੋਈਆਂ ਸਨ। ਨਗਰ ਉਸਰ ਰਿਹਾ ਸੀ।

ਗੁਰੂ ਦੀ ਛੜੀ ਨੂੰ ਕਿਤੇ ਵਰਤਣ ਦੀ ਲੋੜ ਈ ਨਾ ਪਈ। ਸਾਰੇ ਕਾਰਜ ਬਾਣੀ ਨੇ ਸੰਵਾਰ ਦਿੱਤੇ।

□□

੧੩

—ਨਗਰ ਵਸਣ ਵਿਚ ਕੋਈ ਰੁਕਾਵਟ ਤੇ ਨਹੀਂ ਨਾ ਪੈਂਦੀ। ਕਿਸੇ ਤਰ੍ਹਾਂ ਦੀ ਕੋਈ ਤਕਲੀਫ਼ ਤੇ ਜਿੰਨ ਭੂਤ ਤੇ ਤੰਗ ਨਹੀਂ ਨਾ ਕਰਦਾ। ਪੁੱਠੇ ਪੈਰਾਂ ਤੇ ਪੁੱਠੇ ਵਾਲਾਂ

ਵਾਲੀਆਂ ਗਿੱਧਾ ਨਹੀਂ ਨਾ ਪਾਉਂਦੀਆਂ। ਹੁਣ ਤੇ ਧਮੱਚੜਾ ਪੈਂਦਾ ਕਿਸੇ ਨੇ ਨਹੀਂ ਨਾ ਵੇਖਿਆ, ਫ਼ਰਮਾਇਆ ਗੁਰੂ ਅੰਗਦ ਦੇਵ ਨੇ।

—ਐਵੇਂ ਛਲੇਡਿਆਂ ਤੋਂ ਲੋਕ ਡਰਦੇ ਸਨ। ਅਸਲ ਵਿਚ ਭੂਤ ਉਨ੍ਹਾਂ ਦੇ ਆਪਣੇ ਅੰਦਰ ਏ। ਇਸ ਲਈ ਡਰ ਜਾਂਦੇ ਨੇ। ਲੋਕਾਂ ਦਾ ਖ਼ਿਆਲ ਏ ਕਿ ਇਥੇ ਇਕ ਵੱਡੀ ਸਾਰੀ ਸਰਾਂ ਬਣਾਈ ਜਾਵੇ ਤਾਂ ਜੋ ਮੁਸਾਫ਼ਰਾਂ ਦੀ ਰਾਖੀ ਮੁੱਕੇ। ਸੌਦਾਗਰਾਂ ਕੋਲ ਕੀਮਤੀ ਸਾਮਾਨ ਹੁੰਦਾ ਏ, ਵਿਚਾਰੇ ਰਾਖੀ ਕਰਦੇ ਕਰਦੇ ਬੇਜ਼ਾਰ ਹੋ ਜਾਂਦੇ ਹਨ। ਚੋਰ, ਧਾੜਵੀਆਂ ਦੇ ਗਰੋਹਾਂ ਦੇ ਗਰੋਹ ਜਦ ਹਮਲਾ ਕਰਦੇ ਹਨ ਤਾਂ ਸੌਦਾਗਰ ਇਨ੍ਹਾਂ ਦਾ ਮੁਕਾਬਲਾ ਕਰਨ ਵਿਚ ਅਸਮਰਥ ਹੁੰਦੇ ਹਨ। ਉਹ ਆਪਣੇ ਸਾਮਾਨ ਸੰਭਾਲਣ ਜਾਂ ਸਾਮਾਨ ਦੀ ਰਾਖੀ ਕਰਨ ਜਾਂ ਮੁਕਾਬਲੇ ਲਈ ਤਲਵਾਰਾਂ ਮਿਆਨ ਵਿਚੋਂ ਕੱਢਣ। ਸਾਮਾਨ ਨੂੰ ਸੰਭਾਲ ਕੇ ਰੱਖਣ ਲਈ ਜਗ੍ਹਾ ਬਹੁਤ ਜ਼ਰੂਰੀ ਏ। ਖ਼ਾਸ ਤੌਰ ਤੇ ਜਿਥੇ ਪੱਤਣ ਹੋਵੇ। ਸੌਦਾਗਰ ਆਪਣੇ ਰੁਪਈਏ ਖ਼ਰਚ ਕੇ ਇਹ ਕੰਮ ਨੇਪਰੇ ਚੜ੍ਹਾਉਣਾ ਚਾਹੁੰਦੇ ਹਨ। ਹੁਕਮ ਹੋਵੇ ਤੇ ਉਨ੍ਹਾਂ ਨੂੰ ਉਸਾਰਨ ਦੀ ਆਗਿਆ ਵੀ ਦੇ ਦਿੱਤੀ ਜਾਵੇ। ਪਰ ਹਾਂ ਜਿਹੜੀ ਅੜਚਨ ਆਉਣੀ ਏ, ਉਹ ਇਹ ਹੈ ਕਿ ਥਾਂ ਥੇਹ ਵਾਲੀ ਜਗ੍ਹਾ ਤੇ ਸਾਰਿਆਂ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ ਤੇ ਇਹੋ ਜਗ੍ਹਾ ਸਾਰਿਆਂ ਲਈ ਮੌਕੇ ਦੀ ਏ। ਪਰ ਉਹ ਜਗ੍ਹਾ ਬੜੀ ਸਖ਼ਤ ਏ, ਕਰੜੀ ਏ। ਉਥੇ ਨਾਗਾਂ ਦੀਆਂ ਵਰਮੀਆਂ ਵੀ ਹਨ ਤੇ ਨਾਗਾਂ ਦੇ ਝੁੰਡਾਂ ਦੇ ਝੁੰਡ ਰਹਿੰਦੇ ਹਨ। ਭੂਤਨਿਆਂ, ਪਰੇਤਾਂ ਦਾ ਡੇਰਾ ਵੀ ਏ, ਉਥੇ ਕੋਈ ਜਾਣ ਲਈ ਤਿਆਰ ਨਹੀਂ, ਅਰਜ਼ ਕੀਤੀ ਭਾਈ ਅਮਰ ਦਾਸ ਨੇ।

—ਬਸ ਏਨੀ ਗੱਲ ਏ, ਪ੍ਰਵਾਹ ਨਹੀਂ। ਜਪੁਜੀ ਸਾਹਿਬ ਦਾ ਪਾਠ ਕਰੋ, ਆਪ ਚੌਂਕੜਾ ਮਾਰ ਕੇ ਤੇ ਛੜੀ ਨਾਲ ਨਿਸ਼ਾਨ ਲਾ ਦਿਓ। ਨਾਗ ਦੇਵਤਾ ਆਪੇ ਈ ਜਗ੍ਹਾ ਛੱਡ ਜਾਊ। ਭੂਤਨੇ, ਪ੍ਰੇਤਾਂ ਦੇ ਡੇਰੇ ਆਪੇ ਉਜੜ ਜਾਣਗੇ। ਗੁਰੂ ਦੇ ਨਾਂ ਵਿਚ ਬਹੁਤ ਬਰਕਤਾਂ ਹਨ, ਜਾਓ ਗੁਰੂ ਕਾਰਜ ਰਾਸ ਕਰੂ, ਹੁਕਮ ਸੀ ਗੁਰੂ ਅੰਗਦ ਦੇਵ ਦਾ।

—ਸ਼ੇਰ ਦਾ ਕਲੇਜਾ ਬਣ ਗਿਆ, ਭਾਈ ਅਮਰ ਦਾਸ ਦਾ, ਪਰ ਉਨ੍ਹਾਂ ਫੇਰ ਅਰਜ਼ ਕੀਤੀ, ਪਾਣੀ ਦੀ ਬੜੀ ਘਾਟ ਏ।

—ਉਸੇ ਟਿਲੇ ਵਿਚੋਂ ਇਕ ਚਸ਼ਮਾ ਫੁੱਟੇਗਾ, ਉਸੇ ਪਾਣੀ ਨਾਲ ਨਗਰ ਵਸ ਜਾਊ, ਤੁਹਾਨੂੰ ਦਰਿਆ ਤੋਂ ਪਾਣੀ ਲਿਆਉਣ ਦੀ ਲੋੜ ਨਹੀਂ ਪੈਣੀ। ਬਾਕੀ ਰਹੀ ਜ਼ਮੀਨ ਕਰੜੀ ਹੋਣ ਦੀ, ਤੁਹਾਡੀ ਮਿਹਰ ਮੰਗਦੀ ਏ। ਤੁਹਾਡੇ ਕਦਮਾਂ ਸਦਕਾ ਸੁਭਾਗੀ ਹੋ ਜਾਸੀ। ਗੁਰੂ ਸਾਰੇ ਕਾਰਜ ਸੰਪੂਰਨ ਕਰਨਗੇ, ਇਹ ਵੀ ਹੁਕਮ ਸੀ।

—ਦੂਜੇ ਦਿਨ ਭਾਈ ਅਮਰ ਦਾਸ ਨੇ ਸਭ ਤੋਂ ਪਹਿਲਾਂ ਓਸੇ ਟਿਲੇ ਤੇ ਜਾਹ ਕੇ ਡੇਰਾ ਲਾ ਦਿੱਤਾ, ਚੌਂਕੜਾ ਮਾਰ ਕੇ ਬਹਿ ਗਏ। ਇਕ ਜੋਗੀ ਆਇਆ, ਕੰਨ ਪਾਟਾ, ਆਖਣ ਲੱਗਾ।

—ਹਜ਼ੂਰ ਇਹ ਜਗ੍ਹਾ ਬੜੀ ਖ਼ਤਰਨਾਕ ਹੈ, ਇਹਨੂੰ ਪੱਕੀ ਆਖਦੇ ਹਨ। ਨਾਗ ਦੇਵਤਾ ਦਾ ਅਸਥਾਨ ਏ, ਏਥੋਂ ਉਠ ਚਲੋ।

—ਬਾਣੀ ਦੀ ਮੱਧਰੀ ਲੈਅ ਜਦ ਨਾਗ ਦੇਵਤੇ ਨੇ ਸੁਣੀ ਤਾਂ ਉਨ੍ਹਾਂ ਆਪਣਾ

ਅਸਥਾਨ ਬਦਲ ਲੈਣਾ ਏ, ਇਹ ਮੇਰੇ ਗੁਰੂ ਦਾ ਹੁਕਮ ਏ। ਕੀ ਤੁਸੀਂ ਆਪਣੇ ਗੁਰੂ ਦੇ ਹੁਕਮ ਨੂੰ ਅਟੱਲ ਨਹੀਂ ਮੰਨਦੇ ?

—ਬਾਦਸ਼ਾਹੋ ਏਥੇ ਚਹੁੰ ਨਾਥਾਂ ਨੇ ਇਕ ਵਾਰ ਧੂਣੀ ਰਮਾਈ ਸੀ। ਦੋ ਦਿਨ ਤੇ ਉਨ੍ਹਾਂ ਨੂੰ ਕਿਸੇ ਨੇ ਅੱਖ ਭਰ ਕੇ ਨਾ ਵੇਖਿਆ ਤੇ ਤੀਜੇ ਦਿਨ ਨਾਗ ਨੇ ਇਕ ਫੂੰਕਾਰੇ ਵਿਚ ਸਵਾਹ ਕਰ ਦਿੱਤਾ ਸਭ ਕੁਝ। ਏਸ ਲਈ ਮੈਂ ਤੇ ਅਰਜ਼ ਹੀ ਕਰ ਸਕਦਾਂ, ਅੱਗੇ ਤੁਹਾਡੀ ਮਰਜ਼ੀ।

—ਉਹ ਨਾਥ ਗੁਰੂ ਦੀ ਆਗਿਆ ਲੈ ਕੇ ਨਹੀਂ ਸਨ ਆਏ। ਗੁਰੂ ਦੇ ਹੁਕਮ ਵਿਚ ਬੜੀ ਤਾਕਤ ਏ।

—ਮੈਂ ਸੁਣਿਆ ਏ, ਭੂਤਾਂ ਦਾ ਬਾਦਸ਼ਾਹ ਵੀ ਏਥੇ ਈ ਵਾਸ ਕਰਦਾ ਏ, ਉਹ ਬੰਦਿਆਂ ਦਾ ਲਹੂ ਪੀਣ ਦਾ ਸ਼ੁਕੀਨ ਏ, ਏਸ ਲਈ ਤੁਸੀ ਕਿਸੇ ਹੋਰ ਥਾਂ ਸਰਾਂ ਬਣਾ ਲਵੋ, ਜ਼ਿੱਦ ਛੱਡੋ।

—ਨਹੀਂ ਭਾਈ, ਪਹਿਲਾਂ ਗੁਰੂ ਦਾ ਹੁਕਮ ਤੇ ਫੇਰ ਕਿਸੇ ਦੂਜੇ ਦੀ ਗੱਲ। ਬਾਣੀ ਦਾ ਪ੍ਰਤਾਪ ਵੇਖੋ ਤਾਂ ਸਹੀ, ਜੇ ਅਸੀਂ ਏਥੋਂ ਡਰ ਕੇ ਉਠ ਖਲੋਤੇ ਤਾਂ ਫੇਰ ਇਨ੍ਹਾਂ ਸਾਡੇ ਕਿਸੇ ਥਾਂ ਤੇ ਵੀ ਪੈਰ ਲੱਗਣ ਨਹੀਂ ਦੇਣੇ। ਗੁਰੂ ਘਰ ਦੇ ਫੈਸਲੇ ਨਹੀਂ ਬਦਲੇ ਜਾਂਦੇ। ਨਾਥਾਂ ਨੇ ਜੰਗਲੀਂ ਡੇਰੇ ਲਾਏ ਹਨ ਤੇ ਉਥੇ ਤਪ ਕੀਤਾ ਹੈ। ਸੱਜਣਾਂ ਅਸੀਂ ਤੇ ਗ੍ਰਿਹਸਥੀ ਹਾਂ, ਅਸਾਂ ਜੰਗਲਾਂ ਵਿਚ ਨਹੀਂ ਜਾਣਾ। ਏਸੇ ਲਈ ਸਾਨੂੰ ਇਥੇ ਈ ਬਣਾਉਣ ਦਿਓ ਸਰਾਂ।

—ਜੇ ਕੋਈ ਨੁਕਸਾਨ ਹੋ ਗਿਆ ਤਾਂ ਫੇਰ ?

—ਏਸ ਬਾਰੇ ਸੋਚਣਾ ਮੇਰਾ ਕੰਮ ਨਹੀਂ, ਇਹ ਗੁਰੂ ਦਾ ਕੰਮ ਏ। ਸਾਡਾ ਕੰਮ ਏ ਹੁਕਮ ਮੰਨਣਾ ਤੇ ਉਨ੍ਹਾਂ ਦੇ ਹੁਕਮ ਤੇ ਫੁੱਲ ਚੜ੍ਹਾ ਦੇਣੇ।

—ਸੋਚ ਵਿਚਾਰ ਲਵੋ, ਮੇਰਾ ਦਿਲ ਤੇ ਸ਼ਾਹਦੀ ਨਹੀਂ ਭਰਦਾ।

—ਨਾਥਾ ! ਜੇ ਅਸੀਂ ਇਨ੍ਹਾਂ ਤੋਂ ਡਰ ਗਏ ਤਾਂ ਅਸੀਂ ਫੇਰ ਬਣਾ ਲਈ ਕੌਮ। ਅਸਾਂ ਏਥੋਂ ਈ ਕੌਮ ਦੀ ਸਿਰਜਣਾ ਕਰਨੀ ਏ। ਸਾਨੂੰ ਕੁਰਬਾਨੀਆਂ ਦੇਣੀਆਂ ਪੈਣਗੀਆਂ, ਅਸੀਂ ਦੇਵਾਂਗੇ। ਜੇ ਬਲੀ ਚੜ੍ਹਾਉਣੀ ਪਵੇ ਤਾਂ ਮੈਂ ਕਾਹਦੇ ਲਈ ਆਇਆ ਹਾਂ, ਮੈਂ ਬਲੀ ਦੇਵਾਂਗਾ। ਨਾਗ ਦੇਵਤਾ ਨੂੰ ਜਦੋਂ ਪਤਾ ਲਗੂ ਕਿ ਅਸੀਂ ਸਰਾਂ ਬਣਾ ਰਹੇ ਹਾਂ ਲੋਕਾਂ ਲਈ ਤਾਂ ਨਿਹਾਲ ਹੋ ਜਾਵੇਗਾ, ਉਹ ਦੇਵਤਾ ਏ, ਆਮ ਸਧਾਰਨ ਜੀਅ ਨਹੀਂ। ਉਨ੍ਹਾਂ ਇਹ ਮੰਜ਼ਿਲਾਂ ਪਾਰ ਕੀਤੀਆਂ ਹੋਈਆਂ ਨੇ। ਜਾਓ ਨਾਥ ਜੀ, ਜੇ ਤੁਸੀਂ ਚਾਰ ਘੜੇ ਦੁੱਧ ਦੇ ਉਨ੍ਹਾਂ ਦੀ ਵਰਮੀ ਤੇ ਰੱਖ ਆਓ।

—ਨਾ ਨਾ, ਮੈਂ ਕਿਉਂ ਸੁੱਤਾ ਨਾਗ ਜਗਾਵਾਂ। ਜਾਣ ਬੁੱਝ ਕੇ ਵਰਮੀ ਨੂੰ ਹੱਥ ਪਾਉਣਾ, ਰਾਹ ਜਾਂਦੀ ਮੌਤ ਨੂੰ ਵਾਜ ਮਾਰਨ ਵਾਲੀ ਗੱਲ ਏ।

—ਚੰਗਾ ਸਾਡਾ ਈ ਕੋਈ ਗੁਰ ਭਾਈ ਚਾਰ ਘੜੇ ਦੁੱਧ ਦੇ ਰੱਖ ਆਵੇਗਾ। ਮੈਂ ਵੇਖਦਾ ਹਾਂ ਕਿ ਨਾਗ ਉਸ ਨੂੰ ਕਿਹੜਾ ਫੜ ਕੇ ਕੋਲ ਬਹਾ ਲਵੇਗਾ।

—ਤੁਸੀਂ ਕਰ ਸਕਦੇ ਓ, ਮੇਰੇ ਵਿਚ ਹਿੰਮਤ ਨਹੀਂ।

—ਆਖਦੇ ਹਨ ਚਾਰ ਘੜੇ ਦੁੱਧ ਦੇ ਭਰੇ ਵਰਮੀ ਦੇ ਕੋਲ ਰੱਖੇ ਗਏ। ਨਾਗ

ਦੇਵਤਾ ਉਠੇ, ਉਨ੍ਹਾਂ ਦੁੱਧ ਪੀਤਾ, ਪ੍ਰਸੰਨ ਹੋਏ। ਹੋਰ ਬਹੁਤ ਸਾਰੇ ਨਾਗਾਂ ਦੇ ਦਰਸ਼ਨ ਕੀਤੇ।
ਚਾਰ ਘੜੀਆਂ ਖੂਬ ਰੌਣਕ ਮੇਲਾ ਰਿਹਾ ਤੇ ਫੇਰ ਇਕ ਨਾਗ ਤੁਰਿਆ ਤੇ ਉਹਦੇ ਮਗਰ
ਸਾਰੇ ਨਾਗ ਤੁਰ ਪਏ। ਪਹਾੜਾਂ ਨੂੰ ਜਾਹ ਰਹੇ ਸਨ ਸ਼ਾਇਦ। ਜਾਂਦੇ ਨਾਗ ਦੇਵਤਾ ਨੂੰ
ਭਾਈ ਅਮਰ ਦਾਸ ਨੇ ਨਮਸਕਾਰ ਕੀਤੀ। ਇਕ ਆਵਾਜ਼ ਆਈ।
—ਇਹ ਜਗ੍ਹਾ ਤੁਹਾਡੀ ਏ, ਅਸਾਂ ਐਵੇਂ ਜਗ੍ਹਾ ਨੱਪੀ ਹੋਣੇ ਸਾਂ, ਤੁਸੀਂ ਆਪਣੀ
ਜਗ੍ਹਾ ਸੰਭਾਲੋ, ਅਸੀਂ ਚਲੇ, ਤੁਹਾਨੂੰ ਤੁਹਾਡੀ ਜਗ੍ਹਾ ਮੁਬਾਰਕ।
—ਬਸ ਨਾਗ ਜਗ੍ਹਾ ਛੱਡ ਗਏ। ਜਿੰਨ ਭੂਤ, ਪ੍ਰੇਤਾਂ ਦਾ ਕਿਤੇ ਲਿਸ਼ਕਾਰਾ ਵੀ
ਨਾ ਵੱਜਾ। ਛਤੀ ਨੇ ਨਿਸ਼ਾਨ ਲਾਇਆ। ਨੀਹਾਂ ਪੁਟਣੀਆਂ ਸ਼ੁਰੂ ਹੋ ਗਈਆਂ। ਗੋਇੰਦੇ
ਸ਼ਾਹ ਆਖਦਾ ਸੀ ਕਿ ਉਹਨੂੰ ਚਾਰ ਗਾਗਰਾਂ ਮੁਹਰਾਂ ਦੀਆਂ ਭਰੀਆਂ ਵਰ੍ਹਮੀਂ ਵਾਲੀ ਜਗ੍ਹਾ
ਤੋਂ ਮਿਲੀਆਂ। ਤੇ ਉਨ੍ਹਾਂ ਚਹੁੰ ਗਾਗਰਾਂ ਦੇ ਨਾਲ ਚਾਰ ਗਾਗਰਾਂ ਹੋਰ ਰਲਾ ਦਿੱਤੀਆਂ।
ਸਰਾਂ ਬਣਾਉਣੀ ਸ਼ੁਰੂ ਕਰ ਦਿੱਤੀ। ਜਦ ਰੱਬ ਦਿੰਦਾ ਏ, ਛੱਪਰ ਪਾੜ ਕੇ। ਚਾਰ ਮਹੀਨੇ
ਸਾਰੀ ਸਰਾਂ ਦੀਆਂ ਨੀਹਾਂ ਨੇ ਲਗਪਗ ਲੱਕ ਕੱਢ ਲਿਆ। ਮੁਸਾਫ਼ਰ ਖ਼ੁਸ਼ੀ ਵਿਚ ਫੁਲੇ ਨਹੀਂ
ਸਨ ਸਮਾਉਂਦੇ।
—ਸੌਦਾਗਰਾਂ ਨੇ ਦਸਾਵਰ ਵਿਚੋਂ ਕਿੰਨਾ ਇਮਾਰਤੀ ਸਾਮਾਨ ਲਿਆ ਕੇ ਗੁਰਾਂ
ਦੇ ਅੱਗੇ ਢੇਰੀ ਕਰ ਦਿੱਤਾ। ਨਗਰ ਉਸਰ ਰਿਹਾ ਸੀ। ਸਾਰੇ ਇਲਾਕੇ ਦੀਆਂ ਸੰਗਤਾਂ
ਸੇਵਾ ਕਰਨ ਲਈ ਆਣ ਜੁੜੀਆਂ। ਇਹ ਸਾਰੀ ਸ਼ਾਂਤੀ, ਨਿਸ਼ਚੇ ਤੇ ਕਿਰਤ ਦੀ ਸ਼ਕਤੀ ਸੀ।
ਕੱਤਕ ਬੀਤ ਗਿਆ ਤੇ ਕਲ੍ਹ ਮਹੀਨਾ ਚੜ੍ਹਨਾ ਸੀ ਮੱਘਰ, ਸਾਰੀ ਸੰਗਤ ਜਮ੍ਹਾਂ ਹੋ ਗਈ
ਖਡੂਰ ਵਿਚ। ਇਸ਼ਨਾਨ ਧਿਆਨ ਤੋਂ ਵਿਹਲੇ ਹੋ ਕੇ ਗੁਰੂ ਮਹਾਰਾਜ ਦੀਵਾਨ ਵਿਚ ਆਏ।
ਫੇਰ ਸਿਰੋਪਿਆਂ ਦੀ ਬਹਾਰ ਆ ਪਈ। ਬਾਬੇ ਬੁੱਢੇ ਨੇ ਅੱਜ ਮਹੀਨਾ ਸੁਣਾਇਆ।

ਮੱਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ ਮੈ ਪਿਰ ਨਿਹਚਲੁ ਭਾਵਏ ॥
ਨਿਹਚਲੁ ਚਤੁਰ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥

ਭਾਵੇਂ ਸਿਰੋਪਿਆਂ ਦਾ ਮੀਂਹ ਵਰ੍ਹ ਪਿਆ। ਪਰ ਸਿਰੋਪਾ ਉਹਨੂੰ ਮਿਲਿਆ ਜਿਹੜਾ
ਲਾਇਕ ਸੀ। ਹੱਕ ਵਾਲੇ ਨੂੰ ਹੱਕ ਮਿਲਿਆ, ਬਾਕੀ ਦੇ ਐਵੇਂ ਮੂੰਹ ਵੇਖਦੇ ਰਹੇ।
—ਅੱਜ ਸਭ ਤੋਂ ਪਹਿਲਾ ਸਿਰੋਪਾ ਜਿਹੜਾ ਗੁਰੂ ਬਖ਼ਸ਼ਿਆ, ਉਹ ਭਾਈ ਅਮਰ
ਦਾਸ ਨੂੰ। ਭਾਈ ਹੁਰਾਂ ਇਹ ਸਿਰੋਪਾ ਵੀ ਪਹਿਲੇ ਸਿਰੋਪਿਆਂ ਤੇ ਬੰਨ੍ਹ ਲਿਆ। ਭਾਈ ਸਾਹਿਬ
ਸਾਰਾ ਸਾਲ ਸਿਰੋਪਾ ਧੋ ਕੇ ਰੱਖ ਛੱਡਦੇ ਸਨ। ਤੇ ਜਦ ਸੰਗਰਾਂਦ ਆਉਂਦੀ ਤਾਂ ਬੰਨ੍ਹ
ਕੇ ਦੀਵਾਨ ਵਿਚ ਆਉਂਦੇ। ਨਗਰ ਉਸਰ ਰਿਹਾ ਸੀ, ਉਹਦੇ ਵਿਚੋਂ ਇਕ ਆਤਮਾ
ਉਭਰ ਰਹੀ ਸੀ, ਇਨਸਾਨ ਜਨਮ ਲੈ ਰਿਹਾ ਸੀ। ਨਵੀਂ ਕੌਮ, ਸਿਰ ਕੱਢੇਗੀ ਏਸੇ
ਨਗਰ ਵਿਚੋਂ। ਭਾਈ ਅਮਰ ਦਾਸ ਦੀ ਸੇਵਾ ਵੇਖ ਕੇ ਸਾਰੀ ਲੋਕਾਈ ਧੰਨ-ਧੰਨ ਕਰ ਰਹੀ
ਸੀ। ਜੋਤ ਵਿਚ ਤੇਜਨਾ ਦਾ ਪ੍ਰਕਾਸ਼ ਵੱਧ ਰਿਹਾ ਸੀ।

□□

੧੪

ਲੋਕ ਆਖਦੇ ਹਨ ਕਿ ਦਰਿਆ ਬੋਲਦੇ ਹਨ। ਹਾਂ ਬੋਲਦੇ ਹਨ ਉਨ੍ਹਾਂ ਨਾਲ ਜਿਹੜੇ ਇਨ੍ਹਾਂ ਦੀ ਬੋਲੀ ਸਮਝਦੇ ਹਨ। ਇਕ ਦਿਨ ਬਿਆਸਾ ਨਦੀ ਆਖਣ ਲੱਗੀ ਭਾਈ ਅਮਰ ਦਾਸਾ! ਹੁਣ ਤੇ ਸਾਡੀ ਤੇਰੇ ਨਾਲ ਦੋਹਰੀ ਰਿਸ਼ਤੇਦਾਰੀ ਹੋ ਗਈ। ਪਹਿਲਾਂ ਤੇਰਾ ਸਾਡਾ ਯਰਾਨਾ ਇਕ ਗਾਗਰ ਦਾ ਸੀ। ਤੂੰ ਇਕ ਗਾਗਰ ਭਰ ਲਈ ਤੇ ਰਾਹੇ ਪਿਆ। ਸਾਡਾ ਕੀ ਘਟ ਗਿਆ, ਜਿਦਾਂ ਚਿੜੀ ਨੇ ਚੁੰਝ ਭਰ ਲਈ ਹੋਵੇ ਦਰਿਆ ਵਿਚੋਂ। ਪਰ ਹੁਣ ਸਾਡਾ ਤੇ ਤੇਰਾ ਯਰਾਨਾ ਗੂੜ੍ਹਾ ਬਣ ਗਿਆ ਏ। ਹੁਣ ਤੂੰ ਸਾਡਾ ਗਵਾਂਢੀ ਬਣ ਗਿਆ ਏਂ। ਕੁੜਮ ਕੁਪੱਤੇ ਹੋਣ, ਗਵਾਂਢ ਕੁਪੱਤੇ ਨਾ ਹੋਣ। ਹਮਸਾਇਆ, ਮਾਂ ਪਿਓ ਜਾਇਆ। ਮਿੱਤਰਾ ਜੇ ਹੁਣ ਤੂੰ ਸਾਡੀ ਹਿੱਕ ਤੇ ਪਿੰਡ ਵਸਾਉਣਾ ਸ਼ੁਰੂ ਕਰ ਈ ਦਿੱਤਾ ਏ ਤਾਂ ਯਰਾਨੇ ਦਾ ਮੁੱਲ ਸਾਨੂੰ ਵੀ ਤਾਰਨਾ ਪਊ। 'ਬਾਂਹਿ ਜਿਨਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨਾ ਦੀਜੈ'। ਜਾਹ ਤੈਨੂੰ ਗੁਰੂ-ਘਰ ਤੋਂ ਬਹੁਤ ਵਰ ਮਿਲੇ ਹਨ, ਮਿਲਣਗੇ ਵੀ। ਅੱਜ ਮੈਂ ਤੈਨੂੰ ਵਰ ਦੇਂਦੀ ਹਾਂ। ਤੂੰ ਮੇਰੇ ਪੋਤਰਿਆਂ, ਪੜ-ਪੋਤਰਿਆਂ ਵਰਗਾ ਏਂ। ਮਾਵਾਂ ਠੰਢੀਆਂ ਛਾਵਾਂ, ਸਿਆਣੇ ਆਖਦੇ ਹਨ। ਜਿੰਨਾ ਚਿਰ ਤਕ ਤੇਰਾ ਪਿੰਡ ਵੱਸਿਆ ਰਹੂ, ਉਨਾ ਚਿਰ ਮੇਰਾ ਪਾਣੀ ਤੇਰੇ ਸ਼ਹਿਰ ਦੀਆਂ ਗਲੀਆਂ ਵਿਚ ਨਹੀਂ ਆਊ। ਜੇ ਕਿਤੇ ਮੇਰੇ ਪਾਣੀ ਨੇ ਤੇਰੇ ਪਿੰਡ ਦਾ ਇਕ ਕੰਨਾ ਵੀ ਢਾਹ ਦਿੱਤਾ ਤੇ ਤੂੰ ਮੈਨੂੰ ਆਣ ਫੜੀਂ। ਰਹਿੰਦੀ ਦੁਨੀਆਂ ਤਕ ਇਹ ਮਰਿਆਦਾ ਕਾਇਮ ਰਹੇਗੀ। ਸਗੋਂ ਮੈਂ ਪਹਾੜਾਂ, ਮੈਦਾਨਾਂ ਤੇ ਜ਼ਰਖੇਜ਼ ਜ਼ਮੀਨ ਦੀ ਮਿੱਟੀ ਰੋੜ੍ਹ ਕੇ ਲਿਆਵਾਂਗੀ ਤੇ ਤੇਰੇ ਪਿੰਡ ਦੀ ਹਿੱਕ ਤੇ ਵਿਛਾ ਦੇਵਾਂਗੀ। ਤੇਰੀ ਧਰਤੀ ਸਾਰੇ ਇਲਾਕੇ ਵਿਚੋਂ ਉਪਜਾਊ ਬਣ ਜਾਵੇਗੀ। ਤੇਰੇ ਪਿੰਡ ਨੂੰ ਭਾਗ ਲੱਗਣ। ਜਿੱਥੇ ਕਿਤੇ ਲੋਕ ਤੇਰਾ ਜੱਸ ਗਾਉਣਗੇ ਤੇ ਉਥੇ ਮੇਰੀ ਵੀ ਜੈ ਜੈ ਕਾਰ ਹੋਊ। ਮੇਰਾ ਵੀ ਗਾਉਣ ਦੇਸ ਪਿੰਡ ਦੇ ਪੁੱਤ ਪੋਤਰੇ ਗਾਉਣਗੇ। ਅਸਾਂ ਜਿਹੜੀ ਆਪਸ ਵਿਚ ਕੜਿੰਗੜੀ ਪਾਈ ਏ ਉਹਦਾ ਯਰਾਨਾ ਹਮੇਸ਼ਾਂ ਕਾਇਮ ਰਹੂ। ਕਦੀ ਹੜ੍ਹ ਨਹੀਂ ਆਵੇਗਾ, ਭਾਵੇਂ ਮੈਂ ਫਨੀਅਰ ਸੱਪ ਵਾਂਗੂ ਫੁੰਕਾਰੇ ਮਾਰਦੀ ਆਵਾਂਗੀ, ਪਰ ਜਦੋਂ ਤੇਰੀ ਹੱਦ ਵਿਚੋਂ ਲੰਘਾਂਗੀ ਸ਼ਾਂਤ ਹੋ ਜਾਵਾਂਗੀ। ਤੇਰੇ ਵਸਨੀਕ ਨੂੰ, ਤੇਰੀ ਔਲਾਦ ਨੂੰ ਮੇਰੇ ਤੋਂ ਕਦੇ ਵੀ ਡਰ ਨਹੀਂ ਲੱਗੇਗਾ। ਤੇਰਾ ਤੇ ਮੇਰਾ ਰਿਸ਼ਤਾ ਹਮੇਸ਼ਾਂ ਮਾਂ ਤੇ ਪੁੱਤ ਵਾਲਾ ਰਹੇਗਾ। ਕਿਉਂ ਹੁਣ ਤੇ ਖ਼ੁਸ਼ ਏਂ, ਹੋਰ ਮੰਗ ਲੈ ਜੋ ਤੇਰਾ ਦਿਲ ਕਰਦੈ, ਇਸ ਵੇਲੇ ਮੈਂ ਮੌਜ ਵਿਚ ਆਈ ਹੋਈ ਹਾਂ। ਇਸ ਪੱਤਣ ਦਾ ਜ਼ਿਕਰ ਭਾਰਤਵਰਸ਼ ਦੇ ਇਤਿਹਾਸ ਵਿਚ ਹੋਵੇਗਾ। ਲੋਕ ਦੂਰ ਦੂਰ ਤੋਂ ਇਸ ਪਿੰਡ ਨੂੰ ਵੇਖਣ ਆਇਆ ਕਰਨਗੇ। ਮਹਾਂ ਰਿਸ਼ੀ ਵਿਆਸ ਦੀ ਕਿਰਪਾ ਨੇ ਮੈਨੂੰ ਜਨਮ ਦਿੱਤਾ। ਬਿਆਸ ਰਿਸ਼ੀ ਨੇ ਇਥੇ ਈ ਵੇਦ ਦੀ ਰਚਨਾ ਕੀਤੀ। ਤੇਰੇ ਪਿੰਡ ਵਿਚ ਗਿਆਨੀ, ਮਹਾਂ-ਗਿਆਨੀ, ਬੁੱਧੀ-ਜੀਵੀ ਇਕੱਠੇ ਹੋਣਗੇ। ਇਕ ਝੁਰਮਟ ਜਿਹਾ ਲੱਗ ਜਾਊ। ਹਰ ਕਿਸਮ, ਹਰ ਤਰ੍ਹਾਂ ਤੇ ਹਰ ਕਸਬ ਦਾ ਉਸਤਾਦ ਤੇਰੀ ਚੌਖਟ ਤੇ ਸਜਦਾ ਕਰ,। ਮੇਰੀ ਮਿੱਤਰਤਾ ਵਿਚ ਰਤੀ ਭਰ ਵੀ ਫ਼ਰਕ

ਨਹੀਂ ਆਵੇਗਾ। ਅੱਛਾ ਰੱਬ ਰਾਖਾ! ਫੇਰ ਕਦੀ ਜਦੋਂ ਤੂੰ ਯਾਦ ਕਰੇਂਗਾ ਮੈਂ ਤੇਰੇ ਅੰਗ-ਸੰਗ ਰਹਾਂਗੀ। ਬਿਆਸਾ ਨਦੀ ਦੀ ਦੇਵੀ ਇਹ ਆਖ ਕੇ ਅਲੋਪ ਹੋ ਗਈ।

—ਰਾਹ ਖੇੜੇ, ਗਲੀਆਂ ਕੂਚੇ, ਡੰਡੀਆਂ, ਪਗਡੰਡੀਆਂ, ਚੁਰਾਹੇ, ਦੁਰਾਹੇ, ਬਜ਼ਾਰ, ਸੜਕਾਂ, ਸ਼ਾਹ ਰਾਹ ਕਾਫ਼ਲੇ ਤੇ ਸ਼ਾਹੀ ਫ਼ੌਜਾਂ ਦੇ ਦਸਤੇ ਸਭ ਗੱਲਾਂ ਕਰਦੇ ਹਨ।

—ਪੁਰਾਣੇ ਕੋਠੇ ਵੀ ਤੇ ਗੱਲਾਂ ਕਰਦੇ ਆਏ ਹਨ। ਪੁਰਾਣੇ ਥੇਹ, ਖੰਡਰ, ਟੁੱਟੇ ਫੁੱਟੇ ਕਿਲ੍ਹੇ, ਢੱਠੀਆਂ, ਹਵੇਲੀਆਂ, ਖ਼ੂਬਸੂਰਤ ਬਾਰਾਂ ਦਰੀਆਂ, ਮਹਿਲ-ਦੁਮਹਿਲੇ। ਸ਼ੀਸ਼ਾ ਜੜੇ ਮੋਤੀ ਮਹੱਲ, ਇਨ੍ਹਾਂ ਦੀਆਂ ਕਹਾਣੀਆਂ ਅਜੇ ਵੀ ਦੁਨੀਆਂ ਨੂੰ ਯਾਦ ਹਨ ਪਰ ਜਿਹੜਾ ਕੰਨ ਲਾ ਕੇ ਸੁਣਦਾ ਏ, ਇਹ ਉਨ੍ਹਾਂ ਨਾਲ ਪਿਆਰ ਵਿਚ ਆ ਕੇ ਗੱਲਾਂ ਕਰਦੇ ਹਨ। ਇਹੋ ਇਤਿਹਾਸ ਏ, ਏਸੇ ਤੇ ਸਾਰੀ ਦੁਨੀਆਂ ਦੀ ਤਾਰੀਖ਼ ਜਿਊਂਦੀ ਏ।

—ਝਾੜੀਆਂ ਨਾਲ, ਪੰਛੀਆਂ ਨਾਲ, ਜੀਵ-ਜੰਤ ਨਾਲ ਕੀੜੇ ਮਕੌੜੇ, ਜ਼ਬਾਨ ਵਾਲੇ, ਬੇ-ਜ਼ਬਾਨੇ ਸਾਰੇ ਈ ਗੱਲਾਂ ਕਰਦੇ ਹਨ। ਭਾਈ ਅਮਰ ਦਾਸ ਨੇ ਇਨ੍ਹਾਂ ਸਾਰਿਆਂ ਦੀ ਬੋਲੀ ਸਿੱਖ ਲਈ ਏ। ਕਿੰਨਾ ਕਿੰਨਾ ਚਿਰ ਇਨ੍ਹਾਂ ਨਾਲ ਗੱਲਾਂ ਕਰਦਾ ਰਹਿੰਦਾ ਏ। ਸਾਰੀ ਉਮਰ ਦਾ ਨਿਚੋੜ ਇਨ੍ਹਾਂ ਨੇ ਗੁਰੂ ਅਮਰ ਦਾਸ ਨੂੰ ਦੇ ਦਿੱਤਾ ਸੀ। ਭਾਈ ਨੂੰ ਆਪਣੀ ਜ਼ਿੰਦਗੀ ਦਾ ਜਿੰਨਾ ਵੀ ਤਜਰਬਾ ਸੀ ਉਹ ਭਾਂਡਾ ਦਿਨ-ਬਦਿਨ ਖ਼ਾਲੀ ਕਰੀ ਜਾ ਰਹੇ ਸਨ ਤੇ ਖ਼ਾਲੀ ਭਾਂਡੇ ਵਿਚ ਹੁਣ ਉਹ ਗੁਰੂ ਗਿਆਨ ਨੂੰ ਜਮ੍ਹਾਂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

—ਗਾਗਰ ਦੀ ਰਫ਼ਤਾਰ ਵਿਚ ਰਤੀ ਭਰ ਵੀ ਫ਼ਰਕ ਨਹੀਂ ਸੀ ਪਿਆ। ਕਦੀ ਵੇਲੇ ਸਿਰ ਅਮਰ ਦਾਸ ਉੱਠਦੇ, ਵੇਲੇ ਸਿਰ ਗਾਗਰ ਖਡੂਰ ਵਿਚ ਪੁੱਜ ਜਾਂਦੀ। ਕਦੀ ਗੁਰਾਂ ਨੂੰ ਇਕ ਮਿੰਟ ਵੀ ਇੰਤਜ਼ਾਰ ਕਰਨਾ ਨਹੀਂ ਸੀ ਪਿਆ। ਏਸ ਸੇਵਾ ਤੋਂ ਬਹੁਤ ਪ੍ਰਸੰਨ ਸਨ, ਗੁਰੂ ਅੰਗਦ ਦੇਵ। ਵਕਤ ਗੁਜ਼ਰ ਰਿਹਾ ਸੀ।

ਇਕ ਦਿਨ ਇਕ ਵਾਗੀ ਮੁੰਡੇ ਨੇ ਪਿੰਡ ਵਿਚ ਆਣ ਕੇ ਦੱਸਿਆ ਕਿ ਭਾਈ ਅਮਰ ਦਾਸ ਜੜੀਆਂ ਬੂਟੀਆਂ ਨਾਲ ਵੀ ਗੱਲਾਂ ਕਰਨ ਲੱਗ ਪਏ ਹਨ। ਬੂਟੀਆਂ ਆਪਣੇ ਗੁਣ ਦੱਸ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮੈਂ ਏਸ ਬਿਮਾਰੀ ਦੇ ਕੰਮ ਆਉਂਦੀ ਹਾਂ। ਮੇਰੇ ਵਿਚ ਇਹ ਕਮਾਲ ਏ, ਮੈਂ ਏਸ ਰੋਗ ਲਈ ਅਕਸੀਰ ਹਾਂ। ਮੈਨੂੰ ਇਸ ਤਕਲੀਫ਼ ਤੇ ਵਰਤੋ। ਮੈਂ ਸਾਰੇ ਕੋੜ੍ਹ ਕੱਢ ਦੇਵਾਂਗੀ। ਮੈਨੂੰ ਭਗਵਾਨ ਨੇ ਸ਼ਕਤੀ ਦਿੱਤੀ ਹੋਈ ਏ। ਮੈਂ ਕੋਈ ਕੋਹੜੀ ਨਹੀਂ ਰਹਿਣ ਦੇਵਾਂਗੀ। ਮੈਨੂੰ ਸਮਝੋ, ਮੇਰੇ ਗੁਣ ਸੁਣੋ ਤੇ ਮੇਰੇ ਪ੍ਰਹੇਜ਼ ਵੀ ਕਰੋ। ਮੈਂ ਧਨਵੰਤਰੀ ਦੀ ਭੈਣ ਹਾਂ। ਮੈਂ ਸੰਜੀਵਨੀ ਹਾਂ। ਮੈਨੂੰ ਭਗਵਾਨ ਰਾਮ ਨੇ ਲਕਸ਼ਮਣ ਮੂਰਛਾ ਤੇ ਵਰਤਿਆ ਸੀ। ਮੈਂ ਮੂਰਛਾ ਤੋੜ ਸਕਦੀ ਹਾਂ। ਭਾਵੇਂ ਕਿਸੇ ਨੂੰ ਅਗਨ-ਬਾਣ ਲੱਗਾ ਹੋਵੇ ਤੇ ਭਾਵੇਂ ਸ਼ਕਤੀ ਬਾਣ। ਮੈਨੂੰ ਘੋਟ ਕੇ ਲੇਪ ਕਰ ਦਿਓ, ਪਹਿਲਾਂ ਮੈਂ ਉਹਦੀ ਪੀੜ ਚੂਸ ਲੈਂਦੀ ਹਾਂ, ਫੇਰ ਜ਼ਖ਼ਮ, ਅੰਗੂਰ ਦੂਜੇ ਦਿਨ ਆ ਜਾਵੇਗਾ। ਜਦ ਤਕ ਲੋਕ ਮੇਰੀ ਸੇਵਾ ਕਰਦੇ ਰਹਿਣਗੇ, ਉਨਾ ਚਿਰ ਤਕ ਮੈਂ ਉਨ੍ਹਾਂ ਲਈ ਆਬੇ-ਹਯਾਤ ਹਾਂ। ਪਰ ਜਦੋਂ ਲੋਕਾਂ ਦਾ ਮੇਰੇ ਤੋਂ ਵਿਸ਼ਵਾਸ ਉੱਠ ਜਾਵੇਗਾ ਤਾਂ ਮੈਂ ਜ਼ਹਿਰ ਬਣ ਜਾਵਾਂਗੀ।

—ਇਕ ਦੂਜੇ ਵਾਗੀ ਨੇ ਦੱਸਿਆ, ਨਿਊਲੇ, ਸੱਪ, ਰਿੱਛ, ਬਘਿਆੜ, ਗਿੱਦੜ ਇਹ ਵੀ ਭਾਈ ਅਮਰ ਦਾਸ ਦੇ ਯਾਰ ਹਨ। ਇਨ੍ਹਾਂ ਨਾਲ ਵੀ ਮਿੱਤਰਤਾ ਦੀਆਂ ਗੱਲਾਂ ਹੁੰਦੀਆਂ ਹਨ। ਇਨ੍ਹਾਂ ਵਿਚਾਰਿਆਂ ਨੇ ਵੀ ਕਦੀ ਭਾਈ ਨੂੰ ਛੇੜਿਆ ਤਕ ਨਹੀਂ। ਰਾਤ ਬਰਾਤੇ, ਉਜਾੜ ਦੀਆਂ ਡੰਡੀਆਂ ਤੇ ਕਦੇ ਡਾਂਡੇ ਮੀਂਡੇ ਆਉਂਦੇ ਜਾਣਾ, ਪਰ ਫੇਰ ਵੀ ਕਦੇ ਕਿਸੇ ਜਾਨਵਰ ਇਨ੍ਹਾਂ ਦਾ ਰਾਹ ਨਹੀਂ ਰੋਕਿਆ, ਕੋਈ ਰਾਹ ਵਿਚ ਨਹੀਂ ਬੈਠਾ। ਇਹ ਬਾਬੇ ਦੇ ਪੱਕੇ ਯਾਰ ਹਨ।

—ਮੈਂ ਕਦੇ ਕਬਰਾਂ ਨਾਲ ਗੱਲਾਂ ਕਰਦਿਆਂ ਕਿਸੇ ਨੂੰ ਨਹੀਂ ਸੁਣਿਆ। ਪਰ ਮੈਂ ਇਹ ਵੀ ਵੇਖਿਆ ਏ ਕਿ ਕਿੰਨਾ ਕਿੰਨਾ ਚਿਰ ਭਾਈ ਅਮਰ ਦਾਸ ਕਬਰ ਦੇ ਸਰਹਾਣੇ ਬਹਿ ਕੇ ਗੱਲਾਂ ਕਰਦੇ ਤੇ ਗੁੜ੍ਹੀਆਂ ਪਾ ਕੇ ਬਹਿੰਦੇ ਹਨ। ਮੁਰਦੇ ਵੀ ਬੋਲਦੇ ਹਨ।

—ਹਵੇਲੀਆਂ, ਚੁਬਾਰੇ ਵੀ ਆਪਣੀ ਕਹਾਣੀ ਸੁਣਾਉਂਦੇ ਹਨ। ਉਹ ਗੱਲਾਂ ਜਿਹੜੀਆਂ ਉਨ੍ਹਾਂ ਆਪਣੇ ਸੀਨੇ ਵਿਚ ਲੁਕੋ ਕੇ ਰੱਖੀਆਂ ਹਨ, ਸਭ ਉਗਲੱਛ ਦਿੰਦੇ ਹਨ, ਫੇਰ ਉਹ ਇਤਿਹਾਸ ਬਣ ਜਾਂਦਾ ਏ।

—ਨਵੇਂ ਵੱਸਦੇ ਪਿੰਡ ਦੇ ਥੇਹ ਤੇ ਇਹੋ ਜਿਹੀਆਂ ਵਾਰਦਾਤਾਂ ਕਈ ਵਾਰ ਵਰਤੀਆਂ। ਮੁਸਲਮਾਨ ਉਨ੍ਹਾਂ ਨੂੰ ਪੀਰ ਮੰਨਣ ਲੱਗ ਪਏ ਹਨ। ਸਲਾਮ ਕਰਨ ਲੱਗ ਪਏ ਹਨ, ਆਉਂਦੇ ਜਾਂਦੇ। ਜੇ ਕਿਸੇ ਵਿਚ ਕੋਈ ਕਮਾਲ ਨਾ ਹੋਵੇ, ਤੇ ਕੌਣ ਕਿਸੇ ਨੂੰ ਮੱਥਾ ਟੇਕਦਾ ਏ।

—ਇਹ ਗੁਣਾਂ ਦੀ ਗੁੱਥਲੀ ਏ, ਇਹ ਗੁਣਾਂ ਦੀ ਖਾਣ, ਇਹ ਪਿਆਰ ਦਾ ਸੋਮਾ, ਇਹ ਮਿੱਠੇ ਖੂਹ ਦੇ ਪਾਣੀ ਵਰਗੇ ਬੋਲ ਸਾਰੇ ਜਣੇ ਸੁਣਦੇ ਹਨ, ਪਿਆਰ ਕਰਦੇ ਹਨ। ਅਮਰ ਦਾਸ ਕੋਈ ਰੱਬੀ ਦਾਤ ਏ, ਰੱਬੀ ਨੂਰ ਏ।

—ਅਮਰ ਦਾਸ ਹਰ ਇਕ ਦਾ ਯਾਰ ਏ, ਹਰ ਇਕ ਦਾ ਭਰਾ ਏ, ਹਰ ਇਕ ਦਾ ਮਿੱਤਰ ਏ। ਸਾਰੇ ਇਲਾਕੇ ਲਈ ਤੇ ਕੀ ਸਾਰੇ ਪੰਜਾਬ ਲਈ ਖ਼ੁਦਾਈ ਰਹਿਮਤ ਏ।

□□

੧੫

ਪਿੰਡ ਤੇ ਵੱਸ ਹੀ ਰਿਹਾ ਸੀ। ਗੋਇੰਦੇ ਦੀ ਸ਼ਰਧਾ ਭਾਈ ਅਮਰ ਦਾਸ ਤੇ ਏਨੀ ਵਧ ਗਈ ਸੀ ਕਿ ਉਸ ਆਪਣੀ ਮਰਜ਼ੀ ਨਾਲ ਕਿਸੇ ਨਾਲ ਕੋਈ ਸਲਾਹ ਕੀਤੇ ਤੋਂ ਬਗੈਰ ਕਿਸੇ ਦੇ ਕੰਨ ਵਿਚ ਉਸ ਵਾਲਾ ਵੀ ਨਾ ਪਾਇਆ, ਇਕ ਮਕਾਨ ਵੱਖਰਾ ਨਵੇਕਲੀ ਜਗ੍ਹਾ ਚੁਣ ਕੇ ਉਸਾਰਨਾ ਸ਼ੁਰੂ ਕਰ ਦਿੱਤਾ। ਭਾਵੇਂ ਉਜਾੜ ਸੀ, ਪਰ ਮਕਾਨ ਬਣ ਰਿਹਾ ਸੀ। ਆਮ ਜਨਤਾ ਤੇ ਸਾਧਾਰਨ ਲੋਕਾਂ ਦੀਆਂ ਨਜ਼ਰਾਂ ਘੱਟ ਹੀ ਓਧਰ ਉੱਠਦੀਆਂ ਸਨ,

ਕਿਉਂਕਿ ਹਰ ਕੋਈ ਇਹ ਜਾਣਦਾ ਸੀ ਕਿ ਸ਼ਾਹ ਅਤੇ ਸ਼ਾਹਣੀ ਨੇ ਆਪਣੇ ਲਈ ਮਕਾਨ ਬਣਾਇਆ ਸੀ। ਵੱਡਿਆਂ ਦੇ ਮਕਾਨ ਬਣਿਆ ਹੀ ਕਰਦੇ ਹਨ, ਕਦੋਂ ਤਿਆਰ ਹੋ ਜਾਂਦੇ ਹਨ ਤੇ ਕਦ ਉਹ ਵੱਸਣ ਲੱਗ ਪੈਂਦੇ ਹਨ, ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਹੁੰਦਾ। ਵੱਡਿਆਂ ਦੀਆਂ ਵੱਡੀਆਂ ਗੱਲਾਂ।

ਮਕਾਨ ਤਿਆਰ ਹੋ ਗਿਆ, ਉਹਦੀ ਰੀਸ ਬਰੀਸੀ ਉਹਦੇ ਲਾਗੇ ਦੋ-ਤਿੰਨ ਮਕਾਨ ਹੋਰ ਵੀ ਬਣ ਗਏ ਤੇ ਕਈਆਂ ਗ੍ਰਹਿ ਪ੍ਰਵੇਸ਼ ਵੀ ਕਰ ਲਿਆ। ਅਚਨਚੇਤ, ਅਚਾਨਕ ਬਾਸਰਕੇ ਤੋਂ ਭਾਈ ਅਮਰ ਦਾਸ ਦਾ ਟੱਬਰ ਵੀ ਉਸੇ ਪਿੰਡ ਵਿਚ ਆ ਗਿਆ। ਇਕ ਰਾਤ ਤਾਂ ਉਨ੍ਹਾਂ ਕਿਸੇ ਨਾ ਕਿਸੇ ਤਰ੍ਹਾਂ ਕੱਟੀ, ਦੂਜੇ ਦਿਨ ਕਿਸੇ ਨੇ ਸ਼ਾਹ ਦੇ ਕੰਨੀ ਗੱਲ ਜਾ ਪਾਈ।

ਇਤਲਾਹ ਭਾਈ ਜੀ ਨੂੰ ਮਿਲ ਗਈ ਸੀ ਤੇ ਉਨ੍ਹਾਂ ਆਖਿਆ, ਤੁਸਾਂ ਏਨੀ ਜਲਦੀ ਕਿਉਂ ਕੀਤੀ। ਅਜੇ ਤਕ ਤਾਂ ਇਥੇ ਸਿਰ ਲੁਕਾਉਣ ਦੀ ਕੋਈ ਜਗ੍ਹਾ ਵੀ ਨਹੀਂ। ਸਾਰਾ ਟੱਬਰ ਟੀਰ ਹੀ ਚੁੱਕ ਕੇ ਲਿਆਉਣ ਦੀ ਕੀ ਲੋੜ ਸੀ।

—ਜਿੱਥੇ ਤੁਸੀਂ ਰਾਤ ਕੱਟੋਗੇ, ਉਥੇ ਅਸੀਂ ਵੀ ਰਾਤ ਗੁਜ਼ਾਰ ਲਵਾਂਗੇ।

—ਮੇਰਾ ਤੇ ਕੋਈ ਟਿਕਾਣਾ ਈ ਨਹੀਂ, ਕਦੀ ਰਾਤ ਮੈਂ ਖਡੂਰ ਵਿਚ ਕੱਟਦਾ ਹਾਂ ਤੇ ਕਦੀ ਏਸ ਪਿੰਡ ਵਿਚ।

—ਤੁਹਾਡੇ ਲਈ ਮਕਾਨ ਬਣ ਗਿਆ ਏ, ਚਲੋ ਚਰਨ ਪਾਓ ਗੋਇੰਦਾ ਆਖ ਰਿਹਾ ਸੀ।

—ਅਜੇ ਮਸਾਂ ਮਸਾਂ ਵੀਹ ਕੁ ਮਕਾਨ ਤਿਆਰ ਹੋਏ ਹਨ। ਏਨੀ ਜਲਦੀ ਸਾਡੇ ਲਈ ਮਕਾਨ ਕਿੱਥੋਂ ਬਣ ਗਿਆ ਏ? ਉਹ ਸਾਰੇ ਦੇ ਸਾਰੇ ਮਕਾਨ ਵਪਾਰੀਆਂ ਦੇ ਬਣੇ ਹਨ। ਉਨ੍ਹਾਂ ਵਿਚਾਰਿਆਂ ਦਸੌਰ ਤੋਂ ਮਾਲ ਲਿਆਉਣਾ ਏ ਤੇ ਫੇਰ ਲਾਹੌਰ ਤੇ ਦਿੱਲੀ ਦੀ ਮੰਡੀ ਵਿਚ ਵੇਚਣਾ ਏ, ਉਨ੍ਹਾਂ ਨੂੰ ਰਾਤ ਕੱਟਣ ਲਈ ਬਸੇਰਾ ਚਾਹੀਦਾ ਏ।

—ਨਹੀਂ ਹਜ਼ੂਰ, ਤੁਹਾਡੇ ਲਈ ਮੈਂ ਮਕਾਨ ਪਹਿਲੇ ਦਿਨ ਈ ਸ਼ੁਰੂ ਕਰ ਦਿੱਤਾ ਸੀ।

ਹੱਥ ਜੋੜ ਕੇ, ਮਿੰਨਤਾਂ ਕਰ, ਚਾਈਂ ਚਾਈਂ, ਖੁਸ਼ੀ ਖੁਸ਼ੀ ਉਹ ਭਾਈ ਅਮਰ ਦਾਸ ਨੂੰ ਨਾਲ ਲੈ ਕੇ ਚਲੇ। ਆਖਣ ਲੱਗਾ ਗੋਇੰਦਾ, ਲਓ ਹਜ਼ੂਰ ਇਹ ਤੁਹਾਡੀ ਨਜ਼ਰ ਏ।

—ਇਹ ਤੇ ਗੋਇੰਦੇ ਸ਼ਾਹ ਦਾ ਮਕਾਨ ਏ, ਇਕ ਬੰਦੇ ਨੇ ਵਿਚੋਂ ਆਖਿਆ।

—ਇਹ ਗ਼ਲਤ ਏ, ਹਜ਼ੂਰ ਮੈਂ ਪਹਿਲੇ ਦਿਨ ਈ ਤੁਹਾਡਾ ਨੀਂਹ ਪਾਇਆ ਸੀ, ਇਹ ਸੰਕਲਪ ਕਰ ਕੇ ਇਹਦੀ ਨੀਂਹ ਪੁੱਟੀ ਸੀ।

ਹਜ਼ੂਰ ਨੇ ਪਰਵੇਸ਼ ਕੀਤਾ, ਚਾਰ ਚੁਫੇਰੇ ਨਜ਼ਰ ਮਾਰੀ, ਉੱਤੇ ਥੱਲੇ ਵੇਖਿਆ, ਵਿਹੜਾ ਮੋਕਲਾ, ਲੰਮਾ ਜਿਹਾ ਦਲਾਨ, ਸੁਫ਼ਾ ਤੇ ਮਗਰ ਕੋਠੜੀਆਂ। ਹੈਰਾਨ ਜਿਹੇ ਹੋ ਗਏ। ਮੇਰੇ ਲਈ ਏਡਾ ਵੱਡਾ ਮਕਾਨ।

—ਇਕ ਆਵਾਜ਼ ਉੱਭਰੀ, ਅਮਰ ਦਾਸ ਇਹ ਕੀ? ਨਫ਼ਰ ਲਈ ਏਡਾ ਵੱਡਾ ਮਕਾਨ? ਤੇਰਾ ਗੁਰੂ ਤੇ ਛੋਟੀ ਜਿਹੀ ਝੁੱਗੀ 'ਚ ਰਹਿੰਦਾ ਏ।

—ਦਿਲ ਨੂੰ ਖਾ ਗਈ ਉਹ ਆਵਾਜ਼। ਵਿਚੋ ਵਿਚ ਦਿਲ ਬੈਠ ਗਿਆ, ਜ਼ਰਾ

ਕੁ ਕਾਂਬਾ ਜਿਹਾ ਆਇਆ, ਇਕ ਠੰਡਾ ਹਉਕਾ ਭਰਿਆ ਅਮਰ ਦਾਸ ਨੇ ਆਖਿਆ ਅੱਗ ਲੱਗੇ ਦੇਸ ਮਕਾਨ ਨੂੰ ਜਿਹੜਾ ਵਿਤਕਰਾ ਪਾਵੇ ਗੁਰੂ ਤੇ ਸੇਵਕ ਵਿਚ।

—ਹਜ਼ੂਰ ਇਹ ਕੀ ? ਰੋਂਦਿਆਂ ਦੇ ਬੋਲ ਸਨ।

—ਸ਼ੀਸ਼ ਮਹੱਲਾਂ ਵਿਚ ਮੌਜ ਲਵੇ ਸੇਵਕ, ਤੇ ਗੁਰੂ ਝੁੱਗੀ 'ਚ ਰਾਤ ਗੁਜ਼ਾਰੇ।

ਸਾਖੀਕਾਰ ਆਖਦੇ ਹਨ ਕਿ ਮਕਾਨ ਦੀ ਛੱਤ ਨੂੰ ਓਸੇ ਵੇਲੇ ਅੱਗ ਲੱਗ ਗਈ, ਸਾਰੇ ਬਾਲੇ, ਸ਼ਤੀਰ ਸੜ ਬਲ ਕੇ ਕੋਲਾ ਹੋ ਗਏ। ਲੋਕਾਂ ਬਥੇਰੇ ਯਤਨ ਕੀਤੇ, ਮਣਾਂ-ਮੂੰਹੀਂ ਪਾਣੀ ਪਾਇਆ, ਗਾਗਰਾਂ ਤੇ ਘੜੇ ਪਾਣੀ ਦੇ ਢੋ ਕੇ ਹਾਵੇ ਹੋ ਗਏ। ਅੱਗ ਨਾ ਬੁਝੀ। ਸਾਰੇ ਬਾਲੇ ਸੜ ਕੇ ਮਕਾਨ ਦੇ ਅੰਦਰ ਆਣ ਪਏ। ਸਾਰਾ ਪਿੰਡ ਹੈਰਾਨ ਹੋ ਗਿਆ ਤੇ ਰੌਲਾ ਪੈ ਗਿਆ ਦਿਓ ਫਿਰ ਗਿਆ, ਚਲੋ ਨੱਠੋ ਭੂਤਨੇ ਆ ਗਏ। ਬਾਕੀ ਮਕਾਨਾਂ ਵਾਲਿਆਂ ਦੀ ਵੀ ਜਾਨ ਸੁੱਕ ਗਈ। ਵੇਹਰ ਆਏ ਕਿ ਆਏ ਭੂਤ। ਅੱਜ ਦਾਅ ਭਰਿਆ ਭੂਤਨਿਆਂ ਦਾ ਤੇ ਅੱਜ ਉਨ੍ਹਾਂ ਫਨਾਹ-ਫਿਲਾਹ ਮਚਾ ਦਿੱਤੀ ਏ। ਜਿੰਨ ਦਾ ਏਥੇ ਪੱਕਾ ਡੇਰਾ ਏ, ਜਿੰਨ ਇਥੋਂ ਨਹੀਂ ਜਾ ਸਕਦੇ।

—ਜਿੰਨ ਆਪਣੇ ਟਿਕਾਣੇ ਨਹੀਂ ਛੱਡਦੇ, ਇਨ੍ਹਾਂ ਨੂੰ ਬਖਸ਼ਸ਼ ਏ, ਆਵਾਜ਼ ਇਕ ਪਿੰਡ ਵਾਲੇ ਦੀ ਸੀ। ਹੁਣ ਚਿੰਤਾ ਪਈ ਭਾਈ ਅਮਰ ਦਾਸ ਨੂੰ। ਮੈਂ ਤੇ ਐਵੇਂ ਸੁਭੋਕੀ ਆਖਿਆ ਸੀ ਤੇ ਉਹ ਗੱਲ ਐਵੇਂ ਰੱਬੋਂ ਈ ਪੂਰੀ ਹੋ ਗਈ, ਇਹ ਬਹੁਤ ਵੱਡੀ ਗਲਤੀ ਹੋ ਗਈ। ਪਿੰਡ ਵੱਸਣ ਵਿਚ ਵਿਘਨ ਪੈ ਜਾਵੇਗਾ। ਹੁਣ ਕੀ ਕੀਤਾ ਜਾਵੇ। ਘਰ ਦੇ ਜੀਆ ਜੰਤ ਨੂੰ ਉਥੇ ਈ ਛੱਡ ਕੇ ਭਾਈ ਅਮਰ ਦਾਸ ਖਡੂਰ ਵੱਲ ਚਲ ਪਏ ਤੇ ਰਾਹ ਵਿਚ ਸੋਚਦੇ ਜਾ ਰਹੇ ਸਨ, ਕੀ ਆਖਾਂਗਾ ਗੁਰੂ ਮਹਾਰਾਜ ਨੂੰ ਅੱਗੇ ਵੀ ਦੋ ਵਾਰ ਤਾੜਨਾ ਕੀਤੀ ਸੀ ਗੁਰੂ ਮਹਾਰਾਜ ਨੇ ਤੇ ਇਕ ਗਲਤੀ ਹੋਰ ਬਿਨਾਂ ਸੋਚੇ ਸਮਝੇ ਈ ਹੋ ਗਈ ਏ। ਭਾਵੇਂ ਜਾਣ ਬੁੱਝ ਕੇ ਨਹੀਂ ਕੀਤੀ, ਪਰ ਹੋ ਤੇ ਗਈ।

ਜਾ ਹਾਜ਼ਰ ਹੋਇਆ ਅਮਰ ਦਾਸ ਗੁਰੂ ਦਰਬਾਰ ਵਿਚ, ਅਰਜ਼ ਕੀਤੀ, ਸਾਰੀ ਵਾਰਦਾਤ ਸੁਣਾਈ।

—ਗੁਰੂ ਮਹਾਰਾਜ ਬੋਲੇ ਅਮਰ ਦਾਸਾ ਤੇਰੀ ਜ਼ਬਾਨ ਤੇ ਹੁਣ ਸਰਸਵਤੀ ਆਣ ਬੈਠੀ ਏ, ਏਸ ਲਈ ਕੋਈ ਸ਼ਬਦ ਮੂੰਹੋਂ ਕੱਢਣ ਲੱਗਿਆਂ ਹੁਣ ਸੌ ਵਾਰ ਸੋਚਿਆ ਕਰ। ਤੇਰੇ ਅੰਦਰ ਹੁਣ ਚਾਨਣ ਹੋ ਗਿਆ ਏ।

—ਗਲਤੀ ਹੋ ਗਈ, ਭੁੱਲ ਗਿਆ, ਇਹ ਕਸੂਰ ਤੇ ਮਾਫ ਕਰੋ, ਇਹਨੂੰ ਤੇ ਸੰਭਾਲੋ, ਅੱਗੇ ਫੇਰ ਗਲਤੀ ਨਹੀਂ ਹੋਣ ਲੱਗੀ, ਬੋਲ ਅਮਰ ਦਾਸ ਦੇ ਸਨ।

—ਚਲੋ ਅਸੀਂ ਤੁਹਾਡੇ ਨਾਲ ਚਲਦੇ ਹਾਂ।

ਸਾਰੀ ਸੰਗਤ ਨਾਲ ਤਿਆਰ ਹੋ ਗਈ। ਗੁਰੂ ਤੇ ਸੇਵਕ ਦੋਵੇਂ ਜਾ ਰਹੇ ਸਨ। ਚਲਦਿਆਂ ਚਲਦਿਆਂ ਕਦੀ ਨਾ ਕਦੀ ਭਾਈ ਅਮਰ ਦਾਸ ਦੀ ਬਾਂਹ ਗੁਰੂ ਮਹਾਰਾਜ ਤੋਂ ਅੱਗੇ ਚਲੀ ਜਾਂਦੀ। ਇਕ ਦੋ ਵੇਰ ਤਾਂ ਖਿਆਲ ਨਾ ਕੀਤਾ, ਤੀਜੀ ਵਾਰ ਅਮਰ ਦਾਸ ਨੇ ਵੇਖਿਆ ਤੇ ਬੜਾ ਸ਼ਰਮਿੰਦਾ ਹੋਇਆ, ਬੜੀ ਸ਼ਰਮ ਆਈ। ਗੁਸਤਾਖੀ, ਏਨੀ ਵੱਡੀ ਬਗਾਵਤ, ਗੁਰੂ ਦੇ ਅੱਗੇ ਮੇਰੀ ਬਾਂਹ ਚਲੀ ਗਈ, ਇਹ ਹਨੇਰ ਏ, ਬਾਂਹ ਵੱਢ ਨਾ ਦਿੱਤੀ ਜਾਵੇ ਜਿਹੜੀ ਗੁਰੂ ਦਾ ਅਪਮਾਨ ਕਰੇ। ਪਰ ਹੁਣ ਤੇ ਚਲ ਰਹੇ ਸਨ ਗੁਰੂ ਸੇਵਕ, ਹੁਣ ਤੇ

ਇਹਨੂੰ ਸਜ਼ਾ ਦੇਵਾਂ, ਇਹ ਵਿਚਾਰ ਕਰ ਰਿਹਾ ਸੀ ਭਾਈ ਅਮਰ ਦਾਸ। ਭਾਈ ਅਮਰ ਦਾਸ
ਨੇ ਬਾਂਹ ਝੱਟ ਹੀ ਛਾਤੀ ਨਾਲ ਲਾ ਲਈ। ਚਲਦਿਆਂ ਚਲਦਿਆਂ ਹੁਣ ਬਾਂਹ ਹਿੱਲਣੋਂ
ਬੰਦ ਹੋ ਗਈ। ਤਾੜ ਲਿਆ ਜਾਣੀ ਜਾਣ ਨੇ।

—ਇਹ ਕੀ ਅਮਰ ਦਾਸਾ? ਏਸ ਵਿਚਾਰੀ ਨੂੰ ਏਨੀ ਕਰੜੀ ਸਜ਼ਾ ਕਿਉਂ?
ਪੁਰਖਾ ਏਸ ਵਿਚਾਰੀ ਨੇ ਤੇਰਾ ਕੀ ਵਿਗਾੜਿਆ ਏ? ਏਸ ਨੇ ਪਰਉਪਕਾਰ ਜਿਹੜੇ ਗੁਰੂ
ਘਰ ਲਈ ਕਰਨੇ ਨੇ ਉਹ ਬਹੁਤ ਵੱਡੇ ਹਨ। ਇਹਨੂੰ ਸਜ਼ਾ ਦੇਣਾ ਉਚਿਤ ਨਹੀਂ,
ਫ਼ਰਮਾਇਆ ਗੁਰੂ ਅੰਗਦ ਦੇਵ ਨੇ।

—ਮੇਰੇ ਅੰਗ ਜੇ ਹੁਣੇ ਗੁਸਤਾਖ਼ ਹੋ ਗਏ ਤਾਂ ਮੈਨੂੰ ਕਿਹੜੇ ਜੁਗ ਢੋਈ ਮਿਲੂ।

—ਨਹੀਂ ਪੁਰਖਾ, ਇਹ ਭੁੱਲ ਏ, ਏਸ ਵਿਚਾਰੀ ਦਾ ਕੋਈ ਕਸੂਰ ਨਹੀਂ। ਹਜ਼ੂਰ
ਨੇ ਆਪਣੇ ਕਰ ਕਮਲਾਂ ਨਾਲ ਬਾਂਹ ਬੱਲੇ ਕੀਤੀ ਤੇ ਫ਼ਰਮਾਇਆ ਤੜੱਕ ਫੜੱਕ ਫ਼ੈਸਲਾ
ਕਰਨਾ ਕੁਝ ਚੰਗੀ ਗੱਲ ਨਹੀਂ।

—ਮੈਂ ਭੁੱਲ ਗਿਆ, ਅੱਗੇ ਤੋਂ ਏਸ ਤਰ੍ਹਾਂ ਨਹੀਂ ਹੋਵੇਗਾ।

—ਚਲੋ ਜਲਦੀ ਚਲੋ ਕਿਤੇ ਪਿੰਡ ਈ ਸਾਡੇ ਜਾਣ ਤੋਂ ਪਹਿਲਾਂ ਖ਼ਾਲੀ ਨਾ ਹੋ
ਜਾਏ। ਵਹਿਮ ਦਾ ਕੋਈ ਇਲਾਜ ਨਹੀਂ, ਬੰਦੇ ਦਾ ਵਹਿਮ ਕੱਢਣਾ ਬਹੁਤ ਮੁਸ਼ਕਲ ਏ,
ਬੰਦੇ ਅੰਦਰੋਂ ਜਿੰਨ ਨਿਕਲ ਜਾਂਦਾ ਏ ਪਰ ਜੰਨ ਨਹੀਂ ਨਿਕਲਦਾ, ਜ਼ਰਾ ਪੈਰ ਪੁੱਟੋ ਗੁਰੂ
ਮਹਾਰਾਜ ਆਖ ਰਹੇ ਸਨ।

—ਸਾਰਾ ਪਿੰਡ ਇਕੱਠਾ ਹੋ ਗਿਆ। ਸਾਰਿਆਂ ਗੁਰੂ ਨੂੰ ਆਪਣੇ ਘੇਰੇ 'ਚ
ਲੈ ਲਿਆ।

—ਭੂਤ ਆ ਗਏ, ਭੂਤ ਆ ਗਏ, ਲੋਕਾਂ ਦੀਆਂ ਆਵਾਜ਼ਾਂ ਸਨ।

—ਕੁਝ ਨਹੀਂ, ਕਿਤੇ ਭੂਤ ਨਹੀਂ ਆਏ, ਅਮਰ ਦਾਸ ਈ ਰੱਬ ਦਾ ਯਾਰ
ਬਣ ਗਿਆ ਸੀ, ਤੁਸੀਂ ਐਵੇਂ ਪ੍ਰੇਸ਼ਾਨ ਹੋ ਗਏ ਸੀ। ਮੈਂ ਤੇ ਪਿੰਡ ਦਾ ਨਾਂ ਸੁਖ ਨਾਲ ਰੱਖਣ
ਆਇਆ ਹਾਂ, ਗੁੜ ਦੀਆਂ ਰਿਊੜੀਆਂ ਲਿਆਵੋ, ਲੱਡੂ ਵੰਡੋ, ਪਿੰਡ ਦਾ ਨਾਂ ਵਾਕ ਸਨ ਗੁਰੂ
ਦੇਵ ਦੇ। ਨਾਂ ਗੋਇੰਦਵਾਲ। ਗੋਂਦੇ ਸ਼ਾਹ ਦਾ ਨਾਂ ਜ਼ਿੰਦਾ ਰਹੇਗਾ ਕਿਉਂਕਿ ਏਸੇ ਦੇ ਉਦਮ
ਨਾਲ ਪਿੰਡ ਵੱਸਿਆ ਏ। ਅੱਜ ਤੋਂ ਇਹਨੂੰ ਗੋਇੰਦਵਾਲ ਦੇ ਨਾਂ ਨਾਲ ਸੱਦਿਆ ਕਰੋ।

ਗੋਇੰਦਵਾਲ, ਗੋਇੰਦਵਾਲ ਸਾਰੇ ਪਿੰਡ ਵਾਲਿਆਂ ਦੇ ਮੂੰਹ ਚੜ੍ਹ ਗਿਆ।

—ਕਿੱਥੇ ਦਿਓ ਫਿਰ ਗਿਆ ਏ? ਇਕ ਸਵਾਲ ਕੀਤਾ ਗੁਰੂ ਮਹਾਰਾਜ ਨੇ।

—ਓਸ ਮਕਾਨ ਤੇ, ਸ਼ਾਹ ਨੇ ਇਸ਼ਾਰਾ ਕਰ ਕੇ ਦੱਸਿਆ।

—ਕਿਹਦੇ ਲਈ ਬਣਾਇਆ ਸੀ, ਮਕਾਨ?

—ਅਮਰ ਦਾਸ ਹੁਰਾਂ ਲਈ।

—ਕਿਉਂ ਪਸੰਦ ਨਹੀਂ ਆਇਆ ਭਾਈ ਅਮਰ ਦਾਸ?

—ਏਨੇ ਵੱਡੇ ਮਕਾਨ ਵਿਚ ਮੈਂ ਕਿੱਦਾਂ ਰਹਿ ਸਕਦਾ ਹਾਂ।

—ਕਿਉਂ ਬਹੁਤ ਵੱਡੀ ਹਵੇਲੀ ਏ?

—ਐਵੇਂ ਜਿਹਾ ਮਕਾਨ ਏ, ਗਰੀਬੀ ਦਾਅਵੇ ਦਾ, ਗੋਂਦਾ ਆਖ ਰਿਹਾ ਸੀ।

—ਮੈਂ ਏਸ ਮਕਾਨ ਦੇ ਲਾਇਕ ਨਹੀਂ।

—ਕਿਉਂ ਵੱਡਾ ਏ ? ਛੱਡ ਓਏ ਪੁਰਖਾ, ਹੁਣ ਤੁਸਾਂ ਵੱਡਿਆਂ ਮਕਾਨਾਂ ਵਿਚ ਰਹਿਣਾ ਏ, ਜੇ ਤੁਸੀਂ ਵੱਡਿਆਂ ਮਕਾਨਾਂ ਵਿਚ ਨਾ ਰਹੋਗੇ ਤਾਂ ਨਵੀਂ ਬਣਨ ਵਾਲੀ ਕੌਮ ਛੋਟੀਆਂ ਕੋਠੜੀਆਂ 'ਚ ਰਹੂ ? ਹਿਰਦਾ ਖੁੱਲ੍ਹਾਂ ਕਰੋ, ਦਿਲ ਵਿਸ਼ਾਲ ਬਣਾਓ, ਤੁਸਾਂ ਹੁਣ ਖੁੱਲ੍ਹੇ ਖੁੱਲ੍ਹੇ, ਚੌੜੇ ਚੌੜੇ ਮੋਕਲੇ ਵਿਹੜਿਆਂ ਵਾਲੇ ਮਕਾਨ ਬਣਾਉਣੇ ਹਨ। ਇਹ ਤੁਹਾਡਾ ਫ਼ਰਜ਼ ਏ। ਐਵੇਂ ਦਿਲ ਛੋਟਾ ਨਹੀਂ ਕਰੀਦਾ, ਫ਼ਰਮਾਇਆ ਗੁਰੂ ਅੰਗਦ ਦੇਵ ਨੇ।

—ਤੁਹਾਡਾ ਹੁਕਮ ਸਿਰ ਮੱਥੇ, ਪਰ ਮੈਂ ਏਸ ਮਕਾਨ ਵਿਚ ਤੇ ਰਹਿ ਸਕਦਾ ਹਾਂ ਜੇ ਇਹਦੀ ਛੱਤ ਤੇ ਇਹੋ ਸੜੇ ਬਾਲੇ ਪਾਏ ਜਾਣ।

—ਜੇ ਤੂੰ ਏਸੇ ਤਰ੍ਹਾਂ ਈ ਰਾਜ਼ੀ ਏਂ ਤਾਂ ਏਦਾਂ ਈ ਸਹੀ। ਗੋਂਦੇ ਸ਼ਾਹ, ਭਾਈ ਸਾਹਿਬ ਦਾ ਦਿਲ ਮੈਲਾ ਨਾ ਹੋਣ ਦਿਓ। ਜਿੰਦਾਂ ਇਨ੍ਹਾਂ ਦੀ ਰਜ਼ਾ ਓਸੇ ਤਰ੍ਹਾਂ ਈ ਸਹੀ। ਉਸੇ ਮਕਾਨ ਵਿਚ ਸਾਰੀ ਰਾਤ ਬਾਣੀ ਦਾ ਕੀਰਤਨ ਹੁੰਦਾ ਰਿਹਾ ਤੇ ਅਗਲੇ ਦਿਨ ਗੁਰੂ ਮਹਾਰਾਜ ਖਡੂਰ ਚਲੇ ਗਏ।

—ਸਾਖੀਕਾਰ ਆਖਦੇ ਹਨ, ਸੜੇ ਬਾਲੇ ਤੇ ਸ਼ਤੀਰ ਪਾ ਕੇ ਮਕਾਨ ਦੀ ਛੱਤ ਪਾਈ ਤੇ ਉਸੇ ਦੇ ਉੱਤੇ ਚੁਬਾਰਾ ਪਾ ਦਿੱਤਾ ਚੁਬਾਰਾ ਵੀ ਉਹ ਜਿਹੜਾ ਦੂਰੋਂ ਨਜ਼ਰ ਆਵੇ।

—ਜਾਓ ਜਦੋਂ ਤਕ ਚੁਬਾਰਾ ਰਹੇਗਾ, ਪਿੰਡ ਨੂੰ ਕਦੇ ਅੰਜ਼ਾ ਵੀ ਨਹੀਂ ਲੱਗਣ ਲੱਗੀ, ਇਹ ਆਖਣ ਵਾਲਾ ਇਕ ਕੰਨ ਪਾਟਾ ਜੋਗੀ ਸੀ।

—ਜੋਗੀ ਰਾਜ ਤੁਹਾਡਾ ਮੱਠ ?

—ਸਾਡਾ ਮੱਠ ਬਣ ਰਿਹਾ ਏ, ਅਸੀਂ ਹੁਣ ਗੁਰੂ ਸੇਵਕ ਬਣ ਗਏ ਹਾਂ।

—ਖਡੂਰ ਵਿਚ ਲੋਕਾਂ ਆਪ ਸੁਣਿਆ, ਗੁਰੂ ਅੰਗਦ ਦੇਵ ਦੇ ਮੁਖਾਰਬਿੰਦ ਤੋਂ, ਆਖ ਰਹੇ ਸਨ ਧੰਨ ਸਿੱਖੀ, ਧੰਨ ਸੇਵਾ, ਧੰਨ ਘਾਲਣਾ।

□□

੧੬

ਲੱਕ ਲੱਕ ਹੋ ਗਏ ਬਾਜਰੇ, ਰੁੱਤ ਭੰਗੜੇ ਪਾਉਣ ਦੀ ਆਈ।

ਵਾਗੀ ਮੁੰਡੇ ਖਡੂਰ ਵਿਚ ਬੋਲੀਆਂ ਪਾ ਰਹੀਆਂ ਸਨ, ਕੁਝ ਮੌਸਮ ਹੀ ਬਦਲਿਆ ਹੋਇਆ ਜਾਪਦਾ ਸੀ। ਅੱਜ ਤੇ ਖਡੂਰ ਦੀ ਨੁਹਾਰ ਈ ਕੁਝ ਵੱਖਰੀ ਸੀ। ਹਵਾ ਵਿਚ ਖ਼ੁਸ਼ਬੂ ਸੀ, ਨਿੱਖਰੇ ਨਿੱਖਰੇ ਚਿਹਰੇ, ਜਵਾਨ ਜਹਾਨ ਮੁਟਿਆਰਾਂ, ਬਾਂਕੀਆਂ ਅੱਲੜ੍ਹ ਮੁਟਿਆਰਾਂ ਦੇ ਮੱਥਿਆਂ ਤੇ ਕੋਈ ਨੂਰ ਬਰਸਦਾ ਜਾਪਦਾ ਸੀ, ਰੁੱਤ ਬਦਲ ਰਹੀ ਸੀ, ਜੁੱਗ ਪਲਟ ਰਿਹਾ ਸੀ। ਜਵਾਨ ਜਹਾਨਾਂ ਨੇ ਟੋਲੀਆਂ ਬੰਨ੍ਹ ਲਈਆਂ। ਸਵੇਰ ਤੋਂ ਈ ਉਨ੍ਹਾਂ ਦੀ ਸਲਾਹ ਪੱਕੀ ਹੋ ਰਹੀ ਸੀ, ਵੇਖੋ ਅੱਜ ਬਿਜਲੀ ਕਿੱਥੇ ਡਿੱਗੇਗੀ। ਕਿਹਦਾ ਘਰ ਲੂਹੇਗੀ। ਗਭਰੂਆਂ ਨੇ ਆਪਣੇ ਹਾਣੀਆਂ ਨੂੰ ਸੱਦੇ ਦੇ ਦਿੱਤੇ, ਸਾਈਆਂ ਲਾ ਕੇ ਆਏ ਸਨ। ਪਿੰਡ ਦੇ ਥੜ੍ਹਿਆਂ ਉੱਤੇ ਰੌਣਕਾਂ ਸਨ, ਕੋਈ ਮੇਲਾ ਨਹੀਂ ਸੀ, ਕੋਈ ਛਿੰਝ ਨਹੀਂ ਸੀ ਪੈਣੀ, ਕੋਈ

ਜੱਥਾ ਤੀਰਥਾਂ ਨੂੰ ਨਹੀਂ ਸੀ ਲੰਘ ਰਿਹਾ। ਭਗਤਾਂ ਦੀਆਂ ਟੋਲੀਆਂ ਮਾਤਾ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਸਨ, ਇਹ ਖੁਸ਼ਖ਼ਬਰੀ ਇਕ ਮੁੰਡੇ ਨੇ ਆਣ ਕੇ ਸੁਣਾਈ।

—ਬੁੱਢੀਆਂ ਦੀਆਂ ਮਹਿਫ਼ਲਾਂ ਭਖੀਆਂ ਹੋਈਆਂ ਸਨ, ਗੱਲਾਂ ਛਿੜੀਆਂ ਸਨ ਗੁਰੂ ਘਰ ਦੀਆਂ, ਭਾਈ ਅਮਰ ਦਾਸ ਨੇ ਪਦਵੀ ਪਾ ਲੈਣੀ ਏ।

—ਸੇਵਾ ਵੀ ਕੀਤੀ ਤੇ ਨਿਸ਼ਕਾਮ, ਰੱਬ ਨੂੰ ਹੱਥ ਲਾ ਦਿੱਤਾ। ਸੇਵਾ ਕਰਨੀ ਕੋਈ ਅਮਰ ਦਾਸ ਤੋਂ ਸਿੱਖੇ।

—ਦਾਤੂ ਤੇ ਦਾਸੂ ਐਵੇਂ ਆਕੜਬਾਜ਼ ਸਨ। ਰਸ ਸਿਰਫ਼ ਉਹੋ ਚੂਸ ਲੈਂਦੇ ਹਨ, ਜਿਹੜੇ ਮਿੱਠੀ ਜੀਭ ਵਾਲੇ ਹਨ। ਜਿਵੇਂ ਜਿਵੇਂ ਬੇਰੀ ਫਲਦੀ ਏ ਤਿਵੇਂ ਤਿਵੇਂ ਨੀਵੀਂ ਹੁੰਦੀ ਜਾਂਦੀ ਏ, ਜਿਹੜਾ ਨੀਵਾਂ ਹੋਵੇ, ਉਸ ਪਾ ਲਿਆ।

—ਸਿਦਕਾਂ ਦੇ ਬੇੜੇ ਪਾਰ, ਨਿਸ਼ਚੇ ਨੂੰ ਫਲ ਲੱਗਦਾ ਏ।

—ਜਿਨ੍ਹਾਂ ਨੇ ਗੁਰੂ ਦਾ ਲੜ ਫੜ ਲਿਆ, ਪਾਰ ਉਤਰ ਗਿਆ।

—ਯਾਰਾਂ ਸਾਲ ਹੋ ਗਏ ਗਾਗਰ ਮੋਢੇ ਤੇ ਚੁੱਕੀ ਨੂੰ। ਕਦੀ ਤੇ ਗਾਗਰ ਭਰੇਗੀ, ਇਸ ਪਿੱਤਲ ਦੀ ਗਾਗਰ ਨੇ ਸੋਨੇ ਦੀ ਬਣ ਜਾਣਾ ਏ। ਮੂੰਹ ਜੋੜ ਜੋੜ ਕੇ ਗੱਲਾਂ ਕਰਨ ਵਾਲਿਆਂ ਨੇ ਕਹਾਣੀਆਂ ਦੇ ਮੁੱਢ ਬੰਨ੍ਹ ਦਿੱਤੇ। ਮੁੱਢ ਛੋਹਿਆ ਏ, ਚਰਖੇ ਦੇ ਤੱਕਲੇ ਤੇ ਤੰਦ ਪਾਉਣੀ। ਅਜੇ ਗੁਰੂ ਨਹੀਂ ਬਣਿਆ ਜੋ ਮੂੰਹੋਂ ਕੱਢਦਾ ਏ, ਪੱਥਰ ਤੇ ਲੀਕ ਬਣ ਜਾਂਦੀ ਏ, ਜੇ ਗੁਰੂ ਬਣ ਗਿਆ ਤਾਂ ਸਾਰੀ ਪੰਜਾਬ ਨੇ ਇਹਦੀ ਸਰਦਲ ਤੇ ਸਿਰ ਝੁਕਾਉਣਾ ਏ।

ਮਹੀਨਾ ਚੜ੍ਹਨ ਵਾਲਾ ਸੀ, ਦਿਨੇ ਸੰਗਰਾਂਦ ਸੀ, ਸੰਗਤਾਂ ਜੁੜਨੀਆਂ ਸ਼ੁਰੂ ਹੋ ਗਈਆਂ ਖਡੂਰ ਵਿਚ। ਮੇਲਾ ਜਿਹਾ ਆਪੇ ਈ ਭਰ ਗਿਆ।

ਦਿਨ ਚੜ੍ਹਿਆ, ਇਸ਼ਨਾਨ ਧਿਆਨ ਤੋਂ ਬਾਅਦ, ਭਾਈ ਅਮਰ ਦਾਸ ਵੀ ਦੀਵਾਨ ਵਿਚ ਆਣ ਬੈਠੇ। ਗੁਰਾਂ ਆਸਣ ਆਣ ਜਮਾਇਆ। ਭਗਤਾਂ ਦਾ ਹਜੂਮ ਇਕੱਠਾ ਹੋ ਗਿਆ। ਅੱਜ ਫੇਰ ਮੀਂਹ ਵਰ੍ਹਨਾ ਸੀ ਸਿਰੋਪਿਆਂ ਦਾ। ਬਾਬਾ ਬੁੱਢਾ ਜੀ ਅੱਜ ਆਪੇ ਈ ਮਹੀਨਾ ਸੁਣਾਉਣ ਲਈ ਉੱਠ ਖਲੋਤੇ, ਉਨ੍ਹਾਂ ਸੰਗਤਾਂ ਦੇ ਕਲੇਜੇ ਠੰਢ ਪਾ ਦਿੱਤੀ—

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆ ਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥

ਰਾਤਾਂ ਸਰਦ ਸਿਆਲੀਆਂ ਸਨ, ਧੁੱਪ ਵਿਚ ਸਰੀਰ ਪੰਘਰਦਾ ਸੀ, ਜੁੱਸੇ ਵਿਚ ਗਰਮੀ ਆਉਂਦੀ, ਰਾਤ ਦੀ ਉਡੀਕ ਵਿਚ ਝਾਂਜਰਾਂ ਨੂੰ ਚਾਅ ਚੜ੍ਹ ਰਿਹਾ ਸੀ। ਕੋਡਾਂ ਤੇ ਘੁੰਗਰੂ ਆਪੇ ਈ ਬੁੜ੍ਹਕ ਬੁੜ੍ਹਕ ਪੈਂਦੀਆਂ ਸਨ, ਪਤਾ ਨਹੀਂ ਕੀ ਹੋਣ ਵਾਲਾ ਸੀ, ਮੌਸਮ ਬਦਲ ਗਿਆ।

□□

—ਸੂਰਜ ਢਲਦਿਆਂ ਹੀ ਆਕਾਸ਼ ਨੂੰ ਬਦਲੀਆਂ ਨੇ ਘੇਰ ਲਿਆ, ਕਿਣ ਮਿਣ ਹੋਣ ਲੱਗ ਪਈ। ਕਾਲੀ ਬੋਲੀ ਰਾਤ ਦੇ ਦੇਵਤੇ ਦੀਆਂ ਫੌਜਾਂ ਚੜ੍ਹ ਪਈਆਂ। ਬਦਲ ਗਜਿਆ, ਬਿਜਲੀ ਕੜਕੀ, ਝਖੜ ਝੁਲਿਆ, ਹੱਥ ਦੂਜੇ ਹੱਥ ਨੂੰ ਨਹੀਂ ਸੀ ਲਾਭ ਸਕਦਾ। ਸੁੰਨਸਾਨ ਗਲੀਆਂ, ਬੂਹੇ ਬੰਦ, ਕਿਤੇ ਕੁੱਤਾ ਵੀ ਭੌਂਕਦਾ ਦਿਖਾਈ ਨਹੀਂ ਸੀ ਦਿੰਦਾ। ਸਾਰੀ ਕਾਇਨਾਤ ਆਪਣੇ ਅੰਦਰੀਂ ਵੜੀ ਹੋਈ ਸੀ। ਬਿਰਧ ਅਵਸਥਾ, ਕੰਬਦੇ ਹੱਥ, ਡੋਲਦਾ ਸਰੀਰ, ਡਗਮਗਾਉਂਦੇ ਕਦਮ, ਸਿਰ ਤੇ ਝੂਮਦਾ ਘੜਾ ਤੇ ਘੜੇ ਵਿਚ ਹਿਚਕੋਲੇ ਖਾਂਦਾ ਪਾਣੀ। ਇਸ ਹਨੇਰੀ ਰਾਤ ਵਿਚ ਭਾਈ ਅਮਰ ਦਾਸ ਦੇ ਕਈ ਵਾਰ ਪੈਰ ਉਖੜੇ। ਕਈ ਵਾਰ ਡੋਲਿਆ, ਪਰ ਅੱਧੀ ਰਾਤ ਵੇਲੇ ਈ ਇਕ ਗਾਗਰ ਵਾਲਾ ਰੋਜ਼ ਦਾ ਰਾਹੀ ਗਾਗਰ ਚੁਕੀ ਆ ਰਿਹਾ ਸੀ ਬਿਆਸਾ ਨਦੀ ਤੋਂ, ਉਸ ਖਡੂਰ ਜਾਣਾ ਸੀ। ਭਾਈ ਨੇ ਸੋਚਿਆ, ਅਜ ਰਸਤਾ ਈ ਲੰਮਾ ਹੋ ਗਿਆ ਏ, ਅੱਖੀਂ ਵਿਚ ਝੌਲੇ ਪੈ ਰਹੇ ਹਨ, ਰਾਹ ਖੇੜਾ ਈ ਨਜ਼ਰ ਨਹੀਂ ਆ ਰਿਹਾ। ਹਨੇਰ ਰੱਬ ਦਾ, ਕੋਈ ਮੇਰਾ ਯਾਰ ਆਵਾਜ਼ ਵੀ ਨਹੀਂ ਦੇਂਦਾ। ਬਿਜਲੀ ਦੀ ਕੜਕ ਸੁਣਾਈ ਦੇਂਦੀ ਏ ਤੇ ਜਾਂ ਝਖੜ ਦੇ ਥਪੇੜੇ। ਮੋਟੀਆਂ ਮੋਟੀਆਂ ਮੱਕੀ ਦੇ ਦਾਣਿਆਂ ਵਰਗੀਆਂ ਕਣੀਆਂ ਜਾਂ ਠੰਢੀ ਹਵਾ ਦਾ ਝੌਂਕਾ, ਕੀ ਅਜ ਮੰਜ਼ਲ ਹੋਰ ਹੀ ਹੋ ਗਈ ਜਾਪਦੀ ਏ। ਦਾਤਾ ਕੀ ਮੈਂ ਅੱਜ ਮੰਜ਼ਿਲ ਤੇ ਪੁਜ ਜਾਵਾਂਗਾ ? ਪਤਾ ਨਹੀਂ ਰਾਤ ਕਿੰਨੀ ਕੁ ਲੰਘ ਗਈ ਏ, ਤੇ ਕਿਤੇ ਤਾਰਾ ਵੀ ਨਜ਼ਰ ਨਹੀਂ ਆਉਂਦਾ। ਕੋਈ ਕਿਸ ਤਰ੍ਹਾਂ ਅੰਦਾਜ਼ਾ ਲਗਾਵੇ ਦਿਨ ਚੜ੍ਹਨ ਦੇ। ਬੋਲ ਹੀਰਿਆ ਕੁਕੜਾ, ਬੋਲ ਸੱਜਣਾ ਤੂੰ ਏ ਬੋਲ, ਅਜੇ ਦਿਨ ਕਿੰਨੇ ਕੁ ਚਿਰ ਨੂੰ ਚੜ੍ਹਨਾ ਏ ? ਬੀਬਾ ਤੂੰ ਏਂ ਤਾਂ ਦਿਨ ਚੜ੍ਹਾਉਣ ਵਾਲਾ ਏਂ। ਰਾਤ ਹਨੇਰੀ, ਗਹਿਰੀ, ਖੌਫ਼ਨਾਕ ਹਨੇਰੀ, ਮੀਂਹ ਤੇ ਫੇਰ ਉਤੇ ਠੰਢ ਅੱਜ ਮੇਰਾ ਗੁਰੂ ਮੈਨੂੰ ਮੇਰੀ ਮੰਜ਼ਿਲ ਤੇ ਪੁਚਾ ਦੇਵੇ। ਮੈਂ 'ਬਲਿਹਾਰੀ ਗੁਰ ਆਪਣੇ', ਭਾਈ ਅਮਰ ਦਾਸ ਦੇ ਪੈਰ ਡੋਲ ਰਹੇ ਸਨ, ਗਾਗਰ ਥਿੜਕ ਰਹੀ ਸੀ, ਸਾਂ ਸਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਮੇਰੇ ਰੋਜ਼ ਦੀਆਂ ਸਾਥਣਾਂ, ਡੰਡੀਆਂ ਵੀ ਤੇ ਰਾਹ ਨਹੀਂ ਦਸਦੀਆਂ। ਮੈਨੂੰ ਤੇ ਅਜ ਇਹ ਵੀ ਪਤਾ ਨਹੀਂ ਲੱਗ ਰਿਹਾ ਕਿ ਮੈਂ ਕਿਥੇ . ਕੁ ਹਾਂ। ਮੇਰੀ ਮੰਜ਼ਿਲ ਕਿੰਨੀ ਕੁ ਦੂਰ ਏ ? ਬਿਜਲੀ ਚਮਕਦੀ ਏ ਤੇ ਜ਼ਰਾ ਕੁ ਚਾਨਣ ਹੁੰਦਾ ਏ, ਐਵੇਂ ਦਰਖ਼ਤ ਦਾ ਝੌਲਾ ਜਿਹਾ ਪੈਂਦਾ ਏ ਤੇ ਫੇਰ ਅਲੋਪ ਹੋ ਜਾਂਦੈ। ਨਹੀਂ ਕੁਝ ਨਹੀਂ, ਇਹ ਪ੍ਰਭੂ ਅੱਜ ਕੀ ਲੀਲ੍ਹਾ ਵਰਤਾ ਰਿਹਾਏ, ਕਿਤੇ ਯੁਗ ਤੇ ਨਹੀਂ ਬਦਲ ਰਿਹਾ। ਇੰਦਰਾ ਦੇਵਤੇ ਦੀ ਕਿਤੇ ਸਵਾਰੀ ਤੇ ਨਹੀਂ ਲੰਘਣ ਵਾਲੀ ? ਅੱਜ ਜ਼ਰੂਰ ਕੁਝ ਹੋਣ ਵਾਲਾ ਏ, ਇਹ ਤੂਫ਼ਾਨ ਜ਼ਰੂਰ ਕੁਝ ਰੰਗ ਲਿਆਵੇਗਾ, ਇਸ ਮੀਂਹ ਦੀ ਬੁਕਲ ਵਿਚ ਜ਼ਰੂਰ ਕੋਈ ਰਾਜ਼ ਏ। ਮੇਰਾ ਗੁਰੂ ਕਿਤੇ ਜਾਗ ਨਾ ਪਿਆ ਹੋਵੇ। ਗੁਰੂ ਦੀ ਕਿਤੇ ਬਿਰਤੀ ਖੁਲ੍ਹ ਨਾ ਹੋ ਗਈ ਹੋਵੇ, ਕਿਤੇ ਮੈਨੂੰ ਕੁਵੇਲਾ ਨਾ ਹੋ ਗਿਆ ਹੋਵਾਂ, ਮੈਨੂੰ ਦੇਰ ਨਾ ਹੋ ਜਾਵੇ, ਮੇਰੇ ਗੁਰੂ ਨੂੰ ਉਡੀਕਣਾ ਨਾ ਪਵੇ, ਨਰਾਜ਼ ਨਾ ਹੋਵੇ ਮੇਰਾ

ਗੁਰੂ। ਅੱਛਾ ਗੁਰੂ ਈ ਲਾਜ ਰੱਖਣ ਵਾਲਾ ਏ। ਗਾਗਰ ਹਿਚਕੋਲੇ ਖਾ ਰਹੀ ਸੀ, ਪਰ ਡਗਮਗਾ ਰਹੇ ਸਨ। ਬੁੱਢੇ ਸਰੀਰ ਵਿਚ ਠੰਡ ਨੇ ਝੁਨਝੁਨਾਹਟ ਪੈਦਾ ਕਰ ਦਿਤੀ, ਪਰ ਧੰਨ ਸੀ ਮੇਰਾ ਗੁਰੂ ਓਸ ਹਿੰਮਤ ਨਾ ਹਾਰੀ। ਓਸ ਦਿਲ ਨਾ ਛੱਡਿਆ, ਉਹਦਾ ਹੌਸਲਾ ਬੁਲੰਦ ਸੀ, ਉਹਦਾ ਜਜ਼ਬਾ ਬਲਵਾਨ ਸੀ, ਉਹਦਾ ਨਿਸਚਾ ਅਟੱਲ ਸੀ। ਉਹ ਆਪਣੀ ਵਲੋਂ ਮੂੰਹ ਸਿਧਾ ਕਰ ਕੇ ਚਲਿਆ ਸੀ, ਪਰ ਹੁਣ ਦਾ ਅੰਦਾਜ਼ਾ ਉਹਨੂੰ ਭੁਲੇਖਾ ਪਾਊ ਜਾਪਿਆ, ਭਾਈ ਨੇ ਇਕ ਵਾਰ ਫੇਰ ਸੋਚਿਆ ਕਿਤੇ ਰਾਹ ਨਾ ਭੁਲ ਗਿਆ ਹੋਵਾਂ? ਕਿਤੇ ਹੋਰ ਰਸਤੇ ਨਾ ਪੈ ਜਾਵਾਂ, ਬਸ ਫੇਰ ਓਸ ਇਕ ਵੇਰਾਂ ਆਪਣੇ ਦਿਮਾਗ ਤੇ ਜ਼ੋਰ ਦਿੱਤਾ ਤੇ ਸੋਚਿਆ ਮੇਰਾ ਰਾਹ ਤੇ ਇਕੋ ਈ ਏ, ਉਹੋ ਹੀ ਟੋਏ, ਉਹੋ ਝਾੜੀਆਂ, ਉਹੋ ਦਰਖ਼ਤ, ਪਹਿਆ ਵੀ ਉਹੋ ਈ ਤੇ ਫੇਰ ਰਾਹ ਭੁਲਣ ਦਾ ਕੰਮ? ਪਰ ਮੈਨੂੰ ਚਲਦਿਆਂ ਦੋ ਪੈਰ ਹੋ ਗਏ ਹਨ, ਰਾਹ ਕਿਉਂ ਨਹੀਂ ਮੁਕਦਾ? ਅੱਜ ਕੁਝ ਜ਼ਰੂਰ ਹੋਣ ਵਾਲਾ ਏ। ਖਡੂਰ ਮੱਕੇ ਜਿਡਾ ਦੂਰ ਹੋ ਗਿਆ ਏ। ਬਿਆਸਾ ਈ ਵਲਿਖ ਤੇ ਚਲੀ ਗਈ ਏ? ਕੀ ਹੋ ਗਿਆ ਏ? ਕੀ ਹੋ ਗਿਆ ਏ? ਇਹ ਹਨੇਰੀ ਰਾਤ ਕੀ ਚੰਨ ਚੜ੍ਹਾਏਗੀ। ਚਲ ਓਏ ਮਨਾਂ ਚਲਾ ਚਲ, ਕਦੀ ਤਾਂ ਮੰਜ਼ਿਲ ਆਵੇਗੀ। ਮੈਨੂੰ ਜਾਪਦਾ ਏ ਕਿ ਅੱਜ ਮੈਂ ਵਕਤ ਤੋਂ ਪਹਿਲਾਂ ਈ ਉਠ ਖਲੋਤਾ ਹਾਂ, ਰਾਤ ਦਾ ਅੰਦਾਜ਼ਾ ਵੀ ਤੇ ਨਹੀਂ ਨਾ ਲੱਗਾ। ਦੋ ਪਹਿਰ ਹੋ ਗਏ ਨੇ ਬਿਆਸਾ ਤੋਂ ਚਲਿਆਂ। ਵੇਖੋ ਕੁਦਰਤ ਦੀ ਕਰਾਮਾਤ, ਕੋਈ ਰਾਹੀ ਨਹੀਂ, ਕੋਈ ਸਾਥੀ ਨਹੀਂ, ਕੋਈ ਹਮਸਾਇਆ ਨਹੀਂ, ਕੋਈ ਯਾਰ ਨਹੀਂ, ਜਿਹੜਾ ਆਵਾਜ਼ ਦੇਵੇ। ਇਮਤਿਹਾਨ ਏ, ਜੇ ਅੱਜ ਹਿੰਮਤ ਹਾਰ ਗਿਆ ਤਾਂ ਬਾਰਾਂ ਸਾਲ ਗਏ ਭੰਗ ਦੇ ਭਾੜੇ। ਕੋਈ ਆਵਾਜ਼ ਤੇ ਦਿਓ ਮੇਰੇ ਸਾਥੀਓ, ਮੈਂ ਤੁਹਾਨੂੰ ਰੋਜ਼ ਆਵਾਜ਼ਾਂ ਦਿੰਦਾ ਹਾਂ, ਅੱਜ ਮੈਂ ਕੱਲਾ ਹਾਂ, ਅੱਜ ਮੇਰਾ ਕੋਈ ਸਾਥੀ, ਕੌਣ ਕਿਸੇ ਦਾ ਸਾਥੀ ਏ, ਕੌਣ ਕਿਸੇ ਦਾ ਯਾਰ ਏ। ਬੰਦਾ ਕੱਲਾ ਆਇਆ ਤੇ ਕੱਲੇ ਨੇ ਜਾਣਾ ਏ। ਅੱਜ ਦੀ ਰਾਤ ਤੇ ਮੁੱਕਣ ਦਾ ਨਾਂ ਈ ਨਹੀਂ ਲੈਂਦੀ, ਭਾਈ ਅਮਰਦਾਸ ਸੋਚ ਰਹੇ ਸਨ।

ਏਸ ਡਰਾਉਣੀ ਰਾਤ ਵਿਚ ਅਚਨਚੇਤ ਠੇਡਾ ਲੱਗਾ ਤੇ ਡਿਗ ਪਏ, ਭਾਈ ਅਮਰ ਦਾਸ ਟੋਏ ਵਿਚ, ਗੋਡਾ ਤੇ ਨਾ ਟੁੱਟਾ, ਪਰ ਪਿੰਨੀਆਂ ਪੱਛੀਆਂ ਗਈਆਂ, ਖ਼ੂਨ ਖ਼ੂਨ ਹੋ ਗਿਆ ਗੋਡਾ, ਪਰ ਧੰਨ ਸਿਦਕ, ਗਾਗਰ 'ਚੋਂ ਤੁਪਕਾ ਪਾਣੀ ਦਾ ਨਾ ਡਿਗਣ ਦਿੱਤਾ ਧਰਤੀ ਉਤੇ, ਸਭ ਕੁਝ ਆਪਣੇ ਉਤੇ ਝਲ ਲਿਆ। ਰਾਤ ਹਨੇਰੀ ਅੱਖੀਂ ਕੁਝ ਲਭਦਾ ਨਹੀਂ ਸੀ, ਹਥ ਪਰ ਮਾਰੇ, ਅੰਦਾਜ਼ਾ ਲਾਇਆ, ਇਹ ਕਿਹੜੀ ਜਗ੍ਹਾ ਹੋ ਸਕਦੀ ਏ, ਖੜਾਕ ਤੇ ਹੋਣਾ ਈ ਸੀ, ਖ਼ੂਬ ਖੜਕਾ ਹੋਇਆ ਤੇ ਘਰ ਵਾਲੇ ਜਾਗ ਪਏ।

—ਚੋਰ ਚੋਰ ਚੋਰ, ਇਹ ਆਵਾਜ਼ ਆਈ ਤੇ ਇਹ ਆਵਾਜ਼ ਘਰ ਦੇ ਮਾਲਕ ਦੀ ਸੀ।

—ਬਹਿ ਜਾਵੋ, ਐਵੇਂ ਅਬੜਵਾਹੇ ਨਹੀਂ ਉਠੀਦਾ, ਕੋਈ ਚੋਰ ਨਹੀਂ, ਸਾਧ ਏ, ਸਾਡੇ ਘਰੋਂ ਕਿਸੇ ਨੇ ਕੀ ਲੈ ਜਾਣਾ ਏ, ਇਥੋਂ ਦਿਨੇ ਕੁਝ ਨਹੀਂ ਲਭਦਾ, ਰਾਤੀਂ ਇਥੇ ਕੀ ਖੇਹ ਖਾਣੀ ਕਿਸੇ ਨੇ? ਕੋਈ ਡਿਗ ਪਿਆ ਹੋਣਾ ਏ, ਰਾਹੀ, ਮੁਸਾਫ਼ਰ, ਘਰ ਦੀ ਮਾਲਕਣ ਆਖਣ ਲਗੀ।

—ਏਸ ਵੇਲੇ ਰਾਹੀ ਮੁਸਾਫ਼ਰ ਦਾ ਕੀ ਕੰਮ, ਅੰਨ੍ਹੀ ਹਨੇਰੀ ਏ, ਝਖੜ ਦਾ

ਰਾਖਸ਼ਸ਼, ਡਮਰੂ ਵਜਾ ਰਿਹਾ ਏ, ਮੀਂਹ ਦਾ ਕੋਈ ਹਿਸਾਬ ਨਹੀਂ, ਪਰਨਾਲੇ ਵਗ ਰਹੇ ਹਨ, ਦਰਿਆ ਵਗ ਰਿਹਾ ਏ, ਗਲੀਆਂ ਵਿਚ।

—ਤੁਸੀਂ ਤੇ ਵਿਹਲੇ ਓ, ਦੁਨੀਆਂ ਤੇ ਕੰਮ ਵਾਲੀ ਏ।

—ਠਾਂਹ ਬੈਠ, ਐਵੇਂ ਬੜ ਬੜ ਕਰਦੀ ਜਾਹ ਰਹੀ ਏਂ, ਚੋਰ, ਸਾਡੀ ਖੱਡੀ ਪੁਟਣ ਆਇਆ ਏ।

—ਖੱਡੀ-ਵੇਚ ਕੇ ਕਿਹੜੀ ਪੰਡ ਦਾਣਿਆਂ ਦੀ ਵੱਟ ਲੈਣੀ ਸੂ ?'

—ਸਾਰੀ ਰਾਤ ਕਿਤੇ ਸੰਨ੍ਹ ਮਾਰ ਨਹੀਂ ਸਕਿਆ ਹੋਣਾ, ਜਾਂਦੀ ਵਾਰ ਸੋਚਿਆ ਹੋਣਾ ਸੂ, ਜਾਂਦੇ ਚੋਰ ਦੀ ਲੰਗੋਟੀ ਹੀ ਸਹੀ, ਜੋ ਮਿਲਦਾ ਉਹੋ ਲੈ ਚਲੋ। ਉਹ ਉਠ ਕੇ ਬਹਿ ਗਿਆ ਤੇ ਓਸ ਡਾਂਗ ਕੱਢ ਲਈ।

—ਕਿਧਰ ਚਲੇ ਓ ? ਡਾਂਗ ਲੈ ਕੇ, ਕਪੜੇ ਭਿਜ ਜਾਣਗੇ, ਤੇ ਫੇਰ ਪਾਓਗੇ ਕਿਹੜੇ, ਦੂਜੇ ਹੈ ਵੀ ਤੇ ਨਹੀਂ, ਅਰਮਾਨ ਨਾਲ ਬੈਠੋ, ਚੋਰ ਕੋਈ ਨਹੀਂ।

—ਚੋਰ ਨਹੀਂ ਤੇ ਹੋਰ ਸਾਧ ਏ ? ਏਸ ਵੇਲੇ ਪਿੰਡ ਦੇ ਘਰ ਢੂਕਣ ਆ ਗਿਆ ਏ।

—ਹੋਣੈ ਅਮਰੂ ਨਥਾਵਾਂ।

—ਭਾਈ ਅਮਰ ਦਾਸ ਨੇ ਸੁਣਿਆ ਤੇ ਵਿਚੇ ਵਿਚ ਪੀ ਗਿਆ, ਵਿਚਾਰੇ ਦੀ ਕਿੱਲੀ ਟੁਟ ਗਈ, ਜਦੋਂ ਕਿਸੇ ਦਾ ਨੁਕਸਾਨ ਕਰੀਏ, ਜੋ ਉਹਦੇ ਮੂੰਹ ਆਵੇ ਆਖੇ, ਉਹਦਾ ਹੱਕ ਏ।

—ਅਮਰੂ ਨਿਥਾਵਾਂ ਕਿਸ ਤਰ੍ਹਾਂ ਹੋ ਸਕਦਾ ਏ ? ਏਨਾ ਮੀਂਹ, ਏਨੀ ਹਨੇਰੀ ? ਏਨੇ ਝਖੜ 'ਚ ਉਹਦਾ ਕੀ ਕੰਮ।

—ਉਹ ਤੇ ਰੋਜ਼ ਈ ਅੱਧੀ ਰਾਤੀਂ ਗਾਗਰ ਭਰਨ ਬਿਆਸਾ ਤੇ ਜਾਂਦਾ ਏ। ਤੇ ਰਾਤੀਂ ਤਾਰਿਆਂ ਦੀ ਲੋਏ ਲੋਏ ਵਾਪਸ ਆ ਜਾਂਦੇ, ਓਸ ਤੋਂ ਬਗੈਰ ਹੋਰ ਕੋਈ ਨਹੀਂ ਹੋ ਸਕਦਾ।

—ਭਲੀਏ ਲੋਕੇ, ਖੱਡੀ ਪੱਟੀ ਕੇ ਲੈ ਗਿਆ ਤੇ ਅਸੀਂ ਖਾਵਾਂਗੇ ਕਿਥੋਂ ?' ਮੈਨੂੰ ਜਾਣ ਦੇ, ਉਹ ਕੋਈ ਪੱਕਾ ਚੋਰ ਈ, ਨਿਠ ਕੇ ਬਹਿ ਗਿਆ ਈ, ਓਸ ਜ਼ਰੂਰ ਖੱਡੀ ਪੁਟ ਕੇ ਨਾਲ ਲੈ ਜਾਣੀ ਏ।

—ਵਹਿਮ ਦਾ ਵੀ ਕੋਈ ਇਲਾਜ ਏ,

—ਭਾਈ ਅਮਰ ਦਾਸ ਅਜੇ ਵੀ ਟੋਏ 'ਚ ਡਿੱਗਾ ਹੋਇਆ ਸੀ, ਬੜਾ ਯਤਨ ਕੀਤਾ ਪਰ ਨਿਕਲ ਨਾ ਹੋਵੇ, ਸਿਰ ਤੇ ਪਾਣੀ ਦੀ ਭਰੀ ਗਾਗਰ, ਗਾਗਰ ਭਾਰੀ ਤੇ ਸਰੀਰ ਹੌਲਾ। ਓਸ ਵੇਲੇ ਕੌਣ ਮਦਦ ਨੂੰ ਆਵੇ ?

ਜੁਲਾਹਿਆ ਉਠਿਆ ਤੇ ਜੁਲਾਹੀ ਨੇ ਬਾਹੋਂ ਫੜਿਆ ਤੇ ਮੋੜਿਆ ਅਤੇ ਸਮਝਾਇਆ ਕਿਉਂ ਸ਼ਰਮਿੰਦਾ ਹੁੰਦਾ ਏਂ ਜਾਹ ਕੇ, ਉਹ ਤੇ ਅਮਰੂ ਨਿਥਾਵਾਂ ਏ, ਹੋਰ ਕੋਈ ਨਹੀਂ। ਬਾਰਾਂ ਸਾਲ ਹੋ ਗਏ, ਗਾਗਰ ਵਾਹੁੰਦਿਆਂ, ਅਜੇ ਤਕ ਕੁਝ ਨਹੀਂ ਮਿਲਿਆ ਉਹਨੂੰ।

ਜੁਲਾਹਾ ਨਾ ਮੰਨਿਆ ਤੇ ਬੁੜਬੁੜਦੀ ਬਾਹਰ ਆ ਗਿਆ ਤੇ ਮਗਰੇ ਜੁਲਾਹੀ ਕੈਂਚੀ ਵਾਂਗ ਜ਼ਬਾਨ ਚਲਾਊਂਦੀ, ਬਾਹਰ ਨਿਕਲ ਆਈ, ਤੇ ਉਹ ਅਜੇ ਵੀ ਬੋਲੀ ਜਾ ਰਹੀ ਸੀ।

—ਉਮਰ ਪੁਗ ਗਈ ਏ, ਹੁਣ ਕਿਹੜੇ ਸੋਨੇ ਦੇ ਮਹਿਲ ਬਣਾ ਲੈਣੇ ਸੂ, ਬੁਤੀਆਂ ਚਰਨ ਆਇਆ ਏ, ਕੁਤਸਾਂ ਦੀਆਂ ਬੁੱਤੀਆਂ ਕਰੀ ਜਾ ਰਿਹਾ ਏ, ਜੂਠੇ ਟੁਕੜਿਆਂ ਤੇ ਪਲ ਰਿਹਾ ਏ, ਸਾਰੇ ਕਬੀਲੇ ਨੇ ਤਿਆਗ ਦਿੱਤਾ ਏ, ਹੁੱਕਾ ਪਾਣੀ ਬੰਦ ਕਰ ਦਿਤਾ ਏ ਬਰਾਦਰੀ ਨੇ। ਲੋਕ ਲਾਜ ਇਸ ਲਾਹ ਲਈ ਏ, ਲਾਈ ਲੋਈ ਤੇ ਕੀ ਕਰੇਗਾ ਕੋਈ? ਉਹਦੀ ਜ਼ਬਾਨ ਤੇ ਖੋਤਾ ਨਹੀਂ ਸੀ ਖਾਂਦੀ।

—ਮੈਂ ਨਹੀਂ ਨਿਥਾਵਾਂ, ਤੂੰ ਕਮਲੀ ਏਂ, ਜੇ ਤੂੰ ਇੰਜ ਸੋਚਦੀ ਏਂ,। ਮੈਂ ਤਾਂ ਉਸ ਦੀ ਸ਼ਰਨ ਹਾਂ, ਜੋ ਦੁਨੀਆਂ ਦਾ ਮਾਲਕ ਏ। ਬੋਲ ਭਾਈ ਅਮਰ ਦਾਸ ਦੇ ਸਨ।

—ਜੁਲਾਹੀ ਦੇ ਮੂੰਹ ਅਗੇ ਠੱਪਾ ਲਗਾ ਗਿਆ, ਜ਼ਬਾਨ ਬੰਦ ਹੋ ਗਈ, ਹੁਣ ਉਹ ਬੋਲੇ ਕੀ। ਜੁਲਾਹੇ ਨੇ ਵੇਖਿਆ, ਖੱਡੀ ਵਿਚ ਭਾਈ ਅਮਰ ਦਾਸ ਡਿਗਾ ਪਿਆ ਏ, ਅਗੇ ਵਧਿਆ, ਬਾਂਹ ਫੜ ਖੱਡੀ ਵਿਚੋਂ ਕਢਿਆ, ਸਹਾਰਾ ਦੇਣ ਲਈ ਉਸ ਹੱਥ ਵਧਾਇਆ ਪਰ ਅਮਰ ਦਾਸ ਆਪੇ ਈ ਗਾਗਰ ਚੁਕੀ ਬਾਹਰ ਆ ਗਏ।

—ਭਾਈ ਮਾਫ਼ ਕਰਨਾ, ਤੁਹਾਡੀ ਕਿੱਲੀ ਟੁਟ ਗਈ ਏ, ਮੈਂ ਤੁਹਾਡੀ ਖੱਡੀ 'ਚ ਡਿਗ ਗਿਆ ਸਾਂ, ਮੈਂ ਜਾਣ ਬੁਝ ਕੇ ਤਾਂ ਏਦਾਂ ਨਹੀਂ ਕੀਤਾ, ਪਰ ਹਨੇਰੀ ਰਾਤ ਤੇ ਕੁਝ ਸੁਝਾਈ ਨਹੀਂ ਦਿੱਤਾ, ਚਲੋ ਫੇਰ ਵੀ ਚੰਗਾ ਹੋਇਆ, ਇਹ ਵਾਕਿਆ ਆਪਣੇ ਪਿੰਡ ਵਿਚ ਈ ਹੋਇਆ ਏ। ਤੁਹਾਨੂੰ ਬਹੁਤ ਤਕਲੀਫ ਹੋਈ, ਤੁਹਾਡੀ ਨੀਂਦ ਖ਼ਰਾਬ ਹੋਈ। ਹਮਸਾਏ ਮਦਦਗਾਰ ਹੋਇਆ ਕਰਦੇ ਹਨ। ਭਾਈ ਅਮਰ ਦਾਸ ਨੂੰ ਉਦੋਂ ਪਤਾ ਲਗਾ ਕਿ ਇਹ ਖਡੂਰ ਏ, ਸਾਡਾ ਆਪਣਾ ਪਿੰਡ, ਤੇ ਜੁਲਾਹਿਆ ਸਾਡਾ ਆਪਣਾ ਵਸਨੀਕ, ਸਹੁਰੀ ਹੋਵੇ ਸੱਟ? ਇਹਨੂੰ ਤੇ ਆਰਾਮ ਆ ਈ ਜਾਊ ਮੇਰੇ ਗੁਰੂ ਨੂੰ ਕੋਈ ਤਕਲੀਫ ਨਾ ਹੋਵੇ, ਵੇਲੇ ਸਿਰ ਤੇ ਪੁਜ ਗਿਆ ਹਾਂ।

—ਏਧਰ ਗੁਰੂ ਅੰਗਦ ਦੇਵ ਦੀ ਜਾਗ ਖੁਲ੍ਹ ਗਈ, ਮਹਾਰਾਜ ਗੋਡਾ ਫੜ ਕੇ ਬਹਿ ਗਏ, ਹਾਏ, ਪੀੜ, ਹਾਏ ਦਰਦ, ਸੇਵਾਦਾਰ ਉਠ ਬੈਠੇ, ਆਖਣ ਲਗੇ, ਮਹਾਰਾਜ ਕੀ ਹੋਇਆ?

—ਫੁਰਮਾਇਆ ਮਹਾਰਾਜ ਨੇ ਮੈਂ ਟੋਏ ਵਿਚ ਡਿਗ ਪਿਆ ਹਾਂ, ਗਾਗਰ ਪਾਣੀ ਦੀ ਚੁਕੀ ਆ ਰਿਹਾ ਸਾਂ, ਗੋਡੇ ਭੱਜ ਗਏ, ਪਰ ਪਾਣੀ ਦੀ ਛਿੱਟ ਨਹੀਂ ਡੁਲ੍ਹੀ, ਦਰਦ ਹੋ ਰਿਹਾ ਏ, ਗੋਡਾ ਛਿਲਿਆ ਗਿਆ ਏ।

—ਮਹਾਰਾਜ ਤੁਸੀਂ ਤੇ ਆਰਾਮ ਨਾਲ ਆਪਣੇ ਕਮਰੇ 'ਚ ਸੁੱਤੇ ਪਏ ਹੋ, ਤੁਸੀਂ ਟੋਏ ਵਿਚ ਕਿੱਦਾਂ ਡਿਗ ਪਏ ਓ?

—ਡਿੱਗ ਪਏ, ਆਹ ਵੇਖ ਲਓ, ਸੱਟਾਂ ਲੱਗੀਆਂ, ਇਹ ਕੋਈ ਝੂਠ ਏ।

—ਸੱਚ ਏ ਮਹਾਰਾਜ, ਸੱਚ ਏ।

—ਲੋਅ ਲੱਗਣ 'ਚ ਅਜੇ ਕਾਫ਼ੀ ਵੇਲਾ ਸੀ, ਗਾਗਰ ਆ ਗਈ, ਇਸ਼ਨਾਨ ਕਰਵਾਇਆ ਗੁਰੂ ਮਹਾਰਾਜ ਨੂੰ, ਗੋਡੇ ਸੁੱਜੇ ਹੋਏ ਸਨ, ਲਹੂ ਸਿਮ ਰਿਹਾ ਸੀ। ਪੂੰਜਿਆ, ਪਰ ਪੂੰਜਿਆ ਲੁਕੋ ਕੇ। ਪਰ ਉਹ ਨਾ ਛੁਪਿਆ ਤੇ ਗੁਰੂ ਮਹਾਰਾਜ ਨੇ ਅੱਖ ਭਰ ਕੇ ਵੇਖ ਈ

ਲਿਆ, ਤੇ ਉਹ ਚੁੱਪ ਰਹੇ। ਜਦ ਸਾਰੇ ਕਾਰਜ ਤੋਂ ਵਿਹਲੇ ਹੋ ਗਏ, ਭਾਈ ਅਮਰ ਦਾਸ ਆਪਣੇ ਟਿਕਾਣੇ ਪੁੱਜੇ। ਸੱਟਾਂ ਤੇ ਹਲਦੀ ਤੇ ਕੌੜੇ ਤੇਲ ਦਾ ਲੇਪ ਕੀਤਾ। ਪਰ ਹਿਰਦਾ ਅੰਦਰੋਂ ਡੋਲ ਰਿਹਾ ਸੀ। ਮਹਾਰਾਜ ਨੂੰ ਪਤਾ ਨਾ ਲੱਗ ਜਾਏ, ਮੇਰੀ ਅਣਗਹਿਲੀ ਤੇ ਗੁੱਸੇ ਨਾ ਹੋਣ। ਉਤੋਂ ਦੀਵਾਨ ਦਾ ਵੇਲਾ ਕਰੀਬ ਆ ਰਿਹਾ ਸੀ, ਮਹੀਨਾ ਅੱਜ ਦੀ ਚੜ੍ਹਨ ਵਾਲਾ ਸੀ, ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ, ਪਰ ਸੰਗਤ ਦਾ ਇਕੱਠ ਉਦਾਂ ਹੀ ਹੋ ਰਿਹਾ ਸੀ ਜਿਦਾਂ ਅੱਗੇ ਹੋਇਆ ਕਰਦਾ ਸੀ। ਲੋਕ ਆਖਦੇ ਹਨ ਅੱਜ ਕੁਝ ਜ਼ਿਆਦਾ ਹੀ ਰੌਣਕਾਂ ਸਨ।

ਜੁਲਾਹਿਆ ਸਿਰ ਤੇ ਬਾਹਵਾਂ ਧਰੀ ਧਾਈਂ ਮਾਰਦਾ ਆ ਗਿਆ, ਮੈਂ ਲੁੱਟਿਆ ਗਿਆ, ਮੇਰਾ ਕੱਖ ਨਾ ਰਿਹਾ। ਮੇਰੀ ਜੁਲਾਹੀ, ਪਗਲੀ ਹੋ ਗਈ, ਕਮਲ ਹੋ ਗਿਆ ਸੂ, ਆਵਾਰਾ ਕੁੱਤੇ ਵਾਂਗ ਪਿੰਡ ਵਿਚ ਫਿਰ ਰਹੀ ਏ। ਮੁੰਡੇ ਢੇਮਾਂ ਮਾਰ ਰਹੇ ਹਨ। ਅੱਗੇ-ਅੱਗੇ ਕਮਲੀ ਜੁਲਾਹੀ ਤੇ ਮਗਰ ਹੇੜ ਮੁੰਡਿਆਂ ਦੀ। ਸਤਿਗੁਰੂ ਮੈਂ ਲੁੱਟਿਆ ਗਿਆ।

—ਸਾਰਾ ਦੀਵਾਨ ਹੈਰਾਨ ਪਰੇਸ਼ਾਨ ਹੋ ਗਿਆ।

—ਕਿਉਂ ਭਾਈ ਕੀ ਹੋਇਆ ਏ ਤੇਰੀ ਜੁਲਾਹੀ ਨੂੰ?

—ਕਮਲੀ ਹੋ ਗਈ ਏ।

—ਕਿਥੇ ਈ? ਲਿਆ ਖਾਂ ਜ਼ਰਾ ਉਹਨੂੰ।

—ਉਹ ਗਲੀਆਂ ਕੱਛ ਰਹੀ ਏ, ਮੈਂ ਜਾਂਦਾ ਹਾਂ ਤੇ ਜੂੜ ਕੇ ਲਿਆਉਂਦੇ ਹਾਂ, ਸਾਰੇ ਜਣੇ। ਜੁਲਾਹਾ ਚਲਾ ਗਿਆ।

—ਦੀਵਾਨ ਵਿਚ ਗੱਲਾਂ ਛਿੜੀਆਂ, ਪਰ ਕੋਈ ਜਾਣਦਾ ਨਹੀਂ ਸੀ ਕਿ ਇਹ ਮਾਜਰਾ ਕੀ ਏ, ਪਰ ਸਤਿਗੁਰ ਸਭ ਕੁਝ ਜਾਣੀ ਜਾਣ ਸਨ।

—ਜੁਲਾਹੀ ਘੜੀਸ ਕੇ ਲਿਆਂਦੀ ਗਈ, ਸੁਦੈਣਾਂ ਵਾਂਗੂੰ ਵਾਲ ਖਿਲਰੇ ਹੋਏ ਸਨ।

—ਅਜੇ ਤੇ ਕਲ੍ਹ ਤੂੰ ਚੰਗੀ ਭਲੀ ਸੈਂ, ਅੱਜ ਕੀ ਹੋ ਗਿਆ ਤੈਨੂੰ?

—ਯਕਦਮ ਜੁਲਾਹੀ ਨੂੰ ਜਿਦਾਂ ਕਰੰਟ ਲੱਗਾ, ਉਹ ਸੰਭਲੀ, ਇਕੋ ਕਿਰਪਾ ਦ੍ਰਿਸ਼ਟੀ ਨੇ ਸਾਰਾ ਕਮਲ ਦੂਰ ਕਰ ਦਿੱਤਾ!

—ਜੁਲਾਹੀ ਬੋਲੀ, ਮੈਨੂੰ ਕੁਝ ਆਖ ਰਹੇ ਓ?

—ਹਾਂ, ਅਸੀਂ ਤੇਰੇ ਨਾਲ ਹੀ ਗੱਲਾਂ ਕਰ ਰਹੇ ਹਾਂ।

—ਸੁਣਾ ਭਾਗਵਾਨੇ, ਪ੍ਰਭਾਤ ਵੇਲੇ ਦਾ ਵਾਕਿਆ, ਸਾਡੇ ਭਾਈ ਨਾਲ ਕੀ ਵਾਪਰੀ।

—ਹੱਥ ਜੋੜ ਕੇ ਖੜੀ ਹੋ ਗਈ ਜੁਲਾਹੀ, ਜੁਲਾਹਿਆ ਖ਼ੁਸ਼ ਸੀ। ਸ਼ਰਮਿੰਦਗੀ ਦੀ ਕੋਈ ਗੱਲ ਨਹੀਂ, ਮੇਰੀ ਜੁਲਾਹੀ ਤੇ ਰਾਜ਼ੀ ਬਾਜ਼ੀ ਹੋ ਗਈ ਏ।

—ਮੈਂ ਭੁਲੀ, ਮੈਨੂੰ ਬਖ਼ਸ਼ ਲਓ, ਹਜ਼ੂਰ, ਤੁਸੀਂ ਬਖ਼ਸ਼ਣਹਾਰ ਓ।

—ਅਸੀਂ ਤੇ ਤੈਨੂੰ ਪੁੱਛ ਰਹੇ ਆਂ ਕਿ ਪ੍ਰਭਾਤ ਵੇਲੇ ਕਿਹੜਾ ਚੋਰ ਆਇਆ ਸੀ ਤੇਰੇ ਘਰ।

—ਮੈਂ ਝੂਠੀ, ਕੋਈ ਚੋਰ ਨਹੀਂ, ਮੈਂ ਸੁੱਤੀ ਪਈ ਸਾਂ, ਬਰਖਾ ਸਾਰੀ ਰਾਤ ਦੀ ਹੋ ਰਹੀ ਸੀ, ਝੱਖੜ ਨੇ ਪਿੰਡ ਨੂੰ ਸਿਰ ਤੇ ਚੁਕਿਆ ਹੋਇਆ ਸੀ। ਤੂਫਾਨ ਛਣਕਣੇ ਛਣਕਾ ਰਿਹਾ ਸੀ, ਭੂਤਨੇ ਨੱਚ ਰਹੇ ਸਨ, ਪਿੰਡ ਵਿਚ ਖੜਾਕ ਹੋਇਆ, ਤੇ ਮੈਂ ਤ੍ਰਬਕ ਪਈ, ਅਬੜਵਾਹੇ ਉਠੀ, ਏਨੇ ਚਿਰ ਨੂੰ ਮੇਰੇ ਘਰ ਵਾਲਾ ਉਠ ਖਲੋਤਾ। ਉਹਦੇ ਮੂੰਹ ਵਿਚੋਂ ਆਪੇ ਈ ਨਿਕਲ ਪਿਆ ਚੋਰ ਚੋਰ ਚੋਰ। ਮੈਂ ਇਕ ਵਾਰ ਉਹਨੂੰ ਸਮਝਾਇਆ ਤੇ ਉਹ ਨਾ ਈ ਮੁੜਿਆ ਤੇ ਮੈਂ ਵੀ ਉਹਦੇ ਨਾਲ ਬਾਹਰ ਆ ਗਈ। ਮੈਂ ਕੀ ਜਾਣਾ ਕਿ ਕੌਣ ਏ। ਡਿੱਗਾ ਹੋਇਆ ਏ, ਸਾਡੀ ਖੱਡੀ ਵਿਚ।

ਮੈਂ ਤੇ ਲੋਕਾਂ ਤੋਂ ਸੁਣਿਆ ਹੋਇਆ ਸੀ ਕਿ ਅਮਰੂ ਨਿਥਾਵਾਂ, ਰੋਜ਼ ਪਾਣੀ ਦੀ ਗਾਗਰ ਚੁੱਕੀ ਬਿਆਸਾ ਤੋਂ ਲੈ ਕੇ ਅੱਧੀ ਰਾਤ ਨੂੰ ਲੰਘਦਾ ਏ। ਮੈਂ ਆਪਣੀ ਲੋਰ ਵਿਚ ਆਖਦੀ ਆ ਰਹੀ ਸਾਂ।

ਝਟ ਈ ਅੱਗੋਂ ਭਾਈ ਅਮਰਦਾਸ ਬੋਲ ਉੱਠੇ, ਸੱਚੇ ਪਾਤਸ਼ਾਹ ਇਹ ਸੱਚ ਏ, ਕਿ ਜਦ ਮੈਂ ਕੁਬੋਲ ਸੁਣਿਆ ਤੇ ਮੈਥੋਂ ਸੁਭੇਕੀ ਕਹਿ ਹੋ ਗਿਆ ਤੂੰ ਕਮਲੀ ਏਂ, ਜੇ ਤੂੰ ਇਹ ਸੋਚਦੀ ਏਂ। ਗੁਰੂ ਦੀ ਸੇਵਾ ਸਭ ਤੋਂ ਮਹਾਨ ਹੈ। ਮੈਂ ਉਨਾ ਚਿਰ ਤਕ ਨਿਥਾਵਾਂ ਹਾਂ, ਜਦ ਤਕ ਆਤਮਾ ਰੂਪ ਨੂੰ ਨਹੀਂ ਪਾ ਲੈਂਦੀ।

—ਗੁਰੂ ਅੰਗਦ ਦੇਵ ਨੇ ਜਦ ਸਾਰੀ ਵਾਰਤਾ ਸੁਣ ਲਈ ਤਾਂ ਬਖਸ਼ਸ਼ ਕਰਨ ਲਗੇ, ਤੇ ਵਰ ਦੇਣੇ ਸ਼ੁਰੂ ਕਰ ਦਿੱਤੇ, ਕਿੰਨਾ ਭਾਗੀਂ ਭਰਿਆ ਸੀ ਦਿਨ, ਵਜਦ ਵਿਚ ਆ ਗਏ।

ਭਾਈ ਅਮਰ ਦਾਸ ਨੇ ਸਿਰ ਤੇ ਪੁਰਾਣੇ ਸਿਰੋਪਾ ਬੰਨ੍ਹੇ ਤੇ ਮੱਥਾ ਟੇਕਣ ਆਇਆ। ਦੀਵਾਨ ਵਿਚ ਗੁਰੂ ਮਹਾਰਾਜ ਆਸਣ ਤੇ ਬਿਰਾਜਮਾਨ ਹੋਏ ਤੇ ਬਾਬਾ ਬੁੱਢਾ ਆਪਣੇ ਆਸਣ ਤੇ ਆਣ ਬੈਠਾ ਤੇ ਆਖਣ ਲੱਗਾ ਲਓ ਗੁਰੂ ਪਿਆਰਿਓ ਮਹੀਨਾ ਸੁਣੋ:

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥

ਠੰਡ ਪੈ ਗਈ, ਹਿਰਦੇ ਸ਼ਾਂਤ ਹੋ ਗਏ, ਮਨ ਇਕਾਗਰ ਹੋਇਆ ਸੰਗਤਾਂ ਦਾ। ਪਰ ਗੁਰੂ ਮਹਾਰਾਜ ਆਸਣ ਤੇ ਬੈਠੇ ਗੋਡਿਆਂ ਨੂੰ ਦੱਬ ਰਹੇ ਸਨ।

—ਸਿਰੋਪਿਆਂ ਦਾ ਥਾਲ ਆ ਗਿਆ। ਅੱਜ ਪਹਿਲੀ ਵਾਰ ਜਦ ਵਾਜ ਮਾਰੀ ਉਹ ਸਨ, ਭਾਈ ਅਮਰ ਦਾਸ। ਬੜਾ ਹੱਠ ਕੀਤਾ, ਦਰਦ ਦੀ ਪ੍ਰਵਾਹ ਨਾ ਕੀਤੀ, ਸੱਟ ਠੰਡੀ ਹੋ ਰਹੀ ਸੀ, ਦਰਦ ਨਾਲ ਚੀਸਾਂ ਪੈ ਰਹੀਆਂ ਸਨ। ਆਪਣੀ ਵਲੋਂ ਹਿੰਮਤ ਕਰ ਕੇ

ਉਠੇ, ਸਿੱਧੇ ਹੋ ਕੇ ਚਲਣ ਲੱਗੇ, ਪਰ ਦਰਦ ਨੇ ਆਣ ਘੇਰਾ ਘੱਤਿਆ। ਪਰ ਧੰਨ ਜਿਗਰਾ ਸੀ ਭਾਈ ਦਾ, ਓਸ ਦਰਦ ਦੀ ਰਤੀ ਪ੍ਰਵਾਹ ਨਾ ਕੀਤੀ ਤੇ ਆਣ ਹਾਜ਼ਰ ਹੋਇਆ ਪਰ ਸੰਗਤਾਂ ਇਹ ਗੱਲ ਆਪੇ ਈ ਜਾਣ ਗਈਆਂ ਕਿ ਅੱਜ ਭਾਈ ਦੇ ਗੋਡਿਆਂ ਨੂੰ ਸੱਟਾਂ ਲੱਗੀਆਂ ਹਨ, ਝਰੀਟਾਂ ਛੁਪਾਇਆਂ ਥੋੜਾ ਛੁਪਦੀਆਂ ਨੇ, ਕਿਸੇ ਦੀ ਪ੍ਰਵਾਹ ਨਾ ਕਰਦਿਆਂ ਹਜ਼ੂਰ ਦੇ ਮੂਹਰੇ ਆਣ ਖਲੋਤੇ। ਮਹਾਰਾਜ ਚੁੱਪ ਸਨ, ਜਿੱਦਾਂ ਮੋਨ ਧਾਰਿਆ ਹੋਵੇ, ਆਖਰ ਮੋਨ ਟੁੱਟਾ।

—ਗੋਡੇ ਤੇ ਮੇਰੇ ਵੀ ਦਰਦ ਕਰ ਰਹੇ ਹਨ। ਭਾਈ ਜੀ ਤੁਸੀਂ ਤੇ ਐਵੇਂ ਈ ਗੋਡਿਆਂ ਤੇ ਹੱਥ ਧਰ ਕੇ ਉਠ ਰਹੇ ਹੋ। ਸ਼ਰਮਿੰਦਾ ਹੋ ਗਿਆ, ਭਾਈ ਅਮਰ ਦਾਸ।

ਗੁਰੂ ਅਗਦ ਦੇਵ ਵਜਦ ਵਿਚ ਆ ਕੇ ਇੰਜ ਬੋਲੇ—

ਤੁਮ ਹੋ ਨਿਥਾਵਨ ਥਾਨ। ਕਰਹੋ ਨਿਮਾਨਹਿ ਮਾਨ।
ਨਿਤਾਣਿਆਂ ਦਾ ਤਾਨ। ਨਿਓਟਿਆਂ ਦੀ ਓਟ।
ਨਿਆਸਰਿਆਂ ਦਾ ਆਸਰਾ। ਨਿਧਰਿਆਂ ਦੀ ਧਰ।
ਨਿਧੀਰਨ ਦੀ ਧੀਰ, ਪੀਰਾਂ ਦੇ ਪੀਰ।
ਦਿਆਲ ਗਹੀ ਬਹੋੜ। ਜਗਤ ਬੰਦੀ ਛੋੜ।
ਭੰਨਣ ਘੜਨ ਸਮਰਥ। ਸਭ ਜੀਵਕਾ ਜਿਸ ਹੱਥ।

ਸਾਖੀਕਾਰ ਆਖਦੇ ਹਨ, ਕਿ ਗੁਰੂ ਮਹਾਰਾਜ, ਭਾਈ ਅਮਰ ਦਾਸ ਦੇ ਸਿਰ ਤੋਂ ਇਕ-ਇਕ ਸਿਰੋਪਾ ਲਾਹੀ ਜਾ ਰਹੇ ਸਨ, ਇਕ ਸਿਰੋਪਾ ਲਾਹੁੰਦੇ ਤੇ ਇਕ ਵਰ ਬਖਸ਼ੀ ਜਾ ਰਹੇ ਸਨ। ਏਸ ਤਰ੍ਹਾਂ ਬਾਰਾਂ ਸਿਰੋਪੇ ਲਾਹੇ ਤੇ ਬਾਰਾਂ ਵਰ ਬਖਸ਼ੇ, ਫ਼ਰਮਾਇਆ ਗੁਰੂ ਮਹਾਰਾਜ ਨੇ।

ਤੂੰ ਸਾਡਾ ਰੂਪ ਹੈਂ, ਜਿਵੇਂ ਸੋਨੇ ਦੇ ਕੰਙਣ ਨੂੰ ਭੱਠੀ 'ਚ ਪਾ ਕੇ ਉਹਦਾ ਖੋਟ ਕੱਢ ਲਿਆ ਜਾਂਦਾ ਏ, ਉਸੇ ਤਰ੍ਹਾਂ ਤੂੰ ਆਪਣੇ ਆਪ ਨੂੰ ਢਾਲ ਲਿਆ ਏ। ਜਿਹੜੇ ਸਾਂਚੇ 'ਚ ਗੁਰੂ ਘਰ ਤੈਨੂੰ ਢਾਲਣਾ ਚਾਹੁੰਦਾ ਸੀ।

ਬਾਰਵੇਂ ਸਿਰੋਪੇ ਦੇ ਨਾਲ ਅੱਜ ਬਸਤਰਾਂ ਦਾ ਜੋੜਾ ਵੀ ਦਿੱਤਾ। ਜੁਲਾਹੀ ਰਾਜ਼ੀ ਹੋ ਗਈ, ਤੇ ਉਹ ਦੋਵੇਂ ਜਣੇ ਆਪਣੇ ਘਰ ਚਲੇ ਗਏ। ਦੀਵਾਨ ਵਿਚ ਇਕ ਧੁਨ ਗੂੰਜ ਰਹੀ ਸੀ, ਧੰਨ ਅਮਰ ਦਾਸ, ਧੰਨ ਅਮਰ ਦਾਸ, ਧੰਨ ਤੇਰੀ ਸੇਵਾ।

□□

੧੮

ਜਦੋਂ ਬਸਤਰਾਂ ਦੀ ਬਖਸ਼ਸ਼ ਹੋ ਗਈ, ਤੇ ਸਾਰੀ ਖਡੂਰ ਵਿਚ ਰੌਲਾ ਪੈ ਗਿਆ। ਹੁਣ ਤੇ ਗੁਰਗੱਦੀ ਪੱਕੀ ਹੋ ਗਈ ਏ, ਭਾਈ ਅਮਰ ਦਾਸ ਦੀ।

—ਜਿੰਨ੍ਹੇ ਆਪਣੇ ਨਿਸ਼ਚੇ ਨਾਲ ਬਾਰਾਂ ਸਾਲ ਸੇਵਾ ਕੀਤੀ ਹੋਵੇ, ਇਕ ਦਿਨ

ਵੀ ਨਾਗਾ ਨਾ ਪਾਇਆ ਹੋਵੇ, ਉਹਦਾ ਤੇ ਫਲ ਉਹਨੂੰ ਮਿਲਣਾ ਈ ਹੋਇਆ।

—ਪਾਣੀ ਦੀ ਗਾਗਰ ਲਿਆਉਣੀ, ਭਾਂਡੇ ਮਾਂਜ ਛੱਡਣੇ, ਲੰਗਰ ਦੇ, ਇਹ ਵੀ ਕੋਈ ਸੇਵਾ ਏ ?

—ਹੋਰ ਕੋਈ ਪਹਾੜ ਕੱਟ ਕੇ ਨਹਿਰ ਲੈ ਆਉਂਦਾ, ਜਾਂ ਮੱਝੀਆਂ ਚਾਰਦਾ ਰਹਿੰਦਾ ਬੇਲੇ ਵਿਚ ਹੀਰ ਦੀਆਂ। ਮੂਰਖਾ, ਪੱਕੇ ਇਰਾਦੇ ਇਕ ਟੁਕ ਹੋ ਕੇ ਸੇਵਾ ਕਰਨੀ। ਅਜਿਹੀ ਸੇਵਾ ਕੋਈ-ਕੋਈ ਕਰ ਸਕਦਾ ਏ।

—ਬਾਰਾਂ ਸਾਲ ਮੈਂ ਵੀ ਚਾਰ-ਚਾਰ ਗਾਗਰਾਂ ਲੰਗਰ ਵਿਚ ਭਰ ਕੇ ਦੇਂਦਾ ਰਿਹ ਹਾਂ।

—ਇਹਦੇ ਵਿਚ ਨਾਗੇ ਕਿੰਨੇ ਪਾਏ ਨੀ।

—ਐਵੇਂ ਦੋ ਸਾਲ ਘਰ ਚਲਾ ਗਿਆ ਸਾਂ, ਇਕ ਸਾਲ ਗੱਡਾ ਟੁੱਟ ਗਿਆ, ਚੜ੍ਹਾਉਂਦਾ ਰਿਹਾ, ਚੜ੍ਹਾਉਂਦਾ ਈ ਮਰ ਗਿਆ ਪਰ ਉਹ ਨਾ ਚੜ੍ਹਿਆ, ਬਾਕੀ ਜਿੰਨੀ ਦੇਰ ਰਿਸ਼ਟ ਪੁਸ਼ਟ ਰਿਹਾ ਹਾਂ ਸੇਵਾ ਵਿਚ ਕੁਤਾਹੀ ਨਾ ਕੀਤੀ।

ਅਮਰ ਦਾਸ ਦੀ ਧੰਨ ਘਾਲਣਾ ਏ, ਜਿੰਨੇ ਇਕ ਦਿਨ ਨਾਗਾ ਨਹੀਂ ਪਾਇਆ, ਬੁਢਾਪੇ ਦੀ ਪ੍ਰਵਾਹ ਨਹੀਂ ਕੀਤੀ, ਲੋਕ ਲਾਜ ਨੂੰ ਛਿਕੇ ਤੇ ਟੰਗ ਛੱਡਿਆ। ਟੱਬਰ ਟੀਰ ਦੀ ਸੁਰਤ ਨਹੀਂ ਲਈ। ਬਾਲਾਂ ਦਾ ਮੂੰਹ ਚੁੰਮ ਵੇਖ ਕੇ ਨਹੀਂ ਵੇਖਿਆ, ਇਹਨੂੰ ਆਖਦੇ ਹਨ ਕਮਾਈ।

—ਗੁਰੂਆਂ ਨੇ ਰਿਸ਼ਤੇਦਾਰੀ ਪਾਲੀ ਏ ?

—ਤੂੰ ਤੇ ਬੇਮੁੱਖ ਹੋ ਗਿਆ ਏਂ ਗੁਰੂਆਂ ਤੋਂ, ਰੱਬ ਦੇ ਬੰਦਿਆਂ ਦੇ ਕੰਮ ਈ ਨਿਆਰੇ ਈ ਹੁੰਦੇ ਹਨ। ਇਨ੍ਹਾਂ ਦੇ ਕੰਮਾਂ ਦੀ ਸਮਝ ਨਹੀਂ ਆ ਸਕਦੀ। ਤੂੰ ਓਸ ਜਗ੍ਹਾ ਤੇ ਨਹੀਂ ਪੁੱਜ ਸਕਦਾ ਜਿਥੇ ਉਹ ਬੈਠੇ ਹੁੰਦੇ ਹਨ। ਗੁਰੂ ਨਾਨਕ ਦੀ ਗੱਦੀ ਦੀ ਮਰਿਆਦਾ ਈ ਕੁਝ ਵੱਖਰੀ ਏ।

—ਘੋਰ ਹਨੇਰ ਨਹੀਂ, ਪੁੱਤ ਗੋਡੇ ਮੁੱਢ ਬੈਠਾ ਰਹੇ ਤੇ ਮਾਲਕੀ ਇਕ ਦਾਸ ਲੈ ਜਾਵੇ। ਕੀ ਦਾਤੂ ਅੰਨ੍ਹਾ ਏ, ਕਾਣਾ ਏ, ਲੂਲ੍ਹਾ ਏ, ਲੰਗੜਾ ਏ, ਬੋਲਾ ਏ, ਗੂੰਗਾ ਏ, ਕਿਹੜੀ ਗਲੋਂ ਊਣਾ ਏ, ਕੀ ਉਹ ਗੱਦੀ ਨਹੀਂ ਸੰਭਾਲ ਸਕਦਾ, ਅਮਰ ਦਾਸ ਨੇ ਜ਼ਰੂਰ ਕੋਈ ਜਾਦੂ ਟੂਣਾ ਕੀਤਾ ਏ ਓਸ ਗੁਰੂ ਤੇ, ਗੁਰੂ ਨੂੰ ਓਸ ਤੋਂ ਬਗੈਰ ਹੋਰ ਕੋਈ ਬੰਦਾ ਨਹੀਂ ਲੱਭਦਾ।

—ਇਹ ਐਵੇਂ ਈਰਖਾ ਦੀ ਅੱਗ ਵਿਚ ਸੜਨ ਦੀ ਗੱਲ ਏ, ਜਲਨ ਏ, ਸੜ ਲਵੋ ਜਿਨ੍ਹਾਂ ਸੜਨਾ ਏ, ਐਵੇਂ ਪਾਸੇ ਲੂਹਿਆਂ ਕੁਝ ਨਹੀਂ ਬਣਦਾ। ਗਿਲਿਆਂ ਕੱਖਾਂ ਨੂੰ ਅੱਗ ਨਹੀਂ ਪੈਣੀ, ਗੁਰੂ ਦੀ ਲੀਲ੍ਹਾ ਵੇਖੋ।

ਚੰਗਾ ਅਸਾਂ ਨੂੰ ਕੀ, ਜੇ ਦਾਤੂ ਗੱਦੀ ਤੇ ਬੈਠ ਜਾਏਗਾ ਤਾਂ ਓਸ ਸਾਨੂੰ ਕਿਹੜਾ ਰਾਜ ਤੇ ਬਿਠਾ ਦੇਣਾ ਏ, ਅਸਾਂ ਤੇ ਹਲ ਵਾਹੁਣਾ ਏ ਤਾਂ ਕਿਤੇ ਚਾਰ ਟਾਪਾਂ ਮਿਲਣੀਆਂ ਨੇ। ਜੇ ਅਮਰ ਦਾਸ ਗੁਰੂ ਬਣ ਗਿਆ ਤਾਂ ਸਾਨੂੰ ਕਿਹੜੀਆਂ ਚਾਰ ਪੈਲੀਆਂ ਬਖ਼ਸ਼ ਦੇਣੀਆਂ ਸ। ਸਾਡੇ ਲਈ ਦੋਵੇਂ ਘੋੜੀ ਚੜ੍ਹੇ ਬਰਾਬਰ ਨੇ।

—ਹੁਣ ਆਈ ਮੱਤ ਟਿਕਾਣੇ। ਅੱਗੇ ਤੇ ਐਵੇਂ ਤੂੰ ਧਤਲੀਆਂ ਮਾਰ ਰਿਹਾ ਸੈਂ, ਸੱਜਣਾ ਸਾਡਾ ਤੇ ਕੰਮ ਏ ਮੱਥਾ ਟੇਕਣਾ, ਜਿਥੇ ਦੂਜੇ ਮੱਥਾ ਟੇਕਣਗੇ, ਅਸੀਂ ਸਿਰ ਨਿਵਾਵਾਂਗੇ।

—ਖਡੂਰ ਵਿਚ ਲੋਕ ਟੋਲੀਆਂ ਬੰਨ੍ਹ ਕੇ ਧੜੇ ਬੰਨ੍ਹ ਬੰਨ੍ਹ ਕੇ ਲੋਕ ਬੈਠੇ ਸਨ, ਸਿਰਫ ਇਕੋ ਗੱਲ ਈ ਹੋ ਰਹੀ ਸੀ ਗੁਰਗੱਦੀ। ਕੋਈ ਆਖਦਾ ਠੀਕ ਕੀਤਾ ਮਹਾਰਾਜ ਨੇ, ਕੋਈ ਐਵੇਂ ਆਖਦਾ ਐਵੇਂ ਹੱਕ ਮਰਵਾ ਦਿੱਤਾ ਪੁੱਤਾਂ ਦਾ। ਕਿਸੇ ਨੇ ਆਖਿਆ ਮੌਜ ਏ ਫ਼ਕੀਰ ਦੀ, ਜਿਦ੍ਹੇ ਤੇ ਦਿਲ ਆ ਜਾਵੇ, ਬਸ ਉਹਨੂੰ ਈ ਬਾਦਸ਼ਾਹ ਬਣਾ ਦੇਂਦੇ ਹਨ। ਗੱਲ ਤੇ ਨਜ਼ਰ ਦੀ ਏ, ਬੁੱਢੀਆਂ ਠੇਰੀਆਂ ਗਾਲੜੀ ਤੀਵੀਆਂ ਨੇ, ਐਵੇਂ ਗੱਲਾਂ ਦੇ ਗਲਿਆਣ ਬਣਾ ਦਿੱਤੇ, ਭਾਂਤ-ਭਾਂਤ ਦੀ ਬੋਲੀ ਬੋਲ ਰਹੀਆਂ ਸਨ, ਭਾਵੇਂ ਏਨਾ ਵੱਡਾ ਅਡੰਬਰ ਰਚਿਆ ਹੋਇਆ ਸੀ, ਪਰ ਗੁਰੂ ਘਰ ਦਾ ਵਿਹੜਾ ਸ਼ਾਂਤ ਸੀ।

—ਗੁਰਾਂ ਦੇ ਫ਼ੈਸਲੇ ਅਟੱਲ ਸਨ, ਗੁਰੂ ਘਰ ਦੀ ਮਰਿਆਦਾ ਕੋਈ ਭੰਗ ਨਹੀਂ ਕਰ ਸਕਦਾ।

□□

੧੯

ਜੁਲਾਹੇ ਤੇ ਜੁਲਾਹੀ ਨੂੰ ਗੁਰੂ ਮਹਾਰਾਜ ਨੇ ਸੱਦਿਆ, ਦੋਵੇਂ ਜਣੇ ਨੰਗੇ ਪੈਰੀਂ ਹਾਜ਼ਰ ਹੋਏ।

—ਭਾਈ ਅਸਾਂ ਨਗਰ ਵਸਾਇਆ ਏ, ਬਿਆਸਾ ਕੰਢੇ, ਗੋਇੰਦਵਾਲ, ਨਵੀਂ ਆਬਾਦੀ, ਲੋਕ ਰੱਜੇ-ਪੁੱਜੇ, ਤੁਹਾਡਾ ਕੰਮ ਕਾਜ ਖੂਬ ਚਲੂ, ਤੁਹਾਨੂੰ ਅਸੀਂ ਉਥੇ ਜਗ੍ਹਾ ਦੇ ਦੇਂਦੇ ਹਾਂ, ਜਾਓ ਆਪਣਾ ਘਰ ਵਸਾਓ ਤੇ ਮੌਜਾਂ ਮਾਣੋ।

—ਜੁਲਾਹੀ ਆਖਣ ਲੱਗੀ ਜੁਲਾਹੇ ਨੂੰ, ਓਏ ਭਲਿਆ ਲੋਕਾ ਅਸਾਂ ਕੀ ਲੈਣਾ ਏ? ਜਿਨ੍ਹੂੰ ਬਣਿਆ ਬਣਾਇਆ ਮਕਾਨ ਮਿਲ ਜਾਵੇ ਤੇ ਉਹਦੇ ਉੱਤੇ, ਗੁਰੂ ਦਾ ਹੱਥ ਹੋਵੇ, ਉਹਦੀ ਤੇ ਚੁਰਾਸੀ ਕੱਟੀ ਗਈ।

—ਹਾਂ ਹਾਂ ਮਹਾਰਾਜ ਸਾਨੂੰ ਮਨਜ਼ੂਰ ਏ, ਅਸੀਂ ਤਿਆਰ ਹਾਂ, ਪਰ ਏਸ ਘਰ ਦਾ ਕੀ ਕੀਤਾ ਜਾਵੇ?

—ਇਹਦੇ ਪੈਸੇ ਵਟੋ, ਤੇ ਉਥੇ ਜਾਵੋ ਨਵਾਂ ਮਕਾਨ, ਖੁਲ੍ਹਾ ਵਿਹੜਾ, ਖੁਲ੍ਹੀ ਹਵਾ ਫਰ-ਫਰ ਕਰਦੀ, ਦਰਿਆ ਦਾ ਕੰਢਾ। ਦੇਸਾਂ ਪਰਦੇਸਾਂ ਦੇ ਬੰਦੇ, ਵੰਨ-ਸੁਵੰਨੀਆਂ ਪੁਸ਼ਾਕਾਂ, ਰੰਗ-ਬਰੰਗੇ ਕੱਪੜੇ, ਵੇਖੋ ਤੇ ਬਣਾਓ, ਚਾਰ ਚੰਨ ਲੱਗ ਜਾਣੇ ਨੇ ਤੁਹਾਡੇ ਧੰਦੇ ਨੂੰ। ਹੁਕਮ ਮਹਾਰਾਜ ਦਾ ਸੀ, ਇਕ ਥੈਲੀ ਮਹਾਰਾਜ ਨੂੰ ਸੇਵਕ ਨੇ ਮੁਹਰਾਂ ਦੀ ਲਿਆ ਕੇ ਦਿੱਤੀ ਸੀ।

—ਇਹ ਕੀ ਮਹਾਰਾਜ ?

—ਮੁੱਲ ਤੁਹਾਡੀ ਜਗ੍ਹਾ ਦਾ। ਅਸੀਂ ਇਥੇ ਆਪਣਾ ਅੰਗੀਠਾ ਬਣਾਵਾਂਗੇ, ਸਾਡੀ ਚਿਖਾ ਏਥੇ ਬਾਲੀ ਜਾਵੇਗੀ, ਫ਼ਰਮਾਇਆ ਗੁਰੂ ਅੰਗਦ ਦੇਵ ਨੇ।

—ਏਸ ਜਗ੍ਹਾ ਨੂੰ ਭਾਗ ਲੱਗਣਗੇ, ਇਹ ਟੁੱਟੀ ਕਿੱਲੀ ਹਰੀ ਹੋ ਜਾਵੇਗੀ, ਪੂਜਾ ਹੋਵੇਗੀ ਤੁਹਾਡੀ ਖੱਡੀ ਦੀ, ਤੀਰਥ ਬਣ ਜਾਵੇਗਾ ਪੰਜਾਬ, ਬੋਲ ਗੁਰੂ ਅੰਗਦ ਦੇਵ ਦੇ ਸਨ।

ਚਾਈਂ ਚਾਈਂ, ਖ਼ੁਸ਼ੀ ਖ਼ੁਸ਼ੀ ਲਹਿਰ ਵਿਚ ਆਏ ਜੁਲਾਹੇ ਤੇ ਜੁਲਾਹੀ ਨੇ ਥੈਲੀ ਚੁੱਕ ਲਈ ਮੁਹਰਾਂ ਦੀ, ਤੇ ਉਦੋਂ ਈ ਟਿੰਡ ਫੂਹੜੀ ਚੁੱਕ ਲਈ, ਘਰ ਖ਼ਾਲੀ ਕਰ ਦਿੱਤਾ, ਗੱਡੇ ਤੇ ਸਮਾਨ ਲੱਦਿਆ ਤੇ ਗੋਇੰਦਵਾਲ ਪੁੱਜ ਗਏ।

ਏਸ ਗੱਲ ਨੇ ਹੋਰ ਵੀ ਗੱਲ ਪੱਕੀ ਕਰ ਦਿੱਤੀ, ਰਹਿੰਦੀ-ਖੂੰਹਦੀ ਜਦ
ਅੰਗੀਠੇ ਵਾਲੀ ਗੱਲ ਲੋਕਾਂ ਸੁਣੀ ਤਾਂ ਉਨ੍ਹਾਂ ਦਾ ਨਿਸਚਾ ਹੋਰ ਪੱਕਾ ਹੋ ਗਿਆ। ਹੁਣ
ਗੁਰਗੱਦੀ ਦਾ ਫ਼ੈਸਲਾ ਕੁਝ ਦਿਨਾਂ ਵਿਚ ਈ ਹੋਣ ਵਾਲਾ ਏ। ਦੂਜੇ ਦਿਨ ਅੰਗੀਠੇ ਲਈ
ਜਗ੍ਹਾ ਮੁਕੱਰਰ ਹੋ ਗਈ। ਅੰਗੀਠਾ ਬਣਨਾ ਸ਼ੁਰੂ ਹੋ ਗਿਆ। ਸਾਰਾ ਇਲਾਕਾ ਹੈਰਾਨ ਹੋ
ਗਿਆ। ਜਿਊਂਦਿਆਂ ਈ ਆਪਣੀ ਸਮਾਧੀ ਆਪਣੇ ਹੱਥੀਂ ਬਣਾਈ ਜਾ ਰਹੀ ਏ ?

ਪੁੱਤਰਾਂ ਦੇ ਕੰਨ ਭਰਨ ਵਾਲਿਆਂ ਬਥੇਰੇ ਭਰੇ ਪਰ ਉਨ੍ਹਾਂ ਦੇ ਕਿਧਰੇ ਜੂੰ ਨਾ ਹੀਂਗੀ, ਉਨ੍ਹਾਂ ਸੱਟਾਂ ਖਾਧੀਆਂ ਹੋਈਆਂ ਸਨ, ਪਰ ਚੁੱਕਣਾ ਬੁਰੀ ਬਲਾ ਏ, ਪੱਥਰ ਪਾੜ ਕੇ ਰੱਖ ਦਿੰਦੀ ਏ।

ਅੰਗੀਠਾ ਬਣ ਰਿਹਾ ਸੀ, ਤੇ ਉਧਰ ਗੋਇੰਦਵਾਲ ਵਿਚ ਰੌਣਕਾਂ ਹੋ ਰਹੀਆਂ ਸਨ, ਬਜ਼ਾਰ ਬਣ ਰਹੇ ਸਨ, ਗਲੀਆਂ ਪੱਕੀਆਂ ਹੋ ਰਹੀਆਂ ਸਨ। ਇਕ ਮੱਠ ਜੋਗੀਆਂ ਦਾ, ਇਕ ਮੰਦਰ, ਇਕ ਮਸਜਿਦ ਤਿਆਰ ਹੋ ਚੁੱਕੀ ਸੀ। ਸੌਦਾਗਰਾਂ ਨੇ ਦਿਲ ਖੋਲ੍ਹ ਕੇ ਖ਼ਰਚ ਕੀਤਾ।

—ਗੁਰੂ ਘਰ ਲਈ ਚੁਬਾਰਾ ਵੀ ਤਿਆਰ ਹੋ ਗਿਆ ਸੀ। ਇਕ ਮੰਡੀ ਦੀ ਸ਼ਕਲ ਨਜ਼ਰ ਆਉਣ ਲਗ ਪਈ ਸੀ ਗੋਇੰਦਵਾਲ, ਰੋਜ਼ ਕਾਫ਼ਲੇ ਆਉਂਦੇ, ਪਿਸ਼ਾਵਰ, ਕਰਾਚੀ ਤੋਂ ਮਾਲ ਤੁਰਦਾ, ਤੇ ਏਥੇ ਆਣ ਕੇ ਲੱਥਦਾ, ਤੇ ਏਥੋਂ ਫੇਰ ਕਿਸੇ ਮੰਡੀ ਵਿਚ ਜਾਂਦਾ। ਵਪਾਰੀਆਂ ਦਾ ਗੜ੍ਹ ਬਣ ਗਿਆ ਸੀ ਗੋਇੰਦਵਾਲ ਇਕ ਈ ਸਾਲ ਵਿਚ।

ਖਡੂਰ ਵਿਚ ਰਹਿਮਤਾਂ ਦੇ ਬੱਦਲ ਵਰ੍ਹ ਰਹੇ ਸਨ। ਅੱਜ ਕਲ੍ਹ ਦੋ ਹੀ
ਗੱਲਾਂ ਦੇ ਚਰਚੇ ਸਨ, ਇਕ ਗੁਰਗੱਦੀ, ਤੇ ਦੂਜੇ ਅੰਗੀਠੇ ਦੀਆਂ ਰਾਮ ਕਹਾਣੀਆਂ ਪੈ
ਰਹੀਆਂ ਸਨ।

—ਲੋਕਾਂ ਨੇ ਜਦ ਵੇਖਿਆ ਕਿ ਉਹ ਕਿੱਲੀ ਜਿਹਦੇ ਨਾਲ ਭਾਈ ਅਮਰ ਦਾਸ ਨੂੰ ਠੇਡਾ ਵੱਜਿਆ ਸੀ, ਡਿੱਗ ਪਏ ਸਨ, ਗਿੱਟੇ ਭੱਜੇ, ਝਰੀਟਾਂ ਆਈਆਂ, ਸਾਹ ਸੱਤ ਨਾ ਰਿਹਾ ਹਰੀ ਹੋ ਗਈ, ਪੱਤੇ ਪੁੰਗਰੇ, ਲਗਰਾਂ ਨਿਕਲ ਆਈਆਂ, ਇਹ ਅਚੰਭਾ ਵੇਖ ਕੇ ਲੋਕ ਗੁਰਾਂ ਦੇ ਚਰਨੀਂ ਆਣ ਲੱਗੇ ਸਨ।

ਇਹ ਕਰਿਸ਼ਮਾ ਸੀ ਜਾਂ ਬਰਕਤ, ਰਹਿਮਤ ਸੀ ਜਾਂ ਬਖਸ਼ਸ਼, ਇਹ ਕੀ ਸੀ, ਕਦੀ ਨਹੀਂ ਸੀ ਜਾਣਦਾ।

□□

੨੦

ਖਡੂਰ ਵਿਚ ਲੌਢੇ ਵੇਲੇ ਇਕ ਸੂਫ਼ੀ ਫ਼ਕੀਰ ਹੋਕਾ ਦੇਂਦਾ ਫਿਰ ਰਿਹਾ ਸੀ :

ਅਲਫ਼ ਅਲਾ ਦਿਲ ਰੱਤਾ ਮੇਰਾ, ਮੈਂ ਬੇ ਦੀ ਖ਼ਬਰ ਨਾ ਕਾਈ।
ਬੇ ਪੜ੍ਹਿਆ ਕੁਝ ਸਮਝ ਨਾ ਆਵੇ, ਅਲਫ਼ ਦੀ ਲਜ਼ਤ ਆਈ।
ਐਨ ਤੇ ਗ਼ੈਨ ਦਾ ਫ਼ਰਕ ਨਾ ਜਾਣਾ, ਇਹ ਗਲ ਅਲਫ਼ ਸੁਝਾਈ।
ਬੁਲ੍ਹਿਆ ਕੌਲ ਅਲਫ਼ ਦੇ ਪੂਰੇ, ਜਿਹੜੇ ਦਿਲ ਦੀ ਕਰਨ ਸਫ਼ਾਈ।

—ਹੋ ਸਕਦੈ ਕਿ ਇਹ ਆਵਾਜ਼ ਖਡੂਰ ਵਿਚ ਗੁਰੂ ਮੰਦਰਾਂ ਤਕ ਪੁੱਜ ਗਈ ਹੋਵੇ, ਪਰ ਸਾਰੇ ਲੋਕਾਂ ਗਹੁ ਨਾਲ ਸੁਣੀ, ਹੋਕਾ ਦੇਣ ਵਾਲਾ ਫ਼ਕੀਰ ਅੱਗੇ ਲੰਘ ਗਿਆ ਤੇ ਪਿਛੇ ਇਹਦਾ ਪ੍ਰਛਾਵਾਂ ਸੀ। ਆਵਾਜ਼ ਦੀ ਧੁਨ ਹਵਾ ਵਿਚ ਫੈਲੀ ਹੋਈ ਸੀ, ਫ਼ਕੀਰ ਤੇ ਲੰਘ ਗਿਆ ਪਰ ਉਹਦੇ ਬੋਲ ਅਜੇ ਵੀ ਖਡੂਰ ਵਿਚ ਗੂੰਜ ਰਹੇ ਸਨ। ਕੌਣ ਸੀ, ਉਹ ਫ਼ਕੀਰ, ਇਹ ਆਵਾਜ਼ ਕਿਹਦੀ ਸੀ, ਕਿਧਰ ਨੂੰ ਗਿਆ ਉਹ ਅੱਲਾ ਦਾ ਲੋਕ, ਇਹ ਗੱਲ ਆਖਣ ਵਾਲਾ ਅੱਲਾ ਯਾਰ ਖ਼ਾਂ ਸੀ।

ਸੂਫ਼ੀਆਂ ਦਾ ਖਡੂਰ ਵਿਚ ਗੇੜਾ ਵਜਦਾ ਈ ਰਹਿੰਦਾ ਸੀ। ਇਹ ਲੋਕ ਕਿਸੇ ਨਾਲ ਖਹਿਬੜਦੇ ਨਹੀਂ, ਝਗੜਦੇ ਨਹੀਂ, ਉਲਝਦੇ ਨਹੀਂ, ਬਸ ਹੋਕਾ ਦੇਂਦੇ ਹਨ, ਕੋਈ ਸੁਣੇ ਨਾ ਸੁਣੇ। ਕਿਸੇ ਨੇ ਸੁਣ ਲਿਆ ਤਾਂ ਕੀ ਹੈ ਜੇ ਕਿਸੇ ਨਾ ਸੁਣਿਆ ਤਾਂ ਫ਼ਕੀਰ ਨੇ ਉਹਦਾ ਕੀ ਖੋਹ ਲੈਣਾ ਏ। ਪਰ ਆਮ ਤੌਰ ਤੇ ਸੂਫ਼ੀਆਂ ਦੇ ਹੋਕੇ ਲੋਕ ਕੰਨ ਲਾ ਕੇ ਸੁਣਦੇ ਹਨ, ਇਹ ਲੋਕ ਗੁਰੂ ਘਰ ਦੇ ਬਹੁਤ ਨੇੜੇ-ਨੇੜੇ ਹਨ, ਪਾਰੋ ਜਲੇ ਨੇ ਦੱਸਿਆ ਅੱਲਾ ਯਾਰ ਖ਼ਾਂ ਨੂੰ।

—ਯਰਾਨਾ ਤੁਸਾਂ ਨਾਲ ਪਾਇਆ ਸੀ, ਤੁਸਾਂ ਖੂਬ ਨਿਭਾਈ ਏ, ਏਨੀ ਵੱਡੀ ਕਥਾ ਸੁਣਾਉਣੀ, ਤੇ ਫੇਰ ਅੱਕਣਾ ਨਹੀਂ, ਘਬਰਾਉਣਾ ਨਹੀਂ, ਛਿਥੇ ਨਹੀਂ ਪੈਣਾ ਤੇ ਮੇਰੇ ਵਰਗੇ ਮੂਰਖ ਨੂੰ ਗੱਲ ਜ਼ਹਿਨ ਨਸ਼ੀਨ ਕਰਾਉਣੀ, ਇਹ ਖ਼ਿਦਮਤ ਤੁਹਾਡੇ ਹੀ ਹਿੱਸੇ ਆਈ ਏ। ਅੱਛਾ ਫਿਰ ਗੁਰਗੱਦੀ ਅਗਲੇ ਦਿਨ ਮਿਲ ਗਈ, ਭਾਈ ਅਮਰਦਾਸ ਨੂੰ। ਬੋਲ ਅੱਲਾ ਯਾਰ ਖ਼ਾਂ ਦੇ ਸਨ।

ਅਜੇ ਗੁਰਗੱਦੀ ਦਾ ਐਲਾਨ ਨਹੀਂ ਸੀ ਹੋਇਆ, ਪਰ ਲੋਕਾਂ ਦਾ ਨਿਸ਼ਚਾ ਪੱਕਾ ਹੋ ਗਿਆ ਸੀ, ਲੋਕਾਂ ਨੇ ਭਾਈ ਅਮਰ ਦਾਸ ਨੂੰ ਦਿਲੋਂ ਗੁਰੂ ਮੰਨ ਲਿਆ ਸੀ, ਸਿਰਫ਼ ਗੁਰੂ

ਘਰ ਦੀ ਮੁਹਰ ਲੱਗਣੀ ਬਾਕੀ ਸੀ, ਬਾਕੀ ਸਭ ਕੁਝ ਹੋ ਚੁੱਕਾ ਸੀ, ਅਜੇ ਪਾਰੋਂ ਡਲੇ ਦੇ ਬੋਲ ਉਹਦੇ ਬੁਲ੍ਹਾਂ ਵਿਚ ਹੀ ਸਨ ਕਿ ਇਕ ਸੂਫ਼ੀ ਫ਼ਕੀਰ ਹੋਰ ਲੰਘ ਰਿਹਾ ਸੀ ਤੇ ਉਨ੍ਹਾਂ ਦੀਆਂ ਗੱਲਾਂ ਵਿਚੋਂ ਆਵਾਜ਼ ਉਭਰੀ ।

ਫ਼ਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕ ਭਰੀਂ ॥
ਜੇ ਜਾਣਾ ਸ਼ਹੁ ਨਢੜਾ, ਥੋੜ੍ਹਾ ਮਾਣੁ ਕਰੀਂ ॥

—ਸਮਝ ਗਿਆ ਏਂ, ਕੀ ਆਖ ਰਿਹਾ ਏ ਫ਼ਕੀਰ ।

—ਮੇਰੀ ਸਮਝ ਏਥੋਂ ਤਕ ਨਹੀਂ ਜਾਹ ਸਕਦੀ, ਪਰ ਹਾਂ ਓਪਰਾ ਓਪਰਾ ਸਮਝਦਾ ਹਾਂ, ਕ੍ਰਿਪਾ ਕਰੋ ਜ਼ਰਾ ਡੂੰਘੀ ਚੁੱਭੀ ਮਾਰ ਕੇ ਵੇਖੀਏ ।

—ਫ਼ਰੀਦ ਆਖਦਾ ਏ, ਜੇ ਮੈਨੂੰ ਪਤਾ ਹੋਵੇ, ਸਰੀਰ ਰੂਪੀ ਭਾਂਡੇ ਵਿਚ ਬਹੁਤ ਥੋੜ੍ਹੇ ਜਿਹੇ ਸਵਾਸ ਹਨ, ਫ਼ਰੀਦ ਦਾ ਇਸ਼ਾਰਾ ਭਾਂਡੇ ਵਿਚ ਪਏ ਤਿਲਾਂ ਵਲ ਏ, ਪਰ ਉਹ ਗੱਲ ਸਵਾਸਾਂ ਦੀ ਕਰਦਾ ਏ, ਮੈਂ ਸੋਚ ਸਮਝ ਕੇ ਬੁਕ ਭਰਾਂ, ਕਿੰਨਾ ਨਾਜ਼ਕ ਖ਼ਿਆਲ ਏ । ਐਵੇਂ ਜੀਵਨ ਦੀਆਂ ਚਾਰ ਘੜੀਆਂ ਗੁਜ਼ਰ ਨਾ ਜਾਣ, ਮੈਨੂੰ ਇਹ ਸਮਝ ਆ ਜਾਵੇ ਕਿ ਮੇਰਾ ਬਾਲਮ ਬਾਲ ਸੁਭਾਅ ਵਾਲਾ ਏ ਤੇ ਭੋਲੇ ਭਾਲੇ ਸੁਭਾਅ ਨੂੰ ਪਿਆਰ ਕਰਦਾ ਏ, ਤੇ ਮੈਂ ਏਸ ਦੁਨੀਆਂ ਦੀ ਪੋਟਲੀ ਦਾ ਮਾਣ ਛੱਡ ਦੇਵਾਂ, ਭਾਰ ਚੁੱਕਣ ਦੀ ਲੋੜ ਨਹੀਂ । ਪਤਾ ਨਹੀਂ ਸੂਫ਼ੀ ਫ਼ਕੀਰਾਂ ਦਾ ਕੋਈ ਡੇਰਾ ਉਸਰਿਆ ਹੋਇਆ ਏ ਜਾਂ ਕੋਈ ਟੋਲਾ ਪੱਤਣ ਲੰਘਣ ਲੱਗਾ ਏ, ਇਕ ਹੋਰ ਆਵਾਜ਼ ਸੀ ਖਡੂਰ ਵਾਲਿਆਂ ਦੀ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ ॥
ਫ਼ਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਣੁ ॥

ਇਨ੍ਹਾਂ ਫ਼ਕੀਰਾਂ ਦੀ ਆਤਮਾ ਖਡੂਰ ਦੀ ਨਾਭੀ 'ਚ ਬੈਠੀ ਹੋਈ ਏ, ਸਿੱਖ ਕੌਮ ਨਾਲ ਇਨ੍ਹਾਂ ਦਾ ਸਬੰਧ ਜਾਂ ਤੇ ਪਿਛਲੇ ਜਨਮ ਦਾ ਏ, ਜਾਂ ਇਹ ਨਵਾਂ ਭਾਈਚਾਰਾ ਪਾਉਣਾ ਚਾਹੁੰਦੇ ਨੇ । ਸੂਫ਼ੀ ਫ਼ਕੀਰਾਂ ਦਾ ਸਰਕਾਰੇ ਦਰਬਾਰੇ ਕਾਫ਼ੀ ਰਸੂਖ ਏ, ਹਕੂਮਤ ਸਲਾਮ ਕਰਦੀ ਏ, ਸਜਦੇ ਕਰਦੇ ਹਨ ਅਹਿਲਕਾਰ, ਇਹ ਰੱਬ ਦੇ ਪਿਆਰੇ ਕਿਸੇ ਨਾਲ ਕੌੜਾ ਬਚਨ ਨਹੀਂ ਬੋਲਦੇ, ਆਪਣੇ ਮਤਲਬ ਦੀ ਗੱਲ ਕਰਦੇ ਹਨ, ਕਿਸੇ ਨੂੰ ਅਵੱਲੇ ਰਾਹ ਨਹੀਂ ਪਾਉਂਦੇ, ਇਸ਼ਕ ਇਨ੍ਹਾਂ ਦਾ ਪਹਿਲਾ ਸਬਕ ਏ :

ਕੰਧੀ ਉਤੇ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈਂ ਨੀਰੁ ॥

ਗੈਬੀ ਆਵਾਜ਼ ਸੀ ਜਾਂ ਬੰਦੇ ਦਾ ਆਪਣਾ ਹੀ ਦਿਲ ਬੋਲਦਾ ਸੀ, ਖਡੂਰ ਦੀਆਂ ਕੰਧਾਂ ਹਿੱਲੀਆਂ, ਧਰਤ ਡੋਲੀ, ਜਦ ਉਨ੍ਹਾਂ ਵੇਖਿਆ, ਲਹੂ ਦਾ ਰਿਸ਼ਤਾ, ਏਨਾ ਨਿਰਮੋਹੀ, ਬੇਦਰਦ ਤੇ ਸਵਾਰਥੀ ਹੋ ਗਿਆ ਜੈ, ਇਹ ਗੱਲ ਗੁਰੂ ਦੇ ਪੁਤਰਾਂ ਦੀ ਸੀ । ਪਰ ਅਮੂਲ ਦੇ ਕਦੇ ਪੈਰ ਡਗਮਗਾਏ ਨਹੀਂ, ਕੱਚੇ ਪਿਲੇ ਭਾਂਡੇ ਨੂੰ ਚਿਬ ਪੈ ਜਾਂਦਾ ਏ । ਪੱਕੇ ਲਾਲ ਸੂਹੇ ਘੜੇ ਵਿਚ ਕਦੇ ਮੋਰੀ ਵੇਖੀ ਏ ।

ਫ਼ਕੀਰਾਂ ਦਾ ਟੋਲਾ ਆਪਣੀ ਸਦਾ ਦਿੰਦਾ ਬਿਆਸਾ ਦਾ ਪੱਤਣ ਲੰਘ ਗਿਆ ।

ਰਾਹੀ ਰਾਹ ਭੁਲਦੇ ਆਏ, ਪਰ ਜਿਦੀ ਪੌਰੀਂ ਪੈਂਡਾ ਚੜ੍ਹਿਆ ਹੋਵੇ ਉਹਦਾ ਪੈਰ ਕਿੱਦਾਂ ਥਿੜਕੇ।

ਧਰਤੀ ਦੀ ਖੁਸ਼ਬੂ ਫੈਲ ਗਈ ਸਾਰੇ ਖਡੂਰ ਵਿਚ।

□□

੨੧

—ਇਹ ਗੱਲ ਇਕ ਰਾਤ ਦੀ ਏ।

ਰਾਤ ਅੱਧ ਦੇ ਨੇੜੇ ਤੇੜੇ ਪੁਜ ਗਈ ਸੀ, ਗੁਰੂ ਅੰਗਦ ਦੇਵ ਨੇ ਬੰਦਾ ਭੇਜ ਕੇ ਸਦਿਆ ਭਾਈ ਅਮਰਦਾਸ ਨੂੰ।

—ਆਖਿਆ ਪੁਰਖਾ, ਕਲ ਅਸਾਂ ਤੇਰੇ ਤੇ ਗੁਰੂ ਗੱਦੀ ਦਾ ਭਾਰ ਪਾ ਦੇਣਾ ਏ, ਤੇਰੀ ਮੁਖਾਲਫਤ ਹੋਣੀ ਏ, ਪਰ ਤੂੰ ਮਨ ਕਰੜਾ ਕਰ, ਲੋਹੇ ਦਾ ਇਨਸਾਨ ਬਣ, ਇਹ ਪੰਡ ਚੁਕਣੀ ਏ। ਸਾਡੀਆਂ ਸਾਰੀਆਂ ਬਖਸ਼ਸ਼ਾਂ, ਸਾਰਾ ਤੱਪ ਅਸਾਂ ਅੱਜ ਤੇਰੀ ਝੋਲੀ 'ਚ ਪਾ ਦੇਣਾ ਏ ਇਹ ਬੋਲ ਸਨ, ਗੁਰੂ ਅੰਗਦ ਦੇਵ ਦੇ।

—ਅਗੋਂ ਭਾਈ ਅਮਰ ਦਾਸ ਬੋਲੇ, ਨਹੀਂ ਹਜ਼ੂਰ! ਮੈਨੂੰ ਟਹਿਲੀਆ ਰਹਿਣ ਦਿਓ।

—ਸਾਡਾ ਵਕਤ ਨੇੜੇ ਨੇੜੇ ਆ ਰਿਹਾ ਏ। ਕੌਮ ਨੂੰ ਇਕ ਮਜ਼ਬੂਤ, ਬਜਰ ਜੁੱਸੇ ਵਾਲੇ ਪੁਰਸ਼ ਦੀ ਲੋੜ ਏ, ਕਰ ਝੋਲੀ।

ਸਾਖੀਕਾਰ ਆਖਦੇ ਹਨ, ਕਿ ਮਹਾਰਾਜ ਨੇ ਪਤਾਸੇ ਭਾਈ ਅਮਰ ਦਾਸ ਦੀ ਝੋਲੀ ਵਿਚ ਪਾ ਦਿਤੇ, ਝੋਲੀ ਭਰ ਗਈ, ਅਸ਼ੀਰਵਾਦ ਵੀ ਦਿੱਤਾ, ਬਸ ਬਾਕੀ ਸਵੇਰੇ। ਜਾਓ ਹੁਣ ਸਵੋਂ। ਸਵੇਰੇ ਪਾਣੀ ਦੀ ਗਾਗਰ ਤੁਸਾਂ ਲੈਣ ਨਹੀਂ ਜਾਣਾ, ਮੈਂ ਆਪਣਾ ਅਸਥਾਨ ਖਾਲੀ ਕਰ ਦਿੱਤਾ ਏ, ਅਜ ਤੋਂ ਤੁਸੀਂ ਇਹਦੇ ਮਾਲਕ ਹੋ, ਤੁਸੀਂ ਜਾਣੋ ਤੁਹਾਡਾ ਕੰਮ। ਜਾਓ, ਆਪਣੀ ਜਗ੍ਹਾ ਜੋ ਤੁਹਾਡੇ ਲਈ ਧੁਰੋਂ ਲਿਖੀ ਆਈ ਏ।

ਦਿਨ ਚੜ੍ਹਨ ਤੋਂ ਪਹਿਲਾਂ ਆਪੇ ਈ ਬਾਬਾ ਬੁੱਢਾ ਜੀ ਆ ਗਏ ਤੇ ਗਾਗਰ ਮੋਢੇ 'ਤੇ ਚੁਕੀ ਅਤੇ ਬਿਆਸਾ ਵਲ ਤੁਰ ਪਏ।

ਇਤਿਹਾਸਕਾਰਾਂ ਦਾ ਕਥਨ ਏ। ਗੁਰੂ ਮਹਾਰਾਜ ਨੇ ਆਪਣੇ ਹੱਥੀਂ ਅਮਰ ਦਾਸ ਨੂੰ ਇਸ਼ਨਾਨ ਕਰਾਇਆ। ਦਿਨ ਚੜ੍ਹ ਗਿਆ, ਗੋਡੇ ਗੋਡੇ ਧੁਪ ਚੜ੍ਹ ਆਈ, ਦੀਵਾਨ ਵਿਚ ਸੰਗਤ ਸੱਜੀ ਹੋਈ ਸੀ, ਇੰਤਜ਼ਾਰ ਹ ਰਿਹਾ ਸੀ। ਸਾਰੀ ਸੰਗਤ ਦੀਆਂ ਅੱਖਾਂ ਲਗੀਆਂ ਹੋਈਆਂ ਸਨ, ਗੁਰੂ ਘਰ ਵਲ। ਯਕਦਮ ਗੁਰੂ ਦੇਵ ਪ੍ਰਗਟ ਹੋਏ।

ਅਸਥਾਨ ਖ਼ਾਲੀ ਸੀ ਤੇ ਗੁਰੂ ਅੰਗਦ ਦੇਵ ਅਸਥਾਨ ਤੋਂ ਕੋਲੇ ਈ ਬਹਿ ਗਏ।

ਦੀਵਾਨ ਵਿਚ ਸੰਗਤ ਵਿਚਾਰਾਂ ਵਿਚ ਪੈ ਗਈ।

—ਫ਼ਰਮਾਇਆ ਗੁਰੂ ਅੰਗਦ ਦੇਵ ਨੇ, ਅਜ ਅਸੀਂ ਗੁਰ ਗੱਦੀ ਦੀ ਜ਼ਿੰਮੇਵਾਰੀ ਭਾਈ ਅਮਰਦਾਸ ਨੂੰ ਦੇਂਦੇ ਹਾਂ। ਫੇਰ ਕੀ ਸੀ, ਜੈ ਜੈ ਕਾਰ ਹੋ ਗਈ, ਅਜੇ ਭਾਈ ਅਮਰ ਦਾਸ ਨਹੀਂ ਸਨ ਆਏ।

ਭਾਈ ਏਹ ਹੈ ਮੇਰਾ, ਮੈਂ ਪੰਡ ਇਸ ਨੂੰ ਚੁਕਾਈ।

ਤੁਸਾਂ ਇਸ ਦੀ ਕਰਨੀ ਗਊਰ।

ਇਹ ਬਚਨ ਸੁਣ ਕੇ ਸਭੇ ਹੋਏ ਭਊਰ ਭਊਰ।

'ਉਮਤਿ ਹੈਰਾਣ' ਦੇ ਸ਼ਬਦ ਬਲਵੰਡੇ ਨੇ ਵੀ ਆਖੇ।

ਇਕ ਚਮਤਕਾਰ ਹੋਇਆ, ਭਾਈ ਅਮਰਦਾਸ ਨੂੰ ਪੰਜ ਸੇਵਕ ਲੈਣ ਗਏ, ਤੇ ਉਨ੍ਹਾਂ ਨੂੰ ਗੁਰੂ ਮਹਾਰਾਜ ਨੇ ਆਪਣੇ ਅਸਥਾਨ ਤੇ ਬਿਠਾ ਦਿੱਤਾ।

ਪੰਜ ਪੈਸੇ ਅਤੇ ਨਾਰੀਅਲ ਅਗੇ ਰਖ ਕੇ ਸਭ ਤੋਂ ਪਹਿਲਾਂ ਗੁਰੂ ਅੰਗਦ ਦੇਵ ਨੇ ਮੱਥਾ ਟੇਕਿਆ ਤੇ ਸਭ ਸੰਗਤ ਨੂੰ ਬੰਦਨਾ ਕਰਨ ਲਈ ਹੁਕਮ ਦਿੱਤਾ, ਖ਼ੁਸ਼ੀਆਂ ਦੇ ਫੁਲ ਖਿੜ ਗਏ।

ਬਾਬਾ ਬੁੱਢਾ ਜੀ, ਕੌਮ ਦੇ ਸ਼ਿਰੋਮਣੀ ਬਜ਼ੁਰਗ ਆ ਪੁਜੇ, ਉਨ੍ਹਾਂ ਪਹਿਲਾਂ ਭੇਟਾ ਰਖੀ ਤੇ ਫੇਰ ਮੱਥਾ ਟੇਕਿਆ, ਕੇਸਰ ਦਾ ਤਿਲਕ ਲਾਇਆ, ਗੁਰਗੱਦੀ ਦਾ ਤਿਲਕ।

ਇਕ ਛਿਨ ਵਿਚ ਭਾਈ ਅਮਰ ਦਾਸ ਗੁਰੂ ਅਮਰ ਦਾਸ ਬਣ ਗਏ।
ਹੁਣ ਆਈ ਵਾਰੀ ਪੁੱਤਰਾਂ ਦੀ, ਗੁਰੂ ਮਹਾਰਾਜ ਨੇ ਇਸ਼ਾਰਾ ਕੀਤਾ।

ਬੜਾ ਨੱਕ ਮੂੰਹ ਚੜ੍ਹਾਇਆ, ਮੱਥਾ ਤਿਊੜੀਆਂ ਨਾਲ ਭਰ ਲਿਆ, ਬੂਥਾ ਸੁਜਾ ਕੇ ਮੱਥਾ ਟੇਕੇ ਬਿਨਾਂ ਦੀਵਾਨ ਚੋਂ ਉਠ ਉਠ ਕੇ ਜਾਣ ਲਗੇ। ਰੌਲਾ ਪਾਉਣਾ ਚਾਹੁੰਦੇ ਸਨ, ਪਰ ਸਹਿਮ ਗਏ।

—ਜਾਂਦੇ ਮੂੰਹ ਵਿਚ ਬੁੜਬੁੜਾ ਰਹੇ ਸਨ।

ਇਕ ਤੋ ਲੀਨਸਿ ਮਮ ਅਧਿਕਾਰਾ॥

ਦੂਜੀਏ ਉਠ ਕਰਿ ਸੀਸ ਨਿਵਾਵੇ॥

ਝਿੜਕ ਮਾਰੀ ਪੁੱਤਰਾਂ ਨੂੰ ਗੁਰੂ ਨੇ। ਪਰ ਉਹ ਸਾਨ੍ਹੇ ਵਾਂਗੂ ਅਗੋਂ ਆਕੜ ਖਲੋਤੇ। ਸੰਗਤ ਸਮਝਾ ਬੁਝਾ ਕੇ ਬਾਹਰ ਲੈ ਗਈ।

ਫ਼ਰਮਾਨ ਗੁਰੂ ਮਹਾਰਾਜ ਦਾ ਸੰਗਤਾਂ ਸੁਣਿਆ।

ਸਤਿਗੁਰ ਬਦਲਾਂ ਦੇ ਨਿਆਈਂ ਸਨ, ਕੇਵਲ ਸੰਸਾਰ ਦੇ ਭਲੇ ਲਈ ਸਰੀਰ ਧਾਰਦੇ ਹਨ, ਸਰੀਰ ਨੇ ਨਾਸ਼ ਅਵੱਸ਼ ਹੋਣਾ ਏ। ਗੁਰੂ ਪਦਵੀ ਨਿਮਰਤਾ, ਪਰੇਮ, ਸੇਵਾ ਤੇ ਹੱਠ ਦਾ ਫਲ ਏ। ਤੁਸੀਂ ਸਤਿਨਾਮ ਦਾ ਸਿਮਰਨ ਕਰਵਾਓ, ਹਰ ਇਕ ਦੇ ਦਿਲ ਵਿਚ ਭਗਤੀ ਭਾਵ ਭਰ ਦਿਓ। ਰਿਜ਼ਕ ਦੀ ਪੂੰਜੀ ਤੁਹਾਡੇ ਹੱਥ ਵਿਚ ਏ। ਮੇਰੇ ਤੇ ਤੁਹਾਡੇ ਵਿਚ ਰੱਤੀ ਭਰ ਵੀ ਅੰਤਰ ਨਹੀਂ 'ਤੂੰ ਪਰਤਖ ਰੂਪ ਮਮ ਹੋਊਂ'।

ਸਾਰੀਆਂ ਸ਼ਕਤੀਆਂ ਤੁਹਾਡੇ ਵਿਚ ਹਨ, ਬਾਕੀ ਗੁਰਾਂ ਦੀਆਂ ਬਖਸ਼ਸ਼ਾਂ ਮੈਂ ਤੁਹਾਡੀ ਝੋਲੀ ਵਿਚ ਪਾ ਦਿਤੀਆਂ ਹਨ। ਸਭ ਕੁਝ ਹੁੰਦੇ ਹੋਏ ਵੀ ਤੁਸਾਂ ਦੇਣਾ ਕੇਵਲ: ਨਾਮ ਦਾਨ। ਏਨਾ ਆਖ ਕੇ ਗੁਰੂ ਅੰਗਦ ਦੇਵ ਨੇ ਫੇਰ ਸਿਰ ਝੁਕਾ ਦਿੱਤਾ।

ਇਕ ਭੱਟ ਪੜ੍ਹ ਰਿਹਾ ਸੀ। ਉਹਦਾ ਨਾਂ ਸੀ ਜਾਲਪ—

ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥
ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਹਿ ਨ ਜਾਣਿਓ ॥
ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥
ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥
ਇਕਹੁ ਜਿ ਲਾਖੁ ਲਖਹੁ ਹੈ ਇਕੁ ਇਕੁ ਕਰਿ ਵਰਨਿਅਉ ॥
ਗੁਰੂ ਅਮਰਦਾਸ ਜਾਲਪੁ ਭਣੈ, ਤੂ ਇਕੁ ਲੋੜਹਿ ਇਕੁ ਮੰਨਿਅਉ ॥

ਨਵਾਂ ਗੁਰੂ ਅਗੇ, ਤੇ ਪਿਛੇ ਗੁਰੂ ਅੰਗਦ ਦੇਵ, ਸੇਵਕ, ਸੰਗਤ ਤੇ ਬਾਬਾ ਬੁੱਢਾ. ਸਾਰੇ ਜਣੇ ਲੰਗਰ ਵੱਲ ਚਲੇ ਗਏ। [ਪਹਿਲਾ ਚਰਨ ਸੰਪੂਰਨ ਹੋਇਆ]

□□